## ਇਸੇ ਕਲਮ ਤੋਂ ਹੋਰ :

1. A Storm in a Tea cup and Other Stories-ਕਹਾਣੀ ਸੰਗ੍ਰਹਿ ਅੰਗਰੇਜ਼ੀ ਵਿੱਚ-1982
2. The Harmonies-ਅੱਧਾ ਕਹਾਣੀ ਸੰਗ੍ਰਹਿ ਅੰਗਰੇਜ਼ੀ ਵਿੱਚ-1988
3. ਸਿਡਨੀ ਦੀਆਂ ਰੇਲਗੱਡੀਆਂ-ਕਹਾਣੀਨੁਮਾ ਲੇਖ ਤੇ ਲੇਖਨੁਮਾ ਕਹਾਣੀਆਂ-2009

# ਦਿਲਹੁ ਮੁਹਬਤਿ ਜਿੰਨ੍...

(ਨਾਵਲ)

ਅਵਤਾਰ ਐਸ. ਸੰਘਾ

**Dilhu Muhabat Jin...**

*by*

**Avtar S. Sangha**
Blacktown
Sydney- NSW 2148
Mobile No: 0437641033

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book*

# ਸਮਰਪਣ

ਉਹਨਾ ਜਵਾਨ ਅਤੇ ਬੁੱਢੇ ਬਾਬਿਆਂ ਦੇ ਨਾਂ
ਜੋ ਕਿਸੇ ਵੀ ਪ੍ਰਾਜੈਕਟ ਨੂੰ ਸਰਬ ਸੰਮਤੀ ਨਾਲ ਨੇਪਰੇ
ਚਾੜ੍ਹਨ ਵਿੱਚ ਨਿੱਗਰ ਭੂਮਿਕਾ
ਨਿਭਾਉਂਦੇ ਹਨ।

# ਤਤਕਰਾ


| | |
|---|---|
| ਮੁੱਖ ਬੰਦ | 7 |
| ਸਰਦਾਰ ਕੀਰਤੀ ਸਿੰਘ | 9 |
| ਸਵਾਲ ਜਵਾਬ | 23 |
| ਮਾਰਫ਼ਤ ਆਪ ਦੀ ਚਰਨਦਾਸੀ | 43 |
| ਕਰਮ ਸਿੰਘ ਐਮ.ਐਲ.ਏ. | 48 |
| ਪਹਿਲਾਂ ਪੀ.ਆਰ. ਹੋ! | 53 |
| ਸਾਰਾ ਪਿੰਡ ਤਾਂ ਬਾਹਰ ਚਲਾ ਗਿਐ! | 59 |
| ਹੁਣ ਜੱਸੀ ਦੀ ਸੋਚ ਨੂੰ ਪਰ ਲੱਗ ਗਏ! | 72 |
| ਸ਼ੁਭ ਆਨੰਦਕਾਰਜ ਬਨਾਮ ਘਟੀਆ ਪੈਲਸ ਕਲਚਰ | 76 |
| ਵਿਕਾਸ ਵੱਲ ਕਦਮ | 82 |
| ਧੀਏ, ਸੁਖੀ ਵੀ ਏਂ? | 88 |
| ਮਾਰਗ ਦਰਸ਼ਨ | 100 |
| ਬਾਹਰਲਿਆਂ ਨੂੰ ਕਿਵੇਂ ਨੱਥ ਪਾਈ ਜਾਵੇ? | 111 |
| ਪੰਦਰਾਂ ਲੱਖ ਰੁਪਏ ਨਕਦ, ਟਿਕਟ ਤੁਹਾਡੀ ਆਪਣੀ! | 119 |
| ਪੰਜਾਬ ਦੀ ਫੇਰੀ | 128 |
| ਮਹਿੰਗਾ ਸਿਹਾਂ, ਇਕ ਗੱਲ ਸਮਝ ਨਹੀਂ ਆਈ? | 151 |
| ਅਸੀਂ ਮੂੰਹ ਮੰਗੇ ਪੈਸੇ ਦੇਵਾਂਗੇ! | 163 |
| ਤੁਸੀਂ ਆਪਣਾ ਪੜ੍ਹਿਆ ਵਿਚਾਰਿਓ? | 175 |
| ਬਾਹਰਲਿਆਂ ਨੇ ਇਕ ਮਤਾ ਪਾਸ ਕੀਤੈ! | 182 |
| ਮੈਂ ਪੁਲਿਸ ਨੂੰ ਸੱਦਾਂਗੀ! | 197 |
| ਬੰਦਾ ਹੀ ਬੰਦੇ ਦਾ ਦਾਰੂ ਏ | 203 |

# ਮੁੱਖ ਬੰਦ

ਹਥਲਾ ਨਾਵਲ ਇੱਕ ਨਿਰੋਲ ਸਾਹਿਤਕ ਰਚਨਾ ਹੈ। ਸਿਰਫ਼ ਇਸਦਾ ਸਿਰਲੇਖ ਹੀ ਧਾਰਮਿਕ ਹੈ ਜੋ ਕਿ ਬਾਬਾ ਫਰੀਦ ਦੀ ਰਚਨਾ 'ਚੋਂ ਲਿਆ ਗਿਆ ਹੈ। ਇਹ ਉਸੇ ਪ੍ਰਕਾਰ ਦਾ ਸਿਰਲੇਖ ਹੈ, ਜਿਵੇਂ 'ਕੋਈ ਹਰਿਆ ਬੂਟ ਰਹਿਓ ਰੀ', 'ਏਹੋ ਹਮਾਰਾ ਜੀਵਣਾ', 'ਰੁੱਖਾਂ ਦੀ ਜੀਰਾਂਦ', 'ਉਜਲ ਕੈਂਹਾ ਚਿਲਕਣਾ', 'ਕਾਲੇ ਮੈਂਡੇ ਕੱਪੜੇ' ਆਦਿ। ਜ਼ਿੰਦਗੀ ਦੇ ਵਧੀਆ ਤੇ ਘਟੀਆ ਪੱਖ ਦਰਸਾਉਣ ਲਈ ਮੈਨੂੰ ਇਹ ਸਿਰਲੇਖ ਢੁੱਕਵਾਂ ਮਹਿਸੂਸ ਹੋਇਆ। ਅਗਰ ਪਹਿਲੀ ਸਤਰ ਜੀਵਨ ਦੇ ਸਰਵਉੱਤਮ ਪੱਖ ਨੂੰ ਖ਼ੂਬਸੂਰਤੀ ਨਾਲ ਚਿਤਵਦੀ ਏ ਤਾਂ ਦੂਜੀ ਸਤਰ ਜੀਵਨ ਦੇ ਘਟੀਆ ਪੱਖ ਦੀ ਓਸੇ ਹੀ ਖ਼ੂਬਸੂਰਤ ਤਰੀਕੇ ਨਾਲ ਤਰਜ਼ਮਾਨੀ ਕਰਦੀ ਏ।

ਅਸਲ ਵਿੱਚ ਮੈਂ 'ਸਰਦਾਰ ਕੀਰਤੀ ਸਿੰਘ' ਸਿਰਲੇਖ ਹੇਠ ਇੱਕ ਪੱਚੀ ਕੁ ਸਫ਼ਿਆਂ ਦੀ ਕਹਾਣੀ ਲਿਖੀ ਸੀ। ਇਸ ਕਹਾਣੀ ਬਾਰੇ ਵੱਧ ਵਿਚਾਰ ਕਰਨ ਤੋਂ ਬਾਅਦ ਮਹਿਸੂਸ ਹੋਇਆ ਕਿ ਇਸਨੂੰ ਹੋਰ ਅੱਗੇ ਵਧਾਇਆ ਜਾਵੇ। ਵਧਦੀ ਵਧਦੀ ਇਹ ਰਚਨਾ 100 ਸਫ਼ਿਆਂ ਦੀ ਹੋ ਗਈ। ਫਿਰ ਇਹ ਹੋਰ ਵਧਦੀ ਵਧਦੀ ਜ਼ਿਆਦਾ ਲੰਬੀ ਹੋ ਗਈ। ਇਸ ਨਾਲ ਦੋ ਤਿੰਨ ਤੰਦਾਂ ਹੋਰ ਜੁੜ ਗਈਆਂ। ਇਸ ਪ੍ਰਕਾਰ ਆਖ਼ਰ ਵਿੱਚ ਇਹ ਇੱਕ ਨਾਵਲ ਦਾ ਰੂਪ ਹੀ ਧਾਰਨ ਕਰ ਗਈ। ਇਸ ਨਾਵਲ ਦਾ ਖੇਤਰ ਵੀਹਵੀਂ ਸਦੀ ਦੇ ਦੂਜੇ ਅੱਧ ਦਾ ਪੰਜਾਬ, ਆਸਟਰੇਲੀਆ ਤੇ ਕੈਨੇਡਾ ਹੋ ਨਿਬੜਿਆ। ਇਹ ਸਾਰਾ ਕੁੱਝ ਇਕੱਠਾ ਕਰਕੇ ਮੈਂ ਇੱਕ ਐਸਾ ਕੱਪੜਾ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਹਦੇ ਉੱਤੋਂ ਸਾਡੇ ਅੱਜ ਦੇ ਜੀਵਨ ਦੇ ਅਜ਼ੀਮ ਕਾਰਨਾਮੇ ਤੇ ਕਰਤੂਤਾਂ ਇੰਜ ਨਜ਼ਰ ਆਉਂਦੇ ਮਹਿਸੂਸ ਹੋਣ ਜਿਵੇਂ ਪਟਵਾਰੀ ਦੇ ਲੱਠੇ ਤੋਂ ਜ਼ਮੀਨ ਦੇ ਖਸਰਾ ਨੰਬਰ, ਖੇਵਟ ਨੰਬਰ ਤੇ ਜਮਾਂਬੰਦੀਆਂ ਅਤੇ ਇੱਕ ਹੱਥ ਖੱਡੀ ਦੇ ਮਾਹਿਰ ਦੀ ਕ੍ਰਿਤ 'ਚੋਂ ਵੱਖ-ਵੱਖ ਪ੍ਰਕਾਰ ਦੇ ਝਲਕਾਰੇ-ਬੁਣਤੀਆਂ। ਜਦ ਮੈਂ ਸਿਡਨੀ ਵਿੱਚ ਹੁੰਦਾ ਹਾਂ ਤਾਂ ਮੈਨੂੰ ਇਹ ਲੱਠਾ ਅਤੇ ਹੱਥਖੱਡੀ ਦਾ ਤਾਣਾ ਨਵਾਂ ਨਕੋਰ ਲਗਦਾ ਰਹਿੰਦਾ ਹੈ। ਜਦ ਮੈਂ ਪੰਜਾਬ ਗੇੜਾ ਮਾਰਦਾ ਹਾਂ ਤਾਂ ਇਹੀ ਲੱਠਾ ਅਤੇ ਤਾਣਾ ਮੈਲਾ-ਮੈਲਾ ਲਗਦਾ ਰਹਿੰਦਾ ਏ। ਆਸਟਰੇਲੀਆ ਅਤੇ ਕੈਨੇਡਾ ਦੇ ਨਵੇਂ ਨਕੋਰ ਲੱਠੇ ਅਤੇ ਤਾਣੇ-ਬਾਣੇ ਉਪਰ ਖਸਰਾ ਨੰਬਰ, ਖੇਵਟ ਨੰਬਰ ਤੇ ਰੰਗ ਸਾਫ਼ ਸੁਥਰੇ ਤੇ ਸਪੱਸ਼ਟ ਝਲਕਾਂ ਮਾਰਦੇ ਹੋਏ ਆਪਣੇ ਅਧਾਰ ਨੂੰ ਚਾਰ ਚੰਨ ਲਾਉਂਦੇ ਹਨ। ਦੂਜੇ ਪਾਸੇ ਭਾਰਤ ਅਤੇ ਪੰਜਾਬ ਦਾ ਲੱਠਾ ਅਤੇ ਤਾਣਾ-ਬਾਣਾ ਇੰਨਾ ਗੰਦਾ ਤੇ ਮੈਲਾ ਲਗਦਾ ਰਹਿੰਦਾ ਹੈ ਕਿ ਇਸਤੇ ਇਹ ਨੰਬਰ ਅਤੇ ਰੰਗ ਚੱਜ ਨਾਲ ਪੜ੍ਹ ਹੀ ਨਹੀਂ ਹੁੰਦੇ। ਆਪਣੀ ਇਸ ਲਿਖਤ ਰਾਹੀਂ ਮੈਂ ਕੋਸ਼ਿਸ਼ ਕੀਤੀ ਏ ਕਿ ਸਮਾਜ ਨੂੰ ਇਕ ਐਸੀ ਸੇਧ ਦੇਵਾਂ, ਜਿਸ ਨਾਲ ਪੰਜਾਬ

ਤੇ ਭਾਰਤ ਦਾ ਲੱਠਾ ਤੇ ਤਾਣਾ-ਬਾਣਾ ਵੀ ਉਸੀ ਪ੍ਰਕਾਰ ਨਵਾਂ ਨਕੋਰ ਹੋ ਜਾਵੇ, ਜਿਵੇਂ ਉਹਨਾਂ ਦੇਸ਼ਾਂ ਦਾ ਏ। ਮੈਂ ਪਿਛਲੇ ਚੰਦ ਸਾਲਾਂ ਵਿਚ ਆਸਟਰੇਲੀਆ ਦੇ ਭਾਰਤੀ ਜੀਵਨ ਨਾਲ ਨਸਲਵਾਦ ਦੇ ਨਾਂ 'ਤੇ ਵਾਪਰੇ ਹਾਦਸਿਆਂ ਨਾਲ ਨਿਆਂ ਕਰਨ ਦੀ ਵੀ ਪੂਰੀ ਕੋਸ਼ਿਸ਼ ਕੀਤੀ ਏ। ਪੰਜਾਬ 'ਚੋਂ ਬਾਹਰ ਜਾਣ ਦੀ ਐਸੀ ਦੌੜ ਦੇ ਨਾਂ ਤੇ ਸਮਾਜਕ ਕਦਰਾਂ-ਕੀਮਤਾਂ ਦਾ ਘਾਣ ਅਤੇ ਇਸ ਦਲਦਲ ਵਿੱਚ ਖੁਭੀ ਜੀਵਨ ਪੀੜ੍ਹੀ ਦੀ ਮਨੋਬਿਰਤੀ ਨੂੰ ਯਥਾਰਥਵਾਦੀ ਤਰੀਕੇ ਨਾਲ ਚਿਤਰਣ ਵੱਲ ਵੀ ਮੇਰੀ ਪੂਰੀ-ਪੂਰੀ ਕੋਸ਼ਿਸ਼ ਰਹੀ ਹੈ। ਉਮੀਦ ਕਰਦਾ ਹਾਂ ਪਾਠਕਾਂ ਨੂੰ ਮੇਰੀ ਇਹ ਕ੍ਰਿਤ ਚੰਗੀ ਲੱਗੇਗੀ।

ਲੋਕਗੀਤ ਪ੍ਰਕਾਸ਼ਨ ਨੇ ਮੇਰੀ ਇਸ ਕ੍ਰਿਤ ਨੂੰ ਵਧੀਆ ਜੈਕਟ ਪਹਿਨਾ ਕੇ ਖ਼ੂਬਸੂਰਤ ਕਾਗਜ਼ 'ਤੇ ਛਾਪੇ ਨਾਲ ਨਾਲ ਸਿੰਗਾਰਿਆ ਹੈ। ਇਸ ਲਈ ਮੈਂ ਇਸ ਪ੍ਰਕਾਸ਼ਨ ਦਾ ਹਾਰਦਿਕ ਧੰਨਵਾਦੀ ਹਾਂ।

ਮੇਰੇ ਵਿਦਿਆਰਥੀ ਸ੍ਰੀ ਓਮ ਪ੍ਰਕਾਸ਼ ਮਾਨ (ਅੰਗਰੇਜ਼ੀ ਅਧਿਆਪਕ, ਕੇਂਦਰੀਆ ਵਿਦਿਆਲਿਆ, ਚੰਡੀਗੜ੍ਹ) ਨੇ ਮੇਰੇ ਅਤੇ ਲੋਕਗੀਤ ਪ੍ਰਕਾਸ਼ਨ ਦਰਮਿਆਨ ਨਾਵਲ ਦਾ ਖਰੜਾ ਲੈਣ ਦੇਣ ਵਿੱਚ ਮਦਦ ਕੀਤੀ। ਇਸ ਸ਼ੁਭ ਕੰਮ ਲਈ ਮੈਂ ਉਸਦਾ ਅਤਿ ਧੰਨਵਾਦੀ ਹਾਂ।

**-ਅਵਤਾਰ ਐਸ. ਸੰਘਾ**
(ਪ੍ਰਧਾਨ)
ਮਿਨਰਵਾ ਪਬਲਿਕ ਸਕੂਲ
ਨੰਗਲ ਰੋਡ, ਗੜ੍ਹਸ਼ੰਕਰ
ਹੁਸ਼ਿਆਰਪੁਰ, ਪੰਜਾਬ-144527
ਫੋਨ : 01884-282714

ਅਧਿਆਇ 1

# ਸਰਦਾਰ ਕੀਰਤੀ ਸਿੰਘ

ਜਿਉਂ ਹੀ ਕੀਰਤੀ ਸਿੰਘ ਨੇ ਆਪਣੀ ਜਵਾਨੀ ਵਿਚ ਪੈਰ ਧਰਿਆ ਉਸ ਤੋਂ ਉਸ ਦੇ ਪਿੰਡ ਦੇ ਗੱਭਰੂ ਭੈਅ ਖਾਣ ਲੱਗੇ। ਸਵੇਰੇ ਉੱਠ ਕੇ ਦਸ ਮੀਲ ਦੀ ਦੌੜ ਲਗਾ ਕੇ ਉਹ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਘਰ ਵਾਪਿਸ ਪਹੁੰਚ ਜਾਇਆ ਕਰਦਾ ਸੀ। ਦੌਲੇ ਪਹਿਲਵਾਨ ਦੀ ਸੰਗਤ ਵਿਚ ਬੈਠਣ ਕਰਕੇ ਉਸਨੂੰ ਸ਼ਰਦਾਈ ਬਣਾ ਕੇ ਪੀਣ ਦੀ ਆਦਤ ਵੀ ਪੈ ਹੀ ਗਈ ਸੀ। ਪਿੰਡ ਵਿਚ ਤਾਕਤ ਅਜਮਾਈ ਦੇ ਇਮਤਿਹਾਨ ਆਮ ਹੀ ਹੁੰਦੇ ਰਹਿੰਦੇ ਸਨ। ਜਿਸ ਥੜ੍ਹੇ ਤੇ ਪਿੰਡ ਦੀ ਸੱਥ ਅਕਸਰ ਜੁੜ ਬਹਿੰਦੀ ਸੀ ਉਸ ਦੇ ਨੇੜੇ ਇਕ ਨੌਂ ਮਣ ਦਾ ਪੱਥਰ ਪਿਆ ਹੁੰਦਾ ਸੀ। ਪਿੰਡ ਦੇ ਕਈ ਗੱਭਰੂਆਂ ਨੇ ਇਸ ਪੱਥਰ ਨੂੰ ਉਲਾਰਨ ਦੀ ਕੋਸ਼ਿਸ਼ ਕੀਤੀ ਸੀ ਪ੍ਰੰਤੂ ਕੋਈ ਵੀ ਕਾਮਯਾਬ ਨਹੀਂ ਸੀ ਹੋਇਆ। ਇਕ ਦਿਨ ਸੱਥ ਜੁੜੀ ਬੈਠੀ ਸੀ ਤੇ ਕੀਰਤੀ ਸਿੰਘ ਵੀ ਉੱਥੇ ਆ ਗਿਆ।

“ਬਾਈ ਸਿਹਾਂ, ਸੁਣਿਆ ਅੱਜ ਤੋਂ 50 ਕੁ ਸਾਲ ਪਹਿਲਾਂ ਇਸ ਪਿੰਡ ਦੇ ਇਕ ਗੱਭਰੂ ਟਹਿਲ ਸਿੰਘ ਨੇ ਇਸ ਪੱਥਰ ਨੂੰ ਉਲਾਰ ਕੇ ਦੋ ਬਾਲੇ ਕੱਢ ਦਿੱਤੇ ਸਨ। ਉਸ ਤੋਂ ਬਾਅਦ ਅੱਜ ਤੱਕ ਕੋਈ ਵੀ ਸੂਰਮਾ ਨਾ ਇਸ ਪਿੰਡ ਵਿਚ ਤੇ ਨਾ ਹੀ ਆਲੇ-ਦੁਆਲੇ ਦੇ ਪਿੰਡਾਂ ਵਿਚ ਪੈਦਾ ਹੋਇਆ ਏ ਜੋ ਇਸ ਪੱਥਰ ਨੂੰ ਉਲਾਰ ਸਕੇ। ਪਿਛਲੇ ਸਾਲ ਪਿੰਡ ਵਿਚ ਛਿੰਝ ਦੇ ਮੌਕੇ ਦੂਰ-ਦੁਰਾਡੇ ਤੋਂ ਨਾਮੀ ਪਹਿਲਵਾਨ ਆਏ ਸਨ। ਮਲੇਰਕੋਟਲੇ ਦਾ ਪਹਿਲਵਾਨ ਫਜ਼ਲਾ ਇਸ ਪੱਥਰ ਨੂੰ ਉਲਾਰ ਗਿਆ ਸੀ, “ਕੀਰਤੀ, ਤੂੰ ਕੋਸ਼ਿਸ਼ ਕਰੇਂ ਤਾਂ ਆਰਾਮ ਨਾਲ ਇਸ ਪੱਥਰ ਨੂੰ ਉਲਾਰ ਸਕਦਾ ਏਂ,” ਇਕ ਬੁੱਢੇ ਬਾਬੇ ਸਾਧਾ ਸਿੰਘ ਨੇ ਕੀਰਤੀ ਸਿੰਘ ਨੂੰ ਟੋਹ ਕੇ ਦੇਖਿਆ।

“ਬਾਬਾ ਜੀ, ਕਿਉਂ ਟਿੱਚਰਾਂ ਕਰਦੇ ਹੋ? ਜੋ ਕੰਮ ਤੁਹਾਡੇ ਜਿਹੇ ਧਰਤੀ ਧਕੇਲ ਸਿੰਘਾਂ ਤੋਂ ਨਹੀਂ ਹੋਇਆ ਉਹ ਮੈਂ ਕੱਲ੍ਹ ਦਾ ਛੋਕਰਾ ਕਿਵੇਂ ਕਰ ਸਕਦਾ ਹਾਂ? ਤੁਸੀਂ ਵੀ ਤਾਂ ਸਾਰੀ ਜ਼ਿੰਦਗੀ ਪਹਿਲਵਾਨੀ ਕੀਤੀ ਏ”, ਕੀਰਤੀ ਸਿੰਘ ਨੇ ਬਾਬੇ ਨੂੰ ਨਹੋਰਾ ਮਾਰਿਆ।

ਉਵੇਂ ਦਿਲ ਹੀ ਦਿਲ ਵਿਚ ਬਾਬੇ ਦੀ ਗੱਲ ਕੀਰਤੀ ਸਿੰਘ ਨੂੰ ਚੁੱਭ ਗਈ ਸੀ। ਉਸ ਨੇ ਸੋਚਿਆ ਕਿਉਂ ਨਾ ਬਾਬੇ ਦੀ ਗੱਲ ਤੇ ਪੂਰਾ ਉਤਰ ਕੇ ਦੇਖਿਆ ਜਾਵੇ, ਕਿਉਂ ਨਾ ਪੱਥਰ ਨੂੰ ਪਹਿਲਾਂ ਚੋਰੀ-ਚੋਰੀ ਉਲਾਰਨ ਦਾ ਅਭਿਆਸ ਕੀਤਾ ਜਾਵੇ। ਉਸਨੂੰ ਪਤਾ ਸੀ ਕਿ ਇਕ ਨਾ ਇਕ ਦਿਨ ਉਸ ਨੂੰ ਫਿਰ ਕੋਈ ਇਸ ਪ੍ਰਕਾਰ ਦੀ ਟਿੱਚਰ ਕਰੇਗਾ ਹੀ ਤੇ ਉਹ ਪੱਥਰ ਉਲਾਰ ਕੇ ਮਿੰਟਾਂ ਵਿਚ ਹੀ ਉਸਨੂੰ ਉਸਦੀ ਟਿੱਚਰ ਦਾ ਜਵਾਬ ਦੇ ਦੇਵੇਗਾ।

ਹੋਇਆ ਵੀ ਇੰਝ ਹੀ। ਇਕ ਦਿਨ ਫਿਰ ਪਿੰਡ ਦੇ ਮੁੰਡੇ ਗੁਰਦੁਆਰੇ ਵਿਚ ਗੁਰਪੁਰਬ ਦੀ ਸਮਾਪਤੀ ਤੋਂ ਬਾਅਦ ਸੱਥ ਵਿਚ ਆ ਖੜ੍ਹੇ ਹੋਏ। ਇੰਨੇ ਨੂੰ ਕੀਰਤੀ ਵੀ ਉੱਥੇ ਆ ਗਿਆ। ਇਕ ਛੋਕਰਾ ਬੋਲਿਆ, “ਕੀਰਤੀ ਬਾਈ, ਅੱਜ ਤਾਂ ਕ੍ਰਿਸ਼ਮਾ ਕਰਕੇ ਦਿਖਾ ਹੀ ਦੇਹ। ਤੇਰਾ

ਸਡੌਲ ਸਰੀਰ ਤਾਂ ਇਸ ਤਰ੍ਹਾਂ ਦੇ ਕਈ ਪੱਥਰ ਉਲਾਰ ਕੇ ਪਰ੍ਹੇ ਮਾਰੇ, ਤੇਰੇ ਲਈ ਤਾਂ ਇਹ ਬਾਏਂ ਹੱਥ ਦਾ ਖੇਲ੍ਹ ਏ। ਕਰਦੇ ਇਕ ਵਾਰ ਇਨ੍ਹਾਂ ਬਾਬਿਆਂ ਤੇ ਬੱਚਿਆਂ ਨੂੰ ਖ਼ੁਸ਼। ਵਰ੍ਹੇ ਦਿਨਾਂ ਦਾ ਦਿਨ ਏ, ਗੁਰੂ ਦੀ ਤੇਰੇ ਤੇ ਪੂਰੀ ਮਿਹਰ ਏ। ਨਾਲੇ ਗੁਰਪੁਰਬ ਸਭ ਨੂੰ ਯਾਦ ਰਹਿਜੂ।"

ਛੋਕਰੇ ਦੇ ਇਝ ਬੋਲਣ ਤੇ ਕੀਰਤੀ ਨੂੰ ਜੋਸ਼ ਆ ਗਿਆ। ਦਿਲੋਂ ਉਹ ਚਾਹੁੰਦਾ ਸੀ ਕਿ ਕੋਈ ਇਝ ਕਹੇ। ਉਸ ਨੇ ਪਜਾਮਾ ਝੱਗਾ ਉਤਾਰਿਆ, ਪਗੜੀ ਦਾ ਪਟਕਾ ਬਣਾਇਆ, ਜੁੱਤੀ ਲਾਹ ਕੇ ਧਰਤੀ ਨੂੰ ਮੱਥਾ ਟੇਕ ਕੇ ਪੱਥਰ ਨੂੰ ਜਾ ਹੱਥ ਪਾਇਆ। ਪਹਿਲਾਂ ਹਿਲਾ ਕੇ ਪਰ੍ਹੇ ਨੂੰ ਕੀਤਾ ਤੇ ਫਿਰ ਜੱਫਾ ਮਾਰ ਕੇ ਮਿੰਟਾਂ ਵਿਚ ਹੀ ਉਲਾਰ ਕੇ ਉਪਰ ਚੁੱਕ ਦਿੱਤਾ। ਸਾਰੇ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ। ਸਾਧਾ ਸਿੰਘ ਨੇ ਜੈਕਾਰਾ ਛੱਡ ਦਿੱਤਾ : "ਜੋ ਬੋਲੇ ਸੋ ਨਿਹਾਲ! ਸਾਰੇ ਬੋਲੇ : ਸਤਿ ਸ੍ਰੀ ਅਕਾਲ!! ਕੀਰਤੀ ਸਿੰਘ ਜ਼ਿੰਦਾਬਾਦ!!" ਇਸ ਬਹਾਦਰੀ ਭਰੇ ਕਾਰਨਾਮੇ ਤੋਂ ਬਾਅਦ ਕੀਰਤੀ ਸਿੰਘ ਦੀ ਪਿੰਡ ਵਿਚ ਹੀ ਨਹੀਂ, ਸਾਰੇ ਇਲਾਕੇ ਵਿਚ ਜੈ-ਜੈ ਕਾਰ ਹੋਣ ਲੱਗੀ।

ਕੀਰਤੀ ਸਿੰਘ ਦਾ ਪਿਤਾ ਕੁਝ ਸਿੱਧਰਾ ਬੰਦਾ ਸੀ। ਉਹ ਅਕਸਰ ਪਿੰਡ ਦੇ ਬਾਹਰ ਹਵੇਲੀ ਹੀ ਰਹਿੰਦਾ ਹੁੰਦਾ ਸੀ। ਮੱਝਾਂ ਚਾਰਨ ਜਾਂਦਾ ਕੁੱਝ ਨਾ ਕੁੱਝ ਬੋਲਦਾ ਹੀ ਰਹਿੰਦਾ ਸੀ। ਲੋਕਾਂ ਨੇ ਉਸ ਦਾ ਨਾਂ ਰੇੜੂਆ ਪਾਇਆ ਹੋਇਆ ਸੀ। ਉਸ ਦੀ ਮਾਂ ਬੜੀ ਚੁਸਤ, ਖ਼ੂਬਸੂਰਤ ਤੇ ਸ਼ੌਕੀਨ ਔਰਤ ਸੀ। ਉਸ ਦੇ ਪਿੰਡ ਤੋਂ ਸੱਤ ਅੱਠ ਮੀਲ ਦੂਰ ਦਾ ਇਕ ਛੋਟੇ ਸਕੂਲ ਦਾ ਅਧਿਆਪਕ ਦਲੇਲ ਸਿੰਘ ਉਹਨਾਂ ਦੇ ਘਰ ਆਮ ਆਇਆ ਕਰਦਾ ਸੀ। ਇਕ ਦਿਨ ਗਰਮੀਆਂ ਨੂੰ ਬਾਅਦ ਦੁਪਹਿਰ ਦਾ ਸਮਾਂ ਸੀ।

"ਬੀਬੀ, ਟੋਕਾ ਮਸ਼ੀਨ ਦਾ ਤਾਂ ਬੁਰਾ ਹੀ ਹਾਲ ਏ। ਚਰੀ ਦੇ ਚੀਥੜੇ ਕਰ-ਕਰ ਕੇ ਬਾਹਰ ਸੁੱਟੀ ਜਾਂਦੀ ਏ। ਗੰਡਾਸੇ ਅਤੇ ਮਸ਼ੀਨ ਦੇ ਮੂੰਹ ਵਿਚ ਇੰਨਾ ਗੈਪ ਏ ਕਿ ਹੱਥ-ਹੱਥ ਲੰਮੇ ਚਰੀ ਦੇ ਤੀਲੇ ਕੁਤਰੇ ਹੋਏ ਚਾਰੇ 'ਚ ਪਏ ਆ। ਮੱਝ ਵੀ ਚੱਜ ਨਾਲ ਨਹੀਂ ਖਾਂਦੀ। ਮੈਂ ਅੱਜ ਨਵੀਂ ਮਸ਼ੀਨ ਲੈ ਕੇ ਹੀ ਆਊਂ ਭਾਵੇਂ ਮੈਨੂੰ ਰਾਤ ਪੈ ਜਾਵੇ। ਇਹ ਮੈਂ ਹੀ ਆਂ ਜਿਹੜਾ ਇੰਨਾ ਜ਼ੋਰ ਲਾ ਕੇ ਕੁਤਰੀ ਜਾਂਦਾ ਆਂ। ਦੇਹ ਪੈਸੇ, ਵਿਰਦੀ ਦੀ ਦੁਕਾਨ ਤੋਂ ਅੱਜ ਹੀ ਲੱਦ ਕੇ ਲਿਆਵਾਂ....।"

ਕੀਰਤੀ ਨੇ ਆਪਣੀ ਮਾਂ ਨੂੰ ਨਵੀਂ ਮਸ਼ੀਨ ਖਰੀਦਣ ਲਈ ਮਨਾ ਲਿਆ।

"ਪੁੱਤ ਕੀਰਤੀ, ਮੈਂ ਤਾਂ ਚਾਹੁੰਦੀ ਸੀ, ਕਣਕ ਦੇ ਪੈਸੇ ਆੜ੍ਹਤੀਏ ਤੋਂ ਆ ਜਾਂਦੇ ਫਿਰ ਨਵੀਂ ਖਰੀਦਦੇ। ਅਗਰ ਦੁੱਨੋ ਸਿਰੇ ਨਹੀਂ ਸਰਦਾ ਤਾਂ ਵਿਰਦੀ ਨਾਲ ਅੱਧੇ ਕੁ ਪੈਸਿਆਂ ਦਾ ਉਧਾਰ ਕਰ ਆਵੀਂ। ਆਪਾਂ ਨੂੰ ਪੁਰਾਣਾ ਜਾਣਦਾ ਈ ਏ....।"

"ਕੋਈ ਨੀ ਬੀਬੀ, ਮੈਂ ਦੇਖਦਾਂ ਜਿਵੇਂ ਮੈਥੋਂ ਹੋਊ। ਤੂੰ ਮੈਨੂੰ 200 ਰੁਪਏ ਤਾਂ ਦੇ ਹੀ ਦੇਹ।"

ਮਾਂ ਨੇ ਪੈਸੇ ਉਸ ਨੂੰ ਦੇ ਦਿੱਤੇ। ਕੀਰਤੀ ਨੇ ਕੱਪੜੇ ਬਦਲੇ ਤੇ ਸਾਈਕਲ ਚੁੱਕ ਕੇ ਬਾਹਰ ਨੂੰ ਚਲਾ ਗਿਆ। ਮਾਂ ਗੁਆਂਢੀਆਂ ਦਿਓਂ ਉਖਲੀ ਲੈਣ ਚਲੀ ਗਈ। ਕੀਰਤੀ ਦੇ ਸਾਈਕਲ ਦੀ ਚੈਨ ਟੁੱਟ ਗਈ। ਉਹ ਪਿੰਡ ਦੇ ਬਰੋਟੇ ਪਾਸ ਸਗਲੀ ਸਾਈਕਲਾਂ ਵਾਲੇ ਦੀ ਦੁਕਾਨ ਤੇ ਸਾਈਕਲ ਦੀ ਚੈਨ ਨਵੀਂ ਪੁਆਉਣ ਲਈ ਛੱਡ ਆਪ ਆ ਕੇ ਘਰ ਦੀ ਪਿਛਲੀ

ਕੋਠੜੀ ਵਿਚ ਲੰਮਾ ਪੈ ਗਿਆ। ਉਹਨਾਂ ਸਮਿਆਂ ਵਿਚ ਪਿੰਡਾਂ ਵਿਚ ਬਿਜਲੀ ਨਹੀਂ ਸੀ ਹੁੰਦੀ। ਕੋਠੜੀਆਂ ਦਲਾਨਾਂ ਨਾਲੋਂ ਵੱਧ ਠੰਡੀਆਂ ਹੁੰਦੀਆਂ ਸਨ।

ਮਾਂ ਗੁਆਂਢੀਆਂ ਵੱਲੋਂ ਵਾਪਸ ਆਈ ਤਾਂ ਉਸ ਨੇ ਘਰ ਦੇ ਮੂਹਰੇ ਮਾਸਟਰ ਦਲੇਲ ਸਿੰਘ ਖੜ੍ਹਾ ਦੇਖਿਆ। ਮਾਂ ਨੇ ਅੰਦਰ ਵੜਦੇ ਸਾਰ ਹੀ ਮਾਸਟਰ ਨੂੰ ਇਸ਼ਾਰਾ ਕਰ ਦਿੱਤਾ ਕਿ ਉਸ ਦਿਨ ਘਰ ਕੋਈ ਵੀ ਨਹੀਂ ਏ। ਮਾਸਟਰ ਨੇ ਵਰਾਂਡੇ 'ਚ ਵੜਦੇ ਸਾਰ ਹੀ ਤ੍ਰੀਮਤ ਨੂੰ ਜੱਫੀ 'ਚ ਲੈ ਲਿਆ।

"ਜੈ ਕੁਰੇ, ਅੱਜ ਮੌਸਮ ਬੜਾ ਆਸ਼ਕਾਨਾ ਏ। ਰਸਤੇ ਵਿਚ ਹਲਕੀ-ਹਲਕੀ ਬਾਰਸ਼ ਦੀ ਫੁਹਾਰ ਵੀ ਪੈਂਦੀ ਰਹੀ। ਦੇਖ ਮੇਰੇ ਕੱਪੜੇ ਵੀ ਮਾੜੇ-ਮਾੜੇ ਭਿੱਜ ਗਏ। ਮੈਂ ਸੋਚਿਆ, ਅੱਜ ਤਾਂ ਤੈਨੂੰ ਮਿਲਣਾ ਹੀ ਮਿਲਣਾ ਏ। ਚਾਹ ਤਾਂ ਤੂੰ ਬਣਾ ਹੀ ਲਈ ਹੋਣੀ ਏਂ। ਇਸ ਸੁਹਾਵਣੇ ਮੌਸਮ ਵਿਚ ਚਾਹ ਪੀਣ ਦਾ ਮਜ਼ਾ ਹੀ ਆ ਜਾਊ, ਨਾਲੇ ਅੱਜ ਘਰ ਵੀ ਕੋਈ ਨਹੀਂ। ਛੋਕਰਾ ਕਿੱਧਰ ਗਿਆ ਹੋਇਆ ਏ? ਹੁਣ ਉਸ ਤੋਂ ਕੁਝ ਡਰ ਜਿਹਾ ਲਗਦਾ ਰਹਿੰਦਾ ਏ। ਸਾਲਾ ਜਵਾਨ ਹੋ ਗਿਆ। ਪਹਿਲੇ ਸਮਿਆਂ ਦੀ ਗੱਲ ਕੁਝ ਹੋਰ ਈ ਹੁੰਦੀ ਸੀ।"

"ਮਾਸਟਰਾ, ਲੋਕ ਬੜੇ ਭੈੜੇ ਆ। ਐਨੇ ਜਲਦੀ ਗੇੜੇ ਨਾ ਮਾਰਿਆ ਕਰ। ਗੁਆਂਢਣਾਂ ਅੱਖਾਂ ਪਾੜ-ਪਾੜ ਕੇ ਦੇਖਦੀਆਂ ਰਹਿੰਦੀਆਂ। ਮੈਂ ਬਥੇਰਾ ਲੋਕਾਂ ਨੂੰ ਕਹਿੰਦੀ ਆਂ ਕਿ ਤੂੰ ਮੇਰੇ ਪੇਕਿਆਂ ਵੱਲੋਂ ਏ ਤੇ ਕੋਈ ਸੁੱਖ ਸੁਨੇਹਾ ਲੈ ਕੇ ਆਉਂਦਾ ਏ ਪਰ ਦੁਨੀਆਂ ਦੀ ਨਜ਼ਰ ਬੜੀ ਤੇਜ਼ ਏ। ਪਿੰਡ ਵਿਚ ਘੁਸਰ-ਮੁਸਰ ਹੁੰਦੀ ਹੀ ਰਹਿੰਦੀ ਏ। ਨਾਲੇ ਮੁੰਡਾ ਵੀ ਹੁਣ ਜਵਾਨ ਹੋ ਰਿਹਾ ਏ। ਅੱਜ ਤਾਂ ਸੁੱਖ ਨਾਲ ਸ਼ਹਿਰ ਗਿਆ ਹੋਇਆ ਏ। ਗਿਆ ਵੀ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਏ। ਟੋਕਾ ਮਸ਼ੀਨ ਬਹੁਤ ਪੁਰਾਣੀ ਹੋ ਗਈ ਏ, ਬਹੁਤ ਭਾਰੀ-ਭਾਰੀ ਚਲਦੀ ਏ, ਚਾਰਾ ਚੱਜ ਨਾਲ ਕੁਤਰਦੀ ਹੀ ਨਹੀਂ। ਪੱਠਿਆਂ ਦੇ ਫੂਸੜੇ ਉੜਾਈ ਜਾਂਦੀ ਏ। ਮੱਝਾਂ ਚੱਜ ਨਾਲ ਇਹ ਪੱਠੇ ਖਾਂਦੀਆਂ ਹੀ ਨਹੀਂ। ਮੁੰਡਾ ਸ਼ਹਿਰ ਨਵੀਂ ਟੋਕਾ ਮਸ਼ੀਨ ਖਰੀਦਣ ਗਿਆ ਏ।"

"ਫਿਰ ਤਾਂ ਛੋਹਰਾ ਸ਼ਾਮ ਹਨੇਰੇ ਹੋਏ ਆਊ। ਆ ਫਿਰ ਆਪਾਂ ਪਿਆਰ ਮੁਹੱਬਤ ਦੀਆਂ ਗੱਲਾਂ ਕਰ ਲਈਏ। ਅੱਜ ਏਥੇ ਤੇ ਅਗਲੇ ਐਤਵਾਰ ਉਧਰ ਸ਼ਹਿਰ ਗੇੜਾ ਮਾਰ ਜਾਵੀਂ। ਪਤਾ ਲੱਗਾ ਸੀ ਤੁਸੀਂ ਇਸ ਦਾ ਵਿਆਹ ਵੀ ਕਰ ਦਿੱਤਾ ਹੋਇਆ ਏ। ਮੁਕਲਾਵਾ ਲਿਆਉਣਾ ਹੀ ਬਾਕੀ ਏ। ਮੁਕਲਾਵੇ ਤੋਂ ਬਾਅਦ ਕਿਸੇ ਪਾਸੇ ਜੁਦਾ ਹੀ ਕਰ ਛੱਡ ਇਹਨੂੰ।"

ਕੀਰਤੀ ਸਿੰਘ ਨੇ ਆਪਣੀ ਮਾਂ ਤੇ ਮਾਸਟਰ ਦੀਆਂ ਹਰਕਤਾਂ ਅੱਖੀਂ ਦੇਖ ਲਈਆਂ। ਭਾਵੇਂ ਉਸ ਦੇ ਮਨ ਵਿਚ ਪਿੰਡ ਦੇ ਲੋਕਾਂ ਨੇ ਪਹਿਲਾਂ ਵੀ ਉਸ ਮਾਸਟਰ ਪ੍ਰਤੀ ਘ੍ਰਿਣਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਸਨੂੰ ਉਨ੍ਹਾਂ ਦੀਆਂ ਗੱਲਾਂ ਤੇ ਯਕੀਨ ਨਹੀਂ ਸੀ ਆਉਂਦਾ ਹੁੰਦਾ। ਜਿਉਂ ਹੀ ਮਾਸਟਰ ਆਪਣੇ ਸਾਈਕਲ ਤੇ ਘਰੋਂ ਨਿਕਲਿਆ ਕੀਰਤੀ ਘਰ ਦੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਨਿਕਲ ਗਿਆ। ਉਹ ਆਪਣਾ ਮੁਰੰਮਤ ਕੀਤਾ ਸਾਈਕਲ ਸਗਲੀ ਦੀ ਦੁਕਾਨ ਤੋਂ ਚੁੱਕ ਕੇ ਮਾਸਟਰ ਦੇ ਪਿੱਛੇ ਲੱਗ ਗਿਆ। ਮਾਸਟਰ ਅਜੇ ਪਿੰਡ ਤੋਂ ਤਿੰਨ ਕੁ ਮੀਲ ਦੀ ਦੂਰੀ ਤੇ ਹੀ ਗਿਆ ਸੀ ਕਿ ਇਕ ਬੇਈਂ ਦੇ ਕੰਢੇ ਤੇ ਕੀਰਤੀ ਸਿੰਘ ਨੇ ਆਪਣੇ ਦੇਸੀ ਪਿਸਤੌਲ 'ਚੋਂ ਤਿੰਨ ਗੋਲੀਆਂ ਦਾਗੀਆਂ ਜਿਸ ਨਾਲ ਮਾਸਟਰ ਥਾਂ ਢੇਰੀ ਹੋ ਗਿਆ। ਵਾਰਦਾਤ ਤੋਂ ਬਾਅਦ ਕੀਰਤੀ ਫਰਾਰ ਹੋ ਗਿਆ। ਉਸ ਦੇ ਇਕ ਦੋ ਵਾਕਫ਼ ਰੋਪੜ ਦੇ ਇਲਾਕੇ

ਦੇ ਪਿੰਡਾਂ ਵਿਚ ਰਹਿੰਦੇ ਸਨ। ਉਹ ਇਸ ਪਾਸੇ ਨੂੰ ਦੌੜ ਗਿਆ। ਪੁਲਿਸ ਉਸ ਦਾ ਪਿੱਛਾ ਕਰ ਰਹੀ ਸੀ। ਕੀਰਤੀ ਇੰਨਾ ਕਾਮਯਾਬ ਤੈਰਾਕ ਸੀ ਕਿ ਟਰੱਕ ਦੇ ਟਾਇਰ ਤੇ ਬੈਠ ਕੇ ਦਰਿਆ ਪਾਰ ਕਰ ਜਾਇਆ ਕਰਦਾ ਸੀ। ਪੁਲਿਸ ਨੂੰ ਚਕਮਾ ਦੇਣ ਲਈ ਉਸ ਨੇ ਦੋ ਵਾਰ ਸਤਲੁਜ ਦਰਿਆ ਟਾਇਰ ਤੇ ਬੈਠ ਕੇ ਪਾਰ ਕੀਤਾ। ਇਕ ਵਾਰ ਮੁਰਿੰਡਾ ਪੁਲਿਸ ਉਸਦਾ ਪਿੱਛਾ ਕਰ ਰਹੀ ਸੀ। ਉਹ ਟਿੰਡਾਂ ਦੇ ਸਹਾਰੇ ਇਕ ਖੂਹ ਵਿਚ ਉਤਰ ਗਿਆ ਤੇ ਅੱਧਾ ਘੰਟਾ ਪਾਣੀ ਵਿਚ ਹੀ ਚੁੱਭੀ ਮਾਰ ਛੱਡੀ। ਪੁਲਿਸ ਨੂੰ ਪਤਾ ਹੀ ਨਾ ਲੱਗਾ ਕਿ ਉਹ ਕਿੱਧਰ ਨੂੰ ਦੌੜ ਗਿਆ ਸੀ। ਆਖ਼ਰਕਾਰ ਪੁਲਿਸ ਉਸ ਦੇ ਇਕ ਐਸੇ ਰਿਸ਼ਤੇਦਾਰ ਨੂੰ ਤੰਗ ਕਰਨ ਲੱਗ ਪਈ ਜਿਸ ਕੋਲ ਉਹ ਰਾਤ ਬਰਾਤੇ ਆਇਆ ਕਰਦਾ ਸੀ।

"ਕੀਰਤੀ, ਤੂੰ ਹੁਣ ਇੱਥੇ ਸਾਡੇ ਕੋਲ ਨਾ ਆਇਆ ਕਰ। ਤੈਨੂੰ ਪਤਾ ਏ, ਪਹਿਲਾਂ ਵੀ ਪੁਲਿਸ ਨੇ ਮੈਨੂੰ ਥਾਣੇ ਡੱਕ ਛੱਡਿਆ ਸੀ। ਤੇਰੇ ਬਾਰੇ ਜਾਣਕਾਰੀ ਲੈਣ ਲਈ ਉਨ੍ਹਾਂ ਮੈਨੂੰ ਮੰਜੀ ਲਾ ਛੱਡਿਆ। ਆਹ ਦੇਖ ਲਾ ਮੇਰੀਆਂ ਲੱਤਾਂ ਦਾ ਸੋਜਾ। ਥਾਣੇਦਾਰ ਬੜਾ ਅੜਬ ਏ। ਆਪ ਡਾਂਗ ਲੈ ਕੇ ਮੇਰੇ ਦੁਆਲੇ ਹੋ ਗਿਆ ਸੀ। ਮੇਰੇ ਉਹਨੇ ਦੋ ਡਾਂਗਾ ਜੋਰ ਨਾਲ ਮਾਰੀਆਂ ਹੀ ਸਨ ਕਿ ਜਲੰਧਰੀਏ ਬਜਾਵੇ ਦਾ ਉਹਨੂੰ ਸਨੇਹਾ ਆ ਗਿਆ ਕਿ ਉਹ ਮੈਨੂੰ ਬਿਲਕੁੱਲ ਵੀ ਨਾ ਕੁੱਟੇ। ਤੈਨੂੰ ਪਤਾ ਹੀ ਏ ਬਾਜਵੇ ਦੀ ਕੈਰੋਂ ਨਾਲ ਬੈਠਣੀ ਉੱਠਣੀ ਏ। ਮੈਨੂੰ ਹਰਾਮਜ਼ਾਦੇ ਨੇ ਧੜੀ ਦੀ ਗਾਲ ਕੱਢੀ ਤੇ ਡਾਂਗ ਪਰ੍ਹੇ ਰੱਖ ਦਿੱਤੀ।" ਕੀਰਤੀ ਨੂੰ ਰਾਤ ਨੂੰ ਘਰ ਪਹੁੰਚਦੇ ਹੀ ਉਸ ਦਾ ਫੁੱਫੜ ਕਹਿਣ ਲੱਗਾ।

"ਫੁੱਫੜਾ, ਪਹਿਲਾਂ ਥਾਣੇਦਾਰ ਨੂੰ ਹੀ ਪਾਰ ਬੁਲਾ ਦੇਈਏ। ਮੇਰੇ ਕੋਲ ਹੁਣ ਬੰਦੇ ਹੋਰ ਵੀ ਹੈਗੇ ਆ। ਉਹ ਕਈ ਕਤਲ ਕਰ ਚੁੱਕੇ ਐ। ਪਿੱਛੇ ਜਿਹੇ ਉਹਨਾਂ ਨੇ ਇਕ ਡੀ.ਐਸ.ਪੀ. ਵੀ ਮਾਰਿਆ ਸੀ। ਜਦ ਹੁਣ ਇਸ ਰਾਹ ਪਏ ਹੀ ਆਂ ਤਾਂ ਕੀ ਫ਼ਰਕ ਪੈਂਦਾ ਏ। ਚਾੜ੍ਹ ਦਿਆਂ ਗੱਡੀ ਇਸ ਕਾਲੇ ਬ੍ਰਾਹਮਣ ਨੂੰ ਵੀ?" ਕੀਰਤੀ ਦੀ ਆਵਾਜ਼ ਵਿਚ ਗਰਜ ਸੀ।

"ਨਹੀਂ, ਪੁੱਤਰ ਨਹੀਂ। ਇੰਨਾ ਜ਼ਿਆਦਾ ਅੱਗੇ ਜਾਣਾ ਠੀਕ ਨਹੀਂ। ਪਹਿਲਾਂ ਹੀ ਬਥੇਰਾ ਹੋ ਚੁੱਕਾ ਏ। ਅੱਗੇ ਵਧੇਂਗਾ ਤਾਂ ਫਾਂਸੀ ਹੋਣੀ ਹੀ ਹੋਣੀ ਏ। ਹੁਣ ਤਾਂ ਸ਼ਾਇਦ ਉਮਰ ਕੈਦ ਨਾਲ ਹੀ ਛੁਟਕਾਰਾ ਹੋ ਜਾਵੇ। ਪੇਸ਼ ਹੋ ਜਾਹ! ਸਾਡਾ ਖਹਿੜਾ ਤਾਂ ਪੁਲਿਸ ਤਾਂ ਹੀ ਛੱਡੂਗੀ।"

ਆਪਣੇ ਰਿਸ਼ਤੇਦਾਰ ਦੀ ਪ੍ਰੇਸ਼ਾਨੀ ਨੂੰ ਦੇਖਦੇ ਹੋਏ ਕੀਰਤੀ ਨੇ ਪੁਲਿਸ ਕੋਲ ਆਤਮ ਸਮਰਪਣ ਕਰ ਦਿੱਤਾ। ਉਸ ਨੂੰ ਫਿਰੋਜ਼ਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਜੇਲ੍ਹ ਵਿਚ ਕੈਦੀਆਂ ਨੂੰ ਮਾੜੀ ਰੋਟੀ ਮਿਲਦੀ ਦੇਖ ਕੇ ਉਸ ਨੇ ਉਥੇ ਕੈਦੀਆਂ ਦੀ ਜੇਲ੍ਹ ਅਧਿਕਾਰੀਆਂ ਵਿਰੁੱਧ ਹੜਤਾਲ ਕਰਵਾ ਦਿੱਤੀ। ਪ੍ਰਬੰਧ ਮਾੜਾ ਦੇਖ ਕੇ ਉਸ ਨੇ ਕੈਦੀਆਂ ਨੂੰ ਐਸਾ ਭੜਕਾਇਆ ਕਿ ਉਹਨਾਂ ਨੇ ਰਾਸ਼ਟਰੀ ਗੀਤ 'ਜਨ, ਮਨ, ਗਨ' ਗਾਣਾ ਬੰਦ ਕਰ ਦਿੱਤਾ। ਇਸ ਦੀ ਬਜਾਏ ਉਸ ਨੇ ਕੈਦੀਆਂ ਤੋਂ 'ਦੇਹਿ ਸ਼ਿਵਾ ਬਰਿ ਮੋਹਿ ਇਹੈ' ਗੁਵਾਉਣਾ ਸ਼ੁਰੂ ਕਰਵਾ ਦਿੱਤਾ। ਕਤਲ ਦਾ ਕੇਸ ਚਲਦਾ ਰਿਹਾ। ਹਾਈਕੋਰਟ ਨੇ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ। ਉਸ ਨੇ ਸੁਪਰੀਮ ਕੋਰਟ ਪਾਸ ਅਪੀਲ ਪਾ ਦਿੱਤੀ। ਦਾਰਾ ਸਿੰਘ ਦੁਲਚੀਪੁਰੀਆ[1], ਵੀ ਉਸ ਸਮੇਂ ਫਿਰੋਜ਼ਪੁਰ ਜੇਲ੍ਹ ਵਿਚ ਹੀ ਕੋਈ ਸਜ਼ਾ ਕੱਟ ਰਿਹਾ ਸੀ। ਕੀਰਤੀ ਸਿੰਘ ਜੇਲ੍ਹ

[1] ਦਾਰਾ ਸਿੰਘ ਦੁਲਚੀਪੁਰੀਆ, ਨਾ ਕਿ ਦਾਰਾ ਸਿੰਘ ਪਹਿਲਵਾਨ ਤੇ ਐਕਟਰ

ਵਿਚ ਉਸ ਦੇ ਇੰਨਾ ਨੇੜੇ ਆ ਗਿਆ ਕਿ ਬਾਹਰ ਆ ਕੇ ਉਹ ਦਾਰਾ ਸਿੰਘ ਦੇ ਪੈਰਾਂ ਦੇ ਨਾਪ ਦੀ ਜੁੱਤੀ ਖਰੀਦ ਕੇ ਉਸਨੂੰ ਜੇਲ੍ਹ ਵਿਚ ਭੇਜਿਆ ਕਰਦਾ ਸੀ। ਇੰਨੇ ਸਮੇਂ ਵਿਚ ਉਹ ਮੁਕਲਾਵਾ ਵੀ ਲੈ ਆਇਆ। ਘਰ ਦੇ ਤਣਾਅ ਭਰੇ ਮਾਹੌਲ ਵਿਚ ਉਸ ਨੇ ਆਪਣੀ ਪਤਨੀ ਨਾਲ ਤਿੰਨ ਕੁ ਸਾਲ ਬਿਤਾਏ। ਉਸ ਦੇ ਇਕ ਲੜਕਾ ਵੀ ਹੋ ਗਿਆ। ਮਾਂ ਇਨ੍ਹਾਂ ਨੂੰ ਤੰਗ ਕਰਦੀ ਰਹਿੰਦੀ ਸੀ।

ਝਗੜਾ ਇਸ ਕਦਰ ਵਧ ਗਿਆ ਕਿ ਮਾਂ ਨੇ ਉਸ ਨੂੰ ਪਰਿਵਾਰ ਸਮੇਤ ਘਰੋਂ ਕੱਢ ਦਿੱਤਾ। ਆਪਣੀ ਪਤਨੀ ਅਤੇ ਬੱਚਾ ਲੈ ਕੇ ਉਹ ਖਾਲੀ ਜੇਬ ਘਰੋਂ ਤੁਰ ਗਿਆ। ਬੱਸ ਫੜ ਕੇ ਉਹ ਰੋਪੜ ਪਹੁੰਚੇ। ਸਾਰੇ ਪਰਿਵਾਰ ਨੂੰ ਅੰਤਾਂ ਦੀ ਭੁੱਖ ਲੱਗੀ ਹੋਈ ਸੀ ਤੇ ਜੇਬ ਵਿਚ ਪੈਸਾ ਕੋਈ ਨਹੀਂ ਸੀ। ਪਤਨੀ ਅਤੇ ਬੱਚੇ ਨੂੰ ਸਤਲੁਜ ਦਰਿਆ ਦੇ ਕੰਢੇ ਤੇ ਬਿਠਾ ਕੇ ਕੀਰਤੀ ਇਕ ਗੋਭੀ ਦੇ ਖੇਤ ਵਿਚੋਂ ਗੋਭੀ ਦੇ ਦੋ ਤਿੰਨ ਫੁੱਲ ਤੋੜ ਕੇ ਲਿਆਇਆ। ਇਸ ਪ੍ਰਕਾਰ ਇਨ੍ਹਾਂ ਕੱਚੀ ਗੋਭੀ ਖਾ ਕੇ ਭੁੱਖ ਮਿਟਾਈ। ਅੱਧੀ ਰਾਤ ਤੱਕ ਕੁਝ ਸਮਾਂ ਬੈਠ ਕੇ ਬਿਤਾਇਆ। ਅੱਧੀ ਰਾਤ ਨੂੰ ਕੀਰਤੀ ਸਿੰਘ ਰੋਪੜ ਦੇ ਬਾਜ਼ਾਰ ਵਿਚ ਗਿਆ। ਉਸ ਨੂੰ ਇਕ ਲਾਲੇ ਦੀ ਦੁਕਾਨ ਦਾ ਪੂਰਾ-ਪੂਰਾ ਗਿਆਨ ਸੀ। ਉਸ ਦੁਕਾਨ ਦੀ ਛੱਤ ਉਪਰ ਚੜ੍ਹ ਕੇ ਉਸ ਨੇ ਅੰਦਰੋਂ 300 ਰੁਪਏ ਚੋਰੀ ਕੀਤੇ। ਇਸ ਪੈਸੇ ਨਾਲ ਉਹ ਆਪਣੀ ਘਰਵਾਲੀ ਅਤੇ ਬੱਚੇ ਨੂੰ ਲੈ ਕੇ ਨੰਗਲ ਚਲਾ ਗਿਆ।

ਉਸ ਸਮੇਂ ਭਾਖੜਾ ਡੈਮ ਨਵਾਂ-ਨਵਾਂ ਬਣਨਾ ਸ਼ੁਰੂ ਹੋਇਆ ਸੀ। ਉਥੇ ਜਾ ਕੇ ਕਿਸੇ ਪੁਰਾਣੇ ਵਾਕਫ ਦੇ ਸਹਾਰੇ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਇਸ ਜਗ੍ਹਾ ਤੇ ਕੀਰਤੀ ਸਿੰਘ ਨੇ ਤਕਰੀਬਨ ਡੇਢ ਕੁ ਸਾਲ ਕੰਮ ਕੀਤਾ। ਸਾਧਾਰਨ ਜਿਹੀ ਰਿਹਾਇਸ਼ ਉਸ ਨੂੰ ਇੱਥੇ ਮਿਲ ਹੀ ਗਈ ਸੀ। ਇਸ ਨੌਕਰੀ ਵਿਚੋਂ ਮਿਲਣ ਵਾਲੇ ਮਿਹਨਤਾਨੇ ਵਿਚੋਂ ਜਿਹੜਾ ਸਭ ਤੋਂ ਪਹਿਲਾ ਕੰਮ ਉਸ ਨੇ ਕੀਤਾ ਉਹ ਇਹ ਸੀ ਕਿ 350 ਰੁਪਏ ਬਚਾ ਕੇ ਉਸ ਨੇ ਉਸੇ ਹੀ ਦੁਕਾਨਦਾਰ ਦੇ ਸਰਨਾਮੇ ਤੇ ਮਨੀਆਰਡਰ ਕੀਤਾ ਤੇ ਨਾਲ ਇਹ ਸੰਦੇਸ਼ ਲਿਖ ਕੇ ਭੇਜਿਆ :

ਅੱਠ ਪੋਹ ਦੀ ਕਾਲੀ ਬੋਲੀ ਰਾਤ ਨੂੰ ਆਪ ਜੀ ਦੀ ਦੁਕਾਨ ਵਿਚੋਂ ਇਕ ਅਤਿ ਲੋੜਮੰਦ ਬਸ਼ਰ ਨੇ ਕੁਝ ਪੈਸੇ ਚੋਰੀ ਕੀਤੇ ਸਨ। ਬਸ਼ਰ ਦੀ ਨੀਤ ਚੋਰੀ ਕਰਨ ਦੀ ਬਿਲਕੁਲ ਵੀ ਨਹੀਂ ਸੀ। ਉਸ ਨੂੰ ਅੰਤਾਂ ਦੀ ਮਜ਼ਬੂਰੀ 'ਚ ਇਹ ਚੋਰੀ ਕਰਨੀ ਪਈ। ਉਸ ਦੀ ਪਤਨੀ ਅਤੇ ਨਿੱਕਾ ਬੱਚਾ ਦਰਿਆ ਕਿਨਾਰੇ ਭੁੱਖੇ ਬੈਠੇ ਸਨ। ਬਸ਼ਰ ਆਪ ਵੀ ਸਾਰੇ ਦਿਨ ਦਾ ਭੁੱਖਾ ਸੀ। ਉਸ ਪਾਸ ਸਫ਼ਰ ਕਰਨ ਲਈ ਬੱਸ ਦੇ ਭਾੜੇ ਵਾਸਤੇ ਵੀ ਪੈਸੇ ਨਹੀਂ ਸਨ। ਆਪ ਜੀ ਦੇ ਪੈਸਿਆਂ ਨਾਲ ਬਸ਼ਰ ਮੁੜ ਪੈਰੀਂ ਖੜ੍ਹਾ ਹੋਣ ਦੇ ਕਾਬਲ ਹੋਇਆ ਸੀ। ਆਪ ਜੀ ਦੇ ਪੈਸੇ ਸਮੇਤ ਵਿਆਜ ਵਾਪਸ ਕੀਤੇ ਜਾਂਦੇ ਹਨ। ਬਸ਼ਰ ਆਪ ਪਾਸੋਂ ਮੁਆਫ਼ੀ ਮੰਗਦਾ ਹੈ।

ਆਪ ਦਾ ਸ਼ੁਭ ਚਿੰਤਕ
ਇਕ ਦਾਨਿਸ਼ਮੰਦ ਬਸ਼ਰ
ਜਾਅਲੀ ਨਾਮ......

ਸਾਲ ਕੁ ਬਾਅਦ ਕੀਰਤੀ ਸਿੰਘ ਸੁਪਰੀਮ ਕੋਰਟ 'ਚੋਂ ਬਰੀ ਹੋ ਗਿਆ। ਬਰੀ ਹੋਣਾ ਉਸ ਵਾਸਤੇ ਇਕ ਚਮਤਕਾਰ ਸੀ। ਉਸ ਤੋਂ ਪਹਿਲਾਂ ਵੀ ਉਹ ਆਪਣਾ ਈਮਾਨਦਾਰ, ਅਣਖੀ ਤੇ ਸੱਚਾ ਸੁੱਚਾ ਜੀਵਨ ਬਿਤਾਉਣ ਲਈ ਚੰਡੀਗੜ੍ਹ (ਜੋ ਕਿ ਉਸ ਸਮੇਂ ਬਣਨਾ ਸ਼ੁਰੂ ਹੋਇਆ ਸੀ) ਵੱਲ ਚਲਾ ਗਿਆ। ਉਹ ਮਨੀਮਾਜਰੇ ਵਿਖੇ ਕਿਰਾਏ ਤੇ ਮਕਾਨ ਲੈ ਕੇ ਰਹਿਣ ਲੱਗ ਪਿਆ। ਭਾਵੇਂ ਸੁਪਰੀਮ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ ਸੀ ਪ੍ਰੰਤੂ ਸਰਕਾਰੀ ਨੌਕਰੀ ਲੈਣ ਲਈ ਬੀਤਿਆ ਅਪਰਾਧੀ ਜੀਵਨ ਵੱਡੀ ਰੁਕਾਵਟ ਪਾਉਂਦਾ ਸੀ। ਇਸ ਅਪਰਾਧੀ ਧੱਬੇ ਤੋਂ ਮੁਕਤ ਹੋਣ ਲਈ ਉਸ ਨੇ ਇਕ ਤਰਕੀਬ ਸੋਚੀ। ਮਨੀਮਾਜਰੇ ਵਿਚ ਇਕ ਸ਼ਿਦਰ ਸਿੰਘ ਨਾਮ ਦਾ ਅੱਧਖੜ੍ਹ ਵਿਅਕਤੀ ਰਹਿੰਦਾ ਸੀ। ਕੀਰਤੀ ਸਿੰਘ ਦੇ ਆਪਣੇ ਪਿਉ ਦਾ ਨਾਮ ਮਿੰਦਰ ਸਿੰਘ ਸੀ। ਉਸ ਨੇ ਮਨੀਮਾਜਰੇ ਦੇ ਇਸ ਸ਼ਿਦਰ ਸਿੰਘ ਨਾਲ ਪਰਿਵਾਰ ਜਿਹੇ ਸਬੰਧ ਕਾਇਮ ਕਰ ਲਏ। ਸ਼ਿਦਰ ਸਿੰਘ ਬੜਾ ਹੀ ਨੇਕ ਦਿਲ ਆਦਮੀ ਸੀ। ਉਸ ਨੇ ਕੀਰਤੀ ਸਿੰਘ ਨੂੰ ਆਪਣਾ ਪੁੱਤਰ ਹੀ ਸਮਝਣਾ ਸ਼ੁਰੂ ਕਰ ਦਿੱਤਾ। ਇਸ ਪ੍ਰਕਾਰ ਕੀਰਤੀ ਸਿੰਘ ਮਨੀਮਾਜਰੇ ਦਾ ਪੱਕਾ ਬਸ਼ਿੰਦਾ ਅਖਵਾਉਣ ਲੱਗ ਪਿਆ। ਉਸ ਨੇ ਪੰਚਾਇਤ ਦੇ ਕਾਗਜ਼ਾਂ ਵਿਚ ਵੀ ਆਪਣੇ ਆਪ ਨੂੰ ਕੀਰਤੀ ਸਿੰਘ ਬਲਦ ਸ਼ਿਦਰ ਲਿਖਵਾ ਦਿੱਤਾ। ਇਸ ਪ੍ਰਕਾਰ ਉਸ ਨੇ ਆਪਣਾ ਪਿਛੋਕੜ ਛੁਪਾ ਹੀ ਲਿਆ। ਚੰਡੀਗੜ੍ਹ ਦੇ ਸੀ.ਪੀ.ਡਬਲਿਯੂ.ਡੀ. ਨੂੰ ਰੋਡ ਰੋਲਰ ਡਰਾਈਵਰਾਂ ਦੀ ਜ਼ਰੂਰਤ ਸੀ। ਕੀਰਤੀ ਸਿੰਘ ਨੇ ਅਰਜ਼ੀ ਦੇ ਦਿੱਤੀ ਤੇ ਡਰਾਈਵਰ ਚੁਣਿਆ ਗਿਆ। ਚੰਡੀਗੜ੍ਹ ਦੀਆਂ ਬਹੁਤੀਆਂ ਸੜਕਾਂ ਤੇ ਉਸ ਨੇ ਡਰਾਈਵਰ ਦੇ ਤੌਰ 'ਤੇ ਕੰਮ ਕੀਤਾ। ਸਰਕਾਰ ਵੱਲੋਂ ਉਸ ਨੂੰ ਘੱਟ ਆਮਦਨ ਗਰੁੱਪ ਦਾ ਰਹਾਇਸ਼ੀ ਕੁਆਟਰ ਮਿਲ ਹੀ ਗਿਆ ਸੀ। ਇਕ ਦਿਨ ਉਹ ਆਪਣੀ ਡਿਊਟੀ ਤੋਂ ਸ਼ਾਮ ਮੂੰਹ ਹਨੇਰੇ ਘਰ ਪਰਤ ਰਿਹਾ ਸੀ। 27 ਸੈਕਟਰ ਪਾਸ ਉਸ ਨੇ ਦੋ ਫ਼ਰੀਕ ਆਪਸ ਵਿਚ ਲੜਦੇ ਦੇਖੇ। ਆਦਤਨ ਉਸ ਤੋਂ ਰਿਹਾ ਨਾ ਗਿਆ ਤੇ ਉਹ ਮਾੜੇ ਨੂੰ ਤਕੜੇ ਤੋਂ ਬਚਾਉਣ ਲਈ ਭੱਜ ਕੇ ਦੋਹਾਂ ਨੂੰ ਛੁਡਾਉਣ ਲਈ ਜਾ ਕੁੱਦਿਆ। ਗੁਰਬਾਣੀ ਦੀ ਸਤਰ-ਜੇ ਸਕਤਾ ਸਕਤੇ ਕੋ ਮਾਰੇ, ਤੇ ਮਨ ਰੋਸ ਨਾ ਹੋਈ-ਉਸ ਦੇ ਦਿਮਾਗ਼ ਤੇ ਹਮੇਸ਼ਾ ਭਾਰੂ ਰਹਿੰਦੀ ਸੀ। ਮਾੜਾ ਤਾਂ ਉਸ ਨੇ ਛੁਡਾ ਦਿੱਤਾ ਪ੍ਰੰਤੂ ਤਕੜਾ ਉਸ ਦੇ ਢਿੱਡ ਵਿਚ ਛੁਰਾ ਮਾਰ ਕੇ ਦੌੜ ਗਿਆ। ਛੁਰਾ ਇੰਨਾ ਤੇਜ਼ ਸੀ ਕਿ ਢਿੱਡ ਦਾ ਹੇਠਲਾ ਖੱਬਾ ਪਾਸਾ ਚੀਰਦਾ ਪੱਟ ਤੱਕ ਚਲਾ ਗਿਆ। ਚੀਖਦੇ ਚਿਲਾਂਦੇ ਨੂੰ ਐਂਬੂਲੈਂਸ ਚੁੱਕ ਕੇ 16 ਸੈਕਟਰ ਦੇ ਹਸਪਤਾਲ ਲੈ ਗਈ। ਮਹੀਨਾ ਕੁ ਹਸਪਤਾਲ ਵਿਚ ਰਹਿਣ ਤੋਂ ਬਾਅਦ ਉਹ ਠੀਕ ਹੋ ਗਿਆ। ਛੁਰੇ ਦਾ ਨਿਸ਼ਾਨ ਪੇਟ ਤੇ ਅਜੇ ਵੀ ਦੇਖਿਆ ਜਾ ਸਕਦਾ ਸੀ। ਉਹ ਫਿਰ ਤੋਂ ਡਿਊਟੀ ਤੇ ਜਾਣ ਲੱਗ ਪਿਆ। ਮੈਂ ਚੰਡੀਗੜ੍ਹ ਪੜ੍ਹਦਾ ਹੋਇਆ ਤੇ ਬਾਅਦ ਵਿਚ ਪੰਜਾਬ ਵਿਚ ਨੌਕਰੀ ਕਰਦਾ ਹੋਇਆ ਕੀਰਤੀ ਸਿੰਘ ਨੂੰ ਅਕਸਰ ਮਿਲਦਾ ਰਹਿੰਦਾ ਸੀ। ਉਸ ਦੇ ਆਪਣੇ ਮਹਿਕਮੇ ਦੇ ਭ੍ਰਿਸ਼ਟ ਅਫ਼ਸਰਾਂ ਨਾਲ ਕਈ ਝਗੜੇ ਝੇੜੇ ਚਲਦੇ ਹੀ ਰਹਿੰਦੇ ਸਨ। ਭਾਵੇਂ ਉਹ ਇਕ ਸਾਧਾਰਨ ਡਰਾਈਵਰ ਸੀ, ਉਸ ਨੂੰ ਕਾਨੂੰਨੀ ਨੁਕਤਿਆਂ ਦਾ ਬੜਾ ਗੂੜ੍ਹਾ ਗਿਆਨ ਸੀ। ਇਨ੍ਹਾਂ ਕਾਨੂੰਨੀ ਨੁਕਤਿਆਂ ਨੂੰ ਸ਼ਬਦੀ ਜਾਮਾ ਪਹਿਨਾਉਣ ਲਈ ਉਸ ਨੂੰ ਹਮੇਸ਼ਾ ਕਿਸੇ ਚੰਗੇ ਪੜ੍ਹੇ ਲਿਖੇ ਬੰਦੇ ਦੀ ਜ਼ਰੂਰਤ ਰਹਿੰਦੀ ਸੀ। ਆਪਣੀ ਇਸ ਜ਼ਰੂਰਤ ਨੂੰ ਪੂਰੀ ਕਰਨ ਲਈ ਉਹ ਮੈਨੂੰ ਬੜਾ ਢੁਕਵਾਂ ਬੰਦਾ ਸਮਝਦਾ ਸੀ। ਉਹ ਅਕਸਰ ਮੈਨੂੰ ਆਪਣੇ ਬੁਲੱਟ ਮੋਟਰ ਸਾਈਕਲ ਤੇ ਬਿਠਾ ਕੇ ਪਿੰਜੌਰ ਬਾਗ ਵੱਲ ਲੈ ਜਾਂਦਾ ਤੇ ਅਸੀਂ ਕਈ-ਕਈ ਘੰਟੇ ਉਸ ਦੀਆਂ ਮਹਿਕਮੇ ਦੀਆਂ ਚਿੱਠੀਆਂ ਦੀ ਅੰਗਰੇਜ਼ੀ ਵਿਚ ਡਰਾਫਟਿੰਗ

ਕਰਦੇ ਰਹਿੰਦੇ। ਮੇਰੀ ਕੀਤੀ ਹੋਈ ਡਰਾਫਟਿੰਗ ਉਸ ਦੇ ਕਈ ਦੁਸ਼ਮਣ ਭ੍ਰਿਸ਼ਟ ਅਫ਼ਸਰਾਂ ਨੂੰ ਮਾੜੀ ਬੈਠੀ ਤੇ ਉਨ੍ਹਾਂ ਦੀ ਦੂਰ ਦੁਰਾਡੇ ਦੀ ਬਦਲੀ ਹੋ ਗਈ। ਇਸ ਪ੍ਰਕਾਰ ਕੀਰਤੀ ਸਿੰਘ ਬਦਲਾ ਲੈਣ ਵਿਚ ਕਾਮਯਾਬ ਹੁੰਦਾ ਰਿਹਾ। ਮਹਿਕਮੇ ਦੇ ਕਈ ਓਵਰਸੀਅਰ ਤਾਂ ਕੀਰਤੀ ਸਿੰਘ ਨਾਲ ਦੋਸਤੀ ਪਾ ਕੇ ਹੀ ਆਪਣਾ ਸਮਾਂ ਕੱਢਦੇ ਰਹੇ। ਇਨ੍ਹਾਂ ਓਵਰਸੀਅਰਾਂ ਦਾ ਇਕ ਸਾਧਾਰਨ ਡਰਾਈਵਰ ਦੇ ਘਰ ਅਕਸਰ ਆਉਣਾ ਜਾਣਾ ਬੜੀ ਹੈਰਾਨੀ ਵਾਲੀ ਗੱਲ ਲਗਦੀ ਹੁੰਦੀ ਸੀ।

ਕੀਰਤੀ ਸਿੰਘ ਨੇ ਸਾਰੀ ਉਮਰ ਸ਼ਰਾਬ ਅਤੇ ਮੀਟ ਦਾ ਸੁਆਦ ਤੱਕ ਨਹੀਂ ਸੀ ਦੇਖਿਆ। ਨਾ ਹੀ ਉਸ ਨੇ ਕਦੇ ਪਰਾਈ ਔਰਤ ਵੱਲ ਗ਼ਲਤ ਨਜ਼ਰ ਨਾਲ ਦੇਖਿਆ ਸੀ। ਉਸ ਦੇ ਦੋਸਤੀ ਦੇ ਸਰਕਲ ਤੋਂ ਆਮ ਵਿਅਕਤੀ ਨੂੰ ਹੈਰਾਨੀ ਹੋ ਸਕਦੀ ਸੀ। ਕਈ ਯੋਗ ਡਾਕਟਰ ਤੇ ਕਈ ਯੋਗ ਇੰਜਨੀਅਰ ਉਸ ਦੇ ਚੰਡੀਗੜ੍ਹ ਵਿਚ ਦੋਸਤ ਸਨ। ਇੱਥੋਂ ਤੱਕ ਕਿ ਚੰਡੀਗੜ੍ਹ ਦਾ ਮਸ਼ਹੂਰ ਚੀਫ਼ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ ਵੀ ਇਕ ਦੋ ਵਾਰ ਉਸਦੇ ਸਾਧਾਰਨ ਕੁਆਟਰ ਵਿਚ ਆ ਢੁੱਕਿਆ ਸੀ। ਇਤਫ਼ਾਕ ਇੰਝ ਹੋਇਆ ਕਿ ਉਸ ਦੇ ਕੁਆਟਰ ਦੇ ਨੇੜੇ ਹੀ ਬੋਦਲਾਂ ਝੀਂਗੜਾਂ ਦੀ ਇਕ ਹਰੀਜਨ ਲੜਕੀ ਵਿਆਹੀ ਹੋਈ ਸੀ। ਰੰਧਾਵੇ ਦਾ ਜੱਦੀ ਪਿੰਡ ਵੀ ਬੋਦਲਾਂ (ਜ਼ਿਲ੍ਹਾ ਹੁਸ਼ਿਆਪੁਰ) ਹੀ ਸੀ। ਇੱਕ ਆਈ.ਸੀ.ਐਸ. (ICS) ਅਫ਼ਸਰ ਹੁੰਦਾ ਹੋਇਆ ਤੇ ਚੰਡੀਗੜ੍ਹ ਦੇ ਪ੍ਰਬੰਧ ਦੀ ਸਭ ਤੋਂ ਉੱਚੀ ਪਦਵੀ ਤੇ ਹੁੰਦਾ ਹੋਇਆ ਵੀ ਰੰਧਾਵਾ ਇੰਨਾ ਸਾਦਾ ਅਤੇ ਈਮਾਨਦਾਰ ਅਫ਼ਸਰ ਸੀ ਕਿ ਉਹ ਆਪਣੇ ਪਿੰਡ ਦੀ ਇਕ ਹਰੀਜਨ ਲੜਕੀ ਦੇ ਨਿਉਂਦਾ ਦੇਣ ਤੇ ਉਹਦੇ ਘਰ ਆ ਜਾਇਆ ਕਰਦਾ ਸੀ ਤੇ ਉਸ ਨੂੰ ਆਪਣੀ ਭੈਣ ਹੀ ਸਮਝਿਆ ਕਰਦਾ ਸੀ। ਇਸ ਹਰੀਜਨ ਪਰਿਵਾਰ ਨਾਲ ਕੀਰਤੀ ਸਿੰਘ ਦੇ ਪਰਿਵਾਰ ਦੇ ਵੀ ਬੜੇ ਵਧੀਆ ਸਬੰਧ ਸਨ। ਇਸ ਪ੍ਰਕਾਰ ਇਕ ਵਾਰ ਰੰਧਾਵਾ ਕੀਰਤੀ ਸਿੰਘ ਦੇ ਘਰ ਆ ਕੇ ਵੀ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਗੱਲਾਂ ਮਾਰਦਾ ਰਿਹਾ ਸੀ। ਮੈਂ ਹੁਣੇ-ਹੁਣੇ ਕੀਰਤੀ ਸਿੰਘ ਦੀ ਸ਼ਰਾਬ ਪ੍ਰਤੀ ਘ੍ਰਿਣਾ ਦੀ ਗੱਲ ਕੀਤੀ ਸੀ। ਭਾਵੇਂ ਉਹ ਆਪ ਸ਼ਰਾਬ ਨਹੀਂ ਪੀਂਦਾ ਸੀ ਪਰ ਉਹ ਆਪਣੇ ਬੈਗ ਵਿਚ ਬਹੁਤੀ ਵਾਰ ਵਧੀਆ ਵਿਸਕੀ ਦੀ ਇਕ ਅੱਧ ਬੋਤਲ ਜ਼ਰੂਰ ਰੱਖਦਾ ਸੀ। ਕਈ ਵਾਰ ਦੋ-ਤਿੰਨ ਘੰਟੇ ਕੰਮ ਕਰਵਾਉਣ ਤੋਂ ਬਾਅਦ ਉਹ ਮੈਨੂੰ ਦੋ-ਤਿੰਨ ਪੈੱਗ ਪਿਆ ਦਿੰਦਾ ਤੇ ਅਸੀਂ ਮੋਟਰ ਸਾਈਕਲ ਤੇ ਵਾਪਸ ਚੰਡੀਗੜ੍ਹ ਨੂੰ ਚਾਲੇ ਪਾ ਦਿੰਦੇ। ਕਿਸੇ ਦੀ ਸੇਵਾ ਕਰਕੇ ਉਸਨੂੰ ਬੜਾ ਆਨੰਦ ਆਉਂਦਾ ਸੀ।

ਇਕ ਰੋਡ ਇੰਸਪੈਕਟਰ ਸਰਮੁਖ ਸਿੰਘ ਕੀਰਤੀ ਸਿੰਘ ਦੇ ਕਾਫ਼ੀ ਨਜ਼ਦੀਕ ਹੁੰਦਾ ਸੀ। ਸਰਮੁਖ ਸਿੰਘ ਰੋਪੜ ਦੇ ਕਿਸੇ ਪਿੰਡ ਦਾ ਵਸਨੀਕ ਸੀ। ਇਕ ਦਿਨ ਜੂਨ ਮਹੀਨੇ ਉਹ ਆਪਣੇ ਸਕੂਟਰ ਤੇ ਕੀਰਤੀ ਸਿੰਘ ਦੇ ਘਰ ਆਇਆ। ਉਸ ਨੇ ਕੀਰਤੀ ਸਿੰਘ ਨਾਲ ਕੋਈ ਗੁਪਤ ਗੱਲ ਕਰਨੀ ਚਾਹੀ ਤੇ ਉਸਨੂੰ ਮੈਥੋਂ ਪਰ੍ਹੇ ਲਿਜਾਣਾ ਚਾਹਿਆ। ਜਦ ਕੀਰਤੀ ਸਿੰਘ ਨੇ ਉਸਨੂੰ ਵਿਸ਼ਵਾਸ ਦੁਆ ਦਿੱਤਾ ਕਿ ਮੈਂ ਉਸ ਦਾ ਖਾਸ ਆਦਮੀ ਹਾਂ ਤਾਂ ਉਸ ਨੇ ਗੱਲ ਮੇਰੀ ਹਾਜ਼ਰੀ ਵਿਚ ਹੀ ਕਰ ਦਿੱਤੀ। ਉਸ ਨੇ ਇਕ ਘਟਨਾ ਬਿਆਨ ਕੀਤੀ ਜੋ ਇਸ ਪ੍ਰਕਾਰ ਸੀ :-

"ਕੀਰਤੀ ਸਿਹਾਂ, ਮੇਰੇ ਇਲਾਕੇ ਦਾ ਐਮ.ਐਲ.ਏ. ਕਰਮ ਸਿੰਘ ਇਸ ਸਮੇਂ ਮੇਰੇ ਘਰ ਬੈਠਾ ਹੈ। ਉਹ ਮੇਰੇ ਪਾਸ ਇਕ ਖਾਸ ਕੰਮ ਆਇਆ ਏ। ਮੇਰੇ ਉਸ ਨਾਲ ਚੰਗੇ ਸਬੰਧ

ਰਹੇ ਹਨ। ਬਚਪਨ 'ਚ ਅਸੀਂ ਇਕੱਠੇ ਇਕ ਹੀ ਸਕੂਲ ਵਿਚ ਪੜ੍ਹਿਆ ਕਰਦੇ ਸਾਂ। ਉਸ ਦੇ ਨਾਲ ਇਕ ਜਵਾਨ ਲੜਕੀ ਏ ਜਿਸਦੀ ਉਮਰ ਮਸਾਂ ਹੀ 17-18 ਸਾਲ ਦੀ ਹੋਣੀ ਏ। ਲੜਕੀ ਦੇ ਪੇਟ 'ਚ ਕਰਮ ਸਿੰਘ ਦਾ ਅਵੈਧ ਬੱਚਾ ਏ। ਉਹ ਲੜਕੀ ਦਾ ਗਰਭਪਾਤ ਕਰਵਾਉਣ ਆਇਆ ਏ। ਲੜਕੀ ਦੇ ਐਮ.ਐਲ.ਏ. ਦੇ ਪਿੰਡ ਨਾਨਕੇ ਹਨ। ਪਹਿਲਾਂ ਕਰਮ ਸਿੰਘ ਨੇ ਇਕ ਅਜੀਬ ਕਿਸਮ ਦੀ ਯੋਜਨਾ ਬਣਾਈ ਸੀ। ਉਹ ਯੋਜਨਾ ਕਾਮਯਾਬ ਨਾ ਹੋ ਸਕੀ। ਤੈਨੂੰ ਸ਼ਾਇਦ ਨਹੀਂ ਪਤਾ, ਕਰਮ ਸਿੰਘ ਤੇ ਕੁਝ ਹੋਰ ਇਲਾਕੇ ਦੇ ਸੱਜਣਾਂ ਨੇ ਮਿਲ ਕੇ ਪਿਛਲੇ ਸਾਲ ਆਪਣੇ ਪਿੰਡ ਦੇ ਸਕੂਲ ਨੂੰ ਅਪਗਰੇਡ ਕਰਾ ਕੇ ਉਸ ਦਾ ਕਾਲਜ ਬਣਾ ਦਿੱਤਾ ਸੀ। ਕਰਮ ਸਿੰਘ ਆਪ ਇਸ ਕਾਲਜ ਦੀ ਕਮੇਟੀ ਦਾ ਪ੍ਰਧਾਨ ਬਣ ਗਿਆ ਸੀ। ਸਾਰਾ ਸਟਾਫ਼ ਭਰਤੀ ਕਰ ਲਿਆ ਗਿਆ। ਕਰਮ ਸਿੰਘ ਨਾਲ ਆਈ ਲੜਕੀ ਉਸੇ ਹੀ ਕਾਲਜ ਵਿਚ ਪਿਛਲੇ ਸਾਲ ਗਿਆਰਵੀਂ ਜਮਾਤ ਦੀ ਵਿਦਿਆਰਥਣ ਸੀ। ਇਸੇ ਕਾਲਜ ਵਿਚ ਇਕ ਲੈਕਚਰਾਰ ਪਰਮਜੀਤ ਸਿੰਘ ਵੱਲ ਨੂੰ ਇਸ ਲੜਕੀ ਦਾ ਝੁਕਾ ਪੈਦਾ ਕਰਾ ਦਿੱਤਾ। ਲੜਕੀ ਨੇ ਪਰਮਜੀਤ ਸਿੰਘ ਨੂੰ ਦੋ ਕੁ ਪ੍ਰੇਮ ਪੱਤਰ ਦੇ ਦਿੱਤੇ ਜਿਨ੍ਹਾਂ ਰਾਹੀਂ ਉਸਨੂੰ ਇਹ ਵਿਸ਼ਵਾਸ ਦੁਆਇਆ ਗਿਆ ਕਿ ਉਹ ਆਪਣੇ ਐਮ.ਐਲ.ਏ. ਮਾਮੇ ਰਾਹੀਂ ਉਸ ਦੀ ਇਸ ਕਾਲਜ ਵਿਚ ਨੌਕਰੀ ਪੱਕੀ ਕਰਵਾ ਦੇਵੇਗੀ। ਲੜਕੀ ਨੇ ਪੱਤਰਾਂ ਵਿਚ ਪ੍ਰੋਫੈਸਰ ਨੂੰ ਭਰਮਾ ਕੇ ਆਪਣੇ ਪ੍ਰੇਮ ਜਾਲ ਵਿਚ ਫਸਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ ਤਾਂ ਕਿ ਉਹ ਉਸ ਨਾਲ ਵਿਆਹ ਕਰਵਾ ਲਵੇ। ਪ੍ਰਧਾਨ ਐਮ.ਐਲ.ਏ. ਦੀ ਕੋਸ਼ਿਸ਼ ਇਹ ਸੀ ਕਿ ਉਸ ਦੇ ਸਬੰਧ ਲੜਕੀ ਨਾਲ ਚੱਲੀ ਜਾਣ ਪਰ ਉਸਦਾ ਵਿਆਹ ਪ੍ਰੋ. ਪਰਮਜੀਤ ਸਿੰਘ ਨਾਲ ਕਰਵਾ ਦਿੱਤਾ ਜਾਵੇ। ਲੜਕੀ ਦੇ ਪਰਮਜੀਤ ਸਿੰਘ ਨੂੰ ਪ੍ਰੇਮ ਪੱਤਰ ਦੇਣ ਨਾਲ ਪਰਮਜੀਤ ਸਿੰਘ ਦੀ ਰੁਸਵਾਈ ਅਜੇ ਹੋਣੀ ਸ਼ੁਰੂ ਹੋਈ ਹੀ ਸੀ ਕਿ 31 ਮਾਰਚ ਨੂੰ ਸਾਰਾ ਸਟਾਫ਼ ਆਰਜ਼ੀ ਹੋਣ ਕਰਕੇ ਕਾਲਜ 'ਚੋਂ ਹਟਾ ਦਿੱਤਾ। ਭਰੋਸਾ ਇਹ ਦੁਆਇਆ ਗਿਆ ਕਿ ਅਗਲੇ ਸਾਲ ਨਿਯੁਕਤੀਆਂ ਵਿਚ ਇਸ ਸਟਾਫ਼ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੋ. ਪਰਮਜੀਤ ਸਿੰਘ ਨੂੰ ਕਿਸੇ ਸ੍ਰੋਤ ਤੋਂ ਭਿਣਕ ਪੈ ਗਈ ਕਿ ਲੜਕੀ ਦੇ ਸਬੰਧ ਕਿਧਰੇ ਹੋਰ ਵੀ ਸਨ। ਉਹ 31 ਮਾਰਚ ਤੋਂ ਬਾਅਦ ਉਥੋਂ ਚਲਾ ਗਿਆ ਤੇ ਵਾਪਸ ਨਹੀਂ ਆਇਆ। ਲੜਕੀ ਅਤੇ ਪ੍ਰਧਾਨ ਦੀ ਉਸਨੂੰ ਫਸਾਉਣ ਦੀ ਸਕੀਮ ਅਸਫ਼ਲ ਹੋ ਗਈ। ਇਨ੍ਹਾਂ ਦੋ ਕੁ ਮਹੀਨਿਆਂ ਵਿਚ ਲੜਕੀ ਗਰਭਵਤੀ ਹੋਣ ਵੱਲ ਨੂੰ ਵਧਣ ਲੱਗੀ। ਐਮ.ਐਲ.ਏ. ਨੇ ਸੋਚਿਆ ਕਿ ਗਰਭਪਾਤ ਆਪਣੇ ਇਲਾਕੇ ਤੋਂ ਪਰ੍ਹੇ ਲਿਜਾ ਕੇ ਚੰਡੀਗੜ੍ਹ ਵਿਚ ਕਰਵਾ ਦਿੱਤਾ ਜਾਵੇ। ਕੀਰਤੀ ਸਿੰਹਾਂ, ਇਹ ਕਹਾਣੀ ਵਾਪਰੀ ਏ। ਮੈਨੂੰ ਪਤਾ ਏ, ਤੇਰੀ ਇਕ ਨਰਸ ਦਰੋਪਤੀ ਵਾਕਫ਼ ਏ। ਮਹਿਕਮੇ ਨੇ ਉਸ ਨਾਲ ਵਧੀਕੀ ਕੀਤੀ ਸੀ ਤੇ ਤੂੰ ਉਸ ਨੂੰ ਮਹਿਕਮੇ ਨਾਲ ਆਢਾ ਲੈਣ ਦਾ ਤਰੀਕਾ ਦੱਸਿਆ ਸੀ। ਦਰੋਪਤੀ ਤੋਂ ਇਹ ਕੰਮ ਕਰਵਾ ਦੇ। ਮੂੰਹ ਮੰਗੇ ਪੈਸੇ ਉਸਨੂੰ ਦੇ ਦਿਆਂਗੇ।"

ਕੀਰਤੀ ਇਕ-ਦੋ ਮਿੰਟ ਤਾਂ ਸੋਚਦਾ ਰਿਹਾ। ਉਸਨੂੰ ਇਕ ਪਾਸੇ ਗੁੱਸਾ ਆਵੇ ਤੇ ਦੂਜੇ ਪਾਸੇ ਰਹਿਮ। ਉਸਦਾ ਦਿਲ ਕਰੇ ਕਿ ਉਹ ਐਮ.ਐਲ.ਏ. ਦੇ ਦੇਖਦੇ ਸਾਰ ਹੀ ਗੋਲੀ ਮਾਰ ਦੇਵੇ। ਸਰਮੁਖ ਸਿੰਘ ਨਾਲ ਆਪਣੇ ਚੰਗੇ ਸਬੰਧਾਂ ਨੂੰ ਧਿਆਨ 'ਚ ਰੱਖਦੇ ਹੋਏ ਉਸ ਨੇ ਕਿਹਾ, "ਮੈਂ ਉਸ ਘਟੀਆ ਬੰਦੇ ਦੇ ਮੂੰਹ ਨਹੀਂ ਲੱਗਣਾ ਚਾਹੁੰਦਾ। ਲੜਕੀ ਦੇ ਜੀਵਨ ਦਾ ਸਵਾਲ ਏ, ਅਣਜਾਣਪੁਣੇ 'ਚ ਗ਼ਲਤੀ ਕਰ ਗਈ ਹੋਵੇਗੀ। ਉਸ ਖ਼ਾਤਰ ਮੈਂ ਆਪ ਹੀ ਦਰੋਪਤੀ ਨੂੰ

ਕਹਿ ਦਿੰਦਾ ਹਾਂ। ਭਾਵੇਂ ਇਹ ਗੈਰ-ਕਾਨੂੰਨੀ ਕੰਮ ਏ ਪ੍ਰੰਤੂ ਨਾਲ ਲਗਦਾ ਭਲੇ ਦਾ ਕੰਮ ਵੀ ਏ। ਵੱਡੀ ਖ਼ੁਸ਼ੀ ਦੀ ਗੱਲ ਇਹ ਹੈ ਕਿ ਵਿਚਾਰਾ ਪ੍ਰੋਫੈਸਰ ਬਚ ਕੇ ਭਲੀ ਭਾਂਤ ਇਲਾਕੇ ਵਿਚੋਂ ਚਲਾ ਗਿਆ ਸੀ, ਨਹੀਂ ਤਾਂ ਇਹ ਲੜਕੀ ਉਸ ਦੀ ਪਤਨੀ ਬਣ ਜਾਣੀ ਸੀ ਤੇ ਐਮ.ਐਲ.ਏ. ਭੇੜੀਏ ਦੀ ਰਖੇਲ।"

ਲੜਕੀ ਦਾ ਗਰਭਪਾਤ ਕਰਵਾ ਕੇ ਐਮ.ਐਲ.ਏ. ਉਸਨੂੰ ਵਾਪਸ ਲੈ ਗਿਆ। ਉਸ ਤੋਂ ਥੋੜ੍ਹੀ ਦੇਰ ਬਾਅਦ ਪੰਜਾਬ ਵਿਚ ਇੱਕ ਲਹਿਰ ਚੱਲ ਪਈ। ਘਟੀਆ ਨੇਤਾ ਕ੍ਰਾਂਤੀਕਾਰੀਆਂ ਦੇ ਨਿਸ਼ਾਨੇ ਚੜ੍ਹਨੇ ਹੀ ਸਨ। ਕੀਰਤੀ ਸਿੰਘ ਨੂੰ ਉਸ ਦਿਨ ਬੜੀ ਖ਼ੁਸ਼ੀ ਹੋਈ ਜਦ ਖ਼ਬਰ ਆਈ ਕਿ ਕ੍ਰਾਂਤੀਕਾਰੀਆਂ ਨੇ ਕਰਮ ਸਿੰਘ ਐਮ.ਐਲ.ਏ. ਨੂੰ ਵੀ ਗੋਲੀਆਂ ਮਾਰ ਕੇ ਛੱਲਣੀ ਕਰ ਦਿੱਤਾ ਸੀ।

ਇਕ ਵਾਰ ਮੈਂ ਕੀਰਤੀ ਸਿੰਘ ਨਾਲ ਪਿੰਜੌਰ ਬਾਗ਼ ਵਿਚ ਬੈਠਾ ਸਾਂ। ਉਸ ਦੀਆਂ ਇਕ-ਦੋ ਦਫ਼ਤਰੀ ਚਿੱਠੀਆਂ ਦੀ ਡਰਾਫਟਿੰਗ ਕੀਤੀ ਤੇ ਅਸੀਂ ਵਿਹਲੇ ਹੋ ਗਏ। ਅਸੀਂ ਹੌਲ਼ੀ-ਹੌਲ਼ੀ ਤੁਰਦੇ ਬਾਗ਼ ਦਾ ਚੱਕਰ ਲਗਾਉਣ ਲੱਗ ਪਏ। ਬਾਗ਼ ਦੇ ਚਿੜੀਆ ਘਰ ਦੇ ਜਾਨਵਰ ਅਤੇ ਪੰਛੀ ਆਪਣੀਆਂ ਮਦਮਸਤੀਆਂ ਵਿਚ ਪੂਰੇ ਅਨੰਦਿਤ ਸਨ। ਕਿਧਰੇ ਮੋਰ ਪੈਲਾਂ ਪਾ ਰਹੇ ਸਨ, ਕਿਧਰੇ ਬੱਤਖਾਂ ਮਸਤੀ ਨਾਲ ਪਾਣੀ ਵਿਚ ਤੈਰ ਰਹੀਆਂ ਸਨ, ਕਿਧਰੇ ਭਾਲੂ ਇਵੇਂ ਅਹਿਲ ਖੜ੍ਹਾ ਸੀ ਜਿਵੇਂ ਭਗਤੀ ਕਰ ਰਿਹਾ ਹੋਵੇ। ਸ਼ੇਰਨੀ ਆਪਣੇ ਬੱਚੇ ਸਮੇਤ ਘੁਰਨੇ ਵਿਚ ਬੈਠੀ ਸੀ ਤੇ ਸ਼ੇਰ ਪਿੰਜਰੇ ਵਿਚ ਬਾਹਰ ਖੜ੍ਹਾ ਲੋਕਾਂ ਨੂੰ ਜੀ ਆਇਆਂ ਕਹਿੰਦਾ ਲਗਦਾ ਸੀ। ਇੰਨੇ ਚਿਰ ਵਿਚ ਇਕ ਮੋਟੀ ਤਾਜ਼ੀ ਬਾਂਦਰੀ ਤੇਜ਼-ਤੇਜ਼ ਟਪੂਸੀਆਂ ਮਾਰਦੀ ਸਾਡਾ ਰਾਹ ਕੱਟ ਗਈ। ਉਸਦੇ ਥਣਾਂ ਨਾਲ ਉਸਦਾ ਬੱਚਾ ਚਿਮਟਿਆ ਹੋਇਆ ਸੀ। ਕੀਰਤੀ ਸਿੰਘ ਉਸ ਬਾਂਦਰੀ ਦੇ ਆਪਣੀ ਔਲਾਦ ਨੂੰ ਸੰਭਾਲ-ਸੰਭਾਲ ਕੇ ਰੱਖਣ ਦੀ ਪ੍ਰਵਿਰਤੀ ਨੂੰ ਦੇਖ ਕੇ ਇਕਦਮ ਭਾਵੁਕ ਹੋ ਗਿਆ। ਉਸਦੇ ਦਿਮਾਗ਼ ਅੱਗੇ ਉਸ ਸਮੇਂ ਉਹ ਦ੍ਰਿਸ਼ ਘੁੰਮ ਗਿਆ ਜਦ ਉਹ ਆਪਣੀ ਜਵਾਨੀ ਵਿਚ ਪਿੰਡੋਂ ਬੱਚਾ ਚੁੱਕ ਕੇ ਖਾਲੀ ਜੇਬ ਰੋਪੜ ਵੱਲ ਨੂੰ ਤੁਰਿਆ ਸੀ। ਦੂਜਾ ਖ਼ਿਆਲ ਉਸ ਦੇ ਮਨ ਵਿਚ ਆਇਆ ਕਦੀ ਕਿਸੇ ਦੀ ਮਾਂ ਦਾ ਉਸ ਦੇ ਬੱਚੇ ਨਾਲ ਵੈਰ ਨਾ ਪਵੇ। ਮਾਂ ਦੀ ਦੁਰਸੀਸ ਬੰਦੇ ਨੂੰ ਮਾਰ ਸੁੱਟਦੀ ਏ। ਬੱਚਾ ਸਾਰੀ ਉਮਰ ਭਟਕਦਾ ਹੀ ਰਹਿ ਜਾਂਦਾ ਏ।

ਫਿਰ ਪਤਾ ਨੀ ਉਸ ਦੇ ਮਨ ਵਿਚ ਉਸਦੀ ਆਪਣੀ ਪਤਨੀ ਅਤੇ ਆਪਣੀ ਔਲਾਦ ਘੁੰਮਣ ਲੱਗ ਪਈ। ਉਹ ਬੁੜ-ਬੁੜ ਕਰਨ ਲੱਗਾ, "ਮੇਰਾ ਆਪਣਾ ਲੜਕਾ ਉਸ ਐਮ.ਐਲ.ਏ. ਭੇੜੀਏ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ...ਚੰਡੀਗੜ੍ਹ ਵਿਚ ਲੜਕੀਆਂ ਇੰਝ ਬਦਲਦਾ ਏ ਜਿਵੇਂ ਕੱਪੜੇ ਬਦਲੀ ਦੇ ਹਨ....ਨਸ਼ੇ ਵੀ ਸਾਰੇ ਕਰਦਾ ਏ....ਵਿਆਹ ਕਰਵਾਉਣ ਦਾ ਨਾ ਨਹੀਂ ਲੈਂਦਾ....ਜਿਨ੍ਹਾਂ ਲੋਕਾਂ ਅੱਗੇ ਮੈਂ ਹਿੱਕ ਤਾਣ ਕੇ ਤੁਰਦਾ ਸੀ ਉਹਨਾਂ ਦੇ ਹੀ ਮੈਨੂੰ ਤਾਹਨੇ ਮਿਹਣੇ ਸਹਿਣੇ ਪੈਂਦੇ ਹਨ ਆਪਣੇ ਇਸ ਬਦ-ਚਲਣ ਛੋਕਰੇ ਕਰਕੇ....ਪੜ੍ਹਾਉਣ ਲਈ ਸਾਰਾ ਜ਼ੋਰ ਲਗਾ ਦਿੱਤਾ, ਮਸਾਂ ਡਿਪਲੋਮਾ ਹੀ ਕਰ ਸਕਿਆ, ਡਿਗਰੀ ਕੀਤੀ ਹੀ ਨਹੀਂ....ਕਿਤੇ ਪੱਕੀ ਨੌਕਰੀ ਤੇ ਨਹੀਂ ਟਿਕਦਾ....ਚਾਰ ਛੇ ਮਹੀਨੇ ਨੌਕਰੀ ਕਰ ਕੇ ਛੱਡ ਦਿੰਦਾ ਏ....ਪਰਵਾਣੂ ਘੜੀਆਂ ਦੀ ਫੈਕਟਰੀ 'ਚ ਲੱਗਾ ਉਥੋਂ ਵੀ ਦੌੜ ਆਇਆ....ਸ਼ਿਮਲੇ ਪੂਰੋਲੇਟਰ ਫਿਲਟਰਜ਼ ਵਿਚ ਲੱਗਾ....ਉੱਥੇ ਕੁੜੀਆਂ ਦੇ ਚੱਕਰ 'ਚ ਆਪਣਾ ਰੈਪੂਟੇਸ਼ਨ ਖ਼ਰਾਬ

ਕਰ ਲਿਆ ਤੇ ਨੌਕਰੀ ਛੱਡ ਕੇ ਚੰਡੀਗੜ੍ਹ ਆ ਗਿਆ....ਚੰਡੀਗੜ੍ਹ ਇੰਡਸਟਰੀਅਲ ਏਰੀਏ 'ਚ ਇਕ ਫੈਕਟਰੀ 'ਚ ਲੱਗਾ....ਸ਼ਰਾਬ ਪੀ ਕੇ ਕਮਰੇ 'ਚ ਹੀ ਪਿਆ ਰਹਿੰਦਾ ਸੀ....ਗੈਰਹਾਜ਼ਰ ਰਹਿਣ ਕਰਕੇ ਜਾਬ ਤੋਂ ਕੱਢ ਦਿੱਤਾ ਗਿਆ....ਮੇਰੀ ਤੀਵੀਂ ਹਰ ਸਮੇਂ ਉਸ ਦਾ ਪੱਖ ਪੂਰਦੀ ਰਹਿੰਦੀ ਏ....ਆਪਣਾ ਮੋਟਰ ਸਾਈਕਲ ਐਕਸੀਡੈਂਟ ਕਰਕੇ ਤੋੜ ਲਿਆ....ਹੁਣ ਮੇਰਾ ਮੋਟਰਸਾਈਕਲ ਚੁੱਕ ਕੇ ਤੁਰ ਜਾਂਦਾ ਏ....ਤੈਨੂੰ ਪਤਾ ਏ ਮੈਨੂੰ ਦੋ ਵਾਰ ਦਿਲ ਦਾ ਦੌਰਾ ਪੈ ਚੁੱਕਾ ਏ....ਕਹਿੰਦੇ ਆ, ਤੀਸਰੇ ਦੌਰੇ ਤੇ ਬੰਦਾ ਨਹੀਂ ਬਚਦਾ....ਕੀ ਬਣੂੰਗਾ ਮੇਰੀ ਲੜਕੀ ਦਾ ਜਿਹੜੀ ਅਜੇ ਦਸਵੀਂ 'ਚ ਪੜ੍ਹਦੀ ਏ? ਮੈਨੂੰ ਲਗਦਾ ਏ, ਮੇਰੀ ਤੀਵੀਂ ਉਹਨੂੰ ਵੀ ਸੰਭਾਲ ਨਹੀਂ ਸਕੂਗੀ। ਅਗਰ ਮੈਨੂੰ ਕੁੱਝ ਹੋ ਗਿਆ, ਕੀ ਤੂੰ ਮੇਰੀ ਕੁੜੀ ਨੂੰ ਕਿਧਰੇ ਨਜਿੱਠ ਦੇਵੇਂਗਾ? ਆਪਣੇ ਸਹੁਰਿਆਂ ਵੱਲੋਂ ਹੀ ਕੋਈ ਸਾਕ ਕਰਵਾ ਦੇਵੀਂ।"

ਸਾਹਮਣੇ ਬਾਗ਼ ਵਿਚ ਇਕ ਖ਼ੂਬਸੂਰਤ ਜੋੜਾ ਸੈਰ ਕਰ ਰਿਹਾ ਦੇਖ ਕੇ ਪਤਾ ਨਹੀਂ ਉਹ ਕਿਹੜੀ ਦੁਨੀਆਂ ਵਿਚ ਪਹੁੰਚ ਗਿਆ ਸੀ। ਮੌਸਮ ਖ਼ੂਬਸੂਰਤ ਹੋ ਗਿਆ ਸੀ। ਫਰਵਰੀ ਮਹੀਨੇ ਦੀ ਹਲਕੀ-ਹਲਕੀ ਚਾਂਦੀ ਰੰਗੀ ਧੁੱਪ ਸੇਬਾਂ ਦੇ ਬੂਟਿਆਂ ਵਿਚੋਂ ਛਣ-ਛਣ ਕੇ ਸਾਨੂੰ ਤਾਜ਼ਗੀ ਬਖ਼ਸ਼ ਰਹੀ ਸੀ। ਪੇੜਾਂ ਤੇ ਚਿੜੀਆਂ ਦੀ ਆਪੋ ਧਾਪੀ ਚੀਂ ਚੀਂ ਕਿਸੇ ਸੁਰਮਈ ਸੰਗੀਤ ਤੋਂ ਘੱਟ ਨਹੀਂ ਸੀ।

"ਕੀ ਭੈਣ ਜੀ, ਬੱਚਿਆਂ ਵੱਲ ਧਿਆਨ ਨਹੀਂ ਦਿੰਦੇ? ਜਿੰਨੀ ਵਾਰੀ ਮੈਂ ਤੁਹਾਡੇ ਘਰ ਆਇਆ ਹਾਂ, ਮੈਨੂੰ ਤਾਂ ਬੜੇ ਸਲੀਕੇ ਨਾਲ ਬੁਲਾਉਂਦੇ ਰਹੇ ਹਨ।" ਮੈਥੋਂ ਪੁੱਛਣੋਂ ਨਾ ਰਿਹਾ ਗਿਆ।

"ਮੇਰੀ ਤੀਵੀਂ ਨੇ ਘਰ ਨੂੰ ਨਹੀਂ ਸੰਭਾਲਿਆ....ਬੁੱਢੇ ਬਾਰੇ ਫ਼ਿਲਮਾਂ ਦੇਖਣ ਤੁਰੀ ਰਹਿੰਦੀ ਏ ਜਾਂ ਫਿਰ ਸ਼ਿਮਲੇ ਤੇ ਕਸੌਲੀ ਦੇ ਸੈਰ-ਸਪਾਟੇ....ਇਕ-ਦੋ ਲਾਪ੍ਰਵਾਹ ਟੱਬਰਾਂ ਨਾਲ ਮੇਲ ਮਿਲਾਪ ਬਣਾ ਰੱਖਿਆ ਏ....ਉਨ੍ਹਾਂ ਦੇ ਜਵਾਨ ਲੜਕੇ ਘਰ ਆਉਂਦੇ ਰਹਿੰਦੇ ਹਨ....ਉਨ੍ਹਾਂ ਦੀ ਕਾਰ ਵਿਚ ਹੀ ਕਈ ਵਾਰ ਉਨ੍ਹਾਂ ਦੇ ਪਰਿਵਾਰ ਸਮੇਤ ਮੇਰੀ ਲੜਕੀ ਨੂੰ ਲੈ ਕੇ ਸੈਰਾਂ ਤੇ ਚਲੇ ਜਾਂਦੇ ਹਨ....ਕੁੜੀ ਜਵਾਨ ਹੋ ਰਹੀ ਏ....ਕੱਲ੍ਹ ਕੋਈ ਨਵਾਂ ਚੰਦ ਚੜ੍ਹ ਗਿਆ ਤਾਂ ਪਤਾ ਨੀ ਕੀ ਕਰੂਗੀ ਇਹ ਚੁੜੇਲ....ਮੁੰਡਾ ਆਪਣੇ ਰਾਹੀਂ ਤੁਰਿਆ ਰਹਿੰਦਾ ਏ....ਜਦ ਮੈਂ ਬੋਲਦਾ ਹਾਂ ਤਾਂ ਮੈਨੂੰ ਖਾਣ ਨੂੰ ਪੈਂਦੇ ਨੇ....ਮੁੰਡੇ ਨੂੰ ਮੇਰੇ ਖਿਲਾਫ਼ ਚੁੱਕ ਦਿੰਦੀ ਏ....ਆਖ਼ਰ ਮੈਨੂੰ ਹੀ ਚੁੱਪ ਕਰਨਾ ਪੈਂਦਾ ਏ....ਮਾਂ ਦੇ ਮਰਨ ਤੋਂ ਬਾਅਦ ਪਿੰਡ ਜਿਹੜੀ ਮਾੜੀ ਮੋਟੀ ਜ਼ਮੀਨ ਮੇਰੇ ਹਿੱਸੇ ਆਈ ਮੈਂ ਉਸ ਤੋਂ ਖੇਤੀ ਕਰਵਾਉਣ ਲਈ ਦੌੜਦਾ ਫਿਰਦਾ ਰਿਹਾ....ਆਖ਼ਰ ਜਦ ਨਾ ਸੰਭਾਲੀ ਗਈ ਤਾਂ ਭੰਗ ਦੇ ਭਾੜੇ ਵੇਚਣੀ ਪਈ....। ਅਗਰ ਘਰ ਵਿਚ ਸਬਰ ਸੰਤੋਖ ਹੁੰਦਾ ਤਾਂ ਅਸੀਂ ਹੁਣ ਤੱਕ ਫਸਟ ਕਲਾਸ ਕੋਠੀ 'ਚ ਰਹਿੰਦੇ ਹੋਣਾ ਸੀ....ਮੈਂ ਬਥੇਰੀ ਕਮਾਈ ਕੀਤੀ ਪਰ ਇਸ ਤੀਵੀਂ ਨੇ ਸਾਰੀ ਐਸ਼ ਪ੍ਰਸਤੀਆਂ ਵਿਚ ਹੀ ਗੁਆ ਤੀ। ਮੈਂ ਇਨ੍ਹਾਂ ਤੋਂ ਚੋਰੀ ਬੈਂਕ ਵਿਚ ਇਕ ਖਾਤਾ ਰੱਖਿਆ ਹੋਇਆ ਏ....ਮੈਂ 24 ਸੈਕਟਰ ਵਾਲਾ ਕਮਰਾ ਵੀ ਇਨ੍ਹਾਂ ਤੋਂ ਚੋਰੀ ਹੀ ਕਿਰਾਏ ਤੇ ਲਿਆ ਹੋਇਆ ਏ....ਉਸ ਕਮਰੇ ਦਾ ਜਾਂ ਤੈਨੂੰ ਪਤਾ ਏ ਜਾਂ ਮਹੇਸ਼ ਓਵਰਸੀਅਰ ਨੂੰ....ਮੈਨੂੰ ਸਿਰਫ਼ ਉਸ ਕਮਰੇ ਵਿਚ ਹੀ ਸਕੂਨ ਮਿਲਦਾ ਏ ਜਾਂ ਫਿਰ ਮੇਰਾ ਇਕ ਨਿਹੰਗ ਸਿੰਘ ਮਿੱਤਰ ਏ ਜਿਹੜਾ ਜ਼ੀਰਕਪੁਰ ਰਹਿੰਦਾ ਏ। ਉਸ ਪਾਸ ਜਾ ਕੇ ਗੱਲਾਂ ਕਰਕੇ ਮਨ ਨੂੰ ਬੜੀ ਸ਼ਾਂਤੀ ਮਿਲਦੀ ਏ...." ਉਹ ਬੋਲਦਾ ਜਾ ਰਿਹਾ ਸੀ ਕਿ ਮੈਂ ਵਿੱਚ ਹੀ ਉਸਨੂੰ ਟੋਕ ਦਿੱਤਾ।

"ਕੀ ਇਹ ਉਹੀ ਨਿਹੰਗ ਸਿੰਘ ਤਾਂ ਨਹੀਂ ਜਿਸ ਰਾਹੀਂ ਤੁਸੀਂ ਮੇਰਾ ਯੂਨੀਵਰਸਿਟੀ ਵਿਚ ਪੜ੍ਹਦੇ ਦਾ ਇਕ ਕੰਮ ਕਰਵਾਇਆ ਸੀ?"

"ਹਾਂ, ਉਹ ਕੰਮ ਮੈਨੂੰ ਯਾਦ ਆ ਗਿਆ, ਤੂੰ ਸੱਚ ਹੀ ਬੁੱਝਿਆ ਏ....ਮੈਂ ਉਸਨੂੰ ਲੈ ਕੇ ਇੱਕ ਵਾਰ ਤੇਰੀ ਖਾਤਰ ਵਾਇਸ ਚਾਂਸਲਰ ਪਾਸ ਗਿਆ ਸੀ। ਵਾਇਸ ਚਾਂਸਲਰ ਹਿੰਦੂ ਹੋਣ ਦੇ ਬਾਵਜੂਦ ਵੀ ਉਸ ਨਿਹੰਗ ਦਾ ਬੜਾ ਭਗਤ ਸੀ। ਉਸ ਨੂੰ ਗੁਰੂ ਹੀ ਮੰਨਦਾ ਸੀ....ਹਾਂ ਮੈਨੂੰ ਯਾਦ ਆ ਗਿਆ, ਸ਼ਾਇਦ ਕੋਈ ਪੈਸਿਆਂ ਦੇ ਭੁਗਤਾਨ ਬਾਰੇ ਕੰਮ ਸੀ।"

ਮੈਂ ਉਸ ਨੂੰ ਫਿਰ ਸਾਰੀ ਘਟਨਾ ਯਾਦ ਕਰਵਾਉਂਦੇ ਨੂੰ ਕਿਹਾ, "ਮੈਨੂੰ ਯੂਨੀਵਰਸਿਟੀ ਵੱਲੋਂ ਵਜੀਫ਼ਾ ਲੱਗਾ ਹੋਇਆ ਸੀ। ਵਜੀਫ਼ੇ ਦੇ ਪੈਸਿਆਂ ਦਾ ਭੁਗਤਾਨ ਲੇਟ ਹੋਈ ਜਾਂਦਾ ਸੀ। ਮੈਂ ਤੁਹਾਨੂੰ ਦੱਸਿਆ ਤੇ ਤੁਸੀਂ ਕਿਹਾ ਕਿ ਤੁਸੀਂ ਸਿੱਧੇ ਵੀ.ਸੀ. ਨੂੰ ਮਿਲ ਸਕਦੇ ਹੋ...ਮੈਨੂੰ ਤੁਹਾਡੀ ਵੀ.ਸੀ. ਨਾਲ ਵਾਕਫੀਅਤ ਤੇ ਹੈਰਾਨੀ ਹੋਈ ਸੀ। ਦੂਜੇ ਦਿਨ ਜਦ ਤੁਸੀਂ ਇਕ ਨਿਹੰਗ ਸਿੰਘ ਨੂੰ ਮੋਟਰ ਸਾਈਕਲ ਤੇ ਬਿਠਾ ਕੇ ਮੇਰੇ ਹੋਸਟਲ ਪਾਸ ਆਏ ਤਾਂ ਮੈਂ ਹੈਰਾਨ ਰਹਿ ਗਿਆ ਸਾਂ ਕਿ ਇਕ ਹਿੰਦੂ ਯੂਨੀਵਰਸਿਟੀ ਵਿਚ ਇਕ ਨਿਹੰਗ ਸਿੰਘ ਕੀ ਕਰੂਗਾ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਤੁਸੀਂ ਕਾਗਜ਼ਾਂ ਤੇ ਵੀ.ਸੀ. ਦੇ ਦੋ ਕੁ ਘੰਟਿਆਂ ਵਿਚ ਹੀ ਦਸਤਖਤ ਕਰਵਾ ਲਿਆਏ ਸੀ ਤੇ ਕਾਗਜ਼ ਮੇਰੇ ਹੱਥ ਫੜਾ ਦਿੱਤੇ ਸਨ। ਮੈਂ ਯੂਨੀਵਰਸਿਟੀ ਦੀ ਪ੍ਰਬੰਧਕੀ ਇਮਾਰਤ ਚੋਂ ਝੱਟ ਜਾ ਕੇ ਚੈੱਕ ਲੈ ਆਇਆ ਸੀ। ਕਿੰਨੀ ਹੈਰਾਨੀ ਦੀ ਗੱਲ ਏ ਕਿ ਕਈ ਵੱਡੇ ਹਿੰਦੂ ਅਫ਼ਸਰ ਵੀ ਨਿਹੰਗਾਂ ਨੂੰ ਮੰਨਦੇ ਹਨ। ਅਗਰ ਇਹੀ ਕੁੱਝ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ ਪੰਜਾਬੀ ਯੂਨੀਵਰਸਿਟੀ 'ਚ ਹੁੰਦਾ ਤਾਂ ਮੈਨੂੰ ਹੈਰਾਨੀ ਨਹੀਂ ਸੀ ਹੋਣੀ। ਚੰਡੀਗੜ੍ਹ ਇੰਝ ਹੋਣ ਨਾਲ ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ ਸੀ ਰਹੀ।"

"ਉਹ ਨਿਹੰਗ ਬੜਾ ਪਹੁੰਚਿਆ ਹੋਇਆ ਮਨੁੱਖ ਏ। ਉਸ ਪਾਸ ਕਈ ਵੱਡੇ ਅਫ਼ਸਰ ਵੀ ਜਾਂਦੇ ਹਨ। ਇਕ ਪੰਜਾਬ ਦਾ ਗਵਰਨਰ ਵੀ ਇਸ ਨਿਹੰਗ ਨੂੰ ਦਿਲੋਂ ਮੰਨਦਾ ਹੁੰਦਾ ਸੀ। ਉਸ ਸਮੇਂ ਦਾ ਹਿੰਦੂ ਵੀ.ਸੀ. ਤਾਂ ਉਸ ਦਾ ਸੱਚਮੁੱਚ ਹੀ ਚੇਲਾ ਸੀ। ਉਹ ਉਸ ਦੀ ਗੱਲ ਕਦੀ ਵੀ ਨਹੀਂ ਸੀ ਮੋੜਦਾ ਹੁੰਦਾ। ਦੇਖਿਆ! ਤੇਰਾ ਕਈ ਮਹੀਨਿਆਂ ਦਾ ਰੁਕਿਆ ਕੰਮ ਮਿੰਟਾਂ ਵਿਚ ਹੀ ਕਰਵਾ ਲਿਆਂਦਾ ਸੀ।"

"ਤੁਸੀਂ ਤਾਂ ਸੱਚਮੁੱਚ ਹੀ ਕਮਾਲ ਕਰ ਦਿੱਤੀ ਸੀ। ਤੁਹਾਡੀਆਂ ਵਾਕਫੀਅਤਾਂ ਤੋਂ ਮੈਂ ਹੈਰਾਨ ਹਾਂ।"

"ਮੇਰੇ ਤੁਅਲਕਾਤ ਕਈ ਪ੍ਰਕਾਰ ਦੇ ਬੰਦਿਆਂ ਨਾਲ ਹਨ। ਮੈਂ ਕਾਮਰੇਡ ਭਾਗ ਸਿੰਘ ਸੱਜਣ ਪਾਸ ਵੀ ਜਾਂਦਾ ਰਹਿੰਦਾ ਹਾਂ। ਉਹ ਵੀ ਮੇਰੀ ਬੜੀ ਇੱਜ਼ਤ ਕਰਦਾ ਏ। ਮੈਂ ਜ਼ਿੰਦਗੀ ਭਰ ਬੰਦੇ ਹੀ ਹੀ ਕਮਾਏ ਹਨ। ਘਟੀਆ ਲੋਕਾਂ ਤੋਂ ਮੈਂ ਹਮੇਸ਼ਾ ਪਰ੍ਹੇ ਰਿਹਾ ਹਾਂ। ਸੰਨ 54 ਵਿਚ ਫਿਰੋਜ਼ਪੁਰ ਜੇਲ੍ਹ ਵਿਚ ਮੇਰਾ ਇਕ ਘਟੀਆ ਕੈਦੀ ਨਾਲ ਵਾਹ ਪਿਆ ਸੀ। ਉਹ ਅੰਮ੍ਰਿਤਸਰੀਆ ਸੀ। ਉਹ ਹੁਸ਼ਿਆਰਪੁਰੀਆਂ ਨੂੰ ਗੁਟੀਆਂ ਚੂਸਣੇ ਸੱਦਦਾ ਹੁੰਦਾ ਸੀ। ਇੱਕ ਦਿਨ ਮੈਂ ਹੌਂਸਲਾ ਕਰਕੇ ਆਢਾ ਲੈ ਲਿਆ। ਚੰਗੀ ਫਸ ਫਸਾਈ ਹੋ ਗਈ ਸੀ। ਮੈਂ ਪੰਜ ਸੱਤ ਉਪਰੋਂ ਥਲੀ ਜੜ੍ਹ ਦਿੱਤੀਆਂ। ਮੈਂ ਵੀ ਤਾਂ ਕਾਤਲ ਕੈਟੇਗਰੀ ਦਾ ਕੈਦੀ ਸੀ। ਕਾਤਲ ਤੋਂ ਤਾਂ ਜੇਲ੍ਹ ਵਿਚ ਬਾਕੀ ਕੈਦੀ ਐਵੇਂ ਹੀ ਭੈਅ ਖਾਂਦੇ ਰਹਿੰਦੇ ਆ। ਬਾਕੀ ਕੈਦੀਆਂ ਨੇ ਵਿਚ ਪੈ ਕੇ

ਛੱਡ ਛਡੀਆ ਕਰਵਾ ਦਿੱਤਾ। ਬਾਅਦ ਵਿਚ, ਭੈਣ ਦਾ ਯਾਰ, ਮੈਨੂੰ ਦੇਖ ਕੇ ਕੰਬਿਆ ਕਰੇ। ਕੈਦੀਆਂ 'ਚ ਮੇਰੀ ਬੱਲੇ-ਬੱਲੇ ਹੋ ਗਈ। ਜੇਲ੍ਹ ਸਟਾਫ਼ ਵੀ ਮੇਰੇ ਨਾਲ ਤਮੀਜ਼ ਨਾਲ ਹੀ ਪੇਸ਼ ਆਉਂਦਾ ਸੀ।"

"ਮੈਂ ਹੈਰਾਨ ਹਾਂ, ਤੁਹਾਡਾ ਹੌਸਲਾ ਬੜਾ ਬੁਲੰਦ ਏ। ਤੁਸੀਂ ਅਨਿਆਂ ਨਹੀਂ ਜ਼ਰ ਸਕਦੇ...." ਮੈਂ ਅਜੇ ਗੱਲ ਕਰ ਹੀ ਰਿਹਾ ਸਾਂ ਕਿ ਉਹ ਵਿਚ ਬੋਲ ਪਿਆ, "ਮੇਰੇ ਨਾਲ ਇਕ ਗੁਰਦਾਸਪੁਰੀਏ ਓਵਰਸੀਅਰ ਨੇ ਵੀ ਇਕ ਵਾਰ ਪੰਗਾ ਲੈਣ ਦੀ ਕੋਸ਼ਿਸ਼ ਕੀਤੀ ਸੀ। ਮਹਿਕਮੇ ਵਿਚ ਆਪਣੇ-ਆਪ ਨੂੰ ਨਾਢੂ ਖਾਂ ਸਮਝਦਾ ਸੀ। ਬਹਾਦਰ ਸਿੰਘ ਸੀ ਉਸਦਾ ਨਾਂ। ਹਰਾਮ ਦੇ ਨੇ ਮਹਿਕਮੇ 'ਚੋਂ ਹੇਰਾਫੇਰੀਆਂ ਕਰਕੇ ਦੋ ਕਨਾਲ ਦੀ ਅੱਠ ਸੈਕਟਰ 'ਚ ਕੋਠੀ ਲਈ ਹੋਈ ਸੀ। ਆਪਣੀ ਸਾਲੀ ਨੂੰ ਵੀ ਆਪਣੇ ਪਾਸ ਹੀ ਰੱਖਿਆ ਹੋਇਆ ਸੀ। ਲੋਕ ਕਈ ਤਰ੍ਹਾਂ ਦੀਆਂ ਗੱਲਾਂ ਬਣਾਉਂਦੇ ਸਨ ਪਰ ਉਸ ਬੇਸ਼ਰਮ ਤੇ ਕੋਈ ਅਸਰ ਨਹੀਂ ਸੀ। ਮੈਨੂੰ ਇਕ ਵਾਰ ਕਹਿਣ ਲੱਗਾ, "ਕੀਰਤੀ ਸਿਹਾਂ, ਜ਼ੁਬਾਨ ਸੰਭਾਲ ਕੇ ਬੋਲਿਆ ਕਰ, ਅਸੀਂ ਤੇਰੇ ਗੁਲਾਮ ਨਹੀਂ ਕਿ ਤੇਰੇ ਕਹੇ ਅਨੁਸਾਰ ਸਾਰੇ ਕੰਮ ਕਰਿਆ ਕਰੀਏ। ਅਸੀਂ ਗੁਰਦਾਸਪੁਰੀਏ ਹੁੰਦੇ ਆਂ....ਅਗਰ ਜ਼ਿਆਦਾ ਔਖਾ ਏਂ ਤਾਂ ਹਫ਼ਤੇ 'ਚ ਤੇਰੀ ਬਦਲੀ ਕਰਾ ਸਕਦਾਂ।"

"ਮੈਂ ਸ਼ਾਮ ਜਿਹੀ ਨੂੰ 34 ਸੈਕਟਰ ਵਾਲੇ ਚੌਂਕ ਕੋਲ ਹੀ ਘੇਰ ਲਿਆ। ਮੈਂ ਆਪਣੇ ਇਕ-ਦੋ ਬੰਦੇ ਪਿੱਛੇ ਦੂਰ ਖੜ੍ਹੇ ਕਰ ਤੇ ਮਤਾਂ ਕਿਤੇ ਅਧਖੜ ਉਮਰ 'ਚ ਲੈਣੇ ਦੇ ਦੇਣੇ ਹੀ ਨਾ ਪੈ ਜਾਣ। ਮੋਟਰ ਸਾਈਕਲ ਮੂਹਰੇ ਲਾ ਕੇ ਉਸ ਨੂੰ ਰੋਕ ਕੇ ਮਾਰਿਆ ਦਬਕਾ, "ਬਹਾਦਰ ਸਿਹਾਂ, ਆ ਤੇਰੀ ਬਹਾਦਰੀ ਦੇਖੀਏ....ਆ ਨਿਕਲ ਐਧਰ ਤੈਨੂੰ ਦੱਸੀਏ ਹੁਸ਼ਿਆਰਪੁਰੀਏ ਨਾਲ ਪੰਗਾ ਲੈਣ ਦਾ ਸੁਆਦ....ਅਗਰ ਤੂੰ ਮੇਰੀ ਬਦਲੀ ਹਫ਼ਤੇ 'ਚ ਕਰਵਾ ਦੇਵੇਂਗਾ ਤਾਂ ਮੈਂ ਤੇਰੀ ਬਦਲੀ ਦੇ ਆਰਡਰ ਕੱਲ੍ਹ ਹੀ ਲਿਆ ਕੇ ਤੇਰੇ ਹੱਥ ਫੜਾ ਸਕਦਾਂ।....ਕਰ ਚੈਲਿੰਜ਼ ਕਬੂਲ....ਰਖੇਲ ਸਾਲੀ ਦਿਆ ਯਾਰਾ!"

ਬਸ ਮੇਰੇ ਡਟਣ ਦੀ ਹੀ ਦੇਰੀ ਸੀ ਕਿ ਸਾਲਾ ਹਰਾਮੀ ਇੰਜ ਚੁੱਪ-ਚੁਪੀਤਾ ਪਰ੍ਹੇ ਨੂੰ ਟਿੱਭ੍ਹ ਗਿਆ ਜਿਵੇਂ ਮਾੜਾ ਕੁੱਤਾ ਪੂਛ ਲੱਤਾਂ ਵਿਚ ਨੂੰ ਦੇ ਕੇ ਤਕੜੇ ਤੋਂ ਪਰ੍ਹੇ-ਪਰ੍ਹੇ ਲੰਘ ਜਾਂਦਾ ਏ। ਉਸ ਤੋਂ ਬਾਅਦ ਅੱਜ ਤੱਕ ਨੀ ਮੇਰੇ ਮੂਹਰੇ ਆਇਆ। ਸਾਲੇ ਨੇ ਬਥੇਰਾ ਮਹਿਕਮੇ ਨੂੰ ਖਾਧਾ ਏ। ਮੇਰੇ ਪਾਸ ਦਰਜਨਾਂ ਸਬੂਤ ਨੇ ਹਰਾਮੀ ਦੇ। ਮਹਿਕਮੇ ਦਾ ਤੇਲ ਵੇਚਣ ਦੇ ਤੇ ਬਜ਼ਰੀ ਘਰ ਲਿਜਾਣ ਦੇ।"

ਇੰਨੇ ਚਿਰ ਨੂੰ ਅਸੀਂ ਬਾਗ਼ ਦਾ ਪੂਰਾ ਚੱਕਰ ਲਾ ਲਿਆ ਸੀ। ਸਾਡੀ ਭੁੱਖ ਵੀ ਪੂਰੀ ਚਮਕ ਆਈ ਸੀ। ਬਾਗ਼ ਤੋਂ ਬਾਹਰ ਸਾਹਮਣੇ ਇਕ ਪੰਜਾਬੀ ਢਾਬੇ ਦੇ ਲਿਸ਼ਕਦੇ ਪਤੀਲਿਆਂ ਨੇ ਸਾਡੀ ਭੁੱਖ ਨੂੰ ਇੰਨਾ ਤੇਜ਼ ਕਰ ਦਿੱਤਾ ਜਿਵੇਂ ਕੋਈ ਭੁੱਖਾ ਸ਼ੇਰ ਆਪਣੇ ਸ਼ਿਕਾਰ ਨੂੰ ਮਿੰਟ ਵਿਚ ਹੀ ਚਟਪ ਕਰਨਾ ਚਾਹੇ। ਸਬਜ਼ੀਆਂ ਦਾ ਪਤਾ ਕੀਤਾ। ਕਰਿੰਦਾ ਬੋਲਿਆ-ਮਟਰ ਪਨੀਰ, ਸ਼ਾਹੀ ਪਨੀਰ, ਪਾਲਕ ਪਨੀਰ, ਭੀਂਡੀ, ਸ਼ਿਮਲਾ ਮਿਰਚ, ਕੜ੍ਹੀ ਪਕੌੜਾ, ਦਾਲ ਮਾਂਹ ਸਾਬਤ, ਰਾਇਤਾ, ਮੀਟ ਬੱਕਰੇ ਦਾ। ਮੈਂ ਭਿੰਡੀ ਤੇ ਰਾਇਤਾ ਲਿਆ, ਕੀਰਤੀ ਸਿੰਘ ਨੇ ਮਟਰ ਪਨੀਰ ਤੇ ਰਾਇਤਾ। ਬਿੱਲ ਇਸ ਵਾਰ ਮੈਂ ਦਿੱਤਾ ਕਿਉਂਕਿ ਮੈਂ ਹੁਣ ਨੌਕਰੀ ਕਰਦਾ ਸਾਂ, ਬਥੇਰੀ ਵਾਰ ਪਹਿਲਾਂ ਮੇਰਾ ਬਿੱਲ ਕੀਰਤੀ ਸਿੰਘ ਦਿੰਦਾ ਹੁੰਦਾ ਸੀ। ਅਸੀਂ ਖਾਣਾ ਖਾ

ਕੇ ਪੂਰਾ ਤਰਿਪਤ ਹੋ ਗਏ। ਮੇਰਾ ਆਈਸ ਕਰੀਮ ਖਾਣ ਨੂੰ ਜੀਅ ਕੀਤਾ। ਫਿਰ ਅਸੀਂ ਪਰ੍ਹੇ ਰਿਹੜੀ ਤੇ ਆਈਸ ਕਰੀਮ ਖਾਣ ਲੱਗ ਪਏ। ਬੈਂਚ ਤੇ ਬੈਠਾ ਹੋਇਆ ਕੀਰਤੀ ਸਿੰਘ ਫਿਰ ਪੁਰਾਣੀਆਂ ਕਈ ਗੱਲਾਂ ਕਰਨ ਲੱਗ ਪਿਆ-

"ਇਹ ਸੱਠਵਿਆਂ ਦੀ ਗੱਲ ਏ। ਮੈਨੂੰ ਭਾਖੜਾ ਡੈਮ ਤੋਂ ਇਕ ਬਹੁਤ ਹੀ ਵੱਡੇ ਅਫ਼ਸਰ ਨਾਲ ਹੁਸ਼ਿਆਰਪੁਰ ਭੇਜਿਆ ਗਿਆ ਸੀ। ਉਦੋਂ ਡੈਮ ਸਾਈਟ ਤੋਂ ਸਭ ਤੋਂ ਨੇੜਲੇ ਜ਼ਿਲ੍ਹਾ ਹੈਡਕੁਆਟਰ ਹੁਸ਼ਿਆਰਪੁਰ ਹੀ ਹੋਇਆ ਕਰਦੇ ਸਨ। ਉਸ ਵੱਡੇ ਅਫ਼ਸਰ ਨੇ ਹੁਸ਼ਿਆਰਪੁਰ ਦੀ ਅਦਾਲਤ ਵਿਚੋਂ ਮੈਜਿਸਟਰੇਟ ਤੋਂ ਕੁਝ ਜ਼ਰੂਰੀ ਕਾਗਜ਼ਾਤ ਤਸਦੀਕ ਕਰਵਾਉਣੇ ਸਨ। ਅਚਾਨਕ ਹੀ ਅਦਾਲਤ ਵਿਚ ਹਲਚਲ ਮੱਚ ਗਈ। ਮੇਰੇ ਨਾਲ ਡੈਮ ਤੋਂ ਆਏ ਉਸ ਗੋਰੇ ਅਫ਼ਸਰ ਨੇ ਮੈਜਿਸਟਰੇਟ ਨਾਲ ਉੱਚੀ-ਉੱਚੀ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਉਹ ਮੈਜਿਸਟਰੇਟ ਨੂੰ ਇੰਝ ਕਹਿ ਰਿਹਾ ਸੀ:-

ਮੈਂ ਭਾਖੜਾ ਡੈਮ ਵਾਲੀ ਥਾਂ ਤੋਂ ਲੰਬਾ ਪੈਂਡਾ ਤੈਅ ਕਰਕੇ ਇੱਥੇ ਕੁੱਝ ਜ਼ਰੂਰੀ ਕਾਗਜ਼ਾਤ ਤਸਦੀਕ ਕਰਵਾਉਣ ਆਇਆ ਹਾਂ। ਮੈਂ ਇੱਥੇ ਸਵੇਰੇ ਠੀਕ ਨੌਂ ਵਜੇ ਪਹੁੰਚ ਗਿਆ ਸੀ, ਜਦ ਅਦਾਲਤ ਦਾ ਕੰਮ ਸ਼ੁਰੂ ਹੁੰਦਾ ਏ। ਪੂਰਾ ਡੇਢ ਘੰਟਾ ਇੰਤਜ਼ਾਰ ਕਰਨ ਤੋਂ ਬਾਅਦ ਮੈਂ ਆਪਜੀ ਦੇ ਦਰਸ਼ਨ ਕਰ ਸਕਿਆ ਹਾਂ। ਕੀ ਤੁਸੀਂ ਜਾਣਦੇ ਹੋ ਕਿ ਭਾਰਤ ਸਰਕਾਰ ਮੇਰੇ ਤੇ ਹਰ ਮਹੀਨੇ ਕਿੰਨੇ ਪੈਸੇ ਖਰਚ ਕਰਦੀ ਏ? ਇਹ ਹਜ਼ਾਰਾਂ ਰੁਪਏ ਹਨ। ਇਹ ਪੈਸੇ ਤੁਹਾਡੇ ਦੇਸ ਦੇ ਕਿਸੇ ਵੱਡੇ ਤੋਂ ਵੱਡੇ ਅਫ਼ਸਰ ਦੀ ਤਨਖਾਹ ਤੋਂ ਕਾਫ਼ੀ ਜ਼ਿਆਦਾ ਹੁੰਦੇ ਹਨ। ਜੇ ਮੈਂ ਇਕ ਘੰਟਾ ਖ਼ਰਾਬ ਕਰਦਾ ਹਾਂ ਤਾਂ ਤੁਹਾਡੇ ਦੇਸ ਨੂੰ ਕਈ ਹਜ਼ਾਰ ਰੁਪਏ 'ਚ ਪੈਂਦਾ ਏ। ਮੈਨੂੰ ਤੁਹਾਡੀ ਸਰਕਾਰ ਆਪਣੇ ਖਰਚੇ 'ਤੇ ਹਰ ਮਹੀਨੇ ਅਮਰੀਕਾ ਜਾਣ ਦੀ ਇਜਾਜ਼ਤ ਦਿੰਦੀ ਏ। ਮੈਨੂੰ ਇਸਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੇ ਭੱਤੇ ਮਿਲਦੇ ਹਨ। ਮੈਜਿਸਟਰੇਟ ਸਾਹਿਬ, ਤੁਸੀਂ ਆਪਣੇ ਦੇਸ ਦਾ ਡੇਢ ਘੰਟਾ ਪੂਰੀ ਤਰ੍ਹਾਂ ਬਰਵਾਦ ਕਰਵਾਇਆ ਏ। ਮੈਂ ਤੁਹਾਡੀ ਉੱਪਰਲੇ ਅਧਿਕਾਰੀਆਂ ਨੂੰ ਸ਼ਕਾਇਤ ਕਰਾਂਗਾ।

(I have come all the way from Bhakhra Dam site to get these papers attested as this place is nearest to the Dam for this purpose. I reached here exactly at 9 a.m, the moment when the functioning of the court starts. I kept on waiting for you for a full duration of one and a half haurs. Do you know how much money the Govt. of India spends on me every month? It runs into thousands; it is many times more than the salary of a most highly placed bureaucrat of your country. If I waste one hour, it costs India thousands of rupees. I am allowed to visit my country U.S.A. every month at the expense of your government, a large number of other perks apart. You have wasted your countiy's one and a half hours. I shall complain to the high anthorities.)

ਅਮਰੀਕਾ ਦਾ ਉਹ ਇੰਜਨੀਅਰ ਦੇਸ਼ ਦੇ ਘਟੀਆ ਸਿਸਟਮ ਤੋਂ ਹੈਰਾਨ ਸੀ। ਮੀਡੀਆ ਨੇ ਘਟਨਾ ਨੂੰ ਚੰਗਾ ਉਛਾਲਾ ਦਿੱਤਾ ਸੀ। ਪਤਾ ਨਹੀਂ ਮੈਜਿਸਟਰੇਟ ਨੇ ਆਪਣਾ

ਬਚਾਅ ਕਿਵੇਂ ਕੀਤਾ ਹੋਵੇਗਾ। ਹੋ ਸਕਦਾ ਏ ਉਸਨੂੰ ਆਪਣਾ ਬਚਾਅ ਕਰਨ ਲਈ ਸਿੱਧਾ ਮੰਤਰੀ ਨਾਲ ਰਾਬਤਾ ਕਾਇਮ ਕਰਨਾ ਪਿਆ ਹੋਵੇ।"

ਕੀਰਤੀ ਸਿੰਘ ਨੇ ਇਕ ਹੋਰ ਘਟਨਾ ਇਸ ਉਪਰੋਕਤ ਘਟਨਾ ਨਾਲ ਜੋੜ ਦਿੱਤੀ।

"ਦੂਜੇ ਦਿਨ ਡੈਮ ਤੇ ਇਹ ਘਟਨਾ ਆਮ ਲੋਕਾਂ ਵਿਚ ਬਹਿਸ ਦਾ ਵਿਸ਼ਾ ਬਣ ਗਈ। ਮੈਂ ਹੋਰਾਂ ਨੂੰ ਇਸ ਪ੍ਰਕਾਰ ਦੀ ਚੰਡੀਗੜ੍ਹ ਵਿਚ ਵਾਪਰੀ ਇਕ ਘਟਨਾ ਸੁਣਾ ਦਿੱਤੀ। ਮੈਂ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ ਨੂੰ ਇਕ ਵਾਰ ਮਿਲਣਾ ਸੀ। ਮੈਂ ਸਾਢੇ ਅੱਠ ਵਜੇ ਸਵੇਰੇ ਉਸ ਦੇ ਦਫ਼ਤਰ ਪਹੁੰਚ ਗਿਆ ਤੇ ਉਸ ਦੀ ਉਡੀਕ ਕਰਨ ਲੱਗ ਪਿਆ। ਨੌਂ ਵੱਜਣ ਤੋਂ ਪੰਜ ਮਿੰਟ ਪਹਿਲਾਂ ਡਰਾਈਵਰ ਨੇ ਦਫ਼ਤਰੀ ਕਾਰ ਗਰਾਜ ਤੋਂ ਕੱਢ ਕੇ ਬਾਹਰ ਖੜ੍ਹੀ ਕਰ ਦਿੱਤੀ। ਮੈਨੂੰ ਲਗਦਾ ਸੀ ਕਿ ਡਰਾਈਵਰ ਹੁਣ ਉਸ ਕਾਰ ਵਿਚ ਰੰਧਾਵਾ ਸਾਹਿਬ ਨੂੰ ਉਹਨਾਂ ਦੇ ਘਰੋਂ ਲੈਣ ਜਾਵੇਗਾ ਪ੍ਰੰਤੂ ਇੰਝ ਨਹੀਂ ਹੋਇਆ। ਨੌਂ ਵੱਜਣ ਤੋਂ ਦੋ ਕੁ ਮਿੰਟ ਪਹਿਲਾਂ ਰੰਧਾਵਾ ਆਪਣੀ ਪ੍ਰਾਈਵੇਟ ਕਾਰ ਵਿਚ ਉਥੇ ਆ ਪਹੁੰਚਿਆ। ਉਸ ਨੇ ਆਪਣੀ ਪ੍ਰਾਈਵੇਟ ਕਾਰ ਗਰਾਜ ਵਿਚ ਲਗਾ ਦਿੱਤੀ ਤੇ ਆਪਣਾ ਕਾਗਜ਼ ਪੱਤਰ ਚੁੱਕ ਕੇ ਉਸ ਕਾਰ ਵਿਚ ਬੈਠ ਗਿਆ ਜਿਹੜੀ ਡਰਾਈਵਰ ਨੇ ਗਰਾਜ 'ਚੋਂ ਬਾਹਰ ਕੱਢੀ ਸੀ। ਗੱਲ ਦਾ ਮਤਲਬ ਤੂੰ ਸਮਝ ਹੀ ਗਿਆ ਹੋਵੇਂਗਾ-ਰੰਧਾਵਾ ਦਫ਼ਤਰੀ ਕਾਰ ਨੂੰ ਕਦੀ ਵੀ ਆਪਣੇ ਪ੍ਰਾਈਵੇਟ ਕੰਮਾਂ ਲਈ ਨਹੀਂ ਸੀ ਵਰਤਦਾ। ਅੱਜ ਦੇ ਅਫ਼ਸਰ ਤੇ ਨੇਤਾ ਸਰਕਾਰ ਦੇ ਸਾਧਨਾਂ ਦੀ ਵਰਤੋਂ ਦੀਆਂ ਧੱਜੀਆਂ ਉਡਾਉਂਦੇ ਫਿਰਦੇ ਹਨ।"

ਫਿਰ ਉਸ ਨੇ ਅੰਗਰੇਜ਼ਾਂ ਦੇ ਰਾਜ ਸਮੇਂ ਦੀ ਇਕ ਹੋਰ ਘਟਨਾ ਬਿਆਨ ਕੀਤੀ। ਉਸ ਨੇ ਦੱਸਿਆ "ਉਸ ਦੇ ਨੇੜਲੇ ਸ਼ਹਿਰ ਵਿਚ ਇਕ ਨਹਿਰੀ ਮਹਿਕਮੇ ਦਾ ਗੋਰਾ ਅਫ਼ਸਰ ਹੋਇਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਉਸ ਸ਼ਹਿਰ ਵਿਚ ਬਿਜਲੀ ਨਹੀਂ ਸੀ ਹੋਇਆ ਕਰਦੀ। ਉਸ ਗੋਰੇ ਅਫ਼ਸਰ ਨੇ ਆਪਣੇ ਚਪੜਾਸੀ ਨੂੰ ਕਿਹਾ ਹੋਇਆ ਸੀ ਕਿ ਉਹ ਉਸ ਵਾਸਤੇ ਦੋ ਲਾਲਟੈਣਾ ਰੱਖਿਆ ਕਰੇ। ਇਕ ਲਾਲਟੈਣ ਦਫ਼ਤਰੀ ਕੰਮ ਕਰਨ ਲਈ ਤੇ ਇਕ ਉਸ ਦਾ ਆਪਣਾ ਨਿੱਜੀ ਕੰਮ ਕਰਨ ਲਈ। ਇਸ ਪ੍ਰਕਾਰ ਉਹ ਕਦੀ ਵੀ ਦਫ਼ਤਰੀ ਕੰਮ ਕਰਨ ਵਾਲੀ ਬੱਤੀ ਆਪਣੇ ਨਿੱਜੀ ਕੰਮ ਲਈ ਨਹੀਂ ਸੀ ਵਰਤਦਾ।"

ਕੀਰਤੀ ਸਿੰਘ ਉਹਨੀ ਦਿਨੀ ਮਨੀਮਾਜਰੇ ਵਾਲੇ ਢਿੱਲੋਂ ਥੀਏਟਰ ਦੇ ਆਲੇ ਦੁਆਲੇ ਦੀਆਂ ਸੜਕਾਂ ਬਣਾ ਰਿਹਾ ਸੀ। ਜਦ ਮੈਂ ਪੰਜਾਬ ਤੋਂ ਉਸ ਨੂੰ ਉੱਥੇ ਮਿਲਣ ਜਾਂਦਾ ਤਾਂ ਉਹ ਇਕਦਮ ਆਪਣੇ ਕਲੀਨਰ ਨੂੰ ਰੋਡ ਰੋਲਰ ਸੰਭਾਲ ਕੇ ਮੇਰੇ ਪਾਸ ਆ ਜਾਂਦਾ ਤੇ ਮੇਰੀ ਪੂਰੀ ਖਿਦਮਤ ਕਰਦਾ। ਅਸੀਂ ਕਈ ਘੰਟੇ ਵਿਚਾਰ ਸਾਂਝੇ ਕਰਦੇ ਰਹਿੰਦੇ। ਫਿਰ ਉਹ ਮੈਨੂੰ ਦੂਜੇ ਦਿਨ ਉੱਥੇ ਪਹੁੰਚਣ ਲਈ ਦਾਅਵਤ ਦਿੰਦਾ। ਦੂਜੇ ਦਿਨ ਅਸੀਂ ਦੋਨੋਂ ਪਿੰਜੌਰ ਕਾਲਕਾ ਵੱਲ ਉਡਾਰੀ ਮਾਰ ਦਿੰਦੇ। ਉਹ 55 ਸਾਲ ਦਾ ਤੇ ਮੈਂ 25 ਸਾਲ ਦਾ ਲੇਕਿਨ ਰਿਸ਼ਤਾ ਫਿਰ ਵੀ ਬੜਾ ਨਰੋਆ ਅਤੇ ਪਾਕ। ਉਹ ਮੇਰੀ ਕਹੀ ਹੋਈ ਕੋਈ ਵੀ ਵਜ਼ਨਦਾਰ ਗੱਲ ਇਕਦਮ ਆਪਣੀ ਡਾਇਰੀ ਤੇ ਲਿਖ ਕੇ ਸੰਭਾਲਦਾ। ਮੈਂ ਉਸ ਦੀ ਅਜੀਬ ਜ਼ਿੰਦਗੀ ਦੇ ਤਜਰਬੇ 'ਚੋਂ ਨਿਕਲੀਆਂ ਗੱਲਾਂ ਨੂੰ ਆਪਣੇ ਜ਼ਿਹਨ ਵਿਚ ਪੱਕੇ ਤੌਰ 'ਤੇ ਵਸਾ ਲੈਂਦਾ।

## ਅਧਿਆਇ 2

# ਸਵਾਲ ਜਵਾਬ

ਇਕ ਦਿਨ ਅਸੀਂ ਕਾਲਕਾ ਰੇਲਵੇ ਸਟੇਸ਼ਨ ਦੇ ਨੇੜੇ ਪਾਰਕ ਵਿਚ ਬੈਠੇ ਸਾਂ। ਕੀਰਤੀ ਸਿੰਘ ਮੇਰੇ ਵਾਸਤੇ ਇਕ ਐਸੀ ਪੁਸਤਕ ਵਾਂਗ ਸੀ ਜਿਸ ਦੇ ਵਿਭਿੰਨ ਕਿਸਮ ਦੇ ਅਧਿਆਇ ਪਾਠਕ ਨੂੰ ਹੈਰਾਨ ਕਰ ਦਿੰਦੇ ਸਨ। ਉਸ ਦੇ ਪਹਿਲੇ ਜੀਵਨ ਬਾਰੇ ਮੈਂ ਉਸ ਤੋਂ ਖ਼ੁਦ ਜਾਂ ਹੋਰ ਲੋਕਾਂ ਪਾਸੋਂ ਸੁਣਿਆ ਸੀ ਤੇ ਉਸ ਦੇ ਆਖ਼ਰੀ ਜੀਵਨ ਨੂੰ ਮੈਂ ਖ਼ੁਦ ਨੇੜਿਓਂ ਦੇਖਿਆ ਸੀ। ਉਸ ਨੇ ਅੰਤਾਂ ਦਾ ਪੇਂਡੂ ਜੀਵਨ ਤੇ ਅੰਤਾਂ ਦਾ ਸ਼ਹਿਰੀ ਜੀਵਨ, ਅੰਤਾਂ ਦਾ ਖ਼ੂਨ ਖਰਾਬੇ ਵਾਲਾ ਜੀਵਨ ਤੇ ਅੰਤਾਂ ਦਾ ਸਾਂਤ ਜੀਵਨ, ਸਾਧਾਂ ਵਾਲਾ ਜੀਵਨ ਤੇ ਅਜੀਬ ਚੋਰਾਂ ਵਾਲਾ ਜੀਵਨ, ਕਾਨੂੰਨ ਨਾਲ ਟਕਰਾਓ ਵਾਲਾ ਜੀਵਨ ਤੇ ਕਾਨੂੰਨ ਨਾਲ ਸਮਝੌਤੇ ਵਾਲਾ ਜੀਵਨ, ਮਾਨਵਤਾ ਦੇ ਭਲੇ ਵਾਲਾ ਜੀਵਨ ਤੇ ਮਨੁੱਖ ਹੱਥੋਂ ਧੋਖੇ ਵਾਲਾ ਜੀਵਨ, ਫ਼ਕੀਰਾਂ ਅਤੇ ਫੱਕਰਾਂ ਵਾਲਾ ਜੀਵਨ, ਕਾਤਲਾਂ ਤੇ ਕਾਨੂੰਨਦਾਨਾ ਦੀ ਲੜਾਈ, ਅਖੌਤੀ ਪ੍ਰੇਮੀਆਂ ਦੇ ਕਹਿ ਕਹੇ ਤੇ ਸੱਚੇ ਪ੍ਰੇਮੀਆਂ ਦੀਆਂ ਸਿਸਕੀਆਂ, ਅਮੀਰਾਂ ਦੁਆਰਾ ਗ਼ਰੀਬਾਂ ਦੀ ਲੁੱਟ-ਖਸੁੱਟ, ਨੇਤਾਵਾਂ ਦੇ ਮਖੌਟੇ ਤੇ ਆਮ ਜਨਤਾ ਦੀ ਮਾਸੂਮੀਅਤ, ਭੇਖੀਆਂ ਦੇ ਭੇਖ ਤੇ ਭਾਗਵਾਦੀਆਂ ਦੇ ਕਿਸਮਤ ਦੇ ਲੇਖ। ਇਸ ਸਭ ਕੁੱਝ ਨੂੰ ਉਸ ਨੇ ਦੇਖਿਆ ਹੀ ਨਹੀਂ, ਬਲਕਿ ਹੰਢਾਇਆ ਵੀ ਸੀ। ਉਸ ਦੇ ਇਸ ਅੰਤਾਂ ਦੇ ਉਤਲ ਪੁਥਲ ਵਾਲੇ ਜੀਵਨ ਨੂੰ ਸਾਹਮਣੇ ਰੱਖ ਕੇ ਮੈਂ ਉਸ ਨੂੰ ਕੁਝ ਸਵਾਲ ਪੁੱਛਣੇ ਚਾਹੇ ਜਿਨ੍ਹਾਂ ਦੇ ਜਵਾਬ ਦੇਣ ਲਈ ਉਹ ਇਕ ਦਮ ਰਾਜ਼ੀ ਹੋ ਗਿਆ।

ਮੇਰਾ ਸਵਾਲ :- ਤੁਸੀਂ ਦੁਨੀਆਂ ਵਿਚ ਸਭ ਤੋਂ ਵਧੀਆ ਲੋਕ ਕਿੰਨ੍ਹਾਂ ਨੂੰ ਸਮਝਦੇ ਹੋ?

ਉਹਦਾ ਜਵਾਬ :- ਮੈਂ ਸਭ ਤੋਂ ਵਧੀਆ ਲੋਕ ਉਨ੍ਹਾਂ ਲੋਕਾਂ ਨੂੰ ਸਮਝਦਾ ਹਾਂ ਜਿਨ੍ਹਾਂ ਦੀ ਇਸ ਦੁਨੀਆਂ ਨੂੰ ਨਿਵੇਕਲੀ ਦੇਣ ਰਹੀ ਹੈ। ਇਹ ਦੇਣ ਨਿਰਸੁਆਰਥ ਹੋਣੀ ਜ਼ਰੂਰੀ ਏ। ਜਿਹੜੀ ਦੇਣ ਜਾਂ ਸੇਵਾ ਆਪਣੇ ਸੁਆਰਥ ਲਈ ਕੀਤੀ ਜਾਂਦੀ ਏ ਉਹ ਸੇਵਾ ਦੀ ਕਸੌਟੀ ਤੇ ਬਿਲਕੁਲ ਵੀ ਖਰੀ ਨਹੀਂ ਉਤਰਦੀ। ਮਿਸਾਲ ਦੇ ਤੌਰ 'ਤੇ ਮੇਰੇ ਪਿੰਡ ਵਿਚ ਇਕ ਪਰਿਵਾਰ ਨੇ ਇਕ ਬੁੱਢੀ ਇਸਤਰੀ ਦੀ ਕੁਝ ਮਹੀਨੇ ਇਸ ਲਈ ਸੇਵਾ ਕੀਤੀ ਕਿ ਉਹ ਆਪਣੀ ਜ਼ਮੀਨ ਉਸ ਪਰਿਵਾਰ ਦੇ ਨਾਂ ਲੁਆ ਦੇਵੇਗੀ। ਉਹ ਬੁੱਢੀ ਇਕੱਲੀ ਹੀ ਸੀ ਤੇ ਉਸ ਦੇ ਨਾਂਅ ਜ਼ਮੀਨ ਦੇ ਕਈ ਖੇਤ ਸਨ। ਬੁਢਾਪੇ ਵਿਚ ਜਦ ਉਹ ਬੁੱਢੀ ਬੀਮਾਰ ਰਹਿਣ ਲੱਗ ਪਈ ਤਾਂ ਇਸ ਪਰਿਵਾਰ ਨੇ ਉਸਨੂੰ ਕਾਬੂ ਕਰ ਲਿਆ ਤਾਂ ਕਿ ਉਹ ਮਰਦੀ-ਮਰਦੀ ਆਪਣੀ ਜ਼ਮੀਨ ਇਸ ਪਰਿਵਾਰ ਨੂੰ ਦੇ ਜਾਵੇ। ਅਸਲੀ ਸੇਵਾ ਇਹ ਹੈ ਕਿ ਉਹ ਪਰਿਵਾਰ ਬੁੱਢੀ ਦੀ ਸੇਵਾ ਕਰਦਾ ਰਹਿੰਦਾ ਤੇ ਜ਼ਮੀਨ ਦੀ ਬਿਲਕੁਲ ਵੀ ਆਸ ਨਾ ਰਖਦਾ। ਸੇਵਾ ਦੇ ਬਦਲੇ ਕਿਸੇ ਮੁਆਵਜ਼ੇ ਅਤੇ ਲਾਭ ਦੀ ਆਸ ਰੱਖਣਾ ਬਹੁਤ ਵੱਡੀ ਕਮੀਨਗੀ ਹੈ।

ਗੁਰਬਾਣੀ ਵਿਚ ਨਿਰਸੁਆਰਥ ਸੇਵਾ ਬਾਰੇ ਇੰਜ ਲਿਖਿਆ ਹੈ-

ਸੇਵਾ ਕਰਤ ਹੋਇ ਨਿਹਕਾਮੀ॥

ਤਿਸੁ ਕਉ ਹੋਤ ਪਰਾਪਤਿ ਸੁਆਮੀ॥

ਦੁਨੀਆਂ ਵਿਚ ਸਭ ਤੋਂ ਵਧੀਆ ਮਨੁੱਖ ਉਹ ਹੋਏ ਹਨ ਜਿਨ੍ਹਾਂ ਨੇ ਇਸ ਦੁਨੀਆਂ ਨੂੰ ਬਿਹਤਰ ਬਣਾਉਣ ਲਈ ਕੋਈ ਨਾ ਕੋਈ ਯੋਗਦਾਨ ਪਾਇਆ ਹੋਵੇ। ਇਹ ਲੋਕ ਹਰ ਖੇਤਰ ਵਿਚ ਹੋ ਸਕਦੇ ਹਨ। ਅਸੀਂ ਸਿਆਸਤ ਨੂੰ ਘਟੀਆ ਕਹਿ ਦਿੰਦੇ ਹਾਂ। ਇਹ ਧਾਰਨਾ ਸਰਾਸਰ ਠੀਕ ਨਹੀਂ। ਸਿਆਸਤ ਵਿਚ ਵੀ ਕਈ ਲੋਕਾਂ ਨੇ ਨਿਵੇਕਲੀ ਕਿਸਮ ਦਾ ਨਾਮਣਾ ਖੱਟਿਆ ਏ। ਇਕ ਨੀਤੀਵੇਤਾ ਤੇ ਆਮ ਸਿਆਸਤਦਾਨ ਵਿਚ ਬੜਾ ਫ਼ਰਕ ਏ। ਆਮ ਸਿਆਸਤਦਾਨ ਘਟੀਆ ਹੋ ਸਕਦਾ ਏ, ਨੀਤੀਵੇਤਾ ਘਟੀਆ ਨਹੀਂ ਹੋ ਸਕਦਾ। ਚਰਚਿਲ (Churchill), ਰੂਜ਼ਵੈਲਟ (Roosevelt), ਲਿੰਕਨ (Lincoln), ਵਾਸ਼ਿੰਗਟਨ (Washington), ਡਾ. ਏਵਟ (Dr. Evatt), ਮੈਂਜੀਜ਼ (Menzies) ਆਦਿ ਲੋਕ ਸਿਆਸਤਦਾਨ ਹੋਣ ਦੇ ਨਾਲ-ਨਾਲ ਚੰਗੇ ਨੀਤੀਵੇਤਾ ਵੀ ਸਨ। ਇਨ੍ਹਾਂ ਲੋਕਾਂ ਨੇ ਸਿਆਸਤ ਨੂੰ ਨਵੀਆਂ-ਨਵੀਆਂ ਪਰਤਾਂ ਪ੍ਰਦਾਨ ਕੀਤੀਆਂ। ਤੁਸੀਂ ਤਾਂ ਪੜ੍ਹੇ ਲਿਖੇ ਹੋ। ਮੈਂ ਘੱਟ ਪੜ੍ਹਿਆ-ਲਿਖਿਆ ਵੀ ਜਾਣਦਾ ਹਾਂ ਕਿ ਲਿੰਕਨ ਦੀ ਲੋਕਤੰਤਰ ਦੀ ਸਾਦੀ ਤੋਂ ਸਾਦੀ ਪ੍ਰੀਭਾਸ਼ਾ ਦੁਨੀਆਂ ਵਿਚ ਇੰਨੀ ਮਕਬੂਲ ਹੋਈ ਹੈ ਕਿ ਹਰ ਇਕ ਦੇ ਬੁੱਲ੍ਹਾਂ ਤੇ ਚੜ੍ਹੀ ਪਈ ਏ :- ਲੋਕਾਂ ਦੀ, ਲੋਕਾਂ ਲਈ ਤੇ ਲੋਕਾਂ ਦੁਆਰਾ ਸਰਕਾਰ। ਚਾਲੀਵਿਆਂ ਵਿਚ ਆਸਟਰੇਲੀਆ ਦੀ ਲੇਬਰ ਪਾਰਟੀ ਦਾ ਵਿਦੇਸ਼ ਮੰਤਰੀ ਡਾ. ਏਵਟ (Dr. Evatt) ਇਕ ਐਸਾ ਨੀਤੀਵੇਤਾ ਹੋਇਆ ਹੈ ਜਿਸ ਨੇ ਸੰਯੁਕਤ ਰਾਸ਼ਟਰ ਸੰਘ ਦੀ ਨੀਂਹ ਰੱਖਣ ਵਿਚ ਠੋਸ ਪਹਿਲ ਕੀਤੀ ਤੇ ਨਿਵੇਕਲੀ ਭੂਮਿਕਾ ਨਿਭਾਈ। ਏਵਟ ਸੰਯੁਕਤ ਰਾਸ਼ਟਰ ਸੰਘ ਦੀ ਜਨਰਲ ਅਸੈਂਬਲੀ ਦਾ ਪਹਿਲਾ ਚੇਅਰਪਰਸਨ ਵੀ ਰਿਹਾ। ਇਸ ਦੇ ਨਾਲ-ਨਾਲ ਹੀ ਉਹ ਆਸਟਰੇਲੀਆ ਦਾ ਵਿਦੇਸ਼ ਮੰਤਰੀ, ਹਾਈਕੋਰਟ ਦਾ ਜੱਜ, ਐਟਮਿਕ ਇਨਰਜ਼ੀ ਕਮਿਸ਼ਨ ਦਾ ਚੇਅਰਮੈਨ, ਲੇਬਰ ਪਾਰਟੀ ਦਾ ਨੇਤਾ ਤੇ ਕਈ ਪੁਸਤਕਾਂ ਦਾ ਲਿਖਾਰੀ ਅਤੇ ਕਲਾ ਕ੍ਰਿਤੀਆਂ ਦਾ ਪ੍ਰਸੰਸ਼ਕ ਰਿਹਾ। ਉਸ ਨੇ ਸਿਰਫ਼ ਆਸਟਰੇਲੀਆ ਦੀਆਂ ਰਾਜਨੀਤਕ ਪਾਲਿਸੀਆਂ ਨੂੰ ਹੀ ਸੇਧ ਨਹੀਂ ਦਿੱਤੀ ਬਲਕਿ ਅੰਤਰ-ਰਾਸ਼ਟਰੀ ਪੱਧਰ ਤੇ ਵੀ ਨੀਤੀਆਂ ਬਣਾਉਣ ਵਿਚ ਖ਼ੂਬਸੂਰਤ ਨਾਮਣਾ ਖੱਟਿਆ। ਅਜਿਹੇ ਵੀ ਅੰਤਾਂ ਦੇ ਲੋਕ ਹੋਏ ਹਨ ਜਿਨ੍ਹਾਂ ਨੇ ਸਭਿਅਤਾ ਦੀ ਤਰੱਕੀ ਅਤੇ ਵਿਕਾਸ ਵਿਚ ਠੋਸ ਯੋਗਦਾਨ ਪਾਇਆ ਹੈ। ਇਹ ਲੋਕ ਭਾਵੇਂ ਸਾਇੰਸਦਾਨ ਹਨ, ਭਾਵੇਂ ਕਾਨੂੰਨਦਾਨ ਹਨ, ਭਾਵੇਂ ਭੂਗੋਲਦਾਨ ਹਨ, ਭਾਵੇਂ ਖ਼ੁਗੋਲਦਾਨ ਹਨ, ਭਾਵੇਂ ਅਰਥ ਸ਼ਾਸ਼ਤਰੀ ਹਨ ਤੇ ਭਾਵੇਂ ਕੁੱਝ ਹੋਰ ਹਨ-ਇਹ ਸਭ ਸੁੱਚਮੁੱਚ ਹੀ ਪੂਜਣਯੋਗ ਹਨ। ਸਭ ਤੋਂ ਘਟੀਆ ਲੋਕ ਉਹ ਹੋਏ ਹਨ ਜੋ ਸੁਆਰਥੀ ਸਨ, ਧਾੜਵੀ ਸਨ, ਪਿਛਾਂਹ-ਖਿੱਚੂ ਸਨ, ਤਬਾਹਕੁੰਨ ਸਨ, ਐਸ਼ਪ੍ਰਸਤ ਸਨ, ਲੁਟੇਰੇ ਸਨ, ਫੁੱਟਪਾਊ ਸਨ, ਦੂਜੇ ਦੇ ਘਰ ਅੱਗ ਲਾ ਕੇ ਤਮਾਸ਼ਾ ਦੇਖਣ ਵਾਲੇ ਸਨ।

ਸਵਾਲ :-ਕਈ ਲੋਕ ਕਿਸਮਤ ਤੇ ਅੰਨ੍ਹਾ ਵਿਸ਼ਵਾਸ ਰੱਖਦੇ ਹਨ। ਮਾੜਾ ਜਿਹਾ ਵੀ ਕੰਮ ਖ਼ਰਾਬ ਹੋ ਜਾਵੇ ਉਸ ਨੂੰ ਕਿਸਮਤ ਨਾਲ ਜੋੜ ਦਿੰਦੇ ਹਨ। ਕੀ ਤੁਸੀਂ ਭਾਗਵਾਦੀ ਹੋ?

ਜਵਾਬ :- ਤੁਸੀਂ ਇਹ ਬਹੁਤ ਹੀ ਖ਼ੂਬਸੂਰਤ ਸਵਾਲ ਕੀਤਾ ਏ। ਬਹੁਤ ਸਾਰੇ ਲੋਕ ਐਸੇ ਹਨ ਜੋ ਖ਼ੁਦ ਹਿੰਮਤ ਨਹੀਂ ਕਰਦੇ ਤੇ ਕਹਿੰਦੇ ਰਹਿਣਗੇ ਕਿ ਕਿਸਮਤ ਸਾਥ ਨਹੀਂ ਦੇ ਰਹੀ। ਮੈਂ ਭਾਗਵਾਦੀ ਹਾਂ ਪਰ ਸਹੀ ਅਰਥਾਂ ਵਿਚ। ਕਿਧਰੇ ਭੂਚਾਲ ਆ ਕੇ ਤਬਾਹੀ ਹੋਣੀ,

ਅਕਾਲ ਪੈ ਕੇ ਭੁੱਖਮਰੀ ਫੈਲ ਜਾਣੀ, ਕਿਸੇ ਘਰ 'ਚ ਅਚਾਨਕ ਮੌਤਾਂ ਹੋਣ ਨਾਲ ਤਬਾਹੀ ਹੋ ਜਾਣੀ, ਦੁਰਘਟਨਾਵਾਂ ਹੋ ਜਾਣੀਆਂ, ਲਾਟਰੀ ਨਿਕਲਣ ਨਾਲ ਵੱਡਾ ਲਾਭ ਹੋ ਜਾਣਾ, ਸ਼ੇਅਰਾਂ ਵਿਚ ਲਗਾਏ ਪੈਸੇ ਅਚਾਨਕ ਵਧ ਜਾਣੇ, ਕਿਸੇ ਜਾਇਦਾਦ ਦੀ ਕੀਮਤ ਕਿਸੇ ਕਾਰਨ ਕਰਕੇ ਇਕਦਮ ਦੁੱਗਣੀ ਚੌਗਣੀ ਹੋ ਜਾਣੀ—ਇਹ ਸਭ ਕਿਸਮਤ ਏ। ਕੋਈ ਕਾਰੋਬਾਰ ਵਧ ਚੱਲ ਜਾਣਾ, ਕੋਈ ਪ੍ਰੀਖਿਆ ਬਹੁਤ ਚੰਗੇ ਨੰਬਰਾਂ ਨਾਲ ਪਾਸ ਕਰ ਲੈਣੀ, ਕੋਈ ਚੰਗੀ ਨੌਕਰੀ ਮਿਲ ਜਾਣੀ, ਕਿਸੇ ਨਾਲ ਤੁਅਲਕਾਤ ਖ਼ਰਾਬ ਹੋ ਜਾਣੇ, ਜ਼ਿਆਦਾ ਸ਼ਰਾਬ ਪੀ ਪੀ ਕੇ ਸਿਹਤ ਖ਼ਰਾਬ ਹੋ ਜਾਣੀ ਜਾਂ ਮੌਤ ਹੋ ਜਾਣੀ, ਕਿਸੇ ਤੋਂ ਕੋਈ ਕਤਲ ਹੋ ਜਾਣਾ, ਜ਼ਿਆਦਾ ਕਰਜ਼ੇ ਦੇ ਮਾਰੇ ਆਤਮ ਹੱਤਿਆ ਕਰ ਲੈਣੀ—ਇਹ ਸਾਰਾ ਕੁਝ ਕਿਸਮਤ ਨਹੀਂ ਹੈ। ਇਹ ਸਾਰਾ ਕੁਝ ਕਿਸਮਤ ਇਸ ਲਈ ਨਹੀਂ ਕਿਉਂਕਿ ਇਹ ਮਨੁੱਖ ਦੀਆਂ ਆਪਣੀਆਂ ਕੁਤਾਹੀਆਂ ਤੇ ਕੋਸ਼ਿਸ਼ਾਂ ਦਾ ਸਿੱਟਾ ਹੈ। ਭਾਗਵਾਦ ਵਿਚ ਮਨੁੱਖ ਦਾ ਆਪਣਾ ਕੁਝ ਵੀ ਨਹੀਂ ਹੁੰਦਾ। ਕਿਸੇ ਪ੍ਰੀਖਿਆ ਵਿਚੋਂ ਚੰਗੇ ਨੰਬਰ ਪ੍ਰਾਪਤ ਕਰਨੇ ਮਨੁੱਖ ਦੀ ਕੋਸ਼ਿਸ਼ ਦਾ ਸੇਵਾਫਲ ਹੁੰਦਾ ਏ। ਕਈ ਮਨੁੱਖ ਸਭ ਕਾਸੇ ਨੂੰ ਕਿਸਮਤ ਨਾਲ ਜੋੜ ਦਿੰਦੇ ਹਨ। ਉਹ ਲੋਕ ਘਟੀਆ ਲੋਕ ਹਨ। ਮੇਰਾ ਕਤਲ ਕਰਨ ਤੋਂ ਬਾਅਦ ਵੀ ਚੰਡੀਗੜ੍ਹ ਆ ਕੇ ਸਰਕਾਰੀ ਨੌਕਰੀ ਤੇ ਲੱਗ ਜਾਣਾ ਕਿਸਮਤ ਦਾ ਖੇਲ੍ਹ ਨਹੀਂ ਹੈ। ਹਾਂ, ਮੇਰਾ ਕਤਲ ਕੇਸ ਵਿਚੋਂ ਬਰੀ ਹੋ ਜਾਣਾ ਕਿਸਮਤ ਦਾ ਖੇਲ੍ਹ ਕਿਹਾ ਜਾ ਸਕਦਾ ਏ। ਮੇਰੇ ਪੇਟ ਵਿਚ ਛੁਰਾ ਲੱਗ ਜਾਣ ਤੋਂ ਬਾਅਦ ਵੀ ਮੇਰਾ ਬਚ ਜਾਣਾ ਕਾਫ਼ੀ ਹੱਦ ਤੱਕ ਕਿਸਮਤ ਦਾ ਖੇਲ੍ਹ ਕਿਹਾ ਜਾ ਸਕਦਾ ਏ। ਕਰਮ ਸਿੰਘ ਐਮ.ਐਲ.ਏ. ਪਾਸੋਂ ਕੰਵਾਰੀ ਲੜਕੀ ਦਾ ਗਰਭ ਠਹਿਰਾਉਣਾ ਕੋਈ ਕਿਸਮਤ ਵਾਲੀ ਗੱਲ ਨਹੀਂ। ਇਹ ਉਸ ਦੀ ਆਪਣੀ ਗ਼ਲਤੀ ਏ। ਇੱਥੋਂ ਤੱਕ ਕਿ ਕਰਮ ਸਿੰਘ ਦਾ ਕਰਾਂਤੀਕਾਰੀਆਂ ਪਾਸੋਂ ਮਾਰਿਆ ਜਾਣਾ ਵੀ ਕੋਈ ਕਿਸਮਤ ਦਾ ਖੇਲ੍ਹ ਨਹੀਂ। ਇਸ ਪ੍ਰਕਾਰ ਦੇ ਘਟੀਆ ਲੋਕ ਸਮਾਜ ਵਿਚ ਇਕ ਨਾ ਇਕ ਦਿਨ ਕਤਲ ਹੋ ਹੀ ਸਕਦੇ ਹਨ। ਇਹ ਕਤਲ ਉਸ ਦੇ ਮਾੜੇ ਆਚਰਣ ਦਾ ਨਤੀਜਾ ਹੈ। ਲੋਕਾਂ ਨੂੰ ਅਸਲੀ ਭਾਗਵਾਦ (fatalism) ਦਾ ਅਰਥ ਸਮਝਣਾ ਚਾਹੀਦਾ ਏ। ਸਮੁੰਦਰ ਦੇ ਕੰਢੇ ਘਰ ਖਰੀਦ ਕੇ ਰਹਿਣਾ ਤੇ ਸੁਨਾਮੀ ਦੀ ਲਹਿਰ ਨਾਲ ਇਸ ਘਰ ਦਾ ਤਬਾਹ ਹੋ ਜਾਣਾ ਕਿਸਮਤ ਨਹੀਂ। ਅਸਲੀ ਕਿਸਮਤ ਇਹ ਹੈ ਕਿ ਕੋਈ ਸਮੁੰਦਰ ਦੇ ਕੰਢੇ ਅਚਾਨਕ ਸੈਰ ਕਰਨ ਗਿਆ ਹੋਵੇ ਤੇ ਸੁਨਾਮੀ ਦੀ ਲਪੇਟ ਵਿਚ ਆ ਜਾਵੇ। ਅੱਗ ਲੱਗ ਕੇ ਕਿਸੇ ਜਾਇਦਾਦ ਦਾ ਤਬਾਹ ਹੋ ਜਾਣਾ ਵੀ ਤਾਂ ਕਿਸਮਤ ਦਾ ਖੇਡ ਕਿਹਾ ਜਾ ਸਕਦਾ ਏ ਜੇਕਰ ਇਹ ਅੱਗ ਲੱਗਣ ਦੇ ਕਾਰਨ ਦਾ ਨਾ ਪਤਾ ਲੱਗੇ ਜਾਂ ਇਹ ਅੱਗ ਕਿਸੇ ਤਰ੍ਹਾਂ ਅਚਾਨਕ ਲੱਗੇ। ਇਕ ਵਾਰ ਮੈਂ ਦੋ ਪ੍ਰਕਾਰ ਦੀਆਂ ਅੱਗਾਂ ਦੇਖੀਆਂ। ਇਕ ਬੰਦੇ ਨੇ ਆਪਣੇ ਖੇਤ ਦੀ ਸਫ਼ਾਈ ਕਰਨ ਲਈ ਅੱਗ ਲਗਾਈ। ਕਮਾਦ ਵੱਢ ਲੈਣ ਤੋਂ ਬਾਅਦ ਕਿਸਾਨ ਅਕਸਰ ਖੇਤ ਵਿਚ ਪਈ ਖੋਰੀ ਆਦਿ ਨੂੰ ਜਾਲਣ ਲਈ ਕਈ ਵਾਰ ਅੱਗ ਲਾ ਦਿੰਦੇ ਹਨ। ਇਹ ਅੱਗ ਫੈਲਦੀ-ਫੈਲਦੀ ਹੋਰ ਖੇਤਾਂ ਵੱਲ ਵੀ ਵਧ ਗਈ। ਕਿਸਾਨ ਹਵਾ ਦੇ ਰੁੱਖ ਦਾ ਠੀਕ ਅੰਦਾਜ਼ਾ ਨਾ ਲਗਾ ਸਕਿਆ। ਜਦ ਤੱਕ ਅੱਗ ਤੇ ਕਾਬੂ ਪਾਇਆ ਗਿਆ ਨਾਲ ਲਗਦੇ ਇਕ ਕਿਸਾਨ ਦੀ ਫ਼ਸਲ ਦਾ ਵੀ ਇਸ ਅੱਗ ਨਾਲ ਨੁਕਸਾਨ ਹੋ ਗਿਆ। ਇਹ ਕਿਸਮਤ ਜਾਂ ਭਾਗ ਨਹੀਂ। ਇਸ ਵਿਚ ਅੱਗ ਲਗਾਉਣ ਵਾਲੇ ਬੰਦੇ ਦਾ ਕਸੂਰ ਵੱਧ ਏ। ਦੂਜੀ ਅੱਗ ਬਿਜਲੀ ਦੀਆਂ ਤਾਰਾਂ ਆਪਸ ਵਿੱਚ ਟਕਰਾਉਣ ਨਾਲ ਲੱਗੀ। ਬਿਜਲੀ ਦੀਆਂ ਇਹ ਤਾਰਾਂ ਖੇਤਾਂ ਉਪਰੋਂ ਲੰਘ ਰਹੀਆਂ ਸਨ। ਹੇਠਾਂ ਕਣਕ ਪੂਰੀ ਤਰ੍ਹਾਂ ਕੱਟਣਯੋਗ ਸੀ।

ਅਚਾਨਕ ਹਨੇਰੀ ਚੱਲੀ, ਤਾਰਾਂ ਆਪਸ ਵਿਚ ਟਕਰਾਈਆਂ, ਚੰਗਿਆੜੇ ਨਿਕਲੇ, ਹੇਠਾਂ ਸੁੱਕੀ ਕਣਕ ਤੇ ਗਿਰੇ ਤੇ ਖੇਤ ਨੂੰ ਅੱਗ ਲੱਗ ਗਈ। ਇਹ ਅੱਗ ਸਰਾਸਰ ਕਿਸਮਤ ਦਾ ਖੇਲ੍ਹ ਹੈ।

ਸਵਾਲ :- ਕੁਝ ਲੋਕ ਪ੍ਰਗਤੀਵਾਦ (Progressivism) ਤੇ ਸਾਮਵਾਦ (Communism) ਨੂੰ ਜੋੜ ਦਿੰਦੇ ਹਨ। ਤੁਹਾਡਾ ਕੀ ਖ਼ਿਆਲ ਏ?

ਜਵਾਬ :- ਮੇਰੇ ਕਈ ਕਾਮਰੇਡ ਮਿੱਤਰ ਰਹੇ ਹਨ। ਇਸ ਵਿਸ਼ੇ ਤੇ ਮੇਰੀ ਕਈ ਵਾਰ ਉਨ੍ਹਾਂ ਨਾਲ ਬਹਿਸ ਵੀ ਹੁੰਦੀ ਰਹੀ ਏ। ਅੱਜ ਦੇ ਬਹੁਤੇ ਕਾਮਰੇਡ ਧੁਰ ਅੰਦਰੋਂ ਪੂੰਜੀਵਾਦ (Capitalist) ਵਿਚਾਰਧਾਰਾ ਦੇ ਹਨ। ਕਾਮਰੇਡੀ ਦਾ ਸਿਰਫ਼ ਮਖੌਟਾ ਹੀ ਪਹਿਨ ਕੇ ਰਖਦੇ ਹਨ। ਬੋਲੀ ਜਾਣਾ ਅਮਰੀਕਾ ਦੇ ਖ਼ਿਲਾਫ। ਜਦ ਮੌਕਾ ਮਿਲਣਾ ਇਕ ਦਮ ਅਮਰੀਕਾ ਦੌੜ ਜਾਣਾ। ਮਹਿਕਮੇ ਵਿਚ ਟਰੇਡ ਯੂਨੀਅਨ ਦੇ ਮੈਂਬਰ ਸਿਰਫ਼ ਇਸ ਲਈ ਬਣ ਕੇ ਰਹਿਣਾ ਤਾਂ ਕਿ ਅਫ਼ਸਰ ਨੂੰ ਕਿਸੇ ਵੀ ਸਮੇਂ ਯੂਨੀਅਨ ਦੇ ਜ਼ੋਰ ਨਾਲ ਡਰਾਇਆ ਜਾ ਸਕੇ। ਮਿਹਨਤ ਕਰਨੀ ਨਹੀਂ, ਕਹੀ ਜਾਣਾ, ਮਨੁੱਖ ਨੂੰ ਮਿਹਨਤਕਸ਼ ਹੋਣਾ ਚਾਹੀਦਾ ਏ। ਮੇਰੇ ਕਹਿਣ ਦਾ ਭਾਵ ਇਹ ਕਿ ਟਰੇਡ ਯੂਨੀਅਨ ਦੀ ਮੈਂਬਰੀ ਨੂੰ ਹਮੇਸ਼ਾ ਆਪਣੇ ਜਾਂ ਆਪਣੇ ਜਿਹੇ ਹੋਰ ਨਿਕੰਮਿਆਂ ਦੀ ਰੱਖਿਆ ਲਈ ਵਰਤੀ ਜਾਣਾ। ਅਗਰ ਕੋਈ ਵਿਅਕਤੀ ਮਿਹਨਤ ਕਰ-ਕਰ ਕੇ ਆਰਥਿਕ ਤੌਰ 'ਤੇ ਕੁਝ ਚੰਗਾ ਹੋ ਜਾਵੇ ਤਾਂ ਉਸਨੂੰ ਪੂੰਜੀਪਤੀ ਕਹਿਣ ਲੱਗ ਜਾਣਾ। ਮੈਂ ਕਾਰਲ ਮਾਰਕਸ ਨਹੀਂ ਪੜ੍ਹਿਆ। ਮੈਨੂੰ ਇੰਝ ਜ਼ਰੂਰ ਲਗਦਾ ਰਹਿੰਦਾ ਏ, ਜਿਵੇਂ ਇਸ ਵਿਚ ਕੋਈ ਨੁਕਸ ਹੋਵੇ। ਮੈਨੂੰ ਇਵੇਂ ਲਗਦਾ ਰਹਿੰਦਾ ਏ ਜਿਵੇਂ ਸਾਮਵਾਦ (Communism) ਜ਼ਿਆਦਾ ਮਿਹਨਤੀ ਆਦਮੀ ਨੂੰ ਸ਼ਾਬਾਸ਼ ਨਹੀਂ ਦਿੰਦਾ। ਜ਼ਿਆਦਾ ਮਿਹਨਤ ਕਰਕੇ ਥੋੜ੍ਹਾ ਜਿਹਾ ਅਮੀਰ ਬਣ ਜਾਣ ਵਾਲੇ ਬੰਦੇ ਨੂੰ ਵੀ ਕਾਮਰੇਡ ਬਹੁਤ ਜਲਦੀ ਪੂੰਜੀਪਤੀ ਕਹਿਣ ਲੱਗ ਪੈਂਦੇ ਹਨ ਤੇ ਉਸ ਦੇ ਖਿਲਾਫ਼ ਹੋ ਜਾਂਦੇ ਹਨ। ਕਈ ਕਾਮਰੇਡਾਂ ਦੀ ਤਮੰਨਾ ਅਤੀ ਮਹਿੰਗੀਆਂ ਚੀਜ਼ਾਂ ਖਰੀਦਣੀਆਂ, ਆਲੀਸ਼ਾਨ ਮਕਾਨਾ 'ਚ ਰਹਿਣਾ, ਮਿਹਨਤ ਕਰਕੇ ਅਮੀਰ ਬਣੇ ਵਿਅਕਤੀਆਂ ਨਾਲ ਈਰਖਾ ਕਰਨੀ, ਮਿਹਨਤੀ ਮਾਲਕ ਮਤਾਹਿਤ ਘੱਟ ਉਜਰਤ ਤੇ ਕੰਮ ਕਰਨ ਨੂੰ ਲੁੱਟ ਘਸੁੱਟ ਕਹੀ ਜਾਣਾ ਰਹੀ ਹੈ। ਸਾਮਵਾਦੀ ਕਈ ਵਾਰ ਕਿਸੇ ਕੇਸ ਦੀ ਢੁੱਕਵੀਂ ਪੜਚੋਲ ਕੀਤੇ ਬਗ਼ੈਰ ਹੀ ਕਾਰੋਬਾਰਾਂ ਦੇ ਖਿਲਾਫ਼ ਵੀ ਹੁੰਦੇ ਦੇਖੇ ਗਏ ਹਨ। ਜਿੱਥੋਂ ਤੱਕ ਪ੍ਰਗਤੀਵਾਦ ਦਾ ਸਵਾਲ ਏ ਇਹ ਵਧੀਆ ਵਿਚਾਰਧਾਰਾ ਏ। ਵਧੀਆ ਕਾਮਰੇਡ ਹਮੇਸ਼ਾ ਪ੍ਰਗਤੀਵਾਦੀ ਹੁੰਦੇ ਹੀ ਹਨ, ਘਟੀਆ ਕਾਮਰੇਡ ਪ੍ਰਸਤੀਵਾਦੀ ਨਹੀਂ ਹੋ ਸਕਦੇ। ਸਾਮਵਾਦ ਤੇ ਪ੍ਰਗਤੀਵਾਦ (Communism and Progressivism) ਵੀ ਇਵੇਂ ਹੀ ਹਨ ਜਿਵੇਂ ਸਿਆਸਤ ਤੇ ਨੀਤੀਵੇਤਾਵਾਦ (Politics and Statesmanship)। ਜਿਵੇਂ ਨੀਤੀਵੇਤਾਵਾਦ ਸਿਆਸਤ ਦਾ ਸੁਧਰਿਆ ਰੂਪ ਏ, ਓਵੇਂ ਹੀ ਪ੍ਰਗਤੀਵਾਦ ਸਾਮਵਾਦ ਦਾ ਸੁਧਰਿਆ ਰੂਪ ਏ। ਮਿਸਾਲ ਦੇ ਤੌਰ ਤੇ ਬੰਗਾਲ ਦਾ ਜਯੋਤੀ ਵਾਸੂ ਕਾਮਰੇਡ ਹੁੰਦਾ ਹੋਇਆ ਪ੍ਰੋਗਰੈਸਿਵ ਵੀ ਸੀ। ਕੁੱਝ ਗਿਣਤੀ ਦੇ ਕਾਮਰੇਡ ਅਜਿਹੇ ਵੀ ਹਨ, ਜੋ ਸੱਚਮੁੱਚ ਹੀ ਮਿਹਨਤਕਸ਼ ਹਨ ਤੇ ਸੱਚੇ ਸੁੱਚੇ ਮਿਹਨਤਕਸ਼ਾਂ ਦੇ ਹਮਦਰਦ ਵੀ ਹਨ। ਮੇਰੇ ਨਾਲ ਦੇ ਪਿੰਡ ਦਾ ਕਾਮਰੇਡ ਵਰਿਆਮ ਸਿੰਘ ਮਾੜਾ ਮੋਟਾ ਕਾਮਰੇਡ ਤਾਂ ਹੈ ਪ੍ਰਗਰੈਸਿਵ ਬਿਲਕੁਲ ਵੀ ਨਹੀਂ। ਵਰਿਆਮ ਸਿੰਘ ਦਾ ਆਪਣੇ ਲੜਕਿਆਂ ਨੂੰ ਅਮਰੀਕਾ ਅਤੇ ਆਸਟਰੇਲੀਆ ਵਿਚ

ਸੈੱਟ ਕਰਵਾਉਣ ਲਈ ਹਰ ਸਮੇਂ ਜ਼ੋਰ ਲੱਗਾ ਰਹਿੰਦਾ ਏ। ਆਪਣੇ ਪਾਸ ਜ਼ਮੀਨ ਦੇ ਕਈ ਖੇਤ ਹਨ। ਪਿੰਡ ਦੇ ਸਾਧਾਰਨ ਦੁਕਾਨਦਾਰ ਲਾਲਾ ਖਰੈਤੀ ਲਾਲ ਨੂੰ ਐਵੇਂ ਪੂੰਜੀਪਤੀ ਕਹੀ ਜਾਉ। ਪ੍ਰਧਾਨ ਮੰਤਰੀ ਲਾਲ ਬਹਾਦਰ ਸਾਸ਼ਤਰੀ ਕਾਂਗਰਸੀ ਹੁੰਦੇ ਹੋਇਆਂ ਵੀ ਕਾਮਰੇਡ ਲਗਦਾ ਰਹਿੰਦਾ ਏ। ਇੱਥੇ ਕਈ ਐਸੇ ਕਾਮਰੇਡ ਹਨ ਜਾਂ ਹੋਏ ਹਨ ਜਿਹੜੇ ਆਪਣੇ-ਆਪ ਨੂੰ ਕਾਮਰੇਡ ਅਖਵਾਉਂਦੇ ਸਨ ਪਰ ਕਾਮਰੇਡ ਲਗਦੇ ਬਹੁਤ ਘੱਟ ਹਨ।

ਸਵਾਲ —ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆਂ ਦੇ ਅਗਾਂਹਵਧੂ ਦੇਸਾਂ ਵਿਚ ਲੋਕਰਾਜੀ ਢਾਚਾ ਪੂਰਾ ਕਾਮਯਾਬ ਏ। ਕੀ ਇਹ ਭਾਰਤ ਵਿਚ ਵੀ ਪੂਰਾ ਕਾਮਯਾਬ ਏ? ਕੀ ਭਾਰਤੀ ਲੋਕਰਾਜੀ ਢਾਂਚੇ ਵਿਚ ਕੁਝ ਕਮੀਆਂ ਵੀ ਹਨ?

ਜਵਾਬ —ਸਾਡੇ ਦੇਸ਼ ਦੇ ਲੋਕਰਾਜੀ ਢਾਂਚੇ ਵਿਚ ਕੁਝ ਕਮੀਆਂ ਜ਼ਰੂਰ ਹਨ ਫਿਰ ਵੀ ਇਹ ਢਾਂਚਾ ਕਾਮਯਾਬ ਏ। ਇਸ ਦਾ ਸਭ ਤੋਂ ਵੱਡਾ ਗੁਣ ਇਹ ਰਿਹਾ ਹੈ ਕਿ ਸਰਕਾਰਾਂ ਬਿਨਾਂ ਕਿਸੇ ਖ਼ੂਨ ਖਰਾਬੇ ਦੇ ਬਦਲਦੀਆਂ ਰਹੀਆਂ ਹਨ। ਇਕ ਪ੍ਰਧਾਨ ਮੰਤਰੀ ਚਲਾ ਜਾਂਦਾ ਏ, ਦੂਜਾ ਆਪਣੀ ਮੰਡਲੀ ਲੈ ਕੇ ਆ ਜਾਂਦਾ ਏ। ਇੰਨੀ ਖ਼ੂਬਸੂਰਤ ਤਬਦੀਲੀ ਲੋਕਰਾਜ ਦੀ ਹੀ ਦੇਣ ਏ। ਭਾਰਤ ਜਿਹੇ ਦੇਸ਼ਾਂ ਵਿਚ ਲੋਕਰਾਜੀ ਢਾਂਚੇ ਦੀਆਂ ਕੁਝ ਕਮੀਆਂ ਵੀ ਹਨ। ਸ਼ਾਤਰ ਦਿਮਾਗ਼ ਲੋਕ ਕਈ ਵਾਰ ਗ਼ਰੀਬ ਲੋਕਾਂ ਨੂੰ ਖਰੀਦ ਕੇ ਆਪਣੇ ਮਗਰ ਲਗਾ ਲੈਂਦੇ ਹਨ ਤੇ ਨੇਤਾ ਬਣ ਜਾਂਦੇ ਹਨ। ਇਹ ਢਾਂਚਾ ਇੰਨਾ ਢਿੱਲਾ ਚਲਦਾ ਏ ਕਿ ਭ੍ਰਿਸ਼ਟਾਚਾਰ ਆਰਾਮ ਨਾਲ ਹੁੰਦਾ ਰਹਿੰਦਾ ਏ। ਕਈ ਵਾਰ ਫੜ ਵੀ ਹੋ ਜਾਂਦਾ ਏ, ਫਿਰ ਵੀ ਧੋ ਹੋ ਜਾਂਦਾ ਏ। ਭਾਰਤੀ ਲੋਕਰਾਜੀ ਢਾਂਚੇ ਨੇ ਇਕ ਖਾਸ ਚੀਜ਼ ਨੂੰ ਵੀ ਜਨਮ ਦਿੱਤਾ ਏ। ਇਹ ਖਾਸ ਚੀਜ਼ ਏ-ਅਕਾਦਮਿਕ ਸਰਪੰਚੀਆਂ। ਮੁਢਲੇ ਅਕਾਦਮਿਕ ਢਾਂਚੇ ਤੋਂ ਲੈ ਕੇ ਸਿਖਰਲੇ ਅਕਾਦਮਿਕ ਢਾਂਚੇ ਤੱਕ ਅਕਾਦਮਿਕ ਸਰਪੰਚੀਆਂ ਦਾ ਪਰਕੋਪ ਇੱਥੇ ਬਣਿਆ ਹੀ ਰਹਿੰਦਾ ਏ। ਅਨਪੜ੍ਹਤਾ ਅਤੇ ਦਰਿਦਰਤਾ ਭਰੇ ਸਮਾਜ ਵਿਚ ਲੋਕਤੰਤਰ ਇਕ ਸਰਾਪ ਏ। ਅਨਪੜ੍ਹ ਅਤੇ ਘਟੀਆ ਨੇਤਾ ਇੱਥੇ ਅਕਾਦਮਿਕ ਸੀਟਾਂ ਤੇ ਬੰਦੇ ਬਿਠਾਉਂਦੇ ਹਨ। ਇਕ ਸਮਾਂ ਸੀ ਜਦ ਇੱਥੇ ਅਕਾਦਮਿਕ ਸਖਸ਼ੀਅਤਾਂ ਨੂੰ ਸਤਿਕਾਰ ਦੇਣ ਨੂੰ ਮਨ ਕਾਹਲਾ ਪੈਂਦਾ ਹੁੰਦਾ ਸੀ। ਆਦਮੀ ਅਕਾਦਮਿਕ ਸਖਸ਼ੀਅਤਾਂ ਦੇ ਪੈਰੀਂ ਹੱਥ ਲਾਉਣ ਤੱਕ ਜਾਂਦਾ ਸੀ। ਹੁਣ ਬੰਦਾ ਸੋਚਦਾ ਏ, ਉਨ੍ਹਾਂ ਤੋਂ ਪਰ੍ਹੇ-ਪਰ੍ਹੇ ਰਹਿ ਕੇ ਲੰਘ ਜਾਇਆ ਜਾਵੇ ਤਾਂ ਠੀਕ ਏ। ਕਾਲਜਾਂ ਦੇ ਪ੍ਰਿੰਸੀਪਲ ਤੇ ਯੂਨੀਵਰਸਿਟੀਆਂ ਦੇ ਉੱਚ ਅਧਿਕਾਰੀ ਉੱਚ ਪੱਧਰ ਦੇ ਸਿੱਖਿਆ ਸ਼ਾਸ਼ਤਰੀ ਹੋਇਆ ਕਰਦੇ ਸਨ। ਭਾਰਤ ਵਿਚ ਗੋਰਿਆਂ ਦੇ ਰਾਜ ਸਮੇਂ ਇਹ ਸਿੱਖਿਆ ਸ਼ਾਸ਼ਤਰੀ ਪੂਜਣਯੋਗ ਸਖਸ਼ੀਅਤਾਂ ਹੋਇਆ ਕਰਦੇ ਸਨ। ਲੋਕਤੰਤਰ ਦੀ ਆਮਦ ਨਾਲ ਇਹ ਵਿਅਕਤੀ ਜ਼ਿਆਦਾਤਰ ਘਟੀਆ ਸਿਆਸਤਦਾਨਾਂ ਦੀ ਦਖ਼ਲ-ਅੰਦਾਜ਼ੀ ਨਾਲ ਚੁਣ ਹੋਣ ਲੱਗ ਪਏ ਹਨ। ਇਸ ਦਖ਼ਲਅੰਦਾਜ਼ੀ ਕਾਰਨ ਇਹ ਪਦਵੀਆਂ ਨਿਰੀਆਂ ਸਰਪੰਚੀਆਂ ਹੋ ਨਿੱਬੜੀਆਂ ਹਨ। ਭਾਵੇਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਇਨ੍ਹਾਂ ਪਦਵੀਆਂ ਤੇ ਬੈਠਣ ਵਾਲੇ ਵਿਅਕਤੀਆਂ ਲਈ ਪੀ.ਐਚ.ਡੀ. ਜਿਹੀਆਂ ਉੱਚ ਕਿਸਮ ਦੀਆਂ ਡਿਗਰੀਆਂ ਜ਼ਰੂਰੀ ਕਰ ਦਿੱਤੀਆਂ ਹਨ ਪ੍ਰੰਤੂ ਇਹ ਕੋਈ ਨਹੀਂ ਸੋਚਦਾ ਕਿ ਕੁਝ ਮਜ਼ਮੂਨਾਂ ਵਿਚ ਇਹ ਉੱਚ ਡਿਗਰੀਆਂ ਸੌਖੀਆਂ ਪ੍ਰਾਪਤ ਹੋ ਜਾਂਦੀਆਂ ਹਨ ਤੇ ਕੁਝ ਵਿਚ ਬਹੁਤ ਔਖੀਆਂ ਮਿਲਦੀਆਂ ਹਨ। ਮਿਸਾਲ ਦੇ ਤੌਰ ਤੇ ਭਾਰਤ ਦੀਆਂ ਪ੍ਰਾਂਤਕ ਭਾਸ਼ਾਵਾਂ ਵਿਚ ਇਹ ਡਿਗਰੀਆਂ ਬਹੁਤ

ਹੀ ਸੌਖੀਆਂ ਮਿਲ ਜਾਂਦੀਆਂ ਹਨ। ਅੰਗਰੇਜ਼ੀ, ਸਾਇੰਸ ਅਤੇ ਕਾਮਰਸ ਆਦਿ ਦੇ ਵਿਸ਼ਿਆਂ ਵਿਚ ਇਹ ਡਿਗਰੀਆਂ ਬੜੀਆਂ ਹੀ ਔਖੀਆਂ ਪ੍ਰਾਪਤ ਹੁੰਦੀਆਂ ਹਨ। ਕਿੰਨੀ ਹਾਸੋਹੀਣੀ ਗੱਲ ਏ ਕਿ ਪ੍ਰਾਂਤਕ ਭਾਸ਼ਾਵਾਂ ਵਿਚ ਪੀ.ਐਚ.ਡੀ. ਪ੍ਰਾਪਤ ਲੋਕ ਧੜਾਧੜ ਉੱਚੀਆਂ ਪਦਵੀਆਂ ਤੇ ਨਿਯੁਕਤ ਹੋਈ ਜਾਂਦੇ ਹਨ। ਸਾਇੰਸ ਅਤੇ ਅੰਗਰੇਜ਼ੀ ਜਿਹੇ ਮਜ਼ਮੂਨਾਂ ਵਾਲੇ ਲੋਕ ਅਤਿ ਮਿਹਨਤੀ ਅਤੇ ਅਤਿ ਗਿਆਨਵਾਨ ਹੋਣ ਦੇ ਬਾਵਜੂਦ ਵੀ ਇਨ੍ਹਾਂ ਪਦਵੀਆਂ ਲਈ ਅਰਜ਼ੀ ਦੇਣ ਦੇ ਕਾਬਲ ਵੀ ਨਹੀਂ ਹਨ। ਘਟੀਆ ਲੋਕਤੰਤਰੀ ਢਾਂਚੇ ਵਿਚ ਸਿਆਸਤਦਾਨਾਂ ਦੀ ਹਰ ਥਾਂ ਦਖ਼ਲਅੰਦਾਜ਼ੀ ਹੋਣੀ ਹੀ ਹੁੰਦੀ ਏ। ਸਿਅਸਤਦਾਨ ਭਾਵੇਂ ਪੜ੍ਹਿਆ ਲਿਖਿਆ ਤੇ ਸਿਆਣਾ ਹੋਵੇ ਤੇ ਭਾਵੇਂ ਅਨਪੜ੍ਹ ਤੇ ਬੇਵਕੂਫ਼, ਇੱਥੇ ਦੇਵਤਾ ਸਮਾਨ ਸਮਝਿਆ ਜਾਣ ਲੱਗ ਪੈਂਦਾ ਏ। ਇਕ ਵਾਰ ਪੰਜਾਬ ਦਾ ਇਕ ਐਸਾ ਸਿਆਸਤਦਾਨ ਖੇਤੀਬਾੜੀ ਮੰਤਰੀ ਲਗਾ ਦਿੱਤਾ ਗਿਆ ਸੀ ਜਿਸ ਨੂੰ ਖੇਤੀ ਬਾੜੀ ਬਾਰੇ ਕੋਈ ਗਿਆਨ ਹੀ ਨਹੀਂ ਸੀ। ਉਹ ਇਕ ਗੰਨਾ ਮਿੱਲ੍ਹ ਵਿਚ ਕਿਸਾਨਾਂ ਨਾਲ ਗੱਲਬਾਤ ਕਰਨ ਗਿਆ। ਗੱਲ ਗੰਨੇ ਦੇ ਝਾੜ ਦੀ ਚੱਲੀ।

"ਕਮਾਦੀ ਦਾ ਝਾੜ ਘੱਟ ਹੁੰਦਾ ਏ, ਮੋਢਾ ਕਮਾਈ ਦਾ ਝਾੜ ਜ਼ਿਆਦਾ ਹੁੰਦਾ ਏ", ਇਕ ਕਿਸਾਨ ਝਾੜ ਤੇ ਚਾਨਣਾ ਪਾਉਣ ਲੱਗਿਆ।

ਮੰਤਰੀ ਜੀ ਬੋਲੇ, "ਫਿਰ ਤੁਸੀਂ ਕਮਾਦੀ ਨਾ ਬੀਜਿਆ ਕਰੋ, ਮੋਢਾ ਕਮਾਦੀ ਹੀ ਬੀਜ ਲਿਆ ਕਰੋ।"

ਮੰਤਰੀ ਨੂੰ ਕਮਾਦੀ ਅਤੇ ਮੋਢਾ ਕਮਾਦੀ ਦੇ ਫ਼ਰਕ ਤੱਕ ਦਾ ਵੀ ਪਤਾ ਨਹੀਂ ਸੀ। ਉਸ ਨੂੰ ਇਹ ਪਤਾ ਤੱਕ ਹੀ ਨਹੀਂ ਸੀ ਕਿ ਮੋਢਾ ਕਮਾਦੀ ਕਮਾਦ ਦੇ ਪਹਿਲੇ ਲੌਅ ਤੋਂ ਬਾਅਦ ਬਣਦੀ ਏ। ਜਿਸ ਆਦਮੀ ਨੂੰ ਖੇਤੀਬਾੜੀ ਬਾਰੇ ਮੁਢਲਾ ਗਿਆਨ ਵੀ ਨਹੀਂ ਉਸਨੂੰ ਖੇਤੀਬਾੜੀ ਮੰਤਰੀ ਲਗਾ ਦੇਣਾ ਹਾਸੋਹੀਣੀ ਗੱਲ ਏ। ਇਸੀ ਪ੍ਰਕਾਰ ਇੱਥੇ ਵਿੱਦਿਆ ਮੰਤਰੀ ਵੀ ਐਸੇ ਲਗਾ ਦਿੱਤੇ ਜਾਂਦੇ ਹਨ ਜਿਹੜੇ ਖ਼ੁਦ ਚੱਜ ਨਾਲ ਪੜ੍ਹੇ ਲਿਖੇ ਹੀ ਨਹੀਂ ਹਨ। ਇਸੀ ਪ੍ਰਕਾਰ ਦੇ ਮੰਤਰੀ ਅਤੇ ਮੁੱਖ ਮੰਤਰੀ ਇੱਥੇ ਵਿਸ਼ਵ ਵਿਦਿਆਲਿਆਂ ਦੇ ਉੱਚ ਅਧਿਕਾਰੀ ਤੱਕ ਨਿਯੁਕਤ ਕਰਦੇ ਹਨ। ਇਸ ਤੋਂ ਹੇਠਲੀਆਂ ਨਿਯੁਕਤੀਆਂ ਦੀ ਤਾਂ ਗੱਲ ਹੀ ਛੱਡੋ।

ਪਿੰਡਾਂ ਵਿਚ ਪੰਚਾਇਤਾਂ ਨੂੰ ਪ੍ਰਾਇਮਰੀ ਸਕੂਲ ਦੇ ਅਧਿਆਪਕ ਨਿਯੁਕਤ ਕਰਨ ਦੇ ਅਧਿਕਾਰ ਦਿੱਤੇ ਜਾ ਰਹੇ ਹਨ। ਅਨਪੜ੍ਹ ਪੰਚ ਸਰਪੰਚ ਕੋਈ ਵੀ ਆਪਣਾ ਕਹਿਣੇਕਾਰ ਅਧਿਆਪਕ ਲਗਾ ਦਿਆ ਕਰਨਗੇ। ਪ੍ਰਾਈਵੇਟ ਅਦਾਰਿਆਂ ਵਿਚ ਵੀ ਲੋਕਤੰਤਰੀ ਢਾਂਚੇ ਨੇ ਦਖ਼ਲ ਦੇ ਕੇ ਪੂਰਾ ਬੇੜਾ ਗਰਕ ਕਰ ਦਿੱਤਾ ਏ। ਅਨਪੜ੍ਹ ਕਮੇਟੀ ਮੈਂਬਰ ਕਾਲਜਾਂ ਦੇ ਪ੍ਰੋਫੈਸਰ ਤੇ ਪ੍ਰਿੰਸੀਪਲ ਨਿਯੁਕਤ ਕਰਦੇ ਹਨ। ਭਾਵੇਂ ਪੈਨਲ ਵਿਚ ਮਜ਼ਮੂਨ ਦੇ ਮਾਹਰ ਵੀ ਬੈਠੇ ਹੋਣ ਫਿਰ ਵੀ ਆਖ਼ਰ ਵਿਚ ਕਮੇਟੀ ਦੇ ਪ੍ਰਤੀਨਿਧ ਤੋਂ ਪੁੱਛ ਕੇ ਹੀ ਆਖ਼ਰੀ ਫ਼ੈਸਲਾ ਲਿਆ ਜਾਂਦਾ ਏ।

ਸਵਾਲ – (ਗੱਲ ਚਲਦੀ ਨੂੰ ਕੱਟ ਕੇ ਮੈਥੋਂ ਬੋਲਣੋਂ ਨਾ ਰਿਹਾ ਗਿਆ।) ਤੁਹਾਨੂੰ ਘੱਟ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਇਨ੍ਹਾਂ ਚੀਜ਼ਾਂ ਦਾ ਬੜਾ ਇਲਮ ਏ!

ਜਵਾਬ – ਭਾਵੇਂ ਖ਼ੁਦ ਮੈਂ ਜ਼ਿਆਦਾ ਨਹੀਂ ਪੜ੍ਹਿਆ ਪਰ ਮੈਂ ਅੰਤਾਂ ਦੇ ਪੜ੍ਹੇ ਲਿਖੇ ਤੇ ਹੰਢੇ ਹੋਏ ਲੋਕਾਂ ਵਿਚ ਰਿਹਾ ਹਾਂ। ਮੇਰੇ ਇਕ ਦੋਸਤ ਦੀ ਲੜਕੀ ਨੇ ਇਤਿਹਾਸ ਦੀ

ਐਮ.ਏ.ਐਮ.ਫਿਲ ਕੀਤੀ ਹੋਈ ਸੀ। ਲੜਕੀ ਬੜੀ ਲਾਇਕ ਸੀ ਪਰ ਸੁਭਾਅ ਦੀ ਕੁਝ ਸੰਗਾਊ ਸੀ। ਇਕ ਪ੍ਰਾਈਵੇਟ ਕਾਲਜ ਵਿਚ ਲੈਕਚਰਾਰ ਦੀ ਅਸਾਮੀ ਲਈ ਉਸਦੀ ਇੰਟਰਵਿਊ ਹੋਈ। ਪੈਨਲ ਵਿਚ ਵਿਸ਼ੇ ਦੇ ਮਾਹਰ ਨੇ ਸਵਾਲ ਪੁੱਛੇ ਤੇ ਲੜਕੀ ਨੇ ਠੀਕ ਜਵਾਬ ਦੇ ਦਿੱਤੇ। ਬੋਲਣ ਸਮੇਂ ਲੜਕੀ ਕੁਝ ਝਿਜਕਦੀ ਜ਼ਰੂਰ ਸੀ ਪਰ ਜਵਾਬ ਸਹੀ ਦੇ ਰਹੀ ਸੀ। ਪੈਨਲ ਵਿਚ ਕਮੇਟੀ ਦਾ ਮੈਨੇਜਰ ਵਿਸ਼ੇਸ਼ ਪ੍ਰਤੀਨਿਧ ਦੇ ਤੌਰ 'ਤੇ ਬੈਠਾ ਹੋਇਆ ਸੀ। ਇਹ ਬੁੱਢਾ ਬੰਦਾ ਚਾਰ ਕੁ ਜਮਾਤਾਂ ਪੜ੍ਹਿਆ ਹੋਇਆ ਸੀ, ਕਹਿਣ ਲੱਗਾ :-

"ਬੀਬਾ, ਅਗਰ ਤੂੰ ਚਾਰ-ਪੰਜ ਸ਼ਰੀਫ਼ਾਂ ਮੂਹਰੇ ਖੁੱਲ੍ਹ ਕੇ ਨਹੀਂ ਬੋਲ ਸਕਦੀ ਤਾਂ ਜਮਾਤ ਵਿਚ ਬੈਠੇ 60-70 ਗੁੰਡਿਆਂ ਮੂੰਹਰੇ ਕਿਵੇਂ ਬੋਲੇਂਗੀ?"

ਸ਼ਾਨਦਾਰ ਅਕਾਦਮਿਕ ਕੈਰੀਅਰ ਬੁੱਢੇ ਦੀ ਘਟੀਆ ਜਿਹੀ ਸਟੇਟਮੈਂਟ ਨੇ ਮਿੱਟੀ ਵਿਚ ਮਿਲਾ ਦਿੱਤਾ। ਲਾਇਕ ਲੜਕੀ ਨੂੰ ਛੱਡ ਕੇ ਇਕ ਅੱਖੜ ਜਿਹਾ ਸਿਫਾਰਸ਼ੀ ਭਰਤੀ ਕਰ ਲਿਆ ਗਿਆ ਕਿਉਂਕਿ ਇਸ ਅੱਖੜ ਦੀ ਕਿਸੇ ਖਾਸ ਸਿਆਸੀ ਬੰਦੇ ਤੱਕ ਪਹੁੰਚ ਸੀ। ਇਹ ਅੱਖੜ ਤੇ ਉਹ ਸਿਆਸੀ ਬੰਦਾ ਇਕ ਹੀ ਸਾਧ ਦੇ ਡੇਰੇ ਜਾਇਆ ਕਰਦੇ ਸਨ। ਸਾਧ ਨੇ ਸਿਆਸੀ ਬੰਦੇ ਪਾਸ ਇਸ ਦੀ ਸਿਫਾਰਸ਼ ਕੀਤੀ ਸੀ। ਇਸ ਪ੍ਰਕਾਰ ਮੈਂ ਅਸਲੀ ਲੋਕਰਾਜੀ ਕਦਰਾਂ-ਕੀਮਤਾਂ ਦਾ ਦੀਵਾਲਾ ਨਿਕਲਦਾ ਕਈ ਵਾਰ ਦੇਖਿਆ ਤੇ ਸੁਣਿਆ ਏ। ਮੇਰੇ ਆਪਣੇ ਮਹਿਕਮੇ ਵਿਚ ਕਈ ਓਵਰਸੀਅਰ ਤੇ ਇੰਜਨੀਅਰ ਵੀ ਇਸ ਪ੍ਰਕਾਰ ਹੀ ਭਰਤੀ ਕੀਤੇ ਹੋਏ ਸਨ। ਮੈਂ ਇਨ੍ਹਾਂ ਵਿਚੋਂ ਕਈਆਂ ਨਾਲ ਆਢੇ ਵੀ ਲਏ ਸਨ। ਲੋਕ ਰਾਜ ਅਸਲ ਵਿਚ ਉਨ੍ਹਾਂ ਦੇਸ਼ਾਂ ਵਿਚ ਕਾਮਯਾਬ ਏ ਜਿੱਥੇ ਲੋਕ ਪੜ੍ਹੇ ਲਿਖੇ ਤੇ ਜਾਗਰਤ ਹਨ। ਮੂਰਖਾਂ ਨੂੰ ਦੇਵਤਿਆਂ ਵਾਲੇ ਅਧਿਕਾਰ ਦੇ ਦੇਣ ਨਾਲ ਅਧਿਕਾਰਾਂ ਦਾ ਦੀਵਾਲਾ ਨਿਕਲ ਜਾਂਦਾ ਏ। ਮੇਰੇ ਇਕ ਦੋਸਤ ਦਾ ਲੜਕਾ ਚੰਡੀਗੜ੍ਹ ਤੋਂ ਚੰਗਾ ਪੜ੍ਹ ਲਿਖ ਕੇ ਆਸਟਰੇਲੀਆ ਚਲਾ ਗਿਆ ਸੀ। ਉਸ ਨੂੰ ਉਥੇ ਜਾ ਕੇ ਕਈ ਸਾਲ ਮਿਹਨਤ ਕਰਕੇ ਕਈ ਟੈਸਟ ਪਾਸ ਕਰਨੇ ਪਏ। ਟੈਸਟਾਂ ਵਿਚੋਂ ਉਹ ਫੇਲ੍ਹ ਵੀ ਹੁੰਦਾ ਰਿਹਾ। ਸੁਣਿਆ ਏ, ਉਹਨਾਂ ਦੇਸ਼ਾਂ ਵਿਚ ਪਿਛਲੇ ਗੁਪਤ ਦਰਵਾਜ਼ੇ ਰਾਹੀਂ ਬੰਦੇ ਜਾਬਾਂ ਲਈ ਭਰਤੀ ਨਹੀਂ ਕੀਤੇ ਜਾਂਦੇ। ਗੋਰੇ ਜ਼ਿਆਦਾਤਰ ਬੰਦੇ ਦੀ ਕਾਬਲੀਅਤ ਦੇਖਦੇ ਹਨ। ਨਿਯੁਕਤੀਆਂ ਦੇ ਮਾਮਲੇ ਵਿਚ ਉਥੇ ਬਾਹਰਲੇ ਬੰਦੇ ਕੋਈ ਦਖ਼ਲਅੰਦਾਜ਼ੀ ਨਹੀਂ ਕਰਦੇ। ਇਸ ਪ੍ਰਕਾਰ ਦੀਆਂ ਥਾਵਾਂ ਤੇ ਲੋਕਰਾਜੀ ਢਾਂਚਾ ਬਹੁਤ ਹੀ ਕਾਮਯਾਬ ਏ।

ਲੋਕਰਾਜੀ ਢਾਂਚੇ ਦੀ ਮੈਂ ਤੈਨੂੰ ਇਕ ਹੋਰ ਕਰਤੂਤ ਦੱਸਦਾ ਹਾਂ। ਮੇਰੇ ਪਿੰਡ ਦੇ ਨਾਲ ਲਗਦੇ ਪਿੰਡ ਵਿਚ ਇਕ ਕੈਨੇਡਾ ਵਿਚ ਰਹਿੰਦੇ ਬੰਦੇ ਨੇ ਹਸਪਤਾਲ ਬਣਾਉਣਾ ਸ਼ੁਰੂ ਕੀਤਾ। ਕਾਫ਼ੀ ਸਾਰੇ ਪੈਸੇ ਇਸ ਦਾਨੀ ਨੇ ਹਸਪਤਾਲ ਨੂੰ ਆਪ ਦਾਨ ਕਰ ਦਿੱਤੇ। ਇਸ ਨੇ ਕਾਫ਼ੀ ਸਾਰੀ ਉਗਰਾਹੀ ਹੋਰ ਲੋਕਾਂ ਪਾਸੋਂ ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਿਚ ਕੀਤੀ। ਪ੍ਰਾਜੈਕਟ ਕਾਫ਼ੀ ਵੱਡਾ ਸੀ। ਇਸ ਨੂੰ ਪੂਰਾ ਕਰਨ ਲਈ ਇਸ ਆਦਮੀ ਨੂੰ ਇਲਾਕੇ ਦੇ ਪਿੰਡਾਂ ਵਿਚ ਘੁੰਮ-ਘੁੰਮ ਕੇ ਉਗਰਾਹੀ ਵੀ ਕਰਨੀ ਪਈ। ਭਾਵੇਂ ਇਹ ਵਿਅਕਤੀ ਪੰਜਾਬੀ ਜੱਟ ਸੀ ਪ੍ਰੰਤੂ ਕੈਨੇਡਾ ਵਿਚ ਲੰਮਾ ਸਮਾਂ ਰਹਿਣ ਕਰਕੇ ਇਸ ਉੱਤੇ ਇਸਾਈ ਮਿਸ਼ਨਰੀਆਂ ਦਾ ਬੜਾ ਪ੍ਰਭਾਵ ਸੀ। ਹਸਪਤਾਲ ਬਣਵਾ ਕੇ ਲੋਕਾਂ ਦੀ ਸੇਵਾ ਕਰਨਾ ਇਹ ਵਿਅਕਤੀ ਆਪਣਾ ਧਰਮ ਸਮਝਦਾ ਸੀ। ਪਿੱਛੇ ਜਿਹੇ ਜਦੋਂ ਮੈਂ ਪਿੰਡ ਗਿਆ ਤਾਂ ਮੈਂ ਦੇਖਿਆ ਕਿ ਇਹ ਆਦਮੀ ਸਾਡੇ ਪਿੰਡ ਵਿਚੋਂ ਵੀ ਉਗਰਾਹੀ ਕਰ ਰਿਹਾ ਸੀ। ਇਹ ਅੰਤਾਂ ਦੇ ਪ੍ਰਾਈਵੇਟ ਅਦਾਰਿਆਂ ਵਿਚ

ਘੁੰਮਿਆ। ਜੋ ਪੈਸਾ ਵੀ ਇਸ ਇਕੱਠਾ ਕੀਤਾ ਉਹ ਸਾਰੇ ਦਾ ਸਾਰਾ ਇਸ ਨੇ ਹਸਪਤਾਲ ਬਣਵਾਉਣ ਤੇ ਲਗਾ ਦਿੱਤਾ। ਹਸਪਤਾਲ ਵਿਚ ਚੰਗੇ ਤੋਂ ਚੰਗੇ ਡਾਕਟਰ ਰੱਖੇ ਗਏ। ਇਲਾਕੇ ਵਿਚ ਹਸਪਤਾਲ ਪੂਰਾ ਮਸ਼ਹੂਰ ਹੋ ਗਿਆ। ਸਰਕਾਰ ਦੀ ਕਿਸੇ ਪਾਲਿਸੀ ਤਹਿਤ ਇਸ ਹਸਪਤਾਲ ਉੱਤੇ ਇਕੱਲੇ ਵਿਅਕਤੀ ਦੀ ਸਰਪ੍ਰਸਤੀ ਖ਼ਤਮ ਕਰ ਦਿੱਤੀ ਗਈ। ਇਸ ਵਾਸਤੇ ਟਰੱਸਟ ਬਣਾਉਣਾ ਜ਼ਰੂਰੀ ਕਰ ਦਿੱਤਾ ਗਿਆ। ਤੁਸੀਂ ਜਾਣਦੇ ਹੋ ਲੋਕਰਾਜੀ ਢਾਂਚੇ ਵਿਚ ਟਰੱਸਟ ਬਣਨੇ ਜ਼ਰੂਰੀ ਹਨ, ਇਕ ਵਿਅਕਤੀ ਦੀ ਅਜਾਰਾਦਾਰੀ ਨਹੀਂ ਚੱਲ ਸਕਦੀ। ਟਰੱਸਟ ਬਣਦੇ ਸਾਰ ਹੀ ਇਸ ਹਸਪਤਾਲ ਵਿਚ ਭੁੰਗ ਭੁੱਜਣ ਲੱਗ ਪਈ ਏ। ਮੈਂਬਰਾਂ ਨੇ ਅਸਲੀ ਮੁੱਢਲੇ ਦਾਨੀ ਮਹਾਂਪੁਰਸ਼ ਨੂੰ ਬਾਹਰ ਕੱਢ ਮਾਰਿਆ ਤੇ ਆਪ ਮੂਹਰੀ ਬਣ ਕੇ ਬੈਠ ਗਏ। ਹੁਣ ਉੱਥੇ ਡਾਕਟਰ ਵੀ ਸਿਫਾਰਸ਼ੀ ਰੱਖੇ ਜਾ ਰਹੇ ਹਨ। ਉੱਥੋਂ ਦੇ ਹੋਰ ਕਈ ਸਕੈਂਡਲ ਵੀ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ। ਮਰੀਜ਼ਾਂ ਦੀ ਆਮਦ ਵੀ ਘਟਣ ਲੱਗ ਪਈ ਸੀ। ਅਸਲੀ ਮੋਢੀ ਮਹਾਂਪੁਰਸ਼ ਨੂੰ ਹੁਣ ਇਸ ਹਸਪਤਾਲ ਵਿਚ ਚੱਜ ਨਾਲ ਵੜਨ ਵੀ ਨਹੀਂ ਦਿੱਤਾ ਜਾਂਦਾ। ਚੋਰ ਉਚੱਕੇ ਚੌਧਰੀ ਉਸ ਮਹਾਂਪੁਰਸ਼ ਦੀ ਨਿਖੇਧੀ ਕਰਦੇ ਨਹੀਂ ਥਕਦੇ। ਟਰੇਡ ਯੂਨੀਅਨ ਵਾਲੇ ਵੀ ਉਥੇ ਢੁੱਕਣ ਲੱਗ ਪਏ ਹਨ। ਦਾਖ਼ਲ ਮਰੀਜ਼ਾਂ ਤੋਂ ਪੈਸੇ ਵੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਲਏ ਜਾ ਰਹੇ ਹਨ। ਬੜੇ ਦੁੱਖ ਦੀ ਗੱਲ ਏ ਕਿ ਲੋਕਾਂ ਦੀ ਸਹੀ ਸੇਵਾ ਕਰ ਰਿਹਾ ਅਦਾਰਾ ਮਿੱਟੀ ਵਿਚ ਮਿਲਦਾ ਜਾ ਰਿਹਾ ਏ।

ਸਵਾਲ —ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਇੱਥੇ ਕਈ ਲਹਿਰਾਂ ਚੱਲੀਆਂ ਜਿਵੇਂ ਅਕਾਲੀ ਮੋਰਚੇ, ਕਮਿਊਨਿਸਟ ਅਤੇ ਨਕਸਲਬਾੜੀ ਲਹਿਰਾਂ, ਦਰਬਾਰ ਸਾਹਿਬ ਤੇ ਹਮਲਾ, ਖਾੜਕੂਆਂ ਦੀ ਲੰਮੀ ਲੜਾਈ, ਹਿੰਦੂਵਾਦ ਦੇ ਨਾਅਰੇ ਤੇ ਰਾਮ ਜਨਮ ਭੂਮੀ ਦਾ ਮਾਮਲਾ, ਕਸ਼ਮੀਰ ਸਮੱਸਿਆ ਆਦਿ। ਇਹਨਾਂ ਲਹਿਰਾਂ ਦੀ ਸਾਰਥਕਤਾ ਬਾਰੇ ਤੁਹਾਡੇ ਕੀ ਵਿਚਾਰ ਹਨ?

ਜਵਾਬ —ਇਹ ਬੜਾ ਸੰਵੇਦਨਸ਼ੀਲ ਸਵਾਲ ਏ। ਇਸ ਦਾ ਜਵਾਬ ਚੋਖਾ ਸਮਾਂ ਮੰਗਦਾ ਏ। ਆ ਪਹਿਲਾਂ ਸਾਹਮਣੇ ਚਾਹ ਦੀ ਦੁੱਧ ਦੀ ਦੁਕਾਨ ਤੇ ਚਲੀਏ, ਚਾਹ ਪੀਈਏ, ਫਿਰ ਚੱਲ ਕੇ ਚੰਡੀਗੜ੍ਹ ਕਮਰੇ ਵਿਚ ਬੈਠਾਂਗੇ ਤੇ ਉੱਥੇ ਇਸ ਤੇ ਵਿਚਾਰ ਕਰਾਂਗੇ। ਮੈਂ ਕੱਲ੍ਹ ਨੂੰ ਆਪਣੇ ਇਕ ਪੜ੍ਹੇ ਲਿਖੇ ਦੋਸਤ ਨੂੰ ਵੀ ਆਪਣੇ ਪਾਸ ਸੱਦ ਲਵਾਂਗਾ। ਉਸ ਦਾ ਨਾਂ ਪ੍ਰੋਫੈਸਰ ਜੋਰਾ ਸਿੰਘ ਏ। ਇਕ ਕਾਲਜ ਤੋਂ ਹੁਣੇ-ਹੁਣੇ ਰੀਟਾਇਰ ਹੋਇਆ ਏ। ਉਹ ਇਸ ਪ੍ਰਕਾਰ ਦੇ ਵਿਸ਼ਿਆਂ ਵਿਚ ਬੜੀ ਦਿਲਚਸਪੀ ਰਖਦਾ ਏ। ਉਸਦੇ ਲੇਖ ਵੀ ਕਈ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ।

ਅਸੀਂ ਚਾਹ ਪੀ ਕੇ ਮੋਟਰਸਾਈਕਲ ਚੁੱਕਿਆ ਤੇ ਚੰਡੀਗੜ੍ਹ ਨੂੰ ਚੱਲ ਪਏ। ਜਾਂਦੇ-ਜਾਂਦੇ ਉਹ ਮੈਨੂੰ ਜੋਰਾ ਸਿੰਘ ਬਾਰੇ ਹੋਰ ਦੱਸਣ ਲੱਗ ਗਿਆ।

"ਜੋਰਾ ਸਿੰਘ ਰੋਪੜ ਜ਼ਿਲ੍ਹੇ ਦੇ ਇਕ ਪਛੜੇ ਪਿੰਡ ਵਿਚ ਅਨਪੜ੍ਹ ਮਾਂ-ਬਾਪ ਦੇ ਘਰ ਪੈਦਾ ਹੋਇਆ ਸੀ। ਇਸ ਪਰਿਵਾਰ ਦੀ ਜ਼ਮੀਨ ਬੜੇ ਅਜੀਬ ਤਰੀਕੇ ਨਾਲ ਵੰਡੀ ਗਈ ਸੀ। ਜੋਰਾ ਸਿੰਘ ਦਾ ਬਾਪੂ ਛੇ ਭਰਾ ਸਨ। ਇਨ੍ਹਾਂ ਦੇ ਬਾਬੇ ਦਾ ਇਕ ਭਰਾ ਸੀ। ਉਹ ਛੜਾ ਹੀ ਸੀ। ਸਾਂਝੇ ਪਰਿਵਾਰ ਕੋਲ 30 ਖੇਤ ਜ਼ਮੀਨ ਦੇ ਸਨ। ਉਸ ਸਮੇਂ ਇਹ ਪਰਿਵਾਰ ਪਿੰਡ ਵਿਚ ਹੀ ਨਹੀਂ ਬਲਕਿ ਇਲਾਕੇ ਵਿਚ ਚੰਗਾ ਖਾਂਦਾ ਪੀਂਦਾ ਪਰਿਵਾਰ ਸੀ। ਪਿੰਡ ਵਿਚ

ਬੜੀ ਗ਼ਰੀਬੀ ਸੀ। ਸਮੇਂ ਨੇ ਐਸਾ ਪਲਟਾ ਖ਼ਾਧਾ ਕਿ ਕੁਝ ਸਾਲਾਂ ਵਿਚ ਇਹ ਪਰਿਵਾਰ ਗ਼ਰੀਬ ਹੋ ਗਿਆ ਤੇ ਪਿੰਡ ਦੇ ਹੋਰ ਕਈ ਘਰ ਅਮੀਰ ਹੋ ਗਏ। ਅਸਲ ਵਿਚ ਉਸ ਸਮੇਂ ਬਾਹਰਲੇ ਦੇਸਾਂ ਨੂੰ ਜਾਣ ਦਾ ਨਵਾਂ-ਨਵਾਂ ਰੀਵਾਜ ਸ਼ੁਰੂ ਹੋ ਗਿਆ ਸੀ। ਪਿੰਡ ਦੇ ਕਈ ਪਰਿਵਾਰ ਇੰਗਲੈਂਡ ਨੂੰ ਚਲੇ ਗਏ ਸੀ। ਇਸ ਪ੍ਰਕਾਰ ਉਹ ਚੰਦ ਸਾਲਾਂ ਵਿਚ ਹੀ ਅਮੀਰ ਹੋ ਗਏ। ਇੱਧਰ ਜ਼ੋਰਾ ਸਿੰਘ ਦਾ ਬਾਪ ਅਤੇ ਚਾਚੇ ਤਾਏ ਜੁਦੇ ਹੋ ਗਏ। ਸਭ ਤੋਂ ਵੱਡਾ ਪੁਆੜਾ ਖੜ੍ਹਾ ਕੀਤਾ ਜ਼ੋਰਾ ਸਿੰਘ ਦੇ ਬਾਬੇ ਦੇ ਭਰਾ ਨੇ ਜਿਹੜਾ ਛੜਾ ਹੀ ਸੀ। ਉਸ ਨੇ ਇਨ੍ਹਾਂ ਦੇ ਬਾਬੇ ਤੋਂ ਅੱਧਾ ਮੁਰੱਬਾ ਇਕੱਲੇ ਨੇ ਹੀ ਲੈ ਲਿਆ ਤੇ ਇਨ੍ਹਾਂ ਦੇ ਇਕ ਚਾਚੇ ਦੇ ਮੁੰਡਿਆਂ ਦੇ ਨਾਮ ਲਗਾ ਦਿੱਤਾ। ਇਹ ਚਾਚਾ ਜਵਾਨ ਅਵੱਸਥਾ ਵਿਚ ਲਗਾਤਾਰ ਬਿਮਾਰ ਰਹਿਣ ਕਰਕੇ ਮਰ ਗਿਆ ਸੀ। ਇਸਦੇ ਦੋ ਲੜਕੇ ਸਨ। ਇਨ੍ਹਾਂ ਬੱਚਿਆਂ ਦੀ ਦੇਖ ਭਾਲ ਇਹ ਬੁੱਢਾ ਹੀ ਕਰਦਾ ਹੁੰਦਾ ਸੀ। ਇਸ ਪ੍ਰਕਾਰ ਜੋਰਾ ਸਿੰਘ ਦੇ ਬਾਪ ਹਿੱਸੇ ਕਿੰਨੀ ਜ਼ਮੀਨ ਆਈ?"

ਮੈਂ ਗਿਣਤੀ ਮਿਣਤੀ ਵਿਚ ਪਏ ਨੇ ਦੁਆਰਾ ਪੁੱਛਿਆ, "ਕੁਲ ਜ਼ਮੀਨ ਕਿੰਨੇ ਖੇਤ ਸਨ?"

"ਤੈਨੂੰ ਦੱਸਿਆ ਤਾਂ ਸੀ ਕਿ 30 ਖੇਤ ਸਨ।"

"ਇਸ ਦਾ ਮਤਲਬ ਇਹ ਹੋਇਆ ਕਿ 15 ਖੇਤ ਤਾਂ ਪ੍ਰੋਫੈਸਰ ਦਾ ਇਕ ਚਾਚਾ ਹੀ ਲੈ ਗਿਆ, ਬਾਕੀ ਬਚੇ 15 ਖੇਤ। ਕੀ ਮਰ ਗਏ ਚਾਚੇ ਦੇ ਮੁੰਡਿਆਂ ਨੇ ਇੱਧਰੋਂ ਵੀ 'ਛੇਵਾਂ ਹਿੱਸਾ ਲਿਆ?"

"ਉਸਦੇ ਤਾਂ ਉਹ ਹੱਕਦਾਰ ਸਨ ਹੀ। ਉਹ ਇੱਧਰੋਂ ਵੀ ਛੇਵਾਂ ਹਿੱਸਾ ਲੈ ਗਏ। ਇਸ ਪ੍ਰਕਾਰ ਉਨ੍ਹਾਂ ਪਾਸ 17 ਖੇਤਾਂ ਤੋਂ ਵੀ ਵੱਧ ਜ਼ਮੀਨ ਹੋ ਗਈ। ਜੋਰਾ ਸਿੰਘ ਦੇ ਬਾਪ ਪਾਸ ਸਿਰਫ਼ ਦੋ ਖੇਤਾਂ ਤੋਂ ਕੁਝ ਵੱਧ। ਅੱਗੇ ਜੋਰੇ ਹੋਰੀਂ ਦੋ ਭਰਾ ਹਨ। ਇਨ੍ਹਾਂ ਦੋਹਾਂ ਨੂੰ ਸਿਰਫ਼ ਇਕ ਇਕ ਖੇਤ ਤੋਂ ਥੋੜ੍ਹੀ ਵੱਧ ਜ਼ਮੀਨ ਆਈ। ਇਨ੍ਹਾਂ ਦੇ ਬਾਪ ਨੂੰ ਲੋਕਾਂ ਦੀ ਜ਼ਮੀਨ ਅੱਧ ਵਟਾਈ ਤੇ ਵਾਹੁਣੀ ਪਈ। ਜੋਰੇ ਨੇ ਵੀ ਛੋਟੇ ਹੁੰਦਿਆਂ ਆਪਣੇ ਬਾਪ ਨਾਲ ਅੰਤਾਂ ਦਾ ਖੇਤੀ ਦਾ ਕੰਮ ਕਰਾਇਆ। ਬਾਪ ਨੇ ਜੋਰੇ ਹੋਰਾਂ ਦੀਆਂ ਦੋ ਭੈਣਾਂ ਦਾ ਵਿਆਹ ਵੀ ਕੀਤਾ। ਉਹ ਸਾਰੀ ਉਮਰ ਕਰਜ਼ਈ ਰਿਹਾ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਬਾਪ ਨੇ ਜੋਰੇ ਨੂੰ ਪੜ੍ਹਨ ਤੋਂ ਹਟਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਜੋਰਾ ਪੜ੍ਹਾਈ ਵਿਚ ਸਕੂਲ ਵਿਚ ਫਸਟ ਆਇਆ ਸੀ। ਉਸ ਨੇ ਅੱਗੇ ਕਾਲਜ ਵਿਚ ਦਾਖ਼ਲਾ ਲੈਣ ਦੀ ਜਿੱਦ ਕੀਤੀ। ਬਾਪ ਨੇ ਖਰਚਾ ਦੇਣ ਤੋਂ ਨਾਂਹ ਕਰ ਦਿੱਤੀ। ਮਾਂ ਨੇ ਵਿਚ ਪੈ ਕੇ ਜੋਰੇ ਨੂੰ ਬੜੀ ਮੁਸ਼ਕਲ ਨਾਲ ਕਾਲਜ ਵਿਚ ਦਾਖ਼ਲ ਕਰਵਾਇਆ। ਕਾਲਜ ਵੀ ਸੁੱਖ ਨਾਲ ਉਸ ਸਾਲ ਨਵਾਂ-ਨਵਾਂ ਪਿੰਡ ਦੇ ਨੇੜਲੇ ਸ਼ਹਿਰ ਵਿਚ ਹੀ ਖੁੱਲ੍ਹਿਆ ਸੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਦਿਨ ਤੇ। ਜੋਰਾ ਕਾਲਜ ਵਿਚ ਪੜ੍ਹਦਾ ਹਰੇਕ ਜਮਾਤ ਵਿਚ ਫਸਟ ਡਿਵੀਜ਼ਨ ਲੈਂਦਾ ਰਿਹਾ। ਬੀ.ਏ. ਪਾਸ ਕਰਨ ਤੋਂ ਬਾਅਦ ਉਸ ਨੇ ਐਮ.ਏ. ਕਰਨ ਦੀ ਜਿੱਦ ਕੀਤੀ। ਬਾਪ ਨੇ ਬਿਲਕੁਲ ਹੱਥ ਖੜ੍ਹੇ ਕਰ ਦਿੱਤੇ। ਪਿਉ ਪੁੱਤਰ ਵਿਚ ਕੁਝ ਝਗੜਾ ਵੀ ਹੋਇਆ। ਇਕ ਭੈਣ ਭਵਵਈਏ ਨੇ ਜੋਰੇ ਦੀ ਸਹਾਇਤਾ ਕਰਨ ਦੀ ਜ਼ੁੰਮੇਵਾਰੀ ਲਈ ਤਾਂ ਕਿਤੇ ਜਾ ਕੇ ਉਹ ਇੱਥੇ ਚੰਡੀਗੜ੍ਹ ਰਹਿ ਕੇ ਅੰਗਰੇਜ਼ੀ ਦੀ ਐਮ.ਏ. ਕਰ ਸਕਿਆ। ਬਾਅਦ ਵਿਚ ਹਿਸਟਰੀ ਦੀ ਐਮ.ਏ. ਉਸ ਪ੍ਰਾਈਵੇਟ ਕੀਤੀ ਸੀ। ਚੰਡੀਗੜ੍ਹ ਦੇ ਨਜ਼ਦੀਕ ਹੀ ਉਹ ਇਕ ਕਾਲਜ ਵਿਚ ਲੈਕਚਰਾਰ

ਰਹਿ ਕੇ ਹੁਣੇ-ਹੁਣੇ ਰੀਟਾਇਰ ਹੋਇਆ ਏ। ਇੰਨੇ ਚਿਰ ਤੱਕ ਅਸੀਂ ਚੰਡੀਗੜ੍ਹ ਪਹੁੰਚ ਗਏ। ਸਮਾਂ ਕਾਫ਼ੀ ਹੋ ਗਿਆ ਸੀ। ਮੈਂ ਕੀਰਤੀ ਸਿੰਘ ਤੋਂ ਛੁੱਟੀ ਲਈ ਤੇ ਦੂਜੇ ਦਿਨ ਫਿਰ ਉਸ ਨੂੰ ਮਿਲਣ ਦਾ ਵਾਅਦਾ ਕੀਤਾ। ਮੈਂ ਉਸ ਦਿਨ ਯੂਨੀਵਰਸਿਟੀ ਵਿਚ ਕਿਸੇ ਦੋਸਤ ਪਾਸ ਹੋਸਟਲ ਵਿਚ ਰਹਿਣਾ ਸੀ। ਰਾਤ ਹੋਸਟਲ ਦੀ ਮੈੱਸ ਵਿਚ ਖਾਣਾ ਖਾਧਾ ਤੇ ਸੌਂ ਗਏ। ਜਦ ਸਵੇਰੇ ਉੱਠੇ ਤਾਂ ਸੁਣਿਆ ਬਾਹਰ ਉੱਚੀ-ਉੱਚੀ ਆਵਾਜ਼ਾਂ ਆ ਰਹੀਆਂ ਸਨ। ਇਕ ਪਾਸਿਓਂ ਆਵਾਜ਼ ਆਈ, "ਤੂੰ ਨਹੀਂ ਸਮਝਦੀ ਮੈਂ ਤੈਨੂੰ ਕਿੰਨਾ ਪਿਆਰ ਕਰਦਾ ਹਾਂ।" ਤੇ ਦੂਜੇ ਪਾਸਿਓਂ ਟੇਪ ਰਿਕਾਰਡ ਤੇ ਗੀਤ-

ਹਮ ਤੁਮ ਇਕ ਕਮਰੇ ਮੇਂ ਬੰਦ ਹੋ
ਔਰ ਚਾਬੀ ਖੋ ਜਾਏ!

ਮੈਂ ਦੋਸਤ ਨੂੰ ਪੁੱਛਿਆ ਇਹ ਕੀ ਹੋ ਰਿਹਾ ਏ। ਦੋਸਤ ਕਹਿਣ ਲੱਗਾ-"ਕਮਰੇ ਦੇ ਨਾਲ ਲਗਦਾ ਭਾਰਤੀ ਥੀਏਟਰ ਏ। ਬਲਵੰਤ ਗਾਰਗੀ ਉੱਥੇ ਇਕ ਡਰਾਮੇ ਦੀ ਰੀਹਰਸਲ ਕਰਵਾ ਰਿਹਾ ਏ। ਉਸ ਨੇ ਇਸ ਨਾਟਕ ਦਾ ਨਿਰਦੇਸ਼ਨ ਕਰਨ ਲਈ ਬੰਬਈ ਤੋਂ ਇਕ ਡਾਇਰੈਕਟਰ ਸੱਦੀ ਹੋਈ ਏ। ਦੂਜੇ ਪਾਸੇ ਮੁੰਡਿਆਂ ਦੇ ਸਲਾਨਾ ਇਮਤਿਹਾਨ ਬਿਲਕੁੱਲ ਨੇੜੇ ਹਨ। ਉਹ ਗਾਰਗੀ ਨੂੰ ਉੱਚੀ-ਉੱਚੀ ਗਾਲ੍ਹਾਂ ਕੱਢ ਕੇ ਆਪਣੇ ਕਮਰੇ ਵਿਚ ਨੂੰ ਦੌੜ ਜਾਂਦੇ ਹਨ। ਗਾਰਗੀ ਨੂੰ ਸੁਣਾ-ਸੁਣਾ ਕੇ ਕਹਿੰਦੇ ਹਨ ਕਿ ਰਿਹਰਸਲ ਬੰਦ ਕਰੇ ਕਿਉਂਕਿ ਇਹ ਉਨ੍ਹਾਂ ਨੂੰ ਪ੍ਰੀਖਿਆਵਾਂ ਦੇ ਮੂਹਰੇ ਡਿਸਟਰਬ ਕਰਦੀ ਏ। ਤੰਗ ਆ ਕੇ ਲੜਕੇ ਗਾਰਗੀ ਨੂੰ ਸੁਨੇਹਾ ਭੇਜਦੇ ਹਨ ਕਿ ਰੀਹਰਸਲ ਬੰਦ ਕੀਤੀ ਜਾਵੇ। ਗਾਰਗੀ ਨੇ ਲੜਕਿਆਂ ਨੂੰ ਗੱਲ ਕਰਨ ਲਈ ਸੱਦ ਲਿਆ। ਵੱਖ-ਵੱਖ ਪੜ੍ਹਾਈਆਂ ਕਰਨ ਵਾਲੇ ਪੰਜ ਲੜਕੇ ਗਾਰਗੀ ਪਾਸ ਗਏ-ਕੈਮੀਕਲ ਇੰਜਨੀਅਰਿੰਗ ਵਿਭਾਗ ਦਾ ਸ਼ਿਮਲੇ ਦਾ ਵਿਰੇਂਦਰ ਸੂਦ, ਅੰਗਰੇਜ਼ੀ ਵਿਭਾਗ ਦਾ ਜਲੰਧਰ ਦਾ ਬਲਰਾਜ ਢਿੱਲੋਂ, ਪੰਜਾਬੀ ਵਿਭਾਗ ਦਾ ਮੋਗੇ ਦਾ ਵਰਿਆਮ ਸਿੰਘ, ਲਾਅ ਵਿਭਾਗ ਦਾ ਲੁਧਿਆਣੇ ਦਾ ਬਲਬੀਰ ਉਰਫ਼ ਮਾਮਾ ਤੇ ਲਾਅ ਵਿਭਾਗ ਦਾ ਹੀ ਜਗਾਧਰੀ ਦਾ ਸਹਿਦੇਵ ਸਿੰਘ। ਜਾਂਦੇ ਸਾਰ ਹੀ ਗਾਰਗੀ ਇਨ੍ਹਾਂ ਵਿਦਿਆਰਥੀਆਂ ਨੂੰ ਥੀਏਟਰ ਦੀ ਦਹਿਲੀਜ਼ ਤੇ ਮਿਲਿਆ, ਬੈਠਣ ਨੂੰ ਕੁਰਸੀਆਂ ਦਿੱਤੀਆਂ। ਚਾਹ ਦਾ ਆਰਡਰ ਕਰ ਦਿੱਤਾ। ਆਪ ਇਨ੍ਹਾਂ ਨਾਲ ਬੜੀਆਂ ਪਿਆਰੀਆਂ ਪਿਆਰੀਆਂ ਗੱਲਾਂ ਕਰਨ ਲੱਗ ਪਿਆ:-

"ਪੜ੍ਹਾਈ ਕਿਵੇਂ ਚੱਲ ਰਹੀ ਏ?" ਵਿਰੇਂਦਰ ਵੱਲ ਦੇਖ ਕੇ ਗਾਰਗੀ ਬੋਲਿਆ।

"ਪੜ੍ਹਾਈ ਤਾਂ ਠੀਕ ਏ ਪਰ ਥੀਏਟਰ ਦਾ ਰੌਲਾ ਰੱਪਾ ਬੜੀ ਪ੍ਰੇਸ਼ਾਨੀ ਖੜ੍ਹੀ ਕਰਦਾ ਏ। ਆਏ ਦਿਨ ਕੋਈ ਨਾ ਕੋਈ ਰਿਹਰਸਲ ਚਲਦੀ ਹੀ ਰਹਿੰਦੀ ਏ। ਸਾਡੇ ਹੋਸਟਲ ਦੇ ਬਲਾਕ 3 ਅਤੇ 5 ਦੇ ਵਿਦਿਆਰਥੀ ਖਾਸ ਕਰਕੇ ਬਹੁਤ ਔਖੇ ਹਨ ਕਿਉਂਕਿ ਇਨ੍ਹਾਂ ਬਲਾਕਾਂ ਦੇ ਅੱਧੇ ਕਮਰਿਆਂ ਦੇ ਮੂੰਹ ਥੀਏਟਰ ਵੱਲ ਨੂੰ ਹਨ। ਉਪਰੋਂ ਸਲਾਨਾ ਪ੍ਰੀਖਿਆਵਾਂ ਬਿਲਕੁਲ ਸਿਰ ਤੇ ਹਨ," ਵਿਰੇਂਦਰ ਨੇ ਮਸਲਾ ਬਿਆਨ ਕਰ ਦਿੱਤਾ।

"ਤੁਸੀਂ ਕੀ ਕੀ ਪੜ੍ਹ ਰਹੇ ਹੋ?" ਗਾਰਗੀ ਨੇ ਦੋਸਤਾਨਾ ਤਰੀਕੇ ਨਾਲ ਕਿਹਾ।

ਸਾਰਿਆਂ ਨੇ ਆਪਣੀਆਂ-ਆਪਣੀਆਂ ਪੜ੍ਹਾਈਆਂ ਬਾਰੇ ਦੱਸ ਦਿੱਤਾ।

"ਅੰਗਰੇਜ਼ੀ ਦਾ ਕਿਹੜਾ ਨਾਟਕ ਤੁਹਾਨੂੰ ਬਹੁਤ ਪਸੰਦ ਏ?" ਉਸਦਾ ਇਸ਼ਾਰਾ ਬਲਰਾਜ ਵੱਲ ਨੂੰ ਸੀ।

"ਐਮ.ਏ. ਵਿੱਚ ਤਾਂ ਅਸੀਂ "ਹੈਮਲਟ" (Hamlet) ਤੇ 'ਟਵੈਲਫ਼ ਨਾਈਟ' (Twelfth Night)) ਪੜ੍ਹ ਰਹੇ ਹਾਂ। ਇਹ ਬੜੇ ਹੀ ਦਿਲਚਸਪ ਨਾਟਕ ਹਨ। ਪਹਿਲਾਂ ਬੀ.ਏ. ਆਨਰਜ਼ ਵਿਚ 'ਮੈਕਵਥ' ਤੇ 'ਮਿੱਡਸਮਰ ਨਾਈਟਸ ਡਰੀਮ' ਪੜ੍ਹੇ ਸਨ। ਸ਼ੇਕਸ਼ਪੀਅਰ ਦੇ ਸਾਰੇ ਹੀ ਨਾਟਕ ਕਮਾਲ ਦੇ ਹਨ। ਮੈਂ ਤਾਂ ਤੁਹਾਡੇ ਨਾਟਕ ਵੀ ਪੜ੍ਹੇ ਹਨ। ਤੁਹਾਡੇ ਨਾਟਕ 'ਪਿੱਛਲ ਪੈਰੀਂ' ਅਤੇ 'ਪੱਤਣ ਦੀ ਬੇੜੀ' ਬੜੇ ਹੀ ਦਿਲਚਸਪ ਹਨ।"

"ਤੁਹਾਡਾ ਪੰਜਾਬੀ ਦਾ ਸਭ ਤੋਂ ਵੱਧ ਮਨਪਸੰਦ ਨਾਟਕਕਾਰ ਕੌਣ ਏ?"

"ਪੁਰਾਣਿਆਂ ਵਿਚੋਂ ਮੈਨੂੰ ਆਈ.ਸੀ. ਨੰਦਾ ਦੇ ਨਾਟਕ ਬੜੇ ਚੰਗੇ ਲਗਦੇ ਹਨ। ਅੱਜ ਕੱਲ੍ਹ ਦੇ ਨਾਟਕਕਾਰਾਂ ਵਿਚੋਂ ਮੈਂ ਗੁਰਸ਼ਰਨ ਸਿੰਘ, ਆਤਮਜੀਤ ਤੇ ਅਜਮੇਰ ਔਲਖ ਨੂੰ ਬੜਾ ਪਸੰਦ ਕਰਦਾ ਹਾਂ। ਗੁਰਸ਼ਰਨ ਦੇ ਨਾਟਕਾਂ 'ਚ ਤਾਂ ਮੈਂ ਬੀ.ਏ. 'ਚ ਪੜ੍ਹਦੇ ਸਮੇਂ ਭਾਗ ਵੀ ਲਿਆ ਸੀ। ਉਸ ਦੇ ਨਾਟਕ 'ਸਿਉਂਕ', 'ਜੰਗੀ ਰਾਮ ਦੀ ਹਵੇਲੀ', 'ਜਦੋਂ ਰੌਸ਼ਨੀ ਹੁੰਦੀ ਏ' ਆਦਿ ਅਸੀਂ ਫੈਸਟੀਵਲ ਤੇ ਖੇਡੇ ਸਨ। ਮੈਂ ਇਨ੍ਹਾਂ ਵਿਚ ਵਿਅਕਤੀਗਤ ਤੌਰ ਤੇ ਈਨਾਮ ਵੀ ਪ੍ਰਾਪਤ ਕੀਤਾ ਸੀ," ਬਲਰਾਜ ਨੇ ਗੱਲ ਕਰਕੇ ਸੁਹਣਾ ਰੰਗ ਬੰਨ੍ਹਿਆ।

"ਕੀ ਹੁਣ ਤੁਸੀਂ ਥੀਏਟਰ ਕਰਨਾ ਛੱਡ ਦਿੱਤਾ ਏ?" ਗਾਰਗੀ ਬਲਰਾਜ ਨੂੰ ਥੀਏਟਰ ਵੱਲ ਨੂੰ ਖਿਚਣਾ ਚਾਹੁੰਦਾ ਸੀ।

"ਹਾਂ ਸਰ, ਹੁਣ ਅੰਗਰੇਜ਼ੀ ਦੀ ਐਮ. ਏ. ਦੀ ਪੜ੍ਹਾਈ ਦਾ ਬੜਾ ਬੋਝ ਏ। ਥੀਏਟਰ ਲਈ ਸਮਾਂ ਹੀ ਕਿੱਥੇ ਮਿਲਦਾ ਏ? ਐਮ. ਏ. ਕਰਨ ਤੋਂ ਬਾਅਦ ਸ਼ਾਇਦ ਮੈਂ ਥੀਏਟਰ ਹੀ ਜੁਆਇਨ ਕਰ ਲਵਾਂ। ਦੋ ਸਾਲ ਤਾਂ ਦੱਬ ਕੇ ਪੜ੍ਹਾਈ ਕਰਨੀ ਚਾਹੀਦੀ ਏ।"

ਇੰਨੇ ਚਿਰ ਵਿਚ ਚਾਹ ਆ ਗਈ। ਚਾਹ ਪੀਂਦੇ-ਪੀਂਦੇ ਵੀ ਅਸੀਂ ਤੇ ਗਾਰਗੀ ਗੱਲਾਂ ਹੀ ਮਾਰੀ ਗਏ। ਫਿਰ ਗਾਰਗੀ ਸਾਨੂੰ ਨਾਲ ਲੈ ਕੇ ਥੀਏਟਰ ਦਾ ਅੰਦਰਲਾ ਸਾਰਾ ਹਿਸਾ ਦਿਖਾਉਣ ਲੱਗ ਪਿਆ। ਰਿਹਰਸਲ ਕਰ ਰਹੇ ਕਲਾਕਾਰਾਂ ਨਾਲ ਸਾਡੀ ਮੁਲਾਕਾਤ ਕਰਾਈ। ਥੀਏਟਰ ਦੇ ਲਾਈਟ ਸਿਸਟਮ ਬਾਰੇ ਸਾਨੂੰ ਜਾਣਕਾਰੀ ਦਿੱਤੀ। ਜਦੋਂ ਵਾਪਿਸ ਤੁਰਨ ਲੱਗੇ ਤਾਂ ਗਾਰਗੀ ਕਹਿਣ ਲੱਗਾ, "ਇਹ ਸਾਡਾ ਆਖ਼ਰੀ ਨਾਟਕ ਏ। ਇਸ ਨੂੰ ਅਸੀਂ ਹਫ਼ਤੇ ਤੱਕ ਸਟੇਜ ਕਰ ਰਹੇ ਹਾਂ। ਹਫ਼ਤਾ ਤਾਂ ਰਿਹਰਸਲ ਚਲਾਉਣੀ ਹੀ ਪਵੇਗੀ। ਉਸ ਤੋਂ ਬਾਅਦ ਅਸੀਂ ਇਕ ਮਹੀਨਾ ਕਲਾਕਾਰਾਂ ਨੂੰ ਹੋਰ ਕੰਮਾਂ 'ਚ ਲਾ ਕੇ ਰਿਹਰਸਲ ਬੰਦ ਰੱਖਾਂਗੇ। ਤੁਹਾਨੂੰ ਪੰਜਾਂ ਨੂੰ ਇਸ ਨਾਟਕ ਦੀ ਪੇਸ਼ਕਾਰੀ ਸਮੇਂ ਐਂਟਰੀ ਫਰੀ ਦਿੱਤੀ ਜਾਵੇਗੀ। ਤੁਸੀਂ ਟਿਕਟਾਂ ਲੈ ਜਾਓ ਤੇ 15 ਤਰੀਖ ਨੂੰ ਸ਼ਾਮ ਸਾਢੇ ਛੇ ਵਜੇ ਆ ਕੇ ਨਾਟਕ 'ਹਾਇਆ ਵਦਨ' ਦੀ ਪੇਸ਼ਕਾਰੀ ਜ਼ਰੂਰ ਦੇਖ ਜਾਣਾ।"

ਸਾਨੂੰ ਪੰਜਾਂ ਨੂੰ ਗਾਰਗੀ ਨੇ ਐਂਟਰੀ ਫਰੀ ਕਰ ਦਿੱਤੀ। ਜਦ ਹੋਸਟਲ ਵਿਚ ਪਹੁੰਚੇ ਤਾਂ ਬਾਕੀ ਲੜਕੇ ਸਾਡੇ ਪਿੱਛੇ ਪੈ ਗਏ, "ਆਪ ਤਾਂ ਫਰੀ ਐਂਟਰੀ ਲੈ ਆਏ, ਸਾਡੇ ਲਈ ਕੀ ਲਿਆਏ?"

"ਕੁਝ ਨਾ ਕੁਝ ਤਾਂ ਲਿਆਏ ਹੀ ਹਾਂ। ਇਕ ਹਫ਼ਤਾ ਰਿਹਰਸਲ ਜਾਰੀ ਰੱਖਣਾ ਗਾਰਗੀ ਦੀ ਮਜ਼ਬੂਰੀ ਏ। ਉਸ ਤੋਂ ਬਾਅਦ ਉਹ ਬੰਦ ਕਰ ਦੇਵੇਗਾ। ਸਮਝੌਤਾ ਕਰਨ ਵੇਲੇ ਕੁਝ ਨਾ ਕੁਝ ਲੈਣ ਦੇਣ ਕਰਨਾ ਹੀ ਹੁੰਦਾ ਏ। ਅਗਰ ਉਹਨੇ ਸਾਨੂੰ ਫਰੀ ਐਂਟਰੀ ਦੇ ਦਿੱਤੀ ਇਹ ਉਸਦੀ ਆਪਣੀ ਮਰਜ਼ੀ ਸੀ। ਅਸੀਂ ਇਸ ਦੀ ਉਸ ਪਾਸੋਂ ਕੋਈ ਮੰਗ ਨਹੀਂ ਕੀਤੀ ਸੀ।

ਉਸ ਨੇ ਕੇਸ ਨੂੰ ਬੜੇ ਪਿਆਰ ਮੁਹੱਬਤ ਵਾਲੇ ਅਤੇ ਸੁਖਾਵੇਂ ਮਾਹੌਲ ਵਿਚ ਟੈਕਲ ਕੀਤਾ, ਇਹ ਉਸ ਦੀ ਸਿਆਣਪ ਸੀ। ਇਕ ਹਫ਼ਤੇ ਦੀ ਗੱਲ ਏ ਬੱਸ। ਬਾਅਦ ਵਿਚ ਸਭ ਰੌਲ਼ਾ ਰੱਪਾ ਬੰਦ।" ਲੜਕੇ ਇਸ ਸਮਝੌਤੇ ਨਾਲ ਸਹਿਮਤ ਹੋ ਗਏ। ਉਸੇ ਦਿਨ ਤੋਂ ਹੋਸਟਲ ਦਾ ਮਾਹੌਲ ਬੜਾ ਹੀ ਸੁਖਾਵਾਂ ਹੋ ਗਿਆ।

ਸ਼ਾਮ ਸਮੇਂ ਮੈਂ ਸਰਦਾਰ ਕੀਰਤੀ ਸਿੰਘ ਨੂੰ ਮਿਲਣ ਦਾ ਸਮਾਂ ਦਿੱਤਾ ਹੋਇਆ ਸੀ। ਉਸ ਦੇ ਕਮਰੇ ਵਿਚ ਪਹੁੰਚਿਆ ਤਾਂ ਦੇਖਿਆ ਕੀਰਤੀ ਸਿੰਘ ਨਾਲ ਉਸਦਾ ਦੋਸਤ ਪ੍ਰੋ. ਜੋਰਾ ਸਿੰਘ ਉਥੇ ਬੈਠਾ ਹੋਇਆ ਸੀ। ਜ਼ੋਰਾ ਸਿੰਘ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ-ਉਮਰ ਤਕਰੀਬਨ 60 ਸਾਲ, ਖੁੱਲ੍ਹੀ ਦਾੜ੍ਹੀ, ਚਿੱਟੀ ਜ਼ਿਆਦਾ ਤੇ ਕਾਲੀ ਘੱਟ, ਅੱਖਾਂ ਤੇ ਐਨਕਾਂ, ਚਿੱਟੀ ਸਫ਼ੈਦ ਪਗੜੀ, ਦਰਮਿਆਨਾ ਕੱਦ, ਪੈਰਾਂ ਵਿਚ ਕਾਲੀ ਗਰਗਾਬੀ ਤੇ ਹੱਥ ਵਿਚ ਇਕ ਪੁਸਤਕ।

"ਵੀਰ ਜੀ, ਆਪ ਜੀ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ। ਅੱਜ ਕੱਲ੍ਹ ਕੀ ਪੜ੍ਹ ਰਹੇ ਹੋ? ਬੜੀ ਮੋਟੀ ਪੁਸਤਕ ਫੜੀ ਹੋਈ ਏ।"

"ਬਹੁਤ ਮਿਹਰਬਾਨੀ, ਵੀਰੇ। ਇਹ ਪੁਸਤਕ ਤਾਂ ਹਰਿੰਦਰ ਸਿੰਘ ਮਹਿਬੂਬ ਦੀ 'ਸਹਿਜੇ ਰਚਿਓ ਖਾਲਸਾ ਏ।' ਕੱਲ੍ਹ ਹੀ ਲਾਇਬਰੇਰੀ ਵਿਚੋਂ ਲਈ ਸੀ। ਅਜੇ ਮਾੜੀ-ਮਾੜੀ ਫੋਲੀ ਏ। ਪੁਸਤਕ ਦਾ ਆਕਾਰ ਕਾਫ਼ੀ ਵੱਡਾ ਏ। ਚੋਖਾ ਸਮਾਂ ਮੰਗਦੀ ਏ। ਨਾਲੇ ਮਹਿਬੂਬ ਤਾਂ ਗੂੜ੍ਹ ਗਿਆਨੀ ਦਾਰਸ਼ਨਿਕ ਏ।

"ਹਾਂ, ਮਹਿਬੂਬ ਸੱਚਮੁੱਚ ਹੀ ਦਰਵੇਸ਼ ਕਵੀ ਤੇ ਗਲਪਕਾਰ ਏ। ਮੈਂ ਛੇ ਕੁ ਮਹੀਨੇ ਪਹਿਲਾਂ ਉਨ੍ਹਾਂ ਨੂੰ ਉਹਨਾਂ ਦੇ ਘਰ ਗੜ੍ਹਦੀਵਾਲਾ ਵਿਖੇ ਮਿਲਿਆ ਸਾਂ। ਕਾਫ਼ੀ ਉਦਾਸ ਸਨ। ਬਾਅਦ ਵਿਚ ਬੀਮਾਰ ਹੋ ਗਏ। ਕਈ ਸਾਲਾਂ ਤੋਂ ਆਪਣੀ ਪੁਸਤਕ 'ਇਲਾਹੀ ਨਦਰਿ ਦੇ ਪੈਂਡੇ' ਲਿਖਣ ਵਿਚ ਮਸਰੂਫ਼ ਸਨ। ਧਰਮ ਅਤੇ ਫਲਸਫ਼ੇ ਦੇ ਗਿਆਨ ਵਿਚ ਉਨ੍ਹਾਂ ਦਾ ਹੋਰ ਕੋਈ ਸਾਨੀ ਨਜ਼ਰ ਨਹੀਂ ਆਉਂਦਾ। ਮੈਨੂੰ ਦੁੱਖ ਹੈ ਕਿ ਉਨ੍ਹਾਂ ਦੇ ਵਿਸਾਲ ਗਿਆਨ ਦਾ ਲਾਹਾ ਲੈਣ ਲਈ ਬੜੇ ਘੱਟ ਲੋਕਾਂ ਨੇ ਯਤਨ ਕੀਤਾ। ਆਸਟਰੇਲੀਆ, ਅਮਰੀਕਾ, ਕੈਨੇਡਾ ਤੇ ਇੰਗਲੈਂਡ ਆਦਿ ਦੇਸ਼ਾਂ ਦੇ ਸਿੱਖ, ਪੰਜਾਬ ਵਿਚੋਂ ਪ੍ਰਚਾਰਕ ਸੱਦਦੇ ਹੀ ਰਹਿੰਦੇ ਹਨ। ਦੁੱਖ ਹੈ ਕਿ ਕਿਸੇ ਨੇ ਘੱਟ ਹੀ ਮਹਿਬੂਬ ਨੂੰ ਸੱਦ ਕੇ ਲਾਹਾ ਲਿਆ।"

"ਇਸ ਸਭ ਕਾਸੇ ਦੇ ਪਿੱਛੇ ਸਿਆਸਤ ਏ। ਸ਼ਾਤਰ ਦਿਮਾਗ਼ ਨੇਤਾ ਆਪਣੇ ਬੰਦੇ ਮੂਹਰੇ ਕਰ ਦਿੰਦੇ ਹਨ ਤੇ ਸ਼ਰੀਫ਼ ਸੂਝਵਾਨ ਬੰਦਿਆਂ ਦੀ ਬਾਤ ਨਹੀਂ ਪੁੱਛਦੇ। ਮਹਿਬੂਬ ਸੰਤ ਸੁਭਾਅ, ਸ਼ਰੀਫ਼ ਤੇ ਗ਼ੈਰ-ਸਿਆਸੀ ਵਿਦਵਾਨ ਏ। ਸਾਹਿਤ ਅਕੈਡਮੀ ਅਤੇ ਸ਼੍ਰੋਮਣੀ ਕਮੇਟੀ ਨੇ ਜੋ ਕੁਝ ਉਸ ਲਈ ਕੀਤਾ ਉਹ ਸ਼ਲਾਘਾਯੋਗ ਏ। ਅਜੇ ਹੋਰ ਵੀ ਕਈ ਕੁੱਝ ਕਰਨਾ ਬਾਕੀ ਏ। ਮੈਨੂੰ ਤੁਹਾਡੇ ਬਾਰੇ ਕੀਰਤੀ ਸਿੰਘ ਹੁਰਾਂ ਦੱਸਿਆ ਸੀ। ਕੀ ਖਿਦਮਤ ਕਰ ਸਕਦਾ ਹਾਂ ਜਨਾਬ ਦੀ?"

"ਵੀਰ ਜੀ, ਅਸੀਂ ਕੱਲ੍ਹ ਕਾਲਕਾ ਬੈਠੇ ਕਈ ਵਿਚਾਰਾਂ ਕਰਦੇ ਰਹੇ। ਕੀਰਤੀ ਸਿੰਘ ਹੁਰਾਂ ਮੈਨੂੰ ਬੜੀਆਂ ਵਜ਼ਨਦਾਰ ਗੱਲਾਂ ਦੱਸੀਆਂ। ਇਸ ਪ੍ਰਕਾਰ ਦੀਆਂ ਵੀਚਾਰਾਂ ਅਸੀਂ ਪਹਿਲਾਂ ਵੀ ਕਰਦੇ ਹੀ ਰਹਿੰਦੇ ਸਾਂ। ਕੱਲ੍ਹ ਤਾਂ ਅਸੀਂ ਕਈ ਗੂੜ੍ਹ ਗਿਆਨ ਦੀਆਂ ਵੀਚਾਰਾਂ ਵਿਚ ਫਸ ਗਏ। ਮੈਂ ਕੀਰਤੀ ਸਿੰਘ ਹੁਰਾਂ ਨੂੰ ਕਈ ਸਵਾਲ ਕੀਤੇ। ਇਨ੍ਹਾਂ ਨੇ ਉਨ੍ਹਾਂ ਸਵਾਲਾਂ ਦੇ

ਬੜੇ ਢੁੱਕਵੇਂ ਜਵਾਬ ਦਿੱਤੇ। ਤੁਸੀਂ ਜਾਣਦੇ ਹੀ ਹੋ, ਇਨ੍ਹਾਂ ਦੀ ਜ਼ਿੰਦਗੀ ਇਕ ਖੁੱਲ੍ਹੀ ਕਿਤਾਬ ਏ। ਇਹ ਅਜੀਬ ਤੋਂ ਅਜੀਬ ਹਾਲਤਾਂ ਵਿਚੋਂ ਗੁਜਰੇ ਹਨ। ਮੇਰੇ ਜ਼ਿਹਨ ਵਿਚ ਕੁਝ ਹੋਰ ਸਵਾਲ ਵੀ ਸਨ। ਇਨ੍ਹਾਂ ਕਿਹਾ ਕਿ ਉਨ੍ਹਾਂ ਸਵਾਲਾਂ ਦੇ ਜਵਾਬ ਤੁਹਾਡੇ ਜਿਹੇ ਜ਼ਿਆਦਾ ਪੜ੍ਹੇ ਲਿਖੇ ਅਤੇ ਤਜ਼ਰਬੇਕਾਰ ਸ਼ਖ਼ਸ਼ ਹੀ ਦੇ ਸਕਦੇ ਹਨ।"

"ਮੈਨੂੰ ਯਾਦ ਕਰਨ ਲਈ ਮੈਂ ਸ੍ਰ. ਕੀਰਤੀ ਸਿੰਘ ਦਾ ਖਾਸ ਕਰਕੇ ਤੇ ਤੁਹਾਡਾ ਵੀ ਓਨਾ ਹੀ ਸ਼ੁਕਰਗੁਜਾਰ ਹਾਂ। ਅਮਲੀ ਜੀਵਨ ਦਾ ਤਜ਼ਰਬਾ ਤਾਂ ਕੀਰਤੀ ਸਿੰਘ ਹੋਰਾਂ ਦਾ ਮੇਰੇ ਤੋਂ ਕਿਤੇ ਜ਼ਿਆਦਾ ਏ। ਤੁਸੀਂ ਜਾਣਦੇ ਹੀ ਹੋ, ਅਮਲੀ ਜੀਵਨ ਸਾਨੂੰ ਵੱਧ ਸਿਖਾਉਂਦਾ ਏ ਤੇ ਨਿਰਾ ਪੜ੍ਹ ਲੈਣਾ ਘੱਟ। ਕੁਝ ਪੜ੍ਹ ਕੇ ਉਸ ਤੇ ਅਮਲ ਕਰਨਾ ਕਿਤੇ ਜ਼ਿਆਦਾ ਮਹੱਤਵਪੂਰਨ ਹੁੰਦਾ ਏ। ਸਾਰੀ ਜ਼ਿੰਦਗੀ ਇਕ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਰਿਹਾ, ਕਦੀ-ਕਦੀ ਇਤਿਹਾਸ ਤੇ ਵੀ ਝਾਤ ਮਾਰਦਾ ਰਿਹਾ। ਕੀ ਖਿਦਮਤ ਕਰ ਸਕਦਾ ਹਾਂ?"

"ਮੈਂ ਕੱਲ੍ਹ ਇਨ੍ਹਾਂ ਨੂੰ ਇਕ ਸਵਾਲ ਕੀਤਾ ਸੀ?"

"ਕੀ ਸਵਾਲ ਸੀ ਉਹ?"

"ਸਵਾਲ ਇਹ ਸੀ-ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਇੱਥੇ ਕਈ ਲਹਿਰਾਂ ਚੱਲੀਆਂ ਜਿਵੇਂ ਅਕਾਲੀ ਮੋਰਚੇ, ਕਮਿਊਨਿਸਟ ਅਤੇ ਨਕਸਲਵਾਦੀ ਲਹਿਰਾਂ, ਦਰਬਾਰ ਸਾਹਿਬ ਤੇ ਹਮਲਾ, ਖਾੜਕੂਆਂ ਦੀ ਲੰਮੀ ਲੜਾਈ, ਹਿੰਦੂਵਾਦ ਦੇ ਨਾਅਰੇ, ਰਾਮ ਜਨਮ ਭੂਮੀ ਦਾ ਮਸਲਾ ਤੇ ਕਸ਼ਮੀਰ ਸਮੱਸਿਆ ਆਦਿ। ਇਨ੍ਹਾਂ ਲਹਿਰਾਂ ਦੀ ਸਾਰਥਕਤਾ ਬਾਰੇ ਤੁਹਾਡਾ ਕੀ ਖ਼ਿਆਲ ਏ। ਕੀ ਠੀਕ ਏ ਤੇ ਕੀ ਗ਼ਲਤ ਏ? ਆਉਣ ਵਾਲੇ ਸਮੇਂ ਤੇ ਪੰਜਾਬ ਦਾ ਖਾਸ ਕਰਕੇ ਤੇ ਪੂਰੇ ਦੇਸ਼ ਦਾ ਆਮ ਕਰਕੇ ਕੀ ਬਣੇਗਾ? ਇਸ ਸਾਰੇ ਸੰਧਰਵ ਵਿਚ ਪੰਜਾਬ ਕਿੱਥੇ ਖੜ੍ਹਾ ਏ?

ਜਵਾਬ — ਵੀਰ ਜੀ, ਦੁਨੀਆਂ ਵਿਚ ਜਿੰਨੇ ਵੀ ਵਾਦ ਜਾਂ ਧਰਮ ਜਾਂ ਫਲਸਫ਼ੇ ਚਲਦੇ ਹਨ ਉਨ੍ਹਾਂ ਦੀਆਂ ਮੁਢਲੀਆਂ ਗੱਲਾਂ ਲੱਗਭਗ ਇਕੋ ਜਿਹੀਆਂ ਹੀ ਹੁੰਦੀਆਂ ਹਨ। ਤੁਸੀ ਧਰਮਾਂ ਦੀ ਮਿਸਾਲ ਹੀ ਲੈ ਲਵੋ। ਮੁਢਲੇ ਸਿਧਾਂਤ ਸਭ ਦੇ ਇਕੋ ਜਿਹੇ ਹੀ ਹਨ। ਵਾਦ ਕੋਈ ਵੀ ਮਾੜਾ ਨਹੀਂ ਹੁੰਦਾ। ਜਦ ਵੀ ਮਾੜੇ ਬਣਦੇ ਹਨ ਤਾਂ ਉਸ ਦੇ ਪੈਰੋਕਾਰ ਬਣਦੇ ਹਨ। ਅਗਰ ਕੋਈ ਵਾਦ ਮਾੜਾ ਹੋਵੇ ਤਾਂ ਝੱਟ ਮਰ ਜਾਵੇ। ਕਿਸੇ ਵੀ ਵਾਦ ਦੇ ਜਿਉਂਦੇ ਰਹਿਣ ਦਾ ਕਾਰਨ ਇਹੀ ਹੁੰਦਾ ਏ। ਬਾਕੀ ਨਿਰਭਰ ਕਰਦਾ ਏ, ਵੱਖ-ਵੱਖ ਖਿਤਿਆਂ ਤੇ। ਕਿਸੇ ਖਿੱਤੇ ਵਿਚ ਇਸਾਈ ਮੱਤ ਰੈਲੇਵੈਂਟ ਏ, ਕਿਸੇ ਵਿਚ ਇਸਲਾਮ, ਕਿਤੇ ਹਿੰਦੂ ਧਰਮ ਤੇ ਕਿਤੇ ਸਿੱਖ ਮੱਤ। ਜਦੋਂ ਇਕ ਮੱਤ ਦੂਜੇ ਨਾਲ ਟਕਰਾਉਂਦਾ ਏ ਤਾਂ ਮਸਲਾ ਖੜ੍ਹਾ ਹੁੰਦਾ ਏ। ਭਾਵੇਂ ਅਸੀਂ ਲੱਖ ਕਹੀ ਜਾਈਏ-ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ - ਪ੍ਰੰਤੂ ਜਦ ਟਕਰਾਅ ਪੈਦਾ ਹੋਣਾ ਏਂ ਤਾਂ ਵੈਰ ਤਾਂ ਆਉਣਾ ਹੀ ਆਉਣਾ ਏ। ਜਦ ਔਰੰਗਜ਼ੇਬ ਨੇ ਦਸਮ ਪਾਤਸ਼ਾਹ ਨਾਲ ਟੱਕਰ ਲਈ ਤਾਂ ਗੁਰੂ ਸਾਹਿਬ ਦੇ ਕਥਨ 'ਚੁੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ, ਹਲਾਲ ਅਸਤ ਬੁਰਦਨ ਵਾ ਸ਼ਮਸ਼ੀਰ ਦਸਤ' ਨੇ ਸਾਰਥਕ ਹੋਣਾ ਹੀ ਸੀ। ਜਦ ਜ਼ੁਲਮ ਹੋਣਾ ਏ ਤਾਂ ਮਜ਼ਹਬ ਨੇ ਬਦਲਾ ਲੈਣਾ ਹੀ ਲੈਣਾ ਏ। ਮਜ਼ਹਬ ਨੇ ਵੈਰੀ ਬਣਨਾ ਹੀ ਬਣਨਾ ਏ। ਅੱਤਵਾਦ ਕੀ ਏ? ਮੌਕੇ ਦੇ ਨੀਜ਼ਾਮ ਖਿਲਾਫ਼ ਬਗ਼ਾਵਤ। ਜੋ ਅੱਜ ਦਾ ਅੱਤਵਾਦੀ ਏ ਉਹ ਕੱਲ੍ਹ ਦਾ ਦੇਸ਼ ਭਗਤ ਵੀ ਬਣਦਾ ਰਿਹਾ ਏ। ਸੰਨ 47 ਤੱਕ ਭਗਤ ਸਿੰਘ ਅੱਤਵਾਦੀ ਸੀ।

ਉਦੋਂ ਤੱਕ ਉਸ ਦੀ ਵਡਿਆਈ ਵਿਚ ਕੋਈ ਬੰਦਾ ਇਕ ਸ਼ਬਦ ਤੱਕ ਵੀ ਨਹੀਂ ਸੀ ਬੋਲ ਸਕਦਾ। 15 ਅਗਸਤ 47 ਦੀ ਸਵੇਰ ਹੁੰਦੇ ਸਾਰ ਹੀ ਭਗਤ ਸਿੰਘ ਉੱਚ ਕੋਟੀ ਦਾ ਦੇਸ਼ ਪ੍ਰੇਮੀ, ਦੇਸ਼ ਭਗਤ ਤੇ ਸ਼ਹੀਦ ਬਣ ਗਿਆ। ਔਰੰਗਜ਼ੇਬ ਦੇ ਸਮੇਂ ਗੁਰੂ ਸਾਹਿਬ ਦਾ ਇਹੀ ਹਾਲ ਸੀ, ਬਾਬਰ ਦੇ ਸਮੇਂ ਬਾਬੇ ਨਾਨਕ ਦਾ ਇਹੀ ਹਾਲ ਸੀ। ਅਸਲ ਵਿਚ ਮਜ਼ਹਬ ਜਾਂ ਧਰਮ ਲੋੜ ਅਨੁਸਾਰ ਵੈਰ ਰੱਖਣਾ ਵੀ ਸਿਖਾਉਂਦਾ ਏ ਤੇ ਆਪਸੀ ਪਿਆਰ ਰੱਖਣਾ ਤਾਂ ਇਹ ਸਿਖਾਉਂਦਾ ਹੀ ਏ। ਇਹ ਸਭ ਕ੍ਰਿਆ (action) ਤੇ ਨਿਰਭਰ ਕਰਦਾ ਏ। ਜਿਸ ਕਿਸਮ ਦੀ ਕ੍ਰਿਆ (actian) ਹੋਵੇਗੀ, ਉਸੇ ਕਿਸਮ ਦੀ ਪ੍ਰਤੀ ਕਿਆ (Reaction) ਅਗਰ ਅਕਬਰ ਦੀ ਕ੍ਰਿਆ ਚੰਗੀ ਸੀ ਤਾਂ ਛੇਵੀਂ ਪਾਤਸ਼ਾਹੀ ਦਾ ਪ੍ਰਤੀਕਰਮ ਵੀ ਉਹਦੇ ਪ੍ਰਤੀ ਚੰਗਾ ਹੀ ਸੀ। ਗੱਲ ਸਾਰੀ ਅਮਲ ਦੀ ਏ। ਮੈਂ ਸਮਝਦਾ ਹਾਂ, ਅਗਰ ਅਸੀਂ ਗੁਰਬਾਣੀ ਤੇ ਸਹੀ ਅਰਥਾਂ ਵਿਚ ਅਮਲ ਕਰਨ ਲੱਗ ਜਾਈਏ ਤਾਂ ਪੰਜਾਬ ਵਿਚ ਕਿਸੇ ਵਾਦ ਦੀ ਜ਼ਰੂਰਤ ਹੀ ਨਹੀਂ। ਜਿਹੜੇ ਵਾਦ ਵੀ ਉੱਥੇ ਚਲਦੇ ਰਹੇ ਹਨ ਉਹ ਵੀ ਕੜ੍ਹੀ ਘੋਲਦੇ ਰਹੇ ਹਨ। ਉਨ੍ਹਾਂ ਦੇ ਟੁੱਟ-ਟੁੱਟ ਕੇ ਗਰੁੱਪ ਬਣਦੇ ਰਹੇ ਹਨ। ਕਾਮਰੇਡ ਇਕ ਤੋਂ ਦੋ ਬਣੇ ਤੇ ਫਿਰ ਤਿੰਨ ਬਣ ਗਏ। ਇਕ ਸਮਾਂ ਸੀ ਪੰਜਾਬੀ ਦੇ ਬਹੁਤੇ ਲਿਖਾਰੀ ਖੱਬੀ ਵਿਚਾਰਧਾਰਾ ਵੱਲ ਨੂੰ ਰੁੜ੍ਹ ਗਏ। ਜਿਹੜਾ ਖੱਬੀ ਵਿਚਾਰਧਾਰਾ ਨਹੀਂ ਰਖਦਾ ਸੀ ਉਹਨੂੰ ਪਿਛਾਂਹ ਖਿੱਚੂ ਕਿਹਾ ਜਾਂਦਾ ਸੀ। ਦੁਨੀਆਂ ਵਿਚ ਕਮਿਊਨਿਜ਼ਮ ਦਾ ਭੱਠਾ ਬੈਠਣ ਲੱਗਾ ਤਾਂ ਇਹ ਖਿਲਾਰੀ ਖ਼ੁਦ ਭੰਬਲਭੂਸੇ ਵਿਚ ਫਸ ਗਏ। ਜਜ਼ਬਾਤੀ ਹੋ ਕੇ ਵਹਿਣ ਵਿਚ ਵਹਿ ਤੁਰਨਾ ਸਿਆਣਪ ਨਹੀਂ। ਬਾਅਦ ਵਿਚ ਪਛਤਾਉਣਾ ਵੀ ਪੈ ਸਕਦਾ ਏ। ਕਿਸੇ ਵੀ ਵਾਦ ਦੇ ਪ੍ਰਚਾਰ ਲਈ ਵਧੀਆ ਪ੍ਰਚਾਰਕਾਂ ਦੀ ਜ਼ਰੂਰਤ ਏ। ਜਿਹੜਾ ਵਾਦ ਕਈ ਸੌ ਸਾਲ ਸਾਰਥਕ ਰਹਿ ਚੁੱਕਾ ਹੋਵੇ ਉਹ ਕਦੇ ਵੀ ਅਸਫ਼ਲ ਨਹੀਂ ਹੋ ਸਕਦਾ। ਵਧੀਆ ਵਾਦ ਜਾਂ ਧਰਮ ਕਦੀ ਅਸਫ਼ਲ ਨਹੀਂ ਹੁੰਦੇ। ਮੈਂ ਸਮਝਦਾ ਹਾਂ ਆਮ ਜਨਤਾ ਵੱਧ ਸਿਆਣੀ ਹੁੰਦੀ ਏ। ਜਨਸਾਧਾਰਨ ਵਿਚ ਸਿਆਸਤ, ਨੈਤਿਕਤਾ ਦੇ ਦੂਹਰੇ ਤੇ ਤੀਹਰੇ ਮਿਆਰ, ਛਲ ਕਪਟ, ਦੰਭ ਤੇ ਸ਼ਾਤਰਪੁਣਾ ਬਹੁਤ ਘੱਟ ਹੁੰਦੇ ਹਨ। ਇਹ ਠੱਪੇ ਪੜ੍ਹੀ ਲਿਖੀ ਜਨਤਾ ਤੇ ਵੱਧ ਲਗਦੇ ਹਨ।

ਬਾਕੀ ਰਹੀ ਗੱਲ ਪੰਜਾਬ ਤੇ ਭਾਰਤ ਵਿਚ ਸੰਨ 47 ਤੋਂ ਬਾਅਦ ਚੱਲੀਆਂ ਲਹਿਰਾਂ ਦੀ। ਦੇਸ਼ ਦੀ ਵੰਡ ਸੰਪਰਦਾਇਕ ਵੰਡ ਸੀ। ਗੋਰਿਆਂ ਨੇ ਜਾਂਦੇ ਵਕਤ ਭਾਰਤ ਨੂੰ ਕਮਿਊਨਲ ਐਵਾਰਡ ਦਿੱਤਾ ਸੀ। ਉਹ ਆਪਣੇ ਗੂੜ੍ਹੇ ਤਜ਼ਰਬੇ ਤੋਂ ਜਾਣਦੇ ਸਨ ਕਿ ਦੇਸ ਵਿਚ ਧਰਮ ਭਾਰੂ ਹੈ ਤੇ ਵੰਡ ਵੀ ਇਸ ਆਧਾਰ ਤੇ ਹੀ ਹੋਣੀ ਚਾਹੀਦੀ ਏ। ਸਿੱਖਾਂ ਨੇ ਮੌਕੇ ਦਾ ਲਾਭ ਨਹੀਂ ਉਠਾਇਆ। ਉਨ੍ਹਾਂ ਦੀ ਮਰਜ਼ੀ। ਜਿਨਾਹ ਸਭ ਤੋਂ ਵੱਧ ਸਿਆਣਾ ਸੀ। ਉਸ ਨੇ ਮੌਕੇ ਦਾ ਪੂਰਾ ਫ਼ਾਇਦਾ ਉਠਾਇਆ। ਗਾਂਧੀ ਨੇ ਸਿਆਣਪ ਦੇ ਨਾਲ-ਨਾਲ ਕਈ ਮਾੜੀਆਂ ਵੀ ਕੀਤੀਆਂ। ਅਗਰ ਵੰਡ ਹੋਣੀ ਹੀ ਸੀ ਤਾਂ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋ ਜਾਣਾ ਸੀ। ਜਦ ਵੰਡ ਧਰਮ ਦੇ ਆਧਾਰ ਤੇ ਹੋ ਰਹੀ ਸੀ ਤਾਂ ਗਾਂਧੀ ਨੂੰ ਚਾਹੀਦਾ ਸੀ ਕਿ ਉਹ ਕਲਕੱਤੇ ਬੈਠਾ 'ਹਿੰਦੂ ਮੁਸਲਿਮ ਭਾਈ ਭਾਈ' ਦਾ ਨਾਅਰਾ ਨਾ ਮਾਰਦਾ। ਇਹ ਨਾਅਰਾ ਉਸ ਦੀ ਜਾਨ ਲੈ ਬੈਠਿਆ ਤੇ ਭਾਰਤ ਦਾ ਨੁਕਸਾਨ ਵੀ ਕਰ ਗਿਆ। ਗਾਂਧੀ ਸਿਆਸਤਦਾਨ ਦੇ ਨਾਲ-ਨਾਲ ਸੰਤ ਅਖਵਾਉਣ ਦਾ ਵੱਧ ਚਾਹਵਾਨ ਸੀ। ਸੰਤ ਉਹ ਤਾਂ ਬਣਦਾ ਜੇ ਦੂਸਰੇ ਪਾਸੇ ਵੀ ਸੰਤਪੁਣੇ ਵਾਲਾ ਕੁਝ ਹੁੰਦਾ। ਜਿਨਾਹ ਵੱਲ ਦੇ ਪਾਸੇ ਤਾਂ ਉੱਚ ਕੋਟੀ ਦੀ ਸਿਆਸਤ ਸੀ, ਉੱਥੇ ਗਾਂਧੀ ਦਾ ਸੰਤਪੁਣਾ ਕਿਵੇਂ ਕਾਮਯਾਬ ਹੋ ਸਕਦਾ ਸੀ? ਵੰਡ ਹੋਈ ਵੀ, ਉਹ ਵੀ

ਕਾਣੀ ਵੰਡ। ਵੰਡ ਇਲਾਕੇ ਦੀ ਹੋਈ। ਜਨ ਸੰਖਿਆ ਦੀ ਵੰਡ ਤਾਂ ਚੱਜ ਨਾਲ ਹੋਈ ਹੀ ਨਹੀਂ। ਜਨ ਸੰਖਿਆ ਦੀ ਵੰਡ ਤਾਂ ਉੱਥੇ ਹੋਈ ਜਿੱਥੇ ਖ਼ੂਨ ਖਰਾਬਾ ਹੋਇਆ। ਸਿੱਖ ਤੇ ਮੁਸਲਮਾਨ ਗਰਮ ਖਿਆਲੀਏ ਹਨ ਤੇ ਹਿੰਦੂ ਨਰਮ ਖ਼ਿਆਲੀਏ। ਸਿੱਖਾਂ ਤੇ ਮੁਸਲਮਾਨਾਂ ਨੇ ਵੱਢ ਵਢਾਂਗਾ ਕੀਤਾ ਤੇ ਇਲਾਕੇ ਖਾਲੀ ਕਰਵਾ ਲਏ। ਹਿੰਦੂਆਂ ਇਝ ਨਹੀਂ ਕੀਤਾ। ਆਬਾਦੀ ਓਵੇਂ ਦੀ ਓਵੇਂ ਹੀ ਬੈਠੀ ਰਹੀ। ਦਿੱਲੀ ਤੱਕ ਪੰਜਾਬ ਖਾਲੀ ਹੋ ਗਿਆ। ਉਧਰ ਮੌਜੂਦਾ ਪਾਕਿਸਤਾਨ ਦਾ ਤਕਰੀਬਨ ਸਾਰਾ ਹਿਸਾ ਖਾਲੀ ਹੋ ਗਿਆ। ਵੰਡ ਅਸਲ ਵਿਚ ਹੋਣੀ ਸੀ, ਕਿਸੇ ਨੇ ਕਰਨੀ ਨਹੀਂ ਸੀ। ਇਝ ਇਤਿਹਾਸ ਵਿਚ ਅਕਸਰ ਹੁੰਦਾ ਹੀ ਆਇਆ ਏ। ਅਗਰ ਇੰਜ ਹੁੰਦਾ ਤਾਂ ਕਸ਼ਮੀਰ ਦਾ ਟਾਂਟਾ ਵੀ ਉਸੇ ਵੇਲੇ ਹੀ ਵੱਢ ਹੋ ਜਾਣਾ ਸੀ। ਬਾਕੀ ਰਹੀ ਖਾੜਕੂਆਂ ਦੀ ਲਹਿਰ। ਇਸ ਸਭ ਕਾਸੇ ਦੇ ਬੀਜ ਸੰਨ ਸੰਤਾਲੀ ਦੀ ਵੰਡ ਵਿਚ ਹੀ ਬੀਜੇ ਗਏ ਸਨ। ਜਦ ਕੋਈ ਵੱਧ ਅਧਿਕਾਰਾਂ ਦੀ ਗੱਲ ਨੂੰ ਨਹੀਂ ਮੰਨਦਾ ਤਾਂ ਟਕਰਾਅ ਪੈਦਾ ਹੋ ਕੇ ਅਲੱਗ ਹੋਣ ਦੀ ਗੱਲ ਚੱਲਣੀ ਹੀ ਚੱਲਣੀ ਸੀ। ਸਾਰੀ ਕੜ੍ਹੀ ਘਟੀਆ ਸਿਆਸਤ ਘੋਲਦੀ ਏ। ਜਿਹੜੇ ਕੜ੍ਹੀ ਘੋਲਦੇ ਹਨ ਉਹ ਵੀ ਵਿਚ ਹੀ ਲਪੇਟ ਹੋ ਕੇ ਮਰਦੇ ਰਹਿੰਦੇ ਹਨ। ਫਿਰ ਵੀ ਘਟੀਆ ਸਿਆਸਤਦਾਨ ਕੜ੍ਹੀ ਘੋਲਣੋਂ ਨਹੀਂ ਹਟਦੇ।

ਕਈ ਕੌਮਾਂ ਐਕਸ਼ਨ ਕਰਦੀਆਂ ਹਨ ਤੇ ਕਈ ਨਿਰੀ ਐਕਟਿੰਗ। ਹਿੰਦੂਆਂ ਨੇ ਇਤਿਹਾਸ ਵਿਚ ਐਕਟਿੰਗ ਵੱਧ ਕੀਤੀ ਏ। ਇਸ ਦੇ ਉਲਟ ਮੁਸਲਮਾਨਾਂ ਤੇ ਸਿੱਖਾਂ ਨੇ ਐਕਟਿੰਗ ਘੱਟ ਕੀਤੀ ਤੇ ਐਕਸ਼ਨ ਜ਼ਿਆਦਾ। ਇਸਾਈ ਜਿੰਨੇ ਐਕਟਿੰਗ ਵਿਚ ਮਾਹਰ ਹਨ ਉਨ੍ਹੇ ਹੀ ਐਕਸ਼ਨ ਵਿਚ। ਜਿਹੜਾ ਫਿਰਕਾ ਐਕਸ਼ਨ ਤੇ ਐਕਟਿੰਗ ਦੋਹਾਂ ਵਿਚ ਮਾਹਰ ਹੋਵੇਗਾ ਉਹ ਦੁਨੀਆਂ ਦੇ ਵੱਧ ਹਿੱਸੇ ਤੇ ਰਾਜ ਕਰੇਗਾ ਹੀ। ਅਗਰ ਤੁਸੀਂ ਕਿਸੇ ਨੂੰ ਐਕਟਿੰਗ ਨਾਲ ਜਿੱਤ ਲਵੋ ਤਾਂ ਐਕਸਨ ਦੀ ਜ਼ਰੂਰਤ ਹੀ ਨਹੀਂ ਰਹਿੰਦੀ। ਗੋਰਿਆਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਐਕਟਿੰਗ ਤੇ ਐਕਸ਼ਨ ਦਾ ਵਿਲੱਖਣ ਸਮੇਲ ਸੀ। ਅਗਰ ਰਿਆਸਤਾਂ ਦੇ ਰਾਜੇ ਐਕਟਿੰਗ ਕਰਨ ਨਾਲ ਪਾਟੋ ਧਾੜ ਹੋ ਜਾਣ ਤਾਂ ਉਨ੍ਹਾਂ ਵਿਚ ਲੜਾਈ ਕਰਾ ਕੇ ਉਨ੍ਹਾਂ ਨੂੰ ਪਾੜਨ ਦੀ ਕੀ ਜ਼ਰੂਰਤ ਏ। ਕਈ ਵਾਰ ਐਕਟਿੰਗ ਵੱਧ ਕਰਕੇ ਤੇ ਐਕਸ਼ਨ ਬੜਾ ਘੱਟ ਕਰਕੇ ਹੀ ਸਰ ਜਾਂਦਾ ਏ। ਧਰਮ ਦੁਆਰਾ ਪ੍ਰੇਰਤ ਮਨੋਬਿਰਤੀ ਅਧੀਨ ਐਕਸ਼ਨ ਅਕਸਰ ਜਲਦੀ ਹੁੰਦਾ ਰਿਹਾ ਏ। ਪੂਰਣ ਰੂਪ ਵਿਚ ਲੋਕਤੰਤਰੀ ਢਾਂਚੇ ਵਿਚ ਐਕਸ਼ਨ ਅਕਸਰ ਹੌਲ਼ੀ-ਹੌਲ਼ੀ ਹੁੰਦਾ ਏ। ਮੁੰਬਈ ਅਤੇ ਪੂਨੇ ਵਿਚ ਹੋਏ ਹਮਲਿਆਂ ਨੇ ਵੀ ਇਹ ਗੱਲ ਸਿੱਧ ਕਰ ਦਿੱਤੀ ਏ। ਆਧੁਨਿਕ ਲੋਕਤੰਤਰ ਵਿਚ ਮੋਦੀ, ਠਾਕਰੇ, ਪਾਟਿਲ, ਦੇਸ਼ ਮੁੱਖ ਤੇ ਅਡਵਾਨੀ ਵਰਗਿਆਂ ਦੀ ਐਕਟਿੰਗ ਚਲਦੀ ਰਹਿੰਦੀ ਏ ਤੇ ਦੂਜੇ ਪਾਸੇ ਧਰਮ ਦੁਆਰਾ ਪ੍ਰੇਰਤ ਜ਼ਹਾਦੀ ਆਪਣਾ ਐਕਸ਼ਨ ਕਰਕੇ ਦੌੜ ਜਾਂਦੇ ਹਨ ਜਾਂ ਥਾਂਏ ਹੀ ਮਰ ਜਾਂਦੇ ਹਨ। ਭਾਰਤ ਵਿਚ ਵਪਾਰ ਕਰਨ ਲਈ ਫਰਾਂਸੀਸੀ, ਪੁਰਤਗੇਜ਼ੀ ਤੇ ਇੰਗਲੈਂਡ ਦੇ ਗੋਰੇ ਦਾਖ਼ਲ ਹੋਏ। ਅਗਰ ਕਾਮਯਾਬ ਹੋਈ ਤਾਂ ਸਿਰਫ਼ ਈਸਟ ਇੰਡੀਆ ਕੰਪਨੀ। ਉੱਤਰੀ ਅਮਰੀਕਾ ਦੀ ਖੋਜ ਤੋਂ ਬਾਅਦ ਉੱਧਰ ਨੂੰ ਫਰਾਂਸੀਸੀ ਅਤੇ ਅੰਗਰੇਜ਼ ਗੋਰੇ ਦੋਨੋਂ ਵਧੇ ਪ੍ਰੰਤੂ ਕਾਮਯਾਬੀ ਅੰਗਰੇਜਾਂ ਦੀ ਹੀ ਹੋਈ। ਭਾਰਤ ਵਿਚ ਈਸਟ ਇੰਡੀਆ ਕੰਪਨੀ ਦੇ ਕਾਮਯਾਬ ਹੋਣ ਦਾ ਵੱਡਾ ਕਾਰਨ ਵੀ ਐਕਟਿੰਗ ਅਤੇ ਐਕਸ਼ਨ ਨੂੰ ਖ਼ੂਬਸੂਰਤੀ ਨਾਲ ਅੰਜ਼ਾਮ ਦੇਣਾ ਹੀ ਸੀ। ਇੰਗਲੈਂਡ ਨੇ ਲੌਰਡ ਕਲਾਈਵ ਨੂੰ ਸਾਫ਼ ਸਾਫ਼ ਕਹਿ ਦਿੱਤਾ ਸੀ ਕਿ ਉਹ ਮੌਕਾ ਦੇਖ ਕੇ ਆਪਣੀ ਸੂਝ ਨਾਲ ਕੋਈ ਵੀ ਐਕਸ਼ਨ ਕਰ ਲਵੇ ਪ੍ਰੰਤੂ ਫਰਾਂਸ ਨੇ ਡੁੱਪਲੇ ਨੂੰ ਕਿਹਾ ਸੀ ਕਿ ਪਹਿਲਾਂ

ਫਰਾਂਸ ਦੀ ਸਰਕਾਰ ਦਾ ਆਦੇਸ਼ ਉਡੀਕੇ ਤੇ ਫਿਰ ਐਕਸ਼ਨ ਕਰੇ। ਲੋਰਡ ਕਲਾਈਵ ਹਾਲਾਤ ਅਨੁਸਾਰ ਇਕ ਦਮ ਫ਼ੈਸਲਾ ਲੈ ਕੇ ਐਕਸ਼ਨ ਕਰਦਾ ਗਿਆ ਤੇ ਡੁੱਪਲੇ ਬੈਠਾ ਫਰਾਂਸ ਦੀ ਸਰਕਾਰ ਦਾ ਆਦੇਸ਼ ਉਡੀਕਦਾ ਰਿਹਾਂ। ਇਸ ਪ੍ਰਕਾਰ ਕਲਾਈਵ ਕਾਮਯਾਬ ਹੁੰਦਾ ਗਿਆ ਤੇ ਡੁੱਬਲੇ ਪਿੱਛੇ ਰਹਿੰਦਾ ਗਿਆ। ਇਸ ਪ੍ਰਕਾਰ ਭਾਰਤ ਦੀ ਆਜ਼ਾਦੀ ਦੀ ਲੜਾਈ ਸਮੇਂ ਮਹਾਤਮਾ ਗਾਂਧੀ ਦੀ ਐਕਟਿੰਗ ਚਲਦੀ ਰਹਿੰਦੀ ਸੀ ਤੇ ਭਗਤ ਸਿੰਘ ਵਰਗਿਆਂ ਦਾ ਐਕਸ਼ਨ। ਅਗਰ ਕਿਸੇ ਤਾਕਤ ਨੂੰ ਕਿਸੇ ਦੇਸ਼ 'ਚੋਂ ਖ਼ਤਮ ਕਰਨ ਲਈ ਐਕਟਿੰਗ ਹੌਲ਼ੀ-ਹੌਲ਼ੀ ਕੰਮ ਕਰਦੀ ਏ ਤਾਂ ਐਕਸ਼ਨ ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿਚ ਬੜੀ ਜਲਦੀ ਹਿਸਾ ਪਾਉਂਦਾ ਏ। ਬਹੁਤ ਵਾਰੀ ਐਕਸ਼ਨ ਕਿਸੇ ਵੀ ਸੰਘਰਸ਼ ਨੂੰ ਅੰਜ਼ਾਮ ਚਾੜ੍ਹਨ ਦਾ ਫੌਰੀ ਕਾਰਨ ਵੀ ਬਣਦਾ ਰਿਹਾ ਏ। ਬਹੁਤੀ ਵਾਰ ਐਕਟਿੰਗ ਸ਼ਾਤਰ ਦਿਮਾਗ ਲੋਕਾਂ ਨੇ ਕੀਤੀ ਏ ਤੇ ਐਕਸ਼ਨ ਸਾਫ਼ ਦਿਲ ਲੋਕਾਂ ਨੇ।

ਗੱਲ ਨੂੰ ਕੱਟਦੇ ਹੋਏ ਕੀਰਤੀ ਸਿੰਘ ਤੋਂ ਵਿਚ ਹੀ ਟੋਕਣੋਂ ਨਾ ਰਿਹਾ ਗਿਆ, "ਗੱਲਾਂ, ਪ੍ਰੋਫੈਸਰ ਸਾਹਿਬ ਤੁਹਾਡੀਆਂ ਠੀਕ ਹਨ। ਤੁਸੀਂ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਵਾਲੇ ਮਸਲੇ ਤੇ ਘੱਟ ਚਾਨਣਾ ਪਾਇਆ ਏ।"

ਜਵਾਬ – ਸਮਾਜ ਅਤੇ ਇਤਿਹਾਸ ਇਕ ਬਹੁਤ ਵੱਡੀ ਪ੍ਰਯੋਗਸ਼ਾਲਾ ਏ। ਇਸ ਮਸਲੇ ਦਾ ਜਵਾਬ ਤੁਹਾਨੂੰ ਸਮਾਜ ਅਤੇ ਇਤਿਹਾਸ ਵਿਚੋਂ ਇੱਕ ਦਮ ਮਿਲ ਜਾਂਦਾ ਏ। ਮੇਰੇ ਪਿੰਡ ਵਿਚ ਇਕ ਮੁਸਲਮਾਨ ਫ਼ਕੀਰ ਦੀ ਜਗ੍ਹਾ ਏ। ਜਦ ਅਸੀਂ ਛੋਟੇ-ਛੋਟੇ ਹੋਇਆ ਕਰਦੇ ਸਾਂ ਤਾਂ ਅਸੀਂ ਦੇਖਦੇ ਸਾਂ ਕਿ ਇਸ ਜਗ੍ਹਾ ਮੂਹਰੇ ਸਿਰਫ਼ ਇਕ ਮੁਸਲਮਾਨ ਫ਼ਕੀਰ ਦੀ ਸ਼ਕਲ ਹੀ ਤਰਾਸ਼ੀ ਹੋਈ ਹੁੰਦੀ ਸੀ। ਜਦ ਸੰਨ 47 ਵਿਚ ਇਲਾਕੇ ਦੇ ਸਾਰੇ ਮੁਸਲਮਾਨ ਪਾਕਿਸਤਾਨ ਨੂੰ ਚਲੇ ਗਏ ਤਾਂ ਹੌਲ਼ੀ-ਹੌਲ਼ੀ ਇਸ ਜਗ੍ਹਾ ਵਿਚ ਬਾਬੇ ਨਾਨਕ ਦੀ ਤਸਵੀਰ ਵੀ ਦਿਖਣ ਲੱਗ ਪਈ। ਇਸ ਜਗ੍ਹਾ ਮੂਹਰੇ ਜਾ ਕੇ ਮੱਥਾ ਟੇਕ ਕੇ ਵੀ ਲੋਕੀ 'ਵਾਹਿਗੁਰੂ ਵਾਹਿਗੁਰੂ' ਕਹਿੰਦੇ ਤੇ ਸਿੱਖ ਧਰਮ ਦੀ ਅਰਦਾਸ ਕਰਨ ਲੱਗ ਪਏ। ਹੁਣ ਵੀ ਇੰਝ ਹੀ ਹੋ ਰਿਹਾ ਏ।

ਦੁਨੀਆਂ ਵਿਚ ਜਿਸ ਖਿੱਤੇ ਵਿਚ ਜੋ ਵੀ ਕੋਈ ਰਾਜ ਕਰਦਾ ਏ ਉਸ ਦਾ ਧਰਮ ਅਸਥਾਨਾਂ ਅਤੇ ਸ਼ਹਿਰਾਂ ਤੇ ਅਸਰ ਪੈਂਦਾ ਹੀ ਏ। ਸਿਆਸੀ ਤਾਕਤਾਂ ਆਪਣੇ ਧਰਮ ਦੇ ਨਾਮਨਕਲੇਚਰ (nomenclature) ਮੁਤਾਬਿਕ ਸ਼ਹਿਰਾਂ ਦੇ ਨਾਮ ਵੀ ਬਦਲ ਦਿੰਦੀਆਂ ਹਨ ਤੇ ਨਵੇਂ-ਨਵੇਂ ਸ਼ਹਿਰ ਵੀ ਵਸਾ ਦਿੰਦੀਆਂ ਹਨ। ਮੁਸਲਮਾਨਾਂ ਨੇ ਭਾਰਤ ਤੇ ਕਈ ਸਦੀਆਂ ਰਾਜ ਕੀਤਾ। ਖਾਸ ਕਰਕੇ ਤੇਰ੍ਹਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਮੁੱਢ ਤੱਕ ਭਾਰਤ ਵਿਚ ਮੁਸਲਮਾਨਾਂ ਦਾ ਸਮਾ ਹੀ ਸੀ। ਇਸ ਲੰਬੇ ਸਮੇਂ ਦੌਰਾਨ ਅੰਤਾਂ ਦੇ ਨਵੇਂ ਸ਼ਹਿਰ ਵਸੇ ਹੋਏ ਹੋਣਗੇ ਤੇ ਕਈ ਸ਼ਹਿਰਾਂ ਤੇ ਪਿੰਡਾਂ ਦੇ ਨਾਮ ਵੀ ਬਦਲੇ ਗਏ ਹੋਣਗੇ। ਹੁਸ਼ਿਆਰਪੁਰ ਹੁਸ਼ਿਆਰ ਖਾਨ ਨੇ ਵਸਾਇਆ, ਲੁਧਿਆਣਾ ਲੋਧੀਆਂ ਨੇ ਵਸਾਇਆ, ਫਰੀਦਕੋਟ ਦਾ ਅਰਥ ਹੈ ਫਰੀਦ ਦਾ ਕਿਲਾ। ਅੰਤਾਂ ਦੇ ਸ਼ਹਿਰ ਐਸੇ ਹਨ ਜਿਨ੍ਹਾਂ ਦੇ ਨਾਮ ਹੀ ਮੁਸਲਮਾਨੀ ਨਾਮਨਕਲੇਚਰ 'ਚੋਂ ਨਿਕਲੇ ਹਨ ਜਿਵੇਂ ਹੈਦਰਾਬਾਦ, ਅਹਿਮਦਾਬਾਦ, ਗਾਜ਼ੀਆਬਾਦ, ਫ਼ਰੀਦਾਬਾਦ, ਔਰੰਗਾਬਾਦ, ਫਰੂਕਾਵਾਦ ਆਦਿ। ਪਾਕਿਸਤਾਨ ਬਣਨ ਤੋਂ ਬਾਅਦ ਲਾਇਲਪੁਰ ਨੂੰ ਫ਼ੈਸਲਾਬਾਦ ਬਣਾ ਦਿੱਤਾ ਗਿਆ ਤੇ ਮਿੰਟਗੁਮਰੀ ਨੂੰ ਸਾਈਵਾਲ। ਪੰਜਾਬ ਵਿਚ ਸਿੱਖਾਂ ਦੇ ਬੋਲਬਾਲੇ ਨੇ ਵੀ ਇੰਜ ਹੀ ਕੀਤਾ ਤੇ ਹੁਣ ਵੀ ਕੀਤਾ ਜਾ ਰਿਹਾ ਏ। ਅੰਮ੍ਰਿਤਸਰ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਤਰਨਤਾਰਨ ਆਦਿ ਨਾਮ ਸਿੱਖੀ

ਨਾਮਨਕਲੇਚਰ 'ਚੋਂ ਪੈਦਾ ਹੋਏ। ਨਵਾਂ ਸ਼ਹਿਰ ਦਾ ਨਾਂ ਬਦਲਕੇ ਹੁਣੇ-ਹੁਣੇ ਸ਼ਹੀਦ ਭਗਤ ਸਿੰਘ ਨਗਰ ਕੀਤਾ ਗਿਆ ਏ ਤੇ ਇਸ ਪ੍ਰਕਾਰ ਮੁਹਾਲੀ ਦਾ ਨਾਮ ਬਦਲ ਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਕੀਤਾ ਗਿਆ ਸੀ। ਅਗਰ ਇਹ ਸਾਰੇ ਕੁਝ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਬੜਾ ਸਪੱਸ਼ਟ ਜ਼ਾਹਿਰ ਹੋ ਜਾਂਦਾ ਹੈ ਕਿ ਬਾਬਰ ਦੇ ਸਮੇਂ ਤੋਂ ਮੰਦਰ ਨੂੰ ਮਸੀਤ ਦੀ ਸ਼ਕਲ ਦਿੱਤੀ ਜਾਣੀ ਸ਼ੁਰੂ ਹੋ ਗਈ ਤੇ ਹੌਲ਼ੀ-ਹੌਲ਼ੀ ਇਹ ਮਸੀਤ ਜ਼ਿਆਦਾ ਬਣਦੀ ਗਈ ਤੇ ਮੰਦਰ ਘਟਦਾ ਗਿਆ। ਮੁਸਲਮਾਨਾਂ ਦੀ ਭਾਰਤ ਵਿਚ ਗਿਣਤੀ ਘਟਣ ਤੋਂ ਬਾਅਦ ਤੇ ਭਾਰਤ ਤੇ ਹਿੰਦੂ ਬਹੁਗਿਣਤੀ ਦਾ ਰਾਜ ਕਾਇਮ ਹੋਣ ਤੋਂ ਬਾਅਦ ਮੰਦਰ ਦੀ ਹੋਂਦ ਨੇ ਜ਼ਿਆਦਾ ਜ਼ੋਰ ਫੜਨਾ ਹੀ ਸੀ। ਅਗਰ ਭਾਰਤ ਵਿਚੋਂ ਸਾਰੇ ਮੁਸਲਮਾਨ ਪਾਕਿਸਤਾਨ ਚਲੇ ਜਾਂਦੇ ਤਾਂ ਮਸੀਤ ਦੀ ਮਹੱਤਤਾ ਹੋਰ ਵੀ ਘਟਦੀ ਜਾਣੀ ਸੀ। ਅਗਰ ਸਿੱਖ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦੀ ਦੇਖ ਰੇਖ ਲਈ ਪਾਕਿਸਤਾਨ ਨਾ ਜਾ ਸਕਣ ਜਾਂ ਉਨ੍ਹਾਂ ਦੇ ਜਾਣ ਤੇ ਰੋਕ ਲੱਗੀ ਹੋਵੇ ਤਾਂ ਉਥੋਂ ਦੇ ਫਿਰਕੇ ਉਨ੍ਹਾਂ ਥਾਵਾਂ ਦੀ ਸ਼ਕਲ ਬਦਲ ਵੀ ਸਕਦੇ ਹਨ। ਇਹੀ ਕੁਝ ਗੋਰਿਆਂ ਨੇ ਕੀਤਾ। ਜਿੱਥੇ ਜਿੱਥੇ ਵੀ ਉਹ ਗਏ ਉਨ੍ਹਾਂ ਨੇ ਥਾਵਾਂ ਦੇ ਨਾਮ ਆਪਣੇ ਨਾਮੁਨਕਲੇਚਰ ਮੁਤਾਬਕ ਬਦਲਣੇ ਸ਼ੁਰੂ ਕਰ ਦਿੱਤੇ। ਅੱਜ ਜਿਹੜਾ ਕੋਲਕਤਾ ਹੈ ਅੰਗਰੇਜ਼ਾਂ ਨੇ ਉਸ ਨੂੰ ਕੈਲਕਟਾ ਬਣਾ ਦਿੱਤਾ ਸੀ, ਅੱਜ ਜਿਹੜਾ ਮੁੰਬਈ ਏ ਗੋਰਿਆਂ ਨੇ ਉਸ ਨੂੰ ਬੌਮਬੇ ਬਣਾ ਦਿੱਤਾ ਸੀ। ਇਸੀ ਪ੍ਰਕਾਰ ਸ਼ਿਮਲਾ, ਦਿੱਲੀ, ਮਦਰਾਸ ਆਦਿ ਸ਼ਹਿਰਾਂ ਵਿਚ ਤੇ ਇਸਾਈ ਪ੍ਰਧਾਨ ਰਾਜ ਗੋਆ ਜਿਹੇ ਸੂਬਿਆਂ ਵਿਚ ਹੁਣ ਵੀ ਕਈ ਥਾਵਾਂ ਦੇ ਨਾਮ ਇਸਾਈ ਨਾਮਨਕਲੇਚਰ ਮੁਤਾਬਕ ਮੌਜੂਦ ਹਨ। ਇਸ ਪ੍ਰਕਾਰ ਰਾਮ ਜਨਮ ਭੂਮੀ ਨਾਲ ਵਾਪਰਿਆ ਲਗਦਾ ਏ। ਰਾਮ ਦਾ ਜ਼ਮਾਨਾ ਬਹੁਤ ਸਦੀਆਂ ਪਹਿਲਾਂ ਹੋ ਚੁੱਕਾ ਏ। ਬਾਬਰ 1526 ਵਿਚ ਪਾਣੀਪੱਤ ਦੀ ਪਹਿਲੀ ਲੜਾਈ ਜਿੱਤ ਕੇ ਭਾਰਤ ਦੇ ਕਾਬਜ਼ ਹੋਇਆ। ਜ਼ਾਹਿਰ ਹੈ ਕਿ ਮੰਦਰ ਬਹੁਤ ਦੇਰ ਪਹਿਲਾਂ ਬਣਿਆ ਹੋਵੇਗਾ। ਬਾਬਰੀ ਮਸਜਿਦ ਤਾਂ ਬਾਬਰ ਦੇ ਆਉਣ ਤੋਂ ਬਾਅਦ ਹੀ ਬਣ ਸਕਦੀ ਏ, ਪਹਿਲਾਂ ਤਾਂ ਕਦਾਚਿਤ ਵੀ ਨਹੀਂ ਬਣ ਸਕਦੀ। ਇਸ ਪ੍ਰਕਾਰ ਜਿਉਂ ਜਿਉਂ ਬਾਬਰ ਜਾਂ ਉਸ ਦੇ ਜਾਨਸ਼ੀਨਾਂ ਦਾ ਦਬਦਬਾ ਭਾਰਤ ਤੇ ਵਧਿਆ ਉਨ੍ਹਾਂ ਨੇ ਉਥੇ ਮਸੀਤ ਬਣਾ ਦਿੱਤੀ। ਅਗਰ ਇਤਿਹਾਸ ਨੂੰ ਦਲੀਲ ਦੀ ਕਸੌਟੀ ਤੇ ਪਰਖੀਏ ਤਾਂ ਸਾਫ਼ ਨਜ਼ਰ ਆਉਂਦਾ ਏ ਕਿ ਇਹ ਥਾਂ ਮੁਢਲੇ ਤੌਰ ਤੇ ਮੰਦਰ ਦੀ ਹੀ ਏ। ਜਿੱਥੋਂ ਤੱਕ ਕਸ਼ਮੀਰ ਸਮੱਸਿਆ ਦਾ ਸਬੰਧ ਹੈ ਇਸ ਦੇ ਬੀਜ ਵੀ ਭਾਰਤ ਦੀ ਵੰਡ ਵਿਚ ਹੀ ਬੀਜੇ ਗਏ ਸਨ। ਉਸੇ ਸਮੇਂ ਸਾਰੇ ਫ਼ੈਸਲੇ ਇਕ ਟੁੱਕ ਹੋ ਜਾਣੇ ਚਾਹੀਦੇ ਸਨ। ਕਿਸੇ ਖਿੱਤੇ ਨੂੰ ਸਪੈਸ਼ਲ ਰੁਤਬਾ ਦੇਣਾ ਵੈਸੇ ਹੀ ਗ਼ਲਤ ਏ। ਗਾਂਧੀ ਤੇ ਅੰਬੇਦਕਰ ਉਸ ਸਮੇਂ ਭਾਰਤ ਦੇ ਰਾਜਨੀਤੀਵੇਤਾ ਸਨ। ਜਦ ਜਿਨਾਹ ਸਾਰੇ ਫ਼ੈਸਲੇ ਇਕ ਟੁੱਕ ਕਰਵਾ ਸਕਦਾ ਸੀ ਤਾਂ ਗਾਂਧੀ ਅਤੇ ਅੰਬੇਦਕਰ ਨੇ ਕਿਉਂ ਨਹੀਂ ਕਰਵਾਏ? ਰਾਜਨੀਤੀ ਵਿਚ ਸੰਤਪੁਣਾ ਰਲਗੱਡ ਕਰਨਾ ਗਲਤੀ ਏ। ਰਾਜਨੀਤੀ ਦੀ ਚਾਲ ਤਾਂ ਦੋ ਜਮ੍ਹਾਂ ਦੋ ਬਰਾਬਰ ਹੈ ਚਾਰ ਵਾਂਗ ਹੁੰਦੀ ਏ, ਨਾ ਕਿ ਸਾਹਿਤ ਦੇ ਪ੍ਰਤੀਕਾਂ ਵਾਂਗ ਜਿਨ੍ਹਾਂ ਦੇ ਕਈ-ਕਈ ਅਰਥ ਨਿਕਲ ਜਾਂਦੇ ਹਨ। ਰਾਜਨੀਤੀ ਵਿਚ ਅਸਪੱਸ਼ਟਤਾ (Obscurity) ਵਾਸਤੇ ਕੋਈ ਸਥਾਨ ਨਹੀਂ। ਜਿਨਾਹ ਸੱਚਮੁੱਚ ਹੀ ਰਾਜਨੀਤੀ ਵਿਚ ਨਿਪੁੰਨ ਸੀ। ਜਿਨਾਹ ਦੀ ਦੂਰਦਰਸਤਾ ਨੇ ਭਾਰਤ ਵਿਚ ਕਈ ਪਾਕਿਸਤਾਨਾਂ ਦੀ ਨੀਂਹ ਰੱਖ ਦਿੱਤੀ।

ਸਵਾਲ – ਪ੍ਰੋਫੈਸਰ ਸਾਹਿਬ, ਤੁਹਾਡੇ ਜਵਾਬ ਬੜੇ ਸਾਦੇ, ਦਲੀਲ ਭਰਭੂਰ ਤੇ ਵਜ਼ਨਦਾਰ ਹਨ। ਮੈਂ ਇਕ ਹੋਰ ਸਵਾਲ ਵੀ ਕਰਨਾ ਚਾਹੁੰਦਾ ਹਾਂ।

"ਉਹ ਕੀ?" ਜੋਗਾ ਸਿੰਘ ਨੇ ਖ਼ੁਦ ਹੀ ਪੁੱਛ ਲਿਆ।

"ਉਹ ਹੈ ਰੱਬ ਬਾਰੇ। ਤੁਹਾਡੇ ਰੱਬ ਬਾਰੇ ਕੀ ਵਿਚਾਰ ਹਨ। ਕਈ ਲੋਕ ਰੱਬ ਨੂੰ ਨਹੀਂ ਮੰਨਦੇ। ਕੀ ਤੁਸੀਂ ਵੀ ਨਾਸਤਿਕ ਹੋ?"

ਜਵਾਬ – ਤੁਸੀਂ ਜਾਣਦੇ ਹੀ ਹੋ ਰੱਬ ਬਾਰੇ ਧਰਮ ਦਾ ਆਪਣਾ ਸਿਧਾਂਤ ਏ ਤੇ ਸਾਇੰਸ ਦਾ ਆਪਣਾ। ਬੁੱਧ ਧਰਮ ਛੱਡ ਕੇ ਬਾਕੀ ਸਾਰੇ ਧਰਮ ਰੱਬ ਦੀ ਹੋਂਦ ਵਿਚ ਯਕੀਨ ਰਖਦੇ ਹੀ ਹਨ। ਗੌਤਮ ਬੁੱਧ ਰੱਬ ਬਾਰੇ ਚੁੱਪ ਸੀ। ਚੁੱਪ ਰਹਿਣਾ ਬਹੁਤੀ ਵਧੀਆ ਗੱਲ ਨਹੀਂ। ਕੁਝ ਨਾ ਕੁਝ ਤਾਂ ਕਹਿਣਾ ਹੀ ਚਾਹੀਦਾ ਏ। ਪ੍ਰੋਫੈਸਰ ਮੋਹਨ ਸਿੰਘ ਰੱਬਨੂੰ ਇਕ ਗੋਰਖ ਧੰਦਾ ਕਹਿੰਦਾ ਏ। ਜਿਵੇਂ ਜਿਵੇਂ ਇਸ ਗੋਰਖ ਧੰਦੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰੋ, ਇਹ ਹੋਰ ਉਲਝਦਾ ਰਹਿੰਦਾ ਹੈ ਤੇ ਖੋਜੀ ਆਖ਼ਰਕਾਰ ਕਾਫ਼ਰ ਬਣ ਜਾਂਦਾ ਏ। ਮੈਨੂੰ ਬੁੱਲ੍ਹੇ ਸ਼ਾਹ ਦੀ ਫਿਲਾਸਫੀ ਕਾਫ਼ੀ ਅੱਛੀ ਲਗਦੀ ਏ। ਉਹ ਰੱਬ ਦੇ ਖਿਲਾਫ਼ ਨਹੀਂ ਪਰ ਪਾਖੰਡਵਾਦ ਦੇ ਖਿਲਾਫ਼ ਏ। ਪਾਖੰਡੀ ਮੁੱਲਾਂ ਮੁਲਾਣਿਆਂ ਨੂੰ ਉਹ ਆੜੇ ਹੱਥੀਂ ਲੈਂਦਾ ਏ। ਮੈਂ ਰੱਬ ਦੀ ਹੋਂਦ ਨੂੰ ਝੁਠਲਾਂਦਾ ਨਹੀਂ। ਮੈਂ ਧਰਮ ਦੇ ਵੀ ਖਿਲਾਫ਼ ਨਹੀਂ। ਸਭ ਤੋਂ ਵੱਡਾ ਦੁੱਖ ਉਦੋਂ ਹੁੰਦਾ ਏ ਜਦ ਬੰਦਾ ਧਾਰਮਿਕ ਗਰੰਥਾਂ ਮੂਹਰੇ ਮੱਥਾ ਟੇਕਦਾ ਹੋਇਆ ਵੀ ਬਹੁਤੇ ਕੰਮ ਉਨ੍ਹਾਂ ਗਰੰਥਾਂ ਮੁਤਾਬਿਕ ਨਹੀਂ ਕਰਦਾ। ਮਿਸਾਲ ਦੇ ਤੌਰ ਤੇ ਇਸਾਈ ਮੱਤ ਹੀ ਲੈ ਲਵੋ। ਕ੍ਰਿਸਮਿਸ ਦਾ ਤਿਉਹਾਰ ਬੜੀ ਧੂਮ ਨਾਲ ਮਨਾਉਣਗੇ। ਬਾਈਬਲ ਦਾ ਉਪਦੇਸ਼ ਹੈ– ਵਿਆਹ ਤੋਂ ਬਗੈਰ ਲਿੰਗ ਸੰਬੰਧ ਪਾਪ ਹੈ (Adultery is a sin)। ਹੋ ਰਿਹਾ ਹੈ ਸਭ ਕੁਝ ਇਸ ਦੇ ਉਲਟ। ਅਗਰ ਪੂਰਬ ਵਿਚ ਲੁਕ ਛਿਪ ਕੇ ਹੋ ਰਿਹਾ ਏ ਤਾਂ ਪੱਛਮ ਵਿਚ ਸਰ੍ਹੇਆਮ ਹੋ ਰਿਹਾ ਏ। ਸਿੱਖ ਧਰਮ ਵਿਚ ਡੇਰਾਵਾਦ ਨੂੰ ਕੋਈ ਥਾਂ ਨਹੀਂ। ਫਿਰ ਵੀ ਡੇਰਾਵਾਦ ਪ੍ਰਫੁੱਲਤ ਹੋਈ ਜਾ ਰਿਹਾ ਏ। ਧਰਮ ਦਾ ਕੰਮ ਮਨੁੱਖ ਦੇ ਮਨ ਵਿਚ ਡਰ ਪੈਦਾ ਕਰਨਾ ਵੀ ਏ ਤੇ ਉਸ ਨੂੰ ਸਦਾਚਾਰ ਸਿਖਾਉਣਾ ਵੀ ਏ। ਡਰ ਤਾਂ ਹੀ ਪੈਦਾ ਹੋ ਸਕਦਾ ਏ ਜੇਕਰ ਕਿਸੇ ਦੈਵੀ ਸ਼ਕਤੀ ਜਾਂ ਉੱਚਤਮ ਸ਼ਕਤੀ ਦਾ ਭੈਅ ਪੈਦਾ ਕੀਤਾ ਜਾਵੇ। ਧਰਮ ਮਨੁੱਖ ਦੇ ਮਨ ਵਿਚ ਇਹ ਭੈਅ ਪੈਦਾ ਕਰਕੇ ਮਨੁੱਖ ਨੂੰ ਚੰਗੇ ਕੰਮ ਕਰਨ ਵੱਲ ਪ੍ਰੇਰਦਾ ਏ। ਇਸ ਲਈ ਰੱਬ ਦੀ ਹੋਂਦ ਵਿਚ ਯਕੀਨ ਰੱਖਣਾ ਕੋਈ ਮਾੜੀ ਗੱਲ ਨਹੀਂ। ਵੈਸੇ ਮੈਂ 'ਰੱਬ' ਸ਼ਬਦ ਨਾਲੋਂ 'ਕੁਦਰਤ' ਸ਼ਬਦ ਵੱਧ ਸਾਰਥਕ ਸਮਝਦਾ ਰਹਿੰਦਾ ਹਾਂ। ਕੁਦਰਤ ਦਾ ਕੀਤਾ ਸਾਨੂੰ ਸਭ ਕੁਝ ਦਿਖਦਾ ਰਹਿੰਦਾ ਹੈ। ਇਹ ਜੋ ਕੁਝ ਦਿਖਦਾ ਹੈ ਇਹੀ ਰੱਬ ਹੈ। ਭੂਚਾਲ, ਸੁਨਾਮੀ, ਹੜ੍ਹ, ਜਵਾਰਭਾਟਾ, ਭੁੱਖਮਰੀ, ਦੁਰਘਟਨਾਵਾਂ, ਲਾਟਰੀ ਦੇ ਰੂਪ ਵਿਚ ਧੰਨ ਦਾ ਗੱਫਾ ਆਦਿ ਸਭ ਕੁਦਰਤ ਦੀਆਂ ਖੇਡਾਂ ਹਨ। ਇਹ ਕੁਦਰਤ ਦੀਆਂ ਖੇਡਾਂ ਹੀ ਰੱਬ ਦੀ ਹੋਂਦ ਦਾ ਅਹਿਸਾਸ ਕਰਾਉਂਦੀਆਂ ਹਨ। ਰੱਬ ਨੂੰ ਕੁਦਰਤ ਦੀਆਂ ਬਖਸ਼ਿਸ਼ਾਂ ਤੇ ਕੁਦਰਤ ਦੀਆਂ ਕਰੋਪੀਆਂ ਦੇ ਰੂਪ ਵਿਚ ਆਰਾਮ ਨਾਲ ਦੇਖਿਆ ਜਾ ਸਕਦਾ ਹੈ।

ਮੇਰਾ ਅਖ਼ਰੀ ਸਵਾਲ –ਮਨੁੱਖੀ ਰਿਸ਼ਤਿਆਂ ਬਾਰੇ ਕੁਝ?

ਜ਼ੋਗਾ ਸਿੰਘ ਦਾ ਜਵਾਬ –ਮਨੁੱਖੀ ਰਿਸ਼ਤੇ ਨਾਤੇ ਗਿਣਤ ਵਾਂਗ ਨਹੀਂ ਹਨ। ਗਿਣਤ ਵਿਚ ਹਮੇਸ਼ਾ ਦੋ ਦੂਣੀ ਚਾਰ ਹੁੰਦਾ ਏ ਪ੍ਰੰਤੂ ਮਨੁੱਖੀ ਰਿਸ਼ਤਿਆਂ ਵਿਚ ਕਿਸੇ ਸਮੇਂ ਦੋ ਦੂਣੀ ਤਿੰਨ ਜਾਂ ਪੰਜ ਵੀ ਹੋ ਸਕਦਾ ਏ। ਕਈ ਲੋਕ ਸੋਚਦੇ ਹਨ ਕਿ ਜਨਮ ਦਿਨ ਦੀਆਂ ਮੁਬਾਰਕਾਂ

ਦਾ ਜਵਾਬ ਮੁਬਾਰਕਾਂ ਵਿਚ ਹੀ ਮਿਲਣਾ ਚਾਹੀਦਾ ਏ, ਕਿਸੇ ਨੂੰ ਦਿੱਤੇ ਗਏ ਤੋਹਫ਼ੇ ਦਾ ਜਵਾਬ ਤੋਹਫ਼ੇ ਵਿਚ ਹੀ ਮਿਲਣਾ ਚਾਹੀਦਾ ਏ। ਇਸ ਧਾਰਨਾ ਪੂਰਣ ਰੂਪ ਵਿਚ ਠੀਕ ਨਹੀਂ। ਰਿਸ਼ਤਿਆਂ ਵਿਚ ਜਮ੍ਹਾਂ ਮਨਫ਼ੀ ਹੋਣ ਦੀ ਗੁੰਜਾਇਸ਼ ਹਮੇਸ਼ਾ ਹੀ ਬਣੀ ਰਹੀ ਏ। ਅਗਰ ਅੱਜ ਮੈਂ ਕਿਸੇ ਦੀ ਆਰਥਕ ਮਦਦ ਕੀਤੀ ਏ ਤਾਂ ਕੱਲ੍ਹ ਨੂੰ ਉਹ ਮੇਰੀ ਭਾਵਨਾਤਮਕ ਮਦਦ ਵੀ ਕਰ ਸਕਦਾ ਏ। ਰਿਸ਼ਤਿਆਂ ਦੀ ਸੰਵੇਦਨਸ਼ੀਲਤਾ ਦਾ ਗਿਆਨ ਸਾਨੂੰ ਸਭ ਤੋਂ ਵੱਧ ਉਸ ਸਮੇਂ ਹੁੰਦਾ ਏ ਜਦ ਸਾਡੇ ਨਾਲ ਕੋਈ ਦੁਖਾਂਤ ਵਾਪਰਦਾ ਏ। ਦੁਖਾਂਤ ਵਾਪਰਨ ਤੇ ਅਸੀਂ ਕਈ ਵਾਰ ਆਪਣੇ ਦੁਸ਼ਮਣ ਨਾਲ ਵੀ ਅਫ਼ਸੋਸ ਕਰ ਲੈਂਦੇ ਹਾਂ। ਦੁਖਾਂਤ ਦਾ ਵਾਪਰਨਾ ਸਾਡੇ ਰਿਸ਼ਤਿਆਂ ਨੂੰ ਫਿਰ ਠੀਕ ਕਰਨਾ ਸ਼ੁਰੂ ਕਰ ਦਿੰਦਾ ਏ। ਇਹ ਰਿਸ਼ਤਿਆਂ ਦੇ ਗਿਣਤ ਨੂੰ ਅਸਫ਼ਲ ਬਣਾ ਦਿੰਦਾ ਏ। ਇਹ ਰਿਸ਼ਤਿਆਂ ਨੂੰ ਠੀਕ ਕਰਨ ਲਈ ਅਕਸਰ ਵਰਦਾਨ ਵੀ ਸਾਬਤ ਹੁੰਦਾ ਰਿਹਾ ਏ।

ਸਵਾਲ —ਇਕ ਹੋਰ ਗੱਲ ਮੈਨੂੰ ਯਾਦ ਆ ਗਈ। ਤੁਸੀਂ ਆਪਣੀ ਪੜ੍ਹਾਈ ਪੂਰੀ ਕੀਤੀ। ਇਸ ਤੋਂ ਬਾਅਦ ਸਾਰਾ ਜੀਵਨ ਕਾਲਜ ਵਿਚ ਪੜ੍ਹਾ ਕੇ ਸੇਵਾ ਮੁਕਤ ਹੋਏ ਹੋ। ਕੀ ਤੁਸੀਂ ਆਪਣੇ ਸਾਰੇ ਕੈਰੀਅਰ ਤੋਂ ਸੰਤੁਸ਼ਟ ਹੋ?

ਜਵਾਬ – ਅੰਗਰੇਜ਼ੀ ਵਿਚ ਸੰਤੁਸ਼ਟੀ ਵਾਸਤੇ ਦੋ ਸ਼ਬਦ ਹਨ–

1. Complacency 2. Contentment

ਮਨੁੱਖ ਵਿਚ Complacency ਨਹੀਂ ਆਉਣੀ ਚਹੀਦੀ। ਅਗਰ ਇੰਜ ਹੋ ਜਾਵੇ ਤਾਂ ਮਨੁੱਖ ਦੀ ਤਰੱਕੀ ਰੁਕ ਜਾਂਦੀ ਏ। ਮਿਸਾਲ ਦੇ ਤੌਰ ਤੇ ਕਿਸੇ ਡਿਕਸ਼ਨਰੀ ਵਿਚੋਂ ਇਸ ਸ਼ਬਦ ਦੇ ਪ੍ਰਯੋਗ ਵਾਸਤੇ ਵਰਤ ਗਏ ਫਿਕਰੇ ਦੇਖੋ:–

The state of the economy is increasngly desperate. I can see no justification for the government's complacency.

ਸਿਆਸਤ ਵਿਚ ਅਕਸਰ ਇੰਜ ਹੁੰਦਾ ਹੈ ਕਿ ਸਰਕਾਰਾਂ ਆਪਣੀ ਮਾੜੀ ਅਰਥਕਤਾ ਨੂੰ ਵੀ ਐਵੇਂ ਚੰਗਾ ਕਹੀ ਜਾਣਗੀਆਂ। ਕਰਨਾ ਕੁਝ ਨਹੀਂ ਤੇ ਐਵੇਂ ਹੀ ਸੰਤੁਸ਼ਟ ਹੋਈ ਫਿਰਨਾ। ਅਗਰ ਮੈਂ Complacent ਹੋ ਜਾਂਦਾ ਤਾਂ ਮੈਂ ਅੰਗਰੇਜ਼ੀ ਦੀ ਐਮ.ਏ. ਪਾਸ ਕਰਨ ਤੋਂ ਬਾਅਦ ਇਤਿਹਾਸ ਦੀ ਐਮ.ਏ. ਨਾ ਕਰਦਾ। ਮੇਰਾ ਇਹ ਦੋ ਐਮ.ਏ. ਕਰਨ ਦਾ ਉਦੇਸ਼ ਸੀ ਆਈ.ਏ.ਐਸ. ਦੀ ਪ੍ਰੀਖਿਆ ਵਿਚ ਦੋਹਾਂ ਮਜ਼ਬੂਨਾਂ ਦੀ ਵੱਧ ਤਿਆਰੀ ਨਾਲ ਬੈਠਣਾ। ਮੈਂ ਇੰਝ ਕੀਤਾ ਵੀ ਲੇਕਿਨ ਪਾਸ ਫਿਰ ਵੀ ਨਾ ਹੋ ਸਕਿਆ। ਮੇਰੀ ਤਰੱਕੀ ਕਰਨ ਦੀ ਤਮੰਨਾ ਲਗਾਤਾਰ ਬਣੀ ਰਹੀ। ਅਗਰ ਮੈਂ Complacent ਹੋ ਜਾਂਦਾ ਤਾਂ ਮੇਰੀ ਤਰੱਕੀ ਕਰਨ ਦੀ ਤਮੰਨਾ ਬਰਕਰਾਰ ਨਹੀਂ ਸੀ ਰਹਿਣੀ।

Contentment ਦਾ ਅਰਥ ਏ ਪੂਰਣ ਸੰਤੁਸ਼ਟੀ। ਇਹ ਸੰਤੁਸ਼ਟੀ ਤੇ ਤਸੱਲੀ ਦੀ ਸਭ ਤੋਂ ਉਪਰਲੀ ਮੰਜ਼ਿਲ ਹੈ। ਮੈਂ ਸਾਰੀ ਜ਼ਿੰਦਗੀ ਨੌਕਰੀ ਕਰਕੇ ਇਸ ਵੇਲੇ ਪੂਰਣ ਸੰਤੁਸ਼ਟ ਹਾਂ। ਮੇਰੀ ਹੁਣ ਹੋਰ ਕੁੱਝ ਵੀ ਪ੍ਰਾਪਤ ਕਰਨ ਦੀ ਇੱਛਾ ਨਹੀਂ। ਕਿਸੇ ਵੇਲੇ ਮੇਰੇ ਪਾਸ ਬਾਈ ਸਾਈਕਲ ਹੁੰਦਾ ਸੀ। ਉਸ ਸਮੇਂ ਮੇਰੀ ਇੱਛਾ ਸੀ ਕਿ ਮੇਰੇ ਪਾਸ ਸਕੂਟਰ ਜਾਂ ਮੋਟਰ ਸਾਈਕਲ ਹੋਵੇ। ਫਿਰ ਮੇਰੇ ਪਾਸ ਸਕੂਟਰ ਹੋ ਗਿਆ। ਤਮੰਨਾ ਜਾਗ ਪਈ ਕਿ ਮੇਰੇ ਪਾਸ ਕਾਰ ਹੋਵੇ।

ਫਿਰ ਮੈਂ ਕਾਰ ਵੀ ਰੱਖ ਲਈ। ਹੁਣ ਦਿਲ ਕਰਦਾ ਰਹਿੰਦਾ ਏ ਕਿ ਕਾਰ ਖਾਸ ਲੰਬੇ ਸਫ਼ਰ ਲਈ ਹੀ ਬਾਹਰ ਕੱਢੀ ਜਾਵੇ। ਲੋਕਲ ਛੋਟੇ ਮੋਟੇ ਕੰਮ ਮੈਂ ਸਕੂਟਰ ਤੇ ਹੀ ਕਰ ਲੈਂਦਾ ਹਾਂ। ਰਿਹਾਇਸ਼ ਮੇਰੇ ਪਾਸ ਹੈ ਹੀ। ਮੈਂ ਇਸ ਰਿਹਾਇਸ਼ ਨਾਲ ਪੂਰਨ ਸੰਤੁਸ਼ਟ ਹਾਂ। ਪ੍ਰੰਤੂ ਪਿੰਡ ਦੀ ਹਾਲਤ ਦੇਖ ਕੇ ਮੈਂ ਸੰਤੁਸ਼ਟ ਨਹੀਂ। ਪਿੰਡ ਪ੍ਰਤੀ ਮੈਂ Complacent ਅਕਸਰ ਹੀ ਰਹਿੰਦਾ ਹਾਂ। ਉੱਥੇ ਅਜੇ ਬਹੁਤ ਕੁੱਝ ਹੋਣਾ ਬਾਕੀ ਏ। ਜੋ ਕੁਝ ਉੱਥੇ ਹੋ ਵੀ ਰਿਹਾ ਏ ਉਸਦੀ ਮੁਰੰਮਤ ਕਰਨ ਦੀ ਜ਼ਰੂਰਤ ਵੀ ਪੈਂਦੀ ਹੀ ਰਹਿੰਦੀ ਏ। ਇਹ ਮੁਰੰਮਤ ਵੀ ਚੱਜ ਨਾਲ ਨਹੀਂ ਹੋ ਰਹੀ।

ਜ਼ੋਰਾ ਸਿੰਘ ਦੇ ਵਿਆਖਾਨ ਸੁਣ ਕੇ ਮੈਨੂੰ ਬੜੀ ਖ਼ੁਸ਼ੀ ਹੋਈ। ਮੈਂ ਉਸਦਾ ਧੰਨਵਾਦ ਕੀਤਾ। ਫਿਰ ਮੈਂ ਉਹਨਾਂ ਪਾਸੋਂ ਛੁੱਟੀ ਲੈ ਲਈ।

## ਅਧਿਆਇ 3

# ਮਾਰਫ਼ਤ ਆਪ ਦੀ ਚਰਨਦਾਸੀ

ਦੂਜੇ ਦਿਨ ਕੀਰਤੀ ਸਿੰਘ ਦੇ ਕਮਰੇ ਵਿਚ ਮੇਰੀ ਮੁਲਾਕਾਤ ਅਚਾਨਕ ਸਰਮੁਖ ਸਿੰਘ ਨਾਲ ਹੋ ਗਈ। ਸਰਮੁਖ ਸਿੰਘ ਬੜਾ ਇਮਾਨਦਾਰ, ਭੋਲਾ ਭਾਲਾ ਤੇ ਸਮਝਦਾਰ ਆਦਮੀ ਸੀ। ਉਹ ਆਪਣੀ ਨੌਕਰੀ ਦੇ ਨਾਲ-ਨਾਲ ਲੋਕਾਂ ਦੇ ਕੰਮ ਕਰਵਾਉਣ ਵਿਚ ਵੀ ਦਿਲਚਸਪੀ ਲੈਂਦਾ ਰਹਿੰਦਾ ਸੀ। ਉਹ ਉਸੇ ਮਹਿਕਮੇ ਵਿਚ ਹੀ ਰੋਡ ਇੰਸਪੈਕਟਰ ਸੀ ਜਿਸ ਵਿਚ ਕੀਰਤੀ ਸਿੰਘ ਰੋਡ ਰੋਲਰ ਡਰਾਈਵਰ ਸੀ। ਉਹ ਵੀ ਜ਼ੀਰਕਪੁਰ ਦੇ ਨੇੜੇ ਕਿਸੇ ਪਿੰਡ ਦਾ ਵਸਨੀਕ ਸੀ। ਅਗਰ ਮਹਿਕਮੇ ਵਿਚ ਕੀਰਤੀ ਸਿੰਘ ਨੇ ਵਰਕਰ ਯੂਨੀਅਨ ਪੱਧਰ ਤੇ ਕੋਈ ਕਾਰਵਾਈ ਕਰਨੀ ਹੁੰਦੀ ਸੀ ਤਾਂ ਸਰਮੁਖ ਸਿੰਘ ਹਮੇਸ਼ਾ ਉਸ ਦਾ ਸਾਥ ਦਿੰਦਾ ਹੁੰਦਾ ਸੀ। ਇਹ ਦੋਨੋ ਮਿਲ ਕੇ ਕੁਝ ਦੇਰ ਪਹਿਲਾਂ ਇਕ ਓਵਰਸੀਅਰ ਪਰਮਪਾਲ ਸਿੰਘ ਦਾ ਤਬਾਦਲਾ ਵੀ ਕਰਾ ਚੁੱਕੇ ਸਨ। ਪਰਮਪਾਲ ਨੇ ਮਹਿਕਮੇ ਦਾ ਅੱਛਾ ਖਾਸਾ ਮਾਲ ਹੜੱਪ ਕਰਕੇ ਚੰਡੀਗੜ੍ਹ ਵਿਚ ਆਪਣੀ ਖ਼ੂਬਸੂਰਤ ਕੋਠੀ ਬਣਾ ਲਈ ਸੀ। ਉਸ ਦੇ ਖਿਲਾਫ਼ ਭਰਿਸ਼ਟਾਚਾਰ ਦਾ ਕੇਸ ਵੀ ਚਲਦਾ ਸੀ। ਕੀਰਤੀ ਸਿੰਘ ਮੂਹਰੇ ਹੋ ਕੇ ਇਸ ਕੇਸ ਦੀ ਪੈਰਵੀ ਕਰਿਆ ਕਰਦਾ ਸੀ। ਪਰਮਪਾਲ ਨੇ ਆਪਣੇ ਆਪ ਨੂੰ ਗੁਰਦਾਸਪੁਰੀਆ ਕਹਿ ਕੇ ਕੀਰਤੀ ਸਿੰਘ ਨੂੰ ਕਈ ਵਾਰ ਧਮਕੀਆਂ ਵੀ ਦਿੱਤੀਆਂ ਸਨ ਪ੍ਰੰਤੂ ਕੀਰਤੀ ਨੇ ਉਸ ਦੀ ਜ਼ਰਾ ਵੀ ਪ੍ਰਵਾਹ ਨਹੀਂ ਸੀ ਕੀਤੀ।

"ਸਤਿ ਸ੍ਰੀ ਅਕਾਲ, ਬਾਈ ਜੀ", ਮੈਂ ਮਿਲਦੇ ਸਾਰ ਹੀ ਉਸ ਨਾਲ ਪੁਰਾਣੀ ਥੋੜ੍ਹੀ ਜਿਹੀ ਜਾਣ-ਪਹਿਚਾਣ ਦਾ ਅਹਿਸਾਸ ਜਤਾਉਂਦੇ ਹੋਏ ਆਖਿਆ।

"ਸਤਿ ਸ੍ਰੀ ਅਕਾਲ, ਵੀਰ ਜੀ। ਕੀ ਹਾਲ ਏ? ਤੁਹਾਡੇ ਨਾਲ ਪਹਿਲਾਂ ਵੀ ਕੀਰਤੀ ਸਿੰਘ ਹੁਰਾਂ ਦੇ ਘਰ ਮੁਲਾਕਾਤ ਹੋਈ ਸੀ।"

"ਹਾਂ, ਮੈਂ ਬਾਈ ਜੀ ਪਾਸ ਅਕਸਰ ਆਉਂਦਾ ਰਹਿੰਦਾ ਹਾਂ। ਇਸ ਬਹਾਨੇ ਤੁਹਾਡੇ ਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਵੀ ਹੋ ਜਾਂਦੇ ਹਨ। ਕਰਮ ਸਿੰਘ ਵਾਲੇ ਕਾਲਜ ਦਾ ਕੀ ਹਾਲ ਏ? ਕਰਮ ਸਿੰਘ ਤੋਂ ਬਾਅਦ ਉਸ ਕਾਲਜ ਦੀ ਕਮੇਟੀ ਦਾ ਪ੍ਰਧਾਨ ਕੌਣ ਬਣਿਆ ਏ?"

"ਉਸ ਕਾਲਜ ਵਿਚ ਕਾਂਗਰਸ ਪਾਰਟੀ ਦਾ ਬੋਲਬਾਲਾ ਏ। ਪ੍ਰਧਾਨ ਤਾਂ ਕਿਸੇ ਕਾਂਗਰਸੀ ਨੇ ਹੀ ਬਣਨਾ ਸੀ। ਪਹਿਲਾ ਮੈਨੇਜਰ ਕਿਰਪਾਲ ਸਿੰਘ ਹੁਣ ਪ੍ਰਧਾਨ ਬਣਾ ਦਿੱਤਾ ਗਿਆ ਏ। ਉਸ ਦਾ ਪੇਚਾ ਪਿੱਛੇ ਜਿਹੇ ਪ੍ਰਿੰਸੀਪਲ ਨਾਲ ਪਿਆ ਰਿਹਾ।"

"ਕੀ ਗੱਲ ਹੋ ਗਈ ਸੀ?"

"ਨਵਾਂ-ਨਵਾਂ ਕਾਲਜ ਏ। ਪਹਿਲਾ ਪ੍ਰਿੰਸੀਪਲ ਸਿਰਫ਼ ਦੋ ਸਾਲ ਲਈ ਹੀ ਰੱਖਿਆ ਗਿਆ ਸੀ। ਉਸ ਤੋਂ ਬਾਅਦ ਦੂਜਾ ਪ੍ਰਿੰਸੀਪਲ ਇਕ ਐਸਾ ਵਿਅਕਤੀ ਆ ਗਿਆ ਜਿਸ ਨੇ ਕਿਸੇ ਕਾਲਜ ਵਿਚ ਮਸਾਂ ਹੀ ਇਕ ਸਾਲ ਤੋਂ ਵੱਧ ਦਾ ਸਮਾਂ ਕੱਟਿਆ ਸੀ। ਉਸ ਦੀ ਕੁੱਲ ਸਰਵਿਸ 15 ਸਾਲ ਸੀ ਤੇ ਉਸ ਨੇ ਇਹ ਸਰਵਿਸ 12 ਜਾਂ 13 ਕਾਲਜਾਂ ਵਿਚ

ਕੀਤੀ ਸੀ। ਨਾਮ ਸੋਮ ਪ੍ਰਕਾਸ਼ ਸੀ ਤੇ ਰਹਿਣ ਵਾਲਾ ਫ਼ਰੀਦਕੋਟ ਦਾ ਸੀ। ਅੰਗਰੇਜ਼ੀ ਬੜੀ ਬੋਲਦਾ ਹੁੰਦਾ ਸੀ। ਸਟਾਫ਼ ਮੀਟਿੰਗ ਵਿਚ ਪੰਜਾਬੀ ਦਾ ਤਾਂ ਕਦੀ-ਕਦਾਈਂ ਹੀ ਕੋਈ ਸ਼ਬਦ ਬੋਲਿਆ ਕਰਦਾ ਸੀ। ਸਿਰ ਤੋਂ ਗੰਜਾ ਸੀ। ਕੱਪੜੇ ਬੜੇ ਹੀ ਫੈਸ਼ਨ ਦੇ ਪਾਉਂਦਾ ਸੀ। ਕਮੀਜ਼ ਦੇ ਕਫਾਂ ਨੂੰ ਸੋਨੇ ਦੇ ਸਟੱਡ ਲੱਗੇ ਹੁੰਦੇ ਸਨ। ਬੂਟ ਜ਼ਿਆਦਾਤਰ ਸਫ਼ੈਦ ਰੰਗ ਦੇ ਪਾਇਆ ਕਰਦਾ ਸੀ। ਰੰਗ ਗੋਰਾ ਸੀ ਤੇ ਕੱਦ ਵੀ ਸੁਹਣਾ ਸੀ। ਹਰ ਰੋਜ਼ ਚੰਡੀਗੜ੍ਹ ਤੋਂ ਹੀ ਆਉਂਦਾ ਹੁੰਦਾ ਸੀ। ਜਦ ਇਕ ਵਾਰ ਮੈਂ ਕਿਹਾ-ਸਰ, ਏਥੇ ਹੀ ਕੋਈ ਰੈਣ ਬਸੇਰਾ ਕਰ ਲਵੋ ਤਾਂ ਕਹਿਣ ਲੱਗਾ- ਮੈਂ ਇਸ ਪਛੜੇ ਹੋਏ ਇਲਾਕੇ ਵਿਚ ਨਹੀਂ ਰਹਿ ਸਕਦਾ (cannot live in this beckward area) ਮਜ਼ਬੂਨ ਉਸ ਦਾ ਅੰਗਰੇਜ਼ੀ ਸੀ। ਕਹਿੰਦੇ ਸਨ ਕਿ ਉਸ ਨੇ ਫ਼ਰੀਦਕੋਟ ਵਿਖੇ ਇਕ ਅਕੈਡਮੀ ਵੀ ਖੋਲ੍ਹੀ ਹੋਈ ਸੀ ਜਿਹੜੀ ਕਿ ਉਸ ਦੀ ਪਤਨੀ ਦੀ ਦੇਖ ਰੇਖ ਹੇਠ ਠੀਕ-ਠਾਕ ਚੱਲ ਰਹੀ ਸੀ। ਹਰ ਰੋਜ਼ ਬੱਸ ਵਿਚ ਆਉਂਦਾ ਸੀ। ਉਸ ਦੇ ਪਹੁੰਚਣ ਸਮੇਂ ਕਾਲਜ ਦਾ ਇਕ ਚਪੜਾਸੀ ਬਾਈ ਸਾਈਕਲ ਲੈ ਕੇ ਕਾਲਜ ਤੋਂ ਥੋੜ੍ਹੀ ਦੂਰ ਬੱਸ ਸਟਾਪ ਤੇ ਪਹੁੰਚ ਜਾਂਦਾ ਸੀ। ਇਸ ਪ੍ਰਕਾਰ ਸਾਈਕਲ ਦੀ ਪਿਛਲੀ ਸੀਟ ਤੇ ਬੈਠ ਕੇ ਉਹ ਕਾਲਜ ਪਹੁੰਚਦਾ ਹੁੰਦਾ ਸੀ। ਆਉਂਦੇ ਸਾਰ ਹੀ ਚਾਹ ਪੀਆ ਕਰਦਾ ਸੀ। ਚਾਹ ਵਿਚ ਪਾਉਣ ਲਈ ਉਸ ਇਕ ਸਪੈਸ਼ਲ ਕਿਸਮ ਦਾ ਪਾਊਡਰ ਰੱਖਿਆ ਹੋਇਆ ਹੁੰਦਾ ਸੀ। ਇਸ ਪਾਊਡਰ ਦਾ ਨਾਂ ਸ਼ਾਇਦ ਲਿਮਜ਼ਾ ਸੀ। ਚਾਹ ਵਿਚੋਂ ਇਸਦਾ ਬੜਾ ਵਧੀਆ ਸੁਆਦ ਆਉਂਦਾ ਹੁੰਦਾ ਸੀ। ਕਈ ਵਾਰ ਸਟਾਫ਼ ਨੂੰ ਵਰਤਾਈ ਜਾਣ ਵਾਲੀ ਚਾਹ ਵਿਚ ਵੀ ਉਹ ਇਹ ਪਾਊਡਰ ਪੁਆ ਦਿੰਦਾ ਸੀ। ਚਾਹ ਪੀਣ ਤੋਂ ਬਾਅਦ ਉਹ ਇਸ ਨਵੇਂ ਬਣੇ ਛੋਟੇ ਜਿਹੇ ਕਾਲਜ ਦਾ ਰਾਊਂਡ ਲਿਆ ਕਰਦਾ ਸੀ। ਇਸ ਸਮੇਂ ਆਮ ਤੌਰ 'ਤੇ ਦੂਸਰਾ ਪੀਰੀਅਡ ਚੱਲ ਰਿਹਾ ਹੁੰਦਾ ਸੀ। ਸੋਮ ਪ੍ਰਕਾਸ ਦਾ ਕੰਮ ਦਿਖਾਵਾ ਕਰਨਾ ਜ਼ਿਆਦਾ ਸੀ ਤੇ ਪ੍ਰਬੰਧ ਕਰਨਾ ਘੱਟ। ਉਹ ਰੋਅਬ ਵੱਧ ਪਾਉਣ ਦੀ ਕੋਸ਼ਿਸ਼ ਕਰਦਾ ਸੀ, ਚੁਸਤੀ ਵੱਧ ਵਰਤਣ ਦੀ ਕੋਸ਼ਿਸ਼ ਕਰਦਾ ਸੀ, ਦਿਲੋਂ ਈਮਾਨਦਾਰ ਘੱਟ ਲਗਦਾ ਸੀ।"

"ਪਹਿਲਾ ਪ੍ਰਿੰਸੀਪਲ ਕਿਹੋ ਜਿਹਾ ਬੰਦਾ ਹੁੰਦਾ ਸੀ?"

"ਉਹ ਬਹੁਤ ਹੀ ਸਿਆਣਾ, ਬੜਾ ਹੀ ਮਿਲਣਸਾਰ, ਸੱਚੇ ਸੁੱਚੇ ਪੰਜਾਬੀ ਮਿਲਣਸਾਰ ਸੁਭਾਅ ਦਾ ਮਾਲਕ ਸੀ। ਈਮਾਨਦਾਰੀ ਦੀ ਉਹ ਮਿਸਾਲ ਸੀ। ਪੜ੍ਹਾਉਂਦਾ ਉਹ ਵੀ ਅੰਗਰੇਜ਼ੀ ਹੀ ਸੀ ਪ੍ਰੰਤੂ ਕਮਾਲ ਦਰਜੇ ਦੀ। ਉਸ ਦੀ ਗੱਲ ਪੇਂਡੂ ਵਿਦਿਆਰਥੀਆਂ ਨੂੰ ਬੜੀ ਸਮਝ ਆਉਂਦੀ ਸੀ। ਪ੍ਰਬੰਧਕੀ ਕਮੇਟੀ ਵੀ ਉਸ ਦਾ ਬੜਾ ਸਤਿਕਾਰ ਕਰਦੀ ਸੀ। ਸਰੀਰਕ ਰੋਅਬ ਦਾਅਬ ਵੀ ਚੰਗਾ ਸੀ। ਬੋਲਦਾ ਬੜਾ ਹੌਲ਼ੀ-ਹੌਲ਼ੀ ਸੀ ਪ੍ਰੰਤੂ ਵਿਦਿਆਰਥੀ ਉਸ ਤੋਂ ਬੜੇ ਡਰਿਆ ਕਰਦੇ ਸਨ। ਸੈਰ ਕਰਨ ਵੇਲੇ ਹੱਥ ਵਿਚ ਅਕਸਰ ਖੂੰਡੀ ਰੱਖਿਆ ਕਰਦਾ ਸੀ। ਲੋਕਲ ਹੀ ਰਹਿੰਦਾ ਸੀ। ਅਗਰ ਉਸ ਨੂੰ ਸੈਰ ਕਰਦੇ ਨੂੰ ਕੋਈ ਵਿਦਿਆਰਥੀ ਦੇਖ ਲਵੇ ਤਾਂ ਡਰਦਾ ਰਾਹ ਹੀ ਬਦਲ ਲਿਆ ਕਰਦਾ ਸੀ। ਪੜ੍ਹਾਉਂਦੇ ਸਮੇਂ ਉਹ ਇੰਜ ਲਗਦਾ ਸੀ ਜਿਵੇਂ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਮਜ਼ਮੂਨਾਂ ਦਾ ਹੀ ਐਮ.ਏ. ਪਾਸ ਹੋਵੇ। ਉਹ ਬੜੇ ਢੁਕਵੇਂ ਅਨੁਵਾਦ ਕਰਿਆ ਕਰਦਾ ਸੀ। ਹਫ਼ਤੇ ਵਿਚ ਦੋ ਕੁ ਪੀਰੀਅਡ ਹੀ ਲਿਆ ਕਰਦਾ ਸੀ। ਮੇਰਾ ਲੜਕਾ ਉਸੇ ਕਾਲਜ ਵਿਚ ਬੀ.ਏ. ਭਾਗ ਪਹਿਲਾ ਵਿਚ ਦਾਖਲ ਹੋਇਆ ਸੀ। ਉਹ ਅਕਸਰ ਉਸ ਦੀਆਂ ਗੱਲਾਂ ਕਰਿਆ ਕਰਦਾ ਸੀ। ਕਾਲਜ ਨੂੰ ਖ਼ੂਬਸੂਰਤ ਬਣਾਉਣ ਵਿਚ

ਉਸ ਨੇ ਬੜੀ ਖਾਸ ਭੂਮਿਕਾ ਨਿਭਾਈ। ਗਰਾਉਂਡ ਦੇ ਨਾਲ-ਨਾਲ ਪੌਦੇ ਲਗਾ ਕੇ ਉਸ ਦਾ ਸਾਰਾ ਵੀਰਾਨ ਇਲਾਕਾ ਹਰਾ ਭਰਾ ਕਰਵਾ ਦਿੱਤਾ ਸੀ। ਪਿੰਡਾਂ ਵਿਚ ਪ੍ਰੋਫੈਸਰਾਂ ਦੀਆਂ ਟੀਮਾਂ ਭੇਜੀਆਂ। ਇਸ ਕੋਸ਼ਿਸ਼ ਸਦਕਾ ਕਾਲਜ ਵਿਚ ਪਹਿਲੇ ਸਾਲ ਹੀ ਦੋ ਸੌ ਵਿਦਿਆਰਥੀ ਹੋ ਗਏ ਸਨ।"

"ਨਵੇਂ ਪ੍ਰਧਾਨ ਦਾ ਨਵੇਂ ਪ੍ਰਿੰਸੀਪਲ ਨਾਲ ਕੀ ਪੇਚਾ ਪਿਆ?"

"ਪੇਚਾ ਪੈਣ ਦਾ ਕਾਰਨ ਤੁਹਾਨੂੰ ਪਤਾ ਹੀ ਏ, ਪੈਸਾ ਹੀ ਹੁੰਦਾ ਏ। ਕਹਿਣ ਲੱਗਾ ਮੈਨੂੰ ਰਿਹਾਇਸ਼ ਦਾ ਕਿਰਾਇਆ ਦਿਓ। ਕਿਰਾਏ ਦੇ ਪੈਸੇ ਜ਼ਰੂਰਤ ਤੋਂ ਕਾਫ਼ੀ ਜ਼ਿਆਦਾ ਮੰਗਦਾ ਸੀ। ਕਹਿਣ ਲੱਗਾ, ਮੈਂ ਚੰਡੀਗੜ੍ਹ ਮਹਿੰਗੀ ਰਿਹਾਇਸ਼ ਵਿਚ ਰਹਿੰਦਾ ਹਾਂ। ਆਵਾਜਾਈ ਦਾ ਬੱਸ ਦਾ ਕਿਰਾਇਆ ਵੀ ਲਗਦਾ ਏ। ਉਹ ਇਸ ਸਾਰੇ ਪੈਸੇ ਦਾ ਭੁਗਤਾਨ ਚਾਹੁੰਦਾ ਸੀ। ਕਮੇਟੀ ਬਣਦਾ ਪੈਸਾ ਤਾਂ ਦੇਣ ਨੂੰ ਤਿਆਰ ਸੀ ਪਰ ਉੱਨਾ ਜ਼ਿਆਦਾ ਪੈਸਾ ਨਹੀਂ ਦੇ ਸਕਦੀ ਸੀ ਜਿੰਨਾ ਉਹ ਮੰਗਦਾ ਨਹੀਂ। ਫਿਰ ਉਸ ਨੇ ਇਕ ਨਵਾਂ ਹੀ ਕਾਰਾ ਕਰ ਦਿੱਤਾ। ਗਿਆਰਵੀਂ ਜਮਾਤ ਦੇ ਅੰਗਰੇਜ਼ੀ ਦੇ ਨੋਟ ਕਿਧਰਿਓ ਸਾਈਕਲੋਸਟਾਈਲ ਕਰਵਾ ਕੇ ਲਿਆਇਆ। ਬੱਚਿਆਂ ਤੋਂ ਚੋਖੇ ਪੈਸੇ ਇਕੱਠੇ ਕਰ ਲਏ ਤੇ ਇਹ ਘਿਸੇ ਪਿਟੇ ਜਿਹੇ ਨੋਟ ਉਨ੍ਹਾਂ ਨੂੰ ਦੇ ਦਿੱਤੇ। ਕਹੀ ਜਾਂਦਾ ਸੀ ਕਿ ਨੋਟਸ ਬਹੁਤ ਵਧੀਆ ਹਨ। ਮੇਰਾ ਲੜਕਾ ਦੱਸਦਾ ਸੀ ਕਿ ਨੋਟਸ ਬਾਜ਼ਾਰ ਵਿਚ ਮਿਲਣ ਵਾਲੇ ਆਮ ਨੋਟਸਾਂ ਤੋਂ ਵੀ ਮਾੜੇ ਸਨ। ਗਿਆਰਵੀਂ ਤੇ ਬਾਹਰਵੀਂ ਦੋਹਾਂ ਜਮਾਤਾਂ ਦੇ ਵਿਦਿਆਰਥੀਆਂ ਪਾਸੋਂ ਇਕ ਹੋਰ ਚੋਖੇ ਪੈਸੇ ਇਕੱਠੇ ਕਰ ਲਏ। ਕਹਿੰਦਾ ਸੀ ਅੰਗਰੇਜ਼ੀ ਦੀ ਸਪੈਸ਼ਲ ਕਲਾਸ ਲੱਗਿਆ ਕਰੇਗੀ। ਇਹ ਜਮਾਤ ਮਸਾਂ 10 ਕੁ ਦਿਨ ਹੀ ਲੱਗੀ। ਬਾਕੀ ਮਹੀਨਾ ਇਹ ਖੁਰਦ ਬੁਰਦ ਹੀ ਹੁੰਦੀ ਰਹੀ। ਇਸ ਪ੍ਰਕਾਰ ਵਿਦਿਆਰਥੀ ਅਤੇ ਮਾਪੇ ਉਸਦੇ ਖਿਲਾਫ਼ ਹੋ ਗਏ। ਦੂਜੇ ਪਾਸੇ ਇਕ ਅੰਗਰੇਜ਼ੀ ਦਾ ਲੈਕਚਰਾਰ ਵਾਧੂ ਤਿਆਰੀ ਵੀ ਮੁਫ਼ਤ ਕਰਵਾਉਂਦਾ ਸੀ। ਪ੍ਰਿੰਸੀਪਲ ਇਸ ਦੇ ਵਿਰੁੱਧ ਹੋ ਗਿਆ। ਦੋਹਾਂ ਵਿਚ ਟੱਕਰ ਚਲਦੀ ਰਹਿੰਦੀ ਸੀ। ਸੋਮ ਪ੍ਰਕਾਸ਼ ਦੀ ਚਿੱਠੀ ਉਹਨੂੰ ਤੇ ਉਹਦਾ ਜਵਾਬ ਸੋਮ ਪ੍ਰਕਾਸ਼ ਨੂੰ। ਵਿਦਿਆਰਥੀ ਇਸ ਪ੍ਰੋਫੈਸਰ ਦਾ ਸਾਥ ਦੇਣ ਲੱਗ ਪਏ। ਇਕ ਦੋ ਵਾਰ ਵਿਦਿਆਰਥੀਆਂ ਨੇ ਪ੍ਰਿੰਸੀਪਲ ਦੇ ਖਿਲਾਫ਼ ਰੋਸ ਮੁਜ਼ਾਹਰਾ ਵੀ ਕੀਤਾ। ਆਖ਼ਰ ਕਮੇਟੀ ਨੇ ਪ੍ਰਿੰਸੀਪਲ ਨੂੰ ਚਿੱਠੀਆਂ ਦੇ ਦਿੱਤੀਆਂ ਤੇ ਥੋੜ੍ਹੇ ਸਮੇਂ ਵਿਚ ਹੀ ਕਾਲਜ ਵਿਚੋਂ ਉਸ ਦਾ ਪੱਤਾ ਕੱਟ ਦਿੱਤਾ। ਕਾਲਜ ਜਿੰਨਾ ਵਧੀਆ ਪਹਿਲੇ ਪ੍ਰਿੰਸੀਪਲ ਦੇ ਸਮੇਂ ਚੱਲਿਆ ਉਨ੍ਹਾਂ ਹੀ ਮਾੜਾ ਦੂਜੇ ਪ੍ਰਿੰਸੀਪਲ ਦੇ ਸਮੇਂ ਹੋ ਗਿਆ। ਪਹਿਲੇ ਪ੍ਰਿੰਸੀਪਲ ਦੇ ਸਮੇਂ ਸਿਰਫ਼ ਇਕ ਹੀ ਮਾੜੀ ਘਟਨਾ ਵਾਪਰਨ ਵਾਲੀ ਸੀ। ਉਸ ਵਿਚ ਵੀ ਕਸੂਰ ਐਮ.ਐਲ.ਏ. ਦਾ ਸੀ।"

"ਉਹ ਮਾੜੀ ਘਟਨਾ ਕੀ ਸੀ?"

"ਉਹੀ ਪ੍ਰੋਫੈਸਰ ਪਰਮਜੀਤ ਵਾਲੀ। ਪਰਮਜੀਤ ਭੋਲਾ ਭਾਲਾ ਲੈਕਚਰਾਰ ਸੀ। ਭਾਵੇਂ ਉਹ ਭੋਲਾ ਭਾਲਾ ਸੀ ਪਰ ਸੀ ਤਾਂ ਜਵਾਨ। ਲੜਕੀ ਉਸ ਦੇ ਕਮਰੇ ਦੇ ਨੇੜੇ ਹੀ ਰਹਿੰਦੀ ਸੀ। ਕਾਲਜ ਵਿਚ ਲੜਕੀ ਉਸ ਵਲ ਵਧਣ ਦੀਆਂ ਚਾਲਾਂ ਚਲਣ ਲੱਗ ਪਈ। ਵਿਚਾਰਾ ਉਸ ਦੇ ਚੱਕਰ ਵਿਚ ਫਸਣ ਲੱਗ ਪਿਆ। ਲੜਕੀ ਦਾ ਘਰ ਵੀ ਪਰਮਜੀਤ ਦੇ ਕਮਰੇ ਤੋਂ ਬਹੁਤਾ ਦੂਰ ਨਹੀਂ ਸੀ। ਰੋਜ਼ ਸ਼ਾਮ ਨੂੰ ਉਸੇ ਰਸਤੇ ਢਾਬੇ ਤੇ ਰੋਟੀ ਖਾਣ ਜਾਇਆ ਕਰਦਾ ਸੀ। ਸ਼ਾਮ ਦਾ ਮੂੰਹ ਹਨੇਰਾ ਸੀ ਇਕ ਦਿਨ। ਜਿਉਂ ਹੀ ਲੜਕੀ ਦੇ ਘਰ ਪਾਸੋਂ ਗੁਜਰਿਆ

ਤਾਂ ਆਪਣੀ ਬਾਰੀ ਵਿਚ ਖੜ੍ਹੀ ਲੜਕੀ ਨੇ ਆਵਾਜ਼ ਦੇ ਦਿੱਤੀ।

"ਸਰ, ਪਲੀਜ਼।"

"ਕੀ ਗੱਲ?"

"ਸਰ, ਆਹ ਲੈਟਰ ਲੈ ਲਓ।"

ਪਰਮਜੀਤ ਨੇ ਬਾਰੀ ਵਿਚੋਂ ਲੈਟਰ ਫੜ ਲਈ ਤੇ ਅੱਗੇ ਜਾ ਕੇ ਆਪਣੇ ਕਮਰੇ ਵਿਚ ਲੈਟਰ ਖੋਲ੍ਹ ਕੇ ਪੜ੍ਹੀ:-

ਡੀਅਰ ਸਰ,

ਤੁਸੀਂ ਕਾਲਜ ਦੇ ਸਾਰੇ ਪ੍ਰੋਫੈਸਰਾਂ ਤੋਂ ਚੰਗੇ ਹੋ। ਮੈਂ ਤੁਹਾਨੂੰ ਬਹੁਤ ਹੀ ਪਿਆਰ ਕਰਦੀ ਹਾਂ। ਕਾਲਜ ਦੇ ਪ੍ਰਧਾਨ ਐਮ.ਐਲ.ਏ. ਸਾਹਿਬ ਮੇਰੇ ਮਾਮਾ ਜੀ ਹਨ। ਮੈਂ ਮਾਮਾ ਜੀ ਨਾਲ ਗੱਲ ਕਰਕੇ ਤੁਹਾਨੂੰ ਇਸੇ ਕਾਲਜ ਵਿਚ ਪੱਕਾ ਕਰਵਾ ਦੇਣਾ ਚਾਹੁੰਦੀ ਹਾਂ। ਮੈਂ ਤੁਹਾਡੇ ਨਾਲ ਸ਼ਾਦੀ ਕਰਨੀ ਚਾਹੁੰਦੀ ਹਾਂ। ਉਮੀਦ ਕਰਦੀ ਹਾਂ, ਨਿਮਾਣੀ ਦੀ ਪਰੋਪੋਜ਼ਲ ਨੂੰ ਤੁਸੀਂ ਠੁਕਰਾਵੋਗੇ ਨਹੀਂ।

ਆਪ ਦੀ ਚਰਨਦਾਸੀ,

ਜੱਸੀ।

ਚਿੱਠੀ ਪੜ੍ਹ ਕੇ ਪਰਮਜੀਤ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਉਹ ਸਾਰੀ ਰਾਤ ਸੌਂ ਨਾ ਸਕਿਆ। ਇਹ ਚਿੱਠੀ ਸੋਚ ਦਾ ਕੇਂਦਰ ਬਿੰਦੂ ਬਣੀ ਰਹੀ। ਅਜੇ ਤਿੰਨ ਕੁ ਹੀ ਦਿਨ ਹੋਰ ਬੀਤੇ ਸਨ ਫਿਰ ਉਸੇ ਬਾਰੀ ਵਿਚੋਂ ਆਵਾਜ਼ ਆਈ।

"ਸਰ, ਇਕ ਹੋਰ ਰਿਕੁਐਸਟ?"

ਪਰਮਜੀਤ ਤੋਂ ਫਿਰ ਬਾਰੀ ਵੱਲ ਨੂੰ ਵਧਣ ਤੋਂ ਨਾ ਰਿਹਾ ਗਿਆ। ਦੇਖਿਆ ਤਾਂ ਉਸੇ ਪ੍ਰਕਾਰ ਦੀ ਹੋਰ ਚਿੱਠੀ। ਲਿਫ਼ਾਫ਼ੇ 'ਚ ਬੰਦ ਉਸ ਦੇ ਹੱਥ ਫੜਾ ਦਿੱਤੀ।

"ਵੀਰ ਜੀ, ਤੁਹਾਨੂੰ ਇਨ੍ਹਾਂ ਨਿੱਕੀਆਂ-ਨਿੱਕੀਆਂ ਡੀਟੇਲਜ਼ ਦਾ ਕਿਵੇਂ ਪਤਾ ਲੱਗਿਆ?"

"ਮੈਂ ਖ਼ੁਦ ਵੀ ਪਰਮਜੀਤ ਨੂੰ ਮਿਲ ਚੁੱਕਾ ਹਾਂ। ਉਸ ਨੇ ਇਹ ਸਾਰਾ ਕੁਝ ਮੈਨੂੰ ਖ਼ੁਦ ਦੱਸਿਆ ਸੀ। ਉਸ ਨੇ ਆਪਣੀ ਪੂਰੀ ਕਹਾਣੀ ਦੱਸੀ ਸੀ ਕਿ ਉਸ ਦਾ ਬਚਾਅ ਕਿਵੇਂ ਹੋਇਆ ਸੀ।

"ਕੀ ਪਰਮਜੀਤ ਬਦਨਾਮ ਹੋਣ ਤੋਂ ਬਚ ਗਿਆ ਸੀ? "

"ਇਹ ਫਰਵਰੀ ਮਹੀਨੇ ਦੀ ਗੱਲ ਏ। ਜਨਵਰੀ 'ਚ ਰੋਮਾਂਸ ਸ਼ੁਰੂ ਹੋਇਆ ਸੀ ਪਰਮਜੀਤ ਤੇ ਉਸ ਲੜਕੀ ਦਾ। ਪਰਮਜੀਤ ਬੋਚ-ਬੋਚ ਪੈਰ ਰਖਦਾ ਸੀ, ਲੜਕੀ ਬਹੁਤ ਕਾਹਲੀ ਪਈ ਹੋਈ ਸੀ। ਪਰਮਜੀਤ ਨੂੰ ਆਪਣੀ ਨੌਕਰੀ ਦੇ ਨਾਲ-ਨਾਲ ਇੱਜ਼ਤ ਵੀ ਬਹੁਤ ਪਿਆਰੀ ਸੀ। ਤੁਸੀਂ ਖ਼ੁਦ ਹੀ ਜਾਣਦੇ ਹੋ ਕਿ ਇਸ਼ਕ ਮੁਸ਼ਕ ਦੀ ਗੱਲ ਜੰਗਲ ਦੀ ਅੱਗ ਨਾਲੋਂ ਵੀ ਤੇਜ਼ ਰਫ਼ਤਾਰ ਨਾਲ ਫੈਲਦੀ ਏ। ਤਾਂ ਹੀ ਤਾਂ ਜੋਸ਼ ਮਲੀਹਾਬਾਦੀ ਨੇ ਕਿਹਾ ਏ:-

ਵਾਕਫ਼ ਹੈ ਆਪਨੇ ਇਸ਼ਕ ਸੇ ਤਮਾਮ ਸ਼ਹਿਰ ਜੋਸ਼

ਔਰ ਹਮ ਯੇਹ ਸਮਝਤੇ ਹੈਂ ਕੋਈ ਜਾਨਤਾ ਨਹੀਂ।

ਗੱਲ ਕਾਲਜ ਤੋਂ ਬਾਹਰ ਸ਼ਹਿਰ ਵਿਚ ਵੀ ਫੈਲਣੀ ਸ਼ੁਰੂ ਹੋ ਗਈ ਸੀ। ਕਾਲਜ ਦਾ ਉਸ ਵੇਲੇ ਦਾ ਪ੍ਰਿੰਸੀਪਲ ਬੜਾ ਸਿਆਣਾ ਬੰਦਾ ਸੀ। ਉਸ ਨੇ ਪਰਮਜੀਤ ਨੂੰ ਬੁਲਾਇਆ ਤੇ ਉਸ ਦੇ ਖਿਲਾਫ਼ ਚੱਲ ਰਹੀ ਹਵਾ ਤੋਂ ਜਾਣੂ ਕਰਵਾਇਆ। ਪਰਮਜੀਤ ਨੇ ਪ੍ਰਿੰਸੀਪਲ ਨੂੰ ਦੱਸਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੜਕੀ ਉਸ ਵਿਚ ਦਿਲਚਸਪੀ ਲੈਂਦੀ ਏ ਪਰ ਉਸ ਦੇ ਉਸ ਨਾਲ ਗ਼ਲਤ ਸਬੰਧ ਨਹੀਂ ਸਨ। ਪ੍ਰਿੰਸੀਪਲ ਨੇ ਦੱਸਿਆ ਕਿ ਅਸੀਂ 31 ਮਾਰਚ ਨੂੰ ਕਾਫ਼ੀ ਸਟਾਫ਼ ਨੂੰ ਛੁੱਟੀ ਕਰ ਰਹੇ ਹਾਂ। ਇਸ ਬਹਾਨੇ ਕਿ ਕਾਲਜ ਨਵਾਂ-ਨਵਾਂ ਏ, ਅਗਲੇ ਸੈਸ਼ਨ ਵਿਚ ਸਭ ਨੂੰ ਫਿਰ ਬੁਲਾਇਆ ਜਾਵੇਗਾ, ਉਹਨੂੰ ਚਾਹੀਦਾ ਏ ਕਿ ਆਦਰ ਸਾਹਿਤ ਇੱਥੋਂ ਚਲਾ ਜਾਵੇ ਤੇ ਅਗਲੇ ਸੈਸ਼ਨ ਵਿਚ ਮੁੜ ਇੱਥੇ ਨਾ ਆਵੇ। ਚਾਹੇ ਤਾਂ ਕੁਝ ਦਿਨਾਂ ਵਾਸਤੇ ਹੁਣ ਕਿਸੇ ਬਹਾਨੇ ਕੁਝ ਛੁੱਟੀਆਂ ਕਰ ਲਵੇ। ਇਸ ਵਿਚ ਹੀ ਉਸ ਦੀ ਭਲਾਈ ਸੀ। ਪ੍ਰਿੰਸੀਪਲ ਹੈਰਾਨ ਸੀ ਕਿ ਜਦ ਐਮ.ਐਲ.ਏ. ਪ੍ਰਧਾਨ ਨਾਲ ਉਸ ਨੇ ਇਹ ਗੱਲ ਸਾਂਝੀ ਕੀਤੀ ਤਾਂ ਉਸ ਨੇ ਕੋਈ ਵੀ ਰੀਐਕਸ਼ਨ ਨਹੀਂ ਦਿਖਾਇਆ ਸੀ। ਉਲਟਾ ਚੁੱਪ ਰਿਹਾ ਸੀ ਤੇ ਉਸ ਨੇ ਸਾਰੀ ਗੱਲ ਪ੍ਰਿੰਸੀਪਲ ਤੇ ਹੀ ਛੱਡ ਦਿੱਤੀ ਸੀ। ਪਰਮਜੀਤ ਕਾਫ਼ੀ ਡਰ ਗਿਆ ਸੀ। ਉਹ ਮਾਰਚ ਦੇ ਆਖ਼ਰ ਵਿਚ ਕੁਝ ਦਿਨ ਉਸ ਸ਼ਹਿਰ ਵਿਚ ਗਿਆ ਹੀ ਨਹੀਂ। ਉਸ ਸਮੇਤ ਸਾਰੇ ਸਟਾਫ਼ ਨੂੰ ਚਿੱਠੀਆਂ ਦੇ ਦਿੱਤੀਆਂ ਗਈਆਂ ਸਨ। ਉਸ ਨੇ ਆਪਣੀ ਚਿੱਠੀ ਤਾਂ ਡਾਕ ਰਾਹੀਂ ਹੀ ਪ੍ਰਾਪਤ ਕੀਤੀ ਸੀ। ਉਹ ਡਰਦਾ ਮਾਰਾ ਆਪਣੇ ਕਮਰੇ ਵਿਚੋਂ ਆਪਣਾ ਸਮਾਨ ਚੁੱਕਣ ਵੀ ਨਹੀਂ ਗਿਆ ਕਿਉਂਕਿ ਸ਼ਹਿਰ ਦੇ ਹੋਰ ਕਈ ਲੋਫਰ ਲੜਕੇ ਉਸ ਵੱਲ ਅੱਖਾਂ ਪਾੜ-ਪਾੜ ਕੇ ਦੇਖਣ ਲੱਗ ਪਏ ਸਨ। ਉਸ ਦਾ ਸਮਾਨ ਵੀ ਉਸ ਦਾ ਇਕ ਰਿਸ਼ਤੇਦਾਰ ਹੀ ਸਵੇਰੇ ਸਵੱਖਤੇ ਚੁੱਕ ਕੇ ਲਿਆਇਆ ਸੀ। ਉਹ ਮੁੜ ਕੇ ਉਸ ਇਲਾਕੇ ਵਿਚ ਗਿਆ ਹੀ ਨਹੀਂ ਸੀ। ਉਸ ਤੋਂ ਬਾਅਦ ਉਸ ਨੇ ਦੋ ਕੁ ਮਹੀਨੇ ਚੰਡੀਗੜ੍ਹ ਵਿਚ ਹੀ ਬਿਤਾਏ ਸਨ। ਨੌਕਰੀ ਵਾਸਤੇ ਕਾਲਜਾਂ ਨੂੰ ਅਰਜ਼ੀਆਂ ਭੇਜਣ ਦਾ ਸਮਾਂ ਸੀ। ਉਹ ਇਹ ਅਰਜ਼ੀਆਂ ਭੇਜਦਾ ਰਿਹਾ ਤੇ ਜਵਾਬ ਆਉਣ ਤੇ ਇੰਟਰਵਿਊ ਵਾਸਤੇ ਹਾਜ਼ਰ ਹੁੰਦਾ ਰਿਹਾ। ਨਵਾਂ ਸੈਸ਼ਨ ਸ਼ੁਰੂ ਹੁੰਦੇ ਸਾਰ ਉਸ ਦੀ ਨਿਯੁਕਤੀ ਇਕ ਨੇੜੇ ਦੇ ਕਾਲਜ ਵਿਚ ਹੋ ਗਈ ਸੀ। ਪਿਛਲੇ ਕਾਲਜ ਦੇ ਤਲਖ ਤਜ਼ਰਬੇ ਨੇ ਉਸ ਦੇ ਵਿਚਾਰਾਂ ਵਿਚ ਪਕਿਆਈ ਵੀ ਲੈ ਆਂਦੀ ਸੀ। ਉਹ ਜਲਦਬਾਜ਼ੀ ਵਿਚ ਪਿਆਰ ਮੁਹੱਬਤ ਵੱਲ ਪੁੱਟੇ ਜਾਣ ਵਾਲੇ ਕਦਮਾਂ ਦੇ ਸਿੱਟਿਆਂ ਤੋਂ ਵੀ ਸੁਚੇਤ ਹੋ ਗਿਆ ਸੀ।

# ਅਧਿਆਇ 4
# ਕਰਮ ਸਿੰਘ ਐਮ.ਐਲ.ਏ.

ਉਸ ਦਿਨ ਕੀਰਤੀ ਸਿੰਘ ਦੇ ਕਮਰੇ ਵਿਚ ਸਰਮੁਖ ਸਿੰਘ ਵੀ ਬੈਠਾ ਹੋਇਆ ਸੀ। ਮੈਂ ਉਚੇਚਾ ਕੀਰਤੀ ਸਿੰਘ ਨੂੰ ਮਿਲਣ ਗਿਆ ਸੀ। ਕੀਰਤੀ ਮੇਰੇ ਵਾਸਤੇ ਆਪਣਾ ਕਮਰਾ ਖੁਲ੍ਹਾ ਛੱਡ ਗਿਆ ਸੀ ਪਰ ਆਪ ਅਜੇ ਕੁੱਝ ਘੰਟਿਆਂ ਲਈ ਆਪਣੇ ਕੰਮ ਤੇ ਹੀ ਸੀ। ਮੈਂ ਸਰਮੁਖ ਸਿੰਘ ਤੋਂ ਕਰਮ ਸਿੰਘ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਸਾਂ। ਹੁਣ ਤੱਕ ਮੈਂ ਕਰਮ ਸਿੰਘ ਬਾਰੇ ਸਿਰਫ਼ ਇਨਾ ਹੀ ਜਾਣਦਾ ਸਾਂ ਕਿ ਉਹ ਸਰਮੁਖ ਸਿੰਘ ਦਾ ਹਮਜਮਾਤੀ ਹੁੰਦਾ ਸੀ, ਉਹ ਉਸ ਕਾਲਜ ਦੀ ਕਮੇਟੀ ਦਾ ਪ੍ਰਧਾਨ ਸੀ ਜਿੱਥੇ ਜੱਸੀ ਪੜ੍ਹਦੀ ਹੁੰਦੀ ਸੀ, ਉਸ ਦੇ ਜੱਸੀ ਨਾਲ ਗ਼ਲਤ ਸਬੰਧ ਸਨ ਅਤੇ ਉਹ ਜੱਸੀ ਦੇ ਨਾਨਕੇ ਪਿੰਡ ਦਾ ਵਸਨੀਕ ਸੀ। ਬਾਅਦ ਵਿਚ ਉਹ ਐਮ.ਐਲ. ਏ. ਚੁਣ ਹੋ ਗਿਆ ਸੀ।

— ਕਰਮ ਸਿੰਘ ਦਾ ਬਚਪਨ ਕਿਸ ਪ੍ਰਕਾਰ ਦਾ ਸੀ?

— ਕਰਮ ਸਿੰਘ ਸਾਧਾਰਨ ਜ਼ਿਮੀਂਦਾਰ ਪਰਿਵਾਰ ਨਾਲ ਸਬੰਧ ਰੱਖਦਾ ਸੀ। ਉਸਦਾ ਪਿਓ ਅਨਪੜ੍ਹ ਹੀ ਸੀ ਤੇ ਦਸ ਕੁ ਏਕੜ ਜ਼ਮੀਨ ਤੇ ਕਾਸ਼ਤ ਕਰਦਾ ਸੀ। ਉਸ ਨੂੰ ਛੋਟੇ ਹੁੰਦੇ ਨੂੰ ਕਰਮਾ ਕਹਿ ਕੇ ਬੁਲਾਇਆ ਕਰਦੇ ਸਾਂ। ਪੜ੍ਹਨ ਵਿਚ ਉਹ ਨਲਾਇਕ ਹੀ ਸੀ। ਕਈ ਵਾਰ ਸਕੂਲ ਜਾਣ ਤੋਂ ਛੁੱਟੀ ਕਰਦਾ ਰਹਿੰਦਾ ਸੀ। ਇਕ ਮਾਸਟਰ ਹਰਬੰਸ ਸਿੰਘ ਅਟਵਾਲ ਨੇ ਇੱਕ ਵਾਰ ਉਸ ਦੀ ਰੱਜ ਕੇ ਪਿਆਟੀ ਕੀਤੀ ਸੀ।

— ਕਿਉਂ?

— ਕਰਮ ਸਿੰਘ ਨੇ ਸਕੂਲ ਵਿਚ ਫੀਸ ਮੁਆਫ਼ ਕਰਵਾਉਣ ਲਈ ਅਰਜ਼ੀ ਦਿੱਤੀ ਹੋਈ ਸੀ। ਉਸ ਸਮੇਂ ਵੀ ਤੇ ਅੱਜ ਵੀ ਕਈ ਵਿਦਿਆਰਥੀ ਘਰੋਂ ਠੀਕ ਠਾਕ ਖਾਂਦੇ ਪੀਂਦੇ ਵੀ ਫੀਸ ਮੁਆਫ਼ੀ ਲਈ ਅਰਜ਼ੀਆਂ ਦੇ ਹੀ ਦਿੰਦੇ ਹਨ। ਉਹ ਜ਼ੋਰ ਪਾ ਕੇ ਜਾਂ ਕਿਸੇ ਸਿਫ਼ਾਰਸ਼ ਨਾਲ ਆਪਣੀ ਫ਼ੀਸ ਮੁਆਫ਼ ਕਰਵਾ ਲੈਂਦੇ ਹਨ। ਇੰਝ ਕਰਨ ਨਾਲ ਉਹ ਅਸਲੀ ਗ਼ਰੀਬ ਵਿਦਿਆਰਥੀਆਂ ਦੇ ਹੱਕਾਂ ਤੇ ਛਾਪਾ ਮਾਰਦੇ ਹਨ। ਅਗਰ ਇਕ ਜਮਾਤ ਵਿਚੋਂ ਪੰਜ ਦੀਆਂ ਫੀਸਾਂ ਮੁਆਫ਼ ਕਰਨੀਆਂ ਹੋਣ ਤਾਂ ਉਨ੍ਹਾਂ ਵਿਚੋਂ ਦੋ ਕੁ ਤਾਂ ਨਜਾਇਜ਼ ਕੇਸ ਹੀ ਹੁੰਦੇ ਹਨ। ਇੰਝ ਹੀ ਕਰਮੇ ਨੇ ਕੀਤਾ ਹੋਇਆ ਸੀ। ਸਕੂਲ ਵੱਲੋਂ ਛਪੇ ਫੀਸ ਮੁਆਫ਼ੀ ਫਾਰਮ ਤੇ ਪਿੰਡ ਦੇ ਸਰਪੰਚ ਦੀ ਮੋਹਰ ਲੁਆ ਕੇ ਲਿਆਉਣੀ ਸੀ। ਫਾਰਮ ਜਮ੍ਹਾ ਕਰਵਾਉਣ ਦੀ ਆਖ਼ਰੀ ਤਾਰੀਖ਼ ਨੇੜੇ ਆ ਰਹੀ ਸੀ। ਹਰਬੰਸ ਸਿੰਘ ਨੇ ਇਹਨੂੰ ਪਹਿਲਾਂ ਵੀ ਕਿਹਾ ਸੀ ਕਿ ਫਾਰਮ ਤੇ ਮੋਹਰ ਜਲਦੀ ਲੁਆ ਕੇ ਦੇ ਦੇਵੇ। ਜਦ ਹਰਬੰਸ ਸਿੰਘ ਨੇ ਇਹਨੂੰ ਦੂਜੀ ਵਾਰ ਪੁੱਛਿਆ ਕਿ ਇਹ ਮੋਹਰ ਲਗਵਾ ਕੇ ਕਿਉਂ ਨਹੀਂ ਲਿਆਇਆ ਤਾਂ ਇਹ ਕਹਿਣ ਲੱਗਾ, "ਪਰਸੋਂ ਨੂੰ ਮੇਰੀ ਚਾਚੀ ਨੇ ਪਿੰਡ ਦੀ ਸਰਪੰਚਣੀ ਬਣਨਾ ਏ। ਪਿੰਡ ਦਾ ਪਹਿਲਾ ਸਰਪੰਚ ਸਾਡਾ ਵਿਰੋਧੀ ਏ। ਉਸ ਨੂੰ ਪੰਚਾਇਤ ਮੈਂਬਰਾਂ ਨੇ ਸਰਪੰਚੀ ਤੋਂ ਹਟਾ ਦਿੱਤਾ ਏ। ਚਾਚੀ ਦੇ ਸਰਪੰਚਣੀ

ਬਣਦੇ ਸਾਰ ਹੀ ਮੈਂ ਮੋਹਰ ਲਗਵਾ ਲਿਆਵਾਂਗਾ।" ਇਸ ਦੇ ਇਝ ਕਹਿਣ ਤੇ ਹਰਬੰਸ ਸਿੰਘ ਅਟਵਾਲ ਨੂੰ ਐਸਾ ਗੁੱਸਾ ਆਇਆ ਕਿ ਉਸ ਨੇ ਇਸ ਨੂੰ ਜ਼ਮੀਨ ਤੇ ਸੁੱਟ ਲਿਆ। ਇਸ ਦੇ ਸੋਟੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਹਰਬੰਸ ਸਿੰਘ ਬੜਾ ਹੀ ਅੜਬ ਮਾਸਟਰ ਹੁੰਦਾ ਸੀ। ਉਸ ਤੋਂ ਜਮਾਤ ਥਰ ਥਰ ਕੰਬਦੀ ਹੁੰਦੀ ਸੀ।

— ਕਈ ਮਾਸਟਰ ਮਾੜੀਆਂ-ਮਾੜੀਆਂ ਗੱਲਾਂ ਤੇ ਹੀ ਕੁਟਾਪਾ ਚਾੜ੍ਹ ਦਿੰਦੇ ਹਨ। ਕਿੰਨੀ ਅਜੀਬ ਗੱਲ ਏ। ਪਿੰਡ ਵਿਚ ਦੋ ਧੜੇ ਹੋਣੇ ਆਂ। ਸਰਪੰਚ ਦੂਜੇ ਧੜੇ ਦਾ ਹੋਣਾ ਏ। ਇਨ੍ਹਾਂ ਦੀ ਉਸ ਨਾਲ ਘੱਟ ਬੋਲਚਾਲ ਹੋਣੀ ਏ। ਇਸ ਕਰਕੇ ਉਸ ਪਾਸ ਮੋਹਰ ਲਗਵਾਉਣ ਨਹੀਂ ਜਾਂਦਾ ਹੋਣਾ। ਇਸ ਦਾ ਮਤਲਬ ਇਹ ਹੈ ਕਿ ਪੰਚਾਇਤੀ ਸਿਸਟਮ ਨੇ ਪਿੰਡਾਂ ਵਿਚ ਧੜੇਬੰਦੀ ਪੈਦਾ ਕਰਨ ਵਿਚ ਵੀ ਚੋਖਾ ਹੀ ਯੋਗਦਾਨ ਪਾਇਆ ਹੋਇਆ ਏ। ਇਹ ਸਭ ਕੁਝ ਵੀ ਸੂਝ ਦੀ ਘਾਟ ਕਰਕੇ ਏ। ਜਦ ਵੋਟਾਂ ਹੀ ਪੈ ਗਈਆਂ। ਇੱਕ ਨੇ ਜਿੱਤਣਾ ਏ ਤੇ ਇਕ ਨੇ ਹਾਰਨਾ ਏ। ਜੇ ਹਾਰਨ ਵਾਲਾ ਦੁਸ਼ਮਣੀ ਪੁਗਾਉਂਦਾ ਚਲਾ ਜਾਵੇ ਤਾਂ ਕੰਮ ਕਿਵੇਂ ਚੱਲੇਗਾ। ਅਗਰ ਲੋਕਾਂ ਦਾ ਰਾਜ ਨਹੀਂ ਸੀ ਤਾਂ ਜਨਤਾ ਕਹਿੰਦੀ ਸੀ ਕਿ ਰਾਜੇ ਰਾਜ ਕਰੀ ਜਾਂਦੇ ਨੇ ਤੇ ਜਨਤਾ ਦੀ ਬਾਤ ਉਨ੍ਹਾਂ ਵਿੱਚੋਂ ਟਾਵਾਂ-ਟਾਵਾਂ ਹੀ ਪੁੱਛਦਾ ਏ। ਇਹੀ ਹਾਲ ਤਾਨਾਸ਼ਾਹਾਂ ਦਾ ਸੀ। ਇਹੀ ਹਾਲ ਹੇਠਲੇ ਲੈਵਲ ਤੇ ਚੌਧਰੀਆਂ ਤੇ ਪਿੰਡ ਦੇ ਮੋਹਰੀਆਂ ਜਾਂ ਫ਼ੈਸਲਾ ਸੁਣਾਉਣ ਵਾਲੇ ਧਾਰਮਿਕ ਬੰਦਿਆਂ ਦਾ ਹੁੰਦਾ ਸੀ। ਪੁਸ਼ਤ ਦਰ ਪੁਸ਼ਤ ਉਹੀ ਖਾਨਦਾਨ ਚੌਧਰੀ ਬਣੇ ਚਲਦੇ ਰਹਿੰਦੇ ਸਨ। ਇਹੀ ਕੁਝ ਲੋਕਰਾਜ ਵਿਚ ਏ। ਚੌਧਰੀਆਂ ਜਾਂ ਰਾਜਿਆਂ ਦੇ ਰਾਜ ਵੇਲੇ ਵੀ ਲੋਕ ਕਹਿੰਦੇ ਸਨ ਕਿ ਉਹ ਆਪਣੀ ਮਨਮਾਨੀ ਕਰਦੇ ਸਨ ਤੇ ਜਨਤਾ ਦੀ ਘੱਟ ਹੀ ਬਾਤ ਪੁੱਛਦੇ ਸਨ। ਹੁਣ ਲੋਕਰਾਜ ਵਿਚ ਪੰਚਾਇਤੀ ਢਾਂਚੇ ਨੇ ਪਿੰਡਾਂ ਵਿਚ ਅੰਤਾਂ ਦੀਆਂ ਦੁਸ਼ਮਣੀਆਂ ਅਤੇ ਗੁੱਟਬੰਦੀਆਂ ਪੈਦਾ ਕਰ ਦਿੱਤੀਆਂ ਹਨ। ਫਿਰ ਵਧੀਆ ਰਾਜ ਕਿਹੜਾ ਹੋਇਆ?

— ਭਾਵੇਂ ਮੈਂ ਲੋਕਰਾਜ ਦੇ ਹੱਕ ਵਿਚ ਵੱਧ ਹਾਂ ਪ੍ਰੰਤੂ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਸਭ ਰਾਸ ਆਏ ਦੀ ਗੱਲ ਏ। ਅੰਗਰੇਜ਼ ਕਵੀ ਅਲੈਗਜੈਂਡਰ ਪੋਪ (Alexander Pope) ਸੱਚ ਕਹਿੰਦਾ ਏ:-

For forms of government let fools contest,
Whichever is administered best is best.

ਸਿੱਟਾ ਇਹੀ ਕੱਢਿਆ ਜਾ ਸਕਦਾ ਏ ਕਿ ਲੋਕਰਾਜ ਲਈ ਲੋਕੀ ਵੱਧ ਸੂਝਵਾਨ ਤੇ ਜਾਗਰਤ ਹੋਣੇ ਚਾਹੀਦੇ ਹਨ। ਨਿੱਕੀਆਂ-ਨਿੱਕੀਆਂ ਗੱਲਾਂ ਤੇ ਲੋਕਾਂ ਨੂੰ ਦੁਸ਼ਮਣੀਆਂ ਮੁੱਲ ਨਹੀਂ ਲੈਣੀਆਂ ਚਾਹੀਦੀਆਂ। ਅਗਰ ਇਕ ਵਾਰ ਹਾਰ ਗਏ ਤਾਂ ਦੂਜੀ ਵਾਰ ਜਿੱਤਣ ਲਈ ਸੁਚਾਰੂ ਢੰਗ ਨਾਲ ਜ਼ੋਰ ਲਗਾਉਣਾ ਚਾਹੀਦਾ ਏ। ਜਿਹੜਾ ਜਿੱਤ ਗਿਆ ਉਸ ਵਿਚ ਘੁਮੰਡ ਬਿਲਕੁਲ ਵੀ ਨਹੀਂ ਆਉਣਾ ਚਾਹੀਦਾ। ਉਸ ਨੂੰ ਬੜੀ ਹਲੀਮੀ ਅਤੇ ਪਿਆਰ ਨਾਲ ਲੋਕਾਂ ਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿਣਾ ਚਾਹੀਦਾ ਏ। ਉਸ ਨੂੰ ਵਿਰੋਧੀ ਗਰੁੱਪ ਨਾਲ ਹੋਰ ਵੀ ਵਧੀਆ ਤਰੀਕੇ ਨਾਲ ਪੇਸ਼ ਆ ਕੇ ਉਨ੍ਹਾਂ ਦੇ ਮਨ ਜਿੱਤਣ ਵਿਚ ਕੋਈ ਵੀ ਕਸਰ ਨਹੀਂ ਛੱਡਣੀ ਚਾਹੀਦੀ। ਪਿੰਡ ਦੇ ਵਿਕਾਸ ਲਈ ਸਰਕਾਰ ਵੱਲੋਂ ਮਿਲੇ ਪੈਸੇ ਸਾਰੇ ਮੈਂਬਰਾਂ ਮੂਹਰੇ ਰੱਖ ਦੇਣੇ ਚਾਹੀਦੇ ਹਨ ਤੇ ਸਭ ਦੇ ਸਾਹਮਣੇ ਖਰਚ ਕਰਨੇ ਚਾਹੀਦੇ ਹਨ।

— ਸਰਮੁਖ ਸਿਹਾਂ, ਆਪਾਂ ਗੱਲ ਸ਼ੁਰੂ ਕੀਤੀ ਸੀ ਕਰਮ ਸਿੰਘ ਬਾਰੇ ਤੇ ਚੱਲ ਪਏ ਹੋਰ ਈ ਪਾਸੇ ਨੂੰ। ਚਲੋ ਕੋਈ ਗੱਲ ਨਹੀਂ। ਐਮ. ਐਲ. ਏ. ਬਾਰੇ ਗੱਲਾਂ ਕਰਦੇ ਕਰਦੇ ਇਹ ਗੱਲ ਕੁਦਰਤੀ ਏ ਕਿ ਸਿਆਸਤ ਦਾ ਵਿਸ਼ਾ ਵਿੱਚ ਆ ਹੀ ਜਾਂਦਾ ਹੈ। ਹੋਰ ਸੁਣਾ ਕੁਝ ਕਰਮੇ ਬਾਰੇ?

— ਕਰਮੇ ਨੇ ਦਸਵੀਂ ਜਮਾਤ ਵਿਚ ਦੋ ਸਾਲ ਲਗਾਏ ਸਨ। ਕਾਲਜ ਵਿਚ ਜਾਂਦੇ ਸਾਰ ਹੀ ਪਾਰਟੀਬਾਜ਼ੀ ਵਿਚ ਹਿੱਸਾ ਲੈਣ ਲੱਗ ਪਿਆ। ਉਸ ਸਮੇਂ ਕਾਲਜ ਵਿਚ ਮੁੰਡਿਆਂ ਦੇ ਦੋ ਗੁੱਟ ਹੋਇਆ ਕਰਦੇ ਸਨ:- ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਤੇ ਪੰਜਾਬ ਸਟੂਡੈਂਟ ਯੂਨੀਅਨ। ਕਰਮਾ ਪੰਜਾਬ ਸਟੂਡੈਂਟ ਯੂਨੀਅਨ ਵਿਚ ਸਰਗਰਮ ਸੀ। ਬੀ.ਏ. ਦੇ ਪਹਿਲੇ ਸਾਲ ਵਿਚ ਉਹ ਫੇਲ੍ਹ ਹੋ ਗਿਆ ਸੀ। ਇਸ ਤੋਂ ਬਾਅਦ ਉਸਨੇ ਪੜ੍ਹਾਈ ਛੱਡ ਦਿੱਤੀ ਸੀ। ਪਿੰਡ ਦੀ ਧੜੇਬਾਜ਼ੀ ਵਿਚ ਖਾਸਾ ਹੀ ਹਿੱਸਾ ਲੈਣ ਲੱਗ ਪਿਆ ਸੀ। ਪਿੰਡ ਵਿਚ ਤਿੰਨ ਸਿਆਸੀ ਪਾਰਟੀਆਂ ਸਨ-ਕਾਂਗਰਸੀ, ਅਕਾਲੀ ਤੇ ਕਾਮਰੇਡ। ਕਾਮਰੇਡ ਬਹੁਤੀ ਵਾਰੀ ਕਾਂਗਰਸੀਆਂ ਦਾ ਪੱਖ ਹੀ ਪੂਰਿਆ ਕਰਦੇ ਸਨ। ਅਸਲ ਵਿਚ ਉਸ ਦਿਨ ਤੋਂ ਕਰਮ ਸਿੰਘ ਦੀ ਚੜ੍ਹ ਮੱਚੀ ਜਦ ਉਸ ਨੇ ਦੋ ਗਰੁੱਪ ਆਪਸ ਵਿਚ ਲੜਾ ਦਿੱਤੇ ਤੇ ਬਾਅਦ ਵਿਚ ਦੋਹਾਂ ਵਿਚ ਰਾਜੀਨਾਮਾ ਵੀ ਕਰਵਾ ਦਿੱਤਾ। ਉਸ ਸਮੇਂ ਅਕਾਲੀਆਂ ਨੇ ਚੋਣ ਦਾ ਬਾਈਕਾਟ ਕੀਤਾ ਹੋਇਆ ਸੀ। ਸਰਕਾਰ ਬਣੀ ਸਿਰਫ਼ 10% ਵੋਟਾਂ ਨਾਲ। ਇਸ ਚਲਦੀ ਹਵਾ ਵਿਚ ਕਰਮ ਸਿੰਘ ਝੱਟ ਦੇਣੀ ਐਮ.ਐਲ.ਏ. ਬਣ ਗਿਆ। ਸਿਆਸਤ ਚੀਜ਼ ਹੀ ਇਸ ਪ੍ਰਕਾਰ ਦੀ ਏ। ਕਈ ਬੰਦੇ ਚਲਦੀ ਵਾਹ 'ਚ ਵੀ ਲੀਡਰ ਬਣ ਜਾਂਦੇ ਹਨ, ਬੱਸ ਉਸ ਸਮੇਂ ਪਾਰਟੀ ਦੀ ਟਿਕਟ ਮਿਲਣੀ ਚਾਹੀਦੀ ਏ। ਨਾਲ ਨਾਲ ਕਰਮ ਸਿੰਘ ਸਮਾਜ ਸੇਵੀ ਕੰਮਾਂ ਵਿਚ ਵੀ ਹਿੱਸਾ ਲੈਣ ਲੱਗ ਪਿਆ। ਜਿੰਨੀ ਕੁ ਅਖੌਤੀ ਸੇਵਾ ਕਰਨੀ ਉਸ ਤੋਂ ਕਿਤੇ ਜ਼ਿਆਦਾ ਵਿਚੋਂ ਕਮਾਈ ਕਰ ਲੈਣੀ। ਆਪਣਾ ਰੋਅਬ ਰੱਖਣ ਲਈ ਇਕ ਦੋ ਸਕੂਲਾਂ ਦੀਆਂ ਕਮੇਟੀਆਂ ਦਾ ਚੇਅਰਮੈਨ ਬਣ ਗਿਆ। ਉਨ੍ਹਾਂ ਵਿਚੋਂ ਇਕ ਸਕੂਲ ਨੂੰ ਅਪਗਰੇਡ ਕਰਾ ਕੇ ਕਾਲਜ ਬਣਾ ਦਿੱਤਾ ਤੇ ਆਪ ਉਸ ਦਾ ਪ੍ਰਧਾਨ ਬਣ ਗਿਆ।

ਪੰਜਾਬ ਵਿਚ ਲਹਿਰ ਚੱਲ ਰਹੀ ਸੀ। ਹੁਣ ਕਰਮ ਸਿੰਘ ਆਪਣੇ ਪਾਸ ਲਾਇਸੈਂਸੀ ਪਿਸਤੌਲ ਵੀ ਰੱਖਣ ਲੱਗ ਪਿਆ ਸੀ।

— ਕ੍ਰਾਤੀਕਾਰੀਆਂ ਨਾਲ ਉਸ ਦੀ ਸਿੱਧੀ ਟੱਕਰ ਕਿਸ ਗੱਲ ਤੋਂ ਹੋਈ?

— ਕਰਮ ਸਿੰਘ ਦੇ ਪੁਲਿਸ ਨਾਲ ਤਾਂ ਹੁਣ ਸਿੱਧੇ ਸਬੰਧ ਸਨ ਹੀ। ਪਿੰਡਾਂ ਵਿਚ ਕ੍ਰਾਤੀਕਾਰੀ ਸ਼ਰ੍ਹੇਆਮ ਘੁੰਮ ਘੁੰਮ ਕੇ ਕੁੱਝ ਬੰਦਿਆਂ ਨੂੰ ਮਾਰ ਰਹੇ ਸਨ। ਇਨ੍ਹਾਂ ਵਿਚ ਪੁਲਿਸ ਦੇ ਸੂਹੀਏ ਤੇ ਸ਼ਰ੍ਹੇਆਮ ਉਹਨਾਂ ਦੇ ਵਿਰੁੱਧ ਬੋਲਣ ਵਾਲੇ ਬੰਦੇ ਸਨ। ਕਰਮ ਸਿੰਘ ਦੇ ਪਿੰਡ ਦੇ ਨਾਲ ਦੇ ਪਿੰਡ ਦਾ ਇਕ ਮਸ਼ਹੂਰ ਕ੍ਰਾਤੀਕਾਰੀ ਸੀ। ਕਰਮ ਸਿੰਘ ਦੀ ਕੋਸ਼ਿਸ਼ ਸੀ ਕਿ ਉਸ ਨੂੰ ਪੁਲਿਸ ਤੋਂ ਮਰਵਾਇਆ ਜਾਵੇ। ਇਸ ਦੀ ਸੂਹ ਤੇ ਪੁਲਿਸ ਨੇ ਉਸ ਕ੍ਰਾਂਤੀਕਾਰੀ ਦੇ ਗਰੁੱਪ ਤੇ ਗੋਲੀ ਚਲਾਈ। ਸਾਰੇ ਕ੍ਰਾਤੀਕਾਰੀ ਦੌੜਨ ਵਿਚ ਕਾਮਯਾਬ ਹੋ ਗਏ। ਅਜੇ ਸਿਰਫ਼ ਮਹੀਨਾ ਕੁ ਲੰਘਿਆ ਸੀ ਕਿ ਕ੍ਰਾਤੀਕਾਰੀਆਂ ਨੇ ਕਰਮ ਸਿੰਘ ਦੀ ਗੱਡੀ ਤੇ ਉਸ ਦੇ ਪਿੰਡ ਦੇ ਪਾਸ ਹੀ ਹਮਲਾ ਕਰ ਦਿੱਤਾ ਸੀ ਜਿਸ ਵਿਚ ਕਰਮ ਸਿੰਘ ਖ਼ੁਦ ਤੇ ਉਸ ਦਾ ਇਕ ਬਾਡੀਗਾਰਡ ਮਾਰਿਆ ਗਿਆ ਸੀ। ਕਰਮ ਸਿੰਘ ਨੂੰ ਮਾਰਨ ਤੋਂ ਬਾਅਦ ਕ੍ਰਾਤੀਕਾਰੀਆਂ ਨੇ

ਉਸ ਦੇ ਪਿੰਡ ਦੇ ਬਰੋਟੇ ਥੱਲੇ ਅੱਧਾ ਘੰਟਾ ਭੰਗੜਾ ਪਾਇਆ। ਇਸ ਪ੍ਰਕਾਰ ਦੇ ਹੋਰ ਪੁਲਿਸ ਦੇ ਸੂਹੀਆਂ ਨੂੰ ਵੰਗਾਰ ਦੇ ਦੇ ਕੇ ਬੋਲੀਆਂ ਪਾਈਆਂ। ਸਾਰਾ ਪਿੰਡ ਸੁੱਸਰੀ ਵਾਂਗ ਸੁੱਤਾ ਪਿਆ ਰਿਹਾ। ਕਿਸੇ ਨੇ ਵੀ ਘਰੋਂ ਬਾਹਰ ਨਿਕਲਣ ਦਾ ਹੀਆ ਨਾ ਕੀਤਾ। ਇਨੇ ਸਮੇਂ ਵਿਚ ਉੱਥੇ ਪੁਲਿਸ ਵੀ ਨਾ ਢੁੱਕੀ। ਬੜੇ ਆਰਾਮ ਨਾਲ ਨਾਅਰੇ ਮਾਰਦੇ ਹੋਏ ਉਹ ਉਥੋਂ ਚਲੇ ਗਏ। ਘੰਟੇ ਕੁ ਬਾਅਦ ਪੁਲਿਸ ਨੇ ਆ ਕੇ ਉਥੋਂ ਲਾਸ਼ ਚੁੱਕੀ। ਪਹਿਲਾਂ ਉਹ ਕਰਮ ਸਿੰਘ ਦੇ ਪਿੰਡ ਦੇ ਨੇੜੇ ਇਕ ਹੋਰ ਪੁਲਿਸ ਦੇ ਸੂਹੀਏ ਨੂੰ ਮਾਰਨ ਗਏ ਸਨ। ਉਹ ਉੱਥੇ ਨਾ ਮਿਲਿਆ। ਇਨ੍ਹਾਂ ਕ੍ਰਾਤੀਕਾਰੀਆਂ ਦਾ ਆਖ਼ਰੀ ਮਿਲਣ ਦਾ ਥਾਂ ਕਰਮ ਸਿੰਘ ਦੇ ਪਿੰਡ ਬਾਹਰ ਵਾਲੀ ਫਿਰਨੀ ਸੀ। ਇਸ ਫਿਰਨੀ ਤੋਂ ਕਰਮ ਸਿੰਘ ਅਕਸਰ ਲੰਘਿਆ ਕਰਦਾ ਸੀ। ਉਸ ਦਿਨ ਕ੍ਰਾਤੀਕਾਰੀਆਂ ਨੂੰ ਉਸ ਦੇ ਉੱਥੋਂ ਲੰਘਣ ਬਾਰੇ ਸੌ ਫੀਸਦੀ ਯਕੀਨ ਸੀ ਕਿਉਂਕਿ ਸਵੇਰੇ ਉਸ ਦੇ ਕਾਲਜ ਵਿਚ ਇਕ ਪ੍ਰੋਗਰਾਮ ਸੀ ਜਿਸ ਦੀ ਉਸ ਨੇ ਪ੍ਰਧਾਨਗੀ ਕਰਨੀ ਸੀ। ਕਰਮ ਸਿੰਘ ਹੁਣ ਬਹੁਤਾ ਸਮਾਂ ਚੰਡੀਗੜ੍ਹ ਹੀ ਰਹਿੰਦਾ ਹੁੰਦਾ ਸੀ। ਕਿਸੇ ਖਾਸ ਦਿਨ ਹੀ ਪਿੰਡ ਆਇਆ ਕਰਦਾ ਸੀ।

— ਇੰਜ ਲਗਦਾ ਏ ਜਿਵੇਂ ਕਰਮ ਸਿੰਘ ਨੇ ਥੋੜ੍ਹੇ ਸਮੇਂ ਵਿਚ ਹੀ ਕਾਫ਼ੀ ਜਾਇਦਾਦ ਬਣਾ ਲਈ ਹੋਵੇ?

— ਇਹ ਤਾਂ ਸਾਡੇ ਦੇਸ ਦੇ ਲੋਕਰਾਜ ਦਾ ਦਸਤੂਰ ਹੀ ਏ ਕਿ ਸਿਆਸੀ ਬੰਦੇ ਥੋੜ੍ਹੇ ਸਮੇਂ ਵਿਚ ਹੀ ਕਾਫ਼ੀ ਜਾਇਦਾਦ ਬਣਾ ਲੈਂਦੇ ਹਨ। ਸਿਰਫ਼ ਜਨਤਾ ਸਾਹਮਣੇ ਐਕਟਿੰਗ ਕਰਨੀ ਆਉਣੀ ਚਾਹੀਦੀ ਏ, ਭਾਸ਼ਣ ਦੇਣੇ ਆਉਣੇ ਚਾਹੀਦੇ ਆ, ਗੰਢ ਤੁੱਪ ਕਰਨੀ ਆਉਣੀ ਚਾਹੀਦੀ ਏ। ਨਾਲੇ ਕਰਮ ਸਿੰਘ ਤਾ ਪਿੱਛੇ ਜਿਹੇ ਇਕ ਹੋਰ ਵੱਡੀ ਮਾਰ ਮਾਰ ਲਿਆਇਆ ਸੀ। ਆਪਣੇ ਕਾਲਜ ਅਤੇ ਸਕੂਲ ਵਾਸਤੇ ਉਗਰਾਹੀ ਕਰਨ ਇੰਗਲੈਂਡ, ਅਮਰੀਕਾ ਤੇ ਕੈਨੇਡਾ ਗਿਆ ਸੀ। ਉਥੇ ਇਲਾਕੇ ਦੇ ਸਾਰੇ ਲੋਕਾਂ ਨੂੰ ਮਿਲਿਆ। ਕਿਸੇ ਨੇ 1000 ਪੌਂਡ ਦੇ ਦਿੱਤਾ ਤੇ ਕਿਸੇ ਨੇ 5000। ਇੱਥੋਂ ਤੱਕ ਕਿ ਸਾਡੇ ਪਿੰਡ ਵਾਲੇ ਨਰਿਦਰ ਨੇ ਤਾਂ ਉਹਨੂੰ 10000 ਪੌਂਡ ਦੇ ਦਿੱਤਾ। ਉਹਨੂੰ ਕਹਿ ਆਇਆ-ਪੰਜਾਬ ਆਵੀਂ, ਕਾਲਜ ਵਿਚ ਯੂਥ ਫੈਸਟੀਵਲ ਕਰਾ ਰਹੇ ਹਾਂ, ਤੈਥੋਂ ਪ੍ਰੋਗਰਾਮ ਦੇ ਇਕ ਸੈਸ਼ਨ ਦੀ ਪ੍ਰਧਾਨਗੀ ਕਰਾਵਾਂਗੇ। ਅਮਰੀਕਾ ਵਿਚੋਂ ਵੀ ਖਾਸਾ ਪੈਸਾ ਇਕੱਠਾ ਕੀਤਾ। ਉੱਥੇ ਸਾਡੇ ਪਿੰਡ ਵਾਲੇ ਸੋਢੀ ਹੋਰਾਂ ਨੂੰ ਕਹਿ ਆਇਆ ਕਿ ਕਾਲਜ ਵਿਚ ਇਕ ਪੰਜਾਬ ਪੱਧਰ ਦਾ ਟੂਰਨਾਮੈਂਟ ਕਰਵਾ ਰਹੇ ਹਾਂ, ਆਇਓ ਤੁਹਾਥੋਂ ਪ੍ਰਧਾਨਗੀ ਕਰਵਾਵਾਂਗੇ। ਸੋਢੀ ਹੋਰੀਂ ਹੁਣ ਯੂਬਾ ਸਿਟੀ ਵਿਚ ਚੰਗੀ ਮੋਟੀ ਆਸਾਮੀ ਹਨ। ਉਹਨਾਂ ਦੀ ਉਥੇ 100 ਏਕੜ ਜ਼ਮੀਨ ਏ। ਇਹ ਸਾਰਾ ਪੈਸਾ ਇੱਧਰ ਲਿਆ ਕੇ ਕਰਮ ਸਿੰਘ ਨੇ ਅੱਧੋਂ ਡੂਢ ਕਰ ਲਿਆ। ਇਸ ਦਾ ਕਿਸੇ ਨੂੰ ਕੋਈ ਵੀ ਚੱਜ ਨਾਲ ਹਿਸਾਬ ਨਹੀਂ ਦਿੱਤਾ। ਅਗਰ ਬਚ ਜਾਂਦਾ ਤਾਂ ਅਗਲੀ ਚੋਣ ਵਿਚ ਉਹਨੇ ਹਾਰਨਾ ਹੀ ਹਾਰਨਾ ਸੀ। ਉਹਦੇ ਹਲਕੇ ਵਿਚ ਸ਼ਾਇਦ ਉਸ ਦੀ ਤੀਵੀਂ ਨੂੰ ਖੜ੍ਹੀ ਕਰਨ ਪਾਰਟੀ ਵਾਲੇ ਕਿਉਂਕਿ ਉਹ ਵੀ ਉੱਥੋਂ ਦੀ ਇਕਾਈ ਦੀ ਇਸਤਰੀ ਸਭਾ ਦੀ ਪ੍ਰਧਾਨ ਏ। ਉਹ ਉਹਦੇ ਬਰਾਬਰ ਪ੍ਰਭਾਵਸ਼ਾਲੀ ਨਹੀਂ ਹੋ ਸਕਦੀ। ਦੇਖੋ ਆਉਣ ਵਾਲੇ ਸਮੇਂ ਵਿਚ ਕੀ ਹੁੰਦਾ ਏ।

— ਕਰਮ ਸਿੰਘ ਦਾ ਵਿਆਹ ਕਿੱਥੇ ਹੋਇਆ ਸੀ?

– ਉਸ ਦਾ ਵਿਆਹ ਮੋਗੇ ਜ਼ਿਲ੍ਹੇ ਦੇ ਇਕ ਅਕਾਲੀ ਪਰਿਵਾਰ ਵਿਚ ਹੋਇਆ ਹੋਇਆ ਸੀ। ਉਸ ਦਾ ਸਹੁਰਾ ਸਾਧਾਰਨ ਅਕਾਲੀ ਵਰਕਰ ਸੀ ਪਰ ਉਸ ਦਾ ਸਾਲਾ ਅਗਲੀ ਚੋਣ ਲੜਨ ਦੀ ਪੂਰੀ ਤਿਆਰੀ ਕਰ ਰਿਹਾ ਏ। ਉਮੀਦ ਹੈ ਉਹ ਜਿੱਤ ਵੀ ਜਾਵੇਗਾ। ਸਿਆਸੀ ਬੰਦਿਆਂ ਦੀਆਂ ਇਹ ਅਕਸਰ ਚਲਾਕੀਆਂ ਹੀ ਰਹੀਆਂ ਹਨ ਕਿ ਆਪ ਹੋਰ ਪਾਰਟੀ ਵਿਚ ਰਹੋ ਤੇ ਰਿਸ਼ਤੇਦਾਰ ਦੂਜੀ ਪਾਰਟੀ ਵਿਚ ਹੋਣ। ਇੰਝ ਇਹ ਜਨਤਾ ਨੂੰ ਬੁੱਧੂ ਬਣਾਉਂਦੇ ਹਨ। ਅੰਦਰੋਗਤੀ ਇਹ ਇਕ ਹੀ ਹਨ। ਆਪਣੇ ਕੰਮ ਇਕ ਦੂਜੇ ਤੋਂ ਝੱਟ ਕਰਵਾ ਲੈਂਦੇ ਹਨ। ਕਈ ਸਾਢੂ ਸਾਢੂ ਹਨ, ਕਈ ਕੁੜਮ ਕੁੜਮ ਹਨ ਤੇ ਕਈ ਸਾਲੇ ਜੀਜੇ ਹਨ, ਕਈ ਮਾਮੇ ਭਾਣਜੇ। ਕਈ ਤਾਂ ਇੱਥੋਂ ਤੱਕ ਵੀ ਚਲੇ ਜਾਂਦੇ ਹਨ ਕਿ ਸਰਦਾਰ ਬਣ ਕੇ ਕਿਸੇ ਹਿੰਦੂਆਂ ਦੀ ਪਾਰਟੀ ਵਿਚ ਰਿਹਾ ਜਾਵੇ ਜਾਂ ਹਿੰਦੂ ਹੁੰਦੇ ਹੋਏ ਅਕਾਲੀਆਂ ਵਿਚ ਰਿਹਾ ਜਾਵੇ। ਇੰਝ ਬੰਦੇ ਦੀ ਮਹੱਤਤਾ ਵਧ ਜਾਂਦੀ ਏ। ਅਗਰ ਇਕ ਹਿੰਦੂ ਪਾਰਟੀ ਵਿਚ ਇਕ ਸਰਦਾਰ ਹੋਵੇਗਾ ਤੇ ਇਕ ਮੁਸਲਮਾਨ ਤਾਂ ਪਾਰਟੀ ਆਮ ਤੌਰ ਤੇ ਉਸ ਨੂੰ ਚੰਗਾ ਅਹੁਦਾ ਦੇ ਕੇ ਰੱਖਦੀ ਹੀ ਏ। ਅਗਰ ਇਸ ਪ੍ਰਕਾਰ ਦੀ ਹਿੰਦੂ ਪਾਰਟੀ ਪੰਜਾਬ ਜਿਹੇ ਸੂਬੇ ਵਿਚ ਬਹੁਮਤ ਲੈ ਕੇ ਸਰਕਾਰ ਬਣਾ ਲਵੇ ਤਾਂ ਪਾਰਟੀ ਵਿਚਲੇ ਇੱਕਾ ਦੁੱਕਾ ਸਰਦਾਰਾਂ ਨੂੰ ਤਾਂ ਉਹਨਾਂ ਕੋਈ ਚੰਗੀ ਮਨਿਸਟਰੀ ਦੇਣੀ ਹੀ ਹੁੰਦੀ ਏ। ਕਾਰੋਬਾਰ ਚਲਾਉਣ ਲਈ ਹਿੰਦੂਆਂ ਨੂੰ ਇੱਕ ਅੱਧ ਸਰਦਾਰ ਨਾਲ ਰੱਖਣਾ ਹੁੰਦਾ ਏ ਤੇ ਸਰਦਾਰਾਂ ਨੂੰ ਚੰਦ ਕੁ ਹਿੰਦੂ। ਇਹ ਓਵੇਂ ਹੀ ਏ ਜਿਵੇਂ ਕਿਸੇ ਹਿੰਦੂ ਨੇ ਆਪਣੀ ਦੁਕਾਨ ਤੇ ਬਾਬੇ ਨਾਨਕ ਦੀ ਤਸਵੀਰ ਜ਼ਰੂਰ ਲਗਾਉਣੀ ਹੁੰਦੀ ਏ ਤੇ ਨਾਲ ਇੱਕ ਅੱਧ ਕਰਿੰਦਾ ਵੀ ਪਗੜੀਧਾਰੀ ਰੱਖਣਾ ਹੁੰਦਾ ਏ। ਇਸ ਪ੍ਰਕਾਰ ਕਿਸੇ ਸਰਦਾਰ ਨੇ ਆਪਣੀ ਦੁਕਾਨ ਤੇ ਦੇਵੀ ਮਾਂ ਦੀ ਫੋਟੋ ਲਗਾਉਣੀ ਹੁੰਦੀ ਏ ਤੇ ਕਰਿੰਦਾ ਹਿੰਦੂ ਰੱਖਣਾ ਹੁੰਦਾ ਏ। ਇਸੀ ਪ੍ਰਕਾਰ ਸਿਆਸਤ ਵੀ ਇਕ ਬਿਜਨੈਸ ਬਣ ਕੇ ਰਹਿ ਗਈ ਏ। ਉਵੇਂ ਲੋਕਤੰਤਰੀ ਭਾਸ਼ਾ ਵਿਚ ਇੰਝ ਕਰਨ ਨੂੰ ਸੰਪ੍ਰਦਾਇਕ ਭਰਾਤਰੀਭਾਵ ਕਿਹਾ ਜਾਂਦਾ ਏ।

## ਅਧਿਆਇ 5.

# ਪਹਿਲਾਂ ਪੀ.ਆਰ. ਹੋ !

ਉਸਦਾ ਪੂਰਾ ਨਾਮ ਜਸਪਾਲ ਸੀ। ਘਰ ਵਾਲੇ ਉਸ ਨੂੰ ਜੱਸੀ ਕਹਿ ਕੇ ਹੀ ਬੁਲਾਉਂਦੇ ਸਨ। ਗੋਲ ਚਿਹਰਾ, ਰੰਗ ਗੋਰਾ, ਅੱਖਾਂ ਕੁਝ ਮੋਟੀਆਂ, ਹੋਂਠ ਪਤਲੇ, ਧੌਣ ਲੰਬੀ, ਨੱਕ ਤਿੱਖਾ, ਸਮੁੰਦਰ ਦੀ ਬਹਿਰ ਜਿਹੀ ਚਾਲ, ਵਾਲ ਲੰਬੇ, ਉਂਗਲੀਆਂ ਮਖਰੂਤੀ, ਭਰਵਾਂ ਸਰੀਰ ਤੇ ਉਭਰਿਆ ਸੀਨਾ। ਇਹ ਸਾਰਾ ਕੁਝ ਹੁੰਦੇ ਹੋਏ ਵੀ ਉਹ ਖ਼ੂਬਸੂਰਤੀ ਦਾ ਸੰਪੂਰਣ ਸ਼ਾਹਕਾਰ ਨਹੀਂ ਸੀ ਲਗਦੀ ਕਿਉਂਕਿ ਉਸਦੀ ਜਵਾਨੀ ਵਿਚ ਉਹ ਰਸ ਨਹੀਂ ਸੀ ਜੋ ਸੁੰਦਰਤਾ ਦੇ ਅਜਬ ਨਮੂਨਿਆਂ ਵਿਚ ਹੁੰਦਾ ਏ। ਭਾਵੇਂ ਉਸ ਨੂੰ ਪੂਰਣ ਰੂਪ ਵਿਚ ਸੁੰਦਰ ਨਹੀਂ ਕਿਹਾ ਜਾ ਸਕਦਾ ਸੀ ਪ੍ਰੰਤੂ ਫਿਰ ਵੀ ਉਸ ਨੂੰ ਲਗਾਤਾਰ ਦੇਖਣ ਨਾਲ ਕਿਸੇ ਦੇ ਵੀ ਮਨ ਵਿਚ ਸਾਹਿਰ (Sahir) ਦਾ ਇਹ ਸ਼ੇਅਰ ਆ ਸਕਦਾ ਸੀ-

ਤੇਰੇ ਹੋਠੋਂ ਪੇ ਤਵੱਸਮ ਕੀ ਵੋਹ ਹਲਕੀ ਸੀ ਲਕੀਰ
ਮੇਰੇ ਤਖੱਈਅਲ ਮੇ ਰਹਿ ਰਹਿ ਕਰ ਝਲਕ ਉਠਤੀ ਹੈ,
ਜੂੰ ਅਚਾਨਕ ਤੇਰੇ ਆਰਿਜ਼ ਕਾ ਖਿਆਲ ਆਤਾ ਹੈ
ਜੈਸੇ ਜ਼ੁਲਮਤ ਮੇਂ ਕੋਈ ਸ਼ਮ੍ਹਾ ਭੜਕ ਉਠਤੀ ਹੈ।

ਬੀ.ਏ. ਉਸ ਨੇ ਬੜੀ ਮੁਸ਼ਕਲ ਨਾਲ ਪਾਸ ਕੀਤੀ ਹੋਵੇਗੀ। ਇੰਝ ਲਗਦਾ ਸੀ ਜਿਵੇਂ ਪੜ੍ਹਾਈ ਘੱਟ ਕੀਤੀ ਹੋਵੇ, ਮਦਮਸਤੀ ਜ਼ਿਆਦਾ। ਉਪਰੋਕਤ ਵਿਸ਼ੇਸ਼ਤਾਈਆਂ ਵਿਚੋਂ ਵਿਆਹ ਦੇ ਇਸ਼ਤਿਹਾਰ ਦੇ ਸਾਂਚੇ ਵਿਚ ਫਿੱਟ ਵਹਿੰਦੀਆਂ ਵਿਸ਼ੇਸ਼ਤਾਈਆਂ ਤਲਾਸ਼ ਕੇ ਅਖ਼ਬਾਰ ਵਿਚ ਇਸ਼ਤਿਹਾਰ ਦੇ ਦਿੱਤਾ ਗਿਆ ਕਿ ਬਾਹਰੋਂ ਆਏ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਜਵਾਬ ਵਿਚ ਘਰਦਿਆਂ ਨੂੰ ਪੱਚੀ ਕੁ ਚਿੱਠੀਆਂ ਪ੍ਰਾਪਤ ਹੋਈਆਂ। ਆਖ਼ਰਕਾਰ ਜਿਸ ਰਿਸ਼ਤੇ ਦੀ ਚੋਣ ਕੀਤੀ ਗਈ ਉਸ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ-

ਜ਼ਿਲ੍ਹਾ ਰੋਪੜ, ਇਤਿਹਾਸ ਦੀ ਐਮ.ਏ. (ਗੱਲਬਾਤ ਤੋਂ ਐਮ.ਏ. ਪਾਸ ਡਿਗਰੀ ਝੂਠ ਬੋਲੀ ਲਗਦੀ ਸੀ) ਉਮਰ ਤਕਰੀਬਨ 45 ਸਾਲ (ਦੱਸੀ ਕੁੱਝ ਘੱਟ ਗਈ ਸੀ), ਅੱਠ ਕੁ ਸਾਲ ਤੋਂ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਚ ਆਪਣੇ ਭੈਣ-ਭਣੋਈਏ ਪਾਸ ਸੈਟਲਡ, ਕੱਦ ਪੰਜ ਫੁੱਟ ਅੱਠ ਕੁ ਇੰਚ, ਰੰਗ ਗੰਦਮੀ।

ਵਿਆਹ ਰੋਪੜ ਵਿਖੇ ਹੀ ਇਕ ਹੋਟਲ ਵਿਚ ਕੀਤਾ ਗਿਆ। ਕੁਝ ਸਮਾਂ ਲੜਕੇ ਨੇ ਲੜਕੀ ਨਾਲ ਬਿਤਾਇਆ ਤੇ ਉਸ ਤੋਂ ਬਾਅਦ ਉਹ ਵਾਪਿਸ ਸਿਡਨੀ ਚਲਾ ਗਿਆ। ਸਮਾਂ ਪੈਣ ਤੇ ਲੜਕੀ ਵੀ ਸਿਡਨੀ ਲੜਕੇ ਪਾਸ ਪਹੁੰਚ ਗਈ। ਲੜਕਾ ਆਪਣੀ ਅਲੱਗ ਰਿਹਾਇਸ਼ ਲੈ ਕੇ ਭੈਣ ਭਣਵੱਈਏ ਤੋਂ ਪਰ੍ਹੇ ਰਹਿਣ ਲੱਗ ਪਿਆ। ਪੇਸ਼ੇ ਵਜੋਂ ਲੜਕਾ ਟੈਕਸੀ ਚਲਾਉਂਦਾ ਸੀ। ਰਾਤਾਂ ਨੂੰ ਲੇਟ ਆਉਂਦਾ ਸੀ। ਲੜਕੀ ਬੈਠੀ ਉਸ ਨੂੰ ਉਡੀਕਦੀ ਰਹਿੰਦੀ

ਸੀ। ਲੜਕਾ ਪੈਸੇ ਦਾ ਹਿਸਾਬ ਵੀ ਲੜਕੀ ਨੂੰ ਨਹੀਂ ਸੀ ਦਿੰਦਾ। ਉਲਟਾ ਉਸ ਨੂੰ ਦਬਾਅ ਪਾਉਂਦਾ ਸੀ ਕਿ ਉਹ ਵੀ ਕੋਈ ਕੰਮ ਕਿੱਤਾ ਕਰੇ। ਲੜਕੀ ਨੂੰ ਸਭ ਤੋਂ ਪਹਿਲੀ ਸਮੱਸਿਆ ਡਰਾਈਵਿੰਗ ਦੀ ਆਈ। ਪੰਜਾਬ ਵਿਚ ਤਾਂ ਉਸ ਸਕੂਟਰ ਤੱਕ ਵੀ ਨਹੀਂ ਸੀ ਚਲਾਇਆ। ਲੜਕੀ ਨੇ ਕਾਰ ਸਿੱਖਣੀ ਸ਼ੁਰੂ ਕੀਤੀ। ਉਸ ਨੂੰ ਸਿਖਲਾਈ ਦੇ ਅੰਤਾਂ ਦੇ ਲੈਸਨ ਦੁਆਏ ਗਏ। ਤਕਰੀਬਨ ਤਿੰਨ ਕੁ ਹਜ਼ਾਰ ਡਾਲਰ ਇਸ ਸਿਖਲਾਈ ਤੇ ਖਰਚਾ ਆ ਚੁੱਕਾ ਸੀ ਤੇ ਲਾਈਸੈਂਸ ਅਜੇ ਵੀ ਨਹੀਂ ਸੀ ਮਿਲ ਸਕਿਆ। ਲੜਕੇ ਲੜਕੀ 'ਚ ਲੜਾਈ ਰਹਿਣੀ ਸ਼ੁਰੂ ਹੋ ਗਈ। ਲੜਕਾ ਸ਼ਰਾਬ ਪੀ ਕੇ ਲੜਕੀ ਨੂੰ ਤੰਗ ਕਰਨ ਲੱਗ ਪਿਆ। ਹੋਰ ਲੜਕੀਆਂ ਦੀਆਂ ਫੋਟੋਆਂ ਆਪਣੇ ਬਟੂਏ 'ਚੋਂ ਕੱਢ ਕੱਢ ਕੇ ਲੜਕੀ ਨੂੰ ਦਿਖਾਇਆ ਕਰੇ। ਲੜਕੀ ਦੇ ਹਰ ਕੰਮ 'ਚ ਨੁਕਸ ਕੱਢਿਆ ਕਰੇ। ਭਾਵੇਂ ਲੜਕੀ ਤੰਗ ਰਹਿੰਦੀ ਸੀ ਪ੍ਰੰਤੂ ਨਵੇਂ ਦੇਸ਼ ਵਿਚ ਪੱਕੀ ਹੋਣ ਤੱਕ ਤਾਂ ਉਸ ਨੂੰ ਸਬਰ ਦਾ ਕੌੜਾ ਘੁੱਟ ਭਰਨਾ ਹੀ ਪੈਣਾ ਸੀ। ਨਵੇਂ ਦੇਸ਼ ਵਿਚ ਨਾ ਉਸ ਦੀ ਕੋਈ ਸਹੇਲੀ ਸੀ, ਨਾ ਉਹ ਅਜੇ ਉੱਥੇ ਕੰਮ ਕਾਰ ਕਰਨ ਦੇ ਯੋਗ ਹੋਈ ਸੀ। ਉਹ ਅੰਗਰੇਜ਼ੀ 'ਚ ਗੱਲ ਕਰਦੀ ਵੀ ਝਿਜਕਦੀ ਸੀ। ਘਰ ਬੜਾ ਛੋਟਾ ਸੀ। ਇਸ ਪ੍ਰਕਾਰ ਦੇ ਛੋਟੇ ਘਰਾਂ ਨੂੰ ਆਸਟਰੇਲੀਆ ਵਿਚ ਯੂਨਿਟ ਕਿਹਾ ਜਾਂਦਾ ਏ। ਘਰ ਦੇ ਆਲੇ-ਦੁਆਲੇ ਦੂਜੀਆਂ ਯੂਨਿਟਾਂ ਵਿਚ ਹੋਰ ਦੇਸ਼ਾਂ ਦੇ ਲੋਕ ਰਹਿੰਦੇ ਸਨ। ਨੇੜੇ ਤੇੜੇ ਪੰਜਾਬੀਆਂ ਜਾਂ ਭਾਰਤੀਆਂ ਦਾ ਘਰ ਕੋਈ ਨਜ਼ਰ ਨਹੀਂ ਸੀ ਆਉਂਦਾ। ਦੂਰ ਜਾ ਕੇ ਕਿਸੇ ਪੰਜਾਬੀ ਨਾਲ ਵਾਕਫ਼ੀਅਤ ਕੱਢਣੀ ਔਖੀ ਸੀ ਕਿਉਂਕਿ ਡਰਾਈਵਿੰਗ ਅਜੇ ਆਉਂਦੀ ਨਹੀਂ ਸੀ। ਆਸਟਰੇਲੀਆ ਜਿਹੇ ਖੁੱਲ੍ਹੇ ਦੇਸ਼ਾਂ ਵਿਚ ਕਾਰ ਤੋਂ ਬਗ਼ੈਰ ਗੁਜ਼ਾਰਾ ਨਹੀਂ। ਇੱਥੇ ਸ਼ਾਪਿੰਗ ਸੈਂਟਰ ਵੀ ਘਰਾਂ ਦੇ ਇੰਨੇ ਨੇੜੇ ਨਹੀਂ ਕਿ ਪੈਦਲ ਤੁਰ ਕੇ ਜਾਇਆ ਜਾ ਸਕੇ। ਘਰ ਵਿਚ ਜਿੰਨੇ ਬੰਦੇ ਵੀ ਨੌਕਰੀ ਕਰਦੇ ਹਨ ਉਨ੍ਹਾਂ ਸਭ ਪਾਸ ਆਪਣੀ ਆਪਣੀ ਕਾਰ ਹੋਵੇ ਤਾਂ ਹੀ ਆਸਾਨੀ ਨਾਲ ਨੌਕਰੀ ਤੇ ਪਹੁੰਚਿਆ ਜਾ ਸਕਦਾ ਏ। ਅਗਰ ਜੱਸੀ ਨੇੜੇ ਪੈਂਦੇ ਕਲੱਬ ਵਿਚ ਜਾਣ ਦੀ ਕਦੀ ਕਦਾਈਂ ਕੋਸ਼ਿਸ਼ ਕਰਦੀ ਸੀ ਤਾਂ ਉਸ ਦਾ ਪਤੀ ਉਸ ਨੂੰ ਜਾਣ ਤੋਂ ਵਰਜਦਾ ਰਹਿੰਦਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਹ ਕਿਸੇ ਨਾਲ ਸੰਪਰਕ ਪੈਦਾ ਕਰੇ। ਛੋਟੇ ਜਿਹੇ ਘਰ ਦੀ ਚਾਰਦੀਵਾਰੀ ਵਿਚ ਰਹਿ ਕੇ ਉਹ ਇੰਝ ਮਹਿਸੂਸ ਕਰਦੀ ਸੀ ਜਿਵੇਂ ਕਿ ਜੇਲ੍ਹ ਵਿਚ ਡੱਕੀ ਹੋਈ ਹੋਵੇ। ਘਰ ਅੰਦਰ ਟੈਲੀਵੀਜ਼ਨ ਜ਼ਰੂਰ ਸੀ। ਇਸ ਤੇ ਵੀ ਆਸਟਰੇਲੀਆ ਦੇ ਅੰਗਰੇਜ਼ੀ ਚੈਨਲ ਹੀ ਚਲਦੇ ਸਨ। ਇਨ੍ਹਾਂ ਪ੍ਰੋਗਰਾਮਾਂ ਦੀ ਨਾ ਤਾਂ ਉਸਨੂੰ ਪੂਰੀ ਸਮਝ ਆਉਂਦੀ ਸੀ ਤੇ ਨਾ ਹੀ ਉਸ ਦੇ ਪਸੰਦ ਦੇ ਸਨ। ਉਹ ਤਾਂ ਚਾਹੁੰਦੀ ਸੀ ਪੰਜਾਬੀ ਸਭਿਆਚਾਰ ਨਾਲ ਸਬੰਧਤ ਪ੍ਰੋਗਰਾਮ ਦੇਖਣ ਨੂੰ ਮਿਲਣ। ਗਿੱਧੇ ਭੰਗੜੇ ਹੋਣ, ਪੰਜਾਬੀ ਗੀਤ ਹੋਣ, ਪੰਜਾਬੀ ਨਾਟਕ ਹੋਣ ਜਾਂ ਫਿਰ ਹਿੰਦੀ ਸੀਰੀਅਲ ਹੋਣ। ਪਤੀ ਟੈਕਸੀ ਤੋਂ ਅੱਧੀ ਰਾਤ ਨੂੰ ਆਉਂਦਾ, ਅਕਸਰ ਸ਼ਰਾਬ ਪੀ ਲੈਂਦਾ, ਰੋਟੀ ਖਾਂਦਾ ਤੇ ਆਪਣੀ ਜਸਮਾਨੀ ਭੁੱਖ ਪੂਰੀ ਕਰ ਕੇ ਸੌਂ ਜਾਂਦਾ। ਜੱਸੀ ਪਤੀ ਨਾਲ ਕੋਈ ਤਕਰਾਰ ਕਰਨ ਤੋਂ ਡਰਦੀ ਰਹਿੰਦੀ ਮਤਾਂ ਕਿਤੇ ਉਸ ਨੂੰ ਛੱਡ ਕੇ ਹੋਰ ਵਿਆਹ ਨਾ ਕਰਵਾ ਲਿਆਵੇ ਤੇ ਉਹ ਪੱਕੀ ਹੋਣ ਤੋਂ ਵੀ ਰਹਿ ਜਾਵੇ। ਭਾਵੇਂ ਉਹ ਪਤੀ ਨਾਲ ਬਿਲਕੁਲ ਵੀ ਸੰਤੁਸ਼ਟ ਨਹੀਂ ਸੀ ਪਰ ਉਸਨੂੰ ਆਪਣੀ ਦਿਨ ਕਟੀ ਤਾਂ ਕਰਨੀ ਹੀ ਪੈਣੀ ਸੀ। ਹਾਂ, ਪਤੀ ਤੋਂ ਚੋਰੀ-ਚੋਰੀ ਆਪਣੀ ਮਾਂ ਨੂੰ ਕਦੀ ਕਦੀ ਫ਼ੋਨ ਜ਼ਰੂਰ ਕਰ ਲੈਂਦੀ ਸੀ। ਇਸ ਫ਼ੋਨ ਦਾ ਵੀ ਉਸਨੂੰ ਖ਼ਤਰਾ ਪਿਆ ਰਹਿੰਦਾ ਸੀ। ਅਗਰ ਬਿੱਲ ਵੱਧ ਆ ਗਿਆ, ਪਤੀ ਨੂੰ ਫ਼ੋਨਾਂ ਬਾਰੇ ਪਤਾ ਲੱਗ ਗਿਆ ਤਾਂ ਉਹ ਕੁੱਟ ਮਾਰ ਕਰੇਗਾ

ਜਾਂ ਤਕਰਾਰ ਕਰੇਗਾ ਕਿਉਂਕਿ ਆਮਦਨ ਸਿਰਫ਼ ਪਤੀ ਦੀ ਹੀ ਸੀ। ਇਹ ਪੈਸੇ ਵੀ ਉਹ ਆਪਣੇ ਪਾਸ ਹੀ ਰਖਦਾ ਸੀ। ਜੱਸੀ ਨੂੰ ਖਰਚਣ ਲਈ ਬੜੇ ਸੀਮਤ ਪੈਸੇ ਦਿੰਦਾ ਸੀ। ਇਹਨਾਂ ਸਭ ਤਕਲੀਫ਼ਾਂ ਦੇ ਬਾਵਜੂਦ ਵੀ ਉਹ ਆਪਣੀ ਮਾਂ ਨੂੰ ਹਫ਼ਤੇ ਵਿਚ ਇਕ ਵਾਰ ਤਾਂ ਦਸ ਕੁ ਮਿੰਟ ਦਾ ਫ਼ੋਨ ਕਰਿਆ ਹੀ ਕਰਦੀ ਸੀ।

ਇਕ ਦਿਨ ਫ਼ੋਨ ਕਰਕੇ ਉਸ ਨੇ ਆਪਣੀ ਵਿਥਿਆ ਇੰਝ ਸੁਣਾਈ :-

"ਮਾਂ, ਮੈਂ ਜੇਲ੍ਹ ਕੱਟ ਰਹੀ ਹਾਂ। ਜਸਦੀਪ ਮੇਰੇ ਨਾਲ ਕੋਈ ਵੀ ਖੁੱਲ੍ਹ ਕੇ ਗੱਲ ਨਹੀਂ ਕਰਦਾ। ਹਰ ਰੋਜ਼ ਸ਼ਰਾਬ ਪੀ ਲੈਂਦਾ ਏ ਤੇ ਜਾਂ ਫਿਰ ਸਵੇਰੇ ਲੇਟ ਉੱਠ ਕੇ ਚੁੱਪ ਚਾਪ ਘਰ 'ਚ ਬੈਠਾ ਰਹਿੰਦਾ ਏ। 12 ਕੁ ਵਜੇ ਮੈਨੂੰ ਰੋਟੀ ਪਕਾਉਣ ਨੂੰ ਕਹਿ ਦਿੰਦਾ ਏ। ਰੋਟੀ ਖਾਂਦਾ ਏ ਤੇ ਫਿਰ ਦੋ ਕੁ ਵਜੇ ਟੈਕਸੀ ਤੇ ਚਲਾ ਜਾਂਦਾ ਏ। ਇਕ ਦਿਨ ਘਰ ਵਿਚ ਇਕ ਹੋਰ ਲੜਕੀ ਲੈ ਆਇਆ। ਕਹਿੰਦਾ ਇਹ ਮੇਰੀ ਪੱਕੀ ਸਵਾਰੀ ਏ, ਮੈਂ ਇਹਨੂੰ ਹਰ ਰੋਜ਼ ਕੰਮ ਤੇ ਛੱਡਦਾਂ ਤੇ ਵਾਪਿਸ ਲੈਂਦਾ ਹਾਂ। ਲੜਕੀ ਗੋਰੀ ਸੀ, ਉਸ ਦਾ ਨਾਮ ਸੂਜ਼ਨ-ਸੂਜ਼ਨ ਕਰਕੇ ਲੈਂਦਾ ਸੀ। ਮੈਨੂੰ ਚਾਹ ਬਣਾਉਣ ਨੂੰ ਕਹਿ ਦਿੱਤਾ। ਆਪ ਬੈਠੇ ਗੱਪਾਂ ਮਾਰਦੇ ਰਹੇ ਤੇ ਕਹਿਕਹੇ ਲਗਾ ਕੇ ਹੱਸਦੇ ਰਹੇ। ਬਾਅਦ ਵਿਚ ਉੱਠੇ ਤੇ ਚਲੇ ਗਏ। ਮੈਨੂੰ ਤਾਂ ਜਸਦੀਪ ਦੇ ਚਾਲੇ ਬਿਲਕੁਲ ਵੀ ਠੀਕ ਨਹੀਂ ਲਗਦੇ। ਕੁਝ ਦਿਨ ਹੋਏ ਮੈਂ ਜਸਦੀਪ ਨੂੰ ਇਕ ਹੋਰ ਲੜਕੀ ਨਾਲ ਵੀ ਦੇਖਿਆ ਸੀ। ਇਹ ਦੋਨੋਂ ਇਕ ਕੰਸਰਟ (Concert) ਤੇ ਗਏ ਸਨ। ਜਾਣਬੁੱਜ ਕੇ ਮੈਨੂੰ ਦਿਖਾ ਕੇ ਉਸਨੂੰ ਘਰ ਗੇੜਾ ਮਰਵਾ ਕੇ ਲੈ ਕੇ ਗਿਆ। ਆਪ ਕੁਆਰਟਰ ਵਿਚ ਆਇਆ ਸੀ ਤੇ ਲੜਕੀ ਬਾਹਰ ਕਾਰ ਵਿਚ ਹੀ ਬੈਠੀ ਰਹੀ ਸੀ। ਬੱਸ ਕੱਪੜੇ ਬਦਲੇ ਤੇ ਘਰੋਂ ਬਾਹਰ ਚਲਾ ਗਿਆ। ਮੈਂ ਕੀ ਕਰਾਂ? ਕਿੱਥੇ ਜਾਵਾਂ ਇਸ ਅਜਨਬੀ ਦੇਸ਼ ਵਿਚ? ਬੇਹਤਰ ਸੀ ਕਿ ਮੇਰਾ ਵਿਆਹ ਪੰਜਾਬ ਵਿਚ ਹੀ ਕਰ ਦਿੰਦੇ। ਮੁੰਡਾ ਲੱਭਿਆ ਉਹ ਵੀ ਅੱਧਖੜ ਤੇ ਬੇਕਦਰਾ। ਮੇਰਾ ਗਲ ਘੁੱਟ ਹੋ ਰਿਹਾ ਏ, ਮਾਂ। ਮੈਂ ਕੀ ਕਰਾਂ? ਮੈਂ ਕਿੱਥੇ ਜਾਵਾਂ?" ਇੰਝ ਕਹਿੰਦੀ-ਕਹਿੰਦੀ ਜੱਸੀ ਫੁੱਟ-ਫੁੱਟ ਕੇ ਰੋਣ ਲੱਗ ਪਈ।

ਉੱਧਰੋਂ ਮਾਂ ਨੇ ਜਵਾਬ ਦਿੱਤਾ, "ਬੇਟੀ ਹੌਸਲਾ ਰੱਖ। ਸਾਲ ਦੋ ਸਾਲਾਂ ਦੀ ਗੱਲ ਏ। ਬੇਟੀ, ਪੱਕੀ ਹੋਣ ਤੱਕ ਤਾਂ ਸਮਾਂ ਕੱਢਣਾ ਹੀ ਪਊ। ਸਾਡੀਆਂ ਵੀ ਸਾਰੀਆਂ ਆਸਾਂ ਬੇਟੀ, ਤੇਰੇ ਤੇ ਹੀ ਹਨ। ਸਾਨੂੰ ਇੱਥੇ ਬੁਢਾਪੇ 'ਚ ਕੌਣ ਪੁੱਛੂ। ਬਾਹਰਲੇ ਦੇਸ਼ਾਂ ਵਿਚ ਤਾਂ ਪੈਨਸ਼ਨ ਮਿਲਣ ਲੱਗ ਜਾਂਦੀ ਏ। ਤੇਰੇ ਡੈਡੀ ਪਹਿਲਾਂ ਹੀ ਨੌਕਰੀ ਤੋਂ ਰਿਟਾਇਰ ਹੋ ਗਏ। ਜੋ ਥੋੜ੍ਹੇ ਬਹੁਤੇ ਫੰਡ ਮਿਲੇ ਉਹ ਤੇਰੇ ਵਿਆਹ ਤੇ ਖਰਚ ਹੋ ਗਏ। ਹੁਣ ਤਾਂ ਗੁਜ਼ਾਰਾ ਕੌੜਾ ਘੁੱਟ ਭਰਕੇ ਹੀ ਆ। ਵਾਪਿਸ ਮੁੜੇਂਗੀ ਤਾਂ ਕਿਸੇ ਪਾਸੇ ਦੀ ਵੀ ਨਹੀਂ ਰਹੇਂਗੀ....।"

ਬੋਲ ਰਹੀ ਮਾਂ ਨੂੰ ਵਿਚ ਹੀ ਕੱਟ ਕੇ ਜੱਸੀ ਨੇ ਫਿਰ ਤਰਲਾ ਪਾਉਣਾ ਸ਼ੁਰੂ ਕਰ ਦਿੱਤਾ, "ਮੰਮੀ, ਬਾਕੀ ਤਾਂ ਸਾਰਾ ਕੁਝ ਠੀਕ ਆ। ਆਹ ਜਿਹੜਾ ਇਹ ਹੋਰਨਾਂ ਨਾਲ ਤੁਰਿਆ ਫਿਰਦਾ ਏ, ਇਹਦਾ ਕੀ ਬਣੂੰ? ਕਿਹੜੀ ਔਰਤ ਝੱਲ ਲਊ ਆਪਣੇ ਘਰ ਵਾਲੇ ਨੂੰ ਹੋਰਨਾਂ ਨਾਲ ਤੁਰਿਆ ਫਿਰਦਾ? ਇਹ ਤਾਂ ਸ਼ਰ੍ਹੇਆਮ ਹੀ ਮੇਰੀਆਂ ਸੌਕਣਾਂ ਨੂੰ ਘਰ ਲਿਆ ਲਿਆ ਕੇ ਮਜ਼ੇ ਲੁੱਟਦਾ ਫਿਰਦਾ ਏ। ਮੇਰੀ ਜ਼ਰਾ ਜਿੰਨੀ ਵੀ ਪ੍ਰਵਾਹ ਨਹੀਂ ਕਰਦਾ।"

ਮਾਂ ਤੋਂ ਆਖ਼ਰਕਾਰ ਬੋਲਣੋਂ ਨਾ ਰਿਹਾ ਗਿਆ, "ਬੇਟੀ ਤੂੰ ਆਪਣਾ ਪੱਕੀ ਹੋਣ ਤੱਕ ਸਮਾਂ ਕੱਢ। ਇੰਝ ਕਰਨਾ ਤਾਂ ਬਹੁਤ ਹੀ ਜ਼ਰੂਰੀ ਏ। ਪੱਕੀ ਹੋ ਕੇ ਤੂੰ ਵੀ ਆਪਣੀਆਂ ਮਨ

ਮਾਨੀਆਂ ਕਰਨ ਲੱਗ ਜਾਵੀਂ। ਜਦ ਤੇਰੀਆਂ ਮਨਮਾਨੀਆਂ ਦੇਖੂਗਾ ਤਾਂ ਆਪੇ ਦੁਖੀ ਹੋਊਗਾ। ਇਸ ਦੇਸ਼ ਵਿਚ ਕਿਹੜਾ ਇਹ ਤੇਰੇ ਗੋਲੀ ਮਾਰ ਦੇਊ? ਤੈਨੂੰ ਪਤਾ ਏ, ਦੇਸ਼ ਦਾ ਕਾਨੂੰਨ ਕਿੰਨਾ ਇਮਾਨਦਾਰ ਏ। ਸੁਣਿਆ ਏ, ਕਾਨੂੰਨ ਇਸਤਰੀ ਦੇ ਹੱਕਾਂ ਦੀ ਪੂਰੀ ਰਾਖੀ ਕਰਦਾ ਏ। ਬੇਟੀ, ਆਪਣਾ ਸਮਾਂ ਕੱਢ। ਪੱਕੀ ਹੋ ਕੇ ਜੋ ਮਰਜ਼ੀ ਕਰੀਂ। ਵਾਪਸ ਦੌੜੇਂਗੀ ਤਾਂ ਆਪ ਵੀ ਤਬਾਹ ਹੋ ਜਾਏਂਗੀ ਤੇ ਸਾਨੂੰ ਵੀ ਤਬਾਹ ਕਰ ਦੇਵੇਂਗੀ। ਤੇਰਾ ਪਿਓ ਤਾਂ ਝੱਟ ਮਰ ਜਾਊ। ਮੈਂ ਉਸ ਨੂੰ ਤੇਰੇ ਦੁੱਖਾਂ ਬਾਰੇ ਬਹੁਤਾ ਨਹੀਂ ਦੱਸਦੀ। ਤੈਨੂੰ ਪਤਾ ਏ, ਸ਼ੂਗਰ ਤੇ ਬਲੱਡ ਪਰੈਸ਼ਰ ਦਾ ਮਰੀਜ਼ ਏ। ਤੈਨੂੰ ਫਿਰ ਮੈਂ ਇਹੀ ਕਹਿੰਦੀ ਹਾਂ ਕਿ ਆਪਣੇ ਦੋ ਸਾਲ ਪੂਰੇ ਕਰ। ਜਿਸ ਦਿਨ ਪੀ.ਆਰ. ਹੋਣ ਦੀ ਚਿੱਠੀ ਮਿਲ ਗਈ, ਜੋ ਮਰਜ਼ੀ ਕਰੀਂ। ਪਹਿਲਾਂ ਤਾਂ ਜਸਦੀਪ ਨੂੰ ਪਤਿਆ ਕੇ ਪੰਜਾਬ ਦਾ ਸਾਡੇ ਪਾਸ ਗੇੜਾ ਮਾਰੀਂ। ਜਦ ਆਵੇਂਗੀ ਮੈਂ ਤੈਨੂੰ ਸਾਰੀ ਪੜ੍ਹਤ ਪੜ੍ਹਾ ਦੇਵਾਂਗੀ।"

ਫ਼ੋਨ ਰੱਖ ਕੇ ਜੱਸੀ ਸੋਚਾਂ ਵਿਚ ਪੈ ਗਈ :-

"ਪੜ੍ਹਤ ਪੜ੍ਹਾ ਦੇਵਾਂਗੀ....ਇਸ ਦਾ ਕੀ ਮਤਲਬ?

ਕੀ ਪੜ੍ਹਤ ਪੜ੍ਹਾਏਗੀ ਮੇਰੀ ਮਾਂ ਮੈਨੂੰ? ਮਾਂ ਨੇ ਕਿਹਾ ਏ, 'ਪੱਕੀ ਹੋ ਕੇ ਤੂੰ ਵੀ ਆਪਣੀਆਂ ਮਨਮਾਨੀਆਂ ਕਰਨ ਲੱਗ ਜਾਵੀਂ।' ਇਸ ਦਾ ਕੀ ਮਤਲਬ ਹੋਇਆ? ਮਾਂ ਦੀਆਂ ਇਨ੍ਹਾਂ ਗੱਲਾਂ ਤੋਂ ਲਗਦਾ ਏ ਕਿ ਮੈਂ ਵੀ ਆਪਣੀ ਮਰਜ਼ੀ ਨਾਲ ਜਿੱਥੇ ਮਰਜ਼ੀ ਤੁਰੀ ਫਿਰਿਆ ਕਰਾਂ। ਨਾਲੇ ਇਸ ਦੇਸ਼ ਵਿਚ ਤਾਂ ਕਿਸੇ ਚੀਜ਼ ਦਾ ਘਾਟਾ ਹੀ ਨਹੀਂ। ਮੁੰਡੇ ਕੁੜੀਆਂ ਸ਼ਰ੍ਹੇਆਮ ਤੁਰੇ ਫਿਰਦੇ ਆ....ਕੱਲ੍ਹ ਮੁੰਡਾ ਕੁੜੀ ਸੜਕ ਤੇ ਹੀ ਮੂੰਹ ਵਿਚ ਮੂੰਹ ਪਾਈ ਖੜ੍ਹੇ ਸੀ....ਇਹ ਦੇਸ਼ ਤਾਂ ਹਰਾਮਦੇ ਲੋਕਾਂ ਦਾ ਦੇਸ਼ ਹੀ ਲੱਗ ਰਿਹਾ ਏ....ਸੁਣਿਆ ਏ ਇੱਥੇ ਕੁਆਰੀਆਂ ਕੁੜੀਆਂ ਦੀ ਸਾਂਭ ਸੰਭਾਲ ਸਰਕਾਰ ਕਰਦੀ ਰਹਿੰਦੀ ਏ....ਕੱਲ੍ਹ ਅਖ਼ਬਾਰ ਵਿਚ ਪੜ੍ਹਿਆ ਸੀ ਕੰਵਾਰੀਆਂ ਮਾਵਾਂ ਦੀ ਗਿਣਤੀ ਬਾਰੇ.... ਸਿੰਗਲ ਮੰਮਜ਼ (Single muns!) ਕਿੱਥੇ ਪੰਜਾਬ ਤੇ ਕਿੱਥੇ ਸਿਡਨੀ?....ਹਜ਼ਾਰਾਂ ਕੋਹਾਂ ਦਾ ਫ਼ਰਕ ਏ ਸੱਭਿਆਚਾਰ ਦਾ ਤੇ ਤੌਰ ਤਰੀਕਿਆਂ ਦਾ....ਜਸਦੀਪ ਆਪ ਹੀ ਇਕ ਦਿਨ ਸ਼ਰਾਬ ਪੀ ਕੇ ਰੌਅ ਵਿਚ ਆ ਕੇ ਦੱਸ ਰਿਹਾ ਸੀ ਕਿ ਕਿਵੇਂ ਉਹ ਕੁੜੀਆਂ ਨੂੰ ਰਾਤ ਨੂੰ ਕਈ ਘਰਾਂ ਵਿਚ ਛੱਡਦਾ ਏ ਤੇ ਕਿਵੇਂ ਸਵੇਰੇ ਉਹਨਾਂ ਨੂੰ ਘਰਾਂ ਵਿਚੋਂ ਚੁੱਕ ਕੇ ਉਨ੍ਹਾਂ ਦੇ ਘਰ ਪਹੁੰਚਾਉਂਦਾ ਏ....ਆਹ ਅਖ਼ਬਾਰ ਵਿਚ ਨਿੱਜੀ (Personal) ਕਾਲਮ ਪੜ੍ਹ ਕੇ ਤਾਂ ਹੈਰਾਨੀ ਦੀ ਕੋਈ ਹੱਦ ਹੀ ਨਹੀਂ ਰਹਿੰਦੀ....ਸ਼ਰ੍ਹੇਆਮ ਲੜਕੀਆਂ ਨੇ ਫ਼ੋਨ ਨੰਬਰ ਦਿੱਤੇ ਹੋਏ ਹਨ....ਜਿਹੜਾ ਮਰਜ਼ੀ ਫ਼ੋਨ ਕਰੇ, ਪੈਸੇ ਤੈਅ (Setlle) ਕਰੇ ਤੇ ਆਪਣੇ ਘਰ ਲੜਕੀ ਨੂੰ ਮੰਗਵਾ ਲਵੇ, ਰਾਤ ਰੱਖੇ ਤੇ ਸਵੇਰੇ ਵਾਪਿਸ ਆਪਣੇ ਘਰ ਭੇਜ ਦੇਵੇ....ਨਾਲੇ ਸੁਣਿਆ ਏ ਬਹੁਤੇ ਗੋਰੇ ਤਾਂ ਵਿਆਹ ਹੀ ਨਹੀਂ ਕਰਵਾਉਂਦੇ....ਬਸ ਐਵੇਂ ਸਾਰੀ ਉਮਰ ਮਜ਼ੇ ਕਰਦੇ ਰਹਿੰਦੇ ਹਨ....ਸਾਰਾ ਸ਼ਹਿਰ ਤਾਂ ਕੰਜਰੀਆਂ ਦੇ ਕੋਠਿਆਂ ਨਾਲ ਭਰਿਆ ਪਿਆ ਏ....ਅਖ਼ਬਾਰ ਦਾ ਅੱਧਾ ਸਫ਼ਾ ਤਾਂ ਇਨ੍ਹਾਂ ਇਸ਼ਤਿਹਾਰਾਂ ਨਾਲ ਹੀ ਭਰਿਆ ਪਿਆ ਹੁੰਦਾ ਏ....ਸੁਣਿਆ ਏ ਕਿੰਗਜ਼ ਕਰਾਸ (Kings Cross) ਵਿਚ ਤਾਂ ਸ਼ਰ੍ਹੇਆਮ ਲੜਕੀਆਂ ਦੇ ਸੌਦੇ ਹੁੰਦੇ ਹਨ....ਕੋਈ ਜਿੰਨੇ ਪੈਸਿਆਂ 'ਚ ਚਾਹੇ ਜਿਹੜੀ ਮਰਜ਼ੀ ਲੜਕੀ ਆਪਣੇ ਨਾਲ ਰੱਖ ਲਵੇ....ਦੋ ਸਾਲ ਲਈ ਤਾਂ ਮਨ ਮਾਰਨਾ ਹੀ ਪਊ....ਇਕ ਵਾਰ ਪੱਕੀ ਹੋ ਜਾਵਾਂ ਫਿਰ ਮੌਜ਼ਾਂ ਕਰੂੰ....ਜੇ ਉਹ ਰੋਜ਼ ਕੁੜੀ ਬਦਲ ਸਕਦਾ

ਏ ਤਾਂ ਮੈਂ ਕਿਹੜਾ ਰੋਜ਼ ਮੁੰਡਾ ਨਹੀਂ ਬਦਲ ਸਕਦੀ।....ਨਾਲੇ ਇੰਨੇ ਵੱਡੇ ਸ਼ਹਿਰ ਵਿਚ ਕਿਹੜਾ ਪਤਾ ਲੱਗਦਾ ਏ? ਇਹੀ ਤਾਂ ਵੱਡੇ ਸ਼ਹਿਰ ਦਾ ਫ਼ਾਇਦਾ ਏ....ਇੱਥੇ ਤਾਂ ਨਾਲ ਦੇ ਘਰ ਨਹੀਂ ਪਤਾ ਲਗਦਾ ਕਿ ਕੋਈ ਕੀ ਕਰ ਰਿਹਾ ਏ....ਪੰਜਾਬ ਵਿਚ ਤਾਂ ਬਦਨਾਮੀ ਦਾ ਡਰ ਹੁੰਦਾ ਸੀ....ਉੱਥੇ ਵੀ ਕਈ ਬਦਨਾਮ ਹੋ ਕੇ ਕਿਤੇ ਦੂਰ ਦੁਰਾਡੇ ਸ਼ਹਿਰ ਵਿਚ ਮਕਾਨ ਲੈ ਲੈਂਦੇ ਹਨ....ਦਿੱਲੀ ਵਿਚ ਰਹਿੰਦੀਆਂ ਬਬੀਤਾ ਹੋਰੀਂ ਇੰਝ ਕਈ ਵਾਰ ਕੀਤਾ ਏ....ਪਹਿਲਾਂ ਸਰੋਜਨੀ ਨਗਰ ਰਹਿੰਦੀਆਂ ਸੀ....ਜਦ ਉੱਥੇ ਬਦਨਾਮ ਹੋ ਗਈਆਂ ਤਾਂ ਮਕਾਨ ਛੱਡ ਕੇ ਪੰਜਾਬੀ ਬਾਗ਼ ਚਲੀਆਂ ਗਈਆਂ....ਇਵੇਂ ਹੀ ਲਤਾ ਹੋਰੀਂ ਚੰਡੀਗੜ੍ਹ ਕੀਤਾ ਸੀ....ਪਹਿਲਾਂ ਉਹ 15 ਸੈਕਟਰ ਰਹਿੰਦੀਆਂ ਸਨ....ਜਦ ਜ਼ਿਆਦਾ ਹੀ ਬਦਨਾਮ ਹੋਣ ਲੱਗੀਆਂ ਤਾਂ 27 ਸੈਕਟਰ ਜਾ ਕੇ ਘਰ ਲੈ ਲਿਆ....ਇੱਥੇ ਸਿਡਨੀ ਵਿਚ ਤਾਂ ਬਦਨਾਮੀ ਨਾਂਅ ਦੀ ਕੋਈ ਚੀਜ਼ ਹੀ ਨਜ਼ਰ ਨਹੀਂ ਆ ਰਹੀ....ਇੱਥੇ ਤਾਂ ਮਜ਼ੇ ਕਰਨੇ ਫੈਸ਼ਨ ਏ....ਇੱਥੇ ਤਾਂ ਹਰ ਲੜਕੀ ਦਾ ਦੋਸਤ (Boy Friend) ਏ ਤੇ ਹਰ ਲੜਕੇ ਦੀ ਸਹੇਲੀ (Girl Friend) ਏ ਇੱਥੋਂ ਤੱਕ ਕਿ ਕਈਆਂ ਦੀਆਂ ਤਾਂ ਕਈ-ਕਈ ਸਹੇਲੀਆਂ ਤੇ ਦੋਸਤ....ਜਿਸ ਦਾ ਕੋਈ ਦੋਸਤ ਨਹੀਂ ਉਸਨੂੰ ਮੂਰਖ ਸਮਝਿਆ ਜਾਂਦਾ ਏ....ਕਈ ਤਾਂ ਉਸਨੂੰ ਫੋਬ (FOB–Fresh on Boat) ਕਹਿ ਕੇ ਛੇੜਦੇ ਹਨ....ਇੱਕ ਵਾਰ ਪੱਕੀ ਹੋ ਜਾਵਾਂ ਫਿਰ ਚੁਬਾਊ ਚਣੇ ਜਸਦੀਪ ਨੂੰ!!

ਇੰਝ ਸੋਚਦੀ ਸੋਚਦੀ ਜੱਸੀ ਨੂੰ ਆਪਣੇ ਨੇੜੇ ਰਹਿੰਦੀ ਇਕ ਪਾਕਿਸਤਾਨੀ ਲੜਕੀ ਦੀਆਂ ਗੱਲਾਂ ਯਾਦ ਆ ਗਈਆਂ। ਇਹ ਲੜਕੀ ਉਸੇ ਹੀ ਕੰਪਲੈਕਸ ਵਿਚ ਕੁਝ ਘਰ ਪਰ੍ਹੇ ਰਹਿੰਦੀ ਸੀ। ਇਹ ਲਾਹੌਰ ਦੀ ਰਹਿਣ ਵਾਲੀ ਸੀ। ਇਸ ਨੇ ਇੱਥੇ ਆਸਟਰੇਲੀਆ ਵਿਚ ਮੈਡੀਕਲ ਪੜ੍ਹਾਈ ਵਿਚ ਬੀ.ਐਸ.ਸੀ. ਕੀਤੀ ਸੀ। ਘਰ ਵਾਲਿਆਂ ਸੋਚਿਆ ਕਿ ਲੜਕੀ ਨੂੰ ਇੱਥੇ ਆਸਟਰੇਲੀਆ ਵਿਚ ਨਾ ਵਿਆਹਿਆ ਜਾਵੇ ਕਿਉਂਕਿ ਉਹ ਸੋਚਦੇ ਸਨ ਕਿ ਇੱਥੇ ਦੇ ਮੁਸਲਮਾਨ ਲੜਕੇ ਮਾਹੌਲ ਮੁਤਾਬਕ ਉਸ ਨੂੰ ਵਿਆਹੀ ਹੋਈ ਨੂੰ ਛੱਡ ਦੇਣਗੇ। ਉਨ੍ਹਾਂ ਲਾਹੌਰ ਦੇ ਆਪਣੇ ਵਾਕਫ਼ ਬੰਦੇ ਵਿਚ ਪਾ ਕੇ ਇਸ ਦਾ ਰਿਸ਼ਤਾ ਇਕ ਲਾਹੌਰ 'ਚ ਰਹਿੰਦੇ ਮੁੰਡੇ ਨਾਲ ਤੈਅ ਕਰ ਲਿਆ। ਲੜਕੀ ਨੂੰ ਲੈ ਕੇ ਵਿਆਹ ਵਾਸਤੇ ਪਾਕਿਸਤਾਨ ਚਲੇ ਗਏ। ਗੱਜ ਵੱਜ ਕੇ ਵਿਆਹ ਹੋ ਗਿਆ। ਲੜਕੀ ਉੱਥੇ ਕੁਝ ਸਮਾਂ ਬਿਤਾ ਕੇ ਵਾਪਿਸ ਸਿਡਨੀ ਆ ਗਈ। ਕੁਝ ਦੇਰ ਬਾਅਦ ਪਤੀ ਵੀ ਆ ਗਿਆ। ਲੜਕੀ ਗਰਭਵਤੀ ਹੋ ਗਈ। ਇਸ ਲਈ ਉਹ ਕੰਮ ਕਰਨ ਦੇ ਅਸਮਰਥ ਸੀ। ਲੜਕੇ ਨੂੰ ਆਏ ਨੂੰ ਵੀ ਕੋਈ ਕੰਮ ਨਾ ਮਿਲਿਆ। ਨਾ ਹੀ ਉਹ ਕੋਈ ਕੰਮ ਕਰਨ ਦਾ ਇੱਛੁਕ ਸੀ। ਦੋਨੋਂ ਸਰਕਾਰ ਦੀ ਮਦਦ ਤੇ ਬੈਠ ਗਏ ਜਿਹੜੀ ਕਿ ਬੜੀ ਥੋੜ੍ਹੀ ਹੁੰਦੀ ਏ। ਲੜਕੀ ਦੇ ਮਾਂ-ਬਾਪ ਵੀ ਉਨ੍ਹਾਂ ਦੀ ਕੁਝ ਸਹਾਇਤਾ ਕਰਦੇ ਰਹੇ। ਲੜਕੀ ਦੇ ਬੱਚਾ ਹੋ ਗਿਆ ਜੋ ਕਿ ਲੜਕੀ ਸੀ। ਪਤੀ ਕਿਹਾ ਕਰੇ ਕਿ ਸਰਕਾਰ ਵੱਲੋਂ ਮਿਲਦੀ ਸਾਰੀ ਮਦਦ ਦਾ ਪੈਸਾ ਪਾਕਿਸਤਾਨ ਨੂੰ ਉਸ ਦੇ ਮਾਪਿਆਂ ਨੂੰ ਭੇਜਿਆ ਜਾਵੇ। ਮਜ਼ਬੂਰ ਹੋ ਕੇ ਲੜਕੀ ਇੰਝ ਵੀ ਕਰਨ ਲੱਗ ਪਈ। ਇਸ ਤਰ੍ਹਾਂ ਦੇ ਹਲਾਤਾਂ ਵਿਚ ਲੜਕੀ ਦੀ ਸਿਹਤ ਵੀ ਡਾਵਾਂ ਡੋਲ ਹੁੰਦੀ ਗਈ। ਲੜਕੀ ਦੇ ਮਾਪੇ ਅਲੱਗ ਦੁਖੀ ਕਿਉਂਕਿ ਇਨ੍ਹਾਂ ਤੇ ਸਾਰਾ ਖਰਚਾ ਉਹ ਹੀ ਕਰਦੇ ਸਨ। ਜਦ ਬੱਚੀ ਦੋ ਸਾਲ ਦੀ ਹੋ ਗਈ ਤਾਂ ਇਹ ਦੋਨੋਂ ਲਾਹੌਰ ਫੇਰੀ ਲਾਉਣ ਚਲੇ ਗਏ। ਲੜਕਾ ਉੱਥੋਂ ਵਾਪਿਸ ਆਇਆ ਹੀ ਨਾ। ਲੜਕੀ ਬੱਚੀ ਨੂੰ ਲੈ ਕੇ ਇਕੱਲੀ ਵਾਪਿਸ ਆਈ। ਲੜਕੇ ਨੇ ਲੜਕੀ ਨਾਲ ਤਾਲਮੇਲ

ਰੱਖਣਾ ਹੀ ਬੰਦ ਕਰ ਦਿੱਤਾ। ਮਾਪਿਆਂ ਨੂੰ ਇੰਝ ਲੱਗਣ ਲੱਗ ਪਿਆ ਕਿ ਲੜਕਾ ਵਾਪਿਸ ਨਹੀਂ ਆਉਣਾ ਚਾਹੁੰਦਾ। ਪੱਕਾ ਉਹ ਹੋ ਹੀ ਗਿਆ ਸੀ। ਲੜਕਾ ਆਖ਼ਿਰ ਆ ਤਾਂ ਗਿਆ ਪਰ ਆਇਆ ਮੈਲਬੌਰਨ ਵਿਚ। ਦੋਹਾਂ ਧਿਰਾਂ ਵਿਚ ਤਲਾਕ ਹੋ ਗਿਆ। ਹੁਣ ਮੈਲਬੌਰਨ ਲੜਕਾ ਸਰਕਾਰ ਦੀ ਮਦਦ ਦੇ ਸਿਰ ਤੇ ਹੀ ਬੈਠਾ ਸੀ। ਕਾਨੂੰਨ ਮੁਤਾਬਿਕ ਉਹ ਲੜਕੀ ਨੂੰ ਹਫ਼ਤੇ ਦੇ ਸਿਰਫ਼ 30 ਡਾਲਰ ਹੀ ਭੇਜ ਰਿਹਾ ਸੀ।

ਜੱਸੀ ਇਹ ਸਾਰਾ ਕੁਝ ਸੋਚ ਸੋਚ ਕੇ ਕਿਸੇ ਸਿੱਟੇ ਤੇ ਪਹੁੰਚਣਾ ਚਾਹੁੰਦੀ ਸੀ ਕਿ ਉਹ ਕੀ ਕਰੇ। ਉਹ ਜਸਦੀਪ ਨਾਲ ਬਿਲਕੁੱਲ ਵੀ ਖ਼ੁਸ਼ ਨਹੀਂ ਸੀ। ਨਾ ਜਸਦੀਪ ਉਸਨੂੰ ਸਰੀਰਕ ਤੌਰ ਤੇ ਜਚਦਾ ਸੀ ਤੇ ਨਾ ਹੀ ਮਾਨਸਿਕ ਤੌਰ ਤੇ।

ਜੱਸੀ ਇਸ ਪ੍ਰਕਾਰ ਦੇ ਖ਼ਿਆਲਾਂ ਵਿਚ ਗੁਆਚੀ ਹੋਈ ਸੀ ਕਿ ਜਸਦੀਪ ਨੇ ਆ ਦਰਵਾਜ਼ਾ ਖੜਕਾ ਦਿੱਤਾ।

## ਅਧਿਆਇ 6

# ਸਾਰਾ ਪਿੰਡ ਤਾਂ ਬਾਹਰ ਚਲਾ ਗਿਐ !

ਕੀਰਤੀ ਸਿੰਘ ਹੁਣੇ-ਹੁਣੇ 58 ਸਾਲ ਦੀ ਉਮਰ ਵਿਚ ਮਹਿਕਮੇ ਤੋਂ ਸੇਵਾ-ਮੁਕਤ ਹੋਇਆ ਸੀ। ਹੁਣ ਉਸ ਪਾਸ ਘੁੰਮਣ ਫਿਰਨ ਲਈ ਕਾਫ਼ੀ ਸਮਾਂ ਹੁੰਦਾ ਸੀ। ਭਾਵੇਂ ਉਹਦੀ ਸਿਹਤ ਬਹੁਤ ਵਧੀਆ ਨਹੀਂ ਰਹਿੰਦੀ ਸੀ ਫਿਰ ਵੀ ਉਹ ਆਪਣੀ ਆਦਤ ਮੁਤਾਬਕ ਲੋਕਾਂ ਵਿਚ ਵਿਚਰਨ ਤੋਂ ਪਿਛਾਂਹ ਨਹੀਂ ਸੀ ਹਟਦਾ। ਉਹ ਕਈ ਸਾਲਾਂ ਤੋਂ ਆਪਣੇ ਪਿੰਡ ਨਹੀਂ ਸੀ ਗਿਆ। ਆਪਣੇ ਹਿੱਸੇ ਆਉਂਦੀ ਪਿੰਡ ਦੀ ਜ਼ਮੀਨ ਉਸ ਨੇ ਆਪਣੇ ਭਰਾ ਨੂੰ ਸੁੱਟਵੇਂ ਭਾਅ ਪਹਿਲਾਂ ਹੀ ਵੇਚ ਦਿੱਤੀ ਸੀ। ਉਸਦਾ ਲੜਕਾ ਚੰਡੀਗੜ੍ਹ ਤੋਂ ਬਾਹਰ ਜਾ ਕੇ ਖ਼ੁਸ਼ ਨਹੀਂ ਸੀ। ਚੰਡੀਗੜ੍ਹ ਵਿਚ ਰਹਿੰਦੇ ਹੋਏ ਵੀ ਉਸ ਦੇ ਚਾਲੇ ਵਧੀਆ ਨਹੀਂ ਸਨ। ਉਹ ਵਿਆਹ ਕਰਵਾਉਣ ਦਾ ਨਾਂ ਤੱਕ ਨਹੀਂ ਸੀ ਲੈਂਦਾ। ਨਸ਼ੇ ਪੱਤੇ ਕਰਦਾ ਰਹਿੰਦਾ ਸੀ ਤੇ ਅਵਾਰਾ ਕੁੜੀਆਂ ਦੀ ਸੰਗਤ ਵਿਚ ਫਿਰਦਾ ਰਹਿੰਦਾ ਸੀ। ਉਸ ਦੀ ਲੜਕੀ ਹੁਣ ਕਾਲਜ ਵਿਚ ਪੜ੍ਹਦੀ ਸੀ। ਉਸ ਦੀ ਪਤਨੀ ਆਪਣੇ ਸੈਰ ਸਪਾਟਿਆਂ ਵਿਚ ਪਈ ਰਹਿੰਦੀ ਸੀ। ਉਹ ਘਰ ਕਦੀ-ਕਦੀ ਹੀ ਜਾਂਦਾ ਸੀ। ਬਹੁਤਾ ਸਮਾਂ ਆਪਣੇ ਕਮਰੇ ਵਿਚ ਹੀ ਗੁਜ਼ਾਰਦਾ ਸੀ। ਪਤਨੀ ਘਰ ਚਲਾਉਣ ਲਈ ਖਰਚਾ ਮੰਗਦੀ ਰਹਿੰਦੀ ਸੀ। ਇਹ ਖਰਚਾ ਉਹ ਸੰਕੋਚ ਨਾਲ ਉਸ ਨੂੰ ਦਿੰਦਾ ਰਹਿੰਦਾ ਸੀ। ਕਈ ਵਾਰ ਆਪਸ ਵਿਚ ਤਕਰਾਰ ਵੀ ਹੁੰਦਾ ਸੀ। ਬੱਚੇ ਮਾਂ ਦਾ ਸਾਥ ਦਿੰਦੇ ਸਨ। ਕੀਰਤੀ ਸਿੰਘ ਸਿਆਣਪ ਨਾਲ ਕੰਨੀ ਕਤਰਾ ਕੇ ਘਰੋਂ ਨਿਕਲ ਜਾਂਦਾ ਸੀ ਤੇ ਫਿਰ ਘੱਟ ਹੀ ਘਰ ਵੜਦਾ ਸੀ। ਸਰਮੁਖ ਸਿੰਘ, ਜੋਰਾ ਸਿੰਘ ਤੇ ਮੈਂ ਉਸ ਨੂੰ ਅਕਸਰ ਉਸ ਦੇ ਕਮਰੇ ਵਿਚ ਮਿਲਦੇ ਰਹਿੰਦੇ ਸਾਂ। ਕਮਰੇ ਵਿਚ ਉਸ ਨੇ ਤਿੰਨ ਬੈੱਡ ਲਗਾਏ ਹੋਏ ਸਨ। ਅਗਰ ਮੈਂ ਉਸ ਪਾਸ ਰਾਤ ਵੀ ਰਹਿਣਾ ਚਾਹਾਂ ਤਾਂ ਅਸਾਨੀ ਨਾਲ ਰਹਿ ਸਕਦਾ ਸਾਂ। ਮੈਨੂੰ ਆਪਣੇ ਪਾਸ ਰਾਤ ਰੱਖ ਕੇ ਉਹ ਬੜਾ ਹੀ ਖ਼ੁਸ਼ ਹੁੰਦਾ ਸੀ। ਉਸ ਨੇ ਹੁਣ ਇਕ ਪੁਰਾਣੀ ਫੀਅਟ ਕਾਰ ਰੱਖ ਲਈ ਸੀ। ਇਸ ਕਾਰ ਤੇ ਅਸੀਂ ਇੱਧਰ ਉੱਧਰ ਘੁੰਮ ਸਕਦੇ ਸਾਂ। ਸੇਵਾ ਮੁਕਤ ਹੋਣ ਤੋਂ ਬਾਅਦ ਉਸ ਨੂੰ ਪੈਨਸ਼ਨ ਮਿਲਣ ਲੱਗ ਪਈ ਸੀ। ਉਸ ਦੇ ਪੈਸੇ ਪ੍ਰਾਵੀਡੈਂਟ ਫੰਡ ਵਿਚ ਵੀ ਜਮ੍ਹਾਂ ਸਨ। ਸ਼ਰਾਬ ਅਤੇ ਮੀਟ ਆਦਿ ਦਾ ਉਸ ਦਾ ਕੋਈ ਖਰਚਾ ਹੈ ਹੀ ਨਹੀਂ ਸੀ। ਉਹ ਸਾਦੀ ਰੋਟੀ ਖਾਂਦਾ ਸੀ। ਜਦ ਮੈਂ ਉਸ ਪਾਸ ਕਦੇ ਠਹਿਰਦਾ ਸੀ ਤਾਂ ਉਹ ਮੈਨੂੰ ਨਾਲ ਲਗਦੇ ਮਹਿੰਗੇ ਢਾਬੇ ਤੇ ਰੋਟੀ ਖੁਆਉਣ ਲੈ ਜਾਂਦਾ। ਕਦੀ ਕਦਾਈਂ ਉਹ ਜ਼ੋਰ ਦੇ ਕੇ ਬਿੱਲ ਦੇ ਦਿੰਦਾ। ਬਹੁਤੀ ਵਾਰ ਮੈਂ ਖ਼ੁਦ ਬਿੱਲ ਦੇ ਕੇ ਉਸਦਾ ਖਰਚੇ ਦਾ ਭਾਰ ਵੰਡਾਉਂਦਾ ਰਹਿੰਦਾ।

ਮੈਂ ਉਨ੍ਹਾਂ ਦਿਨਾਂ ਵਿਚ ਦਿੱਲੀ ਤੋਂ ਨਵਾਂ-ਨਵਾਂ ਡਿਸਪੋਜ਼ਲ ਦਾ ਬੁੱਲਟ ਮੋਟਰ ਸਾਈਕਲ ਖਰੀਦਿਆ ਸੀ। ਇਸ ਸੌਦੇ ਵਿਚ ਮੈਨੂੰ ਮੇਰੇ ਇਕ ਵਾਕਫ਼ ਨੇ ਪਾਇਆ ਸੀ ਕਿਉਂਕਿ ਉਹ ਵੀ ਇੱਥੋਂ ਪਹਿਲਾਂ ਇਕ ਡਿਸਪੋਜ਼ਲ ਦਾ ਮੋਟਰਸਾਈਕਲ ਲਿਆ ਚੁੱਕਾ ਸੀ। ਦਿੱਲੀ ਮਾਇਆ ਪੁਰੀ ਵਿਚ ਜੋਗਿੰਦਰ ਸਿੰਘ ਨਾਂ ਦਾ ਇਕ ਵਿਅਕਤੀ ਇਹ ਡਿਸਪੋਜ਼ਲ ਦੇ ਮੋਟਰਸਾਈਕਲ

ਬਣਾ-ਬਣਾ ਕੇ ਵੇਚਦਾ ਹੁੰਦਾ ਸੀ। ਉਸ ਸਮੇਂ ਇਹ ਮੋਟਰਸਾਈਕਲ ਸੱਤ ਕੁ ਹਜ਼ਾਰ ਦੇ ਮਿਲ ਜਾਇਆ ਕਰਦੇ ਸਨ। ਉਸ ਸਮੇਂ ਨਵੇਂ ਬੁੱਲਟ ਦੀ ਕੀਮਤ 20 ਕੁ ਹਜ਼ਾਰ ਰੁਪਿਆ ਹੋਇਆ ਕਰਦੀ ਸੀ। ਜਦ ਮੈਂ ਮੋਟਰ ਸਾਈਕਲ ਖਰੀਦਿਆ ਤਾਂ ਮੈਂ ਉਸ ਨੂੰ ਪੰਜਾਬ ਵਿਚ ਨੂੰ ਲਿਆਉਣ ਦੀ ਕਾਹਲੀ ਕੀਤੀ। ਚਾਹੀਦਾ ਇਹ ਸੀ ਕਿ ਮੈਂ ਉਸ ਨੂੰ ਪਹਿਲਾਂ ਨਵੇਂ-ਨਵੇਂ ਨੂੰ ਦਿੱਲੀ ਵਿਚ ਘੱਟ ਚਲਾਉਂਦਾ। ਮੈਂ ਉਸ ਨੂੰ ਦਿੱਲੀ ਵਿਚੋਂ ਮਾਇਆ ਪੁਰੀ ਤੋਂ ਚੁੱਕਦੇ ਸਾਰ ਹੀ ਪੰਜਾਬ ਨੂੰ ਲੰਬੇ ਪੈਂਡੇ ਤੇ ਭਜਾ ਦਿੱਤਾ। ਇੰਜਣ ਦੇ ਜ਼ਿਆਦਾ ਚੱਲਣ ਨਾਲ ਇਹ ਪੰਜਾਬ ਵਿਚ ਆਉਂਦੇ ਸਾਰ ਹੀ ਖ਼ਰਾਬ ਰਹਿਣ ਲੱਗ ਪਿਆ। ਜਦ ਚੈੱਕ ਕਰਵਾਇਆ ਤਾਂ ਮਕੈਨਿਕ ਕਹਿਣ ਲੱਗਾ ਕਿ ਕਰੈਂਕ ਦਾ ਵਿਘਨ (Big end of the crank) ਬੋਲ ਗਿਆ ਏ। ਇਸ ਨੂੰ ਵਾਪਸ ਉਸੇ ਮਕੈਨਿਕ ਪਾਸ ਦਿੱਲੀ ਭੇਜਣਾ ਪਵੇਗਾ। ਇਸ ਨੂੰ ਇਕ ਆਲੂਆਂ ਦੇ ਟਰੱਕ ਵਿਚ ਲੱਦ ਕੇ ਫਿਰ ਵਾਪਸ ਦਿੱਲੀ ਪਹੁੰਚਾਉਣਾ ਪਿਆ ਸੀ। ਇਸ ਪ੍ਰਕਾਰ ਮੇਰੇ ਪਾਸ ਉਸ ਸਮੇਂ ਕੋਈ ਆਵਾਜਾਈ ਦਾ ਸਾਧਨ ਨਹੀਂ ਸੀ। ਉਧਰ ਮੈਨੂੰ ਯਰਕਾਨ ਦਾ ਅਟੈਕ ਹੋ ਗਿਆ। ਅੱਖਾਂ ਪੀਲੀਆਂ ਪੀਲੀਆਂ ਹੋ ਗਈਆਂ। ਨੇੜੇ ਤੇੜੇ ਦੇ ਡਾਕਟਰਾਂ ਤੋਂ ਮੈਂ ਆਪਣਾ ਚੈੱਕਅੱਪ ਕਰਵਾਇਆ ਪਰ ਆਰਾਮ ਨਾ ਆਇਆ। ਦਿੱਲੀਉਂ ਇਹ ਸੁਨੇਹਾ ਆ ਗਿਆ ਕਿ ਮੋਟਰ ਸਾਈਕਲ ਠੀਕ ਹੋ ਗਿਆ ਏ, ਹਫ਼ਤੇ ਕੁ ਵਿਚ ਹੀ ਆ ਕੇ ਲੈ ਜਾਵੋ। ਮੈਂ ਚੱਕਰ ਵਿਚ ਸਾਂ ਕਿ ਯਰਕਾਨ ਤੋਂ ਜਿਵੇਂ ਰਾਹਤ ਮਿਲੇ ਤੇ ਫਿਰ ਮੋਟਰ ਸਾਈਕਲ ਦਿੱਲੀ ਤੋਂ ਜਾ ਕੇ ਕਿਵੇਂ ਲਿਆਂਦਾ ਜਾਵੇ। ਮੈਂ ਖ਼ੁਦ ਇੰਨਾ ਕਮਜ਼ੋਰ ਹੋ ਗਿਆ ਸਾਂ ਕਿ ਮੋਟਰ ਸਾਈਕਲ ਲੰਬੇ ਰੂਟ ਤੇ ਚਲਾਉਣ ਦੇ ਸਮਰੱਥ ਵੀ ਨਹੀਂ ਸਾਂ। ਮੇਰੀ ਇਸ ਹਾਲਤ ਦਾ ਕੀਰਤੀ ਸਿੰਘ ਨੂੰ ਕਿਧਰਿਓਂ ਪਤਾ ਲੱਗ ਗਿਆ। ਉਹ ਕਾਰ ਤੇ ਮੇਰੇ ਪਾਸ ਪਿੰਡ ਪਹੁੰਚ ਗਿਆ। ਮੈਂ ਉਸ ਨੂੰ ਆਪਣੇ ਘਰ ਦੇਖ ਕੇ ਹੈਰਾਨ ਰਹਿ ਗਿਆ। ਉਹ ਕਈ ਸਾਲਾਂ ਬਾਅਦ ਪਿੰਡ ਆਇਆ ਸੀ। ਅਸਲ ਵਿਚ ਜ਼ਮੀਨ ਵੇਚਣ ਤੋਂ ਬਾਅਦ ਉਸਦਾ ਪਿੰਡ ਨਾਲ ਸੰਪਰਕ ਟੁੱਟ ਹੀ ਗਿਆ ਸੀ। ਉਹ ਮੇਰੀ ਹਾਲਤ ਦੇਖ ਕੇ ਬੜਾ ਹੈਰਾਨ ਹੋਇਆ। ਮੇਰੇ ਚੱਲ ਰਹੇ ਇਲਾਜ ਬਾਰੇ ਪਤਾ ਕੀਤਾ। ਉਹ ਇਸ ਇਲਾਜ ਨਾਲ ਸੰਤੁਸ਼ਟ ਨਾ ਹੋਇਆ। ਨਾਲੇ ਮੈਂ ਉਸ ਨੂੰ ਆਪਣੀ ਮੋਟਰ ਸਾਈਕਲ ਦਿੱਲੀਓਂ ਲਿਆਉਣ ਦੀ ਪ੍ਰੇਸ਼ਾਨੀ ਬਾਰੇ ਵੀ ਦੱਸਿਆ। ਉਹ ਕਹਿਣ ਲੱਗਾ, "ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ। ਚੰਡੀਗੜ੍ਹ ਵਿਚ ਮੇਰੇ ਅੰਤਾਂ ਦੇ ਡਾਕਟਰ ਵਾਕਫ਼ ਹਨ। ਬੰਸੀ ਲਾਲ ਗਰਗ ਯਰਕਾਨ ਜਿਹੀਆਂ ਬਿਮਾਰੀਆਂ ਦੇ ਇਲਾਜ ਦਾ ਪੂਰਾ ਮਾਹਿਰ ਡਾਕਟਰ ਏ। ਉੱਠ ਕੱਪੜੇ ਪਾ ਤੇ ਕਾਰ 'ਚ ਬੈਠ ਜਾਹ। ਪਹਿਲਾਂ ਮੈਂ ਤੇਰਾ ਉਥੇ ਇਲਾਜ ਕਰਵਾਵਾਂਗਾ। ਤੂੰ ਮੇਰੇ ਕਮਰੇ ਵਿਚ ਆਰਾਮ ਕਰਦਾ ਰਹੀਂ। ਫਿਰ ਦਿੱਲੀਓਂ ਤੇਰੇ ਮੋਟਰ ਸਾਈਕਲ ਲਿਆਉਣ ਦੀ ਸਕੀਮ ਬਣਾਵਾਂਗੇ।"

ਇਸ ਵਕਤ ਮੇਰੇ ਲਈ ਕੀਰਤੀ ਸਿੰਘ ਮਸੀਹਾ ਸਮਾਨ ਸੀ। ਜਿਵੇਂ ਜਿਵੇਂ ਉਹ ਕਹੀ ਗਿਆ ਮੈਂ ਕਰੀ ਗਿਆ। ਅਸੀਂ ਤਿੰਨ ਕੁ ਘੰਟਿਆਂ ਵਿਚ ਚੰਡੀਗੜ੍ਹ ਪਹੁੰਚ ਗਏ। ਪਹੁੰਚਦੇ ਸਾਰ ਹੀ ਉਸ ਨੇ 27 ਸੈਕਟਰ ਬੰਸੀ ਲਾਲ ਗਰਗ ਦੇ ਕਲੀਨਿਕ ਅੱਗੇ ਗੱਡੀ ਜਾ ਲਾਈ। ਡਾਕਟਰ ਨੇ ਮੈਨੂੰ ਚੈੱਕ ਕੀਤਾ, ਦਵਾਈ ਦਿੱਤੀ ਤੇ ਫਿਰ ਅਸੀਂ ਸ. ਕੀਰਤੀ ਸਿੰਘ ਦੇ ਕਮਰੇ ਵਿਚ ਚਲੇ ਗਏ। ਦਵਾਈ ਖਾ ਕੇ ਮੈਂ ਇਕ ਰਾਤ ਆਰਾਮ ਕੀਤਾ। ਮੈਂ ਸਵੇਰੇ ਆਰਾਮ ਮਹਿਸੂਸ ਕਰ ਰਿਹਾ ਸਾਂ। ਕੁਝ ਘੰਟੇ ਪਿੰਡ ਬਾਰੇ ਗੱਲਾਂ ਹੁੰਦੀਆਂ ਰਹੀਆਂ।

ਉਹ ਕਹਿਣ ਲੱਗਾ, "ਪਿੰਡ ਨੂੰ ਜਾਂਦੀ ਸਾਰੀ ਸੜਕ ਤਾਂ ਟੁੱਟੀ ਪਈ ਏ। ਜਦ ਮੈਂ ਤੇਰੇ ਪਾਸ ਗਿਆ ਸੀ ਤਾਂ ਉੱਥੇ ਬਿਜਲੀ ਵੀ ਨਹੀਂ ਸੀ। ਹਾਂ, ਪਿੰਡ ਦੇ ਸ਼ਮਸ਼ਾਨ ਘਾਟ ਵਿਚ ਇਕ ਨਵਾਂ ਸ਼ੈੱਡ ਜਿਹਾ ਜ਼ਰੂਰ ਬਣਿਆ ਦੇਖਿਆ। ਉੱਥੇ ਕੋਨੇ ਤੇ ਇਕ ਨਵਾਂ ਨਲਕਾ ਵੀ ਲੱਗਾ ਹੋਇਆ ਸੀ। ਮੈਂ ਉਸ ਨਲਕੇ ਪਾਸ ਰੁਕ ਕੇ ਕਾਰ ਦਾ ਪਾਣੀ ਚੈੱਕ ਕੀਤਾ ਸੀ। ਇਕ ਪਾਸੇ ਇਕ ਕੰਧ ਜਿਹੀ ਉਸਾਰ ਕੇ ਉਸ ਉਪਰ ਮੋਟੇ ਅੱਖਰਾਂ ਵਿਚ 'ਸੱਚ ਘਰ' ਵੀ ਲਿਖਿਆ ਹੋਇਆ ਸੀ। ਜਿਹੜਾ ਸ਼ਮਸ਼ਾਨਘਾਟ ਵਿਚ ਪੁਰਾਣੇ ਵਕਤਾਂ ਤੋਂ ਇਕ ਕੋਠਾ ਬਣਿਆ ਹੁੰਦਾ ਸੀ ਉਹ ਤਾਂ ਅੱਧਾ ਢੱਠਾ ਹੋਇਆ ਸੀ। ਉਸ ਦੀ ਮੁਰੰਮਤ ਕਿਸੇ ਨੇ ਨਹੀਂ ਕਰਾਈ। ਪਿੰਡ ਦੀਆਂ ਗਲੀਆਂ ਨਾਲੀਆਂ ਤੇ ਸੜਕਾਂ ਦਾ ਹਾਲ ਵੀ ਬਹੁਤਾ ਵਧੀਆ ਨਹੀਂ ਸੀ। ਪਿੰਡ ਵੜਦੇ ਸਾਰ ਹੀ ਇਕ ਪੱਥਰ ਲੱਗਾ ਹੋਇਆ ਸੀ। ਮੈਂ ਰੁਕ ਕੇ ਦੇਖਿਆ ਉਸ ਤੇ ਲਿਖਿਆ ਸੀ ਪਿੰਡ ਤੋਂ ਨਾਲ ਦੇ ਪਿੰਡ ਨੂੰ ਜਾਣ ਵਾਲੀ ਸੜਕ ਪੱਕੀ ਕਰਵਾਉਣ ਲਈ ਉਸ ਇਲਾਕੇ ਦੇ ਐਮ.ਐਲ.ਏ. ਨੇ ਇਹ ਨੀਂਹ ਪੱਥਰ ਫਲਾਣੀ-ਫਲਾਣੀ ਤਾਰੀਖ ਨੂੰ ਰੱਖਿਆ। ਨੀਂਹ ਪੱਥਰ ਰੱਖੇ ਨੂੰ ਦੋ ਸਾਲ ਹੋ ਗਏ ਸਨ। ਸੜਕ ਅਜੇ ਬਣੀ ਹੀ ਨਹੀਂ ਸੀ। ਪਿੰਡ ਵਿਚ ਪੰਚਾਇਤ ਦਾ ਕੀ ਹਾਲ ਏ? ਅੱਜ ਕੱਲ੍ਹ ਸਰਪੰਚ ਕੌਣ ਏ? ਪਿੰਡ ਵਿਚ ਧੜੇਬੰਦੀ ਤਾਂ ਨਹੀਂ? ਮੈਂ ਦੇਖਿਆ ਸੀ ਪਿੰਡ ਦਾ ਗੁਰਦੁਆਰਾ ਤਾਂ ਹੁਣ ਨਵਾਂ ਬਣਾ ਦਿੱਤਾ ਗਿਆ ਏ। ਲਗਦਾ ਏ ਪੰਚਾਇਤ ਨੇ ਗੁਰਦੁਆਰੇ ਤੇ ਚੋਖੇ ਪੈਸੇ ਖਰਚ ਕੀਤੇ ਹਨ। ਗੁਰਦੁਆਰੇ ਵਿਚ ਅੱਜ ਕੱਲ੍ਹ ਭਾਈ ਕੌਣ ਏ? ਗੁਰਦੁਆਰੇ ਦੇ ਨਾਮ ਜ਼ਮੀਨ ਦੇ ਕਈ ਖੇਤ ਹਨ। ਇਸ ਜ਼ਮੀਨ ਦੀ ਪੰਚਾਇਤ ਠੀਕ ਸਾਂਭ ਸੰਭਾਲ ਵੀ ਕਰਦੀ ਏ ਕਿ ਨਹੀਂ? ਅੱਜ ਕੱਲ੍ਹ ਇਹ ਜ਼ਮੀਨ ਕੌਣ ਵਾਹੁੰਦਾ ਏ? ਪਿੰਡ ਦੇ ਛੱਪੜ ਦੁਆਲੇ ਕੰਧ ਉਸਾਰ ਦਿੱਤੀ ਗਈ ਏ। ਪੰਚਾਇਤ ਨੇ ਇਹ ਕੰਮ ਵੀ ਚੰਗਾ ਕੀਤਾ ਏ। ਰਵੀਦਾਸੀਆਂ ਨੇ ਪਿੰਡ ਵਿਚ ਆਪਣਾ ਅਲੱਗ ਗੁਰਦੁਆਰਾ ਬਣਾਇਆ ਹੋਇਆ ਏ। ਲਗਦਾ ਏ ਪੰਚਾਇਤ ਵਿਚ ਰਵੀਦਾਸੀਏ ਮੈਂਬਰ ਵੀ ਪਿੰਡ ਦੀ ਭਲਾਈ ਵੱਲ ਖਾਸ ਧਿਆਨ ਦੇ ਰਹੇ ਹਨ। ਮੈਨੂੰ ਇਸ ਪ੍ਰਕਾਰ ਦੀਆਂ ਪਿੰਡ ਵਿਚ ਕਈ ਤਬਦੀਲੀਆਂ ਦੇਖਣ ਨੂੰ ਲੱਗੀਆਂ।"

"ਬਾਈ ਜੀ, ਪਿੰਡ ਵਿਚ ਜਿਹੜੀਆਂ ਵੀ ਤਬਦੀਲੀਆਂ ਹੋਈਆਂ ਹਨ ਉਨ੍ਹਾਂ ਪਿੱਛੇ ਬਾਹਰਲੇ ਦੇਸ਼ਾਂ ਵਿਚ ਬੈਠੇ ਪਿੰਡ ਵਾਸੀਆਂ ਦਾ ਖਾਸ ਯੋਗਦਾਨ ਏ। ਪੰਚਾਇਤ ਤਾਂ ਮਾੜਾ ਮੋਟਾ ਕੰਮ ਹੀ ਕਰਵਾ ਰਹੀ ਏ। ਗੁਰਦੁਆਰੇ ਦੀ ਇਮਾਰਤ ਨਵੀਂ ਬਣੀ ਉਸ ਵਿਚ ਬਾਹਰਲੇ ਲੋਕਾਂ ਨੇ ਪੈਸਾ ਖਰਚ ਕੀਤਾ। ਇਕੱਲੇ ਪੱਕੇ ਆਲਿਆਂ ਦੇ ਟੱਬਰ ਨੇ ਹੀ ਗੁਰਦੁਆਰੇ ਨੂੰ ਦੋ ਲੱਖ ਰੁਪਿਆ ਦਿੱਤਾ। ਗੁਰਦੁਆਰੇ ਵਿਚ ਲੱਗੇ ਪੱਥਰ ਤੇ ਪੱਕੇ ਵਾਲਿਆਂ ਦੇ ਗੁਰਮੁੱਖ ਸਿੰਘ ਦਾ ਨਾਂ ਸਭ ਤੋਂ ਉੱਪਰ ਲਿਖਿਆ ਹੋਇਆ ਏ। ਤੁਹਾਨੂੰ ਪਤਾ ਏ ਉਹ ਪਿਛਲੇ 35 ਸਾਲਾਂ ਤੋਂ ਇੰਗਲੈਂਡ ਵਿਚ ਰਹਿੰਦਾ ਏ। ਜਦ ਵੀ ਪਿੰਡ ਆਉਂਦਾ ਏ 30-40 ਹਜ਼ਾਰ ਤਾਂ ਦੇ ਹੀ ਜਾਂਦਾ ਏ। ਇਸ ਤੋਂ ਇਲਾਵਾ ਜਥੇਦਾਰਾਂ ਦੇ ਟੱਬਰ ਨੇ ਵੀ ਗੁਰਦੁਆਰੇ ਲਈ ਕਾਫ਼ੀ ਪੈਸੇ ਦਿੱਤੇ। ਉਨ੍ਹਾਂ ਦਾ ਸ. ਪ੍ਰੀਤਮ ਸਿੰਘ ਵੀ ਜਦ ਆਉਂਦਾ ਏ ਤਾਂ 20-30 ਹਜ਼ਾਰ ਦੇ ਹੀ ਜਾਂਦਾ ਏ। ਸ਼ਮਸ਼ਾਨ ਘਾਟ ਦੀ ਦਸ਼ਾ ਸੁਧਾਰਨ ਵਿਚ ਮਨੀਲੇ ਵਾਲਿਆਂ ਦੇ ਤਰਲੋਚਨ ਨੇ ਖਾਸਾ ਯੋਗਦਾਨ ਪਾਇਆ। ਨਲਕਾ ਵੀ ਉਹੀ ਲਗਵਾ ਗਿਆ ਤੇ ਸ਼ੈੱਡ ਵੀ ਉਸੇ ਨੇ ਹੀ ਬਣਵਾਇਆ। ਪੰਚਾਇਤ ਨੇ ਢੱਠਾ ਹੋਇਆ ਕੋਠਾ ਦੁਆਰਾ ਉਸਾਰਨ ਦੀ ਜ਼ੁੰਮੇਵਾਰੀ ਲਈ ਸੀ। ਅਜੇ ਤੱਕ ਉਹ ਓਵੇਂ ਦਾ ਓਵੇਂ ਹੀ ਏ। ਲਗਦਾ ਏ ਇਹ ਕੰਮ ਵੀ ਕੋਈ ਕੈਨੇਡਾ,

ਅਮਰੀਕਾ ਵਾਲਾ ਹੀ ਕਰ ਕੇ ਜਾਵੇਗਾ। ਪੰਚਾਇਤਾਂ ਕਰਦੀਆਂ ਕਰਾਂਦੀਆਂ ਕੁਝ ਨਹੀਂ। ਇਨ੍ਹਾਂ ਨੇ ਪਿੰਡ ਵਿਚ ਧੜੇ ਬਣਾ ਤੇ। ਮੈਂਬਰ ਰਲ ਮਿਲ ਕੇ ਅੱਧੇ ਪਚੱਧੇ ਪੈਸੇ ਖਾ ਜਾਂਦੇ ਆ। ਉਪਰੋਂ ਗਰਾਟਾਂ ਦੇਣ ਵਾਲੇ ਵੀ ਵਿਚੋਂ ਖਾਂਦੇ ਹੀ ਹਨ। ਗੁਰਦੁਆਰੇ ਦੀ ਜ਼ਮੀਨ ਜਿਨ੍ਹਾਂ ਬੁੱਢਿਆਂ ਨੇ ਕਿਸੇ ਵੇਲੇ ਦਾਨ ਕੀਤੀ ਸੀ ਉਨ੍ਹਾਂ ਦੀ ਔਲਾਦ ਗੁਰਦੁਆਰੇ ਤੇ ਆਪਣਾ ਦਬਦਬਾ ਬਣਾ ਕੇ ਰੱਖਣਾ ਚਾਹੁੰਦੀ ਏ। ਜਦ ਕੋਈ ਚੀਜ਼ ਦਾਨ ਕਰ ਦਿੱਤੀ ਜਾਂਦੀ ਏ ਤਾਂ ਉਹ ਸਭ ਦੀ ਸਾਂਝੀ ਬਣ ਜਾਂਦੀ ਏ। ਉਸ ਦਾਨ ਕੀਤੀ ਜ਼ਮੀਨ ਦੇ ਸਿਰ ਤੇ ਕੋਈ ਕਿਸੇ ਸਥਾਨ ਤੇ ਆਪਣਾ ਹੀ ਦਬ-ਦਬਾ ਰੱਖਣ ਦੀ ਕੋਸ਼ਿਸ਼ ਕਰੇ ਤਾਂ ਇਹ ਕਮੀਨਗੀ ਏ। ਪਿੰਡ ਦੇ ਸਰਪੰਚ ਨੇ ਇਲਾਕੇ ਦੇ ਐਮ.ਐਲ.ਏ. ਨੂੰ ਸੱਦ ਕੇ ਸੜਕ ਪੱਕੀ ਕਰਨ ਲਈ ਪੱਥਰ ਲੁਆ ਦਿੱਤਾ। ਪੱਥਰ ਉਪਰ ਐਮ.ਐਲ.ਏ. ਦਾ ਨਾ ਵੀ ਲਿਖਵਾ ਦਿੱਤਾ ਤੇ ਹੇਠਾਂ ਸਰਪੰਚ ਨੇ ਆਪਣਾ ਨਾਮ ਵੀ ਲਿਖਵਾ ਲਿਆ। ਸੜਕ ਬਣੀ ਹੀ ਨਹੀਂ। ਪੱਥਰ ਉਪਰ ਜਾਨਵਰ ਬੈਠ-ਬੈਠ ਕੇ ਬਿੱਠਾਂ ਕਰਦੇ ਹਨ।"

ਦੋ ਰਾਤਾਂ ਕੀਰਤੀ ਸਿੰਘ ਪਾਸ ਬਿਤਾ ਕੇ ਮੈਂ ਹੁਣ ਆਪਣੇ ਆਪ ਨੂੰ ਕਾਫ਼ੀ ਠੀਕ ਮਹਿਸੂਸ ਕਰਨ ਲੱਗ ਪਿਆ ਸਾਂ। ਭਾਵੇਂ ਜਨਵਰੀ ਦੇ ਚੜ੍ਹਦੇ ਸਾਰ ਸਰਦੀ ਕਾਫ਼ੀ ਸੀ ਪ੍ਰੰਤੂ ਕੀਰਤੀ ਸਿੰਘ ਨੇ ਮੇਰੀ ਬੜੀ ਵਧੀਆ ਸਾਂਭ ਸੰਭਾਲ ਕੀਤੀ। ਉਸ ਨੇ ਦਿੱਲੀ ਵਾਸਤੇ ਰੇਲ ਦੀਆਂ ਦੋ ਸੀਟਾਂ ਦੀ ਰੀਜ਼ਰਵੇਸ਼ਨ ਚੰਡੀਗੜ੍ਹ ਪਹੁੰਚਦੇ ਸਾਰ ਹੀ ਕਰਵਾ ਦਿੱਤੀ ਸੀ। ਉਸ ਨੂੰ ਪਤਾ ਸੀ ਕਿ ਦਿੱਲੀਓਂ ਮੋਟਰ ਸਾਈਕਲ ਲਿਆਉਣ ਲਈ ਰੇਲ ਵਿਚ ਹੀ ਜਾਣਾ ਪਵੇਗਾ। ਵਾਪਿਸ ਆਉਂਦੇ ਸਮੇਂ ਅਸੀਂ ਦੋਹਾਂ ਨੇ ਮੋਟਰਸਾਈਕਲ ਤੇ ਚੰਡੀਗੜ੍ਹ ਨੂੰ ਆ ਜਾਣਾ ਸੀ। ਕੀਰਤੀ ਬਾਈ ਨੇ ਮੇਰੇ ਵਾਸਤੇ ਗਰਮ ਕੱਪੜੇ ਚੁੱਕੇ ਤੇ ਅਸੀਂ ਚੰਡੀਗੜ੍ਹ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਮੈਂ ਕੰਬਲ ਦੀ ਬੁੱਕਲ ਮਾਰ ਕੇ ਗੱਡੀ ਵਿਚ ਉਸ ਦੇ ਨਾਲ ਬੈਠ ਗਿਆ। ਇਸ ਪ੍ਰਕਾਰ ਅਸੀਂ ਦਿੱਲੀ ਮਾਇਆਪੁਰੀ ਪਹੁੰਚ ਗਏ। ਦੁਕਾਨਦਾਰ ਜੋਗਿੰਦਰ ਸਿੰਘ ਨੇ ਮੋਟਰਸਾਈਕਲ ਠੀਕ ਕਰ ਕੇ ਕਈ ਦਿਨ ਚਲਾ ਕੇ ਵੀ ਦੇਖ ਲਿਆ ਸੀ। ਹੁਣ ਉਸ ਦੇ ਲੰਬਾ ਪੈਂਡਾ ਚੱਲਣ ਨਾਲ ਵੀ ਖ਼ਰਾਬ ਹੋਣ ਜਾਂ ਗਰਮ ਹੋਣ ਦਾ ਕੋਈ ਖ਼ਤਰਾ ਨਹੀਂ ਸੀ। ਅਸੀਂ ਦਿੱਲੀ ਸਵੇਰ ਸਾਰ ਪਹੁੰਚੇ ਸਾਂ। ਥੋੜ੍ਹਾ ਚਿਰ ਜੋਗਿੰਦਰ ਸਿੰਘ ਦੀ ਦੁਕਾਨ ਤੇ ਹੀ ਆਰਾਮ ਕਰਕੇ ਅਸੀਂ ਮੋਟਰਸਾਈਕਲ ਚੁੱਕਿਆ ਤੇ ਪੰਜਾਬ ਨੂੰ ਚਾਲੇ ਪਾ ਦਿੱਤੇ। ਕੀਰਤੀ ਬਾਈ ਚਲਾ ਰਿਹਾ ਸੀ ਤੇ ਮੈਂ ਕੰਬਲ ਦੀ ਬੁੱਕਲ ਮਾਰ ਕੇ ਪਿੱਛੇ ਬੈਠਾ ਹੋਇਆ ਸਾਂ। ਮੁਰਥਲ ਪਾਸ ਕੀਰਤੀ ਸਿੰਘ ਨੇ ਇਕਦਮ ਮੋਟਰ ਸਾਈਕਲ ਰੋਕ ਲਿਆ।

"ਆਹ ਦੇਖ ਕਿੰਨੀ ਸਾਫ਼ ਸੁਥਰੀ ਰੇਹੜੀ ਏ, ਗੰਨੇ ਦੇ ਰਸ ਦੀ। ਤੈਨੂੰ ਯਰਕਾਨ ਏ। ਡਾ. ਬੰਸੀ ਲਾਲ ਨੇ ਤੈਨੂੰ ਕਿਹਾ ਸੀ ਦਵਾਈ ਖਾਂਦਾ-ਖਾਂਦਾ ਗੰਨੇ ਦੀ ਰਸ ਜ਼ਰੂਰ ਪੀਂਦਾ ਰਹੀਂ। ਦੇਖ ਅਦਰਕ ਤੇ ਨਿੰਬੂ ਪਾ ਕੇ ਕਿੰਨੇ ਸੁਹਣੇ ਤਾਜ਼ੇ ਗੰਨਿਆਂ ਦੀ ਰਸ ਬਣਾ ਰਿਹਾ ਏ ਭਈਆ। ਦੋ ਗਲਾਸ ਅੰਦਰ ਸੁੱਟ। ਅੱਗੇ ਜਾ ਕੇ ਕਿਤੇ ਵਧੀਆ ਢਾਬੇ ਤੇ ਰੋਟੀ ਖਾਵਾਂਗੇ। ਜੀ.ਟੀ. ਰੋਡ ਤੇ ਕਈ ਬੜੇ ਹੀ ਵਧੀਆ ਢਾਬੇ ਹਨ। ਕਈਆਂ ਨੇ ਸਫ਼ਾਈ ਵੀ ਬੜੀ ਰੱਖੀ ਹੋਈ ਏ। ਪਾਣੀਪਤ ਦੇ ਕੋਲ ਕਿਸੇ ਢਾਬੇ ਤੇ ਰੋਟੀ ਖਾਵਾਂਗੇ। ਫਿਰ ਅੰਬਾਲੇ ਪਾਸ ਜਾ ਕੇ ਮੈਂ ਤੈਨੂੰ ਇਕ ਵਾਰ ਫਿਰ ਰਸ ਪਿਲਾਵਾਂਗਾ। ਥੋੜ੍ਹੀ ਰਸ ਬੋਤਲ ਵਿਚ ਪਾ ਕੇ ਘਰ ਵੀ ਲੈ ਜਾਵਾਂਗੇ। ਬੋਤਲ ਮੇਰੇ ਬੈਗ ਵਿਚ ਏ। ਚਾਹ ਘੱਟ ਪੀ।"

ਅਸੀਂ ਬੜੇ ਸੁਆਦ ਨਾਲ ਚਾਹ ਪੀਤੀ। ਕੀਰਤੀ ਬਾਈ ਨੇ ਮੋਟਰਸਾਈਕਲ ਦੀਆਂ ਫਿਰ ਦਬੀੜਾਂ ਲਗਾ ਦਿੱਤੀਆਂ। ਇਕ ਵਾਰ ਤਾਂ ਇੰਝ ਹੋਇਆ ਕਿ ਮੇਰਾ ਕੰਬਲ ਹੀ ਉੱਡ ਕੇ ਮੇਰੇ ਹੱਥਾਂ 'ਚੋਂ ਛੁੱਟ ਗਿਆ। ਪਰ੍ਹੇ ਜਾ ਕੇ ਸੜਕ ਦੇ ਦੂਜੇ ਪਾਰ ਜਾ ਡਿੱਗਿਆ। ਮੈਂ ਰੌਲ਼ਾ ਪਾਇਆ। ਕੀਰਤੀ ਨੇ ਮੋਟਰਸਾਈਕਲ ਰੋਕਿਆ। ਕੰਬਲ ਚੁੱਕ ਕੇ ਲਿਆਂਦਾ। ਇਸ ਗੱਲ ਤੇ ਬੜਾ ਹਾਸਾ ਪਿਆ। ਪਾਣੀਪੱਤ ਲੰਘ ਕੇ ਕੀਰਤੀ ਸਿੰਘ ਨੇ ਮੋਟਰਸਾਈਕਲ ਰੋਕਿਆ। ਜਦ ਮੈਂ ਸਾਈਨ ਬੋਰਡ ਪੜ੍ਹਿਆ ਤਾਂ ਲਿਖਿਆ ਸੀ:

"ਤਾਬਿਆਦਾਰ ਦਾ ਪੰਜਾਬੀ ਢਾਬਾ।" ਬੈਠਣ ਦਾ ਪ੍ਰਬੰਧ ਬਾਹਰ ਖੁੱਲ੍ਹੇ ਵਿਚ ਵੀ ਸੀ ਤੇ ਅੰਦਰ ਵੀ। ਬਾਹਰ ਛਤਰੇ ਲੱਗੇ ਹੋਏ ਸਨ। ਸੀਟਾਂ ਜ਼ਮੀਨ ਵਿਚ ਫਿੱਟ ਕੀਤੀਆਂ ਹੋਈਆਂ ਸਨ। ਮੇਜ਼ ਸਾਫ਼ ਸੁਥਰੇ ਸਨ। ਮੇਜ਼ਾਂ ਤੇ ਪਈਆਂ ਨਮਕ ਦਾਨੀਆਂ ਬੰਦੇ ਦੀ ਭੁੱਖ ਨੂੰ ਦੁੱਗਣਾ ਕਰ ਦਿੰਦੀਆਂ ਸਨ। ਸਾਫ਼ ਸੁਥਰੇ ਕੱਪੜਿਆਂ ਵਿਚ ਬਹਿਰੇ ਗਾਹਕਾਂ ਤੋਂ ਆਰਡਰ ਲੈ ਰਹੇ ਸਨ। ਗਾਹਕ ਮੀਨੂ ਪੜ੍ਹ ਪੜ੍ਹ ਕੇ ਆਰਾਮ ਨਾਲ ਆਰਡਰ ਦੇ ਰਹੇ ਸਨ। ਹੁਣੇ ਹੁਣੇ ਨੇੜੇ ਆ ਕੇ ਇਕ ਡੀਲਕਸ ਬੱਸ ਰੁਕੀ ਸੀ। ਹੋਰ ਗਾਹਕ ਮੇਜ਼ਾਂ ਵੱਲ ਵਧ ਰਹੇ ਸਨ। ਇਕ ਮੀਨੂ ਬੁੱਕ ਮੈਂ ਚੁੱਕੀ ਤੇ ਇਕ ਕੀਰਤੀ ਸਿੰਘ ਨੇ। ਮੈਂ ਆਰਡਰ ਕੀਤਾ-ਪਾਲਕ ਪਨੀਰ, ਤੜਕੀ ਹੋਈ ਦਾਲ, ਰਾਇਤਾ, ਸਲਾਦ ਤੇ ਰੋਟੀ। ਕੀਰਤੀ ਸਿੰਘ ਨੇ ਆਰਡਰ ਕੀਤਾ-ਮਟਰ ਪਨੀਰ, ਤੜਕੀ ਹੋਈ ਦਾਲ, ਰਾਇਤਾ, ਸਲਾਦ ਤੇ ਰੋਟੀ। ਅਚਾਰ ਉਨ੍ਹਾਂ ਖ਼ੁਦ ਹੀ ਨਾਲ ਰੱਖ ਦਿੱਤਾ। ਰੋਟੀ ਖਾਂਦੇ-ਖਾਂਦੇ ਕੀਰਤੀ ਸਿੰਘ ਦੀ ਕਲਪਨਾ ਵਿਚ ਪਿਛਲੇ ਤੀਹ ਚਾਲੀ ਸਾਲਾਂ ਤੋਂ ਹੁਣ ਤੱਕ ਦੀ ਜੀ.ਟੀ. ਰੋਡ ਫ਼ਿਲਮ ਦੀ ਰੀਲ ਵਾਂਗ ਘੁੰਮ ਗਈ:-

"ਅੱਜ ਤੋਂ 30 ਕੁ ਸਾਲ ਪਹਿਲਾਂ ਇਸ ਸੜਕ ਤੇ ਟਾਵਾਂ-ਟਾਵਾਂ ਢਾਬਾ ਹੀ ਹੋਇਆ ਕਰਦਾ ਸੀ। ਹੁਣ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਇਸ ਰੋਡ ਤੇ ਢਾਬਿਆਂ ਦਾ ਅੰਬਾਰ ਲੱਗ ਗਿਆ ਏ। ਹੁਣ ਟਾਵੀਂ-ਟਾਵੀਂ ਥਾਂ ਹੀ ਖਾਲੀ ਦਿਸਦੀ ਏ। ਹੁਣ ਤਾਂ ਇੰਝ ਲਗਦਾ ਏ ਜਿਵੇਂ ਸਾਰੇ ਲੋਕ ਢਾਬਿਆਂ ਦਾ ਹੀ ਕਾਰੋਬਾਰ ਕਰਨ ਲੱਗ ਪਏ ਹੋਣ। ਲੋਕ ਕਹਿੰਦੇ ਰਹਿੰਦੇ ਹਨ ਕਿ ਜਿੰਨੀਆਂ ਵੱਧ ਇਕ ਕਿਸਮ ਦੀਆਂ ਦੁਕਾਨਾਂ ਹੋਣਗੀਆਂ ਉਨਾ ਕਾਰੋਬਾਰ ਘਟਦਾ ਏ। ਇਹ ਢਾਬੇ ਦੇਖ ਕੇ ਤਾਂ ਇੰਝ ਲਗਦਾ ਜਿਵੇਂ ਇਹ ਧਾਰਨਾ ਬਿਲਕੁਲ ਗ਼ਲਤ ਹੋਵੇ। ਪਿੰਡਾਂ ਵਿਚ ਜੱਟ ਜ਼ਮੀਨ ਤੇ ਮਣੀ ਦੇ ਸੱਪ ਵਾਂਗ ਬੈਠਾ ਰਹਿੰਦਾ ਏ। ਭਾਵੇਂ ਉਸ ਨੂੰ ਉਸ ਜ਼ਮੀਨ 'ਚੋਂ ਕੋਈ ਲਾਭ ਹੋਵੇ ਜਾਂ ਨਾ ਜਾਂ ਫਿਰ ਜੱਟਾਂ ਦੇ ਮੁੰਡੇ ਪੜ੍ਹਾਈਆਂ ਛੱਡ ਕੇ ਬਾਹਰ ਜਾਣ ਦੇ ਚੱਕਰਾਂ ਵਿਚ ਪਏ ਹੋਏ ਹਨ। ਇੰਝ ਲਗਦਾ ਰਹਿੰਦਾ ਏ ਜਿਵੇਂ ਸਾਰਾ ਪੰਜਾਬ ਬਾਹਰ ਹੀ ਜਾਣਾ ਚਾਹੁੰਦਾ ਹੋਵੇ। ਸਾਰੀ ਮੁੰਡੀਰ ਖੇਤੀ ਵੱਲ ਮੂੰਹ ਤੱਕ ਕਰਕੇ ਖ਼ੁਸ਼ ਨਹੀਂ। ਖੇਤੀ ਕਰਨੀ ਨਹੀਂ, ਨੌਕਰੀ ਮਿਲਣੀ ਕੋਈ ਨਹੀਂ, ਘੁੰਮਣ ਨੂੰ ਮੋਟਰ ਸਾਈਕਲ ਚਾਹੀਦੇ ਆ ਤੇ ਖਾਣ-ਪੀਣ ਨੂੰ ਨਸ਼ੇ। ਆਹ ਦੇਖ ਲਾ ਢਾਬਿਆਂ ਵਾਲੇ ਲੋਕ। ਦਿਨ ਰਾਤ ਸਖ਼ਤ ਮਿਹਨਤ ਕਰਦੇ ਆ। ਮੈਨੂੰ ਤਾਂ ਇੰਝ ਲਗਦਾ ਏ ਕਿ ਇਹ ਖੇਤੀ ਬਾੜੀ ਕਰਨ ਵਾਲੇ ਜੱਟਾਂ ਨਾਲੋਂ ਕਈ ਗੁਣਾ ਚੰਗੇ ਆ। ਖੇਤੀ 'ਚ ਅੱਜ ਕੱਲ੍ਹ ਬਚਦਾ ਹੀ ਕੀ ਆ? ਅੰਤਾਂ ਦੀ ਲਾਗਤ ਲੱਗ ਜਾਂਦੀ ਏ, ਬਾਕੀ ਰਹਿੰਦਾ ਖੂੰਹਦਾ ਆੜ੍ਹਤੀਏ ਦੁਖੀ ਕਰੀ ਜਾਣਗੇ, ਇਸ ਤੋਂ ਵੀ ਉੱਪਰ ਜਵਾਨੀ ਵੱਲ ਨੂੰ ਵਧ ਰਹੇ ਛੋਕਰੇ ਜਿਹੜੇ ਮੋਟਰ ਸਾਈਕਲ ਤੋਂ ਬਗ਼ੈਰ ਕਾਲਜ ਨੀ ਜਾਣਾ ਚਾਹੁੰਦੇ ਜਾਂ ਫਿਰ ਪੜ੍ਹਾਈ ਵਿੱਚ ਹੀ ਛੱਡ ਕੇ ਕਹਿਣਗੇ, ਸਾਨੂੰ ਬਾਹਰ ਭੇਜ ਦਿਉ। ਮਾਂ ਪਿਉ ਦੱਸ ਕੀ ਕਰਨ? ਮੈਂ ਕਦੀ ਕਦਾਈਂ ਪ੍ਰੋਫੈਸਰ ਜੋਗਾ ਸਿੰਘ ਦੇ ਕਾਲਜ ਵਿਚ ਜਾਂਦਾ ਰਿਹਾ

ਹਾਂ। ਹੁਣ ਤੋਂ 20 ਕੁ ਸਾਲ ਪਹਿਲਾਂ ਮੂਹਰੇ ਸ਼ੈੱਡ ਵਿਚ ਸਿਰਫ਼ ਸਾਈਕਲ ਹੀ ਸਾਈਕਲ ਹੋਇਆ ਕਰਦੇ ਸਨ। ਹੁਣ ਉਥੇ ਜਾਓ ਤਾਂ ਸ਼ੈੱਡ ਸਾਰਾ ਮੋਟਰ ਸਾਈਕਲਾਂ ਤੇ ਸਕੂਟਰਾਂ ਨਾਲ ਭਰਿਆ ਪਿਆ ਹੁੰਦਾ ਏ। ਇੱਥੋਂ ਤੱਕ ਕਿ ਇਸ ਸ਼ੈੱਡ ਵਿਚ ਹੁਣ ਟਾਵੀਂ-ਟਾਵੀਂ ਕਾਰ ਵੀ ਦਿਸਣ ਲੱਗ ਪਈ ਏ। ਮੈਨੂੰ ਹੈਰਾਨੀ ਹੋਈ ਜਦ ਮੈਨੂੰ ਪਤਾ ਲੱਗਾ ਕਿ ਇਕ ਦੋ ਛੋਕਰੇ ਪੜ੍ਹਨ ਆਉਣ ਲਈ ਘਰੋਂ ਟਰੈਕਟਰ ਲੈ ਕੇ ਆਏ ਹੋਏ ਸਨ। ਮੈਂ ਸਮਝਦਾ ਹਾਂ, ਇਨ੍ਹਾਂ ਵਿਹਲੜ ਛੋਕਰਿਆਂ ਨਾਲੋਂ ਤਾਂ ਇਹ ਜੀ.ਟੀ. ਰੋਡ ਤੇ ਰੇਹੜੀਆਂ ਲਾਉਣ ਵਾਲੇ ਭਈਏ ਚੰਗੇ ਆ। ਜਿੰਨਾ ਭੀੜ-ਭੜੱਕਾ ਇਨ੍ਹਾਂ ਢਾਬਿਆਂ ਤੇ ਰਹਿੰਦਾ ਏ, ਇਸ ਤੋਂ ਲਗਦਾ ਏ ਕਿ ਇਹ ਸ਼ਾਮ ਨੂੰ ਚੋਖੇ ਪੈਸੇ ਲੈ ਕੇ ਘਰ ਜਾਂਦੇ ਹੋਣਗੇ।"

"ਬਾਈ ਜੀ, ਤੁਸੀਂ ਬਿਲਕੁਲ ਠੀਕ ਕਹਿੰਦੇ ਹੋ। ਕੰਮ ਕੋਈ ਵੀ ਮਾੜਾ ਨਹੀਂ ਹੁੰਦਾ, ਮਾੜੀ ਹਮੇਸ਼ਾ ਬੰਦੇ ਦੀ ਸੋਚ ਏ। ਜਦ ਇਹੀ ਛੋਕਰੇ ਬਾਹਰ ਚਲੇ ਜਾਂਦੇ ਹਨ ਤਾਂ ਉਥੇ ਝਾੜੂ ਮਾਰਨ ਤੱਕ ਦੇ ਕੰਮ ਵੀ ਕਰਦੇ ਹਨ। ਮੈਂ ਇਕ ਆਸਟ੍ਰੇਲੀਆ ਤੋਂ ਆਏ ਆਪਣੇ ਵਾਕਫ਼ ਨੂੰ ਪੁੱਛਿਆ ਕਿ ਉਹ ਉਥੇ ਕੀ ਕਰਦਾ ਸੀ। ਪਹਿਲਾਂ ਤਾਂ ਦੱਸੇ ਨਾ। ਮੇਰੇ ਜ਼ੋਰ ਪਾਉਣ ਤੇ ਕਹਿਣ ਲੱਗਾ ਕਿ ਉਹ ਉਥੇ ਇਕ ਸ਼ਹਿਰ ਵਿਚ ਫ਼ਲ ਸਬਜ਼ੀਆਂ ਤੋੜਦਾ ਸੀ, ਗੰਢੇ ਪੁੱਟਦਾ ਸੀ, ਕੁਝ ਸਮਾਂ ਕਾਰਾਂ ਧੋਂਦਾ ਰਿਹਾ। ਆਹ ਦੇਖੋ, ਇਹ ਸਾਧਾਰਨ ਜਿਹਾ ਢਾਬਾ ਸ਼ੁਰੂ ਕਰਨ ਲਈ ਬਹੁਤ ਜ਼ਿਆਦਾ ਖਰਚਾ ਨਹੀਂ ਆਉਂਦਾ। ਇਕ ਸਾਧਾਰਨ ਜਿਹਾ ਕਮਰਾ ਚਾਹੀਦਾ ਏ, ਕੁਝ ਕੁਰਸੀਆਂ ਮੇਜ਼ ਚਾਹੀਦੇ ਹਨ, ਕੁਝ ਬਰਤਨ ਚਾਹੀਦੇ ਹਨ, ਚੀਜ਼ਾਂ ਬਣਾਉਣੀਆਂ ਆਉਣੀਆਂ ਚਾਹੀਦੀਆਂ ਹਨ ਤੇ ਇਕ ਅੱਧ ਨੌਕਰ। ਹਰ ਕੰਮ ਪਹਿਲਾਂ ਛੋਟੇ ਪੱਧਰ ਤੇ ਵੀ ਸ਼ੁਰੂ ਕੀਤਾ ਜਾ ਸਕਦਾ ਏ। ਪਹਿਲਾਂ ਚਾਹ ਦੁੱਧ ਦੀ ਦੁਕਾਨ ਪਾ ਲਵੋ, ਬਾਅਦ ਵਿਚ ਉਸ ਨੂੰ ਢਾਬੇ ਵਿਚ ਤਬਦੀਲ ਕਰ ਦਿਓ। ਪਿੰਡਾਂ ਵਿਚ ਸਾਡੇ ਮੁੰਡੇ ਸੋਚਦੇ ਹਨ ਕਿ ਦਿਨਾਂ ਵਿਚ ਹੀ ਕਰੋੜਪਤੀ ਬਣ ਜਾਈਏ। ਅਸਲ ਵਿਚ ਜੱਟ ਨੂੰ ਉਜਰਤ ਦੀ ਕਦਰ ਨਹੀਂ ਕਰਨੀ ਆਉਂਦੀ। ਜੱਟ ਥੋੜ੍ਹੇ ਨਾਲ ਖ਼ੁਸ਼ ਨਹੀਂ ਹੁੰਦਾ। ਇਕ ਦਮ ਸਭ ਕੁਝ ਵੱਡਾ ਚਾਹੁੰਦਾ ਏ। ਮੇਰਾ ਇਕ ਦੋਸਤ ਪ੍ਰੋਫੈਸਰ ਸੀ। ਉਸ ਨੇ ਵਿਆਹ ਇਕ ਐਮ.ਏ. ਪਾਸ ਲੜਕੀ ਨਾਲ ਕਰ ਲਿਆ। ਲੜਕੀ ਬੇਰੁਜ਼ਗਾਰ ਸੀ। ਉਸ ਨੇ ਆਪਣੀ ਪਤਨੀ ਨੂੰ ਨੌਕਰੀ ਦੇ ਚੱਕਰ ਵਿਚ ਪਾਇਆ ਹੀ ਨਹੀਂ। ਪਿੰਡ ਵਿਚ ਹੀ ਉਸ ਵਾਸਤੇ ਸਕੂਲ ਖੋਲ੍ਹ ਦਿੱਤਾ। ਆਂਢੀ-ਗੁਆਂਢੀ ਤੇ ਸ਼ਰੀਕ ਟੰਦੀਆਂ ਕੱਢਣ "ਸ਼ਹਿਰੋਂ ਆਈ ਐਮ.ਏ. ਪਾਸ ਤੀਵੀਂ ਨੂੰ ਇਕ ਨਿੱਕੇ ਜਿਹੇ ਮਕਾਨ ਵਿਚ ਡੱਕ ਦਿੱਤਾ, ਉਹ ਵੀ ਪਿੰਡ ਵਿਚ। ਤੀਵੀਂ ਦੀ ਤਾਂ ਪ੍ਰੋਫੈਸਰ ਨੇ ਜੂਨ ਖ਼ਰਾਬ ਕਰਤੀ।" ਤੀਵੀਂ ਨੇ ਥੋੜ੍ਹੇ ਜਿਹੇ ਬੱਚਿਆਂ ਤੇ ਮਿਹਨਤ ਕੀਤੀ। ਬੱਚੇ ਹੋਰ ਵਧਣੇ ਸ਼ੁਰੂ ਹੋ ਗਏ। ਖਰਚਾ ਬਹੁਤ ਘੱਟ ਤੇ ਆਮਦਨ ਹੋਣ ਲੱਗ ਪਈ, ਇਕ ਬੀ.ਐੱਡ. ਟੀਚਰ ਦੀ ਤਨਖਾਹ ਜਿੰਨੀ। ਜੱਟਾਂ ਜਿਮੀਂਦਾਰਾਂ ਨੂੰ ਲੱਗੀ ਜਾਵੇ, ਐਵੇਂ ਟੱਕਰਾਂ ਮਾਰ-ਮਾਰ ਕੇ ਨਿਆਣੇ ਇਕੱਠੇ ਕਰਦੇ ਫਿਰਦੇ ਆ। ਇਹ ਵੀ ਕੋਈ ਕੰਮ ਏ। ਚੰਦ ਸਾਲਾਂ ਵਿਚ ਹੀ ਇਸ ਛੋਟੇ ਜਿਹੇ ਸਕੂਲ ਵਿਚ ਤਿੰਨ ਸੌ ਬੱਚਾ ਹੋ ਗਿਆ। ਹੋਣ ਵਾਲੀ ਆਮਦਨ ਨਾਲ ਪ੍ਰੋਫੈਸਰ ਨੇ ਸ਼ਹਿਰ ਵਿਚ ਪਲਾਟ ਲੈ ਲਿਆ। ਸਰਕਾਰ ਤੋਂ ਸਬਸਿਡੀ ਤੇ ਲੋਨ ਲੈ ਲਿਆ। ਇਸ ਪਲਾਟ ਵਿਚ ਚਾਰ ਕਮਰੇ ਖੜ੍ਹੇ ਕਰਕੇ ਉੱਥੇ ਸਕੂਲ ਚਲਾ ਦਿੱਤਾ। ਪਿੰਡ ਵਾਲੇ ਕਹੀ ਜਾਣ "ਉਥੇ ਸ਼ਹਿਰ ਵਿਚ ਮਾੜਾ ਮੋਟਾ ਕੰਮ ਚਲਾ ਕੇ ਕਿਹੜਾ ਇਹ ਸੋਨੇ ਦੇ ਸੁੱਗੇ ਲਾ ਲੈਣਗੇ। ਬੱਚੇ ਇਕੱਠੇ ਕਰਨ ਲਈ ਤਾਂ ਲੋਕਾਂ ਦੀਆਂ ਮਿੰਨਤਾਂ ਕਰਦੇ ਫਿਰਦੇ ਆ। ਸਾਡੇ ਘਰ ਦੇ ਅੱਧੇ ਬੰਦੇ ਬਾਹਰ ਗਏ ਹੋਏ ਆ। ਸਾਡਾ

ਮੁਕਾਬਲਾ ਪ੍ਰੋਫੈਸਰ ਨੇ ਕੀ ਕਰਨਾ?" ਪ੍ਰੋਫੈਸਰ ਦਾ ਸਕੂਲ ਸ਼ਹਿਰ ਵਿਚ ਵੀ ਚੱਲ ਪਿਆ। ਉਸ ਨੂੰ ਉਥੋਂ ਚੰਗੀ ਆਮਦਨ ਹੋਣ ਲੱਗ ਪਈ। ਸ਼ਰੀਕ ਅਤੇ ਪਿੰਡ ਵਾਲੇ ਕਹੀ ਜਾਣ ਕਿ ਆਮਦਨ ਸਭ ਝੂਠ ਏ, ਗੱਪਾਂ ਵੱਧ ਹਨ, ਅਸਲੀਅਤ ਘੱਟ ਏ। ਅਮਰੀਕਾ ਕੈਨੇਡਾ ਆਲਿਆਂ ਨਾਲ ਕੀ ਮੁਕਾਬਲਾ ਕਰਨਾ ਪ੍ਰੋਫੈਸਰ ਨੇ? ਕੁਝ ਕੁ ਸਾਲਾਂ ਬਾਅਦ, ਬਾਈ ਸਿਹਾਂ, ਪ੍ਰੋਫੈਸਰ ਨੇ ਆਸਟਰੇਲੀਆਂ ਜਾਣ ਦੀ ਅਰਜ਼ੀ ਪਾ ਦਿੱਤੀ। ਉਹਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਉਸਦਾ ਕੰਮ ਬਣ ਜਾਊ। ਉਸ ਨੇ ਸਿਰਫ਼ ਅਰਜ਼ੀ ਪਾ ਕੇ ਹੀ ਦੇਖੀ ਸੀ। ਸਵਾ ਕੁ ਸਾਲ ਅਰਜ਼ੀ ਪਾਈ ਰੱਖੀ। ਪ੍ਰੋਫੈਸਰ ਨੂੰ ਉਦੋਂ ਹੀ ਪਤਾ ਲੱਗਾ ਜਦ ਅੰਬੈਂਸੀ ਤੋਂ ਚਿੱਠੀ ਆ ਗਈ ਕਿ ਆ ਕੇ ਵੀਜ਼ਾ ਲੈ ਜਾਵੋ। ਦਿਨਾਂ ਵਿਚ ਹੀ ਸਾਰਾ ਟੱਬਰ ਆਸਟਰੇਲੀਆ ਚਲਾ ਗਿਆ। ਲੋਕ ਐਸੇ ਕੁੱਤੇ ਦੀਆਂ ਪੂਛਾਂ ਹਨ, ਉਹ ਉਦੋਂ ਹੀ ਚੁੱਪ ਕਰਦੇ ਹਨ ਜਦ ਕੋਈ ਬਾਹਰ ਚਲਾ ਜਾਵੇ। ਜਦ ਕੋਈ ਬਾਹਰ ਚਲਾ ਜਾਵੇ ਤਾਂ ਉਹ ਮੂਤ ਦੀ ਝੱਗ ਵਾਂਗ ਬੈਠ ਜਾਂਦੇ ਹਨ। ਨਾ ਉਹ ਪੰਜਾਬ ਵਿਚਲੀ ਨੌਕਰੀ ਨੂੰ ਕੁਝ ਸਮਝਦੇ ਹਨ ਤੇ ਨਾ ਹੀ ਪੰਜਾਬ ਵਿਚਲੇ ਕਾਰੋਬਾਰ ਨੂੰ। ਹੁਣ ਕਹਿਣਗੇ, ਕਮਾਲ ਹੋ ਗਈ ਪ੍ਰੋਫੈਸਰ ਦੀ ਜਾਇਦਾਦ ਵੀ ਕੁਝ ਨਹੀਂ ਸੀ, ਨੌਕਰੀ ਵੀ ਸਾਧਾਰਨ ਪ੍ਰਾਈਵੇਟ ਕਾਲਜ ਦੀ ਸੀ। ਬੱਸ ਅੱਖਰ ਹੀ ਕੰਮ ਕਰ ਗਏ। ਮੈਂ ਤਾਂ ਇਹ ਕਹਾਂਗਾ ਕਿ ਆਦਮੀ ਨੂੰ 'ਮਿਹਨਤ ਕਰਨੀ ਚਾਹੀਦੀ ਏ। ਉਹ ਇਹ ਮਿਹਨਤ ਜਿੱਥੇ ਮਰਜ਼ੀ ਸ਼ੁਰੂ ਕਰ ਲਵੇ। ਇਸ ਮਿਹਨਤ ਦਾ ਮੁੱਲ ਪੈਣਾ ਹੀ ਪੈਣਾ ਏ।"

"ਤੇਰੀ ਗੱਲ ਬਿਲਕੁਲ ਠੀਕ ਏ, ਵੀਰੇ। ਆਪਾਂ ਖਾਣਾ ਵੀ ਖਾ ਲਿਆ। ਕੁਝ ਆਰਾਮ ਵੀ ਕਰ ਲਿਆ, ਗੱਲਾਂ ਵੀ ਖਾਸੀਆਂ ਮਾਰ ਲਈਆਂ। ਆ, ਹੁਣ ਆਪਾਂ ਫਿਰ ਤੁਰੀਏ। ਹੁਣ ਅੰਬਾਲੇ ਜਾ ਕੇ ਹੀ ਰੁਕਾਂਗੇ। ਸਮਾਂ ਵੀ ਕਾਫ਼ੀ ਹੋ ਚੁੱਕਾ ਏ। ਹਨੇਰਾ ਹੋਣ ਤੋਂ ਪਹਿਲਾਂ-ਪਹਿਲਾਂ ਚੰਡੀਗੜ੍ਹ ਪਹੁੰਚ ਜਾਈਏ।"

"ਤੁਸੀਂ ਮੈਨੂੰ ਕੱਲ੍ਹ ਨੂੰ ਪਿੰਡ ਵੀ ਛੱਡ ਆਇਓ। ਮੈਂ ਅਜੇ ਮੋਟਰ ਸਾਈਕਲ ਨਹੀਂ ਚਲਾਵਾਂਗਾ। ਤੁਹਾਨੂੰ ਮੈਂ ਵਾਪਿਸ ਬੱਸ ਪਕੜਾ ਦੇਵਾਂਗਾ। ਨਾਲੇ ਇਕ ਹੋਰ ਗੱਲ ਮਜ਼ੇ ਵਾਲੀ।"

"ਉਹ ਕੀ?"

"ਪਿੰਡ ਵਾਲੇ ਦਸਮ ਪਾਤਸ਼ਾਹ ਦੇ ਗੁਰਪੁਰਬ ਮੌਕੇ ਪਿੰਡ ਨਗਰ ਕੀਰਤਨ ਕੱਢ ਰਹੇ ਆ। ਮੇਰਾ ਭਰਾ ਜਿਹੜਾ ਅੰਮ੍ਰਿਤਧਾਰੀ ਏ ਕੈਨੇਡਾ ਤੋਂ ਆਇਆ ਹੋਇਆ ਏ। ਤੁਹਾਨੂੰ ਇਕ ਦਿਨ ਪਿੰਡ ਰੱਖਾਂਗੇ। ਨਗਰ ਕੀਰਤਨ ਵਿਚ ਹਿੱਸਾ ਲਿਓ ਤੇ ਨਾਲੇ ਸਾਰੇ ਪਿੰਡ ਨੂੰ ਮਿਲ ਆਇਓ।"

"ਇਹ ਤੂੰ ਬਹੁਤ ਅੱਛੀ ਖ਼ਬਰ ਦਿੱਤੀ ਏ। ਮੈਂ ਤੈਨੂੰ ਛੱਡ ਵੀ ਆਵਾਂਗਾ ਤੇ ਪਿੰਡ ਦੇ ਪ੍ਰੋਗਰਾਮ ਵਿਚ ਹਿੱਸਾ ਲੈਂਦਾ ਹੋਇਆ ਪਿੰਡ ਦੇ ਦਰਸ਼ਨ ਵੀ ਕਰ ਆਵਾਂਗਾ।"

ਮੋਟਰ ਸਾਈਕਲ ਫਿਰ ਦਬੀੜਾਂ ਪੁੱਟਣ ਲੱਗ ਪਿਆ। ਸਿਆਲ ਦੀ ਰੁੱਤ ਵਿਚ ਬਾਅਦ ਦੁਪਿਹਰ ਠੰਢ ਵੀ ਜਲਦੀ ਹੀ ਵਧਣ ਲੱਗ ਪੈਂਦੀ ਏ। ਜਨਵਰੀ ਮਹੀਨੇ ਵਿਚ ਸ਼ੀਤ ਲਹਿਰ ਅਕਸਰ ਚਲਦੀ ਹੀ ਰਹਿੰਦੀ ਏ। ਇੰਨੀ ਤੇਜ਼ ਸ਼ੀਤ ਲਹਿਰ ਮੋਟਰ ਸਾਈਕਲ ਤੇ ਸਫ਼ਰ ਕਰਨ ਵਾਲਿਆਂ ਦੇ ਤਾਂ ਕੜਾਕੇ ਕੱਢ ਦਿੰਦੀ ਏ। ਸਾਨੂੰ ਤਾਂ ਮਜ਼ਬੂਰੀ ਵਿਚ ਮੋਟਰ ਸਾਈਕਲ ਦਾ ਇਹ ਲੰਬਾ ਸਫ਼ਰ ਕਰਨਾ ਹੀ ਪੈਣਾ ਸੀ। ਅਗਰ ਮੇਰੀ ਸਿਹਤ ਠੀਕ ਹੁੰਦੀ ਤਾਂ ਮੈਂ ਬਾਈ ਜੀ ਨੂੰ ਸਾਹ ਦੁਆਉਂਦਾ ਰਹਿਣਾ ਸੀ। ਬਾਈ ਜੀ ਸੱਠਵਿਆਂ ਦੇ ਨੇੜੇ ਢੁਕ ਕੇ ਵੀ ਵਾਹਣ

ਨੂੰ ਬੜੀ ਸਾਵਧਾਨੀ ਨਾਲ ਚਲਾਉਂਦੇ ਸਨ। ਇਸ ਉਮਰ ਦੇ ਬੰਦੇ ਲਈ ਤਕਰੀਬਨ 300 ਕਿਲੋਮੀਟਰ ਦਾ ਸਫ਼ਰ ਤੈਅ ਕਰਨਾ, ਉਹ ਵੀ ਭਰ ਸਿਆਲ ਵਿਚ, ਬੜਾ ਔਖਾ ਸੀ। ਸੰਤੁਲਨ ਨਾਲ ਇੰਨੀ ਤੇਜ਼ ਰਫ਼ਤਾਰ ਸੜਕ ਤੇ ਵਾਹਣ ਚਲਾਉਂਦੇ ਚਲਾਉਂਦੇ ਉਹ ਮੇਰਾ ਵੀ ਪੂਰਾ ਧਿਆਨ ਰੱਖ ਰਹੇ ਸਨ। ਅੰਬਾਲੇ ਪਹੁੰਚ ਕੇ ਉਨ੍ਹਾਂ ਫਿਰ ਬਰੇਕ ਮਾਰੀ। ਜਦ ਮੈਂ ਦੇਖਿਆ ਤਾਂ ਚਾਹ ਦੁੱਧ ਦੀ ਦੁਕਾਨ ਤੇ ਗੰਨੇ ਦੇ ਜੂਸ ਦੀ ਰੇਹੜੀ ਨੇੜੇ ਤੇੜੇ ਹੀ ਸਨ। ਮੈਨੂੰ ਉਸ ਨੇ ਫਿਰ ਜੂਸ ਪਿਆਇਆ ਤੇ ਆਪ ਚਾਹ ਪੀਤੀ। ਜੂਸ ਦੀ ਇਕ ਬੋਤਲ ਭਰਵਾ ਕੇ ਉਨ੍ਹਾਂ ਨਾਲ ਬੈਗ ਵਿਚ ਵੀ ਪਾ ਲਈ। ਸਫ਼ਰ ਫਿਰ ਸ਼ੁਰੂ ਹੋ ਗਿਆ। ਜਿਉਂ ਹੀ ਅਸੀਂ ਡੇਰਾਬਸੀ ਪਾਸ ਪਹੁੰਚੇ ਤਾਂ ਇਕ ਬੈਰੀਅਰ ਤੇ ਸਾਨੂੰ ਪੁਲਿਸ ਨੇ ਰੋਕ ਲਿਆ। ਸਾਡੇ ਕਾਗਜ਼ ਪੱਤਰ ਚੈੱਕ ਕੀਤੇ ਗਏ। ਉਹ ਸਭ ਠੀਕ ਨਿਕਲੇ। ਉਹ ਫਿਰ ਵੀ ਸਾਥੋਂ ਕੁਝ ਨਾ ਕੁਝ ਆਸ ਰੱਖੀ ਜਾਣ। ਬਾਈ ਜੀ ਨੇ ਜਦ ਐਮ.ਐਸ. ਰੰਧਾਵਾ ਦਾ ਨਾਂ ਲਿਆ ਤੇ ਉਸ ਨਾਲ ਆਪਣੀ ਵਾਕਫ਼ੀਅਤ ਦੱਸੀ ਤਾਂ ਪੁਲਸੀਆਂ ਨੇ ਰਾਹ ਛੱਡ ਦਿੱਤਾ। ਭਾਵੇਂ ਰੰਧਾਵਾ ਤਾਂ ਕਈ ਸਾਲ ਪਹਿਲਾਂ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਹੁੰਦੇ ਸਨ ਪਰ ਉਨ੍ਹਾਂ ਰਾਹੀਂ ਹੋਰ ਕਈ ਮਹਿਕਮਿਆਂ ਵਿਚ ਕੀਰਤੀ ਸਿੰਘ ਹੁਰਾਂ ਦੀ ਜਾਣ ਪਛਾਣ ਬਣਦੀ ਗਈ ਸੀ। ਇਕ-ਦੋ ਪੁਲਿਸ ਦੇ ਅਫ਼ਸਰਾਂ ਦੇ ਕਾਰਡ ਵੀ ਉਨ੍ਹਾਂ ਦੀ ਜੇਬ ਵਿਚ ਹੀ ਹੋਇਆ ਕਰਦੇ ਸਨ।

ਅਸੀਂ ਚੰਡੀਗੜ੍ਹ ਬਾਈ ਜੀ ਦੇ ਕਮਰੇ ਵਿਚ ਪਹੁੰਚ ਗਏ। ਥੱਕ ਕੇ ਚੂਰ ਹੋ ਚੁੱਕੇ ਸਾਂ। ਨਹਾਤੇ ਧੋਤੇ, ਪਰਿਸ ਢਾਬੇ ਤੇ ਜਾ ਕੇ ਖਾਣਾ ਖਾਧਾ ਤੇ ਵਾਪਸ ਕਮਰੇ ਵਿਚ ਆ ਕੇ ਸੌਂ ਗਏ। ਲੇਟਦੇ ਸਾਰ ਹੀ ਸਾਨੂੰ ਨੀਂਦ ਨੇ ਆ ਘੇਰਿਆ। ਸਵੇਰੇ ਅਸਾਂ ਮੋਟਰ ਸਾਈਕਲ ਤੇ ਹੀ ਪਿੰਡ ਜਾਣਾ ਸੀ। ਉਸ ਤੋਂ ਅਗਲੀ ਸਵੇਰ ਨੂੰ ਪਿੰਡ ਵਿਚ ਨਗਰ ਕੀਰਤਨ ਕੱਢਿਆ ਜਾਣਾ ਸੀ।

ਮੋਟਰ ਸਾਈਕਲ ਤੇ ਅਸੀਂ ਪਿੰਡ ਪਹੁੰਚ ਗਏ। ਪਿੰਡ ਕੀਰਤੀ ਬਾਈ ਨੇ ਮੇਰੇ ਘਰ ਹੀ ਠਹਿਰਨਾ ਸੀ। ਖਾਣਾ ਖਾਧਾ ਤੇ ਪਿੰਡ ਬਾਰੇ ਹੋਰ ਵਿਚਾਰ ਵਟਾਂਦਰੇ ਸ਼ੁਰੂ ਹੋ ਗਏ।

"ਅੱਜ ਕੱਲ੍ਹ ਸਰਪੰਚ ਕੌਣ ਏ?"

"ਸਾਡੇ ਪਿੰਡ ਵਿਚ ਇਸ ਵਾਰ ਜੱਟਾਂ ਵਿਚੋਂ ਕੋਈ ਵੀ ਸਰਪੰਚ ਨਹੀਂ ਸੀ ਬਣ ਸਕਦਾ। ਸਰਪੰਚ ਅਨੁਸੂਚਿਤ ਜਾਤੀਆਂ ਦਾ ਬੰਦਾ ਹੋਣਾ ਜ਼ਰੂਰੀ ਸੀ। ਆਦਿਧਰਮੀਆਂ ਵਿਚੋਂ ਛਿੰਦੀ ਦੀ ਤੀਵੀਂ ਪੰਚਣੀ ਬਣੀ ਸੀ। ਉਸਨੂੰ ਸਰਪੰਚ ਚੁਣ ਲਿਆ ਗਿਆ ਸੀ। ਵਿਚਾਰੀ ਪੰਜਾਬੀ 'ਚ ਦਸਤਖ਼ਤ ਕਰਨੇ ਹੀ ਜਾਣਦੀ ਏ। ਅਸਲੀ ਸਰਪੰਚੀ ਤਾਂ ਜੱਟਾਂ ਦਾ ਕੇਵਲ ਸਿੰਘ ਹੀ ਕਰਦਾ ਏ। ਕੇਵਲ ਸਿੰਘ ਦੇ ਛਿੰਦੀ ਨਾਲ ਚੰਗੇ ਸਬੰਧ ਹਨ। ਜਿਵੇਂ ਕੇਵਲ ਸਿੰਘ ਕਹਿੰਦਾ ਏ ਛਿੰਦੀ ਉਵੇਂ ਹੀ ਆਪਣੀ ਘਰ ਵਾਲੀ ਸਿਮਰੋ ਦੇ ਦਸਖ਼ਤ ਕਰਵਾ ਦਿੰਦਾ ਏ। ਸਰਕਾਰ ਵੱਲੋਂ ਮਿਲਣ ਵਾਲੀਆਂ ਗਰਾਂਟਾਂ ਦਾ ਹਿਸਾਬ ਛਿੰਦੀ ਨਾਲੋਂ ਕੇਵਲ ਸਿੰਘ ਜ਼ਿਆਦਾ ਰਖਦਾ ਏ। ਇਸ ਪ੍ਰਕਾਰ ਕੇਵਲ ਸਿਹੁੰ ਦੇ ਮਜ਼ੇ ਚਲਦੇ ਰਹਿੰਦੇ ਹਨ ਤੇ ਛਿੰਦੀ ਦਾ ਤੋਰੀ ਫੁਲਕਾ ਵੀ ਚੰਗਾ ਚੱਲੀ ਜਾਂਦਾ ਏ।"

"ਕੀ ਗਰਾਂਟਾਂ ਨੂੰ ਚੰਗੀ ਤਰ੍ਹਾਂ ਲੋਕ ਭਿਲਾਈ ਦੇ ਕੰਮਾਂ ਵਿਚ ਨਹੀਂ ਲਗਾਇਆ ਜਾਂਦਾ?"

"ਪਿੱਛੇ ਜਿਹੇ ਪਿੰਡ ਦੇ ਛੱਪੜ ਨੂੰ ਮੱਛੀਆਂ ਪਾਲਣ ਵਾਲਾ ਤਲਾਬ ਬਣਾਉਣ ਲਈ

ਇਕ ਗਰਾਂਟ ਆਈ ਸੀ। ਥੋੜ੍ਹਾ ਬਹੁਤਾ ਤਲਾਬ ਨੂੰ ਠੀਕ ਠਾਕ ਕੀਤਾ ਗਿਆ, ਵਿਚ ਕੁਝ ਮੱਛੀਆਂ ਵੀ ਲਿਆ ਕੇ ਛੱਡੀਆਂ। ਬਾਅਦ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਰਕਾਰ ਨੇ ਪੈਸੇ ਬੜੇ ਥੋੜ੍ਹੇ ਭੇਜੇ ਹਨ। ਇੰਨੇ ਘੱਟ ਪੈਸਿਆਂ ਨਾਲ ਛੱਪੜ ਤਲਾਬ ਵਿਚ ਨਹੀਂ ਬਦਲਿਆ ਜਾ ਸਕਦਾ। ਸਰਕਾਰ ਨੂੰ ਹਿਸਾਬ ਕਿਤਾਬ ਬਣਾ ਕੇ ਭੇਜ ਦਿੱਤਾ ਗਿਆ। ਸਾਨੂੰ ਤਾਂ ਛੱਪੜ ਵਿਚ ਕੋਈ ਖਾਸ ਤਬਦੀਲੀ ਕੀਤੀ ਨਜ਼ਰ ਨਹੀਂ ਆਈ। ਸਾਰੀ ਚੌਧਰ ਕੇਵਲ ਸਿਹੁੰ ਹੀ ਕਰ ਰਿਹਾ ਏ। ਵਿਰੋਧੀ ਕੇਵਲ ਸਿਹੁੰ ਤੇ ਛਿੰਦੀ ਨੂੰ ਗਾਲਾਂ ਕੱਢਦੇ ਰਹਿੰਦੇ ਹਨ। ਕੇਵਲ ਸਿੰਘ ਆਪਣੇ ਖੇਤਾਂ ਵਿਚ ਛਿੰਦੀ ਨੂੰ ਖੇਤੀ ਦਾ ਕੰਮ ਵੀ ਸੰਭਾਲ ਛਡਦਾ ਏ। ਪਤਾ ਲੱਗਾ ਸੀ ਕਿ ਪਿੱਛੇ ਜਿਹੇ ਕੇਵਲ ਸਿਹੁੰ ਨੇ ਛਿੰਦੀ ਦੇ ਮੁੰਡੇ ਨੂੰ ਡਬਈ ਭੇਜਣ ਲਈ ਉਸ ਨੂੰ ਇਕ ਏਜੰਟ ਵੀ ਟਕਰਾਇਆ ਸੀ। ਡੁਬਈ ਜਾਂਦੇ ਸਮੇਂ ਵੀ ਕੇਵਲ ਸਿੰਘ ਨੇ ਛਿੰਦੀ ਦੀ ਮਦਦ ਕੀਤੀ ਸੀ। ਇਹ ਸੱਚਮੁੱਚ ਮਦਦ ਸੀ ਜਾਂ ਸਰਕਾਰ ਦਾ ਪੈਸਾ ਇਸ ਵਿਚ ਵਰਤਿਆ, ਇਹ ਪੂਰਾ ਪਤਾ ਨਹੀਂ ਲੱਗ ਸਕਿਆ। ਪਿੰਡ ਵਿਚ ਇਸ ਪ੍ਰਕਾਰ ਦੇ ਘਾਲੇ ਮਾਲੇ ਚਲਦੇ ਹੀ ਰਹਿੰਦੇ ਹਨ। ਅਗਰ ਪਿੰਡ ਵਿਚ ਕੋਈ ਵੱਡੀ ਤਬਦੀਲੀ ਕਰਦੇ ਹਨ ਤਾਂ ਉਹ ਬਾਹਰ ਗਏ ਲੋਕ ਹਨ। ਉਹ ਵੀ ਆਪਣੀ ਸ਼ਰਧਾ ਅਨੁਸਾਰ ਜਾਂ ਆਪਣੀ ਮਰਜ਼ੀ ਮੁਤਾਬਿਕ ਕਈ ਵਾਰ ਪਿੰਡ ਪੈਸਾ ਲਗਾ ਜਾਂਦੇ ਹਨ। ਅਗਰ ਪਿੰਡ ਦੇ ਲੋਕ ਇਕੱਠੇ ਹੋ ਕੇ ਉਨ੍ਹਾਂ ਨੂੰ ਬੇਨਤੀ ਕਰਨ ਤੇ ਨਾਲ ਹੀ ਆਇਆਂ ਦਾ ਸਤਿਕਾਰ ਕਰਨ ਤਾਂ ਉਹ ਜ਼ਿਆਦਾ ਪੈਸਾ ਵੀ ਲਗਾ ਸਕਦੇ ਹਨ। ਬਾਹਰਲਿਆ ਨੂੰ ਇਹ ਵੀ ਮਹਿਸੂਸ ਹੋਣਾ ਚਾਹੀਦਾ ਏ, ਜਿਹੜਾ ਪੈਸਾ ਉਹ ਦਿੰਦੇ ਹਨ ਕੀ ਉਹ ਪਾਈ ਪਾਈ ਪਿੰਡ ਦੀ ਬੇਹਤਰੀ ਤੇ ਖਰਚ ਹੁੰਦਾ ਵੀ ਏ ਕਿ ਨਹੀਂ। ਬਾਈ ਜੀ, ਤੁਹਾਨੂੰ ਪਤਾ ਏ ਕਿ ਹੁਣ ਸਾਰਾ ਪਿੰਡ ਤਾਂ ਬਾਹਰ ਗਿਆ ਹੋਇਆ ਏ। ਅਗਰ ਪਿੰਡ ਵਾਲੇ ਏਕਾ ਅਤੇ ਈਮਾਨਦਾਰੀ ਦਿਖਾਉਣ ਤਾਂ ਬਾਹਰੋਂ ਜਿੰਨਾ ਮਰਜ਼ੀ ਪੈਸਾ ਲੈ ਸਕਦੇ ਹਨ ਤੇ ਪਿੰਡ ਨੂੰ ਨਮੂਨੇ ਦਾ ਪਿੰਡ ਬਣਾ ਸਕਦੇ ਹਨ। ਕਈ ਪਿੰਡਾਂ ਨੇ ਇੰਝ ਕੀਤਾ ਵੀ ਏ। ਸਭ ਤੋਂ ਵੱਡਾ ਮਸਲਾ ਪਿੰਡ ਦੀ ਆਪਸੀ ਫੁੱਟ ਦਾ ਏ। ਇਸ ਫੁੱਟ ਨੂੰ ਦੂਰ ਕਰਨ ਵਿਚ ਅਗਰ ਤੁਸੀਂ ਕੋਈ ਯੋਗਦਾਨ ਪਾ ਸਕਦੇ ਹੋ ਤਾਂ ਪਾ ਸਕਦੇ ਹੋ। ਤੁਹਾਡੇ ਪੁਰਾਣੇ ਕਤਲ ਦਾ ਹੁਣ ਤੁਹਾਡੇ ਤੇ ਕੋਈ ਅਸਰ ਨਹੀਂ। ਲੋਕ ਜਾਣਦੇ ਹਨ ਜਿਹਨਾਂ ਹਾਲਾਤਾਂ ਵਿਚ ਤੁਸੀਂ ਕਤਲ ਕੀਤਾ ਸੀ। ਨਾਲੇ ਹੁਣ ਤਾਂ ਤੁਸੀਂ ਕਾਨੂੰਨ ਦੀ ਨਜ਼ਰ ਵਿਚ ਬਰੀ ਹੋ ਚੁੱਕੇ ਹੋ। ਸਮਾਜ ਵਿਚ ਈਮਾਨਦਾਰ ਲੋਕਾਂ ਦੇ ਪੱਥਰ ਪੈਂਦੇ ਰਹੇ ਹਨ। ਬੇਈਮਾਨ ਤੇ ਠੱਗ ਇੱਥੇ ਚੌਧਰਾਂ ਕਰਦੇ ਰਹੇ ਹਨ।"

ਸਵੇਰੇ ਉੱਠੇ ਤਾਂ ਪਿੰਡ ਵਿਚ ਨਗਰ ਕੀਰਤਨ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਤੇ ਸਨ। ਅਸੀਂ ਵੀ ਹਿਸਾ ਲੈਣ ਲਈ ਅੱਗੇ ਵਧੇ। ਕੀਰਤੀ ਸਿੰਘ ਨੂੰ ਲੋਕਾਂ ਨੇ ਬੜਾ ਸਤਿਕਾਰ ਦਿੱਤਾ। ਕੀਰਤਨ ਵਿਚ ਉਸ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਵਾਰੀ ਦੇ ਨੇੜੇ ਬਿਠਾਇਆ ਗਿਆ। ਮਹਾਂ ਸਿੰਘ, ਗੁਰਦੇਵ ਸਿੰਘ, ਭਾਈਆ ਬੂਝਾ ਸਿੰਘ, ਮਨੀਲੇ ਆਲਿਆਂ ਦਾ ਕਰਤਾਰ ਸਿੰਘ ਜੀਹਨੂੰ ਅਸੀਂ ਤਾਰੀ ਹੀ ਸੱਦਿਆ ਕਰਦੇ ਸਾਂ ਤੇ ਮਹਿਤੋਆਂ ਦਾ ਜਸਵੀਰ ਸਿੰਘ ਪੰਜ ਪਿਆਰੇ ਸਜੇ ਹੋਏ ਸਨ। ਮੇਰਾ ਭਰਾ ਜਿਹੜਾ ਕੈਨੇਡਾ ਤੋਂ ਆਇਆ ਸੀ ਬੀੜ ਤੇ ਚੌਰ ਝੁਲਾ ਰਿਹਾ ਸੀ। ਲਾਗਲੇ ਪਿੰਡ ਦਾ ਇਕ ਕੀਰਤਨੀ ਜਥਾ ਸ਼ਬਦ ਗਾਉਂਦਾ ਜਾ ਰਿਹਾ ਸੀ। ਅਨਾਊਸਮੈਂਟਾਂ ਉਹੀ ਰੇਸ਼ਮ ਸਿਹੁੰ ਕਰ ਰਿਹਾ ਸੀ ਜਿਹੜਾ ਪਿੰਡ ਦੀਆਂ ਖੇਡਾਂ ਸਮੇਂ ਕੁਮੈਂਟਰੀ ਕਰਦਾ ਹੁੰਦਾ ਏ। ਨਗਰ ਕੀਰਤਨ ਆਪਣੀ ਚਾਲ ਚਲਦਾ ਆਖ਼ਿਰ ਪਿੰਡ ਦੇ ਦਰਵਾਜੇ

ਪਹੁੰਚ ਗਿਆ। ਇੱਥੇ ਕੁਝ ਪਤਵੰਤਿਆਂ ਨੇ ਆਪਣੇ ਵਿਚਾਰ ਪੇਸ਼ ਕਰਨੇ ਸਨ। ਜਦੋਂ ਜਮਾਂਦਾਰ ਨਿਰਾਤਾ ਸਿੰਘ ਆਪਣੇ ਵਿਚਾਰ ਪੇਸ਼ ਕਰ ਹਟਿਆ ਤਾਂ ਅਨਾਊਸਮੈਂਟ ਹੋਈ ਕਿ ਹੁਣ ਸ. ਕੀਰਤੀ ਸਿੰਘ ਇਸ ਮੌਕੇ ਤੇ ਆਪਣੇ ਵਿਚਾਰ ਪੇਸ਼ ਕਰੇ। ਅਨਾਊਸਰ ਨੇ ਕੀਰਤੀ ਸਿੰਘ ਦੀ ਮੁਲਾਕਾਤ ਕਰਵਾਉਂਦਿਆਂ ਚੰਗੀ ਭੂਮਿਕਾ ਬੰਨੀ, ਕਿਵੇਂ ਉਹ ਛੋਟੀ ਉਮਰ ਵਿਚ ਪਿੰਡ ਛੱਡ ਗਏ ਸਨ, ਫਿਰ ਸਾਰੀ ਉਮਰ ਲੰਬਾ ਸੰਘਰਸ਼ ਕਰਦੇ ਰਹੇ ਤੇ ਫਿਰ ਹੌਲ਼ੀ ਹੌਲ਼ੀ ਚੰਡੀਗੜ੍ਹ ਸੈਟਲ ਹੋ ਗਏ ਸਨ। ਇਸ ਤੋਂ ਬਾਅਦ ਕੀਰਤੀ ਸਿੰਘ ਨੇ ਬੋਲਣਾ ਸ਼ੁਰੂ ਕੀਤਾ:-

ਨਗਰ ਨਿਵਾਸੀ ਬਜ਼ੁਰਗੋ, ਭੈਣੋਂ ਤੇ ਭਰਾਵੋ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਅੱਜ ਦੇ ਇਸ ਨਗਰ ਕੀਰਤਨ ਵਿਚ ਸ਼ਾਮਿਲ ਹੋ ਕੇ ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰ ਰਿਹਾ ਹਾਂ। ਨਗਰ ਕੀਰਤਨ, ਉਹ ਵੀ ਆਪਣੇ ਜੱਦੀ ਪਿੰਡ ਵਿਚ। ਹਰ ਵਿਅਕਤੀ ਨੂੰ ਆਪਣੀ ਜੰਮਣ ਭੋਂ ਨਾਲ ਪਿਆਰ ਹੁੰਦਾ ਏ। ਅੱਜ ਇੱਥੇ ਆ ਕੇ ਮੈਨੂੰ ਆਪਣਾ ਬਚਪਨ ਤੇ ਜਵਾਨੀ ਯਾਦ ਆ ਗਈ। ਉਸ ਸਮੇਂ ਦੇ ਹਾਲਾਤਾਂ ਨੇ ਮੈਨੂੰ ਪਿੰਡ ਨੂੰ ਅਲਵਿਦਾ ਕਹਿਣ ਲਈ ਮਜ਼ਬੂਰ ਕਰ ਦਿੱਤਾ ਸੀ। ਮੈਨੂੰ ਇਸ ਦਾ ਪਛਤਾਵਾ ਨਹੀਂ। ਮੈਂ ਜ਼ਿੰਦਗੀ 'ਚ ਜੋ ਕੁਝ ਵੀ ਕੀਤਾ ਅਸੂਲਾਂ ਨੂੰ ਮੱਦੇਨਜ਼ਰ ਰੱਖ ਕੇ ਹੀ ਕੀਤਾ ਸੀ। ਜਦ ਅਸੂਲ ਅਤੇ ਮਰਿਆਦਾ ਛਲ ਅਤੇ ਕਪਟ ਨਾਲ ਟਕਰਾਉਂਦੇ ਹਨ ਤਾਂ ਮਨੁੱਖ ਨੂੰ ਕੋਈ ਨਵਾਂ ਰਾਹ ਲੱਭਣਾ ਹੀ ਪੈਂਦਾ ਏ। ਇਸ ਨਵੇਂ ਰਸਤੇ ਤੇ ਤੁਰ ਕੇ ਮਨੁੱਖ ਮਾਰਿਆ ਵੀ ਜਾ ਸਕਦਾ, ਉਸਦਾ ਪੁਨਰ ਜਨਮ ਵੀ ਹੋ ਸਕਦਾ ਏ ਤੇ ਉਹ ਅੱਧ ਵਿਚਕਾਰੇ ਰੁਲਦਾ ਖੁਲਦਾ ਵੀ ਰਹਿ ਸਕਦਾ ਏ। ਜੀਵਨ ਦੇ ਅਨੇਕਾਂ ਤਲਖ ਤਜ਼ਰਬਿਆਂ ਅਤੇ ਔਖੀਆਂ ਰਾਹਾਂ 'ਚੋਂ ਗੁਜਰ ਕੇ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਸੱਚਾਈ ਅਤੇ ਦ੍ਰਿੜ ਇਰਾਦੇ ਦੀ ਆਖ਼ਰ ਜਿੱਤ ਹੁੰਦੀ ਹੀ ਏ।

ਅੱਜ ਦਸ਼ਮ ਪਾਤਸ਼ਾਹ ਦੇ ਪੁਰਬ ਤੇ ਆਪਣੇ ਨਗਰ ਤੇ ਹੋਰ ਨਗਰਾਂ ਵਿਚ ਨਗਰ ਕੀਰਤਨ ਅਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਨਗਰ ਕੀਰਤਨਾਂ ਦਾ ਤਾਂ ਹੀ ਕੋਈ ਸਾਰਥਕ ਅਤੇ ਠੋਸ ਮੰਤਵ ਸਿਰੇ ਚੜ੍ਹ ਸਕਦਾ ਹੈ ਜੇਕਰ ਅਸੀਂ ਇਨ੍ਹਾਂ ਦੇ ਮਨੋਰਥਾਂ ਨੂੰ ਚੰਗੀ ਤਰ੍ਹਾਂ ਸਮਝੀਏ ਤੇ ਉਨ੍ਹਾਂ ਤੇ ਅਮਲ ਕਰੀਏ। ਮਿਹਨਤ, ਮਰਿਆਦਾ ਤੇ ਮਿਲਵਰਤੋਂ ਹਰ ਵਾਦ, ਵਿਦਵਤਾ ਤੇ ਵਿਚਾਰਧਾਰਾ ਦਾ ਆਧਾਰ ਹਨ। ਕਿਸੇ ਮਿੱਟੀ ਵਿਚ ਪੈਦਾ ਹੋਇਆ ਧਰਮ ਤੇ ਵਾਦ ਉਸ ਮਿੱਟੀ ਤੇ ਵੱਧ ਸਾਰਥਕ ਹੁੰਦਾ ਏ। ਉਸ ਮਿੱਟੀ ਤੇ ਬਾਹਰੋਂ ਲਿਆ-ਲਿਆ ਕੇ ਹੋਰ ਵਾਦ ਠੋਸਣੇ ਕਦੀ ਉੱਥੇ ਸਾਰਥਿਕ ਸਿੱਧ ਨਹੀਂ ਹੋਏ। ਹਾਂ, ਮਿੱਟੀ ਵਿਚੋਂ ਪੈਦਾ ਹੋਏ ਵਾਦ ਵਿਚ ਕੁਝ ਨੁਕਸ ਮਹਿਸੂਸ ਹੋਣ ਲੱਗ ਪੈਣ ਤਾਂ ਉਸੇ ਮਿੱਟੀ ਵਿਚੋਂ ਉਥੇ ਨਵਾਂ ਵਾਦ ਪੈਦਾ ਹੋ ਸਕਦਾ ਏ ਤੇ ਹੁੰਦਾ ਵੀ ਰਿਹਾ ਏ। ਹਿੰਦੂ ਮੱਤ ਸਦੀਆਂ ਪਹਿਲਾਂ ਭਾਰਤ ਦੀ ਇਸ ਮਿੱਟੀ ਵਿਚ ਹੀ ਪੈਦਾ ਹੋਇਆ ਸੀ। ਜਦ ਉਸ ਵਿਚ ਕੁਝ ਊਣਤਾਈਆਂ ਆ ਗਈਆਂ ਤਾਂ ਉਨ੍ਹਾਂ ਦੇ ਸੁਧਾਰ ਲਈ ਬਾਬੇ ਨਾਨਕ ਨੇ ਇਕ ਨਵੇਂ ਮੱਤ ਦੀ ਨੀਂਹ ਰੱਖ ਦਿੱਤੀ। ਜਦ ਬਾਬੇ ਨਾਨਕ ਦੇ ਚਲਾਏ ਅਤੇ ਉਨ੍ਹਾਂ ਤੋਂ ਬਾਅਦ ਨੌਂ ਗੁਰੂਆਂ ਦੁਆਰਾ ਕਾਇਮ ਰੱਖੇ ਧਰਮ ਵਿਚ ਵੀ ਕੁਝ ਕਮੀਆਂ ਆਈਆਂ ਤਾਂ ਉਹਨਾਂ ਦੇ ਸੁਧਾਰ ਲਈ ਇੱਥੇ ਕਈ ਲਹਿਰਾਂ ਚਲਦੀਆਂ ਰਹੀਆਂ। ਤੁਸੀਂ ਜਾਣਦੇ ਹੀ ਹੋ ਕਿ ਜਿਵੇਂ ਗੁਰਦੁਆਰਿਆਂ ਨੂੰ ਮਹੰਤਾਂ ਦੀ ਮਨਮਾਨੀ ਤੋਂ ਆਜ਼ਾਦ ਕਰਵਾਇਆ ਗਿਆ ਸੀ। ਜਿਹੜੇ ਨਵੇਂ ਮੱਤਾਂ ਨੇ ਸਿੱਖ ਧਰਮ ਦੀ ਨਕਲ ਕਰ ਕੇ

ਆਪਣੇ ਆਪ ਨੂੰ ਇੱਕ ਨਵੇਂ ਮੱਤ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ ਕੀਤੀ ਇੱਥੇ ਨਾ ਸਾਰਥਕ ਸਿੱਧ ਹੋਏ ਤਾਂ ਨਾ ਹੀ ਉਹ ਲੰਬਾ ਸਮਾਂ ਟਿਕ ਸਕੇ। ਸਭ ਤੋਂ ਵੱਡੀ ਗੱਲ ਏ ਕਿ ਕਿਸੇ ਵੀ ਮੱਤ ਵਿਚ ਠੋਸ ਜਾਨ, ਮੌਲਿਕਤਾ ਤੇ ਸਾਰਥਕਤਾ ਹੋਣੀ ਜ਼ਰੂਰੀ ਏ।

ਮੇਰੇ ਵਿਚਾਰ ਅਨੁਸਾਰ ਇਹਨਾਂ ਨਗਰ ਕੀਰਤਨਾਂ ਦੇ ਦੋ ਮੰਤਵ ਹਨ। ਪਹਿਲਾ ਮੰਤਵ ਇਹ ਹੈ ਕਿ ਲੋਕਾਂ ਨੂੰ ਧਰਮ ਬਾਰੇ ਸਹੀ ਜਾਣਕਾਰੀ ਦੇਣੀ ਤੇ ਆਪਣੇ ਵਿਰਸੇ ਨਾਲ ਲੋਕਾਂ ਨੂੰ ਜੋੜੀ ਰੱਖਣਾ। ਪੜ੍ਹੇ ਲਿਖੇ ਲੋਕ ਤਾਂ ਇਹ ਜਾਣਕਾਰੀ ਕਿਤਾਬਾਂ ਜਾਂ ਅਖ਼ਬਾਰਾਂ ਰਾਹੀਂ ਹਾਸਲ ਕਰਦੇ ਹੀ ਰਹਿੰਦੇ ਹਨ। ਪਿੰਡਾਂ ਵਿਚ ਬਹੁਤ ਸਾਰੇ ਲੋਕ ਐਸੇ ਵੀ ਹਨ ਜਿਨ੍ਹਾਂ ਨੂੰ ਪੜ੍ਹਨ ਦਾ ਮੌਕਾ ਪ੍ਰਾਪਤ ਹੀ ਨਹੀਂ ਹੋ ਸਕਿਆ। ਉਹਨਾਂ ਲੋਕਾਂ ਨੂੰ ਇਹ ਜਾਣਕਾਰੀ ਦੇਣ ਵਿਚ ਧਰਮ ਨਿਗਰ ਭੂਮਿਕਾ ਨਿਭਾਉਂਦਾ ਏ। ਮੈਨੂੰ ਖ਼ੁਸ਼ੀ ਹੈ ਕਿ ਸਾਡੇ ਨਗਰ ਦੀ ਸਰਪੰਚਣੀ ਇਕ ਹਰੀਜਨ ਔਰਤ ਏ। ਸਾਡੇ ਵਿਚ ਹੀ ਬਹੁਤ ਸਾਰੇ ਸਿੱਖ ਐਸੇ ਹਨ ਜੋ ਹਰੀਜਨਾਂ ਨੂੰ ਦਰਕਾਰਦੇ ਰਹੇ ਹਨ। ਜਦ ਭਗਤ 'ਰਵੀਦਾਸ ਜੀ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਏ ਤਾਂ ਜ਼ਾਹਿਰ ਏ ਕਿ ਗੁਰੂਆਂ ਨੇ ਹਰੀਜਨਾਂ ਨੂੰ ਸਿੱਖਾਂ ਦਾ ਅਨਿੱਖੜਵਾਂ ਅੰਗ ਮੰਨਿਆ ਏ। ਮੈਨੂੰ ਯਾਦ ਏ ਜਦ ਅਸੀਂ ਬਚਪਨ ਵਿਚ ਇਸ ਪਿੰਡ ਵਿਚ ਹੋਇਆ ਕਰਦੇ ਸਾਂ ਤਾਂ ਸਾਡੇ ਹੀ ਕਈ ਸਿੱਖ ਮੁਹਤਵਾਰ ਹਰੀਜਨਾਂ ਨੂੰ ਗੁਰਦੁਆਰੇ ਤੋਂ ਬਾਹਰ ਬਿਠਾਇਆ ਕਰਦੇ ਸਨ। ਅਗਰ ਅਸੀਂ ਹਰੀਜਨ ਜਾਂ ਕਿਸੇ ਹੋਰ ਫ਼ਿਰਕੇ ਨਾਲ ਇਸ ਪ੍ਰਕਾਰ ਦਾ ਵਿਵਹਾਰ ਕਰਾਂਗੇ ਤਾਂ ਉਹ ਫ਼ਿਰਕਾ ਆਪਣਾ ਅਲੱਗ ਗੁਰਦੁਆਰਾ ਜਾਂ ਮੰਦਰ ਬਣਾਉਣ ਲਈ ਮਜ਼ਬੂਰ ਹੋਵੇਗਾ ਹੀ। ਸਿਰਫ਼ ਇਹ ਕਹੀ ਜਾਣਾ ਕਿ ਪਿੰਡ ਵਿਚ ਇਕ ਹੀ ਗੁਰਦੁਆਰਾ ਹੋਣਾ ਚਾਹੀਦਾ ਏ ਕਾਫ਼ੀ ਨਹੀਂ। ਗੱਲ ਵਿਵਹਾਰ ਦੀ ਏ, ਮਿਲਵਰਤੋਂ ਦੀ ਏ। ਕਈ ਵਿਅਕਤੀ ਕਹੀ ਜਾਣਗੇ ਕਿ ਹਰੀਜਨਾਂ ਵਿਚ ਤੰਬਾਕੂ ਪੀਣ ਦੀ ਆਦਤ ਆਮ ਪਾਈ ਜਾਂਦੀ ਰਹੀ ਏ। ਇਸ ਲਈ ਉਨ੍ਹਾਂ ਨੂੰ ਗੁਰਦੁਆਰੇ ਦੇ ਅੰਦਰ ਜਾਣ ਤੋਂ ਰੋਕਿਆ ਜਾਂਦਾ ਸੀ। ਇਹ ਧਾਰਨਾ ਵੀ ਗ਼ਲਤ ਏ। ਬਥੇਰੇ ਹਰੀਜਨ ਐਸੇ ਵੀ ਹਨ ਜੋ ਤੰਬਾਕੂ ਪੀਂਦੇ ਹੀ ਨਹੀਂ। ਬਥੇਰੇ ਜੱਟ ਜਿਮੀਂਦਾਰ ਵੀ ਐਸੇ ਹਨ ਜੋ ਸਿੱਖ ਹੋ ਕੇ ਵੀ ਤੰਬਾਕੂ ਪੀਂਦੇ ਹਨ। ਪੰਜਾਬ ਵਿਚ ਅੰਤਾਂ ਦੇ ਪਿੰਡ ਹੁੱਕਾ ਪੀਂਦੇ ਹਨ। ਸਾਡੇ ਕਾਰਾਂ ਵਿਹਾਰਾ ਤੇ ਅੰਤਾਂ ਦੇ ਹਿੰਦੂ ਸ਼ਿਰਕਤ ਕਰਦੇ ਹਨ। ਉਨ੍ਹਾਂ ਵਿਚੋਂ ਬਥੇਰੇ ਤੰਬਾਕੂ ਪੀਂਦੇ ਹਨ। ਕੀ ਅਸੀਂ ਉਨ੍ਹਾਂ ਨੂੰ ਆਪਣੇ ਦਿਨ ਸੁਦਾਂ ਤੇ ਨਹੀਂ ਸੱਦਦੇ? ਕੀ ਉਹ ਸਾਡੇ ਇਸਟ ਅੱਗੇ ਮੱਥਾ ਨਹੀਂ ਟੇਕਦੇ? ਇਸ ਸਾਰੇ ਕੁਝ ਤੋਂ ਇਹ ਲਗਦਾ ਏ ਕਿ ਸਾਡੀ ਨੀਤ ਹੀ ਸਾਫ਼ ਨਹੀਂ। ਅਸੀਂ ਛਲ ਕਪਟ ਨਾਲ ਭਰੇ ਪਏ ਹਾਂ। ਅਸੀਂ ਆਪਣਾ ਰੋਅਬ ਤੇ ਦਬਦਬਾ ਵੱਧ ਰੱਖਣਾ ਚਾਹੁੰਦੇ ਹਾਂ। ਮੁਸਲਮਾਨ ਸਿੱਖਾਂ ਨੂੰ ਮਾੜਾ ਕਹੀ ਜਾਣਗੇ ਤੇ ਕਈ ਸਿੱਖ ਵੀ ਮੁਸਲਮਾਨਾਂ ਨੂੰ ਮਾੜਾ ਕਹੀ ਜਾਣਗੇ। ਗੁਰੂਆਂ ਨੇ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਮੀਆ ਮੀਰ ਤੋਂ ਰਖਵਾ ਕੇ ਧੁਰ ਅੰਦਰੋਂ ਸਿੱਧ ਕਰ ਦਿੱਤਾ ਕਿ ਕੋਈ ਵੀ ਸਿੱਖ ਕਿਸੇ ਨਾਲ ਨਿਰਾਧਾਰ ਵੈਰ ਵਿਰੋਧ ਨਹੀਂ ਕਰੇਗਾ। ਗੁਰੂਆਂ ਨੇ ਮੁਸਲਮਾਨ ਫਕੀਰਾਂ ਦੀ ਬਾਣੀ ਗੁਰੂ ਗ੍ਰੰਥ ਵਿਚ ਦਰਜ ਕਰਕੇ ਪੱਥਰ ਤੇ ਲਕੀਰ ਵਾਂਗ ਪੱਕਾ ਕਰ ਦਿੱਤਾ ਕਿ ਸਿੱਖਾਂ ਦਾ ਵੈਰ ਵਿਰੋਧ ਕਿਸੇ ਵੀ ਫਿਰਕੇ ਜਾਂ ਧਰਮ ਨਾਲ ਨਹੀਂ। ਗੁਰੂਆਂ ਨੇ ਹਿੰਦੂ ਧਰਮ ਗਰੰਥਾਂ ਦੀ ਕਿਧਰੇ ਵੀ ਨਕਲ ਨਹੀਂ ਕੀਤੀ। ਗੁਰਬਾਣੀ ਨਿਰੋਲ ਮੌਲਿਕਤਾ ਤੇ ਅਧਾਰਤ ਏ। ਇਸ ਦੀ ਇਕੱਲੀ ਲਿੱਪੀ ਹੀ ਮੌਲਿਕ ਨਹੀਂ, ਭਾਸ਼ਾ ਦੀ ਬਣਤਰ ਤੇ ਬੁਣਤਰ ਵੀ ਹਿੰਦੂ ਗਰੰਥਾਂ ਨਾਲੋਂ ਅਲੱਗ ਏ। ਸਿੱਖਾਂ ਦੀ ਪੋਸ਼ਾਕ ਵੀ ਹਿੰਦੂ ਪੋਸ਼ਾਕ ਤੋਂ ਨਿਰੋਲ ਅਲੱਗ ਏ। ਦੁੱਖ

ਇਹ ਹੈ ਕਿ ਸਾਡੇ ਬੰਦੇ ਕਈ ਵਾਰ ਆਪ ਹੀ ਸਾਡੀ ਪੋਸ਼ਾਕ ਦਾ ਮਜ਼ਾਕ ਉਡਾਉਂਦੇ ਰਹਿੰਦੇ ਹਨ। ਉਹ ਗਾਂਧੀ ਦੀ ਲੰਗੋਟੀ ਦਾ ਮਜ਼ਾਕ ਨਹੀਂ ਉਡਾਉਣਗੇ, ਸਿੱਖਾਂ ਦੇ ਅੰਮ੍ਰਿਤਧਾਰੀ ਕਛਹਿਰੇ ਦਾ ਮਜ਼ਾਕ ਉਡਾਈ ਜਾਣਗੇ। ਅਗਰ ਗਾਂਧੀ ਕਿਧਰੇ ਲੰਗੋਟੀ ਪਹਿਨ ਕੇ ਭਾਸ਼ਣ ਦੇਵੇ ਤਾਂ ਕਹੀ ਜਾਣਗੇ ਕਿ ਇਕ ਧਰਮਾਤਮਾ ਭਾਸ਼ਨ ਦੇ ਰਿਹਾ ਏ। ਅਗਰ ਗਿਆਨੀ ਕਰਤਾਰ ਸਿੰਘ ਕਛਹਿਰਾ ਪਹਿਨ ਕੇ ਸਟੇਜ ਤੇ ਭਾਸ਼ਨ ਕਰਨ ਚਲਾ ਜਾਵੇ ਤਾਂ ਮਸ਼ਕਰੀਆਂ ਕਰੀ ਜਾਣਗੇ। ਅਗਰ ਮੁੰਡੇ ਤੰਬੇ ਲਾ ਕੇ ਸਟੇਜ ਤੇ ਭੰਗੜਾ ਪਾਉਣ ਤਾਂ ਵਾਹ ਵਾਹ ਕਰਨਗੇ। ਅਗਰ ਇਕ ਪੇਂਡੂ ਜੱਟ ਤੰਬਾ ਜਾ ਤਹਿਮਤ ਲਾ ਕੇ ਆਪਣੇ ਬੱਚੇ ਨੂੰ ਕਾਲਜ ਵਿਚ ਦਾਖ਼ਲ ਕਰਵਾਉਣ ਚਲਾ ਜਾਵੇ ਤਾਂ ਉਹ ਬੱਚਾ ਵੀ ਬੇਇਜ਼ਤੀ ਮਹਿਸੂਸ ਕਰੇਗਾ ਤੇ ਬਾਕੀ ਵੀ ਦੇਖ ਦੇਖ ਕੇ ਕੰਨ ਚੁੱਕੀ ਜਾਣਗੇ। ਕਿੰਨੀ ਦੁੱਖ ਦੀ ਗੱਲ ਏ ਕਿ ਅਸੀਂ ਆਪਣੇ ਸਦੀਆਂ ਤੋਂ ਚਲੇ ਆ ਰਹੇ ਮੌਲਿਕ ਪਹਿਰਾਵੇ ਤੇ ਆਪ ਹੀ ਹੱਸਦੇ ਰਹਿੰਦੇ ਹਾਂ ਤੇ ਇਸ ਨੂੰ ਪਛੜੇਪਣ ਦੀ ਨਿਸ਼ਾਨੀ ਗਰਦਾਨਦੇ ਰਹਿੰਦੇ ਹਾਂ। ਅਗਰ ਅਕਬਰ ਜਾਂ ਕੋਈ ਹੋਰ ਰਾਜਾ ਜਾਂ ਜਗੀਰਦਾਰ ਹੁੱਕਾ ਪੀਂਦਾ ਹੋਵੇ ਤਾਂ ਅਸੀਂ ਇਸ ਨੂੰ ਰੁਤਬੇ ਦਾ ਪ੍ਰਤੀਕ ਸਮਝਦੇ ਰਹਿੰਦੇ ਹਾਂ। ਅਗਰ ਸਾਡੇ ਪਿੰਡ ਦਾ ਸੋਹਣੂ ਹਰੀਜਨ ਇਹੀ ਹੁੱਕਾ ਪੀਵੇ ਤਾਂ ਅਸੀਂ ਉਸ ਨੂੰ ਨੀਵਾਂ ਸਮਝਦੇ ਰਹਿੰਦੇ ਹਾਂ। ਅਮੀਰੀ ਅਤੇ ਰੁਤਬਾ ਸਾਡੇ ਜ਼ਿਹਨ ਤੇ ਹਮੇਸ਼ਾ ਭਾਰੂ ਏ। ਦੂਜੇ ਵਿਰਸੇ ਤੋਂ ਚੁਰਾ ਕੇ ਪਾਏ ਕੱਪੜੇ ਸਾਡੇ ਲਈ ਰੁਤਬੇ ਦਾ ਪ੍ਰਤੀਕ ਹਨ। ਗੋਰਿਆਂ ਦੁਆਰਾ ਦਿੱਤੀ ਗਈ ਪੈਂਟ ਸਾਡੇ ਲਈ ਆਪਣੇ ਕੁੜਤੇ ਪਜਾਮੇ ਜਾਂ ਤੰਬੇ ਨਾਲੋਂ ਹਮੇਸ਼ਾ ਉੱਚੀ ਲਗਦੀ ਰਹਿੰਦੀ ਏ। ਸਾਨੂੰ ਆਪਣੇ ਵਿਰਸੇ ਦੀ ਮੌਲਿਕਤਾ ਨੂੰ ਪਛਾਨਣਾ ਹੋਵੇਗਾ। ਗੁਰਬਾਣੀ ਵਿਚ ਲਿਖਿਆ ਏ- ਦਿਲਹੁ ਮਹੱਬਤਿ ਜਿਨ੍ਹ ਸੇਈ ਸਚਿਆ। ਆਪਣੇ ਧਰਮ ਅਤੇ ਵਿਰਸੇ ਨੂੰ ਪਛਾਣੋ। ਇਸ ਵਿਚ ਹੀ ਉਹ ਸਭ ਕੁੱਝ ਏ ਜਿਸਦੀ ਸਾਨੂੰ ਜ਼ਰੂਰਤ ਏ। ਇਸ ਵਿਚ ਹੀ ਉਹ ਸਭ ਕੁਝ ਏ ਜਿਸ ਨਾਲ ਸਾਡਾ ਸੁਧਾਰ ਹੋਣਾ ਏ। ਇਸ ਵਿਚ ਹੀ ਉਹ ਸਭ ਕੁਝ ਏ ਜਿਸ ਨਾਲ ਇਕ ਖ਼ੂਬਸੂਰਤ ਸਮਾਜ ਦੀ ਸਿਰਜਨਾ ਹੋਣੀ ਏ। ਇਸ ਵਿਚ ਬੇਗਮਪੁਰੇ ਦਾ ਕੰਸੈਪਟ ਏ। ਇਸ ਵਿਚ ਮੀਰੀ ਤੇ ਪੀਰੀ ਦੇ ਸਹੀ ਸੰਤੁਲਨ ਦਾ ਕੰਸੈਪਟ ਏ। ਇਸ ਵਿਚ ਭਗਤੀ ਤੇ ਸ਼ਕਤੀ ਦੀ ਦਾਤ ਏ। ਇਸ ਵਿਚ ਬਲੀਦਾਨ ਦੀ ਵਿਲੱਖਣ ਗੁੜ੍ਹਤੀ ਏ। ਇਸ ਧਰਤੀ ਤੇ ਬਾਹਰੋਂ ਲਿਆ ਲਿਆ ਕੇ ਵਾਦ ਠੋਸਣੇ ਸਿਆਣਪ ਨਹੀਂ। ਜਿਸ ਜ਼ਮੀਨ ਵਿਚ ਜੋ ਬੂਟਾ ਮਾਫ਼ਕ ਬੈਠਦਾ ਹੋਵੇ ਉਸ ਨੂੰ ਹੀ ਸਿੰਝਣਾ ਚਾਹੀਦਾ ਏ। ਅਗਰ ਇੱਥੇ ਕਿਸੇ ਫਲਸਫ਼ੇ ਦੀ ਘਾਟ ਹੋਵੇ ਤਾਂ ਬਾਹਰੋਂ ਫਲਸਫ਼ੇ ਲਿਆ ਲਿਆ ਕੇ ਭਾਵੇਂ ਜਿੰਨੇ ਮਰਜ਼ੀ ਤਜਰਬੇ ਕਰੀ ਜਾਵੋ। ਗੱਲ ਅਮਲ ਦੀ ਏ, ਹਨੇਰੇ 'ਚ ਲਾਠੀਆਂ ਮਾਰਨ ਨਾਲ ਕੁਝ ਵੀ ਨਹੀਂ ਸੰਵਰਨਾ। ਦੂਜੀ ਗੱਲ ਇਹ ਹੈ ਕਿ ਸਿੱਖਾਂ ਨੂੰ ਤੰਗ ਦਿਲ ਵੀ ਨਹੀਂ ਹੋਣਾ ਚਾਹੀਦਾ। ਸਿੱਖ ਨੂੰ ਦਰਿਆ ਦਿਲ ਹੋਣਾ ਚਾਹੀਦਾ ਏ। ਸਾਰਿਆਂ ਨੂੰ ਨਾਲ ਲੈ ਕੇ ਤੁਰਨਾ ਹੀ ਧਰਮ ਦਾ ਅਸਲੀ ਅਮਲ ਏ।

ਇਨ੍ਹਾਂ ਨਗਰ ਕੀਰਤਨ ਦਾ ਦੂਜਾ ਮੰਤਵ ਹੈ ਲੋਕਾਂ ਨੂੰ ਪਿੰਡ ਦੇ ਸੁਧਾਰ ਲਈ ਲਾਮਬੰਦ ਕਰਨਾ। ਸਾਡੇ ਪਿੰਡ ਦੇ ਤਿੰਨ ਟੱਬਰ ਹਨ। ਅਸੀਂ ਤਿੰਨ ਬਜ਼ੁਰਗਾਂ ਦੀ ਔਲਾਦ ਹਾਂ। ਇਨ੍ਹਾਂ ਤਿੰਨਾਂ ਬਜ਼ੁਰਗਾਂ ਨੇ ਇਹ ਪਿੰਡ ਵਸਾਇਆ ਸੀ। ਦੇਖਣ ਵਿਚ ਆਉਂਦਾ ਏ ਕਿ ਜਦ ਇਕ ਟੱਬਰ ਦਾ ਵਿਅਕਤੀ ਸਰਪੰਚ ਬਣਦਾ ਏ ਤਾਂ ਦੂਜੇ ਟੱਬਰ ਵਾਲੇ ਉਸ ਨੂੰ ਸਹਿਯੋਗ ਦੇਣਾ ਬੰਦ ਕਰ ਦਿੰਦੇ ਹਨ। ਸਹਿਯੋਗ ਦੇਣਾ ਹੀ ਬੰਦ ਨਹੀਂ ਕਰਦੇ ਬਲਕਿ ਉਸ ਦੀ ਨੁਕਤਾਚੀਨੀ ਵੀ ਕਰਦੇ ਰਹਿੰਦੇ ਹਾਂ। ਜਦ ਵੋਟਾਂ ਪੈ ਕੇ ਕੋਈ ਵਿਅਕਤੀ ਅੱਗੇ ਆ ਗਿਆ ਤਾਂ ਕਿਸੇ ਨੂੰ

ਵੀ ਉਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਵੋਟਾਂ ਤੋਂ ਬਾਅਦ ਸਾਰਿਆਂ ਨੂੰ ਪਿੰਡ ਦੀ ਤਰੱਕੀ ਵਾਸਤੇ ਇਕਜੁੱਟ ਹੋ ਜਾਣਾ ਚਾਹੀਦਾ ਏ। ਸਰਪੰਚ ਨੂੰ ਚਾਹੀਦਾ ਏ ਕਿ ਆਪਣੇ ਇਕੱਲੇ ਦੇ ਹੱਥ ਨਾਲ ਇੱਕ ਵੀ ਪੈਸਾ ਖਰਚ ਨਾ ਕਰੇ। ਧੇਲਾ-ਧੇਲਾ ਖਰਚਣ ਲਈ ਬਾਕੀਆਂ ਨੂੰ ਨਾਲ ਲਿਆ ਜਾਵੇ। ਜਦ ਕੋਈ ਛੁਪ ਕੇ ਖਰਚਾ ਕਰਦਾ ਏ ਤਾਂ ਸਮਝੋ ਉਸ ਦੀ ਨੀਤ ਸਾਫ਼ ਨਹੀਂ। ਆਹ ਤੁਹਾਡੇ ਪਿੰਡ ਦੇ ਨੇੜੇ ਦੇ ਕਾਲਜ ਦੀ ਮਿਸਾਲ ਹੀ ਲੈ ਲਵੋ। ਇਹ ਕਾਲਜ 1969 ਵਿਚ ਇਲਾਕੇ ਦੇ ਪਤਵੰਤਿਆਂ ਨੇ ਜ਼ਮੀਨਾਂ ਦੇ ਕੇ ਖੋਲ੍ਹਿਆ ਸੀ। ਕਾਲਜ ਖੁੱਲ੍ਹਦੇ ਸਾਰ ਹੀ ਇਸਦੀ ਕਮੇਟੀ ਵਿਚ ਪਾਰਟੀਬਾਜ਼ੀ ਸ਼ੁਰੂ ਹੋ ਗਈ। ਇਮਾਰਤ ਜਿੰਨੀ ਕੁ ਸ਼ੁਰੂ-ਸ਼ੁਰੂ ਵਿਚ ਬਣੀ ਸੀ ਕਈ ਸਾਲ ਓਨੀ ਹੀ ਰਹੀ। ਇਹ ਇਮਾਰਤ ਮੁਰਗ਼ੀਖਾਨਾ ਵੱਧ ਲਗਦੀ ਸੀ ਤੇ ਕਾਲਜ ਘੱਟ। ਪਾਰਟੀਬਾਜ਼ੀ ਕਰਕੇ ਇਕ ਦੋ ਪ੍ਰਿੰਸੀਪਲ ਵੀ ਮਾੜੇ ਰੱਖੇ ਗਏ। ਉਨ੍ਹਾਂ ਨੇ ਵੀ ਇਸ ਦੇ ਸੁਧਾਰ ਲਈ ਕੁੱਝ ਨਹੀਂ ਕੀਤਾ। ਅਧਿਆਪਕਾਂ ਤੇ ਵਿਦਿਆਰਥੀਆਂ ਦੇ ਵੀ ਆਏ ਦਿਨ ਝਗੜੇ ਹੁੰਦੇ ਰਹੇ। ਆਖ਼ਿਰਕਾਰ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਚਲਾ ਗਿਆ। ਕਮੇਟੀ ਦਾ ਸੈਕਟਰੀ ਸ਼੍ਰੋਮਣੀ ਕਮੇਟੀ ਦਾ ਐਸਾ ਈਮਾਨਦਾਰ ਮੈਂਬਰ ਬਣਿਆ ਕਿ ਉਸ ਨੇ ਚੰਦ ਸਾਲਾਂ ਵਿਚ ਸਾਰਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਉਸੇ ਸਮੇਂ ਪ੍ਰਿੰਸੀਪਲ ਵੀ ਇਕ ਨਿਹਾਇਤ ਈਮਾਨਦਾਰ ਵਿਅਕਤੀ ਆ ਗਿਆ। ਸੈਕਟਰੀ ਅਤੇ ਪ੍ਰਿੰਸੀਪਲ ਵਿਚ ਐਸਾ ਤਾਲਮੇਲ ਬਣਿਆ ਕਿ ਸੱਤ-ਅੱਠ ਸਾਲ ਵਿਚ ਹੀ ਕਾਲਜ ਦੀ ਅੰਤਾਂ ਦੀ ਇਮਾਰਤ ਬਣ ਗਈ, ਕਿੰਨੇ ਸਾਰੇ ਹੋਰ ਵਿਸ਼ੇ ਆ ਗਏ ਤੇ ਸਟਾਫ਼ ਦੀਆਂ ਤਨਖਾਹਾਂ ਵੀ ਸਮੇਂ ਸਿਰ ਮਿਲਣ ਲੱਗ ਪਈਆਂ। ਅੱਜ ਇਹ ਸੰਸਥਾ ਸਾਡੇ ਇਲਾਕੇ ਦੀ ਮੰਨੀ ਪ੍ਰਮੰਨੀ ਸੰਸਥਾ ਬਣ ਗਈ ਏ। ਗੱਲ ਸਾਰੀ ਮਿਲਵਰਤੋਂ ਤੇ ਇਮਾਨਦਾਰੀ ਦੀ ਏ। ਕੁਝ ਦਿਨ ਪਹਿਲਾਂ ਮੈਂ ਪਿੰਡ ਵਿਚ ਆਇਆ ਸੀ। ਮੈਨੂੰ ਪਿੰਡ ਵਿਚ ਕਈ ਸਧਾਰ ਮਹਿਸੂਸ ਹੋਏ। ਬਾਅਦ ਵਿਚ ਪਤਾ ਲੱਗਾ ਕਿ ਇਹ ਸਧਾਰ ਤਾਂ ਬਾਹਰਲੇ ਮੁਲਕਾਂ ਤੋਂ ਆਏ ਪੈਸੇ ਨਾਲ ਹੋਏ ਹਨ। ਖ਼ੁਸ਼ੀ ਦੀ ਗੱਲ ਏ ਕਿ ਬਾਹਰਲੇ ਪਿੰਡ ਵਾਸੀ ਪਿੰਡ ਦੀ ਤਰੱਕੀ ਵਿਚ ਬਣਦਾ ਸਰਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਕਿੰਨੀ ਬਿਹਤਰ ਗੱਲ ਹੋਵੇ ਅਗਰ ਸਾਡੀ ਪੰਚਾਇਤ ਤੇ ਬਾਹਰਲੇ ਪਤਵੰਤੇ ਇੱਕ ਜੁੱਟ ਹੋ ਜਾਣ। ਅਗਰ ਇੰਜ ਹੋ ਜਾਵੇ ਤਾਂ ਪਿੰਡ ਸਵਰਗ  ਬਣ ਜਾਵੇਗਾ। ਇੰਜ ਹੋਣ ਨਾਲ ਪਹਿਲਾਂ ਹੀ ਪੰਜਾਬ ਦੇ ਕਈ ਪਿੰਡ ਮਾਡਲ ਗ੍ਰਾਮ ਬਣ ਗਏ ਹਨ। ਤੁਸੀਂ ਉਹਨਾਂ ਬਾਰੇ ਅਖ਼ਬਾਰਾਂ ਵਿਚ ਪੜ੍ਹਦੇ ਹੀ ਰਹਿੰਦੇ ਹੋ। ਲੋਕਰਾਜੀ ਢਾਂਚੇ ਵਿਚ ਕੰਮ ਧੀਮੀ ਗਤੀ ਨਾਲ ਹੁੰਦੇ ਹਨ। ਗਰਾਂਟਾਂ ਹੌਲ਼ੀ-ਹੌਲ਼ੀ ਪਿੰਡ ਪਹੁੰਚਦੀਆਂ ਹਨ। ਕਈ ਵਾਰ ਗਰਾਂਟਾਂ ਲੈਣ ਲਈ ਉਪਰ ਵਾਕਫੀਅਤਾਂ ਵੀ ਕੱਢਣੀਆਂ ਪੈਂਦੀਆਂ ਹਨ। ਮੈਂ ਚੰਡੀਗੜ੍ਹ ਬੈਠਾ ਹਾਂ। ਜੋ ਕੁਝ ਮੈਥੋਂ ਹੋਵੇ ਮੈਂ ਪਿੰਡ ਦੀ ਬਿਹਤਰੀ ਲਈ ਕਰਨ ਲਈ ਹਰ ਸਮੇਂ ਤੱਤਪਰ ਹਾਂ। ਆਓ ਪਿੰਡ ਦੇ ਪਤਵੰਤੇ ਇਕੱਠੇ ਹੋਈਏ, ਬਾਹਰਲਿਆਂ ਨੂੰ ਵੀ ਮਿਲੀਏ  ਤੇ ਪਿੰਡ ਦੀ ਕਾਇਆ ਪਲਟ ਦੇਈਏ। ਇਕੱਲੀ ਸਰਕਾਰ ਨੇ ਕੁਝ ਨਹੀਂ ਕਰਨਾ। ਆਪਾਂ ਨੂੰ ਖ਼ੁਦ ਵੀ ਯਤਨ ਕਰਨੇ ਪੈਣਗੇ।

ਇੰਨਾ ਕੁਝ ਕਹਿੰਦਾ ਹੋਇਆ ਖਿਮਾ ਦਾ ਜਾਚਕ ਹਾਂ।

ਵਾਹਿਗੁਰੂ ਜੀ ਦਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ!"

ਅਧਿਆਇ 7

# ਹੁਣ ਜੱਸੀ ਦੀ ਸੋਚ ਨੂੰ ਪਰ ਲੱਗ ਗਏ !

ਜਿਓਂ ਹੀ ਜੱਸੀ ਨੂੰ ਆਸਟਰੇਲੀਆ ਵਿਚ ਆਪਣੇ ਪੱਕੇ ਹੋ ਜਾਣ ਦੀ ਚਿੱਠੀ ਮਿਲੀ ਉਸ ਦੀ ਸੋਚ ਨੂੰ ਪਰ ਲੱਗ ਗਏ। ਉਹ ਜਸਦੀਪ ਦੀ ਜ਼ਿਆਦਾ ਪ੍ਰਵਾਹ ਕਰਨੋਂ ਹਟ ਗਈ। ਸਿਡਨੀ ਵਿਚ ਦੋ ਸਾਲ ਰਹਿ ਕੇ ਉਹ ਇੱਥੋਂ ਦੇ ਤੌਰ ਤਰੀਕਿਆਂ ਤੋਂ ਜਾਣੂ ਹੋ ਹੀ ਗਈ ਸੀ। ਹੁਣ ਉਹ ਸ਼ਾਪਿੰਗ ਸੈਂਟਰ ਵਿੱਚ ਆਜ਼ਾਦ ਘੁੰਮਦੀ, ਨੇੜੇ ਪੈਂਦੇ ਕਲੱਬ ਵਿਚ ਅਕਸਰ ਗੇੜੇ ਮਾਰਦੀ ਤੇ ਨੇੜੇ ਰਹਿੰਦੀ ਇਕ ਮੁਸਲਮਾਨ ਗੁਆਂਢਣ ਦੇ ਘਰ ਵੀ ਅਕਸਰ ਜਾ ਕੇ ਗੱਲਾਂ ਮਾਰਦੀ ਰਹਿੰਦੀ। ਉਸਨੂੰ ਕਾਰ ਚਲਾਉਣੀ ਆ ਹੀ ਗਈ ਸੀ। ਕਾਰ ਸਿਖਦੀ ਸਿਖਦੀ ਉਹ ਇਕ ਭਾਰਤੀ ਮੂਲ ਦੇ ਫੀਜੀਅਨ ਇੰਸਟਰਕਟਰ ਰੌਨਲਡ ਸਿੰਘ ਦੇ ਵੀ ਕਾਫ਼ੀ ਨੇੜੇ ਆ ਗਈ ਸੀ। ਰੌਨਲਡ ਮਸਾਂ ਪੱਚੀ ਕੁ ਸਾਲ ਦਾ ਲੜਕਾ ਸੀ। ਉਸ ਦਾ ਹਰ ਰੋਜ਼ ਨਵੇਂ ਨਵੇਂ ਗਾਹਕਾਂ ਨਾਲ ਵਾਹ ਪੈਂਦਾ ਸੀ। ਵੈਸੇ ਵੀ ਉਹ ਪੂਰਾ ਬਣ ਠਣ ਕੇ ਰਹਿੰਦਾ ਸੀ। ਆਸਟਰੇਲੀਆ ਵਿਚ ਵਸੇ ਫੀਜੀਅਨ ਲੋਕਾਂ ਦੀ ਅੰਗਰੇਜ਼ੀ ਦੀ ਬੋਲਚਾਲ ਵੈਸੇ ਵੀ ਭਾਰਤੀ ਲੋਕਾਂ ਦੀ ਬੋਲਚਾਲ ਤੋਂ ਚੰਗੀ ਏ। ਇਸ ਦਾ ਕਾਰਨ ਇਹ ਹੈ ਕਿ ਇਹ ਭਾਰਤੀ ਫੀਜੀਅਨਾ ਦੀ ਦੂਜੀ ਤੀਜੀ ਪੁਸ਼ਤ ਹੈ ਜਿਹੜੀ ਕਿ ਗੋਰਿਆਂ ਨਾਲ ਰਹਿੰਦੀ ਆਈ ਹੈ। ਕਿਸੇ ਸਮੇਂ ਗੋਰਿਆਂ ਨੇ ਭਾਰਤ ਦੇ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਤੇ ਕੁੱਝ ਹੋਰ ਇਲਾਕਿਆਂ 'ਚ ਕੁਝ ਭਾਰਤੀਆਂ ਨੂੰ ਗੰਨੇ ਦੀ ਖੇਤੀ ਕਰਨ ਲਈ ਫਿਜੀ ਨੂੰ ਪਾਣੀ ਵਾਲੇ ਜਹਾਜ਼ਾਂ ਵਿਚ ਭਰ ਲਿਆਂਦਾ ਸੀ। ਇਨ੍ਹਾਂ ਭਾਰਤੀਆਂ ਦੀ ਅਗਲੀ ਪੁਸ਼ਤ ਆਸਟਰੇਲੀਆ ਵੱਲ ਆ ਗਈ। ਇਸ ਪ੍ਰਕਾਰ ਇਨ੍ਹਾਂ ਦੀ ਬੋਲਚਾਲ ਗੋਰਿਆਂ ਜਿਹੀ ਹੋ ਗਈ। ਇਹ ਫਿਜ਼ੀਅਨ ਭਾਰਤੀ ਰੰਗ ਦੇ ਸਾਂਵਲੇ ਹਨ ਪ੍ਰੰਤੂ ਬੋਲਚਾਲ ਵਿਚ ਗੋਰਿਆਂ ਜਿਹੇ ਹਨ। ਰੌਨਲਡ ਵੀ ਇਸੇ ਕੁਨਵੇ ਵਿਚੋਂ ਸੀ।

ਜਦ ਜਸਦੀਪ ਟੈਕਸੀ ਦੀ ਸ਼ਿਫ਼ਟ ਤੇ ਸਿਟੀ ਗਿਆ ਹੁੰਦਾ ਤਾਂ ਰੌਨਲਡ ਜੱਸੀ ਨੂੰ ਕਲੱਬ ਵਿਚ ਅਕਸਰ ਮਿਲਦਾ ਹੀ ਰਹਿੰਦਾ ਸੀ। ਕਦੀ ਕਦੀ ਜੱਸੀ ਕਾਰ ਚਲਾਉਣ ਦੀ ਹੋਰ ਮਹਾਰਤ ਹਾਸਲ ਕਰਨ ਦੇ ਬਹਾਨੇ ਰੌਨਲਡ ਨਾਲ ਸਿਡਨੀ ਦੀਆਂ ਸੜਕਾਂ ਤੇ ਦੂਰ ਦੂਰ ਤੱਕ ਘੁੰਮ ਆਉਂਦੀ। ਅਗਰ ਕਦੀ ਜਸਦੀਪ ਰੌਨਲਡ ਨੂੰ ਜੱਸੀ ਨਾਲ ਦੇਖ ਵੀ ਲੈਂਦਾ ਤਾਂ ਜੱਸੀ ਕਹਿ ਦਿੰਦੀ ਕਿ ਉਸ ਨੇ ਅਜੇ ਟਾਵਾਂ ਟਾਵਾਂ ਡ੍ਰਾਈਵਿੰਗ ਦਾ ਲੈਸਨ ਹੋਰ ਲੈਣਾ ਏ ਤਾਂ ਕਿ ਉਹ ਕਾਰ ਚਲਾਉਣ ਵਿਚ ਪੂਰੀ ਮਾਹਿਰ ਹੋ ਜਾਵੇ।

ਇਕ ਦਿਨ ਜਸਦੀਪ ਆਪਣੇ ਇਕ ਦੋਸਤ ਨੂੰ ਮਿਲਣ ਕਾਫਸ ਹਾਰਬਰ (Coffs Harbour) ਚਲਾ ਗਿਆ। ਜਾਂਦੇ ਸਮੇਂ ਉਹ ਜੱਸੀ ਨੂੰ ਆਪਣੇ ਨਾਲ ਨਾ ਲੈ ਕੇ ਗਿਆ। ਉਧਰ ਜੱਸੀ ਨੇ ਚੋਰੀ-ਚੋਰੀ ਰੌਨਲਡ ਨਾਲ ਬਲਿਊ ਮਾਉਂਟੇਨਸ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ। ਜੱਸੀ ਅਤੇ ਰੌਨਲਡ ਨੇ ਕੰਪਿਊਟਰ ਰਾਹੀਂ ਉੱਥੇ ਕਮਰਾ ਬੁੱਕ ਕਰਵਾ ਹੀ ਲਿਆ

ਸੀ। ਜਸਦੀਪ ਨੂੰ ਘਰੋਂ ਗਏ ਨੂੰ ਅਜੇ ਦੋ ਕੁ ਘੰਟੇ ਹੀ ਹੋਏ ਸਨ ਕਿ ਜੱਸੀ ਤੇ ਰੌਨਲਡ ਬਲਿਊ ਮਾਉਂਟੇਨਸ ਵੱਲ ਨੂੰ ਚੱਲ ਪਏ। ਜੱਸੀ ਮੋਬਾਈਲ ਫ਼ੋਨ ਰਾਹੀਂ ਪਤਾ ਕਰੀ ਜਾ ਰਹੀ ਸੀ ਕਿ ਜਸਦੀਪ ਕਿੱਥੇ ਕੁ ਪਹੁੰਚ ਚੁੱਕਾ ਸੀ। ਉਹ ਅਤੇ ਰੌਨਲਡ ਰਾਹ 'ਚ ਰੁਕਦੇ ਰੁਕਦੇ ਗਏ। ਪੈਨਰਿਥ (Penrith) ਟੱਪਦੇ ਹੀ ਪਹਿਲਾ ਪੜਾਅ ਉਨ੍ਹਾਂ ਨੇਪੀਅਨ ਦਰਿਆ ਦੇ ਕੰਢੇ ਤੇ ਕੀਤਾ। ਮੌਸਮ ਨਾ ਜ਼ਿਆਦਾ ਗਰਮ ਸੀ ਤੇ ਨਾ ਹੀ ਸਰਦ। ਸਿਡਨੀ ਵਿਚ ਵੈਸੇ ਵੀ ਮਾਰਚ ਤੇ ਅਪ੍ਰੈਲ ਦੇ ਮਹੀਨੇ ਬੜੇ ਸੁਹਾਵਣੇ ਹੁੰਦੇ ਹਨ। ਇਸ ਵਕਤ ਗਰਮੀ ਘਟਣ ਲਗਦੀ ਹੈ ਤੇ ਸਰਦੀ ਸ਼ੁਰੂ ਹੋਣ ਲਗਦੀ ਏ। ਨੇਪੀਅਨ ਦਰਿਆ ਦਾ ਆਲਾ-ਦੁਆਲਾ ਸੁੰਦਰ ਬਨਸਪਤੀ ਨਾਲ ਹਰ ਸਮੇਂ ਭਰਿਆ ਰਹਿੰਦਾ ਏ। ਪਿਕਨਿਕ ਲਈ ਆਏ ਹੋਏ ਸੈਲਾਨੀਆਂ ਦੀ ਮਸਤੀ ਇਸ ਕੁਦਰਤੀ ਸੁੰਦਰਤਾ ਨੂੰ ਹੋਰ ਵੀ ਚਾਰ ਚੰਨ ਲਾ ਦਿੰਦੀ ਏ। ਗੋਰੇ ਗੋਰੀਆਂ ਇਸ ਮੌਸਮ ਵਿਚ ਹਾਫ਼ ਪੈਂਟਾਂ ਤੇ ਮਿੰਨੀ ਸਰਕਟਾਂ ਪਾ ਕੇ ਘਾਹ ਤੇ ਬੈਠੇ ਇੰਝ ਲਗਦੇ ਹਨ ਜਿਵੇਂ ਹਰੇ ਕਪਾਹ ਦੇ ਬੂਟਿਆਂ ਤੇ ਚਿੱਟੀਆਂ ਚਿੱਟੀਆਂ ਫੁੱਟੀਆਂ ਖਿੜੀਆਂ ਹੋਣ। ਗੋਰੀਆਂ ਨੱਢੀਆਂ ਦੀਆਂ ਡਾਰਾਂ ਕਿਸੇ ਅਜਨਬੀ ਨੂੰ ਵੀ ਹੈਲੋ ਹਾਏ ਕਹਿ ਕੇ ਗੁਜ਼ਰਨਾ ਆਪਣੇ ਸਭਿਆਚਾਰ ਦਾ ਹਿੱਸਾ ਸਮਝਦੀਆਂ ਹਨ। ਦਰਿਆ ਵਿਚ ਡੁਬਕਣੀਆਂ ਤੇ ਉਪਰ ਬੈਠੇ ਸ਼ਰਾਬ ਦੀਆਂ ਬੋਤਲਾਂ ਹੱਥੀ ਫੜੇ ਗੋਰੇ ਗੋਰੀਆਂ ਮਸਤੀ ਵਿਚ ਝੂਮ ਰਹੇ ਸਨ ਤੇ ਸੰਗੀਤ ਦਾ ਆਨੰਦ ਮਾਣ ਰਹੇ ਸਨ। ਕੁਝ ਸਮਾਂ ਇੱਥੇ ਰਹਿ ਕੇ ਸਾਡੇ ਭਾਰਤੀ ਮੂਲ ਦੇ ਲੋਕ ਵੀ ਗੋਰਿਆਂ ਦੀ ਨਕਲ ਕਰਨ ਹੀ ਲੱਗ ਪੈਂਦੇ ਹਨ। ਰੌਨਲਡ ਨੇ ਵੀ ਜੈਕ ਡੇਨੀਅਲ ਦੀ ਬੋਤਲ ਹੱਥ 'ਚ ਫੜੀ ਹੋਈ ਸੀ। ਜੱਸੀ ਅਜੇ ਪੀਣ ਤੋਂ ਕੁਝ ਗੁਰੇਜ਼ ਕਰ ਰਹੀ ਸੀ ਕਿਉਂਕਿ ਉਸ ਨੇ ਅੱਗੇ ਕਾਰ ਚਲਾਉਣੀ ਸੀ।

ਕੁਝ ਸਮਾਂ ਦਰਿਆ ਦੇ ਕੰਢੇ ਬਿਤਾ ਕੇ ਉਹ ਅੱਗੇ ਚੱਲ ਪਏ। ਸਪਰਿੰਗਵੁੱਡ (Springwood) ਜਾ ਕੇ ਉਹਨਾਂ ਫਿਰ ਗੱਡੀ ਪਾਰਕ ਕਰ ਦਿੱਤੀ। ਸ਼ਾਮ ਦਾ ਸਮਾਂ ਸੀ। ਬਾਜ਼ਾਰ ਅਜੇ ਅੱਧੇ ਪਚੱਧੇ ਖੁੱਲ੍ਹੇ ਹੀ ਸਨ। ਉਹ ਗਹਿਣਿਆਂ ਦੀ ਦੁਕਾਨ ਤੇ ਰੁਕੇ। ਇੱਥੋਂ ਉਹਨਾਂ ਇਕ ਦੂਜੇ ਵਾਸਤੇ ਇੱਕ ਇੱਕ ਤੋਹਫ਼ਾ ਖਰੀਦਿਆ। ਫਿਰ ਉਹ ਇਕ ਕਬਾਬ ਸ਼ਾਪ ਤੇ ਰੁਕੇ। ਇੱਥੋਂ ਉਨ੍ਹਾਂ ਕਬਾਬ ਦੇ ਰੋਲ ਖਰੀਦੇ। ਖਾਂਦੇ ਖਾਂਦੇ ਉਹ ਕਾਰ ਵੱਲ ਆ ਗਏ ਤੇ ਅੱਗੇ ਸਫ਼ਰ ਸ਼ੁਰੂ ਕਰ ਦਿੱਤਾ।

ਜੱਸੀ ਕਾਰ ਚਲਾ ਰਹੀ ਸੀ ਤੇ ਰੌਨਲਡ ਉਸ ਨਾਲ ਛੇੜ ਛਾੜ ਕਰ ਰਿਹਾ ਸੀ। ਮਸਤੀ ਭਰੀਆਂ ਸ਼ਰਾਰਤਾਂ ਕਰਦੇ ਕਰਦੇ ਉਹ ਕੁਟੰਬਾ ਟੱਪ ਕੇ ਆਪਣੇ ਹੋਟਲ 'ਮਾਊਂਟੇਨਵਿਊ' (Mountainview) ਵਿਚ ਪਹੁੰਚ ਗਏ। ਭਾਵੇਂ ਰੌਨਲਡ ਦੀ ਇਕ ਹੋਰ ਗਰਲ ਫਰੈਂਡ ਵੀ ਸੀ ਪਰ ਜੱਸੀ ਉਸ ਵਾਸਤੇ ਇਕ ਨਵਾਂ ਨਕੋਰ ਤੋਹਫ਼ਾ ਸੀ। ਨਾਲੇ ਜੱਸੀ ਉਸ ਦੇ ਪਿਆਰ ਵਿਚ ਪਾਗਲ ਵੀ ਤਾਂ ਹੋਈ ਫਿਰਦੀ ਸੀ। ਜਸਦੀਪ ਨੂੰ ਤਾਂ ਉਸ ਨੇ ਆਪਣੇ ਨੌਕਰ ਵਾਂਗ ਹੀ ਸਮਝ ਰੱਖਿਆ ਸੀ। ਘਰ ਦਾ ਖਰਚਾ ਕਰਨ ਲਈ ਕੋਈ ਨਾ ਕੋਈ ਤਾਂ ਕੰਮ ਕਰਦਾ ਹੀ ਹੋਣਾ ਚਾਹੀਦਾ ਸੀ। ਜੱਸੀ ਨੂੰ ਤਾਂ ਅਜੇ ਕੋਈ ਨੌਕਰੀ ਵੀ ਨਹੀਂ ਮਿਲੀ ਸੀ। ਹੁਣ ਪੱਕੀ ਹੋ ਕੇ ਉਸ ਨੇ ਕਿਸੇ ਸਥਾਈ ਨੌਕਰੀ ਲਈ ਕੋਸ਼ਿਸ਼ਾਂ ਕਰਨੀਆਂ ਸਨ।

ਸਾਰਾ ਦਿਨ ਤੇ ਰਾਤ ਰੰਗੀਨੀਆਂ ਵਿਚ ਗੁਜਰੇ। ਸਵੇਰੇ ਉੱਠ ਕੇ ਰੌਨਲਡ ਥੱਲਿਓਂ ਰਸੋਈਖਾਨੇ 'ਚੋਂ ਚਾਹ ਲੈਣ ਚਲਾ ਗਿਆ। ਜੱਸੀ ਦੀ ਸੋਚ ਅਸਮਾਨੀ ਉਡਾਰੀਆਂ ਮਾਰਨ ਲੱਗੀ:-

ਜਸਦੀਪ ਤਾਂ ਨਿਰਾ ਬੁੱਧੂ ਏ....ਰੌਨਲਡ ਨਿਰਾ ਹੀਰਾ। ਕਿੱਥੇ 44 ਸਾਲ ਤੇ ਕਿੱਥੇ 25 ਸਾਲ। ਮੈਂ ਵੀ ਤਾਂ ਪੱਚੀਆਂ ਦੀ ਹੀ ਹਾਂ। ਹਾਣ ਨੂੰ ਹਾਣ। ਜਸਦੀਪ ਖੋਤਾ ਹਰ ਰੋਜ਼ ਥੱਕ ਟੁੱਟ ਕੇ ਆਉਂਦਾ ਏ ਤੇ ਬੈੱਡ ਤੇ ਡਿਗਦੇ ਸਾਰ ਹੀ ਘਰਾੜੇ ਮਾਰਨ ਲੱਗ ਜਾਂਦਾ ਏ।....ਉਹ ਵੀ ਕੋਈ ਬੰਦਾ ਏ? ਨਿਰਾ ਦਰਿਦਰ ਏ ਦਰਿਦਰ। ਦਰਿਦਰ ਪੱਲੇ ਪੈ ਗਿਆ ਮੇਰੇ। ਬਾਹਰ ਨੂੰ ਆਉਣ ਲਈ ਬੰਦੇ ਨੂੰ ਕੀ ਕੁਝ ਨਹੀ ਕਰਨਾ ਪੈਂਦਾ! ਜਿਹੜੇ ਗਧੇ ਖੋਤੇ ਕਿਸੇ ਹੀਲੇ ਬਾਹਰ ਆ ਗਏ ਉਹ ਪਤਾ ਨਹੀਂ ਆਪਣੇ-ਆਪ ਨੂੰ ਕੀ ਸਮਝਣ ਲੱਗ ਪਏ!....50-50 ਸਾਲ ਦੇ ਬੁੱਢੇ ਖੌਲੇ ਜਾ ਕੇ 20-20 ਸਾਲ ਦੀਆਂ ਨਵੀਆਂ ਨਕੋਰ ਕੁੜੀਆਂ ਵਿਆਹ-ਵਿਆਹ ਕੇ ਲਿਆਈ ਜਾ ਰਹੇ ਆ! ਮਾਪੇ ਵੀ ਵਿਚਾਰੇ ਕੀ ਕਰਨ? ਅੱਖੋਂ ਓਹਲੇ, ਪਹਾੜ ਓਹਲੇ। ਵੀਚਾਰੀਆਂ ਭਰ ਜਵਾਨ ਕੁੜੀਆਂ ਵੀ ਕੀ ਕਰਨ? ਜਦ ਤੱਕ ਸੇਰ ਨੂੰ ਸਵਾ ਸੇਰ ਨਾਂ ਮਿਲੇ ਮਜ਼ਾ ਥੋੜ੍ਹਾ ਆਉਂਦਾ ਈ? ਹੁਣ ਲਵਾਂਗੀ ਗਿਣ-ਗਿਣ ਕੇ ਬਦਲੇ।....ਦੇਖਾਂਗੀ ਜਸਦੀਪ ਮੇਰੇ ਤੇ ਕੀ ਤਲਵਾਰ ਚਲਾ ਦੂ!....ਇਸ ਦੇਸ਼ ਵਿਚ ਤੀਵੀਂ ਦੀ ਬਥੇਰੀ ਸੁਣੀ ਜਾਂਦੀ ਏ!....ਨਾਲੇ ਘੁੰਮਣ ਫਿਰਨ ਦੀ ਪੂਰੀ ਆਜ਼ਾਦੀ ਏ।

ਜੱਸੀ ਇਸ ਪ੍ਰਕਾਰ ਦੀ ਸੋਚ ਵਿਚ ਗੁਆਚੀ ਹੋਈ ਸੀ ਕਿ ਰੌਨਲਡ ਨੇ ਚਾਹ ਦੇ ਦੋ ਕੱਪ ਲਿਆ ਕੇ ਮੇਜ਼ ਤੇ ਰੱਖ ਦਿੱਤੇ। ਜੱਸੀ ਨੇ ਰੌਨਲਡ ਨੂੰ ਕਿਹਾ ਕਿ ਉਹ ਕੁਝ ਮਿੰਟਾਂ ਲਈ ਚੁੱਪ ਸਾਧ ਲਵੇ ਕਿਉਂਕਿ ਉਹ ਜਸਦੀਪ ਨੂੰ ਫ਼ੋਨ ਮਾਰਕੇ ਉਸ ਦਾ ਪ੍ਰੋਗਰਾਮ ਪੁੱਛਣਾ ਚਾਹੁੰਦੀ ਸੀ।

"ਕੀ ਹਾਲ ਏ, ਜਸਦੀਪ?"

"ਠੀਕ ਹਾਂ।"

"ਰਾਤ ਕਿੰਨੀ ਕੁ ਪੀਤੀ?"

"ਜਸਵਿੰਦਰ ਹਟਿਆ ਹੀ ਨਹੀਂ। ਬਥੇਰੀ ਪੀਤੀ। ਦੋਹਾਂ ਨੇ ਬੋਤਲ ਖ਼ਤਮ ਕਰ ਤੀ। ਅਜੇ ਤੱਕ ਬੈੱਡ ਤੇ ਹੀ ਹਾਂ। ਉੱਠ ਹੀ ਨਹੀਂ ਹੋ ਰਿਹਾ। ਹੋਰ ਤੇਰੀ ਰਾਤ ਕਿਵੇਂ ਗੁਜ਼ਰੀ?"

"ਸਾਰੀ ਰਾਤ ਸੁੱਤੀ ਹੀ ਨਹੀਂ। ਬੱਸ ਜਾਗਦੀ ਤੇਰੇ ਬਾਰੇ ਹੀ ਸੋਚਦੀ ਰਹੀ। ਸ਼ਾਮੀ ਘੰਟਾ ਕੁ ਰਫੀਕਾ ਪਾਸ ਗੁਜਾਰਿਆ। ਬੱਸ ਫਿਰ ਕੀ ਸੀ। ਰਾਤ ਉਹੀ ਦੁਪਹਿਰ ਦੀ ਬਣੀ ਹੋਈ ਰੋਟੀ ਹੀ ਖਾ ਲਈ। ਸਬਜ਼ੀ ਥੋੜ੍ਹੀ ਬਚੀ ਪਈ ਸੀ। ਜ਼ਿਆਦਾ ਸਬਜ਼ੀ ਤਾਂ ਮੈਂ ਤੈਨੂੰ ਡੱਬੇ 'ਚ ਪਾ ਕੇ ਭੇਜ ਦਿੱਤੀ ਸੀ। ਫਿਰ ਕੁਝ ਸਮਾਂ ਟੀ.ਵੀ. ਤੇ ਪ੍ਰੋਗਰਾਮ ਦੇਖਦੀ ਰਹੀ। ਜ਼ੀ.ਟੀ.ਵੀ ਕਈ ਬੜੇ ਚੰਗੇ ਪ੍ਰੋਗਰਾਮ ਦਿੰਦਾ ਏ। ਰਾਤ ਟੀ.ਵੀ. ਤੇ ਬੱਬੂ ਮਾਨ ਨਾਲ ਗੱਲਬਾਤ ਆਈ ਸੀ 'ਪਿੰਡਾਂ ਵਿਚੋਂ ਪਿੰਡ ਪ੍ਰੋਗਰਾਮ ਵਿਚ। ਬੱਬੂ ਮਾਨ ਸੀਰੀਅਸ ਗੀਤਾਂ ਵਿਚ ਬੜਾ ਜਚਦਾ ਏ। ਤੂੰ ਜ਼ੀ.ਟੀ.ਵੀ ਲਗਵਾ ਕੇ ਬੜੀ ਵਧੀਆ ਕੀਤਾ। ਗੋਰਿਆਂ ਦੇ ਪ੍ਰੋਗਰਾਮ ਤਾਂ ਚੱਜ ਨਾਲ ਸਮਝ ਹੀ ਨਹੀਂ ਆਉਂਦੇ। ਕਦੋਂ ਕੁ ਵਾਪਿਸ ਪਹੁੰਚੇਂਗਾ?"

"ਮੈਂ ਤਾਂ ਸ਼ਾਮ ਤੱਕ ਹੀ ਪਹੁੰਚ ਸਕਾਂਗਾ।"

"ਆਰਾਮ ਨਾਲ ਹੀ ਤੁਰਾਂਗਾ। ਸ਼ਾਇਦ ਪੋਰਟ ਮੁਕਵਾਰੀ ਤੱਕ ਮੇਰੇ ਨਾਲ ਜਸਵਿੰਦਰ ਵੀ ਆਵੇ। ਉਸ ਨੇ ਉੱਥੇ ਆਪਣੇ ਕਿਸੇ ਦੋਸਤ ਨੂੰ ਮਿਲਣਾ ਏ। ਰਾਹ ਵਿਚ ਇੱਕ ਦੋ ਬੀਚਾਂ ਤੇ ਵੀ ਰੁਕਾਂਗੇ। ਤੈਨੂੰ ਪਤਾ ਏ, ਮੈਂ ਤਾਂ ਇਹ ਇਲਾਕਾ ਪਹਿਲੀ ਵਾਰ ਦੇਖਿਆ ਏ।"

"ਕੀ ਵੂਲਗੂਲਗੋ ਵੀ ਗਏ ਸੀ?"

"ਕਹੋਂ ਤਾਂ ਅੱਜ ਤੁਰਨ ਤੋਂ ਪਹਿਲਾਂ ਉਥੇ ਵੀ ਚੱਕਰ ਮਾਰ ਆਵਾਂਗੇ। ਉੱਥੇ ਆਪਣੇ ਪਿੰਡ ਵਾਲਾ ਮੋਹਣੀ ਰਹਿੰਦਾ ਏ। ਉਸ ਦਾ ਕੇਲਿਆਂ ਦਾ ਫਾਰਮ ਏ। ਕਹੋਂ ਤਾਂ ਕੇਲਿਆਂ ਦਾ ਬਕਸਾ ਲੈ ਕੇ ਆਵਾਂ? ਜਾ ਆਵਾਂਗਾ, ਨਾਲੇ ਬਿੱਗ ਬਨਾਨਾ ਦੇਖ ਆਵਾਂਗਾ।"

"ਜ਼ਰੂਰ। ਕੇਲਿਆਂ ਦਾ ਬਕਸਾ ਜ਼ਰੂਰ ਲਿਆਵੀਂ। ਸੁਣਿਆ ਵੂਲਗੂਲਗੋ ਦੇ ਕੇਲੇ ਬੜੇ ਮਿੱਠੇ ਹੁੰਦੇ ਆ।"

"ਚੰਗਾ ਫਿਰ, ਡਰਾਈਵਿੰਗ ਧਿਆਨ ਨਾਲ ਕਰੀਂ।"

"ਚੰਗਾ।"

ਇਸ ਤੋਂ ਬਾਅਦ ਫੋਨ ਕੱਟੇ ਗਏ।

ਰੌਨਲਡ ਭਾਵੇਂ ਪੰਜਾਬੀ ਬੋਲਣੀ ਨਹੀਂ ਜਾਣਦਾ ਸੀ ਫਿਰ ਵੀ ਦੋਹਾਂ ਦੇ ਡਾਇਲਾਗ ਸੁਣ ਸੁਣ ਕੇ ਖ਼ੁਸ਼ ਹੋ ਰਿਹਾ ਸੀ।

ਹੁਣ ਜੱਸੀ ਰੌਨਲਡ ਦੀ ਆਗੋਸ਼ ਵਿਚ ਬੈਠੀ ਸੀ ਤੇ ਦੋਵੇਂ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਉਸ ਨੂੰ ਜਸਦੀਪ ਦੇ ਪਹੁੰਚਣ ਦਾ ਸਮਾਂ ਪਤਾ ਲੱਗ ਗਿਆ ਸੀ। ਉਸ ਦੇ ਸਿਡਨੀ ਪਹੁੰਚਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਨੂੰ ਵੀ ਸਿਡਨੀ ਪਹੁੰਚਣਾ ਹੀ ਪੈਣਾ ਸੀ ਤਾਂ ਕਿ ਕਿਸੇ ਕਿਸਮ ਦੀ ਸ਼ੱਕ ਦੀ ਗੁੰਜਾਇਸ਼ ਨਾ ਰਹੇ।

ਅਧਿਆਇ 8

# ਸ਼ੁਭ ਆਨੰਦਕਾਰਜ ਬਨਾਮ ਘਟੀਆ ਪੈਲਸ ਕਲਚਰ

ਮੇਰਾ ਭਰਾ ਕੈਨੇਡਾ ਤੋਂ ਆਪਣੇ ਲੜਕੇ ਦਾ ਵਿਆਹ ਕਰਨ ਲਈ ਆਇਆ ਸੀ। ਨਗਰ ਕੀਰਤਨ ਤੋਂ ਹਫ਼ਤਾ ਕੁ ਬਾਅਦ ਗੁਰਦੁਆਰੇ ਵਿਚ ਅਖੰਡ ਪਾਠ ਰੱਖਿਆ ਗਿਆ ਤੇ ਭੋਗ ਪਾਏ ਗਏ। ਸਾਰੇ ਪਿੰਡ ਨੂੰ ਲੰਗਰ ਛਕਾਇਆ ਗਿਆ। ਉਸ ਨੇ ਅਤੇ ਮੈਂ ਗੁਰਦੁਆਰੇ ਨੂੰ ਬਣਦਾ ਸਰਦਾ ਦਾਨ ਦਿੱਤਾ। ਜੰਞ ਸਵੇਰੇ ਚੜ੍ਹਨੀ ਸੀ। ਆਖੰਡ ਪਾਠ ਦਾ ਭੋਗ ਪੈਣ ਤੋਂ ਬਾਅਦ ਅਸੀਂ ਗੁਰਦੁਆਰੇ ਤੋਂ ਬਾਹਰ ਨਿਕਲੇ ਹੀ ਸਾਂ ਕਿ ਭੰਡਾਂ ਨੇ ਸਾਡਾ ਰਸਤਾ ਰੋਕ ਲਿਆ। ਉਹ ਚਟਾਕੀ ਤੇ ਚਟਾਕੀ ਮਾਰ ਰਹੇ ਸਨ ਤੇ ਲੋਕ ਉਨ੍ਹਾਂ ਦੁਆਲੇ ਇਕੱਠੇ ਹੋਏ ਖਿੜ ਖਿੜ ਹੱਸ ਰਹੇ ਸਨ।

ਭੰਡ 1 – ਭੰਡ ਓਏ, ਦੇਖ ਓਏ ਨਿੱਕੇ ਜਿਹੇ ਸਾਬ ਬਹਾਦਰ

2 ਪੁਲਸੀਆ – ਓਏ ਭੀਖਾਰੀਓ, ਕੀ ਰੌਲਾ ਪਾਇਆ ਤੁਸੀਂ ਓਏ? ਤੁਹਾਨੂੰ ਪਤਾ ਨੀ, ਏਥੇ ਨਵੇਂ ਸਾਲ ਦਾ ਤੇ ਵਿਆਹ ਦਾ ਪ੍ਰੋਗਰਾਮ ਏ।

ਤੁਸੀਂ ਸਾਲਿਓ, ਆਪਣਾ ਹੀ ਖ਼ੌਰੂ ਪਾਇਆ ਹੋਇਆ ਏ।

ਓਏ ਗੱਲ ਕੀ ਆ ਓਏ, ਗੱਲ ਤਾਂ ਸਮਝਾਓ।

ਭੰਡ 1 – ਸਾਬ ਤਾਂ ਸਾਨੂੰ ਭਿਖਾਰੀ ਪਿਆ ਦਸਦਾ ਈ।

ਭੰਡ 3 – ਭੰਡਾ, ਬੂਥੀ ਤਾਂ ਸਾਬ ਦੀ ਐਂ ਆਂ ਜਿਵੇਂ ਨਾਲੀ 'ਚ ਰਾਜਮਾਂਹ ਸੁੱਟੇ ਹੁੰਦੇ ਆ।

2 – ਓਏ! ਓਏ! ਕੀ ਬਕਿਆ ਓਏ??

1 – ਸਾਬ! ਤੂੰ ਸਾਨੂੰ ਭਿਖਾਰੀ ਪਿਆ ਦੱਸੀ ਜਾਨਾਂ ਏਂ।

2 – ਓ, ਸਾਬ ਜੀ ਗੁੱਸਾ ਨਾ ਕਰ, ਗੁੱਸਾ ਨਾ ਕਰ

ਆਹ ਦੱਸ, ਠੰਡੇ ਦਿਮਾਗ ਤੋਂ ਕੰਮ ਲੈ ਕੇ ਸਾਬ ਬਹਾਦਰ

ਨਾਲੇ ਮੋਤੀਆ ਵਾਲਿਓ, ਅਸੀਂ ਕੋਈ ਭਿਖਾਰੀ ਨੀ ਆ

ਅਸੀਂ ਡੂਮ ਹੁੰਨੇ ਆਂ ਡੂਮ।

1 – ਮਰਾਸੀ।

2 – ਓ ਕੀ ਫਰਕ ਏ ਓਏ।

ਭਿਖਾਰੀ ਹੋਏ ਜਾਂ ਮਰਾਸੀ

ਖਾਣਾ ਤਾਂ ਮੰਗਕੇ ਹੀ ਆ।

1 – ਠੀਕ ਆਖਿਆ ਸਾਬ ਬਹਾਦਰ

ਬਿਲਕੁਲ ਸਹੀ ਆਖਿਆ।

ਆਣ ਦੇ ਭੰਡਾ!

3 — ਗਿਆਰਾਂ ਵਜੇ ਅਰਜ ਕੀਤੈ
ਲਾ ਕੇ ਨਾਕੇ ਖੜ੍ਹਦੇ ਸਾਬ ਜੀ
ਜੋ ਵੀ ਆਂਵਦੇ ਵੈਹੀਕਲ ਤੇ
ਵਰਦੀ ਸਾਬ ਦੇ ਐਂ ਫਬਦੀ
ਜਿਵੇਂ ਝੋਲਾ ਟੰਗਿਆ ਸੈਕਲ ਤੇ।

ਅਸੀਂ ਭੰਡਾਂ ਨੂੰ ਵੀ ਬਣਦੇ ਸਾਰੇ ਪੈਸੇ ਦਿੱਤੇ। ਪਿੰਡ ਦੇ ਕਈ ਹੋਰ ਪਤਵੰਤਿਆਂ ਨੇ ਵੀ 5-5 ਜਾਂ 10-10 ਦੇ ਨੋਟ ਭੰਡਾਂ ਨੂੰ ਦੇ ਕੇ ਉਨ੍ਹਾਂ ਦੀ ਹੌਂਸਲਾ ਅਫ਼ਜਾਈ ਕੀਤੀ। ਘਰ ਗਏ ਤਾਂ ਵਿਆਹ ਦੀਆਂ ਤਿਆਰੀਆਂ ਜ਼ੋਰਾਂ ਤੇ ਸਨ। ਸਵੇਰੇ ਜੰਞ ਚੜ੍ਹਨੀ ਸੀ। ਨਗਰ ਕੀਰਤਨ ਨੇ ਲੋਕਾਂ ਵਿਚ ਪਹਿਲਾਂ ਹੀ ਕਾਫ਼ੀ ਉਤਸ਼ਾਹ ਭਰ ਦਿੱਤਾ ਸੀ। ਕੀਰਤਨ ਅਤੇ ਖਾਸ ਕਰਕੇ ਕੀਰਤਨ ਸਮੇਂ ਕੀਰਤੀ ਸਿੰਘ ਦੇ ਭਾਸ਼ਨ ਨੇ ਪਿੰਡ ਵਿਚ ਏਕਾ ਲਿਆਉਣ ਵੱਲ ਠੋਸ ਯੋਗਦਾਨ ਪਾਇਆ ਸੀ। ਪਿੰਡ ਦੇ ਜਿਹੜੇ ਲੋਕ ਪਹਿਲਾਂ ਮੇਰੇ ਭਰਾ ਤੋਂ ਅਤੇ ਮੇਰੇ ਤੋਂ ਕੁਝ ਵੱਟੇ ਵੱਟੇ ਰਹਿੰਦੇ ਸਨ ਉਹ ਵੀ ਜੰਞ ਚੜ੍ਹਨ ਦੀਆਂ ਤਿਆਰੀਆਂ ਵਿਚ ਹਿੱਸਾ ਲੈਣ ਲਈ ਆ ਢੁੱਕੇ। ਦਿਨ ਬੜਾ ਸੁਹਾਵਣਾ ਸੀ। ਅੰਤਾਂ ਦੀ ਸਰਦੀ ਦੇ ਜਨਵਰੀ ਮਹੀਨੇ ਵਿਚ ਕੜਕਵੀਂ ਧੁੱਪ ਸੱਚਮੁੱਚ ਹੀ ਇਕ ਵਰਦਾਨ ਸੀ। ਹਰ ਪਾਸੇ ਖ਼ੁਸ਼ੀ ਦਾ ਆਲਮ ਛਾਇਆ ਪਿਆ ਸੀ। ਕੀਰਤੀ ਸਿੰਘ ਹੁਰੀ ਵਾਪਿਸ ਚੰਡੀਗੜ੍ਹ ਚਲੇ ਗਏ ਸਨ। ਉਨ੍ਹਾਂ ਦਾ ਹਫ਼ਤਾ ਭਰ ਇੱਥੇ ਡੱਕੇ ਰਹਿਣਾ ਔਖਾ ਸੀ।

ਘਰ ਵਿਚ ਵਿਆਹ ਦੀ ਰਸਮਾਂ ਪੂਰੀਆਂ ਹੋਣ ਲੱਗ ਪਈਆਂ।

ਤੀਵੀਆਂ ਨੇ ਖ਼ੂਬ ਗੀਤ ਗਾਏ :-

ਅੱਜ ਪਹਿਲੜੇ ਮਾਂਗੜੇ ਹਰਿ ਹਰਿ ਨਾਮ ਧਿਆਈਏ
ਅੱਜ ਪਹਿਲੜੇ ਮਾਂਗੜੇ ਹਰਿ ਜੀ ਨੂੰ ਬਟਨਾ ਲਾਈਏ।
ਕਾਹੇ ਦਾ ਤੇਲ, ਕਾਹੇ ਦਾ ਬਟਨਾ ਮੇਰੇ ਹਰਿ ਦੇ ਅੰਗ ਲਾਈਏ
ਸਰ੍ਹੋਂ ਦਾ ਤੇਲ, ਫੁੱਲਾਂ ਦਾ ਬਟਨਾ ਮੇਰੇ ਹਰਿ ਦੇ ਅੰਗ ਲਾਈਏ।
ਤੇਰੀ ਮਾਈ ਸੁਹਾਗਣ ਸਰਬ ਸੁਹਾਗਣ ਜਿਨ ਤੈਨੂੰ ਬਟਨਾ ਲਾਇਆ
ਤੇਰੀ ਭਾਬੀ ਸਪੁੱਤੀ ਸੌਂ ਨਾਲ ਸੁੱਤੀ ਜਿਨ ਤੈਨੂੰ ਹੱਥ ਨਾ ਲਾਇਆ

---

ਘੇ ਖਾਹ ਵੇ ਕਲੀਅਰ, ਦੁੱਧ ਪੀਏ ਧੀ ਗੋਰੜੀਏ
ਹੱਸੇਗਾ ਕਲੀਅਰ, ਡੁਸਕੇਗੀ ਧੀ ਗੋਰੜੀਏ
ਪਟੜੀ ਟੱਪ ਪਿਆਰੀਏ ਨੀ ਸੱਤਾਂ ਦੇਵਾਂ ਦੀਏ ਧੀਏ
ਪਟੜੀ ਟੱਪ ਨਾ ਜਾਣਦੀ ਨੀ ਘੁੰਡ ਅੰਮਾ ਦਾ ਜੱਦਾ

ਵਧਾਈਆਂ ਅੱਛਰ ਕੁਰੇ ਤੈਨੂੰ ਵਧਾਈਆਂ ਨੀ
ਵਧਾਈਆਂ ਤੇਰੇ ਆਂਢ ਨੂੰ ਗੁਆਂਢ ਨੂੰ, ਵਧਾਈਆਂ ਨੀ

---

ਮੈਂ ਆਖਿਆ ਨਾ ਸਕਦੀ ਵੇ ਵੇਲ ਖ਼ਰਬੂਜਿਆਂ ਦੀ
ਮੈਂ ਆਖਿਆ ਨਾ ਸਕਦੀ ਵੇ ਅੱਛਰ ਕੌਰ ਦੂਜਿਆਂ ਦੀ
ਮੈਂ ਆਖਿਆ ਨਾ ਸਕਦੀ ਵੇ ਵੇਲ ਹਦਵਾਣਿਆਂ ਦੀ
ਮੈਂ ਆਖਿਆ ਨਾ ਸਕਦੀ ਵੇ ਅੱਛਰ ਕੌਰ ਕਾਣਿਆਂ ਦੀ।

---

ਮੈਨੂੰ ਦਿਓ ਵਧਾਈਆਂ ਨੀ ਵੀਰ ਵਿਆਹੁਣ ਚੱਲਿਆ।

ਖਾਣ ਪੀਣ ਦਾ ਪ੍ਰਬੰਧ ਲੜਕੀ ਵਾਲਿਆਂ ਇਕ ਖ਼ੂਬਸੂਰਤ ਮੈਰਿਜ਼ ਪੈਲਸ ਵਿਚ ਕੀਤਾ ਹੋਇਆ ਸੀ। ਮੈਰਿਜ ਪੈਲਸਾਂ ਦੀ ਰਵਾਇਤ ਨੇ ਜਿੱਥੇ ਵਿਆਹਾਂ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਏ ਹਨ ਉੱਥੇ ਇਸ ਰਿਵਾਇਤ ਨੇ ਇਕ ਦੋ ਨੁਕਸਾਨ ਵੀ ਕੀਤੇ ਹਨ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਬਰਾਤ ਸਾਰੀ ਦੀ ਸਾਰੀ ਪੈਲਸ ਵਿਚ ਮਜ਼ੇ ਕਰਨ ਲੱਗ ਜਾਂਦੀ ਏ। ਗੁਰਦੁਆਰੇ ਰਸਮ ਵਿਚ ਚੰਦ ਕੁ ਬੰਦੇ ਹੀ ਦੇਖਣ ਨੂੰ ਮਿਲਦੇ ਹਨ। ਲੜਕੇ ਲੜਕੀ ਦੇ ਮਾਪੇ, ਭੈਣ-ਭਰਾ, ਚਾਚੇ ਤਾਏ, ਮਾਮੇ ਮਾਮੀਆਂ ਜਾਂ ਕੋਈ ਦੋ-ਚਾਰ ਹੋਰ ਸਕੇ ਸਬੰਧੀ। ਇਸ ਪ੍ਰਕਾਰ ਪੈਲਸ ਕਲਚਰ ਨੇ ਆਨੰਦਕਾਰਜ ਦੀ ਰਸਮ ਨੂੰ ਬਹੁਤ ਵੱਡੀ ਢਾਹ ਲਾਈ ਏ। ਪਿਛਲੇ ਵਕਤਾਂ ਵਿਚ ਜਦ ਆਨੰਦ ਕਾਰਜ ਹੋਇਆ ਕਰਦੇ ਸਨ ਤਾਂ ਰੌਣਕਾਂ ਦਾ ਅੰਤ ਕੋਈ ਨਹੀਂ ਸੀ ਹੁੰਦਾ। ਢਾਡੀ, ਗਾਇਕ, ਸਿਹਰਾ, ਸਿੱਖਿਆ ਪੜ੍ਹਨ ਵਾਲੇ ਇਕ ਵਾਰ ਰੰਗ ਬੰਨ੍ਹ ਦਿਆ ਕਰਦੇ ਸਨ। ਕੀਰਤਨੀਏ ਵੀ ਆਪਣਾ ਬਣਦਾ ਸਰਦਾ ਸਮਾਂ ਖੁੱਲ੍ਹ ਕੇ ਲਿਆ ਕਰਦੇ ਸਨ। ਅੱਜ ਦਾ ਆਨੰਦ ਕਾਰਜ ਇੰਝ ਹੋਣ ਲੱਗ ਪਿਆ ਏ ਜਿਵੇਂ ਕੋਈ ਰੈਡੀਮੇਡ ਰਸਮ ਹੋਵੇ।

ਲੜਕਾ-ਲੜਕੀ ਬੀੜ ਅੱਗੇ ਬਠਾਏ, ਪਲੜਾ ਫੜਾਇਆ, ਦੋ ਜਾਂ ਤਿੰਨ ਗਿਣੇ ਮਿਥੇ ਸ਼ਬਦ ਕੀਰਤਨੀਆਂ ਨੇ ਗਾਏ, ਭਾਈ ਨੇ ਲਾਵਾਂ ਪੜ੍ਹੀਆਂ, ਬੈਠੇ ਦਸ-ਵੀਹ ਬੰਦਿਆਂ ਨੇ ਸ਼ਗਨ ਪਾਇਆ ਤੇ ਰਸਮ ਖ਼ਤਮ। ਇਹ ਸਾਰਾ ਕੁਝ ਕੀਤੇ ਕਰਾਏ ਪਾਠਾਂ ਵਾਂਗੂੰ ਹੁੰਦਾ ਜਾ ਰਿਹਾ ਏ। ਪੈਲਸ ਕਲਚਰ ਦਾ ਦੂਜਾ ਨੁਕਸਾਨ ਇਕ ਸਾਧਾਰਨ ਆਦਮੀ ਦਾ ਹੋਇਆ। ਸਮਾਜ ਵਿਚ ਸਾਰੇ ਮਨੁੱਖ ਪੈਲਸ ਦਾ ਖਰਚਾ ਨਹੀਂ ਸਹਾਰ ਸਕਦੇ। ਕਈ ਵਾਰ ਘੱਟ ਆਮਦਨ ਵਾਲੇ ਬੰਦਿਆਂ ਨੂੰ ਵੀ ਦਿਖਾਵਾ ਕਰਨ ਦੇ ਮੁਕਾਬਲੇ 'ਚ ਪੈ ਕੇ ਪੈਲਸ ਬੁੱਕ ਕਰਵਾਉਣਾ ਹੀ ਪੈਂਦਾ ਏ। ਕਿਸਾਨ ਨੂੰ ਹੋਰ ਅੰਤਾਂ ਦੀਆਂ ਲਿਆਮਤਾਂ ਨੇ ਮਾਰਿਆ ਪਿਆ ਏ। ਪੈਲਸ ਵਿਚ ਵਿਆਹ ਉਸ ਵਾਸਤੇ ਖਰਚੇ ਦੀ ਇਕ ਹੋਰ ਲਿਆਮਤ ਬਣਦੇ ਜਾ ਰਹੇ ਹਨ। ਜਿੱਥੇ ਬਾਹਰੋਂ ਆਏ ਅਮੀਰ ਲੋਕ ਪੈਲਸ ਵਿਚ ਵਿਆਹਾਂ ਦਾ ਅੰਤਾਂ ਦਾ ਆਨੰਦ ਮਾਣਦੇ ਹਨ ਉੱਥੇ ਪੰਜਾਬ ਵਿਚ ਰਹਿੰਦੇ ਸਾਧਾਰਨ ਵਿਅਕਤੀ ਦੂਜਿਆਂ ਦੇ ਮਗਰ ਲੱਗ ਕੇ ਕਈ ਵਾਰ ਪੈਲਸ ਵਿਚ ਵਿਆਹ ਕਰਨ ਦਾ ਫਾਹਾ ਲੈ ਲੈਂਦੇ ਹਨ ਤੇ ਬਾਅਦ ਵਿਚ ਕਰਜ਼ੇ ਹੇਠ ਦੱਬ ਹੋ

ਜਾਂਦੇ ਹਨ। ਅਸਲ ਵਿਚ ਚਾਦਰ ਦੇਖ ਕੇ ਪੈਰ ਪਸਾਰਨ ਵਿਚ ਹੀ ਸਿਆਣਪ ਏ। ਪੈਲਸ ਵਿਚਲੇ ਵਿਆਹਾਂ ਨੇ ਕੰਜਰਖਾਨੇ ਨੂੰ ਵੀ ਪ੍ਰੋਤਸਾਹਨ ਦਿੱਤਾ ਹੈ। ਆਮ ਜਿਹੇ ਪ੍ਰੋਫੈਸ਼ਨਲ ਮੁੰਡੇ ਕੁੜੀਆਂ ਮੂੰਹ ਚੋਪੜ ਕੇ ਪੈਲਸ ਵਿੱਚ ਆ ਕੇ ਨੀਵੇਂ ਦਰਜੇ ਦੇ ਸਭਿਆਚਾਰਕ ਪ੍ਰੋਗਰਾਮ ਦੇਣ ਲੱਗ ਪੈਂਦੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿਚ ਸਸਤੇ ਸੈਕਸ ਦ੍ਰਿਸ਼ਾਂ ਨੂੰ ਪੇਸ਼ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੁੰਦਾ। ਇਸ ਪ੍ਰਕਾਰ ਦੇ ਲੱਚਰ ਪ੍ਰੋਗਰਾਮ ਸਾਡੇ ਸਿਹਤਮੰਦ ਸਭਿਆਚਾਰਕ ਵਿਰਸੇ ਨੂੰ ਢਾਹ ਲਾਉਂਦੇ ਹਨ ਤੇ ਨਾਲ ਹੀ ਪਰਿਵਾਰ ਵਿਚ ਬੈਠ ਕੇ ਸੋਹਣਾ ਸਮਾਂ ਬਿਤਾਉਣ ਵਿਚ ਵੀ ਰੁਕਾਵਟ ਪਾਉਂਦੇ ਹਨ। ਪੈਲੇਸਾਂ ਨੇ ਆਮ ਰਾਹਗੀਰਾਂ ਲਈ ਵੀ ਮੌਜਾਂ ਲਗਾ ਦਿੱਤੀਆਂ ਹਨ। ਜਿਹੜਾ ਮਰਜ਼ੀ ਅੰਦਰ ਜਾ ਵੜਦਾ ਏ। ਕੁੜੀ ਵਾਲੇ ਸੋਚਦੇ ਹਨ ਕਿ ਮੁੰਡੇ ਵਾਲਿਆਂ ਵੱਲੋਂ ਏ ਤੇ ਮੁੰਡੇ ਵਾਲੇ ਸੋਚਦੇ ਹਨ ਕਿ ਕੁੜੀ ਵਾਲਿਆਂ ਵੱਲੋਂ ਏ। ਕਈ ਚੋਰ ਉਚੱਕੇ ਵੀ ਆਪਣਾ ਦਾਅ ਲਾ ਜਾਂਦੇ ਹਨ। ਲੁੱਟਾਂ ਖੋਹਾਂ ਵਧੀਆਂ ਹਨ।

ਇਸੀ ਪ੍ਰਕਾਰ ਦਾ ਇਕ ਪ੍ਰੋਗਰਾਮ ਉਸ ਦਿਨ ਵੀ ਹੋਣਾ ਹੀ ਹੋਣਾ ਸੀ।

ਪਹਿਲਾਂ ਆਨੰਦ ਕਾਰਜ ਦੀ ਰਸਮ ਹੋਈ। ਭਾਵੇਂ ਗੁਰਦੁਆਰੇ ਵਿਚ ਬਹੁਤੇ ਬੰਦੇ ਨਹੀਂ ਸਨ ਫਿਰ ਵੀ ਸਕੱਤਰ ਨੇ ਬੋਲਣ ਵਾਸਤੇ ਮੇਰਾ ਨਾਮ ਲੈ ਹੀ ਦਿੱਤਾ।

ਅੱਜ ਦੀ ਇਸ ਆਨੰਦ ਕਾਰਜ ਦੀ ਰਸਮ ਵਿਚ ਜੁੜੀ ਬੈਠੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਹੁਣੇ-ਹੁਣੇ ਆਨੰਦ ਕਾਰਜ ਦੀ ਰਸਮ ਸਪੰਨ ਹੋਈ ਏ। ਇਸ ਸ਼ੁਭ ਮੌਕੇ ਤੇ ਮੈਂ ਵਿਆਹੁਤਾ ਜੋੜੀ ਨੂੰ ਅਤੇ ਦੋਹਾਂ ਪਰਿਵਾਰਾਂ ਨੂੰ ਵਧਾਈ ਦਿੰਦਾ ਹਾਂ। ਇਸ ਮੌਕੇ ਤੇ ਮੈਂ ਇਸ ਰਸਮ ਦੀ ਮਹੱਤਤਾ ਬਾਰੇ ਚੰਦ ਸ਼ਬਦ ਆਪ ਜੀਆਂ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ। ਲਾਵਾਂ ਅਸੀਂ ਸਭ ਨੇ ਲਈਆਂ ਹਨ ਤੇ ਲੈ ਵੀ ਰਹੇ ਹਾਂ। ਅਸੀਂ ਲਾਵਾਂ ਦੀ ਮਹੱਤਤਾ ਨੂੰ ਉਨੇ ਗੂੜ੍ਹੇ ਤਰੀਕੇ ਨਾਲ ਨਹੀਂ ਸਮਝਦੇ ਜਿੰਨੇ ਗੂੜ੍ਹੇ ਤਰੀਕੇ ਨਾਲ ਸਾਨੂੰ ਸਮਝਣਾ ਚਾਹੀਦਾ ਏ। ਪਹਿਲੀ ਲਾਮ ਵਿਚ ਅਕਾਲ ਪੁਰਖ ਵਿਆਹੁਤਾ ਜੀਵਨ ਦੇ ਰੋਜ਼ਾਨਾ ਫਰਜ਼ਾਂ ਨੂੰ ਪੂਰੇ ਕਰਨ ਲਈ ਨਿਰਦੇਸ਼ ਦਿੰਦਾ ਹੈ। ਮਨੁੱਖ ਦਾ ਆਚਰਣ ਚੰਗਾ ਹੋਣਾ ਚਾਹੀਦਾ ਹੈ ਤੇ ਉਸ ਨੂੰ ਸਭ ਮਾੜੇ ਕੰਮ ਤਿਆਗਣੇ ਚਾਹੀਦੇ ਹਨ। ਉਸ ਨੂੰ ਵਾਹਿਗੁਰੂ ਦਾ ਨਾਮ ਜਪਦੇ ਰਹਿਣਾ ਚਾਹੀਦਾ ਏ। ਪ੍ਰਮਾਤਮਾ ਦਾ ਨਾ ਜਪਣ ਨਾਲ ਮਨੁੱਖ ਦੇ ਸਾਰੇ ਪਾਪ ਧੋਤੇ ਜਾਂਦੇ ਹਨ। ਇੰਝ ਕਰਨ ਨਾਲ ਮਨੁੱਖ ਨੂੰ ਪਰਮ ਆਨੰਦ ਪ੍ਰਾਪਤ ਹੋ ਜਾਂਦਾ ਏ। ਦੂਜੀ ਲਾਮ ਵਿਚ ਕਿਹਾ ਗਿਆ ਹੈ ਕਿ ਅਕਾਲ ਪੁਰਖ ਦਾ ਭਾਣਾ ਮਨੁੱਖ ਨੂੰ ਨਿਡਰ ਬਣਾ ਦਿੰਦਾ ਹੈ। ਤੀਸਰੀ ਲਾਮ ਲੈਣ ਤੱਕ ਮਨੁੱਖ ਦਾ ਮਨ ਦੈਵੀ ਪਿਆਰ ਨਾਲ ਭਰ ਜਾਂਦਾ ਏ। ਚੌਥੀ ਲਾਮ ਤੱਕ ਮਨੁੱਖ ਵਾਹਿਗੁਰੂ ਦੀ ਦਾਤ ਪ੍ਰਾਪਤ ਕਰਕੇ ਸ਼ਾਂਤ ਹੋ ਜਾਂਦਾ ਹੈ।

ਹਰ ਪ੍ਰਭ ਠਾਕਰ ਕਾਜ ਰਚਾਇਆ ਧੰਨ ਹਿਰਦੇ ਨਾਮ ਵਿਗਾਸਿ।

(The Lord God Master blends with the bride whose heart blossoms in the illuminaton of the name forthwith)

ਅਸੀਂ ਲਾਵਾਂ ਲੈ ਕੇ ਭੁੱਲਾਂ ਵੀ ਕਰਦੇ ਰਹਿੰਦੇ ਹਾਂ। ਸਾਡੇ ਵਿਆਹ ਮਾੜੀਆਂ ਮੋਟੀਆਂ

ਗੱਲਾਂ ਕਰਕੇ ਟੁੱਟ ਜਾਂਦੇ ਹਨ। ਖਾਸ ਕਰਕੇ ਅੱਜ ਕੱਲ੍ਹ ਦੀ ਬਾਹਰ ਜਾਣ ਦੀ ਅੰਨ੍ਹੀ ਦੌੜ ਨੇ ਤਾਂ ਲਾਵਾਂ ਦੀ ਇਸ ਪਵਿੱਤਰ ਰਸਮ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਏ। ਸੁਣਨ ਤੇ ਪੜ੍ਹਨ ਵਿਚ ਆਉਂਦਾ ਰਹਿੰਦਾ ਏ ਕਿ ਕਈ ਜਗ੍ਹਾ ਸਿਰਫ਼ ਫੋਟੋਆਂ ਖਿਚਾ ਕੇ ਹਾਈ ਕਮਿਸ਼ਨਰ ਨੂੰ ਵਿਖਾਉਣ ਲਈ ਆਨੰਦ ਕਾਰਜ ਕੀਤੇ ਜਾ ਰਹੇ ਹਨ। ਕਈ ਲੋਕ ਇਸ ਲਈ ਆਨੰਦ ਕਾਰਜ ਕਰਦੇ ਹਨ ਕਿ ਕਿਸੇ ਪ੍ਰਕਾਰ ਬਾਹਰ ਜਾ ਕੇ ਪੱਕੇ ਹੋ ਜਾਈਏ। ਬਾਅਦ ਵਿਚ ਪਹਿਲਾ ਵਿਆਹ ਤੋੜ ਕੇ ਫਿਰ ਵਾਪਸ ਆ ਕੇ ਅਸਲੀ ਵਿਆਹ ਕਰਵਾਵਾਂਗੇ। ਮਨੁੱਖ ਦੇ ਸੁਆਰਥ ਅਤੇ ਤੰਗ ਦਿਲੀ ਨੇ ਸਾਡੇ ਖ਼ੂਬਸੂਰਤ ਵਿਰਸੇ ਦਾ ਘਾਣ ਕਰ ਕੇ ਰੱਖ ਦਿੱਤਾ ਏ। ਧਰਮ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਏ। ਧਰਮ ਨੂੰ ਸਿਰਫ਼ ਸੁਆਰਥ ਲਈ ਹੀ ਵਰਤਿਆ ਜਾ ਰਿਹਾ ਏ। ਧਾਰਮਿਕ ਸਿੱਖਿਆਵਾਂ ਤੇ ਅਮਲ ਘਟਦੇ ਜਾ ਰਹੇ ਹਨ। ਇਹ ਨਿਰਾ ਦਿਖਾਵਾ ਹੀ ਬਣਦੀਆਂ ਜਾ ਰਹੀਆਂ ਹਨ। ਇਸ ਪਾਸੇ ਜ਼ਿਆਦਾ ਨਾ ਬੋਲਦਾ ਹੋਇਆ ਮੈਂ ਸਿਰਫ਼ ਆਨੰਦ ਕਾਰਜ ਨਾਲ ਸਬੰਧਿਤ ਦੋ ਕੁ ਮਿਸਾਲਾਂ ਹੀ ਦਿਆਂਗਾ। ਕਿਸੇ ਅੰਗਰੇਜ਼ ਵਿਦਵਾਨ ਨੇ ਕਿਹਾ ਹੈ:- Man makes a house, woman makes a home. ਆਦਮੀ ਲਈ ਇਸਤਰੀ ਦਾ ਸਾਥ ਅਤੀ ਜ਼ਰੂਰੀ ਏ। ਇਕੱਲਾ ਆਦਮੀ ਇਕ ਇਮਾਰਤ ਤਾਂ ਖੜ੍ਹੀ ਕਰ ਸਕਦਾ ਏ। ਇਸ ਇਮਾਰਤ ਵਿਚ ਅਰਮਾਨਾ ਅਤੇ ਭਾਵਨਾਵਾਂ ਦਾ ਵਾਸਾ ਇਸ ਵਿਚ ਇਸਤਰੀ ਦੇ ਪ੍ਰਵੇਸ਼ ਨਾਲ ਹੀ ਹੁੰਦਾ ਏ। ਮਨੁੱਖ ਦੇ ਜੀਵਨ ਵਿਚ ਇਸਤਰੀ ਦਾ ਇਹ ਪ੍ਰਵੇਸ਼ ਸਾਡੇ ਧਰਮ ਅਤੇ ਵਿਰਸੇ ਵਿਚ ਆਨੰਦ ਕਾਰਜ ਦੀ ਰਸਮ ਨਾਲ ਹੀ ਹੁੰਦਾ ਏ। ਇਸਤਰੀ ਭਾਵਨਾਵਾਂ ਅਤੇ ਅਰਮਾਨਾ ਦਾ ਮੁਜੱਸਮਾ ਏ। ਉਹ ਮਨੁੱਖ ਨਾਲੋਂ ਜ਼ਿਆਦਾ ਜਜ਼ਬਾਤੀ ਅਤੇ ਭਾਵਨਾਤਮਿਕ ਏ। ਉਹ ਮਨੁੱਖੀ ਜੀਵਨ ਵਿਚ ਖ਼ੁਸ਼ੀਆਂ ਖੇੜੇ ਤੇ ਉਤਸ਼ਾਹ ਭਰਨ ਦੇ ਨਾਲ-ਨਾਲ ਰੋਸੇ, ਗ਼ਮੀਆਂ ਤੇ ਹੰਝੂ ਵੀ ਭਰਦੀ ਏ। ਰੋਸੇ ਗ਼ਮੀਆਂ ਤੇ ਹੰਝੂ ਵੀ ਜੀਵਨ ਦਾ ਹਿੱਸਾ ਹਨ। ਅਗਰ ਮਨੁੱਖੀ ਜੀਵਨ ਵਿਚ ਗ਼ਮੀਆਂ ਅਤੇ ਹੰਝੂ ਨਾ ਹੋਣ ਤਾਂ ਮਨੁੱਖ ਨਿਰਾ ਦੇਵਤਾ ਬਣ ਕੇ ਹੀ ਰਹਿ ਜਾਵੇ। ਇਹ ਗ਼ਮੀਆਂ ਅਤੇ ਹੰਝੂ ਮਨੁੱਖੀ ਜੀਵਨ ਵਿਚ ਆਉਂਦੇ ਹੀ ਆਉਂਦੇ ਹਨ। ਇਨ੍ਹਾਂ ਉੱਤੇ ਕਾਬੂ ਪਾਉਣ ਵਿਚ ਵੀ ਇਸਤਰੀ ਸਾਡੇ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਏ। ਜ਼ਿਆਦਾ ਜਜ਼ਬਾਤੀ ਹੋਣ ਕਰਕੇ ਉਹ ਜਲਦੀ ਰੋਣ ਲੱਗ ਪੈਂਦੀ ਏ ਤੇ ਨਾਲ ਹੀ ਮਨੁੱਖ ਨੂੰ ਵੀ ਰੁਆ ਦਿੰਦੀ ਏ। ਰੋਣ ਨਾਲ ਅਸੀਂ ਹਲਕੇ ਹੋ ਜਾਂਦੇ ਹਾਂ ਤੇ ਸਾਡੇ ਗ਼ਮ ਅਤੇ ਦੁੱਖ ਘਟ ਜਾਂਦੇ ਹਨ। ਘਰ ਓਹੀ ਹੈ ਜਿਸ ਵਿਚ ਖ਼ੁਸ਼ੀ ਅਤੇ ਗ਼ਮ ਦੋਨੋਂ ਹੋਣ। ਹਾਂ ਗ਼ਮ ਖ਼ੁਸ਼ੀ ਤੇ ਹਾਵੀ ਨਹੀਂ ਹੋਣੇ ਚਾਹੀਦੇ। ਇਸ ਪ੍ਰਕਾਰ ਇਸਤਰੀ ਇੱਟਾਂ, ਪੱਥਰ ਤੇ ਸੀਮਿੰਟ ਦੀ ਬਣੀ ਇਮਾਰਤ ਵਿਚ ਅਰਮਾਨ ਅਤੇ ਭਾਵਨਾਵਾਂ ਭਰਨ ਦਾ ਮੁਜੱਸਮਾ ਏ। ਲੜਕਾ-ਲੜਕੀ ਇਸ ਸਮੇਂ ਇਸ ਜੀਵਨ ਵਿਚ ਪ੍ਰਵੇਸ਼ ਕਰਨ ਜਾ ਰਹੇ ਹਨ। ਇਸ ਮੌਕੇ ਇਹ ਸਾਡੇ ਸਾਰਿਆਂ ਦੀ ਵਧਾਈ ਦੇ ਪਾਤਰ ਹਨ।

ਭਾਈ ਗੁਰਦਾਸ ਦੀ ਸਿੱਖ ਮੱਤ ਵਿਚ ਅੰਤਾਂ ਦੀ ਮਹੱਤਤਾ ਏ। ਇਸ ਮੌਕੇ ਲਈ ਉਨ੍ਹਾਂ ਦਾ ਇਕ ਬੜਾ ਹੀ ਢੁਕਵਾਂ ਕਬਿੱਤ ਏ ਜੋ ਇਸ ਪ੍ਰਕਾਰ ਏ।

ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦਰ ਵੱਡੋ
ਮੇਰ ਮੈ ਸਮੇਰ ਵੱਡੋ ਜਗਤ ਬਖਾਨ ਹੈ।
ਤਰਵਰ ਵਿਖੇ ਚੰਦਨ ਬ੍ਰਿਖ ਵੱਡੋ,

ਧਾਤਿ ਮੇ ਕਨਿਕ ਅਤਿ ਉੱਤਮ ਕੈਮਾਨ ਹੈ।
ਪੰਖੀਅਨ ਮੇ ਹੰਸ ਮ੍ਰਿਗ ਰਾਜਨ ਮੇ ਸਾਰਦੂਲ,
ਰਾਗਨ ਮੇ ਸ੍ਰੀ ਰਾਗ ਜਗਤੁ ਬਖਾਨ ਹੈ।
ਗਿਆਨਨ ਮੇ ਗਿਆਨੁ ਅਰ ਧਿਆਨਨ ਮੇ ਧਿਆਨ ਗੁਰ
ਸਕਲ ਧਰਮ ਮਹਿ ਗ੍ਰਿਸਤ ਪ੍ਰਧਾਨ ਹੈ।

ਇਨ੍ਹਾਂ ਸਤਰਾਂ ਦਾ ਭਾਵ ਅਰਥ ਇਸ ਪ੍ਰਕਾਰ ਏ-

ਜਿਵੇਂ ਪਾਣੀਆਂ ਵਿਚੋਂ ਸਭ ਤੋਂ ਵੱਡਾ ਪਾਣੀ ਸਮੁੰਦਰ ਦਾ ਏ, ਪਰਬਤਾਂ ਵਿਚੋਂ ਸਭ ਤੋਂ ਖ਼ੂਬਸੂਰਤ ਬਨਸਪਤੀ ਚੰਦਨ ਦਾ ਪੇੜ ਏ, ਧਾਤਾਂ ਵਿਚੋਂ ਸਭ ਤੋਂ ਉਤਮ ਧਾਤ ਸੋਨਾ ਹੈ, ਪੰਛੀਆਂ ਵਿਚੋਂ ਸਭ ਤੋਂ ਵਧੀਆ ਪੰਛੀ ਹੰਸ ਹੈ, ਜਾਨਵਰਾਂ ਦਾ ਰਾਜਾ ਸ਼ੇਰ ਏ, ਰਾਗਾਂ ਵਿਚੋਂ ਸਭ ਤੋਂ ਉਤਮ ਰਾਗ ਸ੍ਰੀ ਰਾਗ ਏ, ਗਿਆਨਾ ਵਿਚੋਂ ਸਭ ਤੋਂ ਵਧੀਆ ਗੁਰ ਗਿਆਨ ਹੈ ਉਵੇਂ ਹੀ ਸਾਰੇ ਜੀਵਨਾਂ ਵਿੱਚੋਂ ਉੱਤਮ ਜੀਵਨ ਗ੍ਰਹਿਸਤੀ ਜੀਵਨ ਹੈ।

ਲੜਕਾ ਲੜਕੀ ਗਹਿਸਤੀ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹਨ। ਉਮੀਦ ਕਰਦਾ ਹਾਂ ਉਹ ਇਸ ਦੀ ਮਹੱਤਤਾ ਨੂੰ ਸਮਝਣਗੇ ਤੇ ਇਕ ਸੁਚੱਜਾ ਗਰਿਸਤੀ ਜੀਵਨ ਬਿਤਾਉਣਗੇ। ਬਾਬਾ ਫਰੀਦ ਦਾ ਕਥਨ ਏ-

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ**

ਇਕ ਵਾਰ ਫਿਰ ਦੋਹਾਂ ਪਰਿਵਾਰਾਂ ਤੇ ਬੱਚੇ ਬੱਚੀ ਨੂੰ ਵਧਾਈ ਦਿੰਦਾ ਹੋਇਆ ਖਿਮਾ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

## ਅਧਿਆਇ 9

# ਵਿਕਾਸ ਵੱਲ ਕਦਮ

ਮੇਰੇ ਭਰਾ ਦੇ ਮਿੱਤਰ ਗਿੱਲ ਸਾਹਿਬ ਨੇ ਕੈਨੇਡਾ ਵਿਚ ਵਾਪਿਸ ਪਹੁੰਚਦਿਆਂ ਹੀ ਉੱਥੇ ਸੈੱਟ ਹੋਏ ਪਿੰਡ ਦੇ ਪਤਵੰਤਿਆਂ ਨਾਲ ਤਾਲਮੇਲ ਵਧਾ ਦਿੱਤਾ। ਸਭ ਤੋਂ ਪਹਿਲਾ ਕੰਮ ਉਸ ਨੇ ਆਪਣੇ ਨਵੇਂ ਖਰੀਦੇ ਘਰ ਵਿਚ ਆਖੰਡ ਪਾਠ ਤੋਂ ਕੀਤਾ। ਪਿਛਲੇ 25-30 ਸਾਲਾਂ ਵਿਚ ਪਿੰਡ ਦੇ ਹਰੇਕ ਘਰ ਦੇ ਇਕ ਜਾਂ ਇਕ ਤੋਂ ਵੱਧ ਬੰਦੇ ਕੈਨੇਡਾ ਵਿਚ ਪੱਕੇ ਤੌਰ ਤੇ ਰਹਿ ਹੀ ਰਹੇ ਸਨ। ਕਈ ਤਾਂ ਪੂਰੇ ਦੇ ਪੂਰੇ ਪਰਿਵਾਰ ਹੀ ਉਥੇ ਸੈੱਟ ਹੋ ਗਏ ਸਨ। ਇਨ੍ਹਾਂ ਵਿਚੋਂ ਕਈਆਂ ਨੇ ਉੱਥੇ ਖਾਸੀਆਂ ਜ਼ਮੀਨਾਂ ਖਰੀਦ ਲਈਆਂ ਸਨ। ਕਈ ਹੋਰ ਕਾਰੋਬਾਰਾਂ ਵਿਚ ਪਏ ਹੋਏ ਸਨ। ਕਈ ਬੰਦੇ ਜਾਇਦਾਦ ਦੀ ਖਰੀਦੋ-ਫਰੋਖ਼ਤ (Real estate) ਦੇ ਕਾਰੋਬਾਰ ਵਿਚ ਪੈ ਕੇ ਅੰਤਾਂ ਦੇ ਅਮੀਰ ਹੋ ਗਏ ਸਨ। ਇਕ ਦੋ ਪਤਵੰਤੇ ਪੜ੍ਹਾਈ ਦੇ ਖੇਤਰ ਵਿਚ ਅੱਗੇ ਨਿਕਲ ਕੇ ਚੰਗੀਆਂ ਪਦਵੀਆਂ ਤੇ ਕੰਮ ਕਰ ਰਹੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਪਿੰਡ ਵਿਚ ਕੱਢੇ ਗਏ ਨਗਰ ਕੀਰਤਨ ਦਾ ਪਤਾ ਲੱਗ ਹੀ ਗਿਆ ਸੀ। ਕਈਆਂ ਨੂੰ ਤਾਂ ਇਸ ਦੀਆਂ ਡੀ.ਵੀ.ਡੀਆਂ ਵੀ ਪ੍ਰਾਪਤ ਹੋ ਗਈਆਂ ਸਨ। ਅੱਜ ਆਖੰਡ ਪਾਠ ਦੇ ਭੋਗ ਦੇ ਮੌਕੇ ਤੇ ਇਸ ਬਾਰੇ ਭਰਪੂਰ ਜਾਣਕਾਰੀ ਹੋਰ ਸਭਨਾ ਨੂੰ ਮਿਲ ਜਾਣੀ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਪਿੰਡ ਦਾ ਪੰਜਾਬ ਅਤੇ ਕੈਨੇਡਾ ਦੋਹੀਂ ਜਗ੍ਹਾ ਏਕਾ ਹੋਣ ਲੱਗ ਪਿਆ ਸੀ। ਇਹ ਏਕਾ ਇਸ ਕਰਕੇ ਹੋਣਾ ਸ਼ੁਰੂ ਹੋਇਆ ਸੀ ਕਿਉਂਕਿ ਇਸ ਪਿੱਛੇ ਕਿਸੇ ਦਾ ਸੁਆਰਥ ਨਹੀਂ ਸੀ। ਨਾ ਹੀ ਇਸ ਪਿੱਛੇ ਈਰਖਾ ਸੀ। ਹਰੇਕ ਨੂੰ ਖੁੱਲ੍ਹਾ ਸੱਦਾ ਸੀ, ਜਿਹੜਾ ਮਰਜ਼ੀ ਅੱਗੇ ਆ ਜਾਵੇ। ਭੋਗ ਸਮੇਂ ਲੋਕ ਵਹੀਰਾਂ ਘੱਤ ਕੇ ਆਏ। ਕੀਰਤਨ ਦਰਬਾਰ ਸਜਿਆ, ਇਲਾਕੇ ਦੇ ਇਕ ਢਾਡੀ ਜਥੇ ਨੇ ਵਾਰਾਂ ਗਾਈਆਂ। ਗਿੱਲ ਸਾਹਿਬ ਨੇ ਆਪਣੇ ਮੁਕਤਸਰ ਭਾਸ਼ਨ ਵਿਚ ਮੁਖਾਤਿਬ ਹੋ ਕੇ ਇੰਜ ਕਿਹਾ:-

ਨਗਰ ਨਿਵਾਸੀ ਭੈਣੋਂ ਤੇ ਭਰਾਵੋ ਅਤੇ ਅੱਜ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਰ ਪਤਵੰਤੇ ਸੱਜਣੋਂ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਭਾਈ ਸਾਹਿਬ ਵੱਲੋਂ ਗ੍ਰਹਿ ਪ੍ਰਵੇਸ਼ ਦੇ ਰੂਪ ਵਿਚ ਧੁਰਕੀ ਬਾਣੀ ਦੇ ਪਾਠ ਰਖਾਏ ਗਏ ਸਨ। ਅੱਜ ਇਨ੍ਹਾਂ ਦੇ ਭੋਗ ਪਏ ਹਨ। ਇਸ ਮੌਕੇ ਤੇ ਤੁਸੀਂ ਅੰਤਾਂ ਦਾ ਸਹਿਯੋਗ ਦਿੱਤਾ ਏ, ਤੁਸੀਂ ਵਹੀਰਾਂ ਘੱਤ ਕੇ ਆਏ ਹੋ ਮੈਂ ਤੁਹਾਡਾ ਹਾਰਦਿਕ ਧੰਨਵਾਦ ਕਰਦਾ ਹਾਂ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕੁਝ ਦਿਨ ਪਹਿਲਾਂ ਨਗਰ ਕੀਰਤਨ ਦੇ ਰੂਪ ਵਿਚ ਪਿੰਡ ਵਿਚ ਏਕਾ ਲਿਆਉਣ ਲਈ ਭਾਈ ਸਾਹਿਬ ਵੱਲੋਂ ਕੁਝ ਯਤਨ ਕੀਤੇ ਗਏ ਸਨ। ਉਹ ਯਤਨ ਪੂਰੇ ਕਾਮਯਾਬ ਰਹੇ ਸਨ। ਤੁਹਾਡੇ ਵਿਚੋਂ ਬਹੁਤਿਆਂ ਨੇ ਉਸ ਪ੍ਰੋਗਰਾਮ ਦੀ ਡੀ.ਵੀ.ਡੀ. ਦੇਖ ਹੀ

ਲਈ ਹੋਵੇਗੀ। ਅਸੀਂ ਪ੍ਰਦੇਸ਼ਾਂ 'ਚ ਬੈਠੇ ਚੰਗੇ ਖਾਂਦੇ ਪੀਂਦੇ ਹਾਂ। ਭਾਵੇਂ ਅਸੀਂ ਐਥਾਂ ਦੀ ਮਿਹਨਤ ਕਰਦੇ ਹਾਂ ਫਿਰ ਵੀ ਅਸੀਂ ਇੰਨੇ ਔਖੇ ਨਹੀਂ ਜਿੰਨੇ ਕਿ ਅਸੀਂ ਪੰਜਾਬ ਵਿਚ ਆਪਣੇ ਪਿੰਡਾਂ ਵਿਚ ਬੈਠੇ ਹੋਇਆਂ ਕਰਦੇ ਸਾਂ। ਇਸ ਦਾ ਕਾਰਨ ਢਾਂਚੇ ਦਾ ਫ਼ਰਕ ਤੇ ਕਰੰਸੀ ਦਾ ਮਜ਼ਬੂਤ ਹੋਣਾ ਏ। ਜਦ ਅਸੀਂ ਏਅਰਪੋਰਟ ਤੋਂ ਜਾ ਕੇ ਦਿੱਲੀ ਜਾਂ ਅੰਮ੍ਰਿਤਸਰ ਉਤਰਦੇ ਹਾਂ ਤਾਂ ਇਕ ਹਜ਼ਾਰ ਦਾ 45000 ਬਣ ਜਾਂਦਾ ਏ। ਅਗਰ ਅਸੀਂ ਸਾਰੇ ਸੋਚੀਏ ਕਿ ਇਸ 45000 ਵਿਚੋਂ ਸਿਰਫ਼ 1000 ਪਿੰਡ ਦੀ ਬੇਹਤਰੀ ਲਈ ਲਗਾਉਣਾ ਏ ਤਾਂ ਪਿੰਡ ਦੀ ਕਾਇਆ ਪਲਟ ਸਕਦੀ ਏ। ਤੁਹਾਡੇ ਵਿਚੋਂ ਬਹੁਤ ਸਾਰਿਆਂ ਨੇ ਪਿੰਡ 'ਤੇ ਚੋਖੇ ਪੈਸੇ ਖਰਚ ਵੀ ਕੀਤੇ ਹਨ। ਉਹ ਪਿੰਡ ਵਾਸੀਆਂ ਵੱਲੋਂ ਧੰਨਵਾਦ ਦੇ ਪਾਤਰ ਹਨ। ਪਿੰਡ ਕੀਰਤਨ ਸਮੇਂ ਆਪਣੇ ਹੀ ਪਿੰਡ ਦੇ ਪੁਰਾਣੇ ਬਸ਼ਿੰਦੇ ਸ. ਕੀਰਤੀ ਸਿੰਘ ਨੇ ਇਕ ਬੜਾ ਹੀ ਸਾਵਾਂ ਅਤੇ ਸੁਚੱਜਾ ਭਾਸ਼ਨ ਦਿੱਤਾ ਸੀ। ਮੇਰੇ ਵੀਰੋ ਤੇ ਭੈਣੋ, ਉਸ ਭਾਸ਼ਨ ਦੀ ਰਮਜ਼ ਨੂੰ ਪਛਾਣੋਂ। ਕੀਰਤੀ ਸਿੰਘ ਹੁਰੀਂ ਪਿੰਡ ਵਿਚ ਮੇਰੇ ਟੱਬਰ ਵਿਚੋਂ ਨਹੀਂ ਹਨ। ਉਹ ਦੂਸਰੇ ਟੱਬਰ ਦੇ ਹਨ। ਫਿਰ ਵੀ ਉਹ ਪਿੰਡ ਦੀ ਬਿਹਤਰੀ ਲਈ ਹਰ ਸਮੇਂ ਤਤਪਰ ਹਨ। ਇਸੀ ਪ੍ਰਕਾਰ ਪਿਛਲੇ ਲੰਮੇ ਅਰਸੇ ਵਿਚ ਪਿੰਡ ਵਿਚ ਕਈ ਸਿਆਸੀ ਪਾਰਟੀਆਂ ਵੀ ਬਣਦੀਆਂ ਰਹੀਆਂ ਹਨ। ਇਕ ਸਮਾਂ ਸੀ ਕਈ ਘਰਾਂ ਨੇ ਕਾਮਰੇਡੀ ਵਿਚਾਰਧਾਰਾ ਨੂੰ ਅਪਣਾ ਲਿਆ ਸੀ। ਇਨ੍ਹਾਂ ਘਰਾਂ ਦੇ ਵੀ ਕਈ ਬੰਦੇ ਇੱਥੇ ਕੈਨੇਡਾ ਵਿਚ ਸੈੱਟ ਹੋ ਗਏ ਹਨ। ਉਨ੍ਹਾਂ ਵਿਚੋਂ ਕਈ ਅੱਜ ਦੇ ਇਸ ਇਕੱਠ ਵਿਚ ਵੀ ਹਾਜ਼ਰ ਹਨ। ਕੋਈ ਜਿਹੜੀ ਮਰਜ਼ੀ ਵਿਚਾਰਧਾਰਾ ਰੱਖੇ ਸਾਨੂੰ ਇਸ ਨਾਲ ਕੋਈ ਸਰੋਕਾਰ ਨਹੀਂ। ਕਈ ਮੁੱਦੇ ਸਾਂਝੇ ਹੁੰਦੇ ਹਨ। ਇਨ੍ਹਾਂ ਤੇ ਸਾਨੂੰ ਜ਼ਰੂਰ ਇਕੱਠੇ ਹੋਣਾ ਹੀ ਚਾਹੀਦਾ ਏ। ਸਾਨੂੰ ਸਾਰੀਆਂ ਵਿਚਾਰਧਾਰਾਵਾਂ ਦੇ ਬੰਦਿਆਂ ਵਿਚੋਂ ਇਕ ਇਕ ਮੁਹਤਬਰ ਬੰਦਾ ਲੈ ਲੈਣਾ ਚਾਹੀਦਾ ਏ। ਮੈਂ ਚਾਹਾਂਗਾ ਕਿ ਅੱਜ ਦੇ ਇਸ ਇਕੱਠ ਦੇ ਅੰਤ ਵਿਚ ਮੈਨੂੰ ਆਪਣੇ ਆਪਣੇ ਇਕ ਇਕ ਬੰਦੇ ਦਾ ਨਾਂ ਦੇ ਜਾਵੋ।

ਅਗਰ ਅੱਜ ਤੁਸੀਂ ਇਹ ਨਾਮ ਨਹੀਂ ਦੇ ਸਕਦੇ ਤਾਂ ਤੁਸੀਂ ਹਫ਼ਤਾ ਭਰ ਸੋਚ ਕੇ ਵੀ ਇਹ ਨਾਮ ਦੇ ਸਕਦੇ ਹੋ। ਸਾਨੂੰ ਪੰਜ ਮੁਹਤਬਰ ਬੰਦਿਆਂ ਦੇ ਨਾਮ ਚਾਹੀਦੇ ਹਨ। ਅਸੀਂ ਪਿੰਡ ਦੇ ਨਾਂ ਤੇ ਰਸੀਦ ਬੁੱਕ ਛਪਵਾਵਾਂਗੇ। ਇਸ ਰਸੀਦ ਬੁੱਕ ਤੇ ਜਿੰਨੀ ਵੀ ਉਗਰਾਹੀ ਹੋ ਸਕਦੀ ਏ ਕਰਾਂਗੇ। ਇਹ ਸਾਰਾ ਪੈਸਾ ਪਿੰਡ ਦੀ ਬਿਹਤਰੀ ਲਈ ਖਰਚ ਕੀਤਾ ਜਾਵੇਗਾ।

ਤੁਹਾਡੇ ਵਿਚੋਂ ਕਈ ਸੋਚਦੇ ਹੋਣਗੇ ਕਿ ਇਹ ਕੰਮ ਤਾਂ ਪਿੰਡ ਦੀ ਪੰਚਾਇਤ ਦਾ ਏ। ਮੈਂ ਤੁਹਾਡੇ ਇਸ ਵਿਚਾਰ ਨਾਲ ਸਹਿਮਤ ਹਾਂ। ਲੋਕਰਾਜੀ ਢਾਂਚੇ ਵਿਚ ਪੰਚਾਇਤਾਂ ਬੜੀ ਧੀਮੀ ਰਫ਼ਤਾਰ ਨਾਲ ਕੰਮ ਕਰਦੀਆਂ ਹਨ। ਬਾਕੀ ਜਿਸ ਸਿਸਟਮ ਵਿੱਚੋਂ ਅਸੀਂ ਆਏ ਹਾਂ, ਅਸੀਂ ਜਾਣਦੇ ਹਾਂ, ਕਿ ਉਸ ਸਿਸਟਮ ਵਿਚ ਭ੍ਰਿਸ਼ਟਾਚਾਰ ਦਾ ਪਰਕੋਪ ਵੀ ਹਰ ਸਮੇਂ ਬਣਿਆ ਹੀ ਰਹਿੰਦਾ ਏ। ਪੰਚਾਇਤ ਨੂੰ ਮਿਲਣ ਵਾਲੀ ਗਰਾਂਟ ਤੇ ਕਈਆਂ ਦੀ ਅੱਖ ਹੁੰਦੀ ਏ। ਕਈ ਵਾਰ ਤਾਂ ਉਹ ਗਰਾਂਟ ਪਿੰਡ ਤੱਕ ਪਹੁੰਚਦੀ ਵੀ ਬੜੀ ਮੁਸ਼ਕਲ ਨਾਲ ਏ। ਅਗਰ ਇਸ ਸਾਰੀ ਗਰਾਂਟ ਵਿਚ ਦਸ ਵੀਹ ਫੀਸਦੀ ਹੇਰਾ ਫੇਰੀ ਵੀ ਹੁੰਦੀ ਏ ਤਾਂ ਵੀ ਕੋਈ ਘਬਰਾਉਣ ਦੀ ਜ਼ਰੂਰਤ ਨਹੀਂ। ਜਦ ਅਸੀਂ ਪੰਜ ਬੰਦੇ ਕਿਸੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਸੰਪੂਰਨ ਈਮਾਨਦਾਰੀ ਨਾਲ ਖੜ੍ਹੇ ਹੋ ਗਏ ਤਾਂ ਮੈਂ ਆਸ ਕਰਦਾ ਹਾਂ ਕਿ ਪੰਚਾਇਤ ਮੈਂਬਰ ਵੀ ਸਾਡੇ ਨਾਲ ਜ਼ਰੂਰ ਤੁਰਨਗੇ। ਹੁਣ ਲੋਕ ਜਾਗਰਤ ਹੋ ਚੁੱਕੇ ਹਨ। ਪਹਿਲਾਂ ਪਹਿਲ ਕਈ ਪਿਛਾਂਹ

ਖਿਚੂਆਂ ਨੂੰ ਨਾਲ ਲੈ ਕੇ ਤੁਰਨਾ ਬੜਾ ਔਖਾ ਹੁੰਦਾ ਸੀ। ਮੈਂ ਤੁਹਾਨੂੰ ਦੀਮਾਗੀ ਦੀਵਾਲੀਏਪਣ ਦੀ ਇਕ ਮਿਸਾਲ ਦਿੰਦਾ ਹਾਂ। ਤੁਹਾਨੂੰ ਪਤਾ ਏ ਅੱਜ ਤੋਂ 40 ਕੁ ਸਾਲ ਪਹਿਲਾਂ ਨਾ ਪਿੰਡ ਵਿਚ ਬਿਜਲੀ ਸੀ ਤੇ ਨਾ ਹੀ ਪਿੰਡ ਦੀਆਂ ਸੜਕਾਂ ਪੱਕੀਆਂ ਸਨ। ਸੰਨ 70 ਵਿਚ ਜਦ ਮੈਂ ਸਕੂਲ ਪੜ੍ਹਨ ਜਾਂਦਾ ਸਾਂ ਤਾਂ ਸੜਕ ਕੱਚੀ ਹੋਇਆ ਕਰਦੀ ਸੀ। ਉਸ ਤੋਂ ਕੁਝ ਸਮਾਂ ਬਾਅਦ ਅਕਾਲੀ ਸਰਕਾਰ ਬਣੀ ਉਸ ਨੇ ਐਲਾਨ ਕੀਤਾ ਕਿ ਪਿੰਡਾਂ ਦੀਆਂ ਸਭ ਲਿੰਕ ਸੜਕਾਂ ਪੱਕੀਆਂ ਕੀਤੀਆਂ ਜਾਣਗੀਆਂ। ਸਾਡੇ ਪਿੰਡ ਦਾ ਇਕ ਜਿਮੀਂਦਾਰ ਐਵੇਂ ਹੀ ਚੱਕਰ ਵਿਚ ਪੈ ਗਿਆ। ਕਹਿਣ ਲੱਗਾ, ਅਗਰ ਸੜਕਾਂ ਪੱਕੀਆਂ ਹੋਣਗੀਆਂ ਤਾਂ ਸਰਕਾਰ ਸੜਕਾਂ ਤੇ ਪੇੜ ਵੀ ਲਗਾਏਗੀ। ਉਸ ਸਮੇਂ ਵੀ ਤੇ ਹੁਣ ਵੀ ਵੱਡੀਆਂ ਸੜਕਾਂ ਤੇ ਪੇੜਾਂ ਦੀ ਭਰਮਾਰ ਏ। ਇਨ੍ਹਾਂ ਪੇੜਾਂ ਨਾਲ ਮੇਰੀ ਅੱਧੀ ਜ਼ਮੀਨ ਤਾਂ ਛਾਂ ਥੱਲੇ ਆ ਕੇ ਬਰਬਾਦ ਹੋ ਜਾਵੇਗੀ। ਉਸ ਜਿਮੀਂਦਾਰ ਦੇ ਕਈ ਖੇਤ ਉਸ ਰਸਤੇ ਦੇ ਨਾਲ ਲਗਦੇ ਸਨ ਜਿਹੜਾ ਪੱਕੀ ਸੜਕ ਵਿਚ ਤਬਦੀਲ ਹੋਣਾ ਸੀ। ਤੁਸੀਂ ਦੇਖਦੇ ਹੀ ਆਏ ਹੋ ਕਿ ਇਸ ਪ੍ਰਕਾਰ ਦੀ ਸਾਰੀ ਧਾਰਨਾ ਗ਼ਲਤ ਨਿਕਲੀ। ਲਿੰਕ ਸੜਕਾਂ ਦੁਆਲੇ ਕਿਧਰੇ ਵੀ ਪੇੜ ਨਹੀਂ ਲਗਾਏ ਗਏ। ਵੱਡੀਆਂ-ਵੱਡੀਆਂ ਸੜਕਾਂ ਦੁਆਲੇ ਲੱਗੇ ਅੰਤਾਂ ਦੇ ਪੇੜ ਦੇਖ ਕੇ ਕਹੀ ਜਾਣਾ ਕਿ ਲਿੰਕ ਸੜਕਾਂ ਵੀ ਪੇੜਾਂ ਨਾਲ ਭਰ ਜਾਣਗੀਆਂ ਤੇ ਇਹ ਪੇੜ ਜ਼ਮੀਨ ਵਿਚ ਸੇਮ ਪੈਦਾ ਕਰ ਦੇਣਗੇ। ਸਭ ਗੱਲਾਂ ਕਿਆਸਰਾਈਆਂ ਨਿਕਲੀਆਂ। ਜਦ ਦੀਆਂ ਲਿੰਕ ਸੜਕਾਂ ਬਣੀਆਂ ਹਨ ਤੁਸੀਂ ਆਪ ਦੱਸੋ ਫ਼ਾਇਦਾ ਹੋਇਆ ਏ ਕਿ ਨਹੀਂ? ਸਾਡੇ ਪੜ੍ਹਨ ਵਾਲਿਆਂ ਦੇ ਬਾਈ ਸਾਈਕਲ ਮਾੜਾ ਜਿਹਾ ਨੀਂਹ ਪੈਣ 'ਤੇ ਹੀ ਚੀਕਣੀ ਮਿੱਟੀ ਨਾਲ ਭਰ ਜਾਇਆ ਕਰਦੇ ਸਨ ਕਿਉਂਕਿ ਉਸ ਸਮੇਂ ਸੜਕਾਂ ਕੱਚੀਆਂ ਹੁੰਦੀਆਂ ਸਨ। ਘਾਹ ਉਤੇ ਝਾੜ-ਝਾੜ ਕੇ ਅਸੀਂ ਸਾਈਕਲਾਂ ਨੂੰ ਮਾੜਾ ਮੋਟਾ ਤੋਰਨ ਜੋਗਾ ਕਰਿਆ ਕਰਦੇ ਸੀ। ਇਸ ਪ੍ਰਕਾਰ ਪਹਿਲਾਂ-ਪਹਿਲ ਮੇਰੇ ਕਾਮਰੇਡ ਵੀਰਾਂ ਨੇ ਲੋਕਾਂ ਵਿਚ ਗ਼ਲਤ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ। ਕਹਿਣ ਲੱਗ ਪਏ-ਭਾਖੜਾ ਡੈਮ ਬਣਨ ਨਾਲ ਪਾਣੀ ਵਿਚੋਂ ਸਾਰੀ ਬਿਜਲੀ ਤਾਂ ਸਰਕਾਰ ਕੱਢੀ ਜਾਂਦੀ ਏ, ਬਾਕੀ ਕੀ ਬਚਦਾ ਏ, ਬੱਸ ਫੋਕਾ ਪਾਣੀ। ਇਸ ਫੋਕੇ ਪਾਣੀ ਨੇ ਨਹਿਰਾਂ ਰਾਹੀਂ ਕਿਸਾਨਾਂ ਦੀਆਂ ਫ਼ਸਲਾਂ ਤੱਕ ਪਹੁੰਚ ਕੇ ਕੀ ਲਾਭ ਪਹੁੰਚਾਉਣਾ ਏ। ਇਸ ਪ੍ਰਕਾਰ ਦੀਆਂ ਸਭ ਚੀਜ਼ਾਂ ਫੋਕਾ ਪਰਾਪੇਗੰਡਾ ਹੁੰਦੀਆਂ ਹਨ। ਇਨ੍ਹਾਂ ਤੋਂ ਬਚ ਕੇ ਇਕ ਪਲੇਟ ਫਾਰਮ ਤੇ ਇਕੱਠੇ ਹੋਵੋ ਤੇ ਉਗਰਾਹੀ ਕਰੋ। ਪੰਚਾਇਤ ਨੂੰ ਨਾਲ ਲਵੋ ਤੇ ਪਿੰਡ ਤੇ ਪੈਸੇ ਖਰਚ ਕਰੋ। ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਦੇਸ਼ਾਂ ਵਿਚ ਪਹੁੰਚ ਕੇ ਜਿਸ ਮੁਕਾਮ ਤੇ ਹੁਣ ਅਸੀਂ ਪਹੁੰਚ ਚੁੱਕੇ ਹਾਂ ਸਾਡੇ ਲਈ ਪਿੰਡ ਦੀ ਤਰੱਕੀ ਕੁੱਝ ਵੀ ਔਖਾ ਕੰਮ ਨਹੀਂ। ਮੇਰੇ ਕਈ ਵੀਰਾਂ ਨੇ ਪਹਿਲਾਂ ਹੀ ਉਥੇ ਗੁਰਦੁਆਰੇ ਦੀ ਇਮਾਰਤ ਬਣਾਉਣ ਵਿਚ ਚੋਖਾ ਯੋਗਦਾਨ ਪਾਇਆ ਏ। ਮੇਰੇ ਇਕ ਵੀਰ ਨੇ ਸਮਸ਼ਾਨਘਾਟ ਦੀ ਤਰੱਕੀ ਕਰਵਾ ਕੇ ਵੀ ਉਸ ਦੀ ਕਾਇਆ ਪਲਟ ਦਿੱਤੀ ਏ। ਕਿਸੇ ਮਾਡਲ ਗਰਾਮ ਦਾ ਨਮੂਨਾ ਆਪਣੇ ਸਾਹਮਣੇ ਰੱਖ ਲਵੋ। ਮੈਂ ਇਹ ਨਮੂਨਾ ਤੁਹਾਨੂੰ ਲੱਭ ਦਿਆਂਗਾ। ਉਸੇ ਪਿੰਡ ਦੀ ਤਰਜ਼ ਤੇ ਪਿੰਡ ਦਾ ਵਿਕਾਸ ਕਰੀਏ। ਕੁਝ ਪੈਸੇ ਹਮੇਸ਼ਾ ਜਮ੍ਹਾਂ ਰੱਖਿਆ ਕਰੀਏ ਜਿਨ੍ਹਾਂ ਨਾਲ ਸਮੇਂ-ਸਮੇਂ ਤੇ ਬਣੇ ਪ੍ਰੋਜੈਕਟਾਂ ਦੀ ਮੁਰੰਮਤ ਵੀ ਕੀਤੀ ਜਾ ਸਕੇ। ਮੈਂ ਅਤੇ ਕੀਰਤੀ ਸਿੰਘ ਤੁਹਾਡੇ ਹੁੰਗਾਰੇ ਦੀ ਹਮੇਸ਼ਾ ਉਡੀਕ 'ਚ ਰਹਾਂਗੇ।

ਇੰਨਾ ਕੁਝ ਕਹਿੰਦਾ ਹੋਇਆ ਤੁਹਾਡਾ ਸਾਰਿਆਂ ਦਾ ਇੱਥੇ ਢੁੱਕਣ ਤੇ ਧੰਨਵਾਦ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਕੀ ਕੀ ਫਤਹਿ।

ਇਨੇ ਸਮੇਂ ਵਿਚ ਸੰਗਤਾਂ ਵਿਚੋਂ ਇਕ ਹੋਰ ਨਾਮ ਵੀ ਸਕੱਤਰ ਸਾਹਿਬ ਤੱਕ ਪਹੁੰਚ ਗਿਆ ਸੀ। ਇਹ ਨਾਮ ਸੀ ਸ. ਨਾਹਰ ਸਿੰਘ ਦਾ ਜਿਹੜਾ ਕੈਨੇਡਾ ਦੇ ਸਰੀ ਸ਼ਹਿਰ ਵਿਚ ਪਿਛਲੇ 30 ਕੁ ਸਾਲਾਂ ਤੋਂ ਸੈੱਟ ਹੋ ਚੁੱਕਾ ਸੀ। ਉਹ ਸਰੀ ਦੀ ਕੌਂਸਲ ਦਾ ਕਈ ਵਾਰ ਮੈਂਬਰ ਵੀ ਚੁਣਿਆ ਗਿਆ ਸੀ। ਸਕੱਤਰ ਸਾਹਿਬ ਨੇ ਉਸ ਦਾ ਨਾਂ ਅਨਾਊਂਸ ਕਰ ਦਿੱਤਾ।

ਪਾਵਨ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜੀ ਬੈਠੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮਾਨਯੋਗ ਸਪੀਕਰ ਸਰਦਾਰ ਗਿੱਲ ਸਾਹਿਬ ਨੇ ਆਪਣੇ ਸਾਂਵੇ ਪੱਧਰੇ ਤੇ ਸੁਚੱਜੇ ਵਿਚਾਰ ਪੇਸ਼ ਕਰਕੇ ਮੈਨੂੰ ਸੱਚਮੁੱਚ ਹੀ ਉਤਸਾਹਿਤ ਕਰ ਦਿੱਤਾ ਕਿ ਮੈਂ ਵੀ ਆਪ ਜੀ ਨਾਲ ਆਪਣੇ ਵਿਚਾਰ ਸਾਂਝੇ ਕਰਾਂ। ਸਵਾਲ ਸੁਆਰਥ ਤੋਂ ਉਪਰ ਉੱਠਣ ਦਾ ਏ। ਨਿਰਸੁਆਰਥੀ ਹੋਣ ਦੀ ਚਿਣਗ ਪਹਿਲਾਂ ਹੀ ਪਿੰਡ ਵਿਚ ਸ. ਕੀਰਤੀ ਸਿੰਘ ਹੁਰਾਂ ਦੇ ਭਾਸ਼ਨ ਨੇ ਪੈਦਾ ਕਰ ਦਿੱਤੀ ਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ. ਕੀਰਤੀ ਸਿੰਘ ਤੋਂ ਜਵਾਨੀ 'ਚ ਪੈਰ ਧਰਦੇ ਸਾਰ ਹੀ ਕਤਲ ਹੋ ਗਿਆ ਸੀ। ਉਹ ਕਤਲ ਗ਼ਲਤ ਸੀ ਜਾਂ ਠੀਕ ਸੀ। ਇਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਇੰਨਾ ਮੈਂ ਜ਼ਰੂਰ ਕਹਾਂਗਾ ਕਿ ਉਹ ਕਤਲ ਵੀ ਪਿੰਡ ਵਿਚ ਉੱਚੀਆਂ ਅਤੇ ਸੁੱਚੀਆਂ ਕਦਰਾਂ ਕੀਮਤਾਂ ਕਾਇਮ ਰੱਖਣ ਵੱਲ ਇਕ ਕਦਮ ਸੀ। ਅਗਰ ਕੁਝ ਲੋਕ ਉਸ ਕਤਲ ਨੂੰ ਗ਼ਲਤ ਸਮਝਦੇ ਹਨ ਤਾਂ ਇੰਝ ਕਿਹਾ ਜਾ ਸਕਦਾ ਹੈ ਕਿ ਜਵਾਨੀ ਦੀ ਦਹਿਲੀਜ਼ ਤੇ ਪੈਰ ਰਖਦੇ ਸਾਰ ਸਾਥੋਂ ਕਈ ਜਲਦਬਾਜ਼ੀਆਂ ਜਾਂ ਗ਼ਲਤੀਆਂ ਵੀ ਹੋ ਸਕਦੀਆਂ ਹਨ। ਜੋ ਕੁਝ ਮਰਜ਼ੀ ਹੋਇਆ ਹੋਵੇ ਸ. ਕੀਰਤੀ ਸਿੰਘ ਉਸ ਕਤਲ 'ਚੋਂ ਬਰੀ ਤਾਂ ਹੋ ਹੀ ਗਿਆ ਸੀ।

ਅਗਰ ਉਹ ਗ਼ਲਤ ਸੀ ਤਾਂ ਉਸ ਬਾਰੇ ਦੇਸ਼ ਦਾ ਕਾਨੂੰਨ ਜਾਣੇ। ਉਸ ਤੋਂ ਬਾਅਦ ਕੀਰਤੀ ਸਿੰਘ ਨੇ ਸਾਰਾ ਜੀਵਨ ਇਕ ਧਰਮਾਤਮਾ ਦੀ ਤਰ੍ਹਾਂ ਬਿਤਾਇਆ। ਅੰਤਾਂ ਦੀ ਮਿਹਨਤ ਕੀਤੀ। ਕਈ ਮਾਰਗ ਦਰਸ਼ਨ ਕੀਤੇ। ਉਨ੍ਹਾਂ ਦੀ ਅਗਵਾਈ ਨਾਲ ਕਈਆਂ ਦੀ ਕਾਇਆ ਪਲਟ ਗਈ। ਨਗਰ ਕੀਰਤਨ ਸਮੇਂ ਉਨ੍ਹਾਂ ਵੱਲੋਂ ਪੇਸ਼ ਕੀਤੇ ਵਿਚਾਰਾਂ ਨੇ ਸਾਡੇ ਲਈ ਇਕ ਨਵਾਂ ਰਸਤਾ ਅਖ਼ਤਿਆਰ ਕਰਨ ਦੀ ਪ੍ਰੇਰਨਾ ਦਿੱਤੀ ਏ। ਸਾਡੀ ਬਾਹਰਲੇ ਦੇਸ਼ਾਂ ਵਿਚ ਇੰਨੀ ਜ਼ਿਆਦਾ ਸੰਖਿਆ ਹੋ ਚੁੱਕੀ ਹੈ ਕਿ ਇਕ ਪਿੰਡ ਦੀ ਕਾਇਆ ਪਲਟਣੀ ਸਾਡਾ ਬਾਏਂ ਹੱਥ ਦਾ ਖੇਲ੍ਹ ਏ। ਸਵਾਲ ਇਕ ਹੀ ਏ। ਉਗਰਾਇਆ ਪੈਸਾ ਸਾਰੇ ਦਾ ਸਾਰਾ ਈਮਾਨਦਾਰੀ ਨਾਲ ਪਿੰਡ ਤੇ ਹੀ ਲੱਗਣਾ ਚਾਹੀਦਾ ਏ। ਉਸ ਵਿਚੋਂ ਅੱਧੋਂ ਡੂਢ ਨਹੀਂ ਹੋਣਾ ਚਾਹੀਦਾ। ਪੰਚਾਇਤਾਂ ਭਾਵੇਂ ਜੋ ਮਰਜ਼ੀ ਕਹੀ ਜਾਣ। ਅਸੀਂ ਐਨ.ਆਰ.ਆਈ. ਅਗਰ ਆਪਣੀ ਆਈ ਤੇ ਆ ਜਾਈਏ ਤਾਂ ਆਪਣੇ ਪਿੰਡਾਂ ਨੂੰ ਸਵਰਗ ਬਣਾ ਸਕਦੇ ਹਾਂ। ਕਈ ਜਗ੍ਹਾ ਐਨ.ਆਰ.ਆਈਜ਼ ਨੇ ਇੰਜ ਕੀਤਾ ਵੀ ਏ। ਆਪਣੀ ਜੰਮਣ ਭੋਂ ਦੀ ਕਾਇਆ ਪਲਟਣਾ ਸਾਡਾ ਫਰਜ਼ ਬਣਦਾ ਏ। ਅਸੀਂ ਇੱਥੇ ਜੋ ਮਰਜ਼ੀ ਬਣੇ ਫਿਰੀਏ ਸਾਡੀਆਂ ਜੜ੍ਹਾਂ ਤਾਂ ਉਥੇ ਪੰਜਾਬ ਦੀ ਮਿੱਟੀ ਵਿਚ ਹੀ ਹਨ। ਤੁਸੀਂ ਜਾਣਦੇ ਹੀ ਹੋ ਹਿੰਦੁਸਤਾਨ ਨੂੰ ਦਰਪੇਸ਼ ਅੰਤਾਂ ਦੀਆਂ ਸਮੱਸਿਆਵਾਂ ਹਨ।

ਆਬਾਦੀ ਅੰਤਾਂ ਦੀ ਵਧੀ ਜਾਂਦੀ ਏ। ਛੋਟੇ ਸੂਬਿਆਂ ਦੇ ਬੜੇ ਘੱਟ ਮੈਂਬਰ ਪਾਰਲੀਮੈਂਟ ਹਨ। ਉਥੇ ਵੱਡੇ ਸੂਬਿਆਂ ਦੇ ਮੈਂਬਰ ਪਾਰਲੀਮੈਂਟ ਆਪਣੀ ਮੰਗ ਜਲਦੀ ਮਨਵਾ ਲੈਂਦੇ ਹਨ। ਬਾਕੀ ਸਰਕਾਰ ਦੀ ਕਿਸਾਨਾਂ ਪ੍ਰਤੀ ਪਾਲਿਸੀ ਹਮੇਸ਼ਾ ਹੀ ਮਾਰੂ ਰਹੀ ਏ। ਜਿਹੜਾ ਸੂਬਾ ਸਾਰੇ ਦੇਸ਼ ਦੇ ਅੰਨ ਭੰਡਾਰ ਵਿਚ ਅੰਤਾਂ ਦਾ ਯੋਗਦਾਨ ਪਾਉਂਦਾ ਏ ਉਸ ਨੂੰ ਹੀ ਪਿਛਾਂਹ ਸੁੱਟਿਆ ਹੋਇਆ ਏ। ਅਗਰ ਉਥੇ ਲੋਕ ਆਪਣੀ ਮਿਹਨਤ ਨਾਲ ਚੰਗੇ ਖਾਂਦੇ ਪੀਂਦੇ ਹਨ ਤਾਂ ਉਥੇ ਹਰ ਚੀਜ਼ ਮਹਿੰਗੀ ਕੀਤੀ ਹੋਈ ਏ। ਮੈਂ ਪਿੱਛੇ ਜਿਹੇ ਉੱਥੇ ਗਿਆ, ਜਾਂਦੇ ਸਾਰ ਸ਼ਰਾਬ ਦੀ ਬੋਤਲ ਖਰੀਦੀ ਉਸ ਦਾ ਰੇਟ ਹੋਰ ਸੀ, ਫਿਰ ਚੰਡੀਗੜ੍ਹ 'ਚੋਂ ਬੋਤਲ ਖਰੀਦੀ ਤਾਂ ਉਸਦਾ ਰੇਟ ਕੁਝ ਹੋਰ ਸੀ ਤੇ ਫਿਰ ਜਾ ਕੇ ਪੰਜਾਬ ਵਿਚੋਂ ਬੋਤਲ ਖਰੀਦੀ ਤਾਂ ਨਿਰੀ ਅੱਗ ਲੱਗੀ ਹੋਈ ਸੀ। ਜਿੱਥੇ ਖੁਸ਼ਹਾਲੀ ਏ ਉਥੇ ਹਰ ਚੀਜ਼ ਮਹਿੰਗੀ ਏ। ਮੈਂ ਇਸ ਵਿਸ਼ੇ ਤੇ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ। ਇਨ੍ਹਾਂ ਮਸਲਿਆਂ ਬਾਰੇ ਉੱਥੇ ਦੀ ਸਰਕਾਰ ਜਾਣੇ। ਮੈਂ ਤਾਂ ਸਿਰਫ਼ ਅਸੀਂ ਆਪਣੇ ਪਿੰਡ ਲਈ ਕੀ ਕਰ ਸਕਦੇ ਹਾਂ, ਇਸ ਵਿਸ਼ੇ ਤੇ ਹੀ ਤੁਹਾਨੂੰ ਸਾਰਿਆਂ ਨੂੰ ਇੱਕ ਅਪੀਲ ਕਰਨੀ ਚਾਹੁੰਦਾ ਹਾਂ। ਮੈਂ ਆਪਣਾ ਨਾਮ ਉਗਰਾਹੀ ਵਾਸਤੇ ਗਿੱਲ ਸਾਹਿਬ ਨੂੰ ਪੇਸ਼ ਕਰਦਾ ਹਾਂ। ਮੈਂ ਹੁਣੇ ਹੀ ਦੋ ਹਜ਼ਾਰ ਡਾਲਰ ਇਸ ਉਗਰਾਹੀ ਲਈ ਦੇ ਕੇ ਇਸ ਸ਼ੁਭ ਕੰਮ ਵਿਚ ਆਪਣਾ ਯੋਗਦਾਨ ਪਾਉਂਦਾ ਹਾਂ ਤੇ ਆਪਣੇ-ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ। ਅਪੀਲ ਕਰਦਾ ਹਾਂ, ਆਪਣੇ ਹੋਰ ਭਰਾਵਾਂ ਨੂੰ, ਇਸ ਸ਼ੁਭ ਕੰਮ ਲਈ ਅੱਗੇ ਆਵੋ।

ਵਿਚੋਂ ਹੀ ਇੱਕ ਨੇ ਜੈਕਾਰਾ ਛੱਡ ਦਿੱਤਾ।

ਜੋ ਬੋਲੇ ਸੋ ਨਿਹਾਲ

ਸਤਿ ਸ੍ਰੀ ਅਕਾਲ।

ਸਭ ਦਾ ਤਹਿ ਦਿਲੋਂ ਧੰਨਵਾਦੀ ਹਾਂ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਨਾਹਰ ਸਿੰਘ ਦਾ ਆਪਣਾ ਭਾਸ਼ਨ ਖ਼ਤਮ ਕਰਨ ਤੋਂ ਬਾਅਦ ਸੰਗਤ ਵਿਚ ਇਕ ਦਲੀਪਾ ਰਾਮ ਨਾਂ ਦਾ ਵਿਅਕਤੀ ਉੱਠ ਖੜ੍ਹਾ ਹੋਇਆ। ਉਹ ਪਿੰਡ ਦਾ ਹਰੀਜਨ ਭਰਾ ਸੀ ਅਤੇ 40 ਕੁ ਸਾਲ ਪਹਿਲਾਂ ਇੰਗਲੈਂਡ ਪਹੁੰਚ ਗਿਆ ਸੀ। ਉਸ ਨੂੰ ਉਸ ਦੀ ਲੜਕੀ ਨੇ ਇੰਗਲੈਂਡ ਸੱਦਿਆ ਸੀ ਤੇ ਬਾਅਦ ਵਿਚ ਕੈਨੇਡਾ ਆ ਗਿਆ ਸੀ। ਪਿੰਡ ਦੀ ਹਰੀਜਨ ਸਰਪੰਚਣੀ ਵੀ ਇਨ੍ਹਾਂ ਦੇ ਟੱਬਰ ਦੇ ਨੇੜਿਉਂ ਹੀ ਸੀ। ਦਲੀਪਾ ਰਾਮ ਇਕ ਸਾਧਾਰਨ ਅਨਪੜ੍ਹ ਵਿਅਕਤੀ ਸੀ। ਉਸ ਨੂੰ ਲੋਕਾਂ ਸਾਹਮਣੇ ਖੜ੍ਹੇ ਹੋ ਕੇ ਬੋਲਣ ਦਾ ਕੋਈ ਤਜ਼ਰਬਾ ਨਹੀਂ ਸੀ ਪ੍ਰੰਤੂ ਲੰਬੀ ਉਮਰ ਅਤੇ ਲੰਬਾ ਸਮਾਂ ਪੰਜਾਬੀ ਅਤੇ ਇੰਗਲੈਂਡ ਦੇ ਸਮਾਜ ਵਿਚ ਵਿਚਰਣ ਕਰਕੇ ਉਹ ਇਕ ਅੱਧ ਗੱਲ ਰੜਕ ਨਾਲ ਕਰ ਸਕਦਾ ਸੀ। ਉਸ ਨੇ ਉੱਠ ਕੇ ਸੰਗਤ ਵਿਚ ਹੀ ਹੱਥ ਖੜ੍ਹਾ ਕਰ ਦਿੱਤਾ। ਸਾਰੀ ਸੰਗਤ ਉਸ ਵੱਲ ਦੇਖਣ ਲੱਗ ਪਈ। ਉਸ ਨੇ ਚੰਦ ਕੁ ਸ਼ਬਦ ਆਪਣੇ ਥਾਂ ਤੇ ਖੜ੍ਹੇ ਨੇ ਹੀ ਬੋਲ ਦਿੱਤੇ-

ਸੰਗਤ ਦੇ ਰੂਪ ਵਿਚ ਹਾਜ਼ਰ ਪਤਵੰਤੇ ਸੱਜਣੋ

ਭੈਣੋ ਤੇ ਭਰਾਵੋ,

ਮੈਂ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ। ਅੱਜ ਦਾ ਪ੍ਰੋਗਰਾਮ ਦੇਖ ਅਤੇ ਸੁਣ ਕੇ ਮੈਨੂੰ ਅੰਤਾਂ ਦੀ ਖ਼ੁਸ਼ੀ ਹੋਈ ਏ। ਗਿੱਲ ਸਾਹਿਬ ਨੇ ਪਿੰਡ ਦੀ ਕਾਇਆ ਪਲਟਣ ਦਾ ਬੀੜਾ ਚੁੱਕਿਆ ਏ। ਇਸ ਤੋਂ ਵਧੀਆ ਲੋਕ ਭਲਾਈ ਦਾ ਹੋਰ ਕੋਈ ਕੰਮ ਨਹੀਂ ਹੋ ਸਕਦਾ। ਜਦ ਪਿੰਡ ਜਾਈਦਾ ਏ ਖ਼ੁਸ਼ੀ ਵੀ ਹੁੰਦੀ ਏ ਤੇ ਨਾਲ-ਨਾਲ ਦੁੱਖ ਵੀ ਹੁੰਦਾ ਏ। ਖ਼ੁਸ਼ੀ ਇਸ ਗੱਲ ਦੀ ਕਿ ਅਸੀਂ ਜੰਮਣ ਭੋਂ ਵਿਚ ਪਹੁੰਚੇ ਹੁੰਦੇ ਹਾਂ। ਪੁਰਾਣੀਆਂ ਯਾਦਾਂ ਸਾਰੀਆਂ ਤਾਜ਼ਾ ਹੋ ਜਾਂਦੀਆਂ ਹਨ। ਮਿੱਟੀ ਦਾ ਮੋਹ ਕੀਹਦੇ ਮਨ ਵਿਚ ਨਹੀਂ ਜਾਗਦਾ? ਦੁੱਖ ਇਸ ਕਰਕੇ ਹੁੰਦਾ ਏ ਕਿ ਪਿੰਡਾਂ ਦੇ ਵਿਕਾਸ ਦੀ ਰਫ਼ਤਾਰ ਬਹੁਤ ਹੀ ਧੀਮੀ ਏ। ਜਿੰਨਾ ਕੁ ਬਣਦਾ ਏ, ਉਸਤੋਂ ਵੱਧ ਪੁਰਾਣਾ ਹੋ ਟੁੱਟ ਜਾਂਦਾ ਏ ਜਾਂ ਖ਼ਰਾਬ ਹੀ ਰਹਿੰਦਾ ਏ। ਇਕੱਲੀ ਸਰਕਾਰ ਕੁੱਝ ਨਹੀਂ ਕਰ ਸਕਦੀ। ਉੱਥੇ ਜ਼ਿਮੀਦਾਰ, ਮਜ਼ਦੂਰ ਛੋਟੀਆਂ ਦੁਕਾਨਾਂ ਵਾਲੇ ਸਭ ਦੁਖੀ ਹਨ। ਸਾਰੇ ਪਾਸੇ ਮਹਿਗਾਈ ਦਾ ਚੀਖ ਚਿਹਾੜਾ ਮੱਚਿਆ ਰਹਿੰਦਾ ਏ। ਖਾਲਸੇ ਦੇ ਪੁਰਬ ਤੇ ਸਰਕਾਰ ਨੇ ਆਨੰਦਪੁਰ ਸਾਹਿਬ ਦਾ ਆਲਾ ਦੁਆਲਾ ਸੰਵਾਰਿਆ ਸੀ। ਸੜਕਾਂ ਦੀ ਹਾਲਤ ਚੰਗੀ ਹੋ ਗਈ ਸੀ। ਬਾਅਦ ਵਿਚ ਇਨ੍ਹਾਂ ਦੀ ਕਿਸੇ ਸਾਰ ਹੀ ਨਹੀਂ ਲਈ। ਮੈਂ ਕੀਰਤੀ ਸਿੰਘ ਨੂੰ ਬਹੁਤ ਪੁਰਾਣਾ ਜਾਣਦਾ ਹਾਂ। ਉਮਰ ਵਿਚ ਉਹ ਮੈਥੋਂ ਥੋੜ੍ਹਾ ਹੀ ਛੋਟਾ ਏ। ਇਕੱਠੇ ਇਕ ਸਕੂਲ ਵਿਚ ਪੜ੍ਹਦੇ ਹੁੰਦੇ ਸੀ। ਮੁੰਡਾ ਬੜਾ ਤੇਜ਼ ਤਰਾਰ ਹੁੰਦਾ ਸੀ। ਪੜ੍ਹਨ ਨੂੰ ਵੀ ਚੰਗਾ ਹੁੰਦਾ ਸੀ। ਬਾਅਦ ਵਿਚ ਵਿਚਾਰਾ ਕਈ ਚੱਕਰਾਂ ਵਿਚ ਫਸ ਗਿਆ। ਮੁੜ ਕੇ ਮਸਾਂ ਇਨ੍ਹਾਂ ਚੱਕਰਾਂ ਤੋਂ ਨਿਕਲਿਆ। ਤੁਸੀਂ ਜਾਣਦੇ ਹੋ ਉਸ ਦੇ ਜੀਵਨ ਦੀ ਕਹਾਣੀ ਅਜੀਬ ਕਿਸਮ ਦੀ ਏ। ਤੁਸੀਂ ਰਲ ਕੇ ਪਿੰਡ ਦੀ ਤਰੱਕੀ ਦਾ ਬੀੜਾ ਚੁੱਕਿਆ ਏ। ਮੇਰੀ ਬਰਾਦਰੀ ਮੇਰੀ ਗੱਲ ਅਕਸਰ ਮੰਨ ਹੀ ਲੈਂਦੀ ਏ। ਅਸੀਂ ਸਭ ਤੁਹਾਡੇ ਨਾਲ ਹਾਂ।

ਅੱਜ ਇਸ ਮੌਕੇ ਤੇ ਮੈਂ ਆਪਣੀ ਤਰਫ਼ੋਂ ਇਕ ਹਜ਼ਾਰ ਡਾਲਰ ਇਸ ਸਾਂਝੇ ਖਾਤੇ ਵਿਚ ਪਾਉਣ ਦਾ ਐਲਾਨ ਕਰਦਾ ਹਾਂ।

ਇਕ ਨੇ ਜੈਕਾਰਾ ਛੱਡ ਦਿੱਤਾ

ਜੋ ਬੋਲੇ ਸੋ ਨਿਹਾਲ

ਸਤਿ ਸ੍ਰੀ ਅਕਾਲ।

ਇਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

ਇਸ ਪ੍ਰਕਾਰ ਇਸ ਇਕੱਠ ਤੇ ਉਗਰਾਹੀ ਕਰਨ ਦੇ ਪ੍ਰੋਗਰਾਮ ਦੀ ਨੀਂਹ ਰੱਖੀ ਗਈ। ਇਕੱਠ ਖ਼ਤਮ ਹੋਣ ਤੋਂ ਬਾਅਦ ਗਿੱਲ ਸਾਹਿਬ ਨੇ ਕੁਝ ਮੁਹਤਬਰਾਂ ਦੀ ਇਕ ਅਲੱਗ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਆਉਣ ਵਾਲੇ ਸਮੇਂ ਵਿਚ ਉਗਰਾਹੀ ਦੇ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਦੀ ਸਕੀਮ ਸੋਚੀ ਗਈ। ਇਸ ਉਗਰਾਹੀ ਕਮੇਟੀ ਵਿਚ ਨਾਹਰ ਸਿੰਘ ਤੇ ਦਲੀਪਾ ਰਾਮ ਨੂੰ ਤਾਂ ਲੈ ਹੀ ਲਿਆ ਗਿਆ। ਨਾਹਰ ਸਿੰਘ ਤੇ ਦਲੀਪਾ ਰਾਮ ਨੇ ਕਿਹਾ ਕਿ ਗਿੱਲ ਸਾਹਿਬ ਖ਼ੁਦ ਵੀ ਉਗਰਾਹੀ ਕਮੇਟੀ ਵਿਚ ਹੋਣੇ ਹੀ ਚਾਹੀਦੇ ਹਨ। ਪਿੰਡਾਂ ਦਾ ਇਕ ਬਾਣੀਆ ਮਨੋਹਰ ਲਾਲ ਲੂਥਰਾ ਵੀ ਸਰੀ ਵਿਚ ਹੀ ਰਹਿੰਦਾ ਸੀ। ਉਸ ਪਾਸ ਜਾਣ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ।

ਲੰਗਰ ਛਕ ਕੇ ਸੰਗਤਾਂ ਹਾਲ ਦੀ ਘੜੀ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ।

## ਅਧਿਆਇ 10

# ਧੀਏ, ਸੁਖੀ ਵੀ ਏਂ?

ਜੱਸੀ ਤੇ ਜਸਦੀਪ ਵਿਚ ਹੁਣ ਅਕਸਰ ਝਗੜਾ ਰਹਿਣ ਲੱਗ ਪਿਆ ਸੀ। ਦੋਹਾਂ ਦਾ ਇਕ ਦੂਜੇ ਤੇ ਯਕੀਨ ਉੱਡ ਗਿਆ ਸੀ। ਜਸਦੀਪ ਹੋਰ ਕੁੜੀਆਂ ਦੀ ਸੰਗਤ ਵਿਚ ਫਿਰਦਾ ਰਹਿੰਦਾ ਸੀ ਤੇ ਜੱਸੀ ਰੋਨਲਡ ਨਾਲ ਫਿਰਦੀ ਰਹਿੰਦੀ। ਹੁਣ ਜੱਸੀ ਨੇ ਪੰਜਾਬ ਜਾਣ ਦਾ ਪ੍ਰੋਗਰਾਮ ਵੀ ਬਣਾ ਲਿਆ ਸੀ। ਉਸ ਨੇ ਕੁਝ ਸਮਾਂ ਇਕ ਸਟੋਰ ਵਿਚ ਕੰਮ ਕੀਤਾ ਸੀ ਤੇ ਪੰਜਾਬ ਜਾਣ ਜੋਗੇ ਪੈਸੇ ਬਣਾ ਲਏ ਸਨ। ਉਸ ਨੇ ਜਸਦੀਪ ਨੂੰ ਦੱਸੇ ਬਗ਼ੈਰ ਪੰਜਾਬ ਜਾਣ ਲਈ ਟਿਕਟ ਵੀ ਲੈ ਲਈ ਸੀ।

— ਕੀ ਤੁਸੀਂ ਮੈਨੂੰ ਅੱਠ ਤਾਰੀਖ ਨੂੰ ਏਅਰਪੋਰਟ ਤੇ ਛੱਡ ਆਓਗੇ?

— ਕੀ ਤੂੰ ਮੈਨੂੰ ਪੁੱਛ ਕੇ ਸੀਟ ਬੁੱਕ ਕਰਾਈ ਸੀ?

— ਮੈਨੂੰ ਆਈ ਨੂੰ ਤਿੰਨ ਸਾਲ ਹੋ ਗਏ। ਹੁਣ ਮੈਂ ਇਕ ਵਾਰ ਤਾਂ ਜਾਣਾ ਹੀ ਏ।

— ਮੈਂ ਤੈਨੂੰ ਜਾਣ ਤੋਂ ਰੋਕਿਆ ਏ? ਫਿਰ ਵੀ ਸੀਟ ਮੈਨੂੰ ਪੁੱਛ ਕੇ ਬੁੱਕ ਕਰਵਾਉਣੀ ਚਾਹੀਦੀ ਸੀ।

— ਤੁਸੀਂ ਮੇਰੀ ਕਿੰਨੀ ਕੁ ਪ੍ਰਵਾਹ ਕਰਦੇ ਹੋ?

— ਹੋਰ ਮੈਂ ਤੇਰੀ ਕੀ ਪ੍ਰਵਾਹ ਕਰਾਂ? ਘਰ ਦੇ ਸਾਰੇ ਬਿੱਲ ਦੇਈ ਜਾਂਦਾ ਹਾਂ। ਘਰ ਦੀ ਮਾਰਟਗੇਜ਼ ਵੀ ਦੇਈ ਜਾ ਰਿਹਾ ਹਾਂ। ਤੈਨੂੰ ਪਤਾ ਏ ਯੂਨਿਟ ਹੈ ਵੀ ਦੋਹਾਂ ਦੇ ਨਾਮ। ਅਗਰ ਮੈਂ ਚਾਹੁੰਦਾ ਤਾਂ ਯੂਨਿਟ ਆਪਣੇ ਇਕੱਲੇ ਦੇ ਨਾਮ ਵੀ ਕਰਵਾ ਸਕਦਾ ਸੀ।

— ਕੀ ਪੈਸਾ ਸਭ ਕੁਝ ਹੁੰਦਾ ਏ? ਕੀ ਮੈਂ ਪੈਸੇ ਨਾਲ ਵਿਆਹ ਕਰਵਾਇਆ ਸੀ?

— ਮੈਨੂੰ ਤਾਂ ਲਗਦਾ ਏ ਕਿ ਤੂੰ ਪੈਸੇ ਨਾਲ ਹੀ ਵਿਆਹ ਕਰਵਾਇਆ ਸੀ। ਅਗਰ ਪੈਸੇ ਨਾਲ ਵਿਆਹ ਨਾ ਕਰਵਾਇਆ ਹੁੰਦਾ ਤਾਂ ਬਾਹਰ ਨੂੰ ਆਉਣ ਦੇ ਚੱਕਰਾਂ 'ਚ ਕਿਉਂ ਪੈਂਦੀ? ਉਧਰ ਹੀ ਕਿਸੇ ਨਾਲ ਲਾਵਾਂ ਲੈ ਲੈਂਦੀ? ਨਾਲੇ ਹਰਾਮਜ਼ਾਦੀਆਂ ਬਾਹਰ ਆਉਣ ਨੂੰ ਤਰਸਦੀਆਂ ਰਹਿੰਦੀਆਂ ਨੇ ਤੇ ਨਾਲੇ ਕਹਿਣਗੀਆਂ ਕਿ ਇਨ੍ਹਾਂ ਨੇ ਪੈਸੇ ਨਾਲ ਵਿਆਹ ਨਹੀਂ ਕਰਵਾਇਆ। ਜਾਹ ਦਫ਼ਾ ਹੋ ਜਾਹ। ਜਿੱਥੇ ਮਰਜ਼ੀ ਜਾਹ। ਮੈਂ ਨਹੀਂ ਛੱਡਣ ਜਾ ਸਕਦਾ ਏਅਰਪੋਰਟ ਨੂੰ।

ਘੜੀ ਦੀ ਘੜੀ ਜੱਸੀ ਗੁੱਸਾ ਪੀ ਗਈ ਪਰ ਉਸ ਨੇ ਹੁਣ ਪੱਕਾ ਠਾਣ ਲਿਆ ਸੀ ਕਿ ਉਹ ਬਦਲਾ ਲੈ ਕੇ ਹੀ ਦੱਸੇਗੀ। ਅੱਠ ਤਾਰੀਖ ਨੂੰ ਟੈਕਸੀ ਕਰਕੇ ਉਹ ਇਕੱਲੀ ਏਅਰਪੋਰਟ ਤੇ ਪਹੁੰਚ ਗਈ। ਸਾਰੇ ਕਾਗਜ਼ ਪੱਤਰ ਉਸ ਪਹਿਲਾਂ ਹੀ ਸੰਭਾਲ ਲਏ ਸਨ। ਜਹਾਜ਼ ਵਿਚ ਬੈਠ ਕੇ ਉਸ ਦਾ ਮਨ ਉਬਾਲੇ ਖਾਣ ਲੱਗਾ:-

ਚੰਗੀ ਤਰ੍ਹਾਂ ਪੜ੍ਹਾਈ ਨਾ ਕਰਕੇ ਮੈਂ ਆਪਣੀ ਜ਼ਿੰਦਗੀ ਖ਼ਰਾਬ ਕੀਤੀ ਏ......ਅਗਰ ਚੰਗਾ ਪੜ੍ਹ ਲਿਖ ਜਾਂਦੀ ਤਾਂ ਟੈਸਟ ਪਾਸ ਕਰਕੇ ਆਪਣੇ ਸਿਰ ਤੇ ਬਾਹਰ ਜਾਂਦੀ......ਆਪਣੇ ਸਿਰ ਤੇ ਬਾਹਰ ਜਾਣ ਦਾ ਮਜ਼ਾ ਹੀ ਕੁਝ ਹੋਰ ਏ......ਪੰਜਾਬ ਆਓ ਆਪਣੀ ਮਰਜ਼ੀ ਨਾਲ ਮੁੰਡਾ ਚੁਣੋ ਤੇ ਫਿਰ ਵਿਆਹ ਕਰਵਾ ਲਵੋ। ਪਹਿਲੀ ਉਮਰ 'ਚ ਕੀਤੀਆਂ ਗ਼ਲਤੀਆਂ ਵੀ ਸਭ ਛੁਪ ਜਾਂਦੀਆਂ ਹਨ......ਮੁੰਡਾ ਵੀ ਹਾਣ ਦਾ ਮਿਲਦਾ ਏ......ਹਾਣ ਦੇ ਮੁੰਡੇ ਦੀ ਗੱਲ ਈ ਹੋਰ ਹੁੰਦੀ ਏ......ਨਾਲੇ ਆਪ ਚੁਣਿਆ ਮੁੰਡਾ ਆਪਣਾ ਗੁਲਾਮ ਬਣ ਕੇ ਵੀ ਰਹਿੰਦਾ ਏ......ਮੁੰਡਾ ਅਹਿਸਾਨਮੰਦ ਵੀ ਰਹਿੰਦਾ ਏ......ਕਈ ਤਾਂ ਨਿਰੇ ਗੁਲਾਮ ਹੀ ਬਣ ਜਾਂਦੇ ਹਨ......ਕਿੰਨਾ ਮਜ਼ਾ ਏ ਜੇ ਕੋਈ ਗੁਲਾਮ ਹੀ ਬਣ ਜਾਵੇ......ਪੰਜਾਬ 'ਚੋਂ ਤਾਂ ਮੈਨੂੰ ਹੁਣ ਵੀ ਹਾਣ ਦਾ ਮੁੰਡਾ ਮਿਲ ਸਕਦਾ ਏ...ਉਥੋਂ ਤਾਂ ਹਰ ਜਣਾ ਖਣਾ ਬਾਹਰ ਜਾਣ ਨੂੰ ਝੂਰਦਾ ਏ......ਭਾਵੇਂ ਕਿਸੇ ਤੋਂ ਪੈਸੇ ਵੀ ਲੈ ਲਵੋ......ਮਜ਼ੇ ਕਰੋ ਪੈਸਿਆਂ ਨਾਲ ਵੀ ਤੇ ਮੁੰਡੇ ਨਾਲ ਵੀ......ਨਹੀਂ, ਪੈਸੇ ਨਹੀਂ ਲੈਣੇ ਚਾਹੀਦੇ!......ਜ਼ਿਆਦਾ ਪੈਸੇ ਵਾਲੇ ਖ਼ਰਾਬ ਹੁੰਦੇ ਹਨ? ਕੋਈ ਸਾਧਾਰਨ ਪਰਿਵਾਰ ਦਾ ਆਪਣੇ ਹਾਣ ਦਾ ਮੁੰਡਾ! ਪਹਿਲਾਂ ਤਲਾਕ ਤਾਂ ਲੈਣਾ ਹੀ ਪਊ। ਕਿਤੇ ਜਸਦੀਪ ਕੋਈ ਹੰਗਾਮਾ ਖੜ੍ਹਾ ਤਾਂ ਨਹੀਂ ਕਰ ਦੇਊ।......ਨਹੀਂ! ਨਹੀਂ! ਆਸਟਰੇਲੀਆ ਜਿਹੇ ਦੇਸ਼ 'ਚ ਕੀ ਹੰਗਾਮਾ ਕਰ ਦੇਊ? ਉਹਦੇ ਬੰਦੇ ਤਾਂ ਪੰਜਾਬ 'ਚ ਵੀ ਆ। ਮੈਨੂੰ ਪੰਜਾਬ ਜਾ ਕੇ ਬਹੁਤਾ ਰੌਲਾ ਨਹੀਂ ਪਾਉਣਾ ਚਾਹੀਦਾ। ਪਹਿਲਾਂ ਮਾਂ ਨਾਲ ਸਲਾਹ ਕਰਨੀ ਜ਼ਰੂਰੀ ਏ।

ਜੱਸੀ ਸਿੰਗਾਪੁਰ ਏਅਰਲਾਈਨਜ਼ ਵਿਚ ਗਈ ਸੀ। ਸਿੰਗਾਪੁਰ ਤੱਕ ਉਸ ਨੂੰ ਅਜੀਬੋ ਗਰੀਬ ਸੋਚਾਂ ਨੇ ਘੇਰ ਰੱਖਿਆ। ਸਿੰਗਾਪੁਰ ਤਿੰਨ ਕੁ ਘੰਟਿਆਂ ਦੀ ਬਰੇਕ ਸੀ। ਜਦ ਉਹ ਆਪਣੀ ਅਗਲੀ ਦਿੱਲੀ ਲਈ ਉਡਾਨ ਭਰਨ ਲਈ ਲੋੜੀਂਦੇ ਗੇਟ ਨੇੜੇ ਪਹੁੰਚੀ ਤਾਂ ਦੇਖਿਆ ਉਥੇ ਕੈਨੇਡਾ ਤੋਂ ਆਏ ਹੋਏ ਪੰਜਾਬੀਆਂ ਦਾ ਮੇਲਾ ਲੱਗਾ ਹੋਇਆ ਸੀ। ਇਨ੍ਹਾਂ ਸਾਰੇ ਪੰਜਾਬੀਆਂ ਨੇ ਵੀ ਇਸੇ ਫਲਾਈਟ ਵਿਚ ਦਿੱਲੀ ਨੂੰ ਜਾਣਾ ਸੀ। ਕਿਤੇ ਕੋਈ ਬਾਬਾ ਬੈਠਾ ਸੀ, ਕਿਤੇ ਨਵ-ਵਿਆਹਿਆ ਜੋੜਾ, ਕਿਤੇ ਢਾਡੀ ਜਿਹੜੇ ਕੈਨੇਡਾ ਪ੍ਰੋਗਰਾਮ ਦੇ ਕੇ ਆਏ ਸਨ ਤੇ ਕਿਤੇ ਦਰਜੀ ਦੇ ਬਣਾਏ ਜੈਂਟਲਮੈਨ ਜਿਹੜੇ ਕਿਸੇ ਤਰੀਕੇ ਕੈਨੇਡਾ ਤਾਂ ਪਹੁੰਚ ਗਏ ਸਨ ਪ੍ਰੰਤੂ ਕਾਗਜ਼ ਪੱਤਰ ਕੋਈ ਵੀ ਨਹੀਂ ਸਨ ਭਰ ਸਕਦੇ। ਜੱਸੀ ਵੱਲ ਦੇਖ ਕੇ ਇਕ ਮਾਈ ਨੇ ਕਿਹਾ:-

"ਪੁੱਤ, ਸਾਡਾ ਫਾਰਮ ਈ ਭਰ ਦੇਹ?"

"ਮਾਂ ਜੀ, ਮੈਨੂੰ ਆਪਣਾ ਭਰ ਲੈਣ ਦਿਓ। ਇਸ ਤੋਂ ਬਾਅਦ ਤੁਹਾਡਾ ਵੀ ਭਰ ਦਿੰਨੀ ਆਂ। ਕਿੱਥੇ ਜਾ ਰਹੇ ਹੋ ਮਾਂ ਜੀ?"

"ਕੁੜੀਏ, ਮੈਂ ਮਰਿੰਡੇ ਜਾਣਾ ਏ। ਕੈਨੇਡਾ ਕੁੜੀ ਨੂੰ ਮਿਲਣ ਗਈ ਸੀ। ਅਨਪੜ੍ਹਾਂ ਨੂੰ ਪਤਾ ਲਗਦਾ ਕਿੱਧਰੋਂ ਕਿੱਧਰ ਜਾਣਾ? ਮਸਾਂ ਪੁੱਛ ਪੁੱਛ ਕੇ ਦੂਜੇ ਪਾਸਿਓਂ ਇੱਧਰ ਨੂੰ ਆਈ ਆਂ, ਧੀਏ। ਪੁੱਤ, ਸਾਨੂੰ ਕਿਹੜਾ ਪਤਾ ਲਗਦਾ ਇਨ੍ਹਾਂ ਕਾਗਤਾਂ ਦਾ? ਅੱਖਾਂ ਅੱਗੇ ਨੀ ਕੰਮ ਕਰਦੀਆਂ। ਧੀਏ, ਤੂੰ ਕਿੱਥੇ ਜਾਣਾ ਏ?"

"ਮੈਂ ਵੀ ਤੁਹਾਡੀ ਗੁਆਂਢਣ ਹੀ ਆਂ। ਮੇਰਾ ਪਿੰਡ ਵੀ ਰੋਪੜ ਤੋਂ ਮੁਰਿੰਡੇ ਵਾਲੀ ਸੜਕ ਤੇ ਹੀ ਪੈਂਦਾ ਏ।"

"ਨੀ ਧੀਏ, ਫਿਰ ਤਾਂ ਤੂੰ ਸਾਡੇ ਗਰਾਂ ਦੀ ਹੀ ਨਿਕਲੀ। ਦਿੱਲੀਓਂ ਤੈਨੂੰ ਕੌਣ ਲੈਣ ਆਊ?"

"ਮੇਰੀ ਮੰਮੀ ਤੇ ਮਾਸੀ ਦਾ ਮੁੰਡਾ। ਮੇਰੇ ਮਾਸੀ ਦੇ ਮੁੰਡੇ ਕੋਲ ਸਕੋਰਪੀਓ ਗੱਡੀ ਏ। ਤੁਹਾਨੂੰ ਕੌਣ ਲੈਣ ਆ ਰਿਹਾ ਏ, ਬੇਬੇ ਜੀ?"

"ਮੇਰਾ ਮੁੰਡਾ ਰੋਪੜ ਥਰਮਲ ਪਲਾਂਟ 'ਚ ਲੱਗਾ ਹੋਇਆ। ਧੀਏ, ਸਾਨੂੰ ਤਾਂ ਉਹ ਲੈ ਜਾਵੇਗਾ। ਹੋਰ ਸਭ ਰਾਜ਼ੀ ਬਾਜੀ ਏ? ਕਿੱਥੋਂ ਆ ਰਹੀ ਏਂ?"

"ਹਾਂ, ਮਾਂ ਜੀ ਸਭ ਠੀਕ ਏ। ਮੈਂ ਤਾਂ ਆਸਟਰੇਲੀਆ ਤੋਂ ਆ ਰਹੀ ਹਾਂ।"

"ਪ੍ਰਾਹੁਣਾ ਨੀ ਆਇਆ?"

"ਨਹੀਂ, ਮਾਂ ਜੀ, ਇਕੱਲੀ ਹੀ ਆ ਰਹੀ ਆਂ।"

"ਧੀਏ, ਪ੍ਰਾਹੁਣੇ ਕਿਹੜੇ ਅੱਜ ਕੱਲ੍ਹ ਚੰਗੇ ਮਿਲਦੇ ਆ। ਕਈਆਂ ਨੂੰ ਤਾਂ ਨਰਕ ਹੀ ਕੱਟਣੇ ਪੈਂਦੇ ਆ। ਨਾਲੇ ਬਾਹਰਲੇ ਤਾਂ ਓਦਾਂ ਵੀ ਬੜੇ ਚੌੜੇ ਹੋਏ ਰਹਿੰਦੇ ਆ।"

"ਕੀ ਗੱਲ ਹੋਈ ਮਾਂ ਜੀ? ਧੀ ਸੁਖੀ ਨਹੀਂ ਲਗਦੀ?"

"ਹਾਂ, ਧੀਏ। ਸਾਡੀ ਕੁੜੀ ਔਖੀ ਏ ਪਰ ਫਿਰ ਵੀ ਕੱਟੀ ਜਾਂਦੀ ਏ। ਇਕ ਰਿਸ਼ਤਾ ਵਿਚਾਰੀ ਨੂੰ ਪੱਕੜ ਮਿਲਿਆ। ਉਹ 20 ਦੀ ਸੀ ਤੇ ਪ੍ਰਾਹੁਣਾ ਅਠੱਤੀਆਂ ਦਾ। ਦਾਜ ਵੀ ਅੰਤਾਂ ਦਾ ਮੰਗ ਕੇ ਲਿਆ। ਪੰਜ ਸੌ ਬੰਦਾ ਬਰਾਤ ਦਾ ਇਕੱਠਾ ਕਰ ਲਿਆਏ। ਸੂਮੋ ਗੱਡੀ ਦਿੱਤੀ ਸੀ। ਵਿਆਹ ਮੋਰਿੰਡੇ ਪੈਲਸ ਵਿਚ ਕੀਤਾ ਸੀ। ਮਸਾਂ-ਮਸਾਂ ਕੁੜੀ ਉੱਧਰ ਪਹੁੰਚੀ ਤਾਂ ਤੰਗ ਕਰਨ ਲੱਗ ਪਿਆ। ਕੁੜੀ ਦੀ ਬੁੱਕਤ ਹੀ ਕੋਈ ਨਾ, ਮਾਂ ਪਿਓ ਨੂੰ ਹੀ ਪੂਜੀ ਜਾਵੇ। ਅਸੀਂ ਫ਼ਿਕਰਮੰਦ ਹੋ ਗਏ। ਧੀਏ, ਆਖ਼ਰ ਰੱਬ ਨੇ ਸੁਣ ਲਈ। ਨਿਆਣਾ ਨਿੱਕਾ ਹੋ ਗਿਆ। ਉਹ ਵੀ ਸੁੱਖ ਨਾਲ ਮੁੰਡਾ। ਹੁਣ ਜਣੇਪੇ ਤੇ ਹੀ ਗਈ ਸਾਂ। ਲਗਦਾ ਏ ਹੁਣ ਕੁੜੀ ਵਸ ਜਾਊ। ਧੀਏ, ਕੁੜੀਆਂ ਦੇ ਸੱਲ ਬੁਰੇ। ਪਹਿਲਾਂ-ਪਹਿਲਾਂ ਕੁੜੀ ਨੂੰ ਕਹੀ ਜਾਵੇ, ਤੈਨੂੰ ਅੰਗਰੇਜ਼ੀ ਨੀ ਚੱਜ ਨਾਲ ਬੋਲਣੀ ਆਉਂਦੀ। ਆਪ ਫੱਫੇ ਕੁੱਟਣਾ ਬਾਰਾਂ ਕੁ ਜਮਾਤਾਂ ਇੱਧਰੋਂ ਪੜ੍ਹ ਕੇ ਉੱਧਰ ਨੂੰ ਗਿਆ ਸੀ। ਸਾਡੀ ਕੁੜੀ ਵੀ ਸੁੱਖ ਨਾਲ ਦਸ ਜਮਾਤਾਂ ਪੜ੍ਹੀ ਹੋਈ ਸੀ। ਫਿਰ ਕਹੀ ਜਾਵੇ-ਤੈਨੂੰ ਚੱਜ ਨਾਲ ਕੱਪੜੇ ਨੀ ਪਾਉਣੇ ਆਉਂਦੇ। ਕਿਸੇ ਪਾਰਟੀ ਤੇ ਹੀ ਨਾ ਲੈ ਕੇ ਜਾਇਆ ਕਰੇ। ਵਿਚਾਰੀ ਅੰਦਰ ਹੀ ਡੱਕੀ ਰਿਹਾ ਕਰੇ। ਸਾਨੂੰ ਟੈਲੀਫੋਨ ਵੀ ਨਾ ਕਰਨ ਦਿਆ ਕਰੇ। ਵਿਚਾਰੀ ਚੋਰੀ ਛਿਪੇ ਸਾਨੂੰ ਫੋਨ ਕਰਿਆ ਕਰੇ। ਕਈ ਵਾਰ ਤਾਂ ਵਿਚਾਰੀ ਫੋਨ ਤੇ ਰੋ ਹੀ ਪਿਆ ਕਰੇ। ਅਸੀਂ ਤਾਂ ਸੋਚਣ ਲੱਗ ਪਏ ਸੀ ਕਿ ਦੁਆਰਾ ਹੀ ਵਿਆਹੁਣੀ ਪਊ। ਧੀਏ, ਰੱਬ ਨੇ ਸੁਣ ਲਈ। ਹੁਣ ਨਿਆਣਾ ਨਿੱਕਾ ਹੋ ਗਿਆ, ਹੁਣ ਕੁਝ ਸੁਧਰ ਵੀ ਗਿਆ। ਮੇਰੇ ਨਾਲ ਗਈਓ ਨਾਲ ਚੰਗੀਆਂ ਗੱਲਾਂ ਮਾਰਦਾ ਰਿਹਾ। ਮੈਨੂੰ ਗੁਰਦੁਆਰੇ ਵੀ ਲਿਜਾਂਦਾ ਰਿਹਾ। ਕਈਆਂ ਮਿੱਤਰਾਂ-ਦੋਸਤਾਂ ਦੇ ਘਰ ਵੀ ਮੈਨੂੰ ਲੈ ਗਿਆ ਸੀ। ਮੇਰੇ ਗਈ ਦੇ ਪੈਰੀਂ ਹੱਥ ਵੀ ਲਾਏ। ਹੁਣ ਜਦ ਮੈਂ ਆਈ ਆਂ ਤਾਂ ਮੈਨੂੰ ਏਅਰਪੋਰਟ ਤੇ ਛੱਡ ਕੇ ਚੜ੍ਹਾ ਗਿਆ। ਨਾਲੇ ਮੇਰੇ ਪੈਰੀਂ ਹੱਥ ਲਾਏ। ਧੀਏ, ਤੂੰ ਇਕੱਲੀ ਸੈਰਾਂ ਕਰਦੀ ਫਿਰਦੀ ਏਂ। ਪ੍ਰਾਹੁਣੇ ਨੂੰ ਨਾਲ ਲੈ ਕੇ ਕਿਉਂ ਨੀ ਆਈ?"

"ਮਾਂ ਜੀ, ਬਸ ਵੈਸੇ ਹੀ ਇਸ ਵਾਰ ਇਕੱਲੀ ਜਾ ਰਹੀ ਆਂ। ਨਾਲੇ ਮੈਂ ਤਾਂ ਵਿਆਹ ਤੋਂ ਬਾਅਦ ਪਹਿਲੀ ਵਾਰ ਜਾ ਰਹੀ ਹਾਂ।"

"ਧੀਏ ਵਿਆਹ ਨੂੰ ਕਿੰਨਾ ਚਿਰ ਹੋ ਗਿਆ?"

"ਤਿੰਨ ਸਾਲ।"

"ਤਿੰਨ ਸਾਲ! ਸਿਹਤ ਤਾਂ ਠੀਕ ਏ?" ਮਾਈ ਨੇ ਐਨਕਾਂ ਜ਼ਰਾ ਅੱਖਾਂ ਦੇ ਨੇੜੇ ਕਰਕੇ ਬਾਰੀਕੀ ਨਾਲ ਝਾਕਿਆ।

"ਮਾਂ ਜੀ, ਅੱਖਾਂ ਨੂੰ ਐਨਾ ਕਸ਼ਟ ਨਾ ਦਿਓ। ਅਜੇ ਕੁਛ ਨਹੀਂ ਏ।"

"ਧੀਏ, ਸੁਖੀ ਵੀ ਏਂ?"

ਜੱਸੀ ਦੀਆਂ ਅੱਖਾਂ ਵਿਚ ਅੱਥਰੂ ਟਪਕ ਪਏ।

ਮਾਈ ਨੂੰ ਕੁਝ ਸ਼ੱਕ ਹੋ ਗਿਆ ਕਿ ਕੁੜੀ ਸੁਖੀ ਨਹੀਂ।

"ਧੀਏ, ਤੂੰ ਕੁਝ ਲੁਕਾਂਦੀ ਲਗਦੀ ਏਂ?"

"ਹਾਂ, ਮਾਂ ਜੀ।"

"ਦੱਸ ਤਾਂ ਸਹੀ ਕਹਾਣੀ ਕੀ ਏ? ਬਾਹਰਲਿਆਂ ਦਾ ਤਾਂ ਬੇੜਾ ਹੀ ਬੈਠਾ ਲਗਦਾ ਏ। ਬਾਹਰ ਪਹੁੰਚ ਕੇ ਏਧਰਲਿਆਂ ਨੂੰ ਤਾਂ ਯਾਨੀ ਫਿਰ ਟਿੱਚ ਜਾਣਦੇ ਆ। ਇਨ੍ਹਾਂ ਹਰਾਮਜ਼ਾਦਿਆਂ ਨੂੰ ਕੋਈ ਪੁੱਛਣ ਵਾਲਾ ਹੋਵੇ, ਪਈ ਆਪ ਵੀ ਪਹਿਲਾਂ ਇੱਧਰੋਂ ਹੀ ਗਏ ਸੀ। ਜੇ ਉਧਰ ਚਲੇ ਗਏ ਤਾਂ ਕਿਤੇ ਚੰਦ ਤੇ ਤਾਂ ਨਹੀਂ ਪਹੁੰਚ ਗਏ। ਚਾਰ ਪੈਸੇ ਕੋਲ ਹੋ ਗਏ। ਪੈਸੇ ਤਾਂ ਕੰਜਰਾਂ ਕੋਲ ਵੀ ਬਥੇਰੇ ਹੁੰਦੇ ਆ।

ਕੁੜੇ, ਉਧਰ ਦੇਖਿਆ, ਕੋਈ ਅੱਧੀ ਰਾਤ ਨੂੰ ਘਰ ਆ ਰਿਹਾ ਏ ਤੇ ਕੋਈ ਅੱਧੀ ਰਾਤ ਨੂੰ ਘਰੋਂ ਕੰਮ ਤੇ ਜਾ ਰਿਹਾ ਏ। ਜੇ ਐਥੇ ਪੰਜਾਬ 'ਚ ਕਹੋ ਖੇਤੀ ਕਰਨ ਨੂੰ ਤਾਂ ਇਨ੍ਹਾਂ ਨੂੰ ਗਸ਼ ਪੈਂਦੀ ਏ। ਉੱਥੇ ਜਾ ਕੇ ਕੋਈ ਆਲੂ ਪੁੱਟਦਾ ਏ, ਕੋਈ ਬੇਰੀ ਤੋੜਦਾ ਏ, ਕੋਈ ਸਫ਼ਾਈਆਂ ਕਰਦਾ ਏ, ਕੋਈ ਟੈਕਸੀ ਚਲਾਉਂਦਾ ਏ, ਕੋਈ ਟਰੱਕ ਚਲਾਉਂਦਾ ਏ ਤੇ ਕੋਈ ਕਾਰਾਂ ਨੂੰ ਕਤਾਰਾਂ ਵਿਚ ਖੜ੍ਹੀਆਂ ਕਰਵਾਉਣ ਤੇ ਲੱਗਾ ਹੋਇਆ ਏ। ਉਂਦਾਂ ਕਹਿਣ ਨੂੰ ਸਰਦਾਰਾਂ ਦੇ ਪੁੱਤ ਆ। ਆਪਣੇ ਪੰਜਾਬ 'ਚ ਸਰਦਾਰੀ ਨੀ ਕਰ ਹੁੰਦੀ, ਉੱਥੇ ਕੈਨੇਡਾ 'ਚ ਭਾਵੇਂ ਝਾੜੂ ਮਾਰਨਾ ਪਵੇ। ਆਹ ਸਾਡੇ ਪਿੰਡ ਦਾ ਵੱਢ ਖਾਣਿਆਂ ਦਾ ਘੁੱਗਾ ਇੱਧਰ ਬੀ.ਆ. ਕਰ ਗਿਆ ਸੀ ਤੇ ਰੋਪੜ ਨੌਕਰੀ ਵੀ ਠੀਕ ਤੇ ਲੱਗ ਗਿਆ ਸੀ। ਕਹਿੰਦੇ ਬੀ.ਆ. ਤੋਂ ਬਾਅਦ ਕੋਈ ਕੋਰਸ ਕਰਕੇ ਸ਼ੈਂਤ ਮਾਸਟਰ ਲੱਗ ਗਿਆ ਸੀ। ਅਜੰਟਾਂ ਮਗਰ ਫਿਰੀ ਗਿਆ, ਫਿਰੀ ਗਿਆ। ਆਖ਼ਰ ਉੱਥੇ ਪਹੁੰਚ ਕੇ ਹੀ ਸਾਹ ਲਿਆ। ਪਹਿਲਾਂ ਇਟਲੀ ਗਿਆ ਸੀ, ਫਿਰ ਕੈਨੇਡਾ। ਹੁਣ ਉੱਥੇ ਮੈਨੂੰ ਮੇਰੇ ਜੁਆਈ ਨੇ ਮਿਲਾਇਆ....ਅਜੇ ਗੋਰੀ ਨਾਲ ਰਹਿੰਦਾ ਏ....ਕਹਿੰਦੇ ਗੋਰੀ ਤੋਂ ਤਲਾਕ ਲੈ ਕੇ ਫਿਰ ਪਿੱਛਿਓਂ ਵਿਚਾਰੀ ਆਪਣੀ ਨੂੰ ਲੈ ਕੇ ਜਾਊ। ਉਹ ਵਿਚਾਰੀ ਪਿੱਛੇ ਬੈਠੀ ਬੁੱਢੀ ਹੋ ਜਾਊ। ਪਿੱਛੇ ਇਕ ਕੁੜੀ ਏ....ਉਧਰ ਗੋਰੀ ਦਾ ਮੁੰਡਾ ਏ।"

"ਕੰਮ ਕੀ ਕਰਦਾ ਮਾਂ ਜੀ?"

"ਘੁੱਗਾ ਕਿ ਮੇਰਾ ਜੁਆਈ?"

"ਘੁੱਗਾ?"

"ਕੰਧਾਂ ਤੇ ਰੰਗ ਕਰਦਾ ਏ।"

"ਯਾਨੀ ਕਿ ਪੇਂਟਰ?"

"ਆਹੋ, ਹੈਂਦਾਂ ਦਾ ਕੋਈ ਨਾਂ ਲੈਂਦੇ ਸੀ। ਤੂੰ ਦੱਸ ਧੀਏ, ਤੇਰਾ ਕੀ ਕਰਦਾ ਏ?"

"ਮਾਂ ਜੀ, ਮੇਰਾ ਤਾਂ ਟੈਕਸੀ ਡਰਾਈਵਰ ਏ।"

"ਤੈਨੂੰ ਚੱਜ ਨਾਲ ਬੁਲਾਉਂਦਾ ਏ ਕਿ ਨਹੀਂ?"

"ਮਾਂ ਜੀ, ਮੈਂ ਤਾਂ ਤਿੰਨ ਸਾਲ ਦੀ ਜੇਲ੍ਹ ਕੱਟ ਕੇ ਵਾਪਿਸ ਜਾ ਰਹੀ ਆਂ।"

"ਜੇਲ੍ਹ? ਨੀ ਉਹ ਕਿੱਦਾਂ? ਕਿਸੇ ਨਾਲ ਬਿਗਾਨੇ ਮੁਲਕ ਵਿਚ ਕੋਈ ਵਧੀਕੀ ਤਾਂ ਨਹੀਂ ਕਰ ਦਿੱਤੀ?"

"ਨਹੀਂ, ਮਾਂ ਜੀ ਨਹੀਂ। ਤੁਸੀਂ ਸਮਝਦੇ ਨਹੀਂ। ਮੇਰਾ ਵਿਆਹ ਉਧਰ ਹੋਇਆ ਸੀ। ਮੈਨੂੰ ਗਈ ਨੂੰ ਚੱਜ ਨਾਲ ਬੁਲਾਇਆ ਹੀ ਨੀ। ਹੋਰ ਈ ਸਹੇਲੀਆਂ ਬਣਾਈ ਫਿਰੀ ਜਾਂਦਾ ਸੀ। ਮੈਂ ਸੋਚਿਆ, ਸਬਰ ਦਾ ਘੁੱਟ ਭਰ ਕੇ ਪੱਕੇ ਹੋ ਜਾਈਏ, ਫਿਰ ਦੇਖਾਂਗੇ ਕਿਸ ਭਾਅ ਵਿਕਦੀ ਏ।

"ਕੀ ਮਤਲਬ? ਹੁਣ ਤੂੰ ਵਾਪਿਸ ਨਹੀਂ ਜਾਵੇਂਗੀ।"

"ਘਰ ਜਾ ਕੇ ਸੋਚਾਂਗੀ। ਮਾਂ ਨਾਲ ਸਲਾਹ ਕਰਾਂਗੀ। ਪਹਿਲਾਂ ਗੱਲਬਾਤ ਕਰਾਂਗੇ ਉਹਦੇ ਨਾਲ। ਤਲਾਕ ਵੀ ਤਾਂ ਕਿਸੇ ਤਰੀਕੇ ਨਾਲ ਹੀ ਲੈ ਹੋਊ।"

"ਨੀ ਧੀਏ, ਹੁਣ ਗੱਲ ਗੁੱਲ ਨੂੰ ਛੱਡ। ਜੇ ਨਹੀਂ ਬਣੀ ਤਾਂ ਮੁੜ ਕੇ ਮੱਥੇ ਨਾ ਲੱਗੀਂ। ਹੋਰ ਨਾ ਕਿਤੇ ਤੈਨੂੰ ਮਾਰ ਮੁਕਾ ਕੇ ਖੂੰਜੇ ਲਾ ਦੇਵੇ। ਬਿਗੜਿਓ ਕਦੀ ਠੀਕ ਨਹੀਂ ਹੁੰਦੇ ਹੁੰਦੇ। ਧੀਏ, ਆਪਣਾ ਪੜ੍ਹਿਆ ਵਿਚਾਰੀਂ। ਤੂੰ ਵੱਧ ਸਿਆਣੀ ਏਂ। ਤੇਰੀ ਗੋਦ ਫਲ ਜਾਂਦੀ ਤਾਂ ਚੰਗਾ ਸੀ। ਫਿਰ ਸ਼ੈਂਤ ਕੰਮ ਸੂਤ ਆ ਹੀ ਜਾਂਦਾ।"

"ਮਾਂ ਜੀ ਛੱਡੋ ਪਰਾਂ ਇੱਦਾਂ ਦੀਆਂ ਗੱਲਾਂ ਨੂੰ। ਹੁਣ ਆਪਣੀ ਅਗਲੀ ਦਿੱਲੀ ਵਾਲੀ ਫਲਾਈਟ ਦਾ ਸਮਾਂ ਹੋ ਚੱਲਿਆ। ਆਓ, ਸਮਾਨ ਬਗੈਰਾ ਇਕੱਠਾ ਕਰੀਏ। ਹੁਣੇ ਐਂਟਰੀ ਸ਼ੁਰੂ ਹੋ ਜਾਊ।"

ਅਨਾਊਂਸਮੈਂਟ ਹੋਈ ਤੇ ਐਂਟਰੀ ਸ਼ੁਰੂ ਹੋ ਗਈ। ਬੁੱਢੀ ਦੀ ਸੀਟ ਕਿਧਰੇ ਹੋਰ ਸੀ ਤੇ ਜੱਸੀ ਦੀ ਕਿਧਰੇ ਹੋਰ। ਹੁਣ ਉਨ੍ਹਾਂ ਨੂੰ ਆਪਸ ਵਿਚ ਵਿਛੜਨਾ ਹੀ ਪੈਣਾ ਸੀ। ਜਦ ਉਹ ਜਹਾਜ਼ ਅੰਦਰ ਬੈਠੀਆਂ ਤਾਂ ਜੱਸੀ ਨੇ ਆਪਣੀ ਸੀਟ ਦੇ ਨਾਲ ਦੀ ਸੀਟ ਤੇ ਬੈਠੀ ਸਵਾਰੀ ਨੂੰ ਬੇਨਤੀ ਕੀਤੀ ਕਿ ਉਹ ਉਸ ਬੁੱਢੀ ਵਾਲੀ ਸੀਟ ਤੇ ਬੈਠ ਜਾਵੇ ਤਾਂ ਕਿ ਉਹ ਉਸ ਬੁੱਢੜੀ ਨਾਲ ਅੱਗੇ ਹੋਰ ਗੱਲਾਂ ਬਾਤਾਂ ਕਰਦੀ ਜਾ ਸਕੇ। ਨਾਲ ਵਾਲੀ ਸਵਾਰੀ ਮੰਨ ਗਈ। ਇਸ ਪ੍ਰਕਾਰ ਬੁੱਢੜੀ ਜੱਸੀ ਦੇ ਨਾਲ ਦੀ ਸੀਟ ਤੇ ਆ ਕੇ ਬੈਠ ਗਈ।

"ਸੁਣਿਆ ਧੀਏ, ਹੁਣ ਆਸਟਰੇਲੀਆ ਵਿਚ ਮਾਰ ਧਾੜ ਸ਼ੁਰੂ ਹੋ ਗਈ ਏ। ਤੂੰ ਤਾਂ ਉੱਥੋਂ ਆਈ ਏਂ। ਕੀ ਹਾਲ ਏ ਉੱਥੇ ਦਾ? ਕਹਿੰਦੇ ਆ ਗੋਰੇ ਆਪਣਿਆਂ ਨੂੰ ਲੁੱਟੀ ਜਾਂਦੇ ਆ ਤੇ ਮਾਰੀ ਵੀ ਜਾਂਦੇ ਆ। ਮੇਰੇ ਧੀ ਜੁਆਈ ਵੀ ਕੈਨੇਡਾ ਵਿਚ ਇਹੋ ਜਿਹੀਆਂ ਗੱਲਾਂ ਅਕਸਰ ਕਰਦੇ ਰਹਿੰਦੇ ਸਨ।"

"ਮਾਂ ਜੀ, ਲੋਕ ਗੱਲ ਦੀ ਲੱਲ ਬਣਾ ਲੈਂਦੇ ਆ। ਬਹੁਤੇ ਪੁਆੜੇ ਆਪਣਿਆਂ ਦੇ ਹੀ ਪਾਏ ਹੁੰਦੇ ਨੇ। ਗੋਰਿਆਂ ਨੂੰ ਵਿਚ ਐਵੇਂ ਹੀ ਘਸੋੜ ਲਿਆ ਜਾਂਦਾ ਏ। ਮਾੜੀਆਂ ਮੋਟੀਆਂ ਲੁੱਟਾਂ ਖੋਹਾਂ ਹਰ ਦੇਸ਼ ਵਿਚ ਹੀ ਚਲਦੀਆਂ ਰਹਿੰਦੀਆਂ ਹਨ। ਪੜ੍ਹਨ ਲਈ ਆਏ ਨਵੇਂ ਮੁੰਡੇ

ਕੁੜੀਆਂ ਪੈਸੇ ਖੁਣੋਂ ਹਰ ਵੇਲੇ ਟੁੱਟੇ ਰਹਿੰਦੇ ਨੇ। ਰਾਤ ਬਰਾਤੇ ਗੱਡੀਆਂ ਮੋਟਰਾਂ 'ਚੋਂ ਉਤਰ ਕੇ ਉਹ ਟੈਕਸੀਆਂ ਫੜ ਕੇ ਘਰਾਂ ਨੂੰ ਨਹੀਂ ਜਾ ਸਕਦੇ। ਜਦ ਕੋਈ ਅੱਧੀ ਰਾਤ ਨੂੰ ਉਜਾੜਾਂ ਵਿਚੋਂ ਤੁਰ ਕੇ ਜਾਊਗਾ ਤਾਂ ਉਹ ਲੁੱਟਿਆ ਵੀ ਜਾ ਸਕਦਾ ਏ। ਹਰ ਜਗ੍ਹਾ ਲੋਕ ਚੰਗੇ ਹੁੰਦੇ ਹਨ ਤੇ ਹਰ ਜਗ੍ਹਾ ਹੀ ਮਾੜੇ। ਵਿਹਲੜ ਬੰਦੇ ਆਸਟਰੇਲੀਆ ਵਿਚ ਵੀ ਬਥੇਰੇ ਨੇ। ਜਿਹੜਾ ਬੰਦਾ ਉੱਥੇ ਕੰਮ ਨਾ ਕਰਦਾ ਹੋਵੇ ਸਰਕਾਰ ਉਸਨੂੰ ਥੋੜ੍ਹੇ ਜਿਹੇ ਪੈਸੇ ਰੋਟੀ ਖਾਣ ਲਈ ਦਿੰਦੀ ਏ। ਉਨ੍ਹਾਂ ਨੂੰ ਸਸਤੇ ਰਿਹਾਇਸ਼ੀ ਮਕਾਨ ਵੀ ਦਿੱਤੇ ਹੋਏ ਹਨ। ਇਹ ਪੈਸੇ ਇਨੇ ਘੱਟ ਹਨ ਕਿ ਇਨ੍ਹਾਂ ਨਾਲ ਗੁਜ਼ਾਰਾ ਬੜੇ ਸੰਜਮ 'ਚ ਰਹਿ ਕੇ ਹੁੰਦਾ ਏ। ਇਹ ਵਿਹਲੇ ਬੰਦੇ ਕਈ ਪ੍ਰਕਾਰ ਦੇ ਨਸ਼ੇ ਕਰਦੇ ਹਨ। ਜਦ ਇਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ ਤਾਂ ਇਹ ਕਿਸੇ ਨੂੰ ਰਾਤ ਬਰਾਤੇ ਲੁੱਟ ਵੀ ਸਕਦੇ ਹਨ। ਦੂਜੇ ਪਾਸੇ ਕੰਮ ਕਰਨ ਵਾਲੇ ਲੋਕਾਂ ਤੇ ਸਰਕਾਰ ਨੇ ਅੰਤਾਂ ਦੇ ਟੈਕਸ ਲਾਏ ਹੋਏ ਹਨ। ਜਿਹੜਾ ਜਿੰਨਾ ਜ਼ਿਆਦਾ ਕੰਮ ਕਰੇਗਾ ਉਸਦਾ ਉਨਾ ਹੀ ਜ਼ਿਆਦਾ ਟੈਕਸ ਕੱਟ ਹੋ ਜਾਊਗਾ। ਕੱਟਿਆ ਹੋਇਆ ਇਹ ਟੈਕਸ ਸਰਕਾਰ ਵਿਹਲੇ ਬੰਦਿਆਂ ਨੂੰ ਦੇ ਕੇ ਖਾਨਾ ਪੂਰੀ ਕਰਦੀ ਰਹਿੰਦੀ ਏ। ਜੋ ਆਦਰ ਮਾਣ ਨਾਲ ਰਹਿਣਾ ਚਾਹੁੰਦਾ ਏ ਉਹ ਤਾਂ ਹਮੇਸ਼ਾ ਮਿਹਨਤ ਕਰੇਗਾ ਹੀ। ਅਸੀਂ ਪੰਜਾਬੀ ਮਿਹਨਤ ਤੋਂ ਕਦੇ ਵੀ ਪਿੱਛੇ ਨਹੀਂ ਰਹਿੰਦੇ। ਜਿਨ੍ਹਾਂ ਨੇ ਸ਼ਰਮ ਲਾਹ ਕੇ ਪਰ੍ਹੇ ਸੁੱਟ ਦਿੱਤੀ ਉਹ ਵਿਹਲੇ ਫਿਰਦੇ ਰਹਿੰਦੇ ਨੇ ਤੇ ਸਰਕਾਰ ਤੋਂ ਮਿਲਣ ਵਾਲੇ ਪੈਸਿਆਂ ਨਾਲ ਗੁਜ਼ਾਰਾ ਕਰਦੇ ਨੇ। ਸਰਕਾਰ ਨੂੰ ਤਾਂ ਹਰ ਤਰ੍ਹਾਂ ਦੇ ਬੰਦਿਆਂ ਦਾ ਖ਼ਿਆਲ ਰੱਖਣਾ ਹੀ ਪੈਂਦਾ ਏ।"

"ਧੀਏ, ਲੁੱਟਣਾ ਤਾਂ ਮੰਨਿਆਂ। ਕਈ ਤਾਂ ਜਾਨੋਂ ਹੀ ਮਾਰ ਜਾਂਦੇ ਨੇ। ਸੁਣਿਆ, ਪਿੱਛੇ ਜਿਹੇ ਕੋਈ ਗੋਰਾ ਛੋਟਾ ਜਿਹਾ ਬੱਚਾ ਚੁੱਕਕੇ ਹੀ ਦੌੜ ਗਿਆ। ਬਾਅਦ ਵਿਚ ਬੱਚੇ ਦੀ ਲਾਸ਼ ਮਿਲੀ।"

"ਮਾਂ ਜੀ, ਉਹ ਬੱਚਾ ਕਿਸੇ ਗੋਰੇ ਨੇ ਨਹੀਂ ਚੁੱਕਿਆ ਸੀ। ਇਕ ਪੰਜਾਬੀ ਮੁੰਡੇ ਨੇ ਹੀ ਬੱਚੇ ਨਾਲ ਖਿੱਚ ਧੂਹ ਕੀਤੀ ਸੀ। ਇਸ ਖਿੱਚ ਧੂਹ ਤੇ ਹਫੜਾ ਦਫੜੀ ਵਿਚ ਬੱਚਾ ਮਰ ਗਿਆ। ਅਦਾਲਤ ਨੇ ਪਿੱਛੇ ਜਿਹੇ ਫੈਸਲਾ ਸੁਣਾ ਦਿੱਤਾ ਸੀ ਤੇ ਉਸ ਪੰਜਾਬੀ ਮੁੰਡੇ ਨੂੰ ਸਜ਼ਾ ਹੋ ਗਈ ਸੀ। ਲੋਕ ਐਵੇਂ ਅਫ਼ਵਾਹਾਂ ਉਡਾਉਂਦੇ ਰਹਿੰਦੇ ਨੇ। ਪੰਜਾਬੀ ਆਸਟਰੇਲੀਆ ਵਿਚ ਪਿਛਲੇ ਤਕਰੀਬਨ ਸੌ ਸਾਲ ਤੋਂ ਰਹਿ ਰਹੇ ਨੇ। ਕਦੀ ਕਿਸੇ ਨੇ ਕਿਸੇ ਨੂੰ ਕੁਝ ਨਹੀਂ ਕਿਹਾ। ਵਿਚਾਰੇ ਇੱਥੇ ਆ ਕੇ ਮਿਹਨਤਾਂ ਮੁਸ਼ੱਕਤਾਂ ਕਰਕੇ ਸੈੱਟ ਹੋਏ। ਗੋਰੇ ਵੀ ਥੋੜ੍ਹੇ ਕੀਤੇ ਕਿਸੇ ਨੂੰ ਕੁਝ ਨਹੀਂ ਕਹਿੰਦੇ। ਮੈਨੂੰ ਤਾਂ ਲਗਦਾ ਏ, ਗੋਰੇ ਆਮ ਰਹਿਣ ਸਹਿਣ ਤੇ ਆਮ ਨੌਕਰੀਆਂ ਕਰਨ ਵਿਚ ਕੋਈ ਖਾਸ ਭੇਦਭਾਵ ਨਹੀਂ ਕਰਦੇ। ਅਗਰ ਮਾੜਾ ਮੋਟਾ ਭੇਦਭਾਵ ਏ ਤਾਂ ਤਰੱਕੀਆਂ ਦੇਣ ਵਿਚ ਏ। ਦੇਸ਼ ਦਾ ਕਾਨੂੰਨ ਭੇਦਭਾਵ ਦੇ ਸਖ਼ਤ ਖਿਲਾਫ਼ ਏ। ਆਹ, ਜਦੋਂ ਦੇ ਪੰਜਾਬ ਤੋਂ ਹਰ ਜਣਾ ਖਣਾ ਵਿੰਗੇ ਸਿੱਧੇ ਤਰੀਕਿਆਂ ਨਾਲ ਆਸਟਰੇਲੀਆ ਵੱਲ ਨੂੰ ਤੁਰ ਪਿਆ ਉਦੋਂ ਤੋਂ ਮਾਰ ਧਾੜ ਤੇ ਲੁੱਟਾਂ ਖੋਹਾਂ ਵਧੀਆਂ ਹਨ। ਇਨ੍ਹਾਂ ਮੁੰਡੇ ਕੁੜੀਆਂ ਦੀਆਂ ਆਪਸੀ ਲਾਗ ਡਾਟਾਂ ਵੱਧ ਕੰਮ ਖ਼ਰਾਬ ਕਰ ਰਹੀਆਂ ਨੇ। ਕਈ ਮੁੰਡੇ ਆਉਂਦੇ ਕਿਸੇ ਨਾਲ ਨੇ ਤੇ ਬਾਅਦ 'ਚ ਕਿਸੇ ਹੋਰ ਨਾਲ ਦੋਸਤੀ ਪਾ ਲੈਂਦੇ ਨੇ। ਇਵੇਂ ਹੀ ਕਈ ਕੁੜੀਆਂ ਕਰਦੀਆਂ ਹਨ। ਕਈਆਂ ਨੇ ਇੱਧਰ ਆਉਣ ਲਈ ਕਿਸੇ ਕੁੜੀ ਦੇ ਮਾਪਿਆਂ ਨੂੰ ਪੈਸੇ ਦਿੱਤੇ ਹੁੰਦੇ ਨੇ ਤੇ ਕਾਗਜ਼ੀ ਵਿਆਹ ਕਰਵਾਇਆ ਹੁੰਦਾ ਏ। ਕੁੜੀ ਨੇ ਪਹਿਲਾਂ ਪੱਕਾ ਹੋਣਾ ਹੁੰਦਾ ਏ ਤੇ ਮੁੰਡਾ ਬਾਅਦ ਵਿਚ ਉਹਦੇ ਸਿਰ ਤੇ ਪੱਕਾ ਹੁੰਦਾ ਏ। ਅਗਰ ਕੁੜੀ ਐਵੇਂ ਕਿਸੇ ਮੁੰਡੇ ਨੂੰ ਛੱਡ ਕੇ

ਕਿਸੇ ਹੋਰ ਨਾਲ ਤੁਰ ਜਾਵੇ ਤਾਂ ਫਿਰ ਪਹਿਲੇ ਮੁੰਡੇ ਨੇ ਤਾਂ ਗੁੱਸਾ ਕਰਨਾ ਹੀ ਏ।"

"ਧੀਏ, ਬਾਹਰ ਨੂੰ ਆਉਣ ਦੇ ਪੁਆੜਿਆਂ ਨੇ ਮਾਰ ਲਿਆ। ਲੋਕ ਹਟਦੇ ਫਿਰ ਵੀ ਨਹੀਂ। ਆਪਣਾ ਪੰਜਾਬ ਕਿਹੜਾ ਮਾੜਾ ਏ। ਬਹੁਤੀ ਦੌੜ ਸਾਡੇ ਜੱਟਾਂ ਵਿਚ ਲੱਗੀ ਹੋਈ ਏ। ਆਹ, ਹਿੰਦੂ ਦੇਖ ਲੈ, ਬੜੇ ਸੁਹਣੇ ਹੱਟੀਆਂ ਤੇ ਬੈਠੇ ਆ। ਬੜਾ ਸਬਰ ਸੰਤੋਖ ਏ, ਇਸ ਕੌਮ ਵਿਚ। ਬਾਪ ਤੋਂ ਬਾਅਦ ਮੁੰਡੇ ਕਾਰੋਬਾਰ ਸੰਭਾਲ ਲੈਂਦੇ ਆ। ਇਹ ਤਾਂ ਬਾਹਰ ਵੱਲ ਨੂੰ ਬਹੁਤ ਹੀ ਘੱਟ ਮੂੰਹ ਕਰਦੇ ਆ। ਆਹ ਦੂਜੇ ਪਾਸੇ ਸਾਡੇ ਮੁੰਡੇ ਦੇਖ ਲੈ। ਜ਼ਮੀਨ ਵੱਲ ਮੂੰਹ ਨੀ ਕਰਦੇ। ਨਾ ਕਿਸੇ ਕਿੱਤੇ ਵੱਲ ਮੂੰਹ ਕਰਦੇ ਆ। ਓਦਾਂ ਘੁੰਮਣ ਨੂੰ ਮੋਟਰ ਸਾਈਕਲ ਚਾਹੀਦਾ ਏ ਤੇ ਪੀਣ ਨੂੰ ਸ਼ਰਾਬਾਂ। ਬੱਸ ਅਜੰਟਾਂ ਮਗਰ ਹੀ ਫਿਰੀ ਜਾਂਦੇ ਆ। ਕੋਈ ਕਹੂ, ਹੁਣ ਰਾਹਦਾਰੀ ਆਈ ਕਿ ਆਈ, ਕੋਈ ਕਹੂ ਐਨ.ਸੀ. ਮਿਲਗੀ। ਕੀ ਕਹਿੰਦੇ ਆਂ ਇਹਨੂੰ? ਕੋਈ ਕਹੂ ਬਸ ਸੀਟ ਔ.ਕੇ ਹੋ ਗਈ।"

"ਮਾਂ ਜੀ ਐਨ.ਸੀ. ਨਹੀਂ ਹੁੰਦੀ, ਐਨ.ਓ.ਸੀ. ਹੁੰਦੀ ਏ।"

"ਹਾਂ ਪੁੱਤ, ਬੱਸ ਇੰਦਾਂ ਦਾ ਹੀ ਕੁਝ ਕਹਿੰਦਾ ਹੁੰਦਾ ਸਾਡੇ ਗੁਆਂਢੀਆਂ ਦਾ ਮੁੰਡਾ ਨੀਟਾ। ਉਹ ਵੀ ਹੁਣ ਇਟਲੀ ਨੂੰ ਦੌੜਨ ਵਾਲਾ ਹੀ ਏ।"

"ਮਾਂ ਜੀ, ਅਸਲ ਵਿਚ ਖੇਤੀ ਵਿਚੋਂ ਬਚਦਾ ਵੀ ਕੁਝ ਘੱਟ ਏ ਤੇ ਦੂਜੀ ਗੱਲ ਇਹ ਹੈ ਕਿ ਜੱਟਾਂ ਨੂੰ ਬਚਾਉਣਾ ਵੀ ਨਹੀਂ ਆਉਂਦਾ।"

"ਉਹ ਕਿਵੇਂ?"

"ਲਾਲਾ ਬਹੁਤ ਹੀ ਸਕੀਮ ਨਾਲ ਚਲਦਾ ਏ। ਕੁਝ ਕਮਾ ਕੇ ਵੀ ਖਾਮੋਸ਼ ਰਹਿੰਦਾ ਏ। ਜੱਟ ਨੂੰ ਜਦ ਕੁਝ ਬਚ ਜਾਂਦਾ ਏ ਤਾਂ ਬੱਕਰੇ ਬੁਲਾਉਣ ਲੱਗ ਜਾਂਦਾ ਏ। ਦਿਖਾਵੇ ਕਰਨ ਲੱਗ ਜਾਂਦਾ ਏ। ਇਕ ਦਮ ਸਾਰਾ ਕਮਾਇਆ ਉਡਾ ਦਿੰਦਾ ਏ। ਜੇ ਵਧੀਆ ਤਰੀਕੇ ਨਾਲ ਖੇਤੀ ਕੀਤੀ ਜਾਵੇ ਤਾਂ ਇਹ ਵੀ ਕੋਈ ਮਾੜਾ ਕੰਮ ਨਹੀਂ। ਕਈ ਕੌਮਾਂ ਸਬਜ਼ੀਆਂ ਉਗਾ ਉਗਾ ਕੇ ਹੀ ਸੁਹਣੀਆਂ ਅਮੀਰ ਬਣ ਜਾਂਦੀਆਂ ਹਨ। ਜੱਟ ਵੱਧ ਖਿਲਾਰੇ ਪਾ ਕੇ ਵੱਧ ਖ਼ੁਸ਼ ਰਹਿੰਦਾ ਏ। ਜੱਟ ਨੂੰ ਵੱਡੀ ਸਾਰੀ ਹਵੇਲੀ ਤੇ ਵੱਡਾ ਸਾਰਾ ਘਰ ਚਾਹੀਦਾ ਏ। ਕਿਸੇ ਪਾਸੇ ਟਰੈਕਟਰ ਖੜ੍ਹਾ ਹੋਵੇ, ਕਿਸੇ ਪਾਸੇ ਪੱਠੇ ਕੁਤਰਨ ਵਾਲੀ ਗੇੜੀ ਮਸ਼ੀਨ ਹੋਵੇ, ਕਿਸੇ ਪਾਸੇ ਮੱਝਾਂ ਬੱਝੀਆਂ ਹੋਣ, ਕਿਸੇ ਪਾਸੇ ਇਕ ਵੱਡੀ ਸਾਰੀ ਬੈਠਕ ਹੋਵੇ ਜਿਸ ਵਿਚ ਦਸ ਕੁ ਮੰਜੇ ਡੱਠੇ ਹੋਣ, ਕਿਸੇ ਪਾਸੇ ਪਰਾਲੀ ਦੇ ਕੁੰਨੂੰ ਲੱਗੇ ਹੋਣ, ਕਿਸੇ ਪਾਸੇ ਗੰਨੇ ਪੀੜਨ ਲਈ ਚੁੱਬ੍ਹਾ ਹੋਵੇ, ਕਿਸੇ ਪਾਸੇ ਪਾਣੀ ਦੀ ਮੋਟਰ ਲੱਗੀ ਹੋਵੇ, ਦੋ ਕੁ ਨੌਕਰ ਕੰਮ ਕਰਨ ਨੂੰ ਹੋਣ, ਇਕ ਅੱਧ ਭਈਆ ਵੀ ਹੋਵੇ। ਲਾਲਾ ਇੰਝ ਨਹੀਂ ਕਰਦਾ। ਉਹ ਆਪਣਾ ਸਮਾਨ ਸਮੇਟ ਕੇ ਰੱਖਦਾ ਏ। ਉਹ ਥੋੜ੍ਹੇ ਥਾਂ ਵਿਚ ਵੀ ਵੱਧ ਸਮਾਨ ਟਿਕਾ ਲੈਂਦਾ ਏ। ਉਹ ਫਜ਼ੂਲ ਚੀਜ਼ਾਂ ਨੂੰ ਦੂਨਾਕ 'ਚੋਂ ਕੱਢ ਕੇ ਬਾਹਰ ਮਾਰਦਾ ਏ, ਅਗਰ ਜੱਟ ਸ਼ਰਾਬ ਦੇ ਠੇਕੇ ਤੋਂ ਬੋਤਲ ਖਰੀਦਦਾ ਏ ਤਾਂ ਲਾਲਾ ਅਧੀਏ ਜਾਂ ਪਉਏ ਨਾਲ ਵੀ ਸਾਰ ਲੈਂਦਾ ਏ। ਜੱਟ ਇਕ ਦੋ ਨੂੰ ਨਾਲ ਬਿਠਾ ਕੇ ਬੋਤਲ ਪੀਂਦਾ ਏ, ਲਾਲਾ ਇਕੱਲਾ ਹੀ ਅੰਦਰ ਵੜ ਕੇ ਪਊਆ ਪੀ ਕੇ ਸੌਂ ਜਾਂਦਾ ਏ, ਜੱਟ ਪੀ ਕੇ ਬੁੱਕਦਾ ਏ, ਲਾਲਾ ਪੀ ਕੇ ਖਾਮੋਸ਼ ਰਹਿੰਦਾ ਏ। ਜੱਟ ਪੀ ਕੇ ਕਿਰਪਾਨ ਜਾਂ ਦਾਤ ਕੱਢ ਲਿਆਉਂਦਾ ਏ, ਲਾਲਾ ਪੀ ਕੇ ਆਰਾਮ ਨਾਲ ਅੰਦਰ ਵੜ ਜਾਂਦਾ ਏ। ਜੱਟ ਹਰ ਸਮੇਂ ਕਚਹਿਰੀ ਵਿਚ ਹੀ ਰਹਿੰਦਾ ਏ, ਲਾਲਾ ਕਚਹਿਰੀ ਵਿਚ ਜੱਟ ਤੋਂ ਪੈਸੇ ਬਟੋਰਨ ਲਈ ਬੈਠਾ

ਏ। ਅਗਰ ਜੱਟ ਨਾ ਹੋਣ ਤਾਂ ਪੰਜਾਬ ਦੀਆਂ ਕਚਹਿਰੀਆਂ ਕਬਰਸਤਾਨ ਬਣ ਜਾਣ। ਹੁਣ ਇਨ੍ਹਾਂ ਕਚਹਿਰੀਆਂ ਵਿਚ ਜੱਟਾਂ ਦੇ ਸਿਰ ਤੇ ਮੇਲਾ ਲੱਗਾ ਰਹਿੰਦਾ ਏ। ਵਕੀਲਾਂ ਦੀ ਸਾਰੀ ਖੁਸ਼ਹਾਲੀ ਦਾ ਕਾਰਨ ਪੰਜਾਬ ਦੇ ਜੱਟ ਹਨ। ਇਨ੍ਹਾਂ ਵਕੀਲਾਂ ਨੂੰ ਜੱਟਾਂ ਦੇ ਸ਼ੁਕਰ ਗੁਜਾਰ ਹੋਣਾ ਚਾਹੀਦਾ ਏ। ਜੱਟ ਇਕ ਦਮ ਅਮੀਰ ਬਣਨਾ ਚਾਹੁੰਦਾ ਏ। ਲਾਲਾ ਹੌਲੀ ਹੌਲੀ ਮਿਹਨਤ ਕਰਕੇ ਲਗਾਤਾਰ ਅਮੀਰ ਰਹਿਣ ਵਿਚ ਯਕੀਨ ਰੱਖਦਾ ਏ। ਜੱਟ ਦੀ ਅਮੀਰੀ ਦਾ ਇਕ ਦਮ ਪਤਾ ਲੱਗ ਜਾਂਦਾ ਏ, ਲਾਲੇ ਦੀ ਅਮੀਰੀ ਦਾ ਇਕ ਦਮ ਪਤਾ ਨਹੀਂ ਲਗਦਾ। ਜੱਟ ਮੂੰਹ ਫੁੱਟ ਏ, ਲਾਲਾ ਮੂੰਹ ਬੰਦ ਏ।

"ਧੀਏ, ਕਿਸੇ ਚੰਗੇ ਲਾਣੇ ਵਾਲੇ ਟੱਬਰ 'ਚੋਂ ਲਗਦੀ ਏਂ। ਬੜਾ ਕੁਛ ਪਤਾ ਏ ਤੈਨੂੰ। ਗੱਲਾਂ ਗੱਲਾਂ ਵਿਚ ਸਫ਼ਰ ਚੰਗਾ ਲੰਘ ਗਿਆ। ਐਡੀ ਦੂਰ ਪ੍ਰਦੇਸ਼ਾਂ 'ਚ ਕੌਣ ਆਪਣਾ ਟੱਕਰਦਾ? ਇਹ ਤਾਂ ਰੱਬ ਨੇ ਕੁਦਰਤੀ ਮੇਲੇ ਕਰਾਤੇ। ਕੁੜੀਏ, ਆਹ ਕੁੜੀਆਂ ਦੇਖ ਲਾ ਹਮੇਸ਼ਾ ਅਸਮਾਨਾਂ 'ਚ ਹੀ ਉਡਦੀਆਂ ਰਹਿੰਦੀਆਂ। ਇਨ੍ਹਾਂ ਨੂੰ ਕਹਿ, ਚਾਹ ਦਾ ਕੱਪ ਹੀ ਪਿਲਾ ਦੇਣ। ਮੈਨੂੰ ਤਾਂ ਇਨ੍ਹਾਂ ਨਾਲ ਗੱਲ ਈ ਨਹੀਂ ਕਰਨੀ ਆਉਂਦੀ। ਮੈਨੂੰ ਜਹਾਜ਼ ਬਿਠਾਉਣ ਵੇਲੇ ਵੀ ਮੇਰਾ ਜਵਾਈ ਇਕ ਬੜੀ ਤੇਜ਼ ਤੀਵੀਂ ਦੇ ਹਵਾਲੇ ਕਰ ਗਿਆ ਸੀ। ਉਹੀ ਮੈਨੂੰ ਧੁਰ ਅੰਦਰ ਤੱਕ ਛੱਡ ਕੇ ਗਈ ਸੀ। ਵਿਚਾਰੀ ਬੜੀ ਚੰਗੀ ਸੀ। ਹੱਥੀਂ ਛਾਵਾਂ ਕਰਦੀ ਸੀ। ਮਾੜੀ ਮਾੜੀ ਪੰਜਾਬੀ ਵੀ ਬੋਲਦੀ ਸੀ। ਬੜੀ ਮੂੰਹ ਦੀ ਲਬਾਸੀ ਸੀ।"

ਜੱਸੀ ਇਕ ਏਅਰ ਹੋਸਟੈਸ ਨੂੰ ਬੁਲਾ ਕੇ ਚਾਹ ਦੇ ਦੋ ਕੱਪਾਂ ਲਈ ਕਹਿੰਦੀ ਏ।

"ਮਾਂ ਜੀ, ਹੁਣੇ ਚਾਹ ਆਜੂ। ਸ਼ਾਇਦ ਕੁੱਝ ਨਾਲ ਖਾਣ ਨੂੰ ਵੀ ਆ ਜਾਵੇ।"

"ਇਨ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਧੀਏ, ਚੰਗੀਆਂ ਨਹੀਂ ਲਗਦੀਆਂ। ਇੱਥੇ ਜਹਾਜ਼ ਵਿਚ ਆਪਣੇ ਪੰਜਾਬ ਜਿਹੀਆਂ ਚੀਜ਼ਾਂ ਕਿੱਥੇ? ਇਕ ਡਬਲ ਰੋਟੀ ਜਿਹੀ ਰੱਖ ਲਿਆਉਂਦੀਆਂ। ਥੋੜ੍ਹੇ ਜਿਹੇ ਚੌਲ, ਮਾੜੀ ਜਿਹੀ ਸਬਜ਼ੀ, ਚਟਨੀ ਆਦਿ। ਕੱਚੀਆਂ ਜਿਹੀਆਂ ਚੀਜ਼ਾਂ ਨਾਲ ਕੱਚੀ ਜਿਹੀ ਚਾਹ ਬਣਦੀ ਏ। ਇਹ ਕੀ ਹੋਇਆ ਕਿ ਗਰਮ ਪਾਣੀ ਅਲੱਗ ਪਾਓ, ਉਸ ਵਿਚ ਪੱਤੀ ਅਲੱਗ ਪਾਓ ਤੇ ਫਿਰ ਅੱਧ ਗਰਮ ਜਿਹੇ ਪਾਣੀ ਵਿਚ ਦੁੱਧ ਪਾ ਦਿਉ। ਚਾਹ ਕੱਚੀ-ਕੱਚੀ। ਨਾ ਕੋਈ ਉਬਾਲਾ, ਨਾ ਕੋਈ ਫੈਂਟ।"

"ਮਾਂ ਜੀ, ਹਰ ਏਅਰਲਾਈਨਜ਼ ਦਾ ਖਾਣਾ ਲਗਭੱਗ ਉਸ ਦੇਸ਼ ਦੇ ਖਾਣੇ ਜਿਹਾ ਹੁੰਦਾ ਹੈ ਜਿਸ ਦੇਸ਼ ਦੀ ਇਹ ਏਅਰ ਲਾਈਨਜ਼ ਹੋਵੇ। ਹੁਣ ਅਸੀਂ ਸਿੰਗਾਪੁਰ ਏਅਰਲਾਈਨਜ਼ ਰਾਹੀਂ ਜਾ ਰਹੇ ਹਾਂ। ਇਸ ਦਾ ਭੋਜਨ ਸਿੰਗਾਪੁਰ ਦੇ ਲੋਕਾਂ ਦੇ ਭੋਜਨ ਜਿਹਾ ਜ਼ਿਆਦਾ ਹੋਵੇਗਾ। ਇਸੀ ਪ੍ਰਕਾਰ ਅਗਰ ਅਸੀਂ ਏਅਰ ਇੰਡੀਆ 'ਚ ਸਫ਼ਰ ਕਰੀਏ ਤਾਂ ਦੇਖਾਂਗੇ ਕਿ ਉਸਦਾ ਭੋਜਨ ਭਾਰਤ ਦੇ ਲੋਕਾਂ ਦੇ ਪਰੰਪਰਾਗਤ ਭੋਜਨ ਜਿਹਾ ਵੱਧ ਹੋਵੇਗਾ। ਨਾਲੇ ਅਸੀਂ ਕਿਹੜਾ ਇੱਥੇ ਜਹਾਜ਼ ਵਿਚ ਦਿਨ ਗੁਜਾਰਨੇ ਆਂ। ਚੰਦ ਘੰਟਿਆਂ ਦੀ ਤਾਂ ਗੱਲ ਏ। ਜੇ ਕੁਝ ਘੰਟੇ ਆਪਣੇ ਪਸੰਦ ਦਾ ਖਾਣਾ ਨਾ ਵੀ ਖਾਧਾ ਤਾਂ ਕੀ ਹੋ ਜਾਊ? ਮੈਂ ਪਿਛਲੀ ਵਾਲੀ ਚੀਨ ਦੀ ਏਅਰਲਾਈਨਜ਼ ਰਾਹੀਂ ਆਈ ਸੀ। ਸਭ ਕੁਝ ਫਿਕਾ ਫਿਕਾ ਸੀ। ਤੈਵਾਨ ਜਾ ਕੇ ਏਅਰਪੋਰਟ ਤੇ ਥੋੜ੍ਹਾ ਜਿਹਾ ਚਿਕਨ ਲਿਆ, ਉਹ ਵੀ ਜਮਾਂ ਈ ਫਿੱਕਾ। ਅਗਰ ਭੋਜਨ ਨਾ ਪਸੰਦ ਹੋਵੇ ਤਾਂ ਸਨੈਕਸ ਤੇ ਫਰੂਟ ਖਾ ਕੇ ਗੁਜ਼ਾਰਾ ਕਰ ਲਈਦਾ ਏ। ਹਰ ਏਅਰ ਲਾਈਨਜ਼ ਥੋੜ੍ਹੇ-ਥੋੜ੍ਹੇ ਸਨੈਕਸ ਤੇ ਫਲ ਤਾਂ ਦਿੰਦੀ ਹੀ ਏ ਜਾਂ ਫਿਰ ਚਾਵਲ ਖਾ ਲਵੋ। ਕੋਈ ਡਰਿੰਕ ਲੈ ਲਵੋ,

ਇਝ ਤਾਂ ਕਰਨਾ ਹੀ ਪੈਂਦਾ ਏ। ਦਿੱਲੀ ਉੱਤਰਕੇ ਬਥੇਰੇ ਢਾਬੇ ਆਉਂਦੇ ਆ ਪੰਜਾਬ ਨੂੰ ਜਾਂਦਿਆਂ, ਉਥੇ ਜਿੰਨੀਆਂ ਮਰਜ਼ੀ ਡੋਜਾਂ ਲਾਹ ਲੈਣੀਆਂ। ਉੱਥੇ ਤਾਂ ਹੁਣ ਮੱਕੀ ਦੀ ਰੋਟੀ ਤੇ ਸਾਗ ਵੀ ਮਿਲ ਜਾਂਦਾ ਏ, ਮਾਂ ਜੀ।"

"ਕੁੜੀਏ, ਛੱਡ ਤੂੰ ਹੁਣ ਇਨ੍ਹਾਂ ਗੱਲਾਂ ਨੂੰ। ਹੁਣ ਤਾਂ ਸਫ਼ਰ ਈ ਘੰਟੇ ਕੁ ਦਾ ਈ ਰਹਿ ਗਿਆ ਏ। ਤੂੰ ਹੁਣ ਆਪਣੇ ਬਾਰੇ ਕੁਝ ਹੋਰ ਦੱਸ? ਕਿਵੇਂ, ਤੇਰੇ ਘਰਵਾਲੇ ਨਾਲ ਬਣੀ ਬਣਾਈ ਰਹਿਜੂ ਜਾਂ ਕੁਝ ਹੋਰ ਸੋਚੀਏ? ਹੁਣ ਤਾਂ ਤੂੰ ਮੈਨੂੰ ਆਪਣੀਆਂ ਕੁੜੀਆਂ ਜਿਹੀ ਹੀ ਲੱਗਣ ਲੱਗ ਪਈ ਏਂ। ਰਹਿਣਾ ਏ ਉਹਦੇ ਨਾਲ ਕਿ ਨਹੀਂ? ਅਗਰ ਨਹੀਂ ਰਹਿਣਾ ਤਾਂ ਸਾਡਾ ਇਕ ਮੁੰਡਾ ਈ ਬਾਹਰ ਲੈ ਜਾਵੀਂ। ਨਾਲੇ ਤੇਰੇ ਹਾਣ ਦਾ ਏ। ਮੇਰੀ ਛੋਟੀ ਭੈਣ ਦਾ ਮੁੰਡਾ ਏ।"

"ਮਾਂ, ਮੈਂ ਵਸਣਾ ਤਾਂ ਉਸ ਨਾਲ ਹੈ ਨਹੀਂ, ਪਰ ਛੁਟਕਾਰਾ ਤਾਂ ਹੌਲੀ ਹੌਲੀ ਹੋਊ। ਪਹਿਲਾਂ ਕੋਈ ਛੱਡ ਛਡੱਈਆ ਹੋਊ ਤਾਂ ਹੀ ਅੱਗੇ ਕੁਝ ਹੋਊ। ਮੰਮੀ ਨਾਲ ਸਾਰੀ ਗੱਲ ਕਰਾਂਗੀ। ਕੋਈ ਢੰਗ ਤਰੀਕਾ ਸੋਚਾਂਗੇ ਤੇ ਫਿਰ ਤੁਹਾਨੂੰ ਦੱਸ ਦਿਆਂਗੇ। ਤੁਸੀਂ ਮੈਨੂੰ ਆਪਣਾ ਪਿੰਡ ਵੀ ਦੱਸ ਦਿੱਤਾ ਏ ਤੇ ਫੋਨ ਨੰਬਰ ਵੀ ਦੇ ਦਿੱਤਾ ਏ। ਮੈਂ ਪਹੁੰਚ ਕੇ ਤੁਹਾਨੂੰ ਫੋਨ ਕਰਦੀ ਰਹਾਂਗੀ। ਸ਼ਾਇਦ ਕਦੀ ਮਿਲਣ ਵੀ ਆ ਜਾਵਾਂ।"

"ਧੀਏ, ਜਦ ਮਰਜ਼ੀ ਆ। ਜ਼ਰੂਰ ਗੇੜਾ ਮਾਰੀਂ। ਸਾਡੇ ਮੁੰਡੇ ਨੂੰ ਤਾਂ ਤੂੰ ਸਿਡਨੀ ਲੈ ਕੇ ਜਾਣਾ ਹੀ ਜਾਣਾ ਏ। ਇਕ ਗੱਲ ਹੋਰ ਸੁਣ ਲੈ। ਮੁੰਡਾ ਕੱਚਾ ਕੰਵਾਰਾ ਏ। ਤੂੰ ਹੁਣ ਦੁਹਾਜੂ ਹੋਵੇਂਗੀ। ਅਸੀਂ ਤੈਨੂੰ ਪੈਸੇ ਦੇਵਾਂਗੇ। ਮੁੰਡਾ ਪੱਕਾ ਹੋ ਕੇ ਵਾਪਸ ਆ ਕੇ ਦੂਜਾ ਅਸਲੀ ਵਿਆਹ ਕਰਵਾਏਗਾ। ਅਗਰ ਮਨਜ਼ੂਰ ਏ ਤਾਂ ਆਪਣੀ ਮਾਂ ਨਾਲ ਗੱਲ ਕਰ ਲਵੀਂ। ਭਲਾ ਹੋਵੇ ਧੀਏ ਤੇਰਾ।

ਏਅਰ ਕਰਾਫਟ ਆਪਣੀਆਂ ਬੁਲੰਦੀਆਂ ਤੇ ਪੂਰੀ ਰਫ਼ਤਾਰ ਨਾਲ ਉਡਦਾ ਜਾ ਰਿਹਾ ਸੀ। ਜੱਸੀ ਨੂੰ ਹੁਣ ਇਹ ਏਅਰ ਕਰਾਫ਼ਟ ਡੱਕੇ ਡੋਲੇ ਖਾਂਦਾ ਲੱਗ ਰਿਹਾ ਸੀ। ਉਹਨੂੰ ਲਗਦਾ ਸੀ ਮਤਾਂ ਜਹਾਜ਼ ਸਮੁੰਦਰ ਵਿਚ ਹੀ ਨਾ ਗਿਰ ਜਾਵੇ। ਦੂਸਰੇ ਹੀ ਪਲ ਉਸਨੂੰ ਲਗਦਾ ਸੀ- ਨਹੀਂ ਜਹਾਜ਼ ਬੜਾ ਖ਼ੂਬਸੂਰਤ ਉੱਡ ਰਿਹਾ ਸੀ ਤੇ ਹੋਰ ਵੀ ਵਧੀਆ ਉਡੇਗਾ। ਉਸ ਤੋਂ ਅਗਲੀ ਸੀਟ ਤੇ ਬੈਠਾ ਵਿਆਹੁਤਾ ਜੋੜਾ ਉਸ ਨੂੰ ਪਲ ਪਲ ਵਿਚ ਰੂਪ ਬਦਲਦਾ ਮਹਿਸੂਸ ਹੋ ਰਿਹਾ ਸੀ। ਪਲ ਵਿਚ ਉਸ ਨੂੰ ਲਗਦਾ ਸੀ ਕਿ ਇਸ ਜੋੜੇ ਦੀ ਇਕ ਦੂਜੇ ਪ੍ਰਤੀ ਖਿੱਚ ਬੜੀ ਸੱਚੀ ਸੁੱਚੀ ਏ ਤੇ ਦੂਜੇ ਪਲ ਵਿਚ ਹੀ ਉਸਨੂੰ ਲੱਗਣ ਲੱਗ ਪੈਂਦਾ ਸੀ ਕਿ ਇਹ ਖਿੱਚ ਨਿਰਾ ਵਿਖਾਵਾ ਏ। ਜਹਾਜ਼ ਦੀ ਨਿੱਕੀ ਜਿਹੀ ਖਿੜਕੀ ਦੇ ਸ਼ੀਸ਼ੇ ਉਪਰੋਂ ਪਰਦਾ ਚੁੱਕ ਕੇ ਉਸ ਨੇ ਬਾਹਰ ਨੂੰ ਦੇਖਿਆ-ਅਸਮਾਨ ਧੁੰਦਲਾ-ਧੁੰਦਲਾ ਲੱਗ ਰਿਹਾ ਸੀ, ਪਹਾੜ ਬਰਫ਼ੀਲੇ ਲੱਗ ਰਹੇ ਸਨ। ਜ਼ਮੀਨ ਤੇ ਪਾਣੀ ਵਿਚ ਪਗਡੰਡੀਆਂ ਜਿਹੀਆਂ ਨਜ਼ਰ ਆ ਰਹੀਆਂ ਸਨ, ਪਾਣੀ ਵਿਚ ਉਸ ਨੂੰ ਮਗਰਮੱਛ ਜਿਹੇ ਕੋਈ ਜੀਵ ਚਲਦੇ ਨਜ਼ਰ ਆ ਰਹੇ ਸਨ, ਬੱਦਲ ਨਿਰੇ ਰਾਕਸ਼ਸ਼ ਲੱਗ ਰਹੇ ਸਨ ਤੇ ਇਨ੍ਹਾਂ ਦੇ ਬੇਤਹਾਸ਼ੇ ਫੈਲਾਅ ਨੇ ਅਸਮਾਨ ਨੂੰ ਤਾਂ ਇਨ੍ਹਾਂ ਸਾਹਮਣੇ ਵਿਚਾਰਾ ਅਤੇ ਗ਼ਰੀਬੜਾ ਜਿਹਾ ਬਣਾ ਛੱਡਿਆ ਸੀ। ਥੋੜ੍ਹੇ ਸਮੇਂ ਲਈ ਉਹ ਖ਼ਿਆਲਾਂ ਵਿਚ ਗੁਆਚ ਗਈ:-

ਧੰਦਾ ਤਾਂ ਮਾੜਾ ਨਹੀਂ......ਮਾਂ ਨਾਲ ਸਲਾਹ ਕਰਕੇ ਕਿਉਂ ਨਾ ਇਸ ਮਾਈ ਵਾਲੇ

ਕੇਸ ਨੂੰ ਸਿਰੇ ਲਾ ਕੇ ਪੈਸੇ ਹੀ ਵੱਟ ਲਏ ਜਾਣ.....ਅੱਜ ਕੱਲ੍ਹ ਤਾਂ ਲੋਕ 15-15 ਲੱਖ ਦੇਣ ਨੂੰ ਤਿਆਰ ਬੈਠੇ ਨੇ...ਮੇਰੀ ਜਸਦੀਪ ਨਾਲ ਹੁਣ ਬਣਨੀ ਤਾਂ ਹੈ ਨਹੀਂ.....ਸਾਰੀ ਜ਼ਿੰਦਗੀ ਗੁਲਾਮਾਂ ਵਾਂਗ ਥੋੜ੍ਹਾ ਕੱਟਣੀ ਏਂ.....ਮਾਂ ਕੀ ਕਹੂਗੀ?.....ਮਾਂ ਨੂੰ ਮਿਲਣ ਨੂੰ ਤਾਂ ਹੁਣ ਘੰਟਾ ਕੁ ਹੀ ਰਹਿ ਗਿਆ.....ਦਿੱਲੀ ਆਈ ਕਿ ਆਈ.....ਉਹ ਤਾਂ ਹੁਣ ਤੱਕ ਦੇਰ ਦੇ ਦਿੱਲੀ ਪਹੁੰਚ ਗਏ ਹੋਣਗੇ.....ਮਿਲਦੇ ਸਾਰ ਮਾਂ ਨੂੰ ਇਸ ਮਾਈ ਨੂੰ ਵੀ ਮਿਲਾ ਦਿੱਤਾ ਜਾਵੇ ਤਾਂ ਠੀਕ ਹੀ ਹੋਵੇਗਾ.....ਹੋਰ ਮਿਲਣੀਆਂ ਸ਼ਾਇਦ ਵਿਚ ਪਿੰਡ ਹੋ ਜਾਣਗੀਆਂ...ਜ਼ਿੰਦਗੀ ਮਜ਼ੇ ਕਰਨ ਲਈ ਏ, ਗੁਲਾਮ ਬਣ ਕੇ ਇੱਕ ਨਾਲ ਬੱਝੇ ਰਹਿਣ ਲਈ ਨਹੀਂ.....ਮਰਦ ਵੀ ਤਾਂ ਐਸ਼ਾਂ ਕਰਦੇ ਹੀ ਨੇ...ਅਗਰ ਤੀਵੀਂ ਕਰੇ ਤਾਂ ਕਹਿਣਗੇ ਸਾਲੀ ਬਦਮਾਸ਼ ਏ.....ਆਪ ਭਾਵੇਂ ਨਿੱਤ ਨਵੀਂ ਬਦਲਦੇ ਰਹਿਣ। ਇਨ੍ਹਾਂ ਨੂੰ ਸਬਕ ਸਿਖਾਉਣਾ ਹੀ ਚਾਹੀਦਾ ਏ।

"ਧੀਏ, ਤੂੰ ਚੁੱਪ ਹੀ ਕਰ ਗਈ। ਕੀ ਹੋ ਗਿਆ ਸੀ ਤੈਨੂੰ? ਹੁਣ ਤਾਂ ਦਿੱਲੀ ਨੇੜੇ ਈ ਹਊ? ਕੁੜੇ ਕਿੰਨਾ ਕੁ ਸਮਾਂ ਹੋਰ ਲੱਗੂ? ਉਹ ਸਾਨੂੰ ਉਡੀਕ ਉਡੀਕ ਕੇ ਥੱਕ ਗਏ ਹੋਣਗੇ। ਨਾਲੇ ਤੇਰੀ ਮਾਂ ਨੂੰ ਮਿਲੂੰਗੀ। ਜੀਂਦਾ ਰਹੇ ਵਿਚਾਰਾ ਜਹਾਜ਼ ਜੀਹਨੇ ਮੇਲ ਕਰਾਤੇ। ਜਹਾਜ਼ ਨੇ ਤਾਂ ਸਾਨੂੰ ਰਿਸ਼ਤੇਦਾਰ ਹੀ ਬਣਾਤਾ। ਇਹ ਤਾਂ ਇਕ ਤਰ੍ਹਾਂ ਨਾਲ ਸਾਡਾ ਵਿਚੋਲਾ ਈ ਹੋਇਆ। ਕਈਆਂ ਦੇ ਵਿਚੋਲੇ ਬੰਦੇ ਹੁੰਦੇ ਆ...ਕਈਆਂ ਦੇ ਵਿਚੋਲੇ ਖਬਾਰਾਂ ਬਣ ਜਾਂਦੀਆਂ...ਸਾਡਾ ਵਿਚੋਲਾ ਜਹਾਜ਼ ਈ ਬਣ ਗਿਆ....ਨਾ ਹਵਾਈ ਅੱਡੇ ਤੇ ਕੱਠੀਆਂ ਹੁੰਦੀਆਂ, ਨਾ ਵਾਕਫ਼ੀ ਹੁੰਦੀ, ਨਾ ਰਿਸ਼ਤੇਦਾਰਨੀਆਂ ਬਣਨ ਵੱਲ ਨੂੰ ਤੁਰਦੀਆਂ। ਵਾਹਿਗੁਰੂ! ਵਾਹਿਗੁਰੂ!!"

"ਮਾਂ ਜੀ, ਅਨਾਊਂਸਮੈਂਟ ਹੋ ਗਈ ਏ ਕਿ ਹੁਣ ਜਹਾਜ਼ ਉਤਰਨ ਵਾਲਾ ਹੀ ਏ।"

"ਵਾਹਿਗੁਰੂ! ਵਾਹਿਗੁਰੂ!! ਧੀਏ, ਵਾਹਿਗੁਰੂ, ਵਾਹਿਗੁਰੂ ਕਰ। ਉਤਰਨ ਤੇ ਚੜ੍ਹਨ ਵੇਲੇ ਮੈਨੂੰ ਤਾਂ ਡਰ ਲੱਗਣ ਲੱਗ ਪੈਂਦਾ।"

ਚੰਦ ਮਿੰਟਾਂ ਵਿਚ ਜਹਾਜ਼ ਜ਼ਮੀਨ ਤੇ ਲੱਗ ਗਿਆ ਸੀ। ਟਰੈਕ ਤੇ ਦੌੜਦਾ ਦੌੜਦਾ ਆਖ਼ਰ ਨਿਕਾਸ ਦੇ ਨਾਲ ਜਾ ਲੱਗਾ। ਹਰ ਕੋਈ ਬਾਹਰ ਨਿਕਲਣ ਲਈ ਕਾਹਲਾ ਸੀ। ਮਾਈ ਦੀ ਮਦਦ ਜੱਸੀ ਕਰਦੀ ਗਈ। ਆਖ਼ਰ ਦੋਨੋਂ ਬਾਹਰ ਨਿਕਲ ਹੀ ਗਈਆਂ। ਕਈ ਬੰਦਸ਼ਾਂ ਪਾਰ ਕਰਕੇ ਆਖ਼ਰ ਉਹ ਸਮਾਨ ਲੈਣ ਲਈ ਕੁਝ ਦੇਰ ਖੜ੍ਹੀਆਂ ਰਹੀਆਂ। ਆਖ਼ਰ, ਅਟੈਚੀ ਮਿਲੇ ਤਾਂ ਬੁੱਢੀ ਤੋਂ ਅਟੈਚੀ ਟਰਾਲੀ ਉਪਰ ਰੱਖ ਕੇ ਟਰਾਲੀ ਨਾ ਖਿੱਚੀ ਜਾਵੇ। ਇਸ ਵਿਚ ਜੱਸੀ ਨੇ ਉਸ ਦੀ ਸਹਾਇਤਾ ਕੀਤੀ। ਜਿਉਂ ਹੀ ਉਹ ਬਾਹਰ ਨਿਕਲੀਆਂ ਜੱਸੀ ਤਾਂ ਮਾਂ ਨੂੰ ਮਿਲ ਕੇ ਫੁੱਟ ਫੁੱਟ ਕੇ ਰੋਣ ਲੱਗ ਪਈ। ਕਿੰਨੀ ਦੇਰ ਇਕ ਦੂਜੀ ਨੂੰ ਜੱਫੀ 'ਚ ਹੀ ਲਈ ਖੜ੍ਹੀਆਂ ਰਹੀਆਂ। ਮਾਈ ਆਪਣਿਆਂ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਵੇ। ਇਕ ਦੂਜੇ ਨੂੰ ਮਿਲਾਉਣ ਲਈ ਦਸ ਕੁ ਮਿੰਟ ਦਾ ਸਮਾਂ ਲੱਗ ਹੀ ਗਿਆ।

"ਬੀਜੀ ਇਹ ਮਾਈ ਸਾਡੇ ਗਰਾਂ ਦੀ ਹੀ ਏ। ਕੈਨੇਡਾ ਤੋਂ ਆਪਣੀ ਧੀ ਨੂੰ ਮਿਲ ਕੇ ਆਈ ਏ।" ਜੱਸੀ ਨੇ ਵਾਕਫ਼ੀਅਤ ਕਰਾਈ।

"ਸਤਿ ਸ੍ਰੀ ਅਕਾਲ, ਭੈਣ ਜੀ।" ਜੱਸੀ ਦੀ ਮਾਂ ਨੇ ਉਸ ਵੱਲ ਹੱਥ ਜੋੜੇ।

"ਭੈਣੇ, ਤੇਰੀ ਧੀ ਬੜੀ ਚੰਗੀ ਏ। ਸਾਰਾ ਸਫ਼ਰ ਮੈਨੂੰ ਬੜੀ ਵਧੀਆ ਸਾਥ ਮਿਲਿਆ। ਬੜੀਆਂ ਗੱਲਾਂ ਕੀਤੀਆਂ ਅਸੀਂ। ਹੁਣ ਅਸੀਂ ਚਲਦੇ ਆਂ। ਉੱਥੇ ਮੌਗਿਤੇ ਮਿਲਾਂਗੇ।"

"ਭੈਣ ਜੀ, ਬੜੀ ਖ਼ੁਸ਼ੀ ਹੋਈ ਤੁਹਾਨੂੰ ਮਿਲ ਕੇ। ਅਗਾਂਹ ਵੀ ਮਿਲਦੇ ਰਿਹੋ। ਚੰਗਾ ਭੈਣ ਜੀ, ਸਤਿ ਸ੍ਰੀ ਅਕਾਲ।"

ਦੋਨੋਂ ਪਾਰਟੀਆਂ ਇਕ ਦੂਜੇ ਤੋਂ ਵਿੱਛੜ ਗਈਆਂ। ਚਾਹੁੰਦੀਆਂ ਤਾਂ ਦੋਨੋਂ ਇਕੱਠੀਆਂ ਵੀ ਪੰਜਾਬ ਜਾ ਸਕਦੀਆਂ ਸਨ। ਕੈਨੇਡਾ ਤੋਂ ਆਈ ਮਾਈ ਨੇ ਪਹਿਲਾਂ ਆਪਣੇ ਕਿਸੇ ਰਿਸ਼ਤੇਦਾਰਾਂ ਦੇ ਪੰਜਾਬੀ ਬਾਗ਼ ਦਿੱਲੀ ਜਾਣਾ ਸੀ। ਕੁਝ ਘੰਟੇ ਉੱਥੇ ਠਹਿਰਕੇ ਉਸ ਨੇ ਪੰਜਾਬ ਜਾਣਾ ਸੀ। ਜੱਸੀ, ਉਸਦੀ ਮਾਂ ਤੇ ਉਸ ਦੀ ਮਾਸੀ ਦਾ ਮੁੰਡਾ ਹਵਾਈ ਅੱਡੇ ਤੋਂ ਪੰਜਾਬ ਵੱਲ ਨੂੰ ਚੱਲ ਪਏ।

"ਧੀਏ, ਸਾਨੂੰ ਤੇਰਾ ਬੜਾ ਫ਼ਿਕਰ ਰਿਹਾ। ਕਈ ਵਾਰ ਤਾਂ ਅਸੀਂ ਇੰਨੇ ਡਰ ਗਏ ਸੀ ਕਿ ਤੂੰ ਸਹੀ ਸਲਾਮਤ ਵਾਪਸ ਆ ਵੀ ਜਾਵੇਂਗੀ ਜਾਂ ਨਹੀਂ। ਕਈ ਕਈ ਦਿਨ ਤੇਰਾ ਟੈਲੀਫ਼ੋਨ ਹੀ ਨਹੀਂ ਸੀ ਆਉਂਦਾ। ਅਸੀਂ ਬਹੁਤ ਫ਼ਿਕਰਮੰਦ ਹੋ ਜਾਇਆ ਕਰਦੇ ਸਾਂ। ਕਿਵੇਂ ਰਹੀ ਧੀਏ?"

"ਮਾਂ, ਤੁਹਾਨੂੰ ਪਤਾ ਈ ਏ, ਜਸਦੀਪ ਨੇ ਠੀਕ ਨਹੀਂ ਹੋਣਾ। ਉਹ ਪੂਰਾ ਵਿਗੜਿਆ ਹੋਇਆ ਏ। ਉੱਥੇ ਨਹੀਂ ਸਾਡੀ ਨਿਭਣੀ। ਮੈਂ ਮੁੜ ਕੇ ਉਸ ਪਾਸ ਨਹੀਂ ਜਾਣਾ ਚਾਹੁੰਦੀ। ਬਿਹਤਰ ਏ, ਉਸ ਨਾਲ ਸੁਲਾਹ ਸਫ਼ਾਈ ਨਾਲ ਤਲਾਕ ਲੈ ਲਿਆ ਜਾਵੇ, ਭਾਵੇਂ ਸਾਨੂੰ ਕੁੱਝ ਘਾਟਾ ਹੀ ਪੈ ਜਾਵੇ। ਉਹ ਖ਼ੁਦ ਵੀ ਤਲਾਕ ਲੈਣ ਦੇ ਰੌਂਅ ਵਿਚ ਏ। ਕਾਨੂੰਨੀ ਕਾਰਵਾਈ 'ਚ ਪੈਣ ਨਾਲ ਕੇਸ ਲੰਬਾ ਵੀ ਪੈ ਸਕਦਾ ਏ। ਉਸ ਨੂੰ ਡਰ ਏ, ਅਗਰ ਮੈਂ ਤਲਾਕ ਲੈਂਦੀ ਆਂ ਤਾਂ ਉਸ ਨੂੰ ਮੈਨੂੰ ਕਾਨੂੰਨ ਅਨੁਸਾਰ ਘਰ ਵੀ ਦੋ ਹਿੱਸੇ ਦੇਣਾ ਪਵੇਗਾ ਤੇ ਕੁਝ ਪੈਸੇ ਵੀ ਦੇਣੇ ਪੈ ਸਕਦੇ ਹਨ। ਅਗਰ ਸਾਡੇ ਬੱਚਾ ਹੋ ਜਾਂਦਾ ਫਿਰ ਤੇ ਉਸ ਨੂੰ ਖਾਸਾ ਖਰਚਾ ਦੇਣਾ ਹੀ ਪਿਆ ਕਰਨਾ ਸੀ। ਆਸਟਰੇਲੀਆ ਜਿਹੇ ਦੇਸ਼ ਵਿਚ ਵਿਆਹ ਵਿਊਹ ਕਰਾਉਣ ਦਾ ਬਹੁਤਾ ਲਾਭ ਨਹੀਂ। ਉੱਥੇ ਵਿਆਹ ਤੋਂ ਬਗ਼ੈਰ ਹੀ ਬਥੇਰੇ ਇਕੱਠੇ ਰਹੀ ਜਾਂਦੇ ਨੇ। ਉਹ ਇਕੱਠੇ ਵੀ ਰਹੀ ਜਾਂਦੇ ਨੇ ਤੇ ਸਰਕਾਰ ਤੋਂ ਪੈਸੇ ਵੀ ਲਈ ਜਾਂਦੇ ਨੇ। ਇਨ੍ਹਾਂ ਰਿਸ਼ਤਿਆਂ ਨੂੰ ਡੀ ਫੈਕਟੋ (De facto) ਵਿਆਹ ਕਿਹਾ ਜਾਂਦਾ ਏ। ਛੱਡੀਏ ਵਿਆਹਾਂ ਨੂੰ। ਇਨ੍ਹਾਂ ਵਿਚ ਕੁਝ ਨੀ ਰੱਖਿਆ। ਪੈਸੇ ਇਕੱਠੇ ਕਰੋ ਤੇ ਐਸ਼ ਕਰੋ। ਤੁਸੀਂ ਵੀ ਸੌਖੇ ਤੇ ਮੈਂ ਵੀ ਸੌਖੀ।"

"ਧੀਏ, ਮੈਨੂੰ ਤੇਰੀ ਗੱਲ ਜਚਦੀ ਨਹੀਂ। ਵਿਆਹ ਬਗ਼ੈਰ ਵੀ ਕੋਈ ਜ਼ਿੰਦਗੀ ਏ? ਵਿਆਹ ਨਾਲ ਮਨੁੱਖ ਦੀ ਅੱਗੇ ਜਦ ਚਲਦੀ ਏ, ਵਿਆਹ ਨਾਲ ਹੀ ਮਨੁੱਖ ਵਿਚ ਮਰਿਆਦਾ ਤੇ ਅਨੁਸਾਸ਼ਨ ਆਉਂਦਾ ਏ, ਜੀਵਨ ਦਾ ਚੈਨ ਵੀ ਵਿਆਹ ਦੇ ਬੰਧਨ ਵਿਚ ਹੀ ਏ। ਜੋ ਵਿਆਹ ਨਹੀਂ ਕਰਾਉਂਦੇ ਉਨ੍ਹਾਂ ਦੇ ਜੀਵਨ ਦਾ ਅੰਤ ਬੜਾ ਮਾੜਾ ਹੁੰਦਾ ਏ। ਸਾਰੀ ਜ਼ਿੰਦਗੀ ਹੀ ਭਟਕਦੇ ਫਿਰਦੇ ਰਹਿੰਦੇ ਹਨ। ਅਸੀਂ ਤੇਰੇ ਵਾਸਤੇ ਹੋਰ ਮੁੰਡਾ ਲੱਭ ਲੈਂਦੇ ਹਾਂ। ਹੁਣ ਤਾਂ ਤੂੰ ਉੱਥੇ ਪੱਕੀ ਹੋ ਗਈ ਏਂ। ਹੁਣ ਬਥੇਰੇ ਇੱਥੇ ਮਿਲ ਜਾਣਗੇ।"

"ਬੀਬੀ, ਭਾਵੇਂ ਮਿਲ ਵੀ ਜਾਣ, ਸਭ ਸੁਆਰਥੀ ਨੇ। ਦੁਹਾਜੂ ਨਾਲ ਘੱਟ ਹੀ ਕੋਈ ਟਿਕਦਾ ਹੁੰਦਾ। ਬਿਹਤਰ ਇਹ ਹੈ ਕਿ ਅਜੇ ਇੰਤਜ਼ਾਰ ਕੀਤੀ ਜਾਵੇ। ਪਹਿਲਾ ਜਸਦੀਪ ਨਾਲ ਫ਼ੈਸਲਾ ਕਰਕੇ ਉਸ ਤੋਂ ਪੈਸੇ ਲਈਏ, ਫਿਰ ਮੈਂ ਤੈਨੂੰ ਦੱਸੂੰਗੀ ਕੀ ਕਰਨਾ ਏ।"

## ਅਧਿਆਇ 11
# ਮਾਰਗ ਦਰਸ਼ਨ

ਕੀਰਤੀ ਸਿੰਘ ਨੂੰ ਭਾਵੇਂ ਹਰ ਵਕਤ ਇਹੀ ਤੜਪ ਲੱਗੀ ਰਹਿੰਦੀ ਸੀ ਕਿ ਉਸ ਦੀ ਲੜਕੀ ਰਿਪੀ ਆਪਣੀ ਮਾਂ ਪਿੱਛੇ ਲੱਗ ਕੇ ਮਨਮਾਨੀਆਂ ਕਰੇਗੀ ਪ੍ਰੰਤੂ ਉਸ ਦੀ ਇਹ ਧਾਰਨਾ ਗ਼ਲਤ ਨਿਕਲੀ। ਰਿਪੀ ਆਪਣੀ ਮਾਂ ਦੀ ਚੁੰਗਲ ਵਿਚੋਂ ਨਿਕਲ ਗਈ ਸੀ। ਉਹ ਇੰਨੀ ਸਿਆਣੀ ਨਿਕਲੀ ਕਿ ਉਹ ਗਾਹੇ ਬਗਾਹੇ ਆਪਣੇ ਪਿਉ ਨਾਲ ਵੀ ਸੰਪਰਕ ਰੱਖਣ ਲੱਗੀ। ਉਹ ਹੁਣ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਐਮ.ਏ. ਅੰਗਰੇਜ਼ੀ ਕਰ ਰਹੀ ਸੀ। ਉਹ ਆਪਣੀ ਮਾਂ ਦੀਆਂ ਫੈਲਸੂਫੀਆਂ ਖਿਲਾਫ਼ ਕਈ ਵਾਰ ਬਗ਼ਾਵਤ ਵੀ ਕਰਦੀ ਪ੍ਰੰਤੂ ਉਸ ਦੀ ਪੇਸ਼ ਕੋਈ ਨਹੀਂ ਸੀ ਜਾਂਦੀ। ਕੀਰਤੀ ਸਿੰਘ ਹੁਣ ਅੰਤਾਂ ਦਾ ਖ਼ੁਸ਼ ਸੀ ਕਿ ਉਸ ਦੇ ਸਾਰੇ ਪਰਿਵਾਰ ਵਿਚੋਂ ਕੰਮ ਸੇ ਕੰਮ ਕੋਈ ਤਾਂ ਹੈ ਜੋ ਸਿੱਧੇ ਰਸਤੇ ਤੁਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪ੍ਰੋ. ਜੋਰਾ ਸਿੰਘ ਪੁਰਾਣੇ ਸਮਿਆਂ ਦਾ ਐਮ.ਏ. ਅੰਗਰੇਜ਼ੀ ਸੀ। ਉਹ ਵੀ ਰਿਪੀ ਦਾ ਮਾਰਗ ਦਰਸ਼ਨ ਕਰਨ ਲੱਗ ਪਿਆ। ਕੀਰਤੀ ਸਿੰਘ ਆਪਣੇ ਘਰ ਘੱਟ ਹੀ ਜਾਂਦਾ ਸੀ ਕਿਉਂਕਿ ਉਹ ਆਪਣੀ ਘਰ ਵਾਲੀ ਤੇ ਆਪਣੇ ਲੜਕੇ ਤੋਂ ਦੁਖੀ ਸੀ। ਇਸ ਲਈ ਜੋਰਾ ਸਿੰਘ ਨੂੰ ਵੀ ਕੀਰਤੀ ਦੇ ਘਰ ਜਾਣ ਦਾ ਘੱਟ ਹੀ ਮੌਕਾ ਮਿਲਦਾ ਸੀ। ਕੀਰਤੀ ਸਿੰਘ ਉਸਨੂੰ ਆਪਣੀ ਲੜਕੀ ਨੂੰ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਮਿਲਾਉਂਦਾ ਰਹਿੰਦਾ। ਇਸ ਪ੍ਰਕਾਰ ਉਹ ਜੋਰਾ ਸਿੰਘ ਤੋਂ ਪੜ੍ਹਾਈ ਵਿਚ ਵੱਧ ਤੋਂ ਵੱਧ ਸੇਧ ਪ੍ਰਾਪਤ ਕਰਦੀ ਰਹਿੰਦੀ। ਵੈਸੇ ਵੀ ਕੀਰਤੀ ਸਿੰਘ ਨੇ ਜੋਰਾ ਸਿੰਘ ਨੂੰ ਕਿਹਾ ਹੋਇਆ ਸੀ ਕਿ ਉਹ ਰਿਪੀ ਨੂੰ ਜਦ ਸਮਾਂ ਮਿਲੇ ਯੂਨੀਵਰਸਿਟੀ ਵਿਚ ਕਿਤੇ ਵੀ ਮਿਲ ਲਿਆ ਕਰੇ ਤੇ ਉਸ ਨੂੰ ਉਸ ਦੀ ਪੜ੍ਹਾਈ ਵਿਚ ਪੂਰੀ ਪ੍ਰੇਰਣਾ ਦੇਈ ਜਾਵੇ।

ਯੂਨੀਵਰਸਿਟੀ ਦਾ ਅੰਗਰੇਜ਼ੀ ਵਿਭਾਗ ਵੈਸੇ ਵੀ ਬੜੇ ਸੁਲਝੇ ਹੋਏ ਅਧਿਆਪਕਾਂ ਨਾਲ ਭਰਿਆ ਪਿਆ ਸੀ। ਉਥੇ ਕਈ ਅਧਿਆਪਕ ਤਾਂ ਅਮਰੀਕਾ ਤੇ ਇੰਗਲੈਂਡ ਤੋਂ ਡਾਕਟਰੇਟ ਸਨ। ਇਕ ਪੰਜਾਬਣ ਪ੍ਰੋ. ਰੂਬਿਨੀ ਮੁਕਰਜੀ ਉਸ ਨੂੰ ਅਮਰੀਕਨ ਸਾਹਿਤ ਪੜ੍ਹਾਉਂਦੀ ਸੀ। ਇਹ ਟੀਚਰ ਇਕ ਬੰਗਾਲੀ ਨਾਲ ਵਿਆਹੀ ਹੋਈ ਸੀ। ਸਿਲੇਬਸ ਵਿਚ ਇੱਕ ਨਾਟਕ ਆਈਸਮੈਨ ਕਮਥ (Iceman Cometh) ਵੀ ਲੱਗਾ ਹੋਇਆ ਸੀ। ਇਸ ਨਾਟਕ ਦੀ ਟੈਕਸਟ ਬਾਜ਼ਾਰ ਵਿਚ ਨਹੀਂ ਮਿਲਦੀ ਸੀ। ਟੈਕਸਟ ਜਿੱਥੋਂ ਮਰਜੀ ਵਿਦਿਆਰਥੀ ਆਪ ਪੈਦਾ ਕਰੇ। ਮੁਕਰਜੀ ਪਾਸ ਇਸ ਨਾਟਕ ਦੀ ਇਕ ਕਾਪੀ ਸੀ। ਵਿਦਿਆਰਥੀ ਉਹ ਕਾਪੀ ਉਸਤੋਂ ਲੈ ਕੇ ਉਸਦੀਆਂ ਫੋਟੋ ਕਾਪੀਆਂ ਵੀ ਕਰਵਾ ਸਕਦੇ ਸਨ ਜਾਂ ਫਿਰ ਕਿਸੇ ਹੋਰ ਤਰੀਕੇ ਨਾਲ ਇਹ ਟੈਕਸਟ ਵੀ ਪੈਦਾ ਕਰ ਸਕਦੇ ਸਨ। ਹੋ ਸਕਦਾ ਸੀ ਕਿ ਦਿੱਲੀ ਜਿਹੇ ਸ਼ਹਿਰ ਤੋਂ ਇਸ ਨਾਟਕ ਦੀ ਟੈਕਸਟ ਮਿਲ ਵੀ ਸਕਦੀ ਸੀ। ਰਿਪੀ ਨੇ ਆ ਕੇ ਇਸ ਸਮੱਸਿਆ ਬਾਰੇ ਪ੍ਰੋ: ਜੋਰਾ ਸਿੰਘ ਨੂੰ ਦੱਸਿਆ। ਉਹ ਜੋਰਾ ਸਿੰਘ ਨੂੰ ਅੰਕਲ ਕਹਿ ਕੇ ਬੁਲਾਉਂਦੀ ਸੀ।

"ਅੰਕਲ, ਰੂਬਿਨੀ ਮੈਡਮ ਨੇ ਤਾਂ ਅੱਜ ਸਾਡੇ ਲਈ ਹੋਰ ਈ ਪੁਆੜਾ ਖੜ੍ਹਾ ਕਰ ਦਿੱਤਾ।"

"ਕੀ ਹੋ ਗਿਆ, ਬੇਟੇ? ਅਗਰ ਸੰਭਵ ਹੋਇਆ ਤਾਂ ਮੈਂ ਜ਼ਰੂਰ ਹੱਲ ਕਰ ਦਿਆਂਗਾ।"

"ਮੈਡਮ ਕਹਿੰਦੀ, ਆਈਸਮੈਨ ਕਮਥ (Iceman Cometh) ਦੀ ਟੈਕਸਟ ਆਪ ਹੀ ਕਿਤਿਓਂ ਪੈਦਾ ਕਰੋ। ਇਹ ਟੈਕਸਟ ਬਾਜ਼ਾਰ ਵਿਚ ਨਹੀਂ ਮਿਲਦੀ। ਮੈਂ 14 ਸੈਕਟਰ ਤੇ 17 ਸੈਕਟਰ ਦੀਆਂ ਸਾਰੀਆਂ ਕਿਤਾਬਾਂ ਦੀਆਂ ਦੁਕਾਨਾਂ ਤੋਂ ਵੀ ਪਤਾ ਕਰ ਲਿਆ ਏ। ਦੁਕਾਨਦਾਰ ਨੂੰ ਆਪਣੀ ਸਮੱਸਿਆ ਦੱਸੀ ਵੀ। ਕਹਿੰਦੇ, ਲਿਆਉਣ ਦੀ ਕੋਸ਼ਿਸ਼ ਕਰਾਂਗੇ। ਪੱਕਾ ਪਤਾ ਨਹੀਂ ਕਦੋਂ ਆਵੇਗੀ। ਮੈਡਮ ਨੇ ਇਹ ਡਰਾਮਾ ਪਰਸੋਂ ਨੂੰ ਪੜ੍ਹਾਉਣਾ ਸ਼ੁਰੂ ਕਰ ਦੇਣਾ ਏ। ਅੰਕਲ ਅਸੀਂ ਟੈਕਸਟ ਤੋਂ ਬਗੈਰ ਇਸ ਨਾਟਕ ਨੂੰ ਕਿਵੇਂ ਸਮਝ ਸਕਾਂਗੇ। ਕਈ ਟੀਚਰ ਵੀ ਕਿੱਦਾਂ ਦੇ ਆ, ਕਈ ਕੁਝ ਵਿਦਿਆਰਥੀਆਂ ਤੇ ਹੀ ਛੱਡ ਦਿੰਦੇ ਆ।"

"ਬੇਟੇ ਤੂੰ ਫਿਕਰ ਨਾ ਕਰ। ਮੈਂ ਤੇਰਾ ਇਹ ਮਸਲਾ ਇਕ ਦਮ ਹੱਲ ਕਰ ਸਕਦਾ ਹਾਂ।"

"ਉਹ ਕਿਵੇਂ, ਅੰਕਲ?"

"ਜਿਵੇਂ ਮਰਜੀ ਕਰਾਂ।"

"ਕੀ ਟੈਕਸਟ ਤੁਹਾਡੇ ਪਾਸ ਪਈ ਏ? ਮੈਨੂੰ ਲਗਦਾ ਏ, ਜਦ ਕਿਤੇ 35 ਸਾਲ ਪਹਿਲਾਂ ਤੁਸੀਂ ਐਮ.ਏ. ਕੀਤੀ ਸੀ, ਉਸ ਵੇਲੇ ਤੁਹਾਡੇ ਸਿਲੇਬਸ ਦਾ ਵੀ ਇਹ ਨਾਟਕ ਹਿੱਸਾ ਹੋਣਾ ਏ। ਇਸ ਲਈ ਇਹ ਤੁਹਾਡੇ ਘਰ ਕਿਧਰੇ ਜ਼ਰੂਰ ਪਈ ਹੋਈ ਏ। ਤਾਂ ਹੀ ਤੁਸੀਂ ਨਿਸਚਿੰਤ ਹੋ ਕੇ ਕਹਿ ਰਹੇ ਹੋ ਕਿ ਤੁਸੀਂ ਮਸਲਾ ਇਕ ਦਮ ਹੱਲ ਕਰ ਸਕਦੇ ਹੋ।"

"ਨਹੀਂ ਪੁੱਤਰ, ਮੇਰੇ ਪਾਸ ਨਾ ਤਾਂ ਇਹ ਨਾਟਕ ਪਿਆ ਏ ਤੇ ਨਾ ਹੀ ਸਾਡੇ ਸਮੇਂ ਇਹ ਸਿਲੇਬਸ ਵਿਚ ਹੁੰਦਾ ਸੀ। ਨਾਲੇ ਮੈਂ ਤਾਂ ਐਮ.ਏ. ਵਿਚ ਅਮਰੀਕਨ ਲਿਟਰੇਚਰ ਦੀ ਆਪਸ਼ਨ ਰੱਖੀ ਹੀ ਨਹੀਂ ਸੀ। ਮੈਂ ਤਾਂ ਮਾਡਰਨ ਫਿਕਸ਼ਨ ਰੱਖੀ ਹੋਈ ਸੀ। ਮਾਡਰਨ ਫਿਕਸ਼ਨ ਦੀਆਂ ਤਾਂ ਸਾਰੀਆਂ ਕਿਤਾਬਾਂ ਆਸਾਨੀ ਨਾਲ ਮਿਲ ਜਾਂਦੀਆਂ ਸਨ।"

"ਫਿਰ ਅੰਕਲ, ਮੇਰੀ ਉਤਸੁਕਤਾ ਕਿਉਂ ਵਧਾਈ ਜਾਂਦੇ ਹੋ। ਦੱਸੋ ਤਾਂ ਸਹੀ ਤੁਸੀਂ ਇਹ ਕਿੱਥੋਂ ਪ੍ਰਾਪਤ ਕਰੋਗੇ?"

"ਤੂੰ ਕੀ ਲੈਣਾ ਮੇਰੇ ਪ੍ਰਾਪਤ ਕਰਨ ਤੋਂ। ਮੈਂ ਜਿੱਥੋਂ ਮਰਜ਼ੀ ਪ੍ਰਾਪਤ ਕਰਾਂ। ਤੈਨੂੰ ਤਾਂ ਕਿਤਾਬ ਚਾਹੀਦੀ ਏ। ਇਹ ਕਿਤਾਬ ਤੈਨੂੰ ਪਰਸੋਂ ਜਾਂ ਚੌਥ ਤੱਕ ਮਿਲ ਜਾਵੇਗੀ। ਸ਼ਾਇਦ ਕੱਲ ਹੀ ਮਿਲ ਜਾਵੇ। ਬੇਟੇ, ਤੁਸੀਂ ਤਾਂ ਅੱਜ ਡਿਪਾਰਟਮੈਂਟ ਵਿਚ ਜਾਣ ਲੱਗੇ ਹੋ, ਅਸੀਂ ਇਥੇ ਚਾਲੀ ਸਾਲਾਂ ਦੇ ਚੱਕਰ ਕੱਢ ਰਹੇ ਹਾਂ।"

"ਅੰਕਲ ਤੁਹਾਨੂੰ ਦੱਸਣਾ ਪਊ, ਤੁਸੀਂ ਕਿੱਥੋਂ ਪੈਦਾ ਕਰੋਗੇ?"

"ਲੈ ਫਿਰ ਸੁਣ। ਤੂੰ ਬਲਵੰਤ ਗਾਰਗੀ ਦਾ ਨਾ ਸੁਣਿਆ ਏ?"

"ਹਾਂ, ਕਹਿੰਦੇ ਕੋਈ ਪੰਜਾਬੀ ਦਾ ਨਾਟਕਕਾਰ ਏ। ਸ਼ਾਇਦ ਉਸਦਾ ਇਕ ਅੱਧ ਇਕਾਂਕੀ ਅਸੀਂ ਆਪਣੇ ਸਕੂਲ ਸਮੇਂ ਪੰਜਾਬੀ ਵਿਚ ਪੜ੍ਹਿਆ ਵੀ ਸੀ।"

"ਤੈਨੂੰ ਪਤਾ ਏ ਉਹ ਕਿੱਥੇ ਰਹਿੰਦਾ ਏ?"

"ਨਹੀਂ, ਅੰਕਲ। ਮੈਂ ਉਸਦਾ ਇਲਾਕਾ ਨਹੀਂ ਜਾਣਦੀ।"

"ਉਹ ਇਥੇ ਯੂਨੀਵਰਸਿਟੀ ਵਿਚ ਹੀ ਥੀਏਟਰ ਵਿਭਾਗ ਦਾ ਹੈੱਡ ਏ। ਓਹ ਜਿਹੜਾ ਮੁੰਡਿਆਂ ਦੇ ਹੋਸਟਲ ਨੰ: 1 ਅਤੇ 2 ਵਿਚਕਾਰ ਓਪਨ ਏਅਰ ਥੀਏਟਰ ਏ ਉਹ ਉਥੇ ਹੀ

ਨਾਟਕ ਪੜ੍ਹਾਉਂਦਾ ਵੀ ਏ ਤੇ ਨਾਟਕ ਖਿਡਾਉਂਦਾ ਵੀ ਏ। ਮੈਂ ਉਸ ਪਾਸ ਅਕਸਰ ਜਾਂਦਾ ਰਿਹਾ ਹਾਂ। ਮੇਰਾ ਉਹ ਬੜਾ ਵਾਕਫ਼ ਏ। ਮੈਂ ਉਸਦੇ ਖਿਡਾਏ ਕਈ ਨਾਟਕ ਦੇਖੇ ਵੀ ਸਨ। ਉਸ ਪਾਸ ਹਰ ਪ੍ਰਕਾਰ ਦੇ ਨਾਟਕ ਪਏ ਹਨ। ਇਹ ਤੇਰਾ 'ਆਈਸਮੈਨ ਕਮਥ' ਤਾਂ ਮੈਂ ਉਸਦੀ ਸ਼ੈਲਫ਼ ਤੇ ਪਿਆ ਕਈ ਵਾਰ ਦੇਖਿਆ ਏ। ਮੈਂ ਉਸ ਪਾਸ ਕੱਲ੍ਹ ਜਾਵਾਂਗਾ ਤੇ ਇਕ ਕਾਪੀ ਚੁੱਕ ਲਿਆਵਾਂਗਾ। ਉਸ ਪਾਸ ਇਸ ਨਾਟਕ ਦੀਆਂ 15-20 ਕਾਪੀਆਂ ਪਈਆਂ ਹਨ। ਤੈਨੂੰ ਇਕ ਕਾਪੀ ਮਿਲ ਜਾਵੇਗੀ। ਐਵੇਂ ਫਿਕਰ ਨਾ ਕਰੀ ਜਾਹ। ਅਗਰ ਇਸ ਨਾਟਕ 'ਤੇ ਜਾਂ ਕਿਸੇ ਹੋਰ ਨਾਟਕ 'ਤੇ ਤੈਨੂੰ ਕੋਈ ਵਧੀਆ ਕਿਸਮ ਦੇ ਨੋਟ ਵੀ ਚਾਹੀਦੇ ਹੋਣ ਤਾਂ ਮੈਂ ਉਹ ਵੀ ਤੈਨੂੰ ਗਾਰਗੀ ਤੋਂ ਲੈ ਦੇਵਾਂਗਾ। ਤੂੰ ਪੜ੍ਹ ਕੇ ਜਾਂ ਲਿਖ ਕੇ ਜਾਂ ਫੋਟੋ ਕਾਪੀ ਕਰਕੇ ਫਿਰ ਵਾਪਸ ਕਰ ਦੇਵੀਂ।"

"ਅੰਕਲ ਤੁਸੀਂ ਤਾਂ ਕਮਾਲ ਹੀ ਕਰ ਤੀ। ਇਹਦਾ ਮਤਲਬ ਇਹ ਕਿ ਤੁਸੀਂ ਤਾਂ ਮੇਰਾ ਅਮਰੀਕਨ ਲਿਟਰੇਚਰ ਦਾ ਪਰਚਾ ਹੀ ਤਿਆਰ ਕਰਵਾ ਦਿਓਗੇ। ਬਾਕੀ ਵਿਦਿਆਰਥੀਆਂ ਪਾਸ ਤਾਂ ਅਮਰੀਕਨ ਲਿਟਰੇਚਰ ਤੇ ਵਧੀਆ ਮਸਾਲਾ ਬੜਾ ਘੱਟ ਏ। ਸਾਰੇ ਆਮ ਬਾਜ਼ਾਰੂ ਟੁੱਟੇ ਜਿਹੇ ਰਾਮਜੀ ਲਾਲ ਦੇ ਨੋਟਸ ਲਈ ਫਿਰਦੇ ਨੇ। ਅੰਕਲ ਜ਼ਿਆਦਾ ਨੰਬਰ ਲੈਣ ਵਾਲੇ ਵਿਦਿਆਰਥੀਆਂ ਦੇ ਇਹੀ ਰਾਜ ਹੁੰਦੇ ਆ ਕਿ ਉਹ ਆਮ ਨਾਲੋਂ ਹਟ ਕੇ ਕੋਈ ਨਵੀਂ ਚੀਜ਼ ਪਰਚੇ 'ਚ ਲਿਖਣ। ਤੁਹਾਡਾ ਕੀ ਖ਼ਿਆਲ ਏ?"

"ਬੇਟੇ, ਤੂੰ ਠੀਕ ਕਿਹਾ ਏ। ਅੱਛੀ ਕਾਮਯਾਬੀ ਦਾ ਰਾਜ ਹੈ ਕਿ ਆਪਣੀ ਪੇਸ਼ਕਾਰੀ ਵਿਚ ਨਵਾਂਪਣ (novelty) ਤੇ ਬਾਰੀਕ ਖੋਜ (innovation) ਪੈਦਾ ਕਰੋ। ਇਹ ਦੋਨੋਂ ਚੀਜ਼ਾਂ ਚੰਗੀ ਪੜਚੋਲ (Research) ਨਾਲ ਹੀ ਪੈਦਾ ਹੋ ਸਕਦੀਆਂ ਹਨ। ਮਸਾਲਾ ਉਹੀ ਹੁੰਦਾ ਏ ਪ੍ਰੰਤੂ ਉਸ ਨੂੰ ਪੇਸ਼ ਨਵੇਂ ਤਰੀਕਿਆਂ ਨਾਲ ਕਰਨਾ ਹੁੰਦਾ ਏ। ਕੱਪੜਾ ਉਹੀ ਹੁੰਦਾ ਏ, ਕੋਈ ਉਸ ਦੀ ਸੁਹਣੀ ਫੀਟਿੰਗ ਵਾਲੀ ਪੈਂਟ ਬਣਾ ਦਿੰਦਾ ਏ ਤੇ ਕੋਈ ਮਾੜਾ ਦਰਜੀ ਉਸ ਦੀ ਝੋਲੀ ਬਣਾ ਦਿੰਦਾ ਏ। ਕਈ ਚੰਗੇ ਦਰਜੀ ਮਾੜੇ ਜਾਂ ਸਸਤੇ ਕੱਪੜੇ ਦੀ ਵਧੀਆ ਪੈਂਟ ਬਣਾ ਕੇ ਰੱਖ ਦਿੰਦੇ ਹਨ ਤੇ ਕਈ ਮਾੜੇ ਦਰਜੀ ਵਧੀਆਂ ਕੱਪੜੇ ਦੀ ਮਾੜੀ ਅਤੇ ਅਨਘੜਤ ਸਿਲਾਈ ਕਰਕੇ ਉਸ ਦੀ ਝੋਲੀ ਬਣਾ ਦਿੰਦੇ ਹਨ। ਪਰਚੇ ਵਿਚ ਓਨਾ ਮਸਾਲਾ ਦਿਓ ਜਿਨਾ ਚਾਹੀਦਾ ਏ। ਆਵਾਗੌਣ ਊਲ-ਜਲੂਲ ਲਿਖੀ ਜਾਣ ਨਾਲ ਤੁਹਾਡੇ ਨੰਬਰ ਕੱਟ ਵੀ ਹੋ ਸਕਦੇ ਹਨ। ਆਪਣੇ ਪਾਸ ਵਧੀਆ ਪੈੱਨ ਰੱਖੋ। ਵਧੀਆ ਪੈੱਨ ਤੋਂ ਮੇਰਾ ਭਾਵ ਮਹਿਗਾ ਪੈੱਨ ਨਹੀਂ। ਕਈ ਪੈੱਨ ਸਾਧਾਰਨ ਦਰਜੇ ਦੇ ਹੁੰਦੇ ਹਨ ਪ੍ਰੰਤੂ ਉਹ ਚਲਦੇ ਬਹੁਤ ਵਧੀਆ ਹਨ। ਸਾਡੇ ਸਮੇਂ ਤਾਂ ਅਸੀਂ ਸਿਆਹੀ ਭਰਨ ਵਾਲੇ ਫਾਊਂਟੇਨ ਪੈੱਨ ਆਪਣੇ ਪਾਸ ਰੱਖਿਆ ਕਰਦੇ ਸਾਂ। ਕਈਆਂ ਪੈੱਨਾਂ ਵਿਚ ਇੰਨੀ ਸਾਰੀ ਸਿਆਹੀ ਭਰੀ ਹੁੰਦੀ ਸੀ ਕਿ 50-60 ਸਫ਼ੇ ਦਾ ਸਾਰਾ ਪਰਚਾ ਇਕ ਵਾਰ ਸਿਆਹੀ ਭਰਨ ਨਾਲ ਹੀ ਪੂਰਾ ਲਿਖਿਆ ਜਾਂਦਾ ਸੀ। ਮੈਨੂੰ ਯਾਦ ਏ ਕਿ ਮੈਂ ਐਮ.ਏ. ਵਿਚ ਕਵਿਤਾ (Poetry) ਦੇ ਪਰਚੇ ਦੇ 65 ਸਫ਼ੇ ਲਿਖੇ ਸਨ ਤੇ ਮੇਰੇ 63 ਨੰਬਰ ਆਏ ਸਨ। ਕਈ ਵਿਦਿਆਰਥੀ ਆਪਣੇ ਨਾਲ ਸਿਆਹੀ ਦੀ ਦੀਵਾਤ ਰੱਖਣੀ ਸ਼ਰਮ ਸਮਝਦੇ ਹਨ। ਇਹ ਬੜੀ ਘਟੀਆ ਸੋਚ ਏ। ਪਰਚਾ ਦੇਣ ਜਾਂਦੇ ਸਮੇਂ ਆਪਣੇ ਪਾਸ ਹਮੇਸ਼ਾ ਵਧੀਆ ਸਿਆਹੀ ਦੀ ਦੀਵਾਤ ਰੱਖੋ। ਸਾਡੇ ਵੇਲੇ ਪਾਰਕਰ ਦੀ ਸਿਆਹੀ ਸਭ ਤੋਂ ਵਧੀਆ ਹੁੰਦੀ ਸੀ। ਫਿਰ ਉਸ ਦਾ ਨਾਮ ਬਦਲ ਕੇ ਚੇਲਪਾਰਕ ਕਰ

ਦਿੱਤਾ ਗਿਆ ਸੀ। ਅੱਜ ਕੱਲ੍ਹ ਦੀਆਂ ਸਿਆਹੀਆਂ ਬਾਰੇ ਤੁਸੀਂ ਵੱਧ ਜਾਣਦੇ ਹੋਵੋਗੇ। ਕਈ ਵਿਦਿਆਰਥੀ ਪਰਚਾ ਲਿਖਣ ਵੇਲੇ ਉਤਰ ਕਾਪੀ ਦੀ ਸ਼ਕਲ ਹੀ ਖ਼ਰਾਬ ਕਰ ਦਿੰਦੇ ਹਨ। ਸਫ਼ੇ ਦੇ ਦੋਹੀਂ ਖੱਬੇ ਤੇ ਸੱਜੇ ਪਾਸੇ ਡੇਢ ਦੋ-ਦੋ ਇੰਚ ਥਾਂ ਖਾਲੀ ਛੱਡ ਦੇਣਗੇ ਤੇ ਅੱਧ ਵਿਚ ਚਾਰ ਪੰਜ-ਪੰਜ ਸ਼ਬਦ ਲਿਖ ਕੇ ਸਫ਼ਾ ਭਰ ਦੇਣਗੇ। ਇਸ ਤਰ੍ਹਾਂ ਕਰਨ ਨਾਲ ਸਫ਼ੇ ਦੀ ਸ਼ਕਲ ਹੋਰ ਵੀ ਘਟੀਆ ਲੱਗਣ ਲੱਗ ਪੈਂਦੀ ਏ। ਇਸ ਨਾਲ ਪਰਚਾ ਦੇਖਣ ਵਾਲੇ ਤੇ ਬੜਾ ਮਾੜਾ ਪ੍ਰਭਾਵ ਪੈਂਦਾ ਏ। ਕੋਸ਼ਿਸ਼ ਕਰੋ ਆਪਣੀ ਕਾਪੀ ਦੇ ਸਿਰਫ਼ ਖੱਬੇ ਪਾਸੇ ਅੱਧਾ ਜਾਂ ਪੌਣਾ ਇੰਚ ਹਾਸ਼ੀਆ ਛੱਡੋ ਤੇ ਬਾਕੀ ਦੀ ਸਾਰੀ ਕਾਪੀ ਪੂਰੀ ਦੀ ਪੂਰੀ ਭਰੋ। ਇੱਕ ਸਤਰ ਵਿਚ 8-10 ਸ਼ਬਦ ਲਿਖੋ। ਸੋਹਣੇ-ਸੋਹਣੇ ਪੈਰੇ ਬਣਾਓ। ਇਕ ਵਿਚਾਰ ਇਕ ਪੈਰੇ ਵਿਚ ਲਿਖੋ ਤੇ ਦੂਜਾ ਵਿਚਾਰ ਦੂਜੇ ਵਿਚ। ਆਪਣੇ ਜਵਾਬ ਦਾ ਆਰੰਭ ਤੇ ਅੰਤ ਬਹੁਤ ਹੀ ਵਧੀਆ ਕਰੋ। ਭਾਸ਼ਾ ਦੇ ਪਰਚੇ ਵਿਚ ਪਰਚੇ ਦੀ ਦਿੱਖ ਦਾ ਆਪਣਾ ਹੀ ਪ੍ਰਭਾਵ ਪੈਂਦਾ ਏ। ਜਦ ਅਸੀਂ ਸਕੂਲ ਵਿਚ ਪੜ੍ਹਿਆ ਕਰਦੇ ਸਾਂ ਤਾਂ ਸਾਡੇ ਪੰਜਾਬੀ ਦੇ ਅਧਿਆਪਕ ਸਰਵਣ ਸਿੰਘ ਨੇ ਪ੍ਰਸ਼ਨ ਪੱਤਰ ਦੇ ਸਿਖਰ ਛਾਪਿਆ ਹੋਇਆ ਹੁੰਦਾ ਸੀ ਕਿ ਸੁੰਦਰ ਲਿਖਤ ਦੇ ਪੰਜ ਨੰਬਰ ਦਿੱਤੇ ਜਾਣਗੇ। ਉਸ ਨੇ ਸਾਨੂੰ ਸਕੂਲ ਵਿਚ ਅੱਧੇ ਜੈੱਡ ਦੀਆਂ ਨਿੱਬਾਂ ਵਾਲੇ ਡੰਕ ਲਵਾ ਦਿੱਤੇ ਸਨ। ਕੋਈ ਵੀ ਵਿਦਿਆਰਥੀ ਆਮ ਪੈੱਨਾਂ ਜਾਂ ਬਾਲ ਪੈੱਨਾਂ ਨਾਲ ਪੰਜਾਬੀ ਨਹੀਂ ਸੀ ਲਿਖ ਸਕਦਾ। ਅਗਰ ਕੋਈ ਏਦਾਂ ਕਰਦਾ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਸੀ। ਪੁਰਾਣੇ ਅਧਿਆਪਕ ਇਨ੍ਹਾਂ ਚੀਜ਼ਾਂ ਵੱਲ ਬੜਾ ਧਿਆਨ ਦਿਆ ਕਰਦੇ ਸਨ। ਇਸ ਕਰਕੇ ਪੁਰਾਣੇ ਵਿਦਿਆਰਥੀਆਂ ਦੀ ਲਿਖਾਈ ਬੜੀ ਸੁੰਦਰ ਹੋਇਆ ਕਰਦੀ ਸੀ।

"ਅੰਕਲ, ਕੀ ਤੁਸੀਂ ਐਮ.ਏ. ਵਿਚ ਅੰਗਰੇਜ਼ ਲਿਖਾਰੀਆਂ ਦੇ ਨੋਟ ਹੀ ਪੜ੍ਹਦੇ ਸੀ ਜਾਂ ਦੇਸੀਆਂ ਦੇ ਵੀ?"

"ਬੇਟੇ, ਅੰਗਰੇਜ਼ ਲਿਖਾਰੀਆਂ ਦੇ ਨੋਟ ਵਧੀਆ ਹੁੰਦੇ ਹਨ ਪਰ ਇਨ੍ਹਾਂ ਨੋਟਾਂ ਨੂੰ ਪੜ੍ਹ ਕੇ ਬਣਦਾ ਸਰਦਾ ਮਸਾਲਾ ਇਕ ਪਾਸੇ ਕੱਢ ਕੇ ਆਪਣੇ ਅਲੱਗ ਨੋਟ ਬਣਾਉਣੇ ਹੁੰਦੇ ਸਨ। ਮਿਸਾਲ ਦੇ ਤੌਰ ਤੇ ਤੂੰ ਸੇਕਸਪੀਅਰ ਦੇ ਦੁਖਾਂਤ ਨਾਟਕਾਂ (Tragedies) ਤੇ ਏ.ਸੀ. ਬਰੈਡਲੇ ਦੀ ਕਿਤਾਬ ਪੜ੍ਹੀਂ। ਇਹ ਪੁਸਤਕ ਬਹੁਤ ਹੀ ਉੱਚੇ ਦਰਜੇ ਦੀ ਏ। ਨਾਟਕਾਂ ਤੇ ਬਣਦੇ ਵੱਖ-ਵੱਖ ਸਵਾਲਾਂ ਤੇ ਤੁਹਾਨੂੰ ਇਸ ਪੁਸਤਕ ਵਿਚੋਂ ਮਸਾਲਾ ਲੈ ਕੇ ਅਲੱਗ-ਅਲੱਗ ਕਿਸਮ ਦੇ ਆਪਣੇ ਨੋਟ ਤਿਆਰ ਕਰਨੇ ਹੋਣਗੇ। ਇਸ ਪ੍ਰਕਾਰ ਸੇਕਸ਼ਪੀਅਰ ਦੇ ਸੁਖਾਂਤ ਨਾਟਕਾਂ (Shakespearean Comedies) ਤੇ ਸੇਨਗੁਪਤਾ ਦੀ ਪੁਸਤਕ ਬਹੁਤ ਹੀ ਵਧੀਆ ਏ। ਇਹ ਪੜ੍ਹਕੇ ਵੀ ਤੁਹਾਨੂੰ ਆਪਣੇ ਅਲੱਗ ਨੋਟ ਬਣਾਉਣੇ ਹੋਣਗੇ। ਅਗਰ ਇਸ ਪ੍ਰਕਾਰ ਦੇ ਨੋਟਾਂ ਵਾਲਾ ਮਸਾਲਾ ਤੁਸੀਂ ਪਰਚੇ ਵਿਚ ਲਿਖੋਗੇ ਤਾਂ ਉਸ ਦਾ ਪ੍ਰਭਾਵ ਅਲੱਗ ਕਿਸਮ ਦਾ ਹੀ ਹੋਵੇਗਾ। ਬਹੁਤੇ ਵਿਦਿਆਰਥੀ ਆਮ ਭਾਰਤੀ ਲੇਖਕਾਂ ਦੇ ਨੋਟ ਯਾਦ ਕਰਕੇ ਪਰਚੇ ਵਿਚ ਉਤਾਰ ਦਿੰਦੇ ਹਨ। ਉਨ੍ਹਾਂ ਦੇ ਨੰਬਰ ਬਹੁਤੇ ਨਹੀਂ ਆਉਂਦੇ। ਇਕ ਹੋਰ ਗੱਲ ਵੀ ਖ਼ਿਆਲ ਰੱਖਣੀ ਹੁੰਦੀ ਏ। ਅੱਜ ਕੱਲ੍ਹ ਲਿਫਾਫੇਬਾਜ਼ੀ ਵੀ ਬੜੀ ਚੱਲ ਪਈ ਏ। ਮਿਸਾਲ ਵਜੋਂ ਬਾਜ਼ਾਰ ਵਿਚ ਇਕ ਅੰਗਰੇਜ਼ੀ ਸਾਹਿਤ ਦੇ ਇਤਿਹਾਸ ਦੀ· ਡਬਲਿਯੂ.ਆਰ. ਗੁੱਡਮੈਨ (W.R. Goodman) ਦੀ ਲਿਖੀ ਪੁਸਤਕ ਮਿਲਦੀ ਏ। ਲਿਖਾਰੀ ਦਾ ਨਾਮ ਅੰਗਰੇਜ਼ਾਂ ਜਿਹਾ ਏ। ਅਸਲ ਵਿਚ ਇਸ ਖਿਲਾਰੀ ਦਾ ਪੂਰਾ ਨਾਮ ਵਦਾਵਾ ਰਾਮ ਗੁੱਡਮੈਨ ਏ। ਇਹ ਯੂ.ਪੀ. ਜਾਂ

ਹਰਿਆਣੇ ਸਾਈਡ ਦਾ ਭਾਰਤੀ ਲਿਖਾਰੀ ਏ। ਇਹ ਕਿਤਾਬ ਵੀ ਘਟੀਆ ਦਰਜੇ ਦੀ ਕਿਤਾਬ ਏ। ਕਾਹਲੀ ਕਾਹਲੀ ਵਿਚ ਇਸ ਪ੍ਰਕਾਰ ਦੀਆਂ ਕਿਤਾਬਾਂ ਖਰੀਦ ਕੇ ਐਵੇਂ ਪੈਸੇ ਨਾ ਖ਼ਰਾਬ ਕਰ ਲੈਣਾ।

"ਅੰਕਲ, ਕਹੀ ਜਾਣਗੇ, ਲਾਇਬਰੇਰੀ ਵਿਚ ਬਹੁਤ ਬੈਠਣਾ ਚਾਹੀਦਾ ਏ। ਮੈਨੂੰ ਤਾਂ ਘਰ ਬੈਠ ਕੇ ਪੜ੍ਹਨਾ ਜ਼ਿਆਦਾ ਠੀਕ ਲਗਦਾ ਰਹਿੰਦਾ ਏ।"

"ਮੈਂ ਵੀ ਘਰ ਬੈਠਕੇ ਹੀ ਜ਼ਿਆਦਾ ਪੜ੍ਹਦਾ ਹੁੰਦਾ ਸਾਂ। ਕਈਆਂ ਪਾਸ ਘਰ ਦਾ ਮਾਹੌਲ ਵਧੀਆ ਨਹੀਂ ਹੁੰਦਾ। ਜਿਵੇਂ ਹੁਣ ਤੇਰੇ ਘਰ ਦਾ ਮਾਹੌਲ ਵੀ ਮੈਨੂੰ ਬਹੁਤਾ ਵਧੀਆ ਨਹੀਂ ਲਗਦਾ। ਤੇਰੇ ਡੈਡੀ ਮੇਰੇ ਨਾਲ ਸਾਰੀ ਗੱਲਬਾਤ ਕਰਦੇ ਰਹਿੰਦੇ ਹਨ। ਤੇਰੀ ਮੰਮੀ ਤੇ ਤੇਰਾ ਭਰਾ ਤੇਰੇ ਨਾਲ ਪੂਰਾ ਸਹਿਯੋਗ ਨਹੀਂ ਦਿੰਦੇ। ਹੋ ਸਕਦਾ ਏ ਉਹ ਘਰ ਵਿਚ ਕਿਸੇ ਹੋਰ ਕਿਸਮ ਦਾ ਮਾਹੌਲ ਵੀ ਸਿਰਜਕੇ ਰੱਖਦੇ ਹੋਣ। ਕਈਆਂ ਨੂੰ ਘਰ ਵਿਚ ਖਾਹ ਮਖਾਹ ਟੀ.ਵੀ. ਲਗਾਈ ਰੱਖਣ ਦੀ ਆਦਤ ਹੁੰਦੀ ਏ। ਕਈ ਬਾਜ਼ਾਰੋਂ ਡੀ.ਵੀ. ਡੀਆਂ ਖਰੀਦਣ ਜਾਂ ਕਿਰਾਏ ਤੇ ਲੈਣ ਲਈ ਹੀ ਤੁਰੇ ਰਹਿੰਦੇ ਹਨ। ਫਿਰ ਤੁਹਾਡਾ ਘਰ ਵੀ ਛੋਟਾ ਹੀ ਏ। ਕਈ ਵੱਡੇ ਘਰਾਂ ਵਿਚ ਅਗਰ ਟੀ.ਵੀ. ਕਿਸੇ ਦੂਰ ਦੇ ਕਮਰੇ ਵਿਚ ਚਲਦਾ ਹੋਵੇ ਤਾਂ ਪੜ੍ਹਨ ਵਾਲੇ ਬੰਦੇ ਤੇ ਉਸ ਦਾ ਅਸਰ ਹੀ ਨਹੀਂ ਪੈਂਦਾ। ਤੇਰੇ ਡੈਡੀ ਬੜੇ ਸਿਆਣੇ ਹਨ ਪ੍ਰੰਤੂ ਤੇਰੇ ਮੰਮੀ ਤੇ ਤੇਰਾ ਭਰਾ ਬੜੇ ਖਰਚਖੋਹ ਹਨ। ਚਾਹੁੰਦੇ ਤਾਂ ਤੇਰੇ ਡੈਡੀ ਬਹੁਤ ਵੱਡਾ ਘਰ ਬਣਾ ਸਕਦੇ ਸਨ ਪਰ ਤੇਰੀ ਮੰਮੀ ਤੇ ਤੇਰੇ ਭਰਾ ਨੇ ਉਸ ਦੀ ਪੇਸ਼ ਨਹੀਂ ਜਾਣ ਦਿੱਤੀ। ਇਸੇ ਕਰਕੇ ਉਹ ਬਹੁਤਾ ਸਮਾਂ ਘਰ ਤੋਂ ਦੂਰ ਹੀ ਰਹਿੰਦੇ ਹਨ। ਅਗਰ ਉਹ ਜ਼ਿਆਦਾ ਸਮਾਂ ਘਰ ਰਹਿਣ ਤਾਂ ਉਹਨਾਂ ਤੇ ਤੇਰੀ ਮੰਮੀ ਦਾ ਝਗੜਾ ਚਲਦਾ ਰਹਿੰਦਾ ਏ। ਤੂੰ ਸਮਝਦਾਰੀ ਨਾਲ ਉਹਨਾਂ ਤੋਂ ਪਰ੍ਹੇ ਰਹਿ ਕੇ ਆਪਣਾ ਸਮਾਂ ਪੜ੍ਹਾਈ ਵਿਚ ਲਗਾ ਰਹੀ ਏਂ, ਇਹ ਬਹੁਤ ਹੀ ਵਧੀਆ ਗੱਲ ਏਂ। ਮਨੁੱਖ ਦੇ ਜੀਵਨ ਦੇ ਪਹਿਲੇ ਪੱਚੀ ਸਾਲ ਉਸ ਦੇ ਆਉਣ ਵਾਲੇ ਜੀਵਨ ਦੀ ਨੀਂਹ ਹੁੰਦੇ ਹਨ। ਜਿਸ ਪ੍ਰਕਾਰ ਦੀ ਨੀਂਹ ਰੱਖੀ ਗਈ ਉਸ ਉਪਰ ਉਸ ਪ੍ਰਕਾਰ ਦੀ ਇਮਾਰਤ ਹੀ ਉਸਰੇਗੀ। ਜਿਸ ਨੇ ਇਹ 25 ਸਾਲ ਕੁਝ ਪ੍ਰਾਪਤ ਕਰਨ ਵਿਚ ਲਗਾ ਲਏ ਉਹ ਸਾਰੀ ਜ਼ਿੰਦਗੀ ਸੁਖੀ ਰਹਿੰਦਾ ਏ। ਮਨੁੱਖ 70-80 ਫੀਸਦੀ ਆਪਣੀ ਕਿਸਮਤ ਨੂੰ ਆਪ ਬਣਾਉਂਦਾ ਏ। ਸਭ ਕਾਸੇ ਨੂੰ ਕਿਸਮਤ ਨਾਲ ਜੋੜੀ ਜਾਣਾ ਮੂਰਖਤਾ ਏ। ਮੈਂ ਤਾਂ ਤੈਨੂੰ ਇਹੀ ਸਲਾਹ ਦੇਵਾਂਗਾ ਕਿ ਤੇਰੇ ਵਾਸਤੇ ਲਾਇਬਰੇਰੀ ਵਿਚ ਜ਼ਿਆਦਾ ਸਮਾਂ ਗੁਜ਼ਾਰਨਾ ਜ਼ਿਆਦਾ ਬਿਹਤਰ ਏ। ਇੱਥੇ ਤੈਨੂੰ ਵਧੀਆ ਮਾਹੌਲ ਮਿਲਦਾ ਏ। ਇੱਥੇ ਬੈਠ ਕੇ ਨੋਟ ਤਿਆਰ ਕਰ ਲਿਆ ਕਰ ਤੇ ਯਾਦ ਵੀ ਇੱਥੇ ਬੈਠ ਕੇ ਹੀ ਕਰ ਲਿਆ ਕਰ। ਇੱਥੇ ਤੇਰੀ ਮੈਂ ਵੀ ਕਾਫ਼ੀ ਮੱਦਦ ਕਰ ਸਕਦਾ ਹਾਂ। ਮੈਂ ਇਸੇ ਐਮ.ਏ. ਵਿਚੋਂ 40 ਸਾਲ ਪਹਿਲਾਂ 58% ਨੰਬਰ ਲਏ ਸਨ। ਉਦੋਂ ਤਾਂ ਮਾਰਕਿੰਗ ਵੀ ਬੜੀ ਸਖ਼ਤ ਹੋਇਆ ਕਰਦੀ ਸੀ। ਨਾਲੇ ਸਵਾਲਾਂ ਦੇ ਜਵਾਬ ਲਿਖ-ਲਿਖ ਕੇ ਦੇਖਿਆ ਕਰ।"

"ਅੰਕਲ, ਅਗਰ ਮੈਂ ਜ਼ਿਆਦਾ ਸਮਾਂ ਬਾਹਰ ਰਹਿ ਜਾਵਾਂ ਤਾਂ ਮੰਮੀ ਮੇਰੇ ਤੇ ਸ਼ੱਕ ਕਰਦੀ ਰਹਿੰਦੀ ਏ। ਕਈ ਵਾਰ ਤਾਂ ਗਾਲ੍ਹਾਂ ਹੀ ਕੱਢਣ ਲੱਗ ਪੈਂਦੀ ਏ।"

"ਪੁੱਤਰ, ਜਿੰਦਾਂ ਦਾ ਕੋਈ ਆਪ ਹੋਵੇ ਉਸ ਨੂੰ ਦੂਜੇ ਵੀ ਉਵੇਂ ਦੇ ਹੀ ਲੱਗਣ ਲੱਗ ਪੈਂਦੇ ਹਨ। ਤੇਰੇ ਡੈਡੀ ਤੇ ਮੈਂ ਤੇਰੇ ਬਾਰੇ ਜਾਣਦੇ ਹਾਂ। ਸਾਨੂੰ ਪਤਾ ਏ ਕਿ ਤੂੰ ਲਾਇਬਰੇਰੀ

ਵਿਚ ਸਮਾਂ ਗੁਜ਼ਾਰ ਰਹੀ ਏਂ। ਮੈਂ ਇਕ ਅੱਧ ਵਾਰ ਤੇਰੀ ਮੰਮੀ ਨੂੰ ਸਮਝਣਾਉਣ ਦੀ ਕੋਸ਼ਿਸ਼ ਕਰਾਂਗਾ ਪਰ ਮੈਨੂੰ ਲਗਦਾ ਏ ਕਿ ਉਹ ਸਮਝਣ ਵਾਲੀ ਨਹੀਂ। ਤੂੰ ਉਸ ਦੀ ਘਟ ਪ੍ਰਵਾਹ ਕਰ। ਆਪਣੇ ਡੈਡੀ ਦੇ ਕਹੇ ਅਨੁਸਾਰ ਚੱਲ। ਜੀਵਨ ਵਿਚ ਬਹੁਤ ਵਧੀਆ ਸੈੱਟ ਹੋ ਜਾਵੇਂਗੀ। ਅਗਰ ਆਪਣੀ ਮਾਂ ਮਗਰ ਲੱਗੀ ਰਹੀ ਤਾਂ ਬਰਬਾਦ ਹੋ ਜਾਵੇਂਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਉ ਦੀ ਸੰਗਤ ਵਿਚ ਰਹਿ ਕੇ ਕੁੜੀਆਂ ਲਈ ਸਮਾਂ ਗੁਜ਼ਾਰਨਾ ਔਖਾ ਹੁੰਦਾ ਏ ਪਰ ਤੇਰਾ ਇੰਝ ਕਰਨ ਵਿਚ ਹੀ ਭਲਾ ਏ। ਤੂੰ ਆਪਣੇ ਪਿਉ ਨੂੰ ਹੀ ਆਪਣੀ ਮਾਂ ਸਮਝ। ਸ. ਕੀਰਤੀ ਸਿੰਘ ਮੇਰਾ ਵੱਡਾ ਭਰਾ ਏ। ਉਸ ਨੇ ਜੀਵਨ ਵਿਚ ਅੰਤਾਂ ਦਾ ਸੰਘਰਸ਼ ਕੀਤਾ ਹੈ। ਅਗਰ ਉਸ ਤੋਂ ਕਤਲ ਹੋਇਆ ਉਹ ਵੀ ਉਸ ਦੀ ਅਣਖ ਦੀ ਅੰਗੜਾਈ ਦਾ ਹੀ ਸਿੱਟਾ ਸੀ। ਕੁਦਰਤ ਨੇ ਉਸ ਨੂੰ ਉਸ ਅਪਰਾਧ ਵਿਚੋਂ ਬਰੀ ਵੀ ਕਰਵਾ ਦਿੱਤਾ। ਬਾਅਦ ਦਾ ਸਾਰਾ ਜੀਵਨ ਚੁਣੌਤੀਆਂ ਭਰਿਆ ਰਿਹਾ। ਅਗਰ ਤੂੰ ਐਮ.ਏ. ਕਰ ਜਾਏਂਗੀ ਤਾਂ ਅਸੀਂ ਕੋਸ਼ਿਸ਼ ਕਰਕੇ ਤੈਨੂੰ ਕਿਧਰੇ ਲੈਕਚਰਾਰ ਤਾਂ ਲਗਵਾ ਹੀ ਦੇਵਾਂਗੇ। ਇੰਝ ਹੋਣ ਨਾਲ ਤੈਨੂੰ ਚੰਗਾ ਜੀਵਨ ਸਾਥੀ ਮਿਲ ਜਾਵੇਗਾ ਤੇ ਤੇਰੀ ਜ਼ਿੰਦਗੀ ਸੰਵਰ ਜਾਵੇਗੀ।"

"ਅੰਕਲ, ਘਰ ਦਾ ਮਾਹੌਲ ਚੰਗਾ ਹੋਣਾ ਬਹੁਤ ਹੀ ਜ਼ਰੂਰੀ ਏ। ਘਰ ਦਾ ਮਾੜਾ ਮਾਹੌਲ ਬੰਦੇ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੰਦਾ ਏ।"

"ਬੀਬਾ, ਮੈਂ ਤੇਰੇ ਇਸ ਵਿਚਾਰ ਨਾਲ ਸਹਿਮਤ ਜ਼ਰੂਰ ਹਾਂ ਪਰ ਸੌ ਫੀਸਦੀ ਸਹਿਮਤ ਨਹੀਂ। ਬਹੁਤਾ ਕੁੱਝ ਬੰਦੇ ਦੇ ਆਪਣੇ ਆਪ ਤੇ ਨਿਰਭਰ ਕਰਦਾ ਏ। ਮੇਰੇ ਘਰ ਦਾ ਮਾਹੌਲ ਬਹੁਤ ਹੀ ਮਾੜਾ ਸੀ। ਮੇਰੇ ਮਾਪੇ ਅਨਪੜ੍ਹ ਸਨ। ਸਾਡੀ ਜ਼ਮੀਨ ਬੜੇ ਬੁਰੇ ਤਰੀਕੇ ਨਾਲ ਵੰਡ ਹੋ ਗਈ ਸੀ। ਜ਼ਮੀਨ ਵੰਡ ਹੋਣ ਤੋਂ ਪਹਿਲਾਂ ਘਰ ਬਹੁਤ ਹੀ ਵਧੀਆ ਚਲਦਾ ਸੀ। ਉਸ ਸਮੇਂ ਸਾਡਾ ਪਰਿਵਾਰ ਪਿੰਡ ਵਿਚ ਮੰਨਿਆ-ਪ੍ਰਮੰਨਿਆ ਪਰਿਵਾਰ ਸੀ। ਸਾਡੀ ਜ਼ਮੀਨ 'ਚੋਂ ਅੱਧੀ ਜ਼ਮੀਨ ਸਾਡਾ ਇਕ ਚਾਚਾ ਹੀ ਕਾਬੂ ਕਰ ਗਿਆ ਸੀ। ਇਹ ਇਕ ਲੰਬੀ ਕਹਾਣੀ ਏ। ਜਦ ਇਹ ਸਭ ਕੁਝ ਵਾਪਰਿਆ ਉਦੋਂ ਅਸੀਂ ਬਹੁਤ ਛੋਟੇ ਸਾਂ। ਮੈਂ ਆਪਣੇ ਭਰਾਵਾਂ ਭੈਣਾਂ ਵਿਚੋਂ ਸਭ ਤੋਂ ਛੋਟਾ ਹਾਂ। ਜਦੋਂ ਦਾ ਮੇਰਾ ਜਨਮ ਏ ਉਸ ਤੋਂ ਵੀ ਪਹਿਲਾਂ ਜ਼ਮੀਨ ਦੀ ਇਹ ਵੰਡ ਹੋ ਚੁੱਕੀ ਸੀ। ਮੈਂ ਤਾਂ ਆਪਣੀ ਹੋਸ਼ ਸੰਭਾਲਦੇ ਸਾਰ ਆਪਣੇ ਬਾਪ ਨੂੰ ਲੋਕਾਂ ਦੀ ਜ਼ਮੀਨ ਵਾਹੁੰਦੇ ਹੀ ਦੇਖਿਆ। ਸਾਡੀ ਆਪਣੀ ਜ਼ਮੀਨ ਤਾਂ ਮਸਾਂ ਤਿੰਨ ਕੁ ਖੇਤ ਹੀ ਰਹਿ ਗਈ ਸੀ। ਸਾਨੂੰ ਛੋਟੇ ਹੁੰਦਿਆਂ ਨੂੰ ਘਰ ਵਾਲੇ ਪਿੰਡ ਦੇ ਪੱਛਮ ਦੇ ਪਾਸੇ ਮੱਝਾਂ ਚਾਰਨ ਤੋਰ ਦਿਆ ਕਰਦੇ ਸਨ। ਜਦੋਂ ਕਣਕਾਂ ਕੱਟੀਆਂ ਜਾਂਦੀਆਂ ਸਨ ਤਾਂ ਪਿੰਡ ਵਿਚ ਜਿੱਥੇ ਮਰਜ਼ੀ ਮੱਝਾਂ ਚਾਰਦੇ ਫਿਰੀਦਾ ਸੀ। ਫਿਰ ਮੱਝਾਂ ਚਾਰਦਿਆਂ ਦੀਆਂ ਪਿੰਡ ਦੇ ਹੋਰ ਮੁੰਡਿਆਂ ਨਾਲ ਲੜਾਈਆਂ ਹੋਈ ਜਾਣੀਆਂ। ਇਕ ਵਾਰੀ ਮੈਂ ਇਕ ਹੋਰ ਮੁੰਡਾ ਕੁੱਟ ਸੁੱਟਿਆ। ਉਹਦੇ ਘਰ ਵਾਲੇ ਦਸ ਬੰਦੇ ਹੋਰ ਲੈ ਕੇ ਸਾਡੇ ਬਾਬੇ ਪਾਸ ਆਏ। ਕਹਿਣ ਲੱਗੇ, ਜੋਰੇ ਨੇ ਸਾਡੇ ਮੁੰਡੇ ਦੇ ਡਾਂਗ ਮਾਰੀ ਤੇ ਉਸ ਦਾ ਸਿਰ ਪਾਟ ਗਿਆ। ਸਾਡਾ ਬਾਬਾ ਬੜਾ ਸਿਆਣਾ ਬੰਦਾ ਸੀ। ਉਹ ਪਿੰਡ ਦਾ ਖਜਾਨਚੀ ਵੀ ਸੀ। ਉਲਾਂਭਾ ਲੈ ਕੇ ਜਾਣ ਵਾਲੇ ਮੇਰੇ ਬਾਪ ਪਾਸ ਘੱਟ ਜਾਇਆ ਕਰਦੇ ਸਨ, ਮੇਰੇ ਬਾਬੇ ਪਾਸ ਵੱਧ ਕਿਉਂਕਿ ਮੇਰਾ ਬਾਪ ਸੁਭਾਅ ਦਾ ਅੜਬ ਸੀ। ਬਾਬੇ ਨੇ ਮਸਾਂ ਸਮਝਾ ਬੁਝਾ ਕੇ ਉਨ੍ਹਾਂ ਨੂੰ ਠੰਡਾ ਕੀਤਾ ਤੇ ਉਹ ਰਾਜ਼ੀਨਾਮਾ ਕਰਕੇ ਵਾਪਸ ਚਲੇ ਗਏ। ਅਸੀਂ ਪਿੰਡ ਦੇ ਛੱਪੜ ਵਿਚ ਮੱਝਾਂ ਵਾੜ ਕੇ ਮਗਰ ਹੀ ਆਪ ਵੀ ਪਾਣੀ ਵਿਚ ਗੋਤੇ ਲਾ ਦਿਆ ਕਰਦੇ ਸਾਂ। ਕਈ-ਕਈ ਘੰਟੇ ਛੱਪੜ ਵਿਚ ਹੀ ਨਹਾਉਂਦੇ ਰਿਹਾ ਕਰਦੇ ਸਾਂ।

ਛੱਪੜ ਦੇ ਕੰਢੇ ਤੇ ਇਕ ਬਹੁਤ ਵੱਡਾ ਬੋਹੜ ਦਾ ਦਰਖ਼ਤ ਹੋਇਆ ਕਰਦਾ ਸੀ। ਅਸੀਂ ਇਸ ਦੀਆਂ ਲੰਬੀਆਂ ਪੂਛਾਂ ਨਾਲ ਝੂਟਦੇ ਦੂਰ ਜਾ ਕੇ ਪਾਣੀ ਵਿਚ ਛਾਲਾਂ ਮਾਰ ਦਿਆ ਕਰਦੇ ਸਾਂ। ਕਈ ਵਾਰ ਮੱਝਾਂ ਕਈ-ਕਈ ਘੰਟੇ ਪਾਣੀ ਵਿਚ ਹੀ ਗੋਤੇ ਲਗਾਉਂਦੀਆਂ ਰਹਿੰਦੀਆਂ ਸਨ ਤੇ ਅਸੀਂ ਬੋਹੜ ਦੇ ਦਰਖ਼ਤ ਹੇਠ ਬੈਠੇ ਤਾਸ਼ ਖੇਡੀ ਜਾਇਆ ਕਰਦੇ ਸਾਂ। ਬਹੁਤੀ ਵਾਰੀ ਤਾਸ਼ ਦੀ ਦਿਓਰ ਭਾਬੀ ਦੀ ਖੇਡ ਹੀ ਚੱਲਿਆ ਕਰਦੀ ਸੀ। ਜਿਹੜਾ ਭਾਬੀ ਬਣ ਜਾਂਦਾ ਸੀ ਉਸ ਨੂੰ ਛੇੜਿਆ ਕਰਦੇ ਸਾਂ। ਜਦ ਕਮਾਦ ਪੀੜਨ ਦਾ ਸਮਾਂ ਹੁੰਦਾ ਸੀ ਤਾਂ ਸਾਡਾ ਬਾਪ ਸਾਨੂੰ ਤੜਕੇ ਚਾਰ ਵਜੇ ਉਠਾ ਕੇ ਗੰਨੇ ਪੀੜਨ ਦੇ ਵੇਲਣੇ ਤੇ ਲਗਾ ਦਿੰਦਾ ਸੀ। ਦਿਨ ਚੜ੍ਹਦੇ ਨੂੰ ਅਸੀਂ ਤਿੰਨ ਪੱਤਾਂ ਦਾ ਗੁੜ ਕੱਢ ਚੁੱਕੇ ਹੁੰਦੇ ਸਾਂ। ਨੌਂ ਕੁ ਵਜੇ ਭੈਣ ਛਾਹਵੇਲਾ ਲੈ ਕੇ ਆਇਆ ਕਰਦੀ ਸੀ। ਹਲਕੀ-ਹਲਕੀ ਸਰਦੀ ਦੀ ਧੁੱਪੇ ਪੀੜ ਉੱਤੇ ਬੈਠ ਕੇ ਦਹੀਂ ਨਾਲ ਮੱਕੀ ਦੀ ਰੋਟੀ ਖਾਣੀ ਬਹੁਤ ਹੀ ਸੁਆਦ ਲਗਦੀ ਹੁੰਦੀ ਸੀ, ਨਾਲ ਸੰਘਣੀ ਲੱਸੀ ਪੀਣੀ ਹੋਰ ਵੀ ਵਧੀਆ ਲਗਦੀ ਹੁੰਦੀ ਸੀ। ਸਵੇਰੇ ਸਵੱਖਤੇ ਤੋਂ ਅਸੀਂ ਠੰਢੀ ਰਸ ਪੀ ਕੇ ਹੀ ਬੜੇ ਸੰਤੁਸ਼ਟ ਰਿਹਾ ਕਰਦੇ ਸਾਂ। ਸਾਡੇ ਸਾਂਝੀਆਂ ਦਾ ਇਕ ਮੁੰਡਾ ਗੇਜਾ ਹੋਇਆ ਕਰਦਾ ਸੀ। ਗਿਆਰਾਂ ਕੁ ਵਜੇ ਗੇਜੇ ਦੇ ਬਾਪ ਨੇ ਕਹਿਣਾ, ਆਓ ਮੁੰਡਿਓ ਤੁਹਾਡੀ ਘੋਲ ਦੇਖੀਏ। ਉਸ ਨੇ ਮੈਨੂੰ ਤੇ ਗੇਜੇ ਨੂੰ ਪੀੜ ਤੇ ਘੁਲਣ ਲਗਾ ਦੇਣਾ। ਕਦੀ ਮੈਂ ਗੇਜੇ ਨੂੰ ਢਾਹ ਲੈਣਾ ਤੇ ਕਦੀ ਗੇਜੇ ਨੇ ਮੈਨੂੰ। ਸ਼ਾਮ ਨੂੰ ਹਨੇਰੇ ਹੁੰਦੇ ਤੱਕ ਅਸੀਂ ਗੁੜ ਬਣਾਈ ਜਾਣਾ, ਫਿਰ ਜਾ ਕੇ ਟੋਕਾ ਮਸ਼ੀਨ ਤੇ ਪਸ਼ੂਆਂ ਦੇ ਪੱਠੇ ਕੁਤਰਨੇ। ਤਾਂ ਕਿਤੇ ਪਸੀਨਾ ਪਸੀਨੀ ਹੋ ਕੇ ਗਾਤ ਨੂੰ ਨਹਾ ਕੇ ਰੋਟੀ ਖਾਣੀ। ਬਿਜਾਈਆਂ ਦੇ ਮੌਕੇ ਸਾਨੂੰ ਸਵੇਰੇ ਮੂੰਹ ਹਨੇਰੇ ਸਾਡੇ ਬਾਪ ਨੇ ਬਲਦਾਂ ਦੀ ਜੋਗ ਮਗਰ ਦੂਰ ਖੇਤਾਂ ਨੂੰ ਲੈ ਜਾਣਾ।

ਸੂਰਜ ਚੜ੍ਹਦੇ ਸਾਰ ਮੈਂ ਆਪਣੀ ਜੋਗ ਨਾਲ ਤੇ ਬਾਪ ਨੇ ਆਪਣੀ ਜੋਗ ਨਾਲ ਅੱਧਾ ਕਿੱਲਾ ਜ਼ਮੀਨ ਵਾਹ ਦੇਣੀ। ਕਿਤਾਬਾਂ ਦਾ ਬਸਤਾ ਨਾਲ ਹੀ ਲੈ ਕੇ ਗਏ ਹੋਏ ਹੋਣਾ। ਸੂਰਜ ਚੜ੍ਹਦੇ ਸਾਰ ਭੈਣ ਨੇ ਸਾਡੇ ਸਕੂਲ ਵਾਲੇ ਕੱਪੜੇ ਲੈ ਕੇ ਆਉਣਾ ਤੇ ਨਾਲ ਛਾਹ ਵੇਲਾ। ਅਸੀਂ ਛਾਹ ਵੇਲਾ ਖਾਣਾ, ਕੱਪੜੇ ਗਲੇ ਫਸਾਉਣੇ ਤੇ ਖੇਤਾਂ ਤੋਂ ਦੋ ਕਿਲਮੀਟਰ ਦੂਰ ਸਕੂਲ ਨੂੰ ਪੈਦਲ ਚੱਲ ਪੈਣਾ। ਫਿਰ ਸਕੂਲ ਜਾ ਕੇ ਬਾਅਦ ਦੁਪਹਿਰ ਤੱਕ ਪੜ੍ਹਨਾ। ਤੂੰ ਸੋਚ, ਸਾਡਾ ਜੀਵਨ ਤੇ ਤੁਹਾਡਾ ਅੱਜ ਕੱਲ੍ਹ ਦੇ ਪਾੜ੍ਹਿਆਂ ਦਾ ਜੀਵਨ! ਅਸੀਂ ਪਿੰਡਾਂ 'ਚੋਂ ਬਹੁਤ ਹੀ ਮਾੜੇ ਮਾਹੌਲ 'ਚੋਂ ਉੱਠ ਕੇ ਐਮ.ਏ. ਅੰਗਰੇਜ਼ੀ ਕੀਤੀ ਤੇ ਤੂੰ ਆਪਣੇ ਘਰ ਦੀਆਂ ਮਾੜੀਆਂ ਮੋਟੀਆਂ ਸਮੱਸਿਆਵਾਂ ਤੋਂ ਹੀ ਐਵੇਂ ਪ੍ਰੇਸ਼ਾਨ ਹੋਈ ਪਈ ਏਂ। ਬੇਟੇ ਤੈਨੂੰ ਤਾਂ ਚੰਡੀਗੜ੍ਹ ਦਾ ਇੰਨਾ ਖ਼ੂਬਸੂਰਤ ਮਾਹੌਲ ਮਿਲਿਆ ਹੋਇਆ ਏ। ਫਿਰ ਹੋਰ ਸੁਣ ਦਸਵੀਂ ਪਾਸ ਕਰਦੇ ਸਾਰ ਹੀ ਮੇਰੀ ਆਪਣੇ ਬਾਪ ਨਾਲ ਅਣਬਣ ਰਹਿਣ ਲੱਗ ਪਈ। ਬਾਪ ਨੇ ਕਿਹਾ ਕਿ ਉਹ ਮੈਨੂੰ ਦਸਵੀਂ ਜਮਾਤ ਕਰਨ ਤੋਂ ਬਾਅਦ ਪੜ੍ਹਾਵੇਗਾ ਹੀ ਨਹੀਂ। ਉੱਧਰ ਮੈਂ ਆਪਣੇ ਸਕੂਲ ਵਿਚੋਂ ਫਸਟ ਆ ਗਿਆ। ਮੇਰਾ ਅੰਗਰੇਜ਼ੀ ਦਾ ਅਧਿਆਪਕ ਪੁੱਛੀ ਜਾਵੇ, ਹੁਣ ਕਿਹੜੇ ਕਾਲਜ ਵਿਚ ਦਾਖ਼ਲ ਹੋਣਾ ਏ ਤੇ ਉਲਟਾ ਮੈਂ ਕਹੀ ਜਾਵਾਂ, ਪਤਾ ਨਹੀਂ ਕਿਸੇ ਨੇ ਪੜ੍ਹਾਉਣਾ ਵੀ ਏ ਕਿ ਨਹੀਂ। ਅਧਿਆਪਕ ਨੇ ਮੈਨੂੰ ਬੜੀ ਹੱਲਾਸ਼ੇਰੀ ਦਿੱਤੀ। ਉਸ ਨੇ ਮੈਨੂੰ ਸਕੂਲ ਵਿਚੋਂ ਥੋੜ੍ਹੇ ਜਿਹੇ ਪੈਸਿਆਂ ਦੀ ਮਦਦ ਵੀ ਦਿਲਵਾਈ। ਇਸ ਪ੍ਰਕਾਰ ਮੈਂ ਇਕ ਪੇਂਡੂ ਕਾਲਜ ਵਿਚ ਦਾਖ਼ਲ ਹੋ ਗਿਆ। ਉੱਥੇ ਮੈਂ ਫਿਰ ਆਪਣੀ ਜਮਾਤ 'ਚੋਂ ਫਸਟ ਆਉਣ ਲੱਗ ਪਿਆ। ਮੇਰੇ ਸਿਰ ਤੇ

ਕਾਲਜ ਦੇ ਪ੍ਰਿੰਸੀਪਲ ਨੇ ਕਾਲਜ ਵਿਚ ਅੰਗਰੇਜ਼ੀ ਦੀ ਬੀ.ਏ. ਆਨਰਜ਼ ਸ਼ੁਰੂ ਕਰਵਾਈ। ਮੈਂ ਬੀ.ਏ. ਆਨਰਜ਼ ਵਿਚੋਂ ਫਸਟ ਡਿਵੀਜ਼ਨ ਹੀ ਨਹੀਂ ਲਈ ਬਲਕਿ ਸਾਰੀ ਯੂਨੀਵਰਸਿਟੀ ਵਿਚੋਂ ਫਸਟ ਆ ਗਿਆ। ਬਾਪ ਨੇ ਪੜ੍ਹਾਉਣ ਤੋਂ ਸਾਫ਼ ਜਵਾਬ ਦੇ ਦਿੱਤਾ। ਯੂਨੀਵਰਸਿਟੀ ਨੇ ਆਨਰਜ਼ ਦੀ ਮੈਰਿਟ ਦੇਖ ਕੇ ਵਜੀਫ਼ਾ ਦੇ ਦਿੱਤਾ।

ਬੀ.ਏ. ਤੋਂ ਬਾਅਦ ਬਾਪ ਨੇ ਤਾਂ ਪੱਕੇ ਹੀ ਹੱਥ ਖੜ੍ਹੇ ਕਰ ਦਿੱਤੇ ਪਰ ਮੈਂ ਬਾਪ ਨਾਲ ਝਗੜਾ ਕਰਕੇ ਆਪਣੀ ਮਾਂ ਤੋਂ ਕੁਝ ਪੈਸੇ ਲੈ ਕੇ ਐਮ.ਏ. ਵਿਚ ਦਾਖ਼ਲ ਹੋ ਗਿਆ। ਮੈਂ ਅੰਤਾਂ ਦੀ ਮਿਹਨਤ ਕਰਦਾ ਗਿਆ, ਭਾਵੇਂ ਮੇਰਾ ਬਾਪ ਮੇਰੇ ਖਿਲਾਫ਼ ਹੀ ਸੀ। ਮੇਰੀ ਸੱਧਰ ਇਹ ਸੀ ਕਿ ਮੈਂ ਇਕ-ਇਕ ਦਿਨ ਗਿਣ ਕੇ ਐਮ.ਏ. ਪੂਰੀ ਕਰ ਜਾਵਾਂ ਫਿਰ ਮੈਨੂੰ ਕੋਈ ਪ੍ਰਵਾਹ ਨਹੀਂ। ਹੋਇਆ ਵੀ ਇਵੇਂ ਹੀ। ਮੈਂ ਆਪਣੀ ਪੜ੍ਹਾਈ ਪੂਰੀ ਕਰਕੇ ਇਕ ਕਾਲਜ ਵਿਚ ਪੜ੍ਹਾਉਣ ਲੱਗ ਪਿਆ। ਇਸ ਤੋਂ ਬਾਅਦ ਮੈਂ ਹਿਸਟਰੀ ਵਿਚ ਵੀ ਐਮ.ਏ. ਕੀਤੀ। ਦੇਖ ਲੈ, ਬੀਬਾ ਅੱਜ ਮੈਂ ਨੌਕਰੀ ਕਰਕੇ ਵੀ ਸੇਵਾ ਮੁਕਤ ਹੋ ਗਿਆ ਹਾਂ। ਕਿਸੇ ਚੀਜ਼ ਦੀ ਕੋਈ ਘਾਟ ਨਹੀਂ। ਇਹ ਸਭ ਸਖ਼ਤ ਮਿਹਨਤ ਦਾ ਫਲ ਏ। ਮਨੁੱਖ ਚਾਹੇ ਤਾਂ ਪਹਾੜਾਂ ਦੀਆਂ ਬੁਲੰਦੀਆਂ ਨੂੰ ਛੂਹ ਸਕਦਾ ਏ ਤੇ ਸਮੁੰਦਰਾਂ ਨੂੰ ਚੀਰ ਸਕਦਾ ਏ। ਸਿਰਫ਼ ਆਪਣੀ ਸੋਚ ਬਦਲਣ ਦੀ ਲੋੜ ਏ ਬੀਬਾ। ਪੜ੍ਹ ਲਿਖ ਕੇ ਵਿਆਹ ਮੈਂ ਆਪਣੀ ਮਰਜ਼ੀ ਨਾਲ ਕਰਵਾਇਆ। ਮੇਰੀ ਘਰ ਵਾਲੀ ਵੀ ਐਮ.ਏ. ਪਾਸ ਏ। ਉਹ ਵੀ ਹੁਣੇ-ਹੁਣੇ ਇਕ ਕਾਲਜ ਵਿਚ ਪ੍ਰੋਫ਼ੈਸਰੀ ਤੋਂ ਸੇਵਾ ਮੁਕਤ ਹੋਈ ਏ। ਵਿਆਹ ਸਮੇਂ ਮੇਰੇ ਮਾਂ-ਬਾਪ ਨੇ ਮੈਥੋਂ ਪੈਸੇ ਲੈ ਕੇ ਸਾਨੂੰ ਸ਼ਗਨ ਪਾਇਆ ਸੀ। ਉਨ੍ਹਾਂ ਦੀ ਆਰਥਿਕ ਹਾਲਤ ਇੰਨੀ ਮਾੜੀ ਸੀ। ਮੇਰੀ ਮਾਂ ਮੇਰੀ ਪੜ੍ਹਾਈ ਵਿਚ ਅੰਤ ਤੱਕ ਮਦਦ ਕਰਦੀ ਰਹੀ। ਤੈਨੂੰ ਮੈਂ ਇਕ ਹੋਰ ਗੱਲ ਦੱਸਣੀ ਭੁੱਲ ਗਿਐਂ। ਜਿਸ ਦਿਨ ਮੈਨੂੰ ਪਿੰਡ ਦੇ ਦੁੱਕੀ ਮਾਰਕਾ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਕਰਵਾਇਆ ਸੀ ਉਸ ਦਿਨ ਮੈਂ ਸਕੂਲ ਤੋਂ ਦੌੜ ਆਇਆ ਸੀ। ਮੈਨੂੰ ਇਕ ਮਾਸਟਰ ਤੋਂ ਬਹੁਤ ਡਰ ਲਗਦਾ ਹੁੰਦਾ ਸੀ। ਮੇਰਾ ਭਰਾ ਮੈਨੂੰ ਦਾਖ਼ਲ ਕਰਵਾਉਣ ਗਿਆ। ਮੈਂ ਉਸੇ ਦੀਆਂ ਲੱਤਾਂ 'ਚੋਂ ਨਿਕਲ ਕੇ ਸਕੂਲ ਦੇ ਅਹਾਤੇ ਵਿਚੋਂ ਦੌੜ ਪਿਆ। ਸਕੂਲ ਗੁਰਦੁਆਰੇ ਵਿਚ ਹੋਇਆ ਕਰਦਾ ਸੀ। ਮੈਂ ਕੰਧਾਂ ਟੱਪੀਆਂ ਤੇ ਖੇਤਾਂ ਵਿਚੋਂ ਦੌੜਦਾ ਹੋਇਆ ਘਰ ਵੱਲ ਆ ਰਿਹਾ ਸੀ। ਜਦ ਪਿੱਛੇ ਮੁੜ ਕੇ ਦੇਖਿਆ ਤਾਂ ਮਾਸਟਰ ਨੇ ਮੇਰੇ ਪਿੱਛੇ ਚਾਰ ਮੁੰਡੇ ਛੱਡੇ ਹੋਏ ਸਨ। ਸਕੂਲ ਪਿੰਡ ਤੋਂ ਕਾਫ਼ੀ ਬਾਹਰ ਸੀ। ਮੁੰਡੇ ਮੈਨੂੰ ਨਾ ਫੜ ਸਕੇ ਤੇ ਮੈਂ ਆਪਣੇ ਘਰ ਜਾ ਵੜਿਆ ਸੀ ਜਾ ਕੇ ਮਾਂ ਦੀ ਗੋਦੀ ਵਿਚ ਬੈਠ ਗਿਆ ਸੀ। ਮੈਨੂੰ ਬੁਖਾਰ ਹੋ ਗਿਆ ਸੀ। ਬੁਖਾਰ ਕਈ ਦਿਨ ਰਿਹਾ। ਬਾਪ ਨੇ ਫਤਵਾ ਸੁਣਾ ਦਿੱਤਾ, ਛੱਡੋ ਪਰ੍ਹੇ ਇਹਨੂੰ ਸਕੂਲ ਭੇਜਣ ਦੀ ਕੋਈ ਲੋੜ ਨਹੀਂ, ਖੇਤੀ ਕਰਵਾਇਆ ਕਰੂ ਮੇਰੇ ਨਾਲ। ਮਾਂ ਨੇ ਅੜੀ ਕੀਤੀ।

ਬੁਖਾਰ ਹਟਣ ਤੋਂ ਬਾਅਦ ਮੈਨੂੰ ਫਿਰ ਸਕੂਲ ਲੈ ਕੇ ਗਏ। ਮਾਸਟਰ ਨੂੰ ਸਮਝਾਇਆ ਕਿ ਮੈਨੂੰ ਖਾਹ-ਮਖਾਹ ਨਾ ਡਰਾਵੇ, ਮੈਨੂੰ ਸਕੂਲ ਵਿਚ ਤਰੀਕੇ ਨਾਲ ਟਿਕਾਵੇ। ਮੈਨੂੰ ਮਾਸਟਰ ਨੇ ਪਤਿਆ ਕੇ ਸਕੂਲ ਵਿਚ ਟਿਕਣਾ ਸਿਖਾਇਆ। ਮੈਂ ਟਿਕ ਗਿਆ। ਦੇਖਣ ਨੂੰ ਮੈਂ ਪਹਿਲਾਂ ਹੀ ਕਾਫ਼ੀ ਵੱਡਾ ਲਗਦਾ ਸੀ ਕਿਉਂਕਿ ਮੇਰਾ ਕੱਦ ਚੰਗਾ ਸੀ। ਓਵੇਂ ਵੀ ਪਿੰਡ ਦੀਆਂ ਗਲੀਆਂ 'ਚ ਘੁੰਮਦਾ-ਘੁੰਮਦਾ ਸੱਤਵੇਂ ਸਾਲ ਵਿਚ ਪਹੁੰਚ ਗਿਆ ਸਾਂ। ਕੱਚੀ ਤੇ ਪੱਕੀ ਜਮਾਤ ਪੜ੍ਹੀ ਹੀ ਨਹੀਂ। ਮਾਸਟਰ ਕਹਿਣ ਲੱਗਾ, ਮੁੰਡਾ ਤਾਂ ਪਹਿਲਾਂ ਹੀ ਵੱਡਾ-ਵੱਡਾ ਲੱਗੀ

ਜਾਂਦਾ ਏ। ਇਹਦੀ ਇਕ ਜਮਾਤ ਐਵੇਂ ਹੀ ਟਪਾ ਦਿੰਨੇ ਆਂ। ਇਹਨੂੰ ਸਿੱਧਾ ਦੂਜੀ ਵਿਚ ਕਰ ਦਿੰਦੇ ਹਾਂ। ਮੈਨੂੰ ਦੂਜੀ 'ਚ ਕਰ ਦਿੱਤਾ ਗਿਆ। ਉਸ ਸਮੇਂ ਸਕੂਲਾਂ ਵਿਚ ਬਹੁਤਾ ਸਮਾਂ ਹਿਸਾਬ ਹੀ ਪੜ੍ਹਾਉਂਦੇ ਰਹਿੰਦੇ ਸਨ। ਮੈਨੂੰ ਹਿਸਾਬ ਉੱਕਾ ਵੀ ਨਹੀਂ ਸੀ ਆਉਂਦਾ। ਇਕ ਮੈਂ, ਇਕ ਅਮਲੀਆਂ ਦੀ ਮਿੰਦੀ, ਇਕ ਘਮਚੜਿਆਂ ਦਾ ਮੱਘਰ, ਇਕ ਲੰਮਿਆਂ ਦਾ ਜੈਲਾ ਤੇ ਇਕ ਮੱਖੀਮਾਰਾਂ ਦੀ ਛੋਟੋ ਸਾਰਾ ਸਮਾਂ ਸਕੂਲ ਵਿਚ ਖੜ੍ਹੇ ਹੀ ਰਹਿੰਦੇ ਸੀ। ਸਾਡੇ ਹਿਸਾਬ ਦੇ ਬਹੁਤੇ ਸਵਾਲ ਗ਼ਲਤ ਹੀ ਜਾਇਆ ਕਰਦੇ ਸਨ। ਅਸੀਂ ਇਕ ਤਜਾਰਤ ਦਾ ਤੇ ਇਕ ਬੌਡਮਾਸ (BODMAS) ਦਾ ਸਵਾਲ ਹੀ ਠੀਕ ਕਰਿਆ ਕਰਦੇ ਸਾਂ, ਬਾਕੀ ਸਭ ਗ਼ਲਤ। ਮੇਰੀ ਮਾਂ ਨੂੰ ਹਮੇਸ਼ਾ ਇਹੀ ਚਿੰਤਾ ਲੱਗੀ ਰਹਿੰਦੀ ਸੀ ਕਿ ਮੁੰਡਾ ਕਿਸੇ ਤਰ੍ਹਾਂ ਦਸਵੀਂ ਪਾਸ ਤਾਂ ਕਰ ਜਾਵੇ। ਉਦੋਂ ਅਨਪੜ੍ਹ ਮਾਪੇ ਦਸਵੀਂ ਪਾਸ ਨੂੰ ਹੀ ਬੜੀ ਵੱਡੀ ਪੜ੍ਹਾਈ ਸਮਝਿਆ ਕਰਦੇ ਸਨ।

ਛੇਵੀਂ ਜਮਾਤ ਵਿਚ ਅੰਗਰੇਜ਼ੀ ਲੱਗ ਗਈ। ਮੈਨੂੰ ਅੰਗਰੇਜ਼ੀ ਜਾਨਣ ਦੀ ਬੜੀ ਉਤਸੁਕਤਾ ਹੁੰਦੀ ਸੀ। ਮੈਂ ਪੰਜਵੀਂ ਵਿਚ ਹੀ ਅੰਗਰੇਜ਼ੀ ਦੀ ਵਰਣ ਮਾਲਾ ਯਾਦ ਕਰ ਲਈ ਸੀ। ਨਾਲ ਹੀ ਛੇਵੀਂ ਵਿਚ ਅਲਜ਼ਬਰਾ ਤੇ ਜਮੈਟਰੀ ਲੱਗ ਗਏ। ਇਨ੍ਹਾਂ ਵਿਚ ਮੇਰੀ ਦਿਲਚਸਪੀ ਬਹੁਤ ਹੋ ਗਈ। ਇਨ੍ਹਾਂ ਵਿਚ ਤਾਂ ਮੈਂ ਪੂਰੇ ਦੇ ਪੂਰੇ ਨੰਬਰ ਲੈ ਜਾਇਆ ਕਰਦਾ ਸਾਂ। ਇਸ ਪ੍ਰਕਾਰ ਅੰਗਰੇਜ਼ੀ ਵਿਚ ਮੇਰੀ ਦਿਲਚਸਪੀ ਵਧਦੀ ਗਈ। ਤੈਨੂੰ ਹੈਰਾਨੀ ਹੋਵੇਗੀ ਕਿ ਮੈਂ ਉਸ ਸਮੇਂ ਬਹੁਤ ਚੰਗੇ ਨੰਬਰ ਲੈ ਕੇ ਅੰਗਰੇਜ਼ੀ ਦੀ ਐਮ.ਏ. ਪਾਸ ਕੀਤੀ ਸੀ। ਇਹ ਤਾਂ ਮੈਂ ਆਪਣੀ ਮਿਸਾਲ ਦਿੱਤੀ ਏ ਤੈਨੂੰ। ਮੈਂ ਤੈਨੂੰ ਇਕ ਹੋਰ ਸਾਡੇ ਜਮਾਤੀ ਦੀ ਹੈਰਾਨ ਕਰਨ ਵਾਲੀ ਮਿਸਾਲ ਵੀ ਦੇ ਸਕਦਾ ਹਾਂ। ਪੁੱਤਰਾ ਤੂੰ ਘਰ ਨੂੰ ਜਾਣ ਨੂੰ ਲੇਟ ਤਾਂ ਨਹੀਂ ਹੋ ਰਹੀ?"

"ਕੋਈ ਗੱਲ ਨਹੀਂ ਅੰਕਲ, ਮੈਂ ਹੁਣ ਪੰਦਰਾਂ ਕੁ ਮਿੰਟ ਵਿਚ ਚਲੀ ਜਾਵਾਂਗੀ। ਅੱਜ ਤਾਂ ਤੁਸੀਂ ਮੈਨੂੰ ਇਨਾ ਹੌਂਸਲਾ ਦਿੱਤਾ ਏ ਕਿ ਮੇਰੀਆਂ ਅੱਖਾਂ ਖੁੱਲ੍ਹ ਗਈਆਂ ਹਨ। ਹੁਣ ਤਾਂ ਮੇਰੀ ਐਮ.ਏ ਹੋਈ ਕਿ ਹੋਈ। ਕਿਸੇ ਹੋਰ ਬਾਰੇ ਤੁਸੀਂ ਕੀ ਦੱਸਣ ਲੱਗੇ ਸੀ?"

"ਸਾਡੇ ਨਾਲ ਇਕ ਰਮਦਾਸੀਏ ਸਿੱਖਾਂ ਦਾ ਮੁੰਡਾ ਪੜ੍ਹਦਾ ਹੁੰਦਾ ਸੀ। ਉਹ ਸਾਈਕਲਾਂ ਨੂੰ ਪੈਂਚਰ ਲਗਾਉਂਦਾ ਹੁੰਦਾ ਸੀ। ਉਸ ਦਾ ਬਾਪ ਮਜ਼ਦੂਰੀ ਕਰਦਾ ਸੀ। ਉਸ ਦੀ ਮਾਂ ਛੋਟੇ ਹੁੰਦੇ ਦੀ ਹੀ ਮਰ ਗਈ ਸੀ। ਰੋਟੀ ਆਪ ਹੀ ਪਕਾਉਂਦਾ ਹੁੰਦਾ ਸੀ। ਸਿਰਫ਼ ਇਕ ਲਾਭ ਸੀ ਕਿ ਉਹ ਰੀਜ਼ਰਵ ਕੈਟੇਗਰੀ ਵਿਚ ਸੀ। ਉਸ ਨੂੰ ਕਿਸੇ ਵੀ ਪ੍ਰੀਖਿਆ ਵਿਚੋਂ ਪਾਸ ਹੋਣ ਲਈ ਘੱਟ ਨੰਬਰ ਲੈਣੇ ਪੈਂਦੇ ਸਨ। ਉਹ ਵੀ ਮੇਰੀ ਸੰਗਤ ਵਿਚ ਰਹਿ ਕੇ ਐਮ.ਏ. ਅੰਗਰੇਜ਼ੀ ਕਰ ਗਿਆ ਸੀ। ਉਸ ਦੀ ਡਿਵੀਜ਼ਨ ਨਹੀਂ ਸੀ ਬਣੀ ਪਰ ਉਹ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਅਸਿਸਟੈਂਟ ਗ੍ਰੇਡ ਦਾ ਇਮਤਿਹਾਨ ਦੇ ਕੇ ਹੋਮ ਮਿਨਿਸਟਰੀ ਵਿਚ ਚਲਾ ਗਿਆ ਸੀ। ਤਰੱਕੀ ਕਰਦਾ-ਕਰਦਾ ਹੁਣ ਡਿਪਟੀ ਸੈਕਟਰੀ ਦੀ ਪੋਸਟ ਤੋਂ ਰਿਟਾਇਰ ਹੋਇਆ ਏ।"

"ਅੰਕਲ, ਰੀਜ਼ਰਵ ਕੈਟੇਗਰੀ ਵਾਲੇ ਤਾਂ ਮੌਜ਼ ਕਰਦੇ ਹਨ। ਕੀ ਤੁਸੀਂ ਰੀਜ਼ਰਵੇਸ਼ਨ ਦੇ ਹੱਕ ਵਿਚ ਹੋ?"

"ਜਿਨ੍ਹਾਂ ਰੀਜ਼ਰਵ ਕੈਟੇਗਰੀ ਵਾਲਿਆਂ ਇਸ ਦਾ ਲਾਭ ਉਠਾ ਲਿਆ ਉਹ ਸੱਚਮੁੱਚ ਹੀ ਬਣ ਗਏ। ਅਗਰ ਸੱਚਮੁੱਚ ਹੀ ਡਿਜ਼ਰਵ ਕਰਨ ਵਾਲੇ ਇਸ ਦਾ ਲਾਭ ਉਠਾਉਣ ਤਾਂ

ਚੰਗੀ ਗੱਲ ਏ। ਇੱਥੇ ਤਾਂ ਹੁਣ ਜਿਹੜੇ ਅਨੁਸੂਚਿਤ ਜਾਤੀਆਂ ਵਾਲੇ ਅਮੀਰ ਵੀ ਹੋ ਗਏ ਹਨ ਉਹ ਵੀ ਲਾਭ ਉਠਾਈ ਜਾ ਰਹੇ ਹਨ। ਸਾਡੇ ਦੇਸ਼ ਦੇ ਪਾਲਿਸੀ ਘਾੜਿਆਂ ਨੂੰ ਪਤਾ ਹੀ ਨਹੀਂ ਕਿ ਸਮੇਂ-ਸਮੇਂ ਤੇ ਕਿਵੇਂ ਕਿਸੇ ਪਾਲਿਸੀ ਜਾਂ ਸਕੀਮ ਵਿਚ ਤਬਦੀਲੀ ਕਰਨੀ ਏ। ਕਈ ਸਕੀਮਾਂ ਬਣੀਆਂ ਕਿਸੇ ਹੋਰ ਲਈ ਸਨ ਤੇ ਉਨ੍ਹਾਂ ਤੋਂ ਲਾਭ ਕੋਈ ਹੋਰ ਲਈ ਜਾ ਰਿਹਾ ਏ। ਅਗਰ ਮੈਂ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੁੰਦਾ ਤਾਂ ਸ਼ਾਇਦ ਮੈਂ ਹੁਣ ਤੱਕ ਕਿਤੇ ਡਿਪਟੀ ਕਮਿਸ਼ਨਰ ਲੱਗਿਆ ਹੁੰਦਾ। ਮੈਂ ਵੀ ਪਰਚੇ ਦਿੱਤੇ ਸਨ। ਮੇਰਾ ਸਕੋਰ 49% ਸੀ ਤੇ ਦੂਜੇ ਪਾਸੇ ਇਕ ਹਰੀਜਨ ਦਾ ਸਕੋਰ 42% ਸੀ। 42% ਵਾਲਾ ਚੁਣ ਕੇ ਉੱਚੀ ਪਦਵੀ ਤੇ ਪਹੁੰਚ ਗਿਆ। ਇੱਧਰ ਜਨਰਲ ਕੈਟੇਗਰੀ ਵਾਲਿਆਂ 'ਚੋਂ 52% ਵਾਲੇ ਨੂੰ ਇੰਟਰਵਿਊ ਦਾ ਸੱਦਾ ਆਇਆ ਸੀ। ਸਭ ਤੋਂ ਵੱਡਾ ਦੁੱਖ ਉਦੋਂ ਹੁੰਦਾ ਏ ਜਦ ਅਸੀਂ ਘੱਟ ਨੰਬਰਾਂ ਵਾਲੇ ਨੂੰ ਵੱਧ ਨੰਬਰਾਂ ਵਾਲੇ ਦੀ ਬਨਿਸਬਤ ਚੁਣ ਲੈਂਦੇ ਹਾਂ। ਅਗਰ ਰਿਆਇਤ ਦੇਣੀ ਹੈ ਤਾਂ ਆਰਥਿਕ ਰਿਆਇਤ ਦਿਓ। ਇਹ ਕੀ ਗੱਲ ਹੋਈ ਕਿ ਇਕ ਘੱਟ ਮਿਹਨਤੀ ਤੇ ਘੱਟ ਲਾਇਕ ਬੰਦਾ ਵੱਧ ਲਾਇਕ ਤੋਂ ਉੱਚੀ ਪੋਸਟ ਤੇ ਲੱਗ ਜਾਵੇ। ਰੀਜ਼ਰਵੇਸਨ ਦੀ ਪਾਲਿਸੀ ਨੇ ਜ਼ਿਆਦਾ ਨਲਾਇਕ ਬੰਦਿਆਂ ਨੂੰ ਅੱਗੇ ਲਿਆ ਕੇ ਮੂਹਰਲੀ ਲਾਇਨ ਵਿਚ ਲਗਾ ਦਿੱਤਾ ਏ। ਅਗਰ ਕੋਈ ਗ਼ਰੀਬ ਏ ਤਾਂ ਉਸ ਦੀ ਮਦਦ ਸਿਰਫ਼ ਪੈਸੇ ਨਾਲ ਹੀ ਕਰਨੀ ਚਾਹੀਦੀ ਏ। ਤੂੰ ਮੇਰਾ ਤੇ ਮੇਰੇ ਸਾਥੀ ਉਸ ਰਮਦਾਸੀਆ ਸਿੱਖ ਲੜਕੇ ਦਾ ਕੇਸ ਹੀ ਦੇਖ ਲੈ। ਮੈਂ ਜੱਟ ਜ਼ਿਮੀਂਦਾਰ ਹੁੰਦਾ ਹੋਇਆ ਉਸ ਤੋਂ ਆਰਥਿਕ ਤੌਰ ਤੇ ਕਿੰਨਾ ਕੁ ਚੰਗਾ ਸਾਂ। ਮੈਨੂੰ ਜ਼ਮੀਨ ਦਾ ਸਿਰਫ਼ ਇਕ ਖੇਤ ਆਉਂਦਾ ਸੀ। ਜਦੋਂ ਮੈਨੂੰ ਪੈਸੇ ਦੀ ਲੋੜ ਸੀ ਉਸ ਇੱਕ ਖੇਤ ਤੇ ਵੀ ਮੇਰਾ ਬਾਪ ਜੱਫਾ ਮਾਰ ਕੇ ਬੈਠਾ ਹੋਇਆ। ਉਹ ਰਮਦਾਸੀਆ ਸਿੱਖ ਮੁੰਡਾ ਰੀਜ਼ਰਵ ਕੈਟੇਗਰੀ ਹੋਣ ਕਰਕੇ ਅਸਿਸਟੈਂਟ ਗਰੇਡ ਵਿਚ ਚੁਣਿਆ ਗਿਆ। ਉਹ ਬੀ.ਏ. ਤੇ ਐਮ.ਏ. ਵਿਚ ਮਸਾਂ-ਮਸਾਂ ਪਾਸ ਮਾਰਕਸ ਲੈ ਕੇ ਪਾਸ ਹੋਇਆ ਸੀ। ਅਗਰ ਉਹ ਥੋੜ੍ਹੀ ਜਿਹੀ ਕੋਸ਼ਿਸ਼ ਕਰਦਾ ਤਾਂ ਸ਼ਾਇਦ ਆਈ.ਏ.ਐਸ. ਵੀ ਕਰ ਜਾਂਦਾ। ਮੈਂ ਅੰਤਾਂ ਦੀ ਮਿਹਨਤ ਕਰਨ ਦੇ ਬਾਵਜੂਦ ਵੀ ਆਈ.ਏ.ਐਸ. ਵਿਚੋਂ ਰਹਿ ਗਿਆ। ਮੇਰੇ ਖ਼ਿਆਲ ਮੁਤਾਬਿਕ ਰੀਜ਼ਰਵੇਸ਼ਨ ਸਿਰਫ਼ ਆਰਥਿਕ ਲਾਭ ਲਈ ਹੀ ਹੋਣੀ ਚਾਹੀਦੀ ਏ। ਬਾਅਦ ਵਿਚ ਇਹ ਨੁਕਤਾ ਵੋਟਾਂ ਦਾ ਆਧਾਰ ਬਣਦਾ ਚਲਾ ਗਿਆ। ਕੋਈ ਵੀ ਸਿਆਸੀ ਪਾਰਟੀ ਇਸ ਨੂੰ ਬੰਦ ਕਰਵਾਉਣ ਲਈ ਅੱਗੇ ਨਹੀਂ ਆਈ। ਇਹ ਲੋਕ ਰਾਜ ਦਾ ਇਕ ਪ੍ਰਮੁੱਖ ਅਵਗੁਣ ਏ। ਇਸ ਨੇ ਬਹੁਤ ਸਾਰੇ ਲਾਇਕ ਲੋਕਾਂ ਨੂੰ ਉਨ੍ਹਾਂ ਦੇ ਅਸਲੀ ਹੱਕ ਤੋਂ ਵਾਂਝਾ ਕਰੀ ਰੱਖਿਆ। ਜਿਹੜੇ ਲੋਕ ਅਨੁਸੂਚਿਤ ਜਾਤੀ ਨਾਲ ਸਬੰਧ ਰਖਦੇ ਹੋਏ ਵੀ ਅੰਤਾਂ ਦੇ ਲਾਇਕ ਹਨ ਉਹ ਸੱਚਮੁੱਚ ਹੀ ਮੇਰੀ ਪ੍ਰਸੰਸਾ ਤੇ ਵਧਾਈ ਦੇ ਪਾਤਰ ਹਨ। ਮਿਸਾਲ ਦੇ ਤੌਰ ਤੇ ਤੂੰ ਡਾ. ਦਾਸ ਦਾ ਹੀ ਕੇਸ ਲੈ ਲਾ।"

"ਉਹ ਕੌਣ ਏ? ਮੈਂ ਤਾਂ ਉਸ ਦਾ ਕਦੀ ਨਾ ਹੀ ਨਹੀਂ ਸੁਣਿਆ।"

ਉਹ ਪੰਜਾਬੀ ਦਾ ਇਕ ਮਸ਼ਹੂਰ ਨਾਟਕਕਾਰ ਏ।

ਉਹ ਬੇਜ਼ਮੀਨੇ ਗ਼ਰੀਬ ਘਰ ਦਾ ਮੁੰਡਾ ਸੀ। ਉਸ ਦਾ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ 'ਚ ਏ। ਉਸ ਨੇ ਬਹੁਤ ਚੰਗੇ ਨੰਬਰਾਂ ਤੇ ਐਮ.ਏ. ਅੰਗਰੇਜ਼ੀ ਕੀਤੀ। ਪਹਿਲਾਂ ਬੀ.ਏ. ਆਨਰਜ਼ ਅੰਗਰੇਜ਼ੀ ਫਸਟ ਡਿਵੀਜ਼ਨ ਨਾਲ ਕੀਤੀ। ਫਿਰ ਉਹ ਦਿੱਲੀ ਵਿਖੇ ਇਕ ਕਾਲਜ ਵਿਚ ਲੈਕਚਰਾਰ ਲੱਗ ਗਿਆ। ਉਥੇ ਉਸ ਨੇ ਅਮਰੀਕਾ ਦੀ ਫੁਲਬਰਾਈਟ ਫੈਲੋਸ਼ਿਪ

(Fulbright Fellowship) ਲਈ ਚੁਣ ਹੋ ਕੇ ਉਸ ਦਾ ਪੂਰਾ ਲਾਭ ਲਿਆ ਤੇ ਅਮਰੀਕਾ ਜਾ ਕੇ ਉਸ ਨੇ ਬਰਨਰਡਸ਼ਾਹ ਦੇ ਨਾਟਕਾਂ ਤੇ ਪੀ.ਐਚ.ਡੀ. ਕੀਤੀ। ਉਹ ਸਾਰੀ ਜ਼ਿੰਦਗੀ ਪ੍ਰੋਫੈਸਰ ਰਿਹਾ। ਉਸ ਨੇ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਵਿਚ ਹੀ ਲਿਖਿਆ ਏ। ਤੂੰ ਉਸ ਦੀਆਂ ਕਿਤਾਬਾਂ ਲਾਇਬਰੇਰੀ ਵਿਚ ਦੇਖ ਸਕਦੀ ਏਂ। ਜਿਹੜੇ ਇਸ ਪ੍ਰਕਾਰ ਦੇ ਅਨੁਸੂਚਿਤ ਜਾਤੀ ਨਾਲ ਸਬੰਧਿਤ ਲੋਕ ਹਨ ਉਨ੍ਹਾਂ ਦੀ ਮੈਂ ਬਹੁਤ ਹੀ ਕਦਰ ਕਰਦਾ ਹਾਂ। ਦੂਜੇ ਪਾਸੇ ਇਕ ਐਸੇ ਹਨ ਜਿਹੜੇ ਆਰਥਿਕ ਤੌਰ ਤੇ ਖੁਸ਼ਹਾਲ ਹੋ ਕੇ ਵੀ ਸਰਕਾਰ ਤੋਂ ਆਰਥਿਕ ਲਾਭ ਲਈ ਜਾਂਦੇ ਹਨ। ਜਨਰਲ ਕੈਟੇਗਰੀ ਵਾਲੇ ਵਾਂਝੇ ਹਨ। ਅਸਲ ਵਿਚ ਇਹ ਸਭ ਸਰਕਾਰਾਂ ਦੀਆਂ ਬੇਵਕੂਫ਼ੀਆਂ ਹਨ। ਘਟੀਆ ਸਿਆਸਤ ਨੇ ਦੇਸ਼ ਦਾ ਬੜਾ ਨੁਕਸਾਨ ਕੀਤਾ ਏ ਤੇ ਕਰੀ ਜਾ ਰਹੀ ਏ। ਚੰਗਾ ਬੀਬਾ, ਹੁਣ ਤੈਨੂੰ ਘਰ ਜਾਣਾ ਚਾਹੀਦਾ ਏ।

"ਅੰਕਲ, ਤੁਸੀਂ ਅੱਜ ਮੈਨੂੰ ਬਹੁਤ ਹੀ ਵਜ਼ਨਦਾਰ ਗੱਲਾਂ ਦੱਸੀਆਂ ਹਨ। ਮੈਂ ਤੁਹਾਥੋਂ ਬਹੁਤ ਕੁਝ ਸਿੱਖਿਆ ਏ। ਤੁਸੀਂ ਮੇਰੀ ਆਉਣ ਵਾਲੇ ਸਮੇਂ ਵਿਚ ਵੀ ਅਗਵਾਈ ਕਰਦੇ ਰਿਹੋ।"

"ਚੰਗਾ ਬੀਬਾ।"

## ਅਧਿਆਇ 12
# ਬਾਹਰਲਿਆਂ ਨੂੰ ਕਿਵੇਂ ਨੱਥ ਪਾਈ ਜਾਵੇ?

ਉਧਰ ਪਿੰਡ ਦੀ ਪੰਚਾਇਤ ਦੇ ਕੁਝ ਮੈਂਬਰਾਂ ਨੂੰ ਇਹ ਫ਼ਿਕਰ ਪੈ ਗਿਆ ਕਿ ਐਨ.ਆਰ.ਆਈ. ਪਿੰਡ ਦੇ ਕੰਮਾਂ ਵਿਚ ਦਖ਼ਲ ਦੇ ਕੇ ਉਨ੍ਹਾਂ ਦੇ ਢਿੱਡ ਤੇ ਲੱਤ ਮਾਰਨਗੇ। ਹਰੀਜਨ ਇਸਤਰੀ ਦੇਬੋ ਪਿੰਡ ਦੀ ਸਰਪੰਚ ਤਾਂ ਜ਼ਰੂਰ ਸੀ ਪਰ ਕੰਮ ਸਾਰਾ ਜੱਟ ਪੰਚ ਲਹਿੰਬਰ ਸਿੰਘ ਆਪਣੀ ਮਰਜ਼ੀ ਨਾਲ ਕਰਵਾਉਂਦਾ ਸੀ। ਅਸਲ ਵਿਚ ਦੇਬੋ ਦਾ ਘਰ ਵਾਲਾ ਪ੍ਰਗਾਸ਼ ਪਿਛਲੇ ਕਾਫ਼ੀ ਸਮੇਂ ਤੋਂ ਲਹਿੰਬਰ ਸਿੰਘ ਦਾ ਸੀਰੀ ਹੋਇਆ ਕਰਦਾ ਸੀ। ਕਾਨੂੰਨ ਮੁਤਾਬਿਕ ਸਰਪੰਚ ਅਨੁਸੂਚਿਤ ਜਾਤੀ ਦਾ ਹੋਣਾ ਚਾਹੀਦਾ ਸੀ। ਇਸ ਲਈ ਲਹਿੰਬਰ ਹੋਰਾ ਸੋਚਿਆ ਕਿ ਪ੍ਰਗਾਸ਼ ਦੇ ਘਰ ਵਾਲੀ ਹੀ ਇਸ ਅਹੁਦੇ ਲਈ ਠੀਕ ਰਹੇਗੀ। ਦੇਬੋ ਚਾਰ ਕੁ ਜਮਾਤਾਂ ਪੜ੍ਹੀ ਹੋਈ ਵੀ ਸੀ ਤੇ ਬੋਲਣ ਵਿਚ ਵੀ ਕੁਝ ਠੀਕ ਸੀ। ਅਸਲੀ ਚੋਣ ਵਿਚ ਅਜੇ ਕਾਫ਼ੀ ਸਮਾਂ ਰਹਿੰਦਾ ਸੀ ਤੇ ਸਰਕਾਰੀ ਪੈਸਾ ਹੇਠ ਉਪਰ ਕਰਨ ਲਈ ਪੰਚਾਇਤ ਪਾਸ ਖਾਸਾ ਹੀ ਸਮਾਂ ਸੀ।

ਭਾਵੇਂ ਪਿੰਡ ਦੇ ਨਗਰ ਕੀਰਤਨ ਵਿਚ ਕਾਫ਼ੀ ਹਰੀਜਨ ਸ਼ਾਮਿਲ ਹੋਏ ਸਨ ਪਰ ਕੀਰਤਨ ਤੋਂ ਜਲਦੀ ਹੀ ਬਾਅਦ ਪਿੰਡ ਦੀ ਹਰੀਜਨ ਬਸਤੀ ਵੱਲੋਂ ਕੁਝ ਰੋਸ ਦੀਆਂ ਕਣਸੋਆਂ ਆਉਣ ਲੱਗੀਆਂ ਸਨ। ਲਹਿੰਬਰ ਹੋਰਾਂ ਕੁਝ ਗਿਣਵੇਂ ਚੁਣਵੇਂ ਹਰੀਜਨਾਂ ਨੂੰ ਫੂਕ ਛਕਾ ਕੇ ਕਹਾਉਣਾ ਸ਼ੁਰੂ ਕਰਵਾ ਦਿੱਤਾ ਕਿ ਪਿੰਡ ਵਿਚ ਨਗਰ ਕੀਰਤਨ ਰਵੀਦਾਸ ਪੁਰਬ ਤੇ ਵੀ ਕੱਢਿਆ ਜਾਣਾ ਚਾਹੀਦਾ ਏ। ਅਸਲ ਵਿਚ ਲਹਿੰਬਰ ਹੋਰੀਂ ਚਾਹੁੰਦੇ ਸਨ ਕਿ ਪਿੰਡ ਵਿਚ ਕੋਈ ਪੁਆੜਾ ਖੜ੍ਹਾ ਕਰਕੇ ਪੰਚਾਇਤ ਵਿਚ ਤੇ ਪਿੰਡ ਵਿਚ ਫੁੱਟ ਪੁਆ ਦਿੱਤੀ ਜਾਵੇ। ਇੰਝ ਹੋਣ ਨਾਲ ਪੰਚਾਇਤ ਐਨ.ਆਰ. ਆਈਜ਼ ਨਾਲ ਸਹਿਯੋਗ ਨਾ ਕਰੇ।

ਐਨ.ਆਰ.ਆਈ. ਲਹਿੰਬਰ ਹੋਰਾਂ ਨੂੰ ਨਿਰੀ ਜ਼ਹਿਰ ਨਜ਼ਰ ਆ ਰਹੇ ਸਨ। ਉਨ੍ਹਾਂ ਦੇ ਦਖ਼ਲ ਨਾਲ ਪੰਚਾਇਤ ਨੂੰ ਆਪਣਾ ਹਿਸਾਬ ਕਿਤਾਬ ਦੱਸਣਾ ਪਿਆ ਕਰਨਾ ਸੀ। ਐਸ.ਆਰ.ਆਈ. ਆਪਣਾ ਰਸੂਖ ਵਰਤ ਕੇ ਪੰਚਾਇਤ ਦੀਆਂ ਗਰਾਂਟਾਂ ਜਲਦੀ ਵੀ ਰਿਲੀਜ਼ ਕਰਵਾ ਸਕਦੇ ਸਨ। ਉਨ੍ਹਾਂ ਨੇ ਅਜਿਹਾ ਪ੍ਰੋਗਰਾਮ ਉਲੀਕਿਆ ਹੋਇਆ ਸੀ ਕਿ ਦੋਹਾਂ ਪਾਸਿਆਂ ਦਾ ਪੈਸਾ ਇੱਕ ਥਾਂ ਇਕੱਠਾ ਕਰਕੇ ਪਿੰਡ ਦੀ ਬਿਹਤਰੀ ਲਈ ਲਾਇਆ ਜਾਵੇ। ਇੰਜ ਹੋਣ ਨਾਲ ਲਹਿੰਬਰ ਤੇ ਪ੍ਰਧਾਨ ਜਿਹੇ ਘੜੰਮ ਚੌਧਰੀਆਂ ਦੀ ਚੌਧਰ ਨੂੰ ਆਂਚ ਆਉਣੀ ਹੀ ਸੀ।

ਲਹਿੰਬਰ —ਅਸਲ ਵਿਚ ਇਸ ਸਾਰੇ ਪੁਆੜੇ ਦੀ ਜੜ੍ਹ ਪ੍ਰੋ. ਜੋਰਾ ਸਿੰਘ ਏ। ਉਹ ਬੰਦਿਆਂ ਨੂੰ ਨਵੀਆਂ-ਨਵੀਆਂ ਸਕੀਮਾਂ ਦੱਸਦਾ ਰਹਿੰਦਾ ਏ।

ਪ੍ਰਕਾਸ਼ —ਮੈਨੂੰ ਲਗਦਾ ਏ ਕੀਰਤੀ ਸਿੰਘ ਵੀ ਘੱਟ ਨਹੀਂ। ਉਹਨੇ ਆਪਣਾ ਸਾਰਾ ਜੀਵਨ ਲਾਉਣ ਬੁਝਾਉਣ ਵਿਚ ਹੀ ਲਗਾ ਦਿੱਤਾ। ਪਹਿਲਾਂ ਕਿਸੇ ਵੇਲੇ ਪਿੰਡ 'ਚ ਪੁਆੜੇ

ਖੜ੍ਹੇ ਕਰਨ ਲੱਗ ਪਿਆ ਸੀ। ਚੰਗਾ ਹੋਇਆ ਉਦੋਂ ਭਰ ਉਮਰ ਵਿਚ ਹੀ ਕਤਲ ਕਰਕੇ ਪਿੰਡ ਵਿਚੋਂ ਨਿਕਲ ਗਿਆ। ਨਹੀਂ ਤਾਂ, ਪਿੰਡ ਦੀ ਖ਼ੈਰ ਨਹੀਂ ਸੀ। ਫਿਰ ਹਰਾਮਜ਼ਾਦਾ ਦੌੜਾ ਫਿਰਦਾ ਪੁਲਿਸ ਨੂੰ ਚਕਮੇ ਦਿੰਦਾ ਰਿਹਾ। ਆਪਣੇ ਰਿਸ਼ਤੇਦਾਰਾਂ ਲਈ ਆਫ਼ਤ ਬਣਨ ਲੱਗ ਪਿਆ। ਫਿਰ ਮਾਂ ਨੇ ਪਿੰਡੋਂ ਕੱਢ ਦਿੱਤਾ। ਸਾਲੇ ਨੇ ਪਤਾ ਨਹੀਂ ਕਿੱਥੇ ਕਿੱਥੇ ਠੋਕਰਾਂ ਖਾਧੀਆਂ। ਪਤਾ ਨਹੀਂ ਕੀ ਕੀ ਜਾਲ੍ਹਸਾਜ਼ੀਆਂ ਕੀਤੀਆਂ। ਸੁਣਿਐ, ਚੰਡੀਗੜ੍ਹ ਆਪਣੇ ਮਹਿਕਮੇ ਵਿਚ ਵੀ ਇਹ ਪੁਆੜੇ ਦੀ ਜੜ੍ਹ ਹੀ ਹੁੰਦਾ ਸੀ। ਹੁਣ ਬੁੱਢੇ ਬਾਰੇ ਆ ਕੇ ਫਿਰ ਪਿੰਡ 'ਚ ਦਖ਼ਲ ਦੇਣ ਲੱਗ ਪਿਆ ਏ। ਸਾਲਾ ਹੁਣ ਤੱਕ ਮਰ ਗਿਆ ਹੁੰਦਾ ਤਾਂ ਚੰਗਾ ਸੀ।

ਲਹਿੰਬਰ ਸਿੰਘ -ਪ੍ਰਗਾਸ਼ ਪਿਛਲੀ ਗ੍ਰਾਂਟ ਵਿਚੋਂ ਆਪਣੇ ਸੁਹਣੇ ਗੱਫੇ ਲੱਗ ਗਏ ਸੀ। ਛੱਪੜ ਦੁਆਲੇ ਕੰਧ ਕਰਨ ਤੇ ਅਸੀਂ ਉਹ ਗ੍ਰਾਂਟ ਲਾਈ ਸੀ। ਤੈਨੂੰ ਪਤਾ ਈ ਏ ਕੰਧ ਤੇ ਕਿੰਨੇ ਕੁ ਪੈਸੇ ਲੱਗੇ ਸੀ। ਨਾਲੇ ਇੱਟਾਂ ਵੀ ਤਾਂ ਬਹੁਤੀਆਂ ਦੋਮ ਹੀ ਲਾ ਦਿੱਤੀਆਂ ਸੀ। ਕਿੰਨਾ ਕੁ ਸੀਮੈਂਟ ਵਰਤਿਆ ਸੀ ਅਸੀਂ? ਮਿਸਤਰੀਆਂ ਨੂੰ ਵੀ ਆਪਾਂ ਦਿੱਤੇ ਘੱਟ ਸੀ ਤੇ ਕਾਗਜ਼ਾਂ ਤੇ ਵੱਧ ਦਿਖਾ ਦਿੱਤੇ ਸੀ। ਮਾੜਾ ਮਾਲ ਲਗਾ ਕੇ ਕਾਗਜ਼ਾਂ ਵਿਚ ਚੰਗਾ ਮਾਲ ਦਿਖਾਈ ਜਾਓ। ਕਿੰਨੀਆਂ ਮੌਜ਼ਾਂ ਕੀਤੀਆਂ ਅਸੀਂ ਪਿਛਲੇ ਦੋ ਸਾਲਾਂ 'ਚ। ਅਜੇ ਤਾਂ ਇਕ ਪਾਸੇ ਹੀ ਕੰਧ ਹੋਈ ਏ। ਜਦ ਤੱਕ ਸਾਰੇ ਪਾਸੇ ਹੋਣੀ ਏ, ਦੇਖ ਲੈ ਆਪਣੇ ਕਿੰਨੇ ਮਜ਼ੇ ਲੱਗਣਗੇ। ਪਿੰਡਾਂ ਦੇ ਛੱਪੜ ਪੈਸਾ ਹੜੱਪਣ ਲਈ ਬੜਾ ਵਧੀਆ ਸਾਧਨ ਹਨ। ਇਨ੍ਹਾਂ ਉਤੇ ਲਾਏ ਪੈਸੇ ਦਾ ਕਿਸੇ ਨੂੰ ਕੁਝ ਵੀ ਪਤਾ ਨਹੀਂ ਲਗਦਾ। ਮਾੜਾ ਮਾਲ ਲਾਈ ਜਾਓ ਤੇ ਵਿਚੋਂ ਜਿੰਨੇ ਮਰਜ਼ੀ ਆਪ ਖਾਈ ਜਾਓ। ਦੇਸੀ ਤੂੰ ਕਦੀ ਮੁੱਕਣ ਨਹੀਂ ਦਿੰਦਾ। ਮਹੀਨੇ ਵਿੱਚ ਦੋ ਤਿੰਨ ਵਾਰੀ ਭੱਠੀ ਲਾਈਓ ਬਥੇਰੀ ਏ। ਹੁਣ ਤਾਂ ਆਪਾਂ ਨੂੰ ਅੰਗਰੇਜ਼ੀ ਦਾ ਵੀ ਘਾਟਾ ਨਹੀਂ। ਥਾਣੇਦਾਰ ਕੋਲ ਜਰਾ ਵੱਧ ਗੇੜਾ ਮਾਰ ਆਇਆ ਕਰਾਂਗੇ। ਬਾਹਰਲਿਆਂ ਨੂੰ ਕਿਵੇਂ ਨੱਥ ਪਾਈ ਜਾਵੇ। ਇਹ ਸਮਝ ਨਹੀਂ ਆਉਂਦੀ। ਪਿੰਡ ਵਿਚ ਤਾਂ ਬਥੇਰੇ ਬੁੱਧੂ ਨੇ, ਇਨ੍ਹਾਂ ਨੂੰ ਜਿਵੇਂ ਮਰਜ਼ੀ ਚਾਰ ਲਓ ਪਰ ਬਾਹਰਲੇ ਪੱਕੇ ਹਰਾਮਦੇ ਨੇ। ਉਨ੍ਹਾਂ ਨੂੰ ਤਾਂ ਅਸੀਂ ਵੱਢੀ ਵੀ ਨਹੀਂ ਦੇ ਸਕਦੇ। ਉਹ ਸਾਲੇ ਪਹਿਲਾਂ ਹੀ ਬਥੇਰੇ ਰੱਜੇ ਪੁੱਜੇ ਨੇ। ਹਰਾਮਦੇ, ਸਾਡੇ ਢਿੱਡ ਤੇ ਐਵੇਂ ਲੱਤਾਂ ਮਾਰੀ ਜਾਂਦੇ ਨੇ। ਇਨ੍ਹਾਂ ਕੁੱਤਿਆਂ ਨੂੰ ਚਾਹੀਦਾ ਏ, ਜਿੱਥੇ ਹੈਗੇ ਆ ਉਥੇ ਹੀ ਰਹਿਣ। ਐਵੇਂ ਆ ਕੇ ਪਿੰਡ ਵਿਚ ਟੰਗਾਂ ਅੜਾਉਣ ਲੱਗ ਪਏ ਆ। ਅਖੇ, ਅਸੀਂ ਤਾਂ ਮਾਡਲ ਗ੍ਰਾਮ ਬਣਾਉਣਾ ਏ। ਸਾਲਿਓ, ਤੁਸੀਂ ਇਥੇ ਰਹਿਣਾ ਨਾ, ਤੁਸੀਂ ਇੱਥੇ ਆਉਣਾ ਨਾ, ਪਿੰਡ ਨਾਲ ਤੁਹਾਡਾ ਪਤਾ ਨਹੀਂ ਕੀ ਵੈਰ ਏ। ਹਰਾਮਦੇ ਕਹਿੰਦੇ ਐ ਪਿੰਡ ਨੂੰ ਚੰਡੀਗੜ੍ਹ ਬਣਾਉਣਾ ਐ। ਉਧਰ ਕੈਨੇਡਾ ਵਿਚ ਤੁਹਾਡਾ ਦਲੀਪਾ ਰਾਮ ਵੀ ਇਨ੍ਹਾਂ ਨਾਲ ਮਿਲ ਗਿਆ। ਪਿੰਡ ਵਿਚ ਹਿੰਦੂਆਂ ਦੇ ਚਾਰ ਘਰ ਨੇ, ਉਨ੍ਹਾਂ ਨੂੰ ਵੀ ਇਹ ਕਾਬੂ ਕਰਨ ਤੇ ਪੂਰੇ ਤੁਲੇ ਹੋਏ ਨੇ। ਕੈਨੇਡਾ ਵਿਚ ਲੂਥਰਾ ਅੱਜ ਕੱਲ੍ਹ ਚੰਗਾ ਖਾਂਦਾ ਪੀਂਦਾ ਏ। ਉਸ ਦੀ ਜਾਇਦਾਦ ਏਥੇ ਪਿੰਡ ਵਿਚ ਵੀ ਬਥੇਰੀ ਏ। ਉੱਥੇ ਕੈਨੇਡਾ ਵਿਚ ਵੀ ਉਸ ਦਾ ਕੱਪੜੇ ਦਾ ਚੰਗਾ ਵੱਡਾ ਕਾਰੋਬਾਰ ਏ। ਬੜੇ ਦੁੱਖ ਦੀ ਗੱਲ ਏ, ਉਹ ਵੀ ਇਨ੍ਹਾਂ ਦੇ ਮਗਰ ਲੱਗ ਗਿਆ। ਲੂਥਰੇ ਦਾ ਭਰਾ ਕਸਤੂਰੀ ਲਾਲ ਤਾਂ ਸ਼ਾਇਦ ਸਾਡੀ ਗੱਲ ਮੰਨ ਹੀ ਲਵੇ। ਸਾਨੂੰ ਉਹਨੂੰ ਕਾਬੂ ਕਰਕੇ ਮਨੋਹਰੀ ਨਾਲੋਂ ਤੋੜਨਾ ਚਾਹੀਦਾ ਏ। ਕੀ ਖ਼ਿਆਲ ਏ?

— ਪ੍ਰਗਾਸ਼ ਤੂੰ ਭੋਲਾ ਏਂ, ਇਹ ਟੁੱਟ ਭੱਜ ਨਹੀਂ ਹੋਣੀ। ਮਨੋਹਰੀ ਕਸਤੂਰੀ ਦੀ ਗੱਲ ਉਕਾ ਨਹੀਂ ਮੰਨਦਾ। ਦੋਵੇਂ ਆਪਸ ਵਿਚ ਸ਼ਰੀਕ ਨੇ, ਪਹਿਲਾਂ ਦੋਹਾਂ ਦਾ ਦੁਕਾਨਾਂ ਦੇ ਵੰਡ

ਵਡੰਈਏ ਬਾਰੇ ਇੱਥੇ ਝਗੜਾ ਵੀ ਚਲਦਾ ਰਿਹਾ ਸੀ। ਤੂੰ ਬਹੁਤ ਸਾਰੀਆਂ ਗੱਲਾਂ ਨੂੰ ਬੜੀ ਜਲਦੀ ਭੁੱਲ ਜਾਂਦਾ ਏਂ, ਨਾਲੇ ਕਸਤੂਰੀ ਕਾਂਗਰਸੀ ਏ, ਮਨੋਹਰੀ ਅੱਜ ਕੱਲ੍ਹ ਹਿੰਦੂਆਂ ਦੀ ਪਾਰਟੀ 'ਚ ਹਾਜ਼ਰੀ ਭਰਦਾ ਏ। ਐ ਜਿਹੜੇ ਉਹਨੂੰ ਕਾਬੂ ਕਰਦੇ ਫਿਰਦੇ ਹਨ ਇਹ ਸਭ ਅਕਾਲੀ ਹਨ। ਤੈਨੂੰ ਪਤਾ ਏ, ਪੰਜਾਬ ਵਿਚ ਅਕਾਲੀ ਤੇ ਭਾਜਪਾ ਅਕਸਰ ਇਕੱਠੇ ਹੁੰਦੇ ਰਹਿੰਦੇ ਹਨ। ਕਸਤਰੀ ਨੂੰ ਕਾਬੂ ਕਰਨਾ ਏ ਤਾਂ ਬੇਸ਼ੱਕ ਕਰ ਲਵੋ ਪਰ ਉਹਦੇ ਕੋਲ ਦੇਣ ਲਈ ਕੁਝ ਵੀ ਨਹੀਂ। ਉਹ ਸਾਂਝੇ ਕੰਮਾਂ ਤੇ ਪੈਸਾ ਖਰਚ ਕਰਕੇ ਰਾਜੀ ਨਹੀਂ। ਸਿਰਫ਼ ਉਸ ਪਾਸ ਵੋਟਾਂ ਹਨ, ਉਹ ਵੀ ਸਿਰਫ਼ ਉਸ ਦੇ ਘਰਦੇ ਚਾਰ ਬੰਦਿਆਂ ਦੀਆਂ। ਜਦ ਪਿੱਛੇ ਜੰਞ ਘਰ ਦੀ ਉਗਰਾਹੀ ਲਈ ਉਸ ਪਾਸ ਗਏ ਸਾਂ ਤਾਂ ਉਸ ਨੇ ਸਿਰਫ਼ ਸੌ ਰੁਪਏ ਦਿੱਤੇ ਸਨ। ਹਾਂ, ਇਕ ਤਰੀਕਾ ਹੋਰ ਜ਼ਰੂਰ ਏ।

— ਉਹ ਕੀ?

— ਪਿੰਡ ਵਿਚ ਕੁਝ ਕਾਮਰੇਡ ਜ਼ਰੂਰ ਹਨ। ਉਹ ਰੌਲ਼ਾ ਪਾਉਣ ਲਈ ਹਮੇਸ਼ਾ ਅੱਗੇ ਆ ਹੀ ਜਾਂਦੇ ਹਨ, ਹੋਰ ਉਨ੍ਹਾਂ ਤੋਂ ਭਾਵੇਂ ਕੁਝ ਹੋਵੇ ਜਾਂ ਨਾ ਹੋਵੇ। ਨਾਅਰੇ ਬਾਜ਼ੀ ਕਰਨ ਲਈ ਉਹ ਹਮੇਸ਼ਾਂ ਹੀ ਤਕੜੇ ਰਹੇ ਹਨ। ਉਨ੍ਹਾਂ ਨੂੰ ਵਰਤਿਆ ਜਾ ਸਕਦਾ ਏ। ਉਹ ਵੈਸੇ ਵੀ ਪਹਿਲਾਂ ਤੋਂ ਸਾਡੇ ਨਾਲ ਹੀ ਰਹੇ ਹਨ। ਅਕਾਲੀਆਂ ਤੇ ਭਾਜਪਾ ਵਾਲਿਆਂ ਤੋਂ ਉਨ੍ਹਾਂ ਨੂੰ ਹਮੇਸ਼ਾ ਹੀ ਬੂ ਆਉਂਦੀ ਰਹੀ ਏ। ਕੋਈ ਮੁੱਦਾ ਬਣਾ ਕੇ ਕਾਮਰੇਡਾਂ ਨੂੰ ਕੀਰਤੀ ਸਿੰਘ ਅਤੇ ਜੋਰਾ ਸਿੰਘ ਹੁਰਾਂ ਦੇ ਪਿੱਛੇ ਪੁਆ ਦੇਣਾ ਚਾਹੀਦਾ ਏ। ਕਾਮਰੇਡਾਂ ਤੋਂ ਇਨ੍ਹਾਂ ਦਾ ਐਸਾ ਜਲੂਸ ਕਢਵਾਓ ਕਿ ਇਹ ਮੁੜਕੇ ਪਿੰਡ ਵੱਲ ਨਾ ਝਾਕਣ। ਕੈਨੇਡਾ ਵਾਲੇ ਵੀ ਸੋਚਣ ਲੱਗ ਪੈਣ ਕਿ ਪਿੰਡ ਕਾਹਨੂੰ ਜਾਣਾ ਏ ਕਿਤੇ ਉਥੇ ਗਿਆਂ ਦਾ ਕਾਮਰੇਡ ਜਲੂਸ ਹੀ ਨਾ ਕੱਢ ਦੇਣ। ਕੀਰਤੀ ਸਿੰਘ ਤੇ ਜੋਰਾ ਸਿੰਘ ਤੇ ਕੋਈ ਠੋਸ ਇਲਜ਼ਾਮ ਤਾਂ ਲੱਗਣਾ ਹੀ ਚਾਹੀਦਾ ਏ। ਉਹ ਇਲਜ਼ਾਮ ਕੀ ਹੋ ਸਕਦਾ ਏ?

— ਪਿੱਛੇ ਜਿਹੇ ਜੋਰਾ ਸਿੰਘ ਨੇ ਮੁਹਾਲੀ ਵਿਚ ਦੁਕਾਨਾਂ ਖਰੀਦੀਆਂ ਸਨ। ਕਹਿ ਦਿਓ ਕਿ ਦੁਕਾਨਾਂ ਉਗਰਾਹੀ ਦੇ ਪੈਸੇ 'ਚੋਂ ਅੱਧੋਂ ਡੂਢ ਕਰਕੇ ਖਰੀਦੀਆਂ ਗਈਆਂ ਹਨ। ਕਹਿ ਦਿਓ, ਕੈਨੇਡਾ 'ਚੋਂ ਇਕੱਠੇ ਕਰੀ ਜਾਂਦੇ ਐ ਤੇ ਏਥੇ ਆਪਣੀ ਨਿਜੀ ਜਾਇਦਾਦ ਬਣਾਉਣ ਤੇ ਲਾਈ ਜਾਂਦੇ ਐਂ।

— ਪ੍ਰਗਾਸ਼, ਤੇਰੀ ਇਹ ਸਕੀਮ ਠੀਕ ਲਗਦੀ ਏ। ਕਾਮਰੇਡਾਂ ਨੂੰ ਫੂਕ ਛਕਾ ਦਿਓ। ਨਾਲੇ ਕਾਮਰੇਡਾਂ ਨੂੰ ਖੜ੍ਹੇ ਕਰਨ ਲਈ ਕੋਈ ਖਾਸ ਖਰਚਾ ਨਹੀਂ ਕਰਨਾ ਪੈਂਦਾ। ਇਹ ਪਾਰਟੀ ਫੰਡ ਇਕੱਠਾ ਕਰਦੇ ਫਿਰਦੇ ਹੁੰਦੇ ਨੇ। ਇਸ ਵਾਰ ਇਨ੍ਹਾਂ ਨੂੰ ਥੋੜ੍ਹਾ ਜਿਹਾ ਵੱਧ ਫੰਡ ਦੇ ਦਿੰਦੇ ਹਾਂ। ਇਹ ਤਾਂ ਹਜ਼ਾਰ ਕੁ ਨਾਲ ਹੀ ਬਥੇਰੇ ਖ਼ੁਸ਼ ਹੋ ਜਾਂਦੇ ਨੇ। ਹਜ਼ਾਰ ਦੋ ਹਜ਼ਾਰ ਨਾਲ ਖ਼ੁਸ਼ ਕਰਕੇ ਕੰਮ ਲਵਾਂਗੇ ਲੱਖਾਂ ਦਾ। ਇਹ ਤਾਂ ਕੰਧਾਂ ਭਰ ਦੇਣਗੇ ਨਾਹਰਿਆਂ ਨਾਲ ਕੀਰਤੀ ਸਿੰਘ ਤੇ ਜੋਰਾ ਸਿੰਘ ਦੇ ਖਿਲਾਫ਼।

ਹਫ਼ਤੇ ਕੁ ਬਾਅਦ ਜਦ ਲੋਕ ਸਵੇਰੇ ਉੱਠੇ ਤਾਂ ਦੇਖਿਆ ਕਿ ਪਿੰਡ ਦੀਆਂ ਕੰਧਾਂ ਕਾਮਰੇਡਾਂ ਦੇ ਨਾਹਰਿਆਂ ਨਾਲ ਭਰੀਆਂ ਪਈਆਂ ਸਨ–

– ਪ੍ਰੋ. ਜੋਰਾ ਸਿੰਘ ਮੁਰਦਾਬਾਦ!

– ਜੋਰਾ ਸਿੰਘ ਦਾ ਅਸਲੀ ਘਰ, ਪਾਗਲਖਾਨਾ ਅੰਮ੍ਰਿਤਸਰ!

- ਕਾਤਲ ਕੀਰਤੀ ਸਿੰਘ ਮੁਰਦਾਬਾਦ!
- ਜਨਤਾ ਦੇ ਪੈਸੇ ਵਾਪਸ ਮੋੜੋ!
- ਫਿਰਕੂ ਤਾਕਤਾਂ ਮੁਰਦਾਬਾਦ!
- ਦੁਨੀਆਂ ਭਰ ਦੇ ਮਿਹਨਤਕਸ਼ੋ, ਇਕ ਹੋ ਜਾਓ।
- ਕੈਨੇਡਾ ਵਾਲਿਓ, ਸ਼ਰਮ ਕਰੋ!
- ਪਿੰਡ ਕਿਸੇ ਇਕ ਦੀ ਜਾਗੀਰ ਨਹੀਂ।
- ਪਿੰਡ ਦੀ ਬਦਲਣੀ ਨੁਹਾਰ, ਸਿਰਫ਼ ਪੰਚਾਇਤ ਦਾ ਅਧਿਕਾਰ!

ਲਹਿੰਬਰ ਸਿੰਘ, ਪ੍ਰਗਾਸ਼ ਰਾਮ ਤੇ ਕੁਝ ਕਾਮਰੇਡਾਂ ਨੇ ਰਲ ਕੇ ਪਿੰਡ ਦੇ ਪੰਚਾਇਤ ਘਰ ਵਿਚ ਇਕ ਇਕੱਠ ਕੀਤਾ। ਇਸ ਇਕੱਠ ਵਿਚ ਬਲੌਕ ਤੇ ਜ਼ਿਲ੍ਹਾ ਪੱਧਰ ਦੇ ਵੀ ਕਈ ਨੇਤਾ ਸ਼ਾਮਿਲ ਹੋਏ। ਪੰਚਾਇਤ ਘਰ ਦਾਤੀ ਹਥੌੜੇ ਵਾਲੇ ਪਰਚਮਾ ਨਾਲ ਭਰਿਆ ਪਿਆ ਸੀ। ਇਸ ਇਕੱਠ ਵਿਚ ਦੋ ਨੇਤਾਵਾਂ ਨੇ ਆਪਣੇ ਵਿਚਾਰ ਰੱਖੇ। ਪਹਿਲਾਂ ਬਲੌਕ ਪੱਧਰ ਦਾ ਨੇਤਾ ਕਾਮਰੇਡ ਵਿਰਸਾ ਸਿੰਘ ਬੋਲਿਆ–

ਨਗਰ ਨਿਵਾਸੀ ਤੇ ਬਾਹਰੋਂ ਆਏ ਸਾਥੀਓ,

ਤੁਸੀਂ ਸਾਰੇ ਜਾਣਦੇ ਹੀ ਹੋ ਕਿ ਅੱਜ ਦਾ ਇਹ ਇਕੱਠ ਕਿਉਂ ਕੀਤਾ ਗਿਆ ਏ। ਪਿੰਡ ਵਿਚ ਬ਼ਾਹਰਲੇ ਲੋਕਾਂ ਦੀ ਦਖ਼ਲ ਅੰਦਾਜ਼ੀ ਵਧਦੀ ਜਾ ਰਹੀ ਏ। ਜਦ ਪਿੰਡ ਦੀ ਲੋਕਰਾਜੀ ਢਾਂਚੇ ਅਧੀਨ ਚੁਣੀ ਹੋਈ ਪੰਚਾਇਤ ਇੱਥੇ ਹਰ ਕੰਮ ਲਈ ਹਾਜ਼ਰ ਏ ਤਾਂ ਸਾਨੂੰ ਸਮਝ ਨਹੀਂ ਆਉਂਦੀ ਇਹ ਬਾਹਰਲੇ ਲੋਕ ਇਸ ਦੇ ਕੰਮਾਂ ਵਿਚ ਕਿਉਂ ਦਖ਼ਲ ਦੇ ਰਹੇ ਹਨ। ਪਿਛਲੇ ਦੋ ਸਾਲਾਂ ਵਿਚ ਪੰਚਾਇਤ ਨੇ ਪਿੰਡ ਦੇ ਕਈ ਕੇਸ ਸੰਵਾਰੇ ਹਨ। ਗਲੀਆਂ, ਨਾਲੀਆਂ ਪੱਕੀਆਂ ਕਰਵਾਈਆਂ ਗਈਆਂ ਸਨ। ਫਿਰ ਛੱਪੜ ਦੇ ਦੁਆਲੇ ਇਕ ਪਾਸੇ ਕੰਧ ਕੀਤੀ ਗਈ ਸੀ। ਜੰਞ ਘਰ ਦਾ ਨਲਕਾ ਕੰਮ ਕਰਨੋਂ ਬੰਦ ਹੋ ਗਿਆ ਸੀ। ਪਿੱਛੇ ਜਿਹੇ ਉਹ ਨਲਕਾ ਲਗਵਾਇਆ ਗਿਆ ਸੀ। ਅਗਰ ਕੋਈ ਬਾਹਰਲਾ ਸੱਜਣ ਆਪਣੇ ਪੱਧਰ ਤੇ ਆ ਕੇ ਇੱਥੇ ਕੋਈ ਖਰਚ ਕਰਨਾ ਚਾਹਵੇ ਤਾਂ ਸੌ ਵਾਰੀ ਕਰੇ। ਤੁਹਾਨੂੰ ਪਤਾ ਏ ਪਿੱਛੇ ਜਿਹੇ ਇਕ ਸੱਜਣ ਨੇ ਬਾਹਰੋਂ ਆ ਕੇ ਸ਼ਮਸ਼ਾਨਘਾਨ ਵਿਚ ਕਈ ਸੁਧਾਰ ਕੀਤੇ ਸਨ। ਉਹ ਆਪ ਹੀ ਇੱਟਾਂ ਖਰੀਦ ਕੇ ਲਿਆਇਆ। ਆਪ ਹੀ ਉਸ ਨੇ ਮਿਸਤਰੀ ਲੱਭੇ। ਆਪ ਹੀ ਉਨ੍ਹਾਂ ਦੇ ਪਾਸ ਬੈਠਿਆ ਰਿਹਾ। ਪੰਚਾਇਤ ਨੇ ਉਸ ਨੂੰ ਕੁਝ ਵੀ ਨਹੀਂ ਕਿਹਾ। ਬਲਕਿ ਪੰਚਾਇਤ ਨੇ ਉਸ ਨਾਲ ਸਹਿਯੋਗ ਦਿੱਤਾ। ਪਿੱਛੇ ਜਿਹੇ ਇਕ ਸੱਜਣ ਬਾਹਰੋਂ ਆ ਕੇ ਸ਼ਮਸ਼ਾਨਘਾਟ ਦੇ ਮੁੱਢ ਨਲਕਾ ਲਗਵਾ ਗਿਆ ਸੀ। ਅਸੀਂ ਸਾਰਿਆਂ ਇਸ ਗੱਲ ਦੀ ਵੀ ਖ਼ੁਸ਼ੀ ਮਨਾਈ। ਹੁਣ ਪਿੰਡ ਦੇ ਕੁਝ ਪੁਰਾਣੇ ਨਿਵਾਸੀਆਂ ਨੇ ਨਵਾਂ ਹੀ ਸ਼ੋਸ਼ਾ ਛੱਡ ਦਿੱਤਾ ਏ ਕਿ ਪਿੰਡ ਦੀ ਪੰਚਾਇਤ ਨੂੰ ਮਿਲਣ ਵਾਲੇ ਪੈਸੇ ਵੀ ਉਹ ਖ਼ੁਦ ਹੀ ਪਿੰਡ ਤੇ ਲਗਾਇਆ ਕਰਨਗੇ। ਉਹ ਪਿੰਡ ਦੀ ਪੰਚਾਇਤ ਦੇ ਪੈਸਿਆਂ ਦੇ ਮਾਮੇ ਨਹੀਂ ਲਗਦੇ। ਪੰਚਾਇਤ ਇਕ ਆਜ਼ਾਦ ਬਾਡੀ ਏ। ਲੋਕ ਰਾਜ ਵਿਚ ਆਜ਼ਾਦ ਬਾਡੀ ਨੂੰ ਖ਼ੁਦ ਹੱਕ ਹੁੰਦੇ ਹਨ ਕਿ ਉਹ ਸਰਕਾਰ ਵੱਲੋਂ ਮਿਲਣ ਵਾਲੇ ਪੈਸੇ ਪਿੰਡ ਦੇ ਕੰਮਾਂ ਤੇ ਖਰਚ ਕਰੇ। ਕਈ ਸੱਜਣ ਐਸੇ ਹਨ ਜਿਹੜੇ ਸਾਲ ਵਿਚ ਗਿਆਰਾਂ ਮਹੀਨੇ ਪਿੰਡ ਤੋਂ ਬਾਹਰ ਰਹਿੰਦੇ ਹਨ ਤੇ ਪਿੰਡ ਵਿਚ ਦਖ਼ਲ ਇੰਜ ਦੇਣਾ ਚਾਹੁੰਦੇ

ਹਨ ਜਿਵੇਂ ਉਹ ਇੱਥੇ ਹਰ ਰੋਜ਼ ਹਾਜ਼ਰ ਹੋਣ। ਕੀਰਤੀ ਸਿੰਘ ਨੇ ਸਾਰਾ ਜੀਵਨ ਪਿੰਡ ਤੋਂ ਬਾਹਰ ਗੁਜ਼ਾਰਿਆ। ਇੰਜ ਕਰਕੇ ਉਸ ਨੇ ਆਪਣੀਆਂ ਕੀਤੀਆਂ ਦਾ ਫਲ ਖਾਧਾ। ਜੋਰਾ ਸਿੰਘ ਸਾਰੀ ਉਮਰ ਨੇੜੇ ਇਕ ਕਾਲਜ ਵਿਚ ਪੜ੍ਹਾਉਂਦਾ ਰਿਹਾ। ਉਥੇ ਉਹਦੀ ਸਾਰੀ ਉਮਰ ਆਪਣੇ ਪ੍ਰਿੰਸੀਪਲ ਨਾਲ ਨਹੀਂ ਬਣੀ। ਅਗਰ ਉਸ ਦੀ ਉਸ ਕਾਲਜ ਵਿਚ ਬਣੀ ਹੋਈ ਹੁੰਦੀ ਤਾਂ ਉਹ ਪ੍ਰਿੰਸੀਪਲ ਦੇ ਤੌਰ ਤੇ ਰਿਟਾਇਰ ਹੁੰਦਾ। ਹੁਣ ਉਹ ਆਪਣਾ ਬਹੁਤਾ ਸਮਾਂ ਚੰਡੀਗੜ੍ਹ ਤੇ ਮੋਹਾਲੀ ਵਿਚ ਗੁਜ਼ਾਰਦਾ ਏ। ਉਸ ਦਾ ਕੰਮ ਹੁੰਦਾ ਏ ਸੁਧਾਰ ਦੇ ਨਾਂ ਤੇ ਸ਼ੋਸ਼ਾ ਛੱਡਣਾ। ਉਹ ਕਿਤਾਬਾਂ ਵਿਚ ਪੜ੍ਹੇ ਸਿਧਾਂਤਾਂ ਤੇ ਖ਼ਿਆਲੀ ਪਲਾਓ ਬਣਾਉਂਦਾ ਰਹਿੰਦਾ ਏ। ਕਦੇ ਕਹੂ ਪਿੰਡ ਨੂੰ ਸਵਰਗ ਬਣਾਉਣਾ ਏ, ਕਦੇ ਕਹੂ ਪਿੰਡ ਨੂੰ ਮਾਡਲ ਗ੍ਰਾਮ ਬਣਾਉਣਾ ਏ, ਕਦੇ ਆ ਕੇ ਸਕੂਲ ਦੇ ਕੰਮਾਂ 'ਚ ਦਖ਼ਲ ਦੇਈ ਜਾਊ, ਕਦੇ ਗੁਰਦੁਆਰੇ ਦਾ ਚੌਧਰੀ ਬਣਨ ਲਈ ਸੋਚੀ ਜਾਊ! ਇਸ ਪ੍ਰਕਾਰ ਦੇ ਲਾਲ ਭਬੱਕੜਾ ਦੇ ਪਿੱਛੇ ਮੱਤ ਲੱਗੋ। ਉਧਰ ਕੁਝ ਬੰਦੇ ਕੈਨੇਡਾ ਵਿਚ ਵੀ ਇਨ੍ਹਾਂ ਆਪਣੇ ਪਿੱਛੇ ਲਗਾਏ ਹੋਏ ਨੇ। ਉਹ ਵੀ ਸਾਰੇ ਅੱਗ ਲਾ ਕੇ ਤਮਾਸ਼ਾ ਦੇਖਣ ਵਾਲੇ ਐ। ਮਨੋਹਰ ਤੇ ਦਲੀਪਾ ਰਾਮ ਵੱਡੇ ਹੀ ਸਮਾਜ ਸੁਧਾਰਕ ਆ ਗਏ ਇੱਥੇ, ਸਾਡੇ ਕੋਲੋਂ ਹੀ ਗਏ ਐ। ਅਸੀਂ ਜਾਣਦੇ ਹਾਂ ਕਿ ਉਹ ਕਿੱਡੇ ਕੁ ਦਾਨੀ ਹਨ। ਹੁਣ ਜਦ ਆਉਂਦੇ ਐ ਤਾਂ ਕਹਿਣਗੇ ਕਿ ਪਿੰਡੋਂ ਤਾਂ ਮੁਸ਼ਕ ਆਉਂਦਾ ਏ। ਪਿੰਡ ਦੀ ਮਿੱਟੀ ਨੂੰ ਪਾਊਡਰ ਕਹਿਣਗੇ। ਕਹਿਣਗੇ, ਕੱਪੜਿਆਂ ਦੀ ਹਾਲਤ ਦੇਖੋ, ਪਾਊਡਰ ਪੈ ਪੈ ਕੇ ਕਿੱਦਾਂ ਦੀ ਹੋ ਗਈ। ਪਿੰਡ ਵਿਚ ਆ ਕੇ ਰਹਿਣ ਨੂੰ ਮਿੱਟੀ ਫੱਕਣਾ ਕਹਿਣਗੇ। ਮੌਕੇ ਨਾਲ ਉਧਰ ਨਿਕਲ ਗਏ। ਨਹੀਂ ਤਾਂ ਸਾਲਿਆਂ ਦਾ ਪਤਾ ਨਹੀਂ ਇੱਥੇ ਕੀ ਹਾਲ ਹੋਣਾ ਸੀ। ਆਹ ਦਲੀਪਾ ਇੱਥੇ ਅੱਧੀ ਉਮਰ ਦਿਹਾੜੀਆਂ ਕਰਦਾ ਰਿਹਾ ਲੋਕਾਂ ਦੇ ਖੇਤਾਂ ਵਿਚ। ਮਨੋਹਰੀ ਦੀ ਟੁੱਟੀ ਜਿਹੀ ਹੱਟੀ ਹੁੰਦੀ ਸੀ। ਉਹਦੀ ਹੱਟੀ ਨਾਲੋਂ ਤਾਂ ਉਹਦੇ ਭਰਾ ਕਸਤੂਰੀ ਦੀ ਹੱਟੀ ਜ਼ਿਆਦਾ ਚਲਦੀ ਹੁੰਦੀ ਸੀ। ਹੁਣ ਵੀ ਕਸਤੂਰੀ ਦਾ ਵਰਤਾਉ ਲੋਕਾਂ ਨਾਲ ਬਹੁਤ ਵਧੀਆ ਏ। ਇਨ੍ਹਾਂ ਬਾਹਰਲੇ ਠਿਠਪੁੰਞੀਆਂ ਦੇ ਪਿੱਛੇ ਮੱਤ ਲੱਗੋ। ਆਪਣਿਆਂ ਦਾ ਸਾਥ ਦਿਓ। ਜਦ ਵੀ ਕੰਮ ਆਉਣਾ ਏ ਤਾਂ ਪੰਚਾਇਤ ਨੇ ਕੰਮ ਆਉਣਾ ਏ। ਅਗਰ ਕੋਈ ਭਾਰੀ ਪੈ ਗਈ ਤਾਂ ਕੀਰਤੀ ਤੇ ਜੋਰੇ ਜਿਹਾਂ ਨੇ ਤੁਹਾਡੀ ਮਦਦ ਕਰਨ ਲਈ ਦੂਰੋਂ ਨਹੀਂ ਆ ਜਾਣਾ। ਤੁਹਾਨੂੰ ਇਕਦਮ ਸਰਪੰਚ ਦੀ ਤੇ ਸਾਡੀ ਜ਼ਰੂਰਤ ਪੈਣੀ ਏ। ਪਿਛਲੇ ਸਾਲ ਪੁਲਿਸ ਨੇ ਜਗਤੇ ਦੀ ਸ਼ਰਾਬ ਦੀ ਚਲਦੀ ਭੱਠੀ ਫੜ ਲਈ ਸੀ। ਪੰਚਾਇਤ ਇਕਦਮ ਨਾਲ ਚਲੀ ਗਈ ਤੇ ਉਸ ਨੂੰ ਛੁਡਾ ਲਿਆਈ। ਨਹੀਂ ਤਾਂ ਕੁੱਟ-ਕੁੱਟ ਕੇ ਚਮਗਿੱਦੜ ਬਣਾ ਦੇਣਾ ਸੀ ਜਗਤੇ ਨੂੰ। ਇਨਾ ਕੁਝ ਕਹਿੰਦਾ ਹੋਇਆ ਤੁਹਾਡਾ ਇੱਥੇ ਹਾਜ਼ਰ ਹੋਣ ਲਈ ਧੰਨਵਾਦ ਕਰਦਾ ਹਾਂ।

ਜੈ ਜਨਤਾ!

ਜੈ ਸੰਘਰਸ਼!!

ਇਸ ਤੋਂ ਬਾਅਦ ਜ਼ਿਲ੍ਹਾ ਪੱਧਰ ਦਾ ਬੁਲਾਰਾ ਬੋਲਿਆ-

ਸਾਥੀਓ, ਮੈਂ ਨਾਹਰਾ ਲਾਵਾਂਗਾ - ਫਿਰਕੂ ਤਾਕਤਾਂ

ਤੁਸੀਂ ਜਵਾਬ ਦਿਓ-ਮੁਰਦਾਬਾਦ

ਫਿਰਕੂ ਤਾਕਤਾਂ!

ਮੁਰਦਾਬਾਦ! ਜ਼ੈ ਜਨਤਾ!

ਜੈ ਸੰਘਰਸ਼!!

ਦੁਨੀਆਂ ਭਰ ਦੇ ਮਿਹਨਤਕਸ਼ੋ,

ਇਕ ਹੋ ਜਾਓ!!

ਇੱਕੀ-ਦੁੱਕੀ ਰਹਿਣ ਨਹੀਂ ਦੇਣੀ

ਨੱਕ ਤੇ ਮੱਖੀ ਬਹਿਣ ਨਹੀਂ ਦੇਣੀ!!

ਲਾਲ ਸਲਾਮ!

ਲਾਲ ਸਲਾਮ!!

ਨਾਹਰਿਆਂ ਦਾ ਜਵਾਬ ਦੇਣ ਲਈ ਤੁਹਾਡਾ ਬਹੁਤ-ਬਹੁਤ ਸ਼ੁਕਰੀਆ।

ਪਿਛਲੇ ਕੁਝ ਸਮੇਂ ਤੋਂ ਪਿੰਡ ਵਿਚ ਫਿਰਕੂ ਤਾਕਤਾਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਏ। ਨਗਰ ਕੀਰਤਨ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਏ। ਚੌਧਰ ਦੇ ਭੁੱਖੇ ਕੁਝ ਘੜੰਮ ਚੌਧਰੀ ਪਿੰਡ ਦੀ ਇੱਟ ਨਾਲ ਇੱਟ ਖੜਕਾਉਣ ਲਈ ਤਿਆਰ ਹੋਏ ਪਏ ਹਨ। ਤੁਸੀਂ ਜਾਣਦੇ ਹੀ ਹੋ, ਧਰਮ ਦੇ ਨਾਂ ਤੇ ਲੋਕਾਂ ਨੂੰ ਬੜੀ ਜਲਦੀ ਭੜਕਾਇਆ ਤੇ ਉਕਸਾਇਆ ਜਾ ਸਕਦਾ ਏ। ਦੁਨੀਆਂ ਵਿਚ ਜਿੰਨੇ ਵੀ ਦੰਗੇ ਫਸਾਦ ਹੁੰਦੇ ਹਨ ਉਨ੍ਹਾਂ ਵਿਚੋਂ ਨੱਬੇ ਫੀਸਦੀ ਦੰਗੇ-ਧਰਮ ਦੇ ਨਾਂ ਤੇ ਹੀ ਹੁੰਦੇ ਹਨ। ਅੱਜ ਤੱਕ ਦੁਨੀਆਂ ਵਿਚ ਸਭ ਤੋਂ ਵੱਧ ਖੂਨ-ਖਰਾਬਾ ਧਰਮ ਦੇ ਨਾਂ ਤੇ ਹੋਇਆ ਏ। ਪੰਜਾਬ ਇਸ ਖੂਨ-ਖਰਾਬੇ 'ਚੋਂ ਮਸਾਂ ਪੰਦਰਾਂ ਸਾਲਾਂ ਬਾਅਦ ਨਿਕਲਿਆ ਏ। ਇਸ ਖ਼ੂਨ-ਖਰਾਬੇ ਨੂੰ ਨੱਥ ਪਾਉਣ ਲਈ ਸਾਨੂੰ ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ। ਕਈ ਕੌਮ ਦੇ ਹੀਰੇ ਫਿਰਕੂਵਾਦ ਦੀ ਇਸ ਭੱਠੀ ਵਿਚ ਝੋਕੇ ਗਏ। ਇੱਥੋਂ ਤੱਕ ਕਿ ਦੇਸ਼ ਦੀ ਪ੍ਰਧਾਨ ਮੰਤਰੀ ਵੀ ਇਸ ਫਿਰਕੂਵਾਦ ਦਾ ਸ਼ਿਕਾਰ ਹੋ ਗਈ।

ਸਾਡੇ ਵਿਚੋਂ ਹੀ ਕੁਝ ਲੋਕ ਫਿਰ ਫਿਰਕੂਵਾਦ ਨੂੰ ਹਵਾ ਦੇਣ ਲਈ ਪੱਖਾ ਹੱਥ ਫੜੀ ਫਿਰਦੇ ਹਨ। ਇਨ੍ਹਾਂ ਨੇ ਆਪਣੇ ਨਾਲ ਕੁਝ ਬਾਹਰ ਦੇ ਲੋਕ ਵੀ ਮਿਲਾਏ ਹੋਏ ਹਨ। ਬਾਹਰਲੇ ਲੋਕ ਤੁਹਾਡੇ ਸਾਹਮਣੇ ਨਵੇਂ-ਨਵੇਂ ਸੁਪਨੇ ਬਿਖੇਰਦੇ ਰਹਿੰਦੇ ਹਨ। ਉਨ੍ਹਾਂ ਕਰਨਾ ਕੁਝ ਨਹੀਂ ਹੁੰਦਾ। ਉਨ੍ਹਾਂ ਦਾ ਕੰਮ ਹੁੰਦਾ ਏ, ਅੱਗ ਲਾ ਕੇ ਡੱਬੂ ਨਿਆਈਏਂ। ਉਨ੍ਹਾਂ ਦੇ ਨਿਰੇ ਆਦਰਸ਼ਵਾਦ ਨਾਲ ਪਿੰਡ ਦਾ ਕੁਝ ਵੀ ਨਹੀਂ ਸੰਵਰਨਾ। ਉਹ ਸਿਰਫ਼ ਕਿਤਾਬੀ ਗੱਲਾਂ ਕਰਦੇ ਹਨ। ਇਹ ਕਿਤਾਬੀ ਗੱਲਾਂ ਹੀ ਉਹ ਪੜ੍ਹਦੇ ਤੇ ਪੜ੍ਹਾਉਂਦੇ ਰਹੇ ਨੇ। ਉਨ੍ਹਾਂ ਆਪਣੇ ਨਾਲ ਇੱਕ ਹੋਰ ਬੁੱਢੜਾ ਵੀ ਮਿਲਾਇਆ ਹੋਇਆ ਏ। ਇਸ ਬੁੱਢੜੇ ਨੇ ਸਾਰੀ ਜ਼ਿੰਦਗੀ ਪਿੰਡ ਦੀ ਕੋਈ ਸਾਰ ਨਹੀਂ ਲਈ। ਹੁਣ ਇਹਨੂੰ ਕਬਰ ਵਿਚ ਜਾਂਦੇ-ਜਾਂਦੇ ਨੂੰ ਚਾਅ ਜਾਗ ਪਿਆ ਪਿੰਡ ਨੂੰ ਮਾਡਲ ਗ੍ਰਾਮ ਬਣਾਉਣ ਦਾ। ਸਾਰੀ ਉਮਰ ਉਹਨੂੰ ਕਿਸੇ ਪੁੱਛਿਆ ਨਹੀਂ, ਹੁਣ ਉਹਨੂੰ ਚੌਧਰੀ ਬਣਾਉਂਦੇ ਫਿਰਦੇ ਨੇ। ਇਕ ਆਹ ਹੋਰ ਦੇਖ ਲਓ, ਬਾਹਰ ਬੈਠੇ ਹਵਾ 'ਚ ਲਾਠੀਆਂ ਮਾਰੀ ਜਾਂਦੇ ਨੇ। ਪਹਿਲਾਂ ਵੀ ਬਾਹਰਲੀਆਂ ਤਾਕਤਾਂ ਨੇ ਹੀ ਸਾਡਾ ਭੱਠਾ ਬਿਠਾਇਆ ਸੀ। ਅੱਗ ਲਗਾਉਣ ਲਈ ਦੌੜੇ-ਦੌੜੇ ਮਹੀਨੇ ਕੁ ਲਈ ਆਉਂਦੇ ਐ ਤੇ ਲਾਂਬੂ ਲਾ ਕੇ ਦੌੜ ਜਾਂਦੇ ਐ। ਜੇ ਪਿੰਡ ਨੂੰ ਸ਼ਮਸ਼ਾਨਘਾਟ 'ਚ ਤਬਦੀਲ ਕਰਨਾ ਏ ਤਾਂ ਬੇਸ਼ੱਕ ਇਨ੍ਹਾਂ ਮਗਰ ਲੱਗ ਜਾਓ। ਕਬਰਸਤਾਨ ਨਾਲੋਂ ਵਸਦਾ ਪਿੰਡ ਚੰਗਾ। ਸਰਕਾਰ ਜਿੰਨੇ ਕੁ ਪੈਸੇ ਦਿੰਦੀ ਏ ਉਹ ਪਿੰਡ ਦੀ ਬਿਹਤਰੀ ਤੇ ਲੱਗੀ ਹੀ ਜਾ ਰਹੇ ਨੇ। ਤੁਹਾਨੂੰ ਪਤਾ ਹੀ ਏ ਕਿ ਸਰਕਾਰਾਂ ਪਾਸੋਂ ਬੜੀ ਹੌਲ਼ੀ-

ਹੌਲ਼ੀ ਪੈਸੇ ਪੰਚਾਇਤ ਪਾਸ ਪਹੁੰਚਦੇ ਨੇ। ਪਿੰਡਾਂ ਦੀ ਕਾਇਆ ਪਹਿਲਾਂ ਨਾਲੋਂ ਬਹੁਤ ਹੀ ਪਲਟੀ ਏ। ਪਹਿਲਾਂ ਕੱਚੀਆਂ ਸੜਕਾਂ ਹੁੰਦੀਆਂ ਸਨ, ਹੁਣ ਸਭ ਪਾਸੇ ਲਿੰਕ ਸੜਕਾਂ ਹਨ। ਪਹਿਲਾਂ ਬਿਜਲੀ ਨਹੀਂ ਸੀ ਹੁੰਦੀ, ਹੁਣ ਪਿੰਡ-ਪਿੰਡ ਵਿਚ ਬਿਜਲੀ ਪਹੁੰਚ ਚੁੱਕੀ ਏ। ਸਭ ਪਿੰਡਾਂ ਵਿਚ ਪਾਣੀ ਦਾ ਵੀ ਪ੍ਰਬੰਧ ਹੋ ਗਿਆ ਏ। ਅਸੀਂ ਲੋੜ ਤੋਂ ਵੱਧ ਆਸ ਰਖਦੇ ਰਹਿੰਦੇ ਹਾਂ। ਪਿਛਲੀ ਹੋਈ ਤਰੱਕੀ ਨੂੰ ਅਸੀਂ ਬੜੀ ਜਲਦੀ ਭੁੱਲ ਜਾਂਦੇ ਹਾਂ। ਪਿਛਲੇ 60 ਸਾਲਾਂ 'ਚ ਪਿੰਡਾਂ ਸ਼ਹਿਰਾਂ ਦੀ ਬਥੇਰੀ ਤਰੱਕੀ ਹੋਈ ਏ। ਕੁੱਤੇ ਫਿਰ ਵੀ ਭੌਂਕਦੇ ਰਹਿੰਦੇ ਹਨ ਪਰ ਮਸਤ ਹਾਥੀ ਆਪਣੀ ਚਾਲ ਚਲਦਾ ਤੁਰਿਆ ਰਹਿੰਦਾ ਹੋਇਆ ਹੈ। ਮੈਂ ਨਾਹਰਾ ਮਾਰਾਂਗਾ ਤੇ ਤੁਸੀਂ ਜਵਾਬ ਦਿਓ-

ਜੈ ਜਨਤਾ!

ਜੈ ਸੰਘਰਸ਼!!

ਵਕਤਾ ਦੇ ਬੋਲ ਹਟਣ ਤੋਂ ਬਾਅਦ ਸਮਾਗਮ ਖ਼ਤਮ ਹੋ ਗਿਆ। ਲੋਕ ਉੱਠ ਕੇ ਘਰਾਂ ਨੂੰ ਤੁਰ ਪਏ। ਗਲੀ ਵਿਚ ਦੋ ਬੰਦੇ ਤੁਰੇ ਜਾਂਦੇ ਇੰਜ ਗੱਲਾਂ ਕਰ ਰਹੇ ਸਨ-

— ਸਭ ਲੀਡਰ ਇੱਕੋ ਜਿਹੇ ਹੀ ਹੁੰਦੇ ਐ, ਭੀਰਿਆ।

— ਸਾਲੇ ਭਾਸ਼ਨ ਦੇ ਕੇ ਤਾਂ ਹੱਥ ਤੇ ਸਰ੍ਹੋਂ ਜਮ੍ਹਾ ਦਿੰਦੇ ਐ, ਮਾਂ ਦੇ ਦੀਨੇ।

— ਭੀਰਿਆ, ਤੂੰ ਕਿਤੇ ਹੁਣ ਦੂਜਿਆਂ ਦਾ ਭਾਸ਼ਣ ਸੁਣ ਲਵੀਂ। ਇਸ ਤੋਂ ਵੀ ਉਪਰ ਦਾ ਹੋਊ। ਜਦ ਜੋਰਾ ਸਿੰਘ ਬੋਲਦਾ ਏ ਤਾਂ ਇੱਕ ਵਾਰ ਤਾਂ ਸਭ ਨੂੰ ਸੋਚਾਂ 'ਚ ਪਾ ਦਿੰਦਾ ਏ। ਜਦ ਜੋਰੇ ਤੇ ਕੀਰਤੀ ਹੋਰੀਂ ਇੱਥੇ ਢੁੱਕਣਾ ਏ ਤਾਂ ਐਨਾ ਕੜਿਆ ਕਾਮਰੇਡਾਂ ਨੇ ਤਾਂ ਮੂਤ ਦੀ ਝੱਗ ਵਾਂਗ ਬੈਠ ਜਾਣਾ ਏ।

— ਨਹੀਂ ਐਸੀ ਤਾਂ ਕੋਈ ਗੱਲ ਨਹੀਂ। ਸਰਪੰਚਣੀ ਦੇ ਘਰ ਵਾਲਾ ਪ੍ਰਗਾਸ਼ ਤਾਂ ਹੁਣ ਲਹਿੰਬਰ ਦਾ ਪੱਕਾ ਚੇਲਾ ਬਣਿਆ ਪਿਆ ਏ। ਹੋਰ ਵੀ ਪਿੰਡ ਦੇ ਬਥੇਰੇ ਬੰਦੇ ਇਨ੍ਹਾਂ ਦੇ ਨਾਲ ਨੇ ਭਾਈ। ਲੋਕ ਹੁਣ ਸੱਚੀਂ ਖੂਨ-ਖਰਾਬੇ ਤੋਂ ਅੱਕੇ ਪਏ ਐ। ਲੋਕ ਤਾਂ ਹੁਣ ਸ਼ਾਂਤੀ ਚਾਹੁੰਦੇ ਐ।

— ਤੂੰ ਤਾਂ ਨਿਰਾ ਬੁੱਧੂ ਏਂ। ਉਸ ਖੂਨ-ਖਰਾਬੇ ਦਾ ਕਾਰਨ ਹੋਰ ਸੀ। ਇਹ ਲੀਡਰ ਗੱਲ ਦੀ ਲੱਲ ਬਣਾਉਣ 'ਚ ਬੜੇ ਮਾਹਰ ਹੁੰਦੇ ਐ। ਗੱਲ ਚੱਲ ਰਹੀ ਏ ਪਿੰਡ ਦੀ ਬਿਹਤਰੀ ਦੀ ਤੇ ਜੋੜੀ ਜਾਂਦੇ ਆ ਇਹਨੂੰ ਪੰਜਾਬ ਵਿਚਲੀ ਪੁਰਾਣੀ ਲਹਿਰ ਨਾਲ। ਕੀ ਨਗਰ ਕੀਰਤਨ ਕੱਢਣ ਨਾਲ ਕਦੀ ਫ਼ਿਰਕੂਵਾਦ ਫੈਲਦਾ ਦੇਖਿਆ? ਇਹ ਨਗਰ ਕੀਰਤਨ ਤਾਂ ਸਦੀਆਂ ਤੋਂ ਨਿਕਲਦੇ ਆਏ ਨੇ। ਕਾਮਰੇਡ ਤਾਂ ਲੋਕਾਂ ਨੂੰ ਇਹ ਵੀ ਕਹਿੰਦੇ ਹੁੰਦੇ ਸੀ, ਭਾਖੜਾ ਡੈਮ ਬਣਨ ਨਾਲ ਪਾਣੀ ਵਿਚੋਂ ਬਿਜਲੀ ਤਾਂ ਕੱਢ ਲਈ ਜਾਂਦੀ ਏ, ਇਸ ਪਾਣੀ ਨੇ ਫ਼ਸਲਾਂ ਨੂੰ ਕੀ ਵਫ਼ਾ ਕਰਨਾ ਏ? ਜਦੋਂ ਨਵੀਆਂ-ਨਵੀਆਂ ਨਹਿਰਾਂ ਬਣੀਆਂ ਸੀ ਤਾਂ ਕਾਮਰੇਡਾਂ ਨੇ ਲੋਕਾਂ ਨੂੰ ਇਹੋ ਜਿਹੀਆਂ ਬੇਹੂਦਾ ਗੱਲਾਂ ਨਾਲ ਬੇਵਕੂਫ਼ ਬਣਾਉਣਾ ਸ਼ੁਰੂ ਕਰ ਦਿੱਤਾ ਸੀ।

— ਗੱਲ ਤਾਂ ਤੇਰੀ ਠੀਕ ਏ। ਇਹ ਸੱਚੀਂ ਉਸ ਵੇਲੇ ਇੱਦਾਂ ਦੇ ਭਾਸ਼ਨ ਦਿਆ ਕਰਦੇ ਸਨ।

— ਇਹ ਲੋਕਾਂ ਨੂੰ ਐਵੇਂ ਬੁੱਧੂ ਬਣਾਉਂਦੇ ਐ। ਭਲਾ ਧਰਮ ਨੂੰ ਕਦੇ ਕਿਸੇ ਨੇ ਛੱਡਿਐ?

ਨਾਲੇ ਆਮ ਜਨਤਾ ਧਰਮ ਨੂੰ ਹਮੇਸ਼ਾ ਮੰਨਦੀ ਆਈ ਏ। ਆਮ ਜਨਤਾ ਨੂੰ ਨਾਲ ਰੱਖਣਾ ਬੜਾ ਜ਼ਰੂਰੀ ਏ। ਜਨਤਾ ਬੜੀ ਸਿਆਣੀ ਹੁੰਦੀ ਏ। ਅਨਪੜ੍ਹਾਂ ਵਿਚ ਵੀ ਕਈ ਬੰਦੇ ਨਿਰੇ ਹੀਰੇ ਹਨ। ਤੂੰ ਦੱਸ ਬਈ, ਕੀਰਤੀ ਹੋਰੀਂ ਪਿੰਡ ਤੋਂ ਕੀ ਲੈਣਾ? ਜੋਗਾ ਸਿੰਘ ਨੇ ਪਿੰਡ ਤੋਂ ਕੀ ਖੱਟੀ ਕਰਨੀ ਐ? ਉਨ੍ਹਾਂ ਨੂੰ ਤਾਂ ਪਿੰਡ ਨਾਲ ਇਸ ਲਈ ਪਿਆਰ ਐ ਕਿਉਂਕਿ ਇਹ ਉਨ੍ਹਾਂ ਦੀ ਜੰਮਣ ਭੋਂ ਏ। ਅਗਰ ਉਹ ਪਿੰਡ ਦਾ ਕੁਝ ਸੰਵਾਰਨਾ ਚਾਹੁੰਦੇ ਹਨ ਤਾਂ ਇਸ ਦੇ ਪਿੱਛੇ ਉਨ੍ਹਾਂ ਦਾ ਕੋਈ ਸੁਆਰਥ ਨਹੀਂ ਲਗਦਾ। ਜੋਗਾ ਸਿੰਘ ਵੀ ਹੁਣ ਰੱਜਿਆ ਪੁੱਜਿਆ ਬੰਦਾ ਏ। ਉਹਨੇ ਵੀ ਵਿਚੋਂ ਕੀ ਖੱਟਣਾ ਏ? ਅਗਰ ਉਨ੍ਹਾਂ ਕਿਸੇ ਨੇ ਹੇਰਾ ਫੇਰੀ ਕੀਤੀ ਹੋਊ ਤਾਂ ਉਹ ਆਪ ਹੀ ਜਵਾਬਦੇਹ ਹੋਣਗੇ। ਉਹ ਤਾਂ ਇੱਦਾਂ ਦੇ ਬੰਦੇ ਐ ਕਿ ਸਭ ਸਬੂਤ ਕੱਢ ਕੇ ਮੂਹਰੇ ਰੱਖ ਦੇਣਗੇ, ਫਿਰ ਲਹਿਬਰ ਵਰਗਿਆਂ ਨੂੰ ਗੱਲ ਨਹੀਂ ਔਹੜਨੀ। ਗੱਲ ਸਿਰਫ਼ ਪਿੰਡ ਦੀ ਐ ਤੇ ਜੋੜੀ ਜਾਣਗੇ ਰਾਜ ਪੱਧਰ ਤੇ ਕੌਮੀ ਪੱਧਰ ਦਿਆਂ ਮਸਲਿਆਂ ਨਾਲ। ਇਹ ਪੁਆੜੇ ਸਾਰੇ ਲਹਿਬਰ ਤੇ ਪ੍ਰਗਾਸ਼ ਦੇ ਪਾਏ ਹੋਏ ਲਗਦੇ ਆ। ਅਸੀਂ ਤਾਂ ਸ਼ੁਗਲ ਮੇਲਾ ਦੇਖਣ ਦੋਹੀਂ ਪਾਸੀਂ ਚਲੇ ਜਾਈਦਾ ਏ। ਕੱਲ੍ਹ ਨੂੰ ਏਥੇ ਜੋਰੇ ਹੋਰੀਂ ਆਉਣਗੇ ਤਾਂ ਆਪਾਂ ਉਨ੍ਹਾਂ ਵੱਲ ਵੀ ਜਾਣਾ ਹੀ ਜਾਣਾ ਏ। ਯਾਰ, ਕਾਮਰੇਡਾਂ ਦੀਆਂ ਗੱਲਾਂ ਸੁਣ ਕੇ ਤਾਂ ਵੈਸੇ ਵੀ ਬੜਾ ਮਜ਼ਾ ਆਉਂਦਾ ਏ। ਇਹ ਤਮਾਮਬੀਨਾਂ ਵਾਂਗ ਵੱਧ ਗੱਲਾਂ ਕਰਦੇ ਨੇ, ਸਟੇਜ ਤੇ ਸੁਲਝੇ ਹੋਏ ਬੁਲਾਰਿਆਂ ਵਾਂਗ ਘੱਟ। ਜਦ ਪਹਿਲਾਂ-ਪਹਿਲਾਂ ਕਮਿਊਨਿਸਟ ਲਹਿਰ ਚੱਲੀ ਤਾਂ ਇਹ ਬੜੇ ਡਰਾਮੇ ਕਰਦੇ ਹੁੰਦੇ ਸੀ। ਅਸੀਂ ਉਦੋਂ ਵੀ ਇਹ ਡਰਾਮੇ ਤਮਾਸ਼ੇ ਦੇ ਤੌਰ ਤੇ ਦੇਖਣ ਜਾ ਆਈਦਾ ਸੀ। ਅਸੀਂ ਇਨ੍ਹਾਂ ਤੇ ਕਦੀ ਅਮਲ ਨਹੀਂ ਕੀਤਾ।

— ਤੇਰੀਆਂ ਗੱਲਾਂ ਵੀ ਮੈਨੂੰ ਠੀਕ ਲੱਗ ਰਹੀਆ ਨੇ। ਅਗਰ ਕਾਮਰੇਡਾਂ ਦੀਆਂ ਗੱਲਾਂ ਵਿਚ ਕੁਝ ਜਾਨ ਹੁੰਦੀ ਤਾਂ ਰੂਸ ਦੇ ਟੋਟੇ ਟੋਟੇ ਕਿਉਂ ਹੁੰਦੇ? ਕਈ ਵਿਚਾਰਧਾਰਾਵਾਂ ਸਮਾਜ ਦੀ ਕਸੌਟੀ ਤੇ ਪਰਖਣ ਨਾਲ ਖੋਖਲੀਆਂ ਵੀ ਸਿੱਧ ਹੋ ਜਾਂਦੀਆਂ ਹਨ।

— ਤੂੰ ਐਨੀ ਜਲਦੀ ਆਖ਼ਰੀ ਸਿੱਟੇ ਤੇ ਨਹੀਂ ਪਹੁੰਚ ਸਕਦਾ। ਹੋ ਸਕਦਾ ਏ ਕਮਿਊਨਿਜ਼ਮ ਚੰਗਾ ਹੋਵੇ ਪ੍ਰੰਤੂ ਉਸ ਮਾਰਗ ਤੇ ਤੁਰਨ ਵਾਲੇ ਮਾੜੇ ਹੋਣ। ਮੈਂ ਤਾਂ ਯਾਰ ਇਸ ਤੇ ਕੋਈ ਖਾਸ ਕਿਤਾਬ ਨਹੀਂ ਪੜ੍ਹੀ। ਕਈ ਵਾਰ ਕਈ ਵਾਕਫ਼ ਕਾਮਰੇਡ ਲੈਨਿਨ ਤੇ ਮਾਰਕਸ ਤੇ ਕਿਤਾਬਾਂ ਦੇ ਜਾਂਦੇ ਨੇ ਪਰ ਘਰ ਐਵੇਂ ਪਈਆਂ ਰਹਿੰਦੀਆਂ ਨੇ। ਹੁਣ ਜਦ ਦੁਨੀਆਂ ਕਮਿਊਨਿਜ਼ਮ ਬਾਰੇ ਸ਼ੱਕੀ ਹੋਈ ਜਾ ਰਹੀ ਏ ਤਾਂ ਮੈਂ ਸੋਚਦਾਂ ਕਿ ਇਸ ਤੇ ਇਕ ਅੱਧੀ ਕਿਤਾਬ ਪੜ੍ਹ ਕੇ ਜ਼ਰੂਰ ਦੇਖਾਂ।

— ਯਾਰ, ਮੈਨੂੰ ਵੀ ਇਕ ਅੱਧ ਕਿਤਾਬ ਦੇ ਦੇਵੀਂ। ਹੁਣ ਤਾਂ ਮੇਰੀ ਵੀ ਇਸ ਵਾਦ ਵਿਚ ਕੁਝ ਦਿਲਚਸਪੀ ਪੈਦਾ ਹੋ ਗਈ ਏ। ਪਹਿਲਾਂ ਤਾਂ ਸਟੇਜਾਂ ਤੇ ਇਨ੍ਹਾਂ ਦੇ ਲਤੀਫ਼ੇ ਹੀ ਸੁਣਿਆ ਕਰਦੇ ਸਾਂ, ਹੁਣ ਦਿਲ ਕਰਦਾ ਕਿ ਇਹ ਪੜ੍ਹ ਕੇ ਵੀ ਦੇਖੀਏ। ਐਵੇਂ ਤਾਂ ਨਹੀਂ ਅੱਧੀ ਦੁਨੀਆਂ ਲੈਨਿਨ ਤੇ ਮਾਰਕਸ ਦੇ ਮਗਰ ਲੱਗੀ, ਕੋਈ ਨਾ ਕੋਈ ਠੋਸ ਗੱਲ ਤਾਂ ਜ਼ਰੂਰ ਹੋਊ ਇਹ ਸਭ ਕਾਸੇ ਦੇ ਪਿੱਛੇ। ਚੰਗਾ ਹੁਣ ਘਰ ਆ ਗਿਐ। ਫਿਰ ਮਿਲਾਂਗਾ ਕਿਤੇ ਜਦ ਕੋਈ ਛੌਅ ਲਾਊ।

— ਚੰਗਾ ਜੀ।

ਅਧਿਆਇ 13

# ਪੰਦਰਾਂ ਲੱਖ ਰੁਪਏ ਨਕਦ, ਟਿਕਟ ਤੁਹਾਡੀ ਆਪਣੀ !

ਜੱਸੀ ਦੇ ਆਸਟਰੇਲੀਆ ਵਿਚ ਪੱਕੀ ਹੋ ਜਾਣ ਤੋਂ ਬਾਅਦ ਉਹ ਆਪਣੀ ਮਾਂ ਵਾਸਤੇ ਇਕ ਵੱਡੀ ਲਾਟਰੀ ਨਿਕਲਣ ਸਮਾਨ ਹੋ ਗਈ ਸੀ। ਪੰਜਾਬ ਵਿਚੋਂ ਹਰ ਜਣਾ ਖਣਾ ਪੈਸੇ ਖਰਚ ਕਰਕੇ ਆਸਟਰੇਲੀਆ ਜਾਣ ਲਈ ਕਾਹਲਾ ਸੀ। ਬਨਾਉਟੀ ਵਿਆਹਾਂ ਦਾ ਬਾਜ਼ਾਰ ਪੂਰਾ ਗਰਮ ਸੀ।

— ਮਾਂ ਹੁਣ ਆਪਾਂ ਕਿਸੇ ਤੋਂ ਜਿੰਨੇ ਮਰਜ਼ੀ ਪੈਸੇ ਮੰਗ ਲਈਏ ਉਹ ਦੇਣ ਨੂੰ ਤਿਆਰ ਹੋਣਗੇ। ਅਗਰ ਅਸੀਂ ਇੱਥੇ ਪਿੰਡ ਵਿਚ ਰਹਿ ਕੇ ਇਹ ਕੰਮ ਕਰਾਂਗੇ ਤਾਂ ਬਦਨਾਮ ਹੋ ਜਾਵਾਂਗੇ। ਬਿਹਤਰ ਇਹ ਹੈ ਕਿ ਅਸੀਂ ਹੁਣ ਪਿੰਡ ਛੱਡ ਕੇ ਕਿਸੇ ਸ਼ਹਿਰ ਵਿਚ ਚਲੇ ਜਾਈਏ।

— ਕਿਹੜੇ ਸ਼ਹਿਰ ਜਾਣਾ ਚਾਹੀਦਾ ਏ ਸਾਨੂੰ?

— ਅਸੀਂ ਚੰਡੀਗੜ੍ਹ ਮੋਹਾਲੀ ਕਿਧਰੇ ਵੀ ਕੁਆਰਟਰ ਕਿਰਾਏ ਤੇ ਲੈ ਲਈਏ। ਉਥੇ ਸ਼ਿਫਟ ਹੋਣ ਤੋਂ ਬਾਅਦ ਅਖ਼ਬਾਰ ਵਿਚ ਵਿਆਹ ਦਾ ਇਸ਼ਤਿਹਾਰ ਦੇਈਏ। ਜਿਹੜੀ ਪਾਰਟੀ ਸਭ ਤੋਂ ਵੱਧ ਪੈਸੇ ਦੇਵੇ ਉਸ ਨੂੰ ਕਾਬੂ ਕਰਕੇ ਮੁੰਡਾ ਸਾਲ ਵਿਚ ਪੱਕਾ ਕਰਵਾ ਦੇਈਏ। ਉਸ ਤੋਂ ਬਾਅਦ ਆ ਕੇ ਹੋਰ ਪਾਰਟੀ ਫੜ ਲਿਆ ਕਰੀਏ। ਇਸ ਪ੍ਰਕਾਰ ਪੈਸੇ ਇਕੱਠੇ ਕਰਕੇ ਫਿਰ ਮੋਹਾਲੀ ਵਿਚ ਆਪਣਾ ਹੀ ਛੋਟਾ ਜਿਹਾ ਘਰ ਖਰੀਦ ਲਈਏ।

— ਪੁੱਤ, ਸਕੀਮ ਤਾਂ ਤੇਰੀ ਠੀਕ ਏ। ਨਾਲੇ ਇਸ ਵਿਚ ਗੈਰ ਕਾਨੂੰਨੀ ਕੁਝ ਵੀ ਨਹੀਂ। ਵਿਆਹ ਦੇ ਆਧਾਰ ਤੇ ਕੋਈ ਵੀ ਆਰਾਮ ਨਾਲ ਬਾਹਰ ਜਾ ਸਕਦਾ ਏ। ਨਾਲੇ ਆਸਟਰੇਲੀਆ ਜਿਹੇ ਦੇਸ਼ ਵਿਚ ਕੋਈ ਜਦੋਂ ਮਰਜ਼ੀ ਤਲਾਕ ਲੈ ਲਵੇ।

— ਉਥੇ ਤੀਵੀਂ ਦੀ ਵੱਧ ਸੁਣੀ ਜਾਂਦੀ ਏ। ਅਗਰ ਕੋਈ ਖ਼ਰਾਬ ਕਰੇ ਤਾਂ ਉਸ ਨੂੰ ਉਥੇ ਪੁਲਿਸ ਕੋਲ ਵੀ ਆਰਾਮ ਨਾਲ ਫੜਾਇਆ ਜਾ ਸਕਦਾ ਏ।

— ਕੀ ਤੇਰੇ ਡੈਡੀ ਇਸ ਸਕੀਮ ਨਾਲ ਸਹਿਮਤ ਹੋਣਗੇ?

— ਡੈਡੀ ਨਾਲ ਬਹੁਤੀ ਗੱਲ ਕਰਨ ਦੀ ਲੋੜ ਹੀ ਨਹੀਂ। ਨਾਲੇ ਉਹ ਤਾਂ ਹਰ ਵੇਲੇ ਬੀਮਾਰ ਰਹਿੰਦੇ ਨੇ। ਆਪਣੇ ਕਮਰੇ 'ਚ ਬੈੱਡ ਤੇ ਪਏ ਰਹਿੰਦੇ ਨੇ। ਕੰਮ ਕਰਨ ਲਈ ਆਪਾਂ ਦੋਨੋਂ ਬਥੇਰੀਆਂ ਤਕੜੀਆਂ ਹਾਂ। ਉਹ ਤਾਂ ਸੋਚਣਗੇ ਕਿ ਮੈਂ ਆਸਟਰੇਲੀਆ ਤੋਂ ਖਾਸਾ ਪੈਸਾ ਲੈ ਕੇ ਆਈ ਹਾਂ। ਇਸ ਪੈਸੇ ਨਾਲ ਮੋਹਾਲੀ ਵਿਚ ਕਿਰਾਏ ਤੇ ਕੁਆਰਟਰ ਤਾਂ ਆਰਾਮ ਨਾਲ ਅਫੋਰਡ (afford) ਕੀਤਾ ਜਾ ਸਕਦਾ ਏ। ਡੈਡੀ ਆਪਣੀ ਪੈਨਸ਼ਨ ਲਈ ਜਾਂਦੇ ਨੇ, ਲਈ ਜਾਣ। ਬਾਕੀ ਤੁਸੀਂ ਡੈਡੀ ਦੀ ਦੇਖ ਭਾਲ ਕਰੀ ਹੀ ਜਾਂਦੇ ਹੋ।

— ਅਗਰ ਕੋਈ ਪਾਰਟੀ ਗੱਲਬਾਤ ਕਰਨ ਆਉਂਦੀ ਏ ਉਸ ਨੂੰ ਅਸੀਂ ਕਿੱਥੇ ਮਿਲਿਆ ਕਰਾਂਗੇ? ਅਗਰ ਪਾਰਟੀਆਂ ਘਰ ਆਉਣ ਤਾਂ ਤੇਰੇ ਡੈਡੀ ਨੂੰ ਸਾਡੀਆਂ ਕਾਰਵਾਈਆਂ ਦਾ ਪਤਾ ਲਗਦਾ ਰਹੇਗਾ। ਉਹ ਇਸਦਾ ਬੁਰਾ ਵੀ ਮਨਾ ਸਕਦੇ ਨੇ।

— ਅਸੀਂ ਪਾਰਟੀਆਂ ਦੇ ਮਿਲਣ ਲਈ ਕਿਸੇ ਸਸਤੇ ਹੋਟਲ ਵਿਚ ਕਮਰਾ ਬੁੱਕ ਕਰਾ ਲਿਆ ਕਰਾਂਗੇ। ਸਿਰਫ਼ ਇਕ ਜਾਂ ਦੋ ਦਿਨ ਕਮਰਾ ਬੁੱਕ ਕਰਾਉ। ਚੁਣੀਆਂ ਹੋਈਆਂ ਚੰਗੀਆਂ ਚੰਗੀਆਂ ਤਿੰਨ ਚਾਰ ਪਾਰਟੀਆਂ ਸੱਦੋ। ਸੌਦੇਬਾਜ਼ੀ ਕਰੋ। ਜਿਹੜੀ ਸਭ ਤੋਂ ਵੱਧ ਪੈਸੇ ਦੇਣ ਲਈ ਤਿਆਰ ਹੋਵੇ ਉਹਦੇ ਨਾਲ ਗੱਲ ਪੱਕੀ ਕਰੋ ਤੇ ਨਾਲ ਲੈ ਕੇ ਤੁਰਦੇ ਬਣੋ। ਅੱਜ ਕੱਲ੍ਹ 20 ਕੁ ਲੱਖ ਤਾਂ ਰੇਟ ਚਲਦਾ ਹੀ ਏ। ਮੈਂ ਜਾਂਦੀ ਹੋਈ 10 ਲੱਖ ਤੁਹਾਨੂੰ ਦੇ ਦੇਵਾਂਗੀ। 10 ਲੱਖ ਰੁਪਏ ਡਾਲਰ ਵਿਚ ਬਦਲ ਕੇ ਨਾਲ ਲੈ ਜਾਵਾਂਗੀ। ਮੁੰਡੇ ਵਾਲਿਆਂ ਨਾਲ ਇਹ ਗੱਲ ਵੀ ਪੱਕੀ ਕੀਤੀ ਜਾਵੇਗੀ ਕਿ ਉਥੇ ਜਾ ਕੇ ਮੁੰਡਾ ਕੰਮ ਕਰੇਗਾ ਤੇ ਘਰ ਦਾ ਖਰਚ ਚਲਾਵੇਗਾ। ਜਦ ਤੱਕ ਮੁੰਡਾ ਪੱਕਾ ਨਹੀਂ ਹੁੰਦਾ ਉਹਨੂੰ ਜਿਨਾ ਮਰਜ਼ੀ ਬੁੱਧੂ ਬਣਾ ਲਵੋ। ਉਹ ਤਾਂ ਪੱਕਾ ਹੋ ਜਾਣ ਤੱਕ ਜੰਗਲ 'ਚ ਰਹਿ ਕੇ ਫਾਕਾ ਕੱਢਣ ਲਈ ਵੀ ਤਿਆਰ ਹੋਏ ਫਿਰਦੇ ਨੇ। ਬਾਹਰ ਜਾਣ ਲਈ ਜਨੂੰਨ ਇਨਾ ਜ਼ਿਆਦਾ ਜ਼ੋਰ ਫੜ ਚੁੱਕਾ ਏ। ਮਾਂ ਤੂੰ ਸੁਣਿਆ ਹੋਣਾ ਏ ਪਿੱਛੇ ਜਿਹੇ ਅਖ਼ਬਾਰਾਂ ਵਿਚ ਆਇਆ ਸੀ ਕਿ ਦੋ ਪੰਜਾਬੀ ਮੁੰਡੇ ਬਾਹਰ ਜਾਣ ਲਈ ਇੰਨੇ ਪਾਗਲ ਹੋ ਗਏ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਏਅਰਪੋਰਟ ਦੇ ਅੰਦਰ ਉਸ ਥਾਂ ਪਹੁੰਚ ਗਏ ਜਿੱਥੋਂ ਜਹਾਜ਼ ਉਡਾਨ ਭਰਦਾ ਏ। ਉੱਥੇ ਤੱਕ ਉਹ ਕਿਵੇਂ ਗਏ ਇਸ ਭੇਦ ਦਾ ਪਤਾ ਨਹੀਂ ਲੱਗ ਸਕਿਆ। ਜਦ ਇਕ ਹਵਾਈ ਜਹਾਜ਼ ਇੰਗਲੈਂਡ ਨੂੰ ਉਡਾਨ ਭਰਨ ਲੱਗਾ ਤਾਂ ਉਹ ਉੱਥੇ ਖੜ੍ਹੇ ਹੋ ਗਏ ਜਿੱਥੋਂ ਜਹਾਜ਼ ਰਨਵੇਅ ਤੋਂ ਮੋੜ ਕੱਟ ਕੇ ਚੰਦ ਸਕਿੰਟਾਂ ਲਈ ਰੁਕਦਾ ਏ ਤੇ ਫਿਰ ਉਡਾਨ ਭਰਨ ਲਈ ਤੇਜੀ ਫੜਦਾ ਹੈ। ਉਥੇ ਜਹਾਜ਼ ਦੇ ਟਾਇਰ ਅੰਦਰ ਨੂੰ ਚਲੇ ਜਾਂਦੇ ਹਨ। ਉਹ ਜਹਾਜ਼ ਦੇ ਟਾਇਰਾਂ ਨਾਲ ਲਮਕ ਕੇ ਜਹਾਜ਼ ਦੇ ਅੰਦਰ ਦਾਖ਼ਲ ਹੋਣ ਵਿਚ ਕਾਮਯਾਬ ਹੋ ਗਏ। ਟਾਇਰਾਂ ਦੇ ਉਪਰ ਬਾਕਸ ਵਿਚ ਬੈਠ ਕੇ ਉਹ ਸਾਰਾ ਸਫ਼ਰ ਕਰਦੇ ਰਹੇ। ਜਦ ਜਹਾਜ਼ ਇੰਗਲੈਂਡ ਜਾ ਕੇ ਉਤਰਨ ਲੱਗਾ ਤਾਂ ਉਨ੍ਹਾਂ ਵਿਚੋਂ ਇਕ ਤਾਂ ਜ਼ਮੀਨ ਤੇ ਡਿੱਗ ਕੇ ਮਰ ਗਿਆ ਤੇ ਦੂਜਾ ਜ਼ਖ਼ਮੀ ਹੋ ਗਿਆ। ਸੁਣਿਆ ਏ, ਜ਼ਖ਼ਮੀ ਹੋਏ ਨੂੰ ਉਸੇ ਵਕਤ ਉਸ ਦੇਸ਼ ਦਾ ਨਾਗਰਿਕ ਐਲਾਨਣਾ ਪਿਆ ਸੀ। ਇਹ ਹਾਲ ਏ ਲੋਕਾਂ ਦੇ ਬਾਹਰ ਜਾਣ ਲਈ ਪਾਗਲਪਣ ਦਾ। ਜਿਹੜੀ ਵੀ ਪਾਰਟੀ ਅਸੀਂ ਫੜਿਆ ਕਰਾਂਗੇ ਉਸਨੂੰ ਇਹ ਵੀ ਫਾਇਦਾ ਹੈ ਕਿ ਸਾਰਾ ਸਮਾਂ ਮੈਂ ਮੁੰਡੇ ਦੇ ਨਾਲ ਰਹਿਣਾ ਏ। ਉਸ ਸਮੇਂ ਦੌਰਾਨ ਮੈਂ ਕੋਈ ਨਾ ਕੋਈ ਕੰਮ ਵੀ ਕਰਦੀ ਰਿਹਾ ਕਰਾਂਗੀ। ਜ਼ਿਆਦਾ ਨਹੀ ਤਾਂ ਸਾਲ ਵਿਚ 15-20 ਹਜ਼ਾਰ ਡਾਲਰ ਦਾ ਕੰਮ ਤਾਂ ਕਰਿਆ ਹੀ ਕਰੂੰ। ਦੋਹਾਂ ਪਾਸਿਓਂ ਪੈਸੇ ਹੀ ਪੈਸੇ। ਆਖ਼ਰ ਵਿਚ ਕੋਈ ਵਿਆਹ ਠੀਕ ਬੈਠ ਗਿਆ ਤਾਂ ਉਸ ਨੂੰ ਪੱਕੇ ਵਿਆਹ ਵਿਚ ਵੀ ਬਦਲ ਸਕਦੇ ਹਾਂ। ਅਗਰ ਨਾ ਵੀ ਸੂਤ ਆਇਆ ਤਾਂ ਨਾ ਸਹੀ। ਗੋਰੇ ਗੋਰੀਆਂ ਤਾਂ ਬਹੁਤੇ ਕਰਦੇ ਹੀ ਇੰਜ ਨੇ। ਉਨ੍ਹਾਂ ਵਿਚ ਤਾਂ ਤੋੜ ਵਿਛੋੜਿਆਂ ਦਾ ਫੈਸ਼ਨ ਏ। ਅਗਰ ਗੋਰਿਆਂ ਦੇ ਬੱਚਿਆਂ ਨੂੰ ਪੁੱਛੋ ਕਿ ਉਸ ਘਰ ਵਿਚ ਦੂਸਰਾ ਬੱਚਾ ਉਸ ਦਾ ਕੀ ਲਗਦਾ ਏ ਤਾਂ ਕਹੇਗਾ ਕਿ ਉਹ ਮੇਰਾ ਅੱਧਾ ਭਰਾ। (half brother) ਜਾਂ ਅੱਧੀ ਭੈਣ (half sister) ਏ।

— ਕੁੜੇ, ਸਾਡੇ ਇੱਥੇ ਵੀ ਇਹ ਸਭ ਕੁਝ ਪੁਰਾਣੇ ਵਖ਼ਤਾਂ ਤੋਂ ਚਲਦਾ ਆ ਰਿਹਾ ਏ। ਫ਼ਰਕ ਸਿਰਫ਼ ਇੰਨਾ ਏ ਕਿ ਇੱਥੇ ਅਸੀਂ ਇਹ ਸਭ ਕੁਝ ਛੁਪਾਉਣ ਦੀ ਕੋਸ਼ਿਸ਼ ਕਰਦੇ ਹਾਂ ਤੇ ਉਥੇ ਇਸ ਨੂੰ ਦੱਸਣ ਵਿਚ ਉਹ ਲੋਕ ਮਾੜਾ ਨਹੀਂ ਸਮਝਦੇ। ਤੂੰ ਆਹ ਸਾਡੇ ਪਿੰਡ ਵਿਚ ਹੀ ਦੇਖ ਲੈ। ਭੂਤਨਿਆਂ ਦਾ ਮਹਿੰਗਾ ਸਿਹੁੰ ਪਿਛਲੱਗ ਏ।

— ਮਾਂ, ਉਹ ਕੀ ਹੁੰਦਾ ਏ?

— ਮਾਂ ਮਹਿੰਗੇ ਨੂੰ ਪਿੱਛਿਓਂ ਹੀ ਲੈ ਕੇ ਆਈ ਸੀ। ਬਾਅਦ 'ਚ ਆ ਕੇ ਭੂਤਨਿਆਂ ਦੇ ਗੁਰਮੇਜ ਸਿੰਹੁ ਦੇ ਵਸ ਗਈ। ਮਹਿੰਗੇ ਦਾ ਭਰਾ ਰਤਨਾ ਉਸ ਦਾ ਅਸਲੀ ਭਰਾ ਨਹੀਂ ਏ। ਰਤਨਾ ਗੁਰਮੇਜ ਦਾ ਮੁੰਡਾ ਏ। ਰਤਨੇ ਦੀ ਇਕ ਭੈਣ ਛੋਟੋ ਹੁੰਦੀ ਸੀ ਜਿਹੜੀ ਨੂਰਪੁਰ ਵਿਆਹੀ ਹੋਈ ਏ। ਉਹ ਵੀ ਗੁਰਮੇਜ ਦੀ ਹੀ ਕੁੜੀ ਏ। ਇਵੇਂ ਹੀ ਇੱਥੇ ਬਥੇਰੀਆਂ ਕਿਤਿਓਂ ਨਿਕਲ ਕੇ ਜਾ ਕੇ ਕਿਤੇ ਹੋਰ ਵਸਦੀਆਂ ਰਹੀਆਂ। ਫੱਫੇਕੁੱਟਣਿਆਂ ਦੀ ਮਿੰਦੀ ਪਹਿਲਾਂ ਕਈ ਸਾਲ ਜਾਗਰ ਨਾਲ ਰਹਿੰਦੀ ਰਹੀ। ਉਥੇ ਕੋਈ ਨਿਆਣਾ ਹੀ ਨਹੀਂ ਹੋਇਆ। ਫਿਰ ਮਿੰਦੀ ਨਿਕਲ ਕੇ ਕਰਤਾਰੇ ਦੇ ਜਾ ਵਸੀ। ਹੁਣ ਮਿੰਦੀ ਦੇ ਤਿੰਨ ਮੁੰਡੇ ਆ ਸੁਹਣੇ ਸੁਨੱਖੇ ਕਰਤਾਰੇ 'ਚੋਂ। ਮਨੁੱਖੀ ਬਿਰਤੀ ਹਰ ਪਾਸੇ ਇਕੋ ਜਿਹੀ ਹੀ ਏ। ਅਸਲ ਵਿਚ ਮਨੁੱਖ ਬਹੁਲਿੰਗੀ ਏ। ਇਕ ਆਦਮੀ ਚਾਹੁੰਦਾ ਏ ਕਿ ਉਹ ਬਹੁਤੀਆਂ ਇਸਤਰੀਆਂ ਨਾਲ ਸਬੰਧ ਰੱਖੇ ਤੇ ਇਕ ਇਸਤਰੀ ਚਾਹੁੰਦੀ ਏ ਕਿ ਉਹ ਬਹੁਤੇ ਪੁਰਖਾਂ ਨਾਲ ਸਬੰਧ ਰੱਖੇ। ਇਹ ਇਨ੍ਹਾਂ ਦੋਹਾਂ ਦੇ ਮਨ ਦੀ ਹਾਲਤ ਏ। ਸਮਾਜਕ ਤੇ ਧਾਰਮਿਕ ਬੰਧਨ ਇਸਤਰੀ ਨੂੰ ਵੱਧ ਜਕੜਨ ਦੀ ਕੋਸ਼ਿਸ਼ ਕਰਦੇ ਹਨ ਤੇ ਮਨੁੱਖ ਨੂੰ ਘੱਟ। ਸੰਨ ਸੰਤਾਲੀ ਦੇ ਹੱਲਿਆਂ ਸਮੇਂ ਬਥੇਰੀਆਂ ਮੁਸਲਮਾਨਣੀਆਂ ਇੱਧਰ ਹੀ ਰਹਿ ਗਈਆਂ ਸੀ। ਕਈਆਂ ਨੇ ਉਹਨਾਂ ਨੂੰ ਆਪਣੇ ਘਰ ਵਿਚ ਹੀ ਤੀਵੀਂ ਬਣਾ ਕੇ ਰੱਖ ਲਿਆ। ਆਪਣੇ ਪਿੰਡ ਵਿਚ ਹੀ ਜੈਮਲ ਦੀ ਜਗੀਰੋ ਦਾ ਅਸਲੀ ਨਾਮ ਰਫ਼ੀਕਾ ਹੁੰਦਾ ਸੀ। ਹੱਲਿਆਂ ਵੇਲੇ ਜੈਮਲ ਨੇ ਆਪਣੇ ਘਰ ਅੰਦਰ ਹੀ ਲੁਕੋ ਛੱਡੀ ਤੇ ਬਾਅਦ 'ਚ ਨਾਂ ਰੱਖ ਦਿੱਤਾ ਜਗੀਰ ਕੌਰ। ਮਨੁੱਖ ਧਰਮ ਦੇ ਨਾਂ ਤੇ ਬੜਾ ਖੋਰੂ ਪਾਉਂਦਾ ਏ। ਜਦ ਮਨੁੱਖ ਅੰਦਰ ਕਾਮ ਵਾਸ਼ਨਾ ਜਾਗਦੀ ਏ ਤਾਂ ਉਹ ਧਰਮ ਧੁਰਮ ਨੂੰ ਵੀ ਛਿੱਕੇ ਟੰਗ ਕੇ ਨਿਸੰਗ ਹੋ ਜਾਂਦਾ ਏ। ਆਦਮੀ ਤੀਵੀਂ ਦੀ ਆਪਸੀ ਖਿੱਚ ਮੂਹਰੇ ਮੈਂ ਧਰਮ ਤੇ ਜਾਤਾਂ ਸਭ ਫੇਲ ਹੁੰਦੇ ਦੇਖੇ ਨੇ। ਕਈ ਪਰਿਵਾਰ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਧਰਮ ਦੀ ਅੰਤਾਂ ਦੀ ਗੁੜ੍ਹਤੀ ਦਿੰਦੇ ਹਨ। ਜਦ ਇਹ ਬੱਚੇ ਜਵਾਨੀ ਵੱਲ ਪੈਰ ਧਰਦੇ ਹਨ ਤਾਂ ਕਈ ਵਾਰ ਇਹ ਧਰਮ ਧੁਰਮ ਨੂੰ ਲਾਹ ਕੇ ਪਰ੍ਹੇ ਸੁੱਟ ਦਿੰਦੇ ਹਨ ਤੇ ਬਾਂਕੇ ਸ਼ੌਕੀਨ ਬਣ ਕੇ ਅੱਖਾਂ ਗਰਮ ਕਰਨ ਲੱਗ ਪੈਂਦੇ ਹਨ।

— ਮਾਂ, ਉੱਥੇ ਸਿਡਨੀ ਵਿਚ ਤਾਂ ਮੈਂ ਕਈ ਕੁਝ ਦੇਖ ਸੁਣ ਕੇ ਹੈਰਾਨ ਹੀ ਰਹਿ ਗਈ। ਕਿਸੇ ਗੋਰੀ ਕੁੜੀ ਨੂੰ ਪੁੱਛੋ ਕਿ ਕਿੱਥੇ ਚੱਲੀ ਏਂ ਤਾਂ ਬਿਨਾਂ ਝਿਜਕ ਦੇ ਜਵਾਬ ਦਿੰਦੀ ਹੈ ਕਿ ਉਹ ਆਪਣੇ ਬੁਆਏ ਫਰੈਂਡ ਨੂੰ ਮਿਲਣ ਜਾ ਰਹੀ ਏ। ਸਾਡੇ ਇੱਥੇ ਕੋਈ ਇੰਜ ਕਹਿ ਦੇਵੇ ਤਾਂ ਜੱਟ ਤਾਂ ਉਹਨੂੰ ਜਾਨੋਂ ਹੀ ਮਾਰ ਦੇਣ। ਜਸਦੀਪ ਕਈ ਬੜੀਆਂ ਅਜੀਬ ਅਜੀਬ ਗੱਲਾਂ ਦੱਸਦਾ ਹੁੰਦਾ ਸੀ। ਕਦੀ-ਕਦੀ ਮੂਡ ਵਿਚ ਆ ਕੇ ਕਹਿੰਦਾ ਹੁੰਦਾ ਸੀ ਕਿ ਅਸੀਂ ਰਾਤ ਨੂੰ ਕੁੜੀਆਂ ਨੂੰ ਉਨ੍ਹਾਂ ਦੇ ਬੁਆਏ ਫਰੈਂਡਾਂ ਦੇ ਘਰਾਂ ਵਿਚ ਛੱਡ ਆਈਦਾ ਏ। ਛੱਡਣ ਵੇਲੇ ਕਹਿਣਗੀਆਂ ਕਿ ਮੈਨੂੰ ਸਵੇਰੇ ਛੇ ਵਜੇ ਆ ਕੇ ਲੈ ਜਾਵੀਂ। ਇਸ ਪ੍ਰਕਾਰ ਟੈਕਸੀ ਵਾਲਿਆਂ ਨੂੰ ਦੋਹਾਂ ਪਾਸਿਆਂ ਦਾ ਭਾੜਾ ਮਿਲ ਜਾਂਦਾ ਸੀ ਤੇ ਉਹ ਬੜੇ ਖ਼ੁਸ਼ ਹੁੰਦੇ ਸਨ। ਬੁਆਏ ਫਰੈਂਡ ਮੂਹਰੇ ਟੈਕਸੀ ਦਾ ਭਾੜਾ ਦੇਣ ਲਈ ਵੀ ਖੜ੍ਹੇ ਹੁੰਦੇ ਨੇ। ਉਸ ਦੇਸ਼ ਵਿਚ ਤਾਂ ਉੱਕੀ ਹੀ ਕੋਈ ਪਾਬੰਦੀ ਨਹੀਂ। ਕੋਈ ਜਦ ਮਰਜ਼ੀ ਜੀਹਦੇ ਕੋਲ ਮਰਜ਼ੀ ਜਾ ਕੇ ਰਹਿ ਆਵੇ। ਸਿਰਫ਼ ਇਕ ਗੱਲ ਜ਼ਰੂਰ ਏ। ਉਹ ਇਹ ਕਿ ਦੋਹਾਂ ਦੀ ਆਪਸੀ ਰਜ਼ਾਮੰਦੀ ਜ਼ਰੂਰ ਹੋਣੀ ਚਾਹੀਦੀ ਏ। ਕੋਈ ਕਿਸੇ ਨਾਲ ਖਿਚਧੂਹ ਨਹੀਂ ਕਰ ਸਕਦਾ। ਨਾ ਮਾਪੇ ਕਿਸੇ ਨੂੰ ਰੋਕਦੇ ਹਨ। ਜਸਦੀਪ ਕਹਿੰਦਾ ਹੁੰਦਾ ਸੀ ਕਿ ਉਸ ਦੇਸ਼ ਵਿਚ ਇਸਤਰੀ ਮਰਦ ਦੀ ਬਰਾਬਰੀ ਦਾ

ਤਾਂ ਉਨ੍ਹਾਂ ਨੂੰ ਉਦੋਂ ਹੀ ਅਹਿਸਾਸ ਹੋ ਜਾਂਦਾ ਏ ਜਦ ਟੈਕਸੀ ਵਿਚ ਬੈਠਣ ਵੇਲੇ ਗੋਰੇ ਮਾਂ ਪਿਉ ਆਪਣੀ ਜਵਾਨ ਲੜਕੀ ਨੂੰ ਮੂਹਰੇ ਡਰਾਈਵਰ ਦੇ ਨਾਲ ਦੀ ਸੀਟ ਤੇ ਬਿਠਾ ਦਿੰਦੇ ਹਨ ਤੇ ਆਪ ਪਿਛਲੀ ਸੀਟ ਤੇ ਬੈਠਦੇ ਹਨ। ਸਾਡੇ ਇੱਥੇ ਤੀਵੀਂ ਨੂੰ ਛੁਪਾ ਛੁਪਾ ਕੇ ਰੱਖਿਆ ਜਾਂਦਾ ਏ।

— ਪੁੱਤਰ, ਇਹ ਧਰਮ ਦਾ ਅਸਰ ਏ। ਕਈ ਧਰਮ ਖੁੱਲ੍ਹੇ ਹਨ ਤੇ ਕਈ ਤੰਗ। ਇਸਾਈ ਮੱਤ ਵਿਚ ਖੁੱਲ੍ਹ ਖੇਲ੍ਹ ਜ਼ਿਆਦਾ ਲਗਦੀ ਰਹਿੰਦੀ ਏ। ਹਿੰਦੂਆਂ ਵਿਚ ਵੀ ਖੁੱਲ੍ਹਦਿਲੀ ਜ਼ਿਆਦਾ ਏ।

— ਮੁਸਲਮਾਨਾਂ ਤੇ ਸਿੱਖਾਂ ਵਿਚ ਘੱਟ।

-- ਮਾਂ ਮੇਰੇ ਨਾਲ ਦੇ ਘਰ ਸਿਡਨੀ ਵਿਚ ਕਈ ਇਸਾਈ ਪਰਿਵਾਰ ਰਹਿੰਦੇ ਸਨ। ਇਹ ਸਾਰੇ ਗੋਰੇ ਨਹੀਂ ਸਨ। ਇਨ੍ਹਾਂ ਵਿਚ ਇਕ ਕੀਨੀਆ ਦਾ ਪਰਿਵਾਰ ਵੀ ਸੀ। ਉਨ੍ਹਾਂ ਦੀ ਕੁੜੀ ਕਰਿਸਟੀਨਾ ਮੇਰੇ ਨਾਲ ਕਾਫ਼ੀ ਖੁੱਲ੍ਹੀਆਂ ਗੱਲਾਂ ਕਰ ਲਿਆ ਕਰਦੀ ਏ। ਉਹ ਕਹਿੰਦੀ ਹੁੰਦੀ ਸੀ ਕਿ ਬਾਈਬਲ ਦੇ ਅਨੁਸਾਰ ਇਸਤਰੀ ਦੇ ਬਹੁਤੇ ਮਨੁੱਖਾਂ ਨਾਲ ਸਰੀਰਕ ਸਬੰਧ ਹੋਣੇ ਪਾਪ ਹੈ। ਜਦ ਮੈਂ ਆਸਟਰੇਲੀਆ ਦੇ ਸਮਾਜ ਨੂੰ ਦੇਖਦੀ ਹਾਂ ਤੇ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੇ ਸਮਾਜ ਬਾਰੇ ਸੁਣਦੀ ਹਾਂ ਤਾਂ ਇੰਜ ਲਗਦਾ ਰਹਿੰਦਾ ਏ ਕਿ ਇਹ ਲੋਕ ਬਾਈਬਲ ਦੇ ਇਸ ਤੱਥ ਤੋਂ ਬਿਲਕੁਲ ਬੇਮੁਖ ਹਨ। ਇਸ ਤੋਂ ਇਲਾਵਾ ਹੋਰ ਦੇਖ ਲਵੋ। ਸਿਡਨੀ ਸਾਰਾ ਵੇਸ਼ਵਾ ਘਰਾਂ ਨਾਲ ਭਰਿਆ ਪਿਆ ਏ। ਅਖ਼ਬਾਰ ਦੇ ਅੱਧੇ ਕੁ ਸਫ਼ੇ ਵਿਚ ਤਾਂ ਵੇਸ਼ਵਾਘਰਾਂ ਦੇ ਇਸ਼ਤਿਹਾਰ ਹੀ ਛਪੇ ਹੋਏ ਹੁੰਦੇ ਹਨ। ਸਿਡਨੀ ਦਾ ਇਕ ਇਲਾਕਾ ਹੈ ਕਿੰਗਜ਼ ਕਰੋਸ। ਇਸ ਇਲਾਕੇ ਨੂੰ ਸੈਕਸ ਦੀ ਮੰਡੀ ਹੀ ਕਿਹਾ ਜਾਂਦਾ ਏ। ਕੁੜੀਆਂ ਸਿਡਨੀ ਦੇ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਰਾਤ ਸਮੇਂ ਇੱਥੇ ਪਹੁੰਚਦੀਆਂ ਹਨ ਤੇ ਜਿਸਮ ਫਰੋਸੀ ਦੇ ਪੈਸੇ ਵੱਟ ਕੇ ਸਵੇਰ ਹੁੰਦੇ ਸਾਰ ਹੀ ਵਾਪਸ ਚਲੀਆਂ ਜਾਂਦੀਆਂ ਹਨ।

— ਧੀਏ, ਜਿਸਮਫਰੋਸ਼ੀ ਹਰ ਸਮਾਜ ਵਿਚ ਚਲਦੀ ਰਹੀ ਏ। ਕਿਤੇ ਇਹਨੂੰ ਸਰਕਾਰ ਨੇ ਮਨਜ਼ੂਰੀ ਦਿੱਤੀ ਹੋਈ ਏ ਤੇ ਕਿਤੇ ਇਹ ਲੁਕ ਛਿਪ ਕੇ ਜਾ ਗਾਉਣ ਵਜਾਉਣ ਦੀ ਆੜ ਹੇਠ ਚਲਾਈ ਜਾਂਦੀ ਏ। ਇਹ ਹਿੰਦੂਆਂ ਵਿਚ ਵੀ ਚਲਦੀ ਰਹੀ ਏ। ਹੁਣ ਤੱਕ ਵੀ ਦਿੱਲੀ ਅਤੇ ਬੰਬਈ ਜਿਹੇ ਸ਼ਹਿਰਾਂ ਵਿਚ ਜਿਸਮਫਰੋਸ਼ੀ ਦੇ ਬਾਜ਼ਾਰ ਹਨ। ਮੁਸਲਮਾਨਾਂ ਵਿਚ ਤਾਂ ਇਹ ਅਕਸਰ ਚਲਦੀ ਰਹੀ ਏ। ਸਿਰਫ਼ ਸਾਡਾ ਸਿੱਖਾਂ ਦਾ ਇਲਾਕਾ ਹੀ ਐਸਾ ਏ ਜਿੱਥੇ ਇਸ ਤੇ ਸਖ਼ਤ ਪਾਬੰਦੀ ਏ। ਇੱਥੇ ਵੀ ਅੰਦਰੋਸਤੀ ਬਥੇਰਾ ਕੁਝ ਹੋਈ ਜਾਂਦਾ ਏ। ਚੰਡੀਗੜ੍ਹ ਵਿਚ ਕੀ ਪਤਾ ਲਗਦਾ ਏ ਕਿ ਨਾਲ ਦੀ ਕੋਠੀ ਵਿਚ ਕੀ ਹੋ ਰਿਹਾ ਏ।

— ਮਾਂ, ਮੈਨੂੰ ਤਾਂ ਸਿਡਨੀ ਵਿਚ ਰਹਿੰਦੀ ਹੋਈ ਨੂੰ ਇੰਞ ਵੀ ਮਹਿਸੂਸ ਹੋਇਆ ਏ ਕਿ ਜਿਸਮ ਫਰੋਸ਼ੀ ਦੇ ਸਮਾਜ ਨੂੰ ਕਈ ਲਾਭ ਵੀ ਹਨ।

— ਉਹ ਕੀ?

— ਮਨੁੱਖ ਸਭ ਤੋਂ ਵੱਧ ਲੜਾਈਆਂ ਇਸਤਰੀ ਪਿੱਛੇ ਕਰਦਾ ਏ। ਜਿੱਥੇ ਇਸਤਰੀ ਉਸ ਨੂੰ ਆਸਾਨੀ ਨਾਲ ਮਿਲ ਜਾਂਦੀ ਹੋਵੇ ਉਥੇ ਇਹ ਸਭ ਲੜਾਈਆਂ ਬਹੁਤ ਘਟ ਜਾਂਦੀਆਂ ਹਨ। ਸ਼ਾਇਦ ਇਸੇ ਕਰਕੇ ਸਿਡਨੀ ਜਿਹੇ ਸ਼ਹਿਰਾਂ ਵਿਚ ਅਪਰਾਧ ਘੱਟ ਏ। ਦੂਜਾ ਉਥੇ ਕਿਸੇ ਲੜਕੇ ਲੜਕੀ ਦੇ ਹੱਥ ਵਿਚ ਹੱਥ ਪਾ ਕੇ ਤੁਰੇ ਫਿਰਨ ਨੂੰ ਨਿਰਾ ਹੀ ਬੁਰਾ ਨਹੀਂ

ਮੰਨਿਆ ਜਾਂਦਾ। ਸਾਡੇ ਦੇਸ਼ ਵਿਚ ਇਸ ਨੂੰ ਅਵਾਰਾਗਰਦੀ ਕਹਿ ਕੇ ਗੈਰ-ਕਾਨੂੰਨੀ ਗਰਦਾਨਿਆ ਜਾਂਦਾ ਏ। ਇੱਥੇ ਪੁਲਿਸ ਇਸ ਪ੍ਰਕਾਰ ਦੇ ਕੇਸਾਂ ਨੂੰ ਫੜ ਕੇ ਇਕ ਦਮ ਅੰਦਰ ਵੀ ਕਰ ਸਕਦੀ ਏ। ਇੱਥੇ ਦੀ ਪੁਲਿਸ ਤਾਂ ਇੰਨੀ ਘਟੀਆ ਏ ਕਿ ਉਹ ਇਸ ਪ੍ਰਕਾਰ ਦੇ ਕੇਸਾਂ ਵਿਚੋਂ ਆਪਣਾ ਲਾਭ ਪ੍ਰਾਪਤ ਕਰਨ ਲਈ ਵੀ ਕਾਹਲੀ ਪਈ ਰਹਿੰਦੀ ਏ। ਇੱਥੇ ਜਿਹੜੀ ਕੁੜੀ ਨੂੰ ਪੁਲਿਸ ਇਕ ਵਾਰ ਫੜ ਕੇ ਅੰਦਰ ਕਰ ਦੇਵੇ ਉਸ ਕੁੜੀ ਨੂੰ ਸਾਰੇ ਬਦਮਾਸ਼ ਕੁੜੀ ਕਹਿਣ ਲੱਗ ਪੈਂਦੇ ਹਨ। ਉਥੇ ਪੁਲਿਸ ਦੇ ਸਾਹਮਣੇ ਕੁੜੀ ਮੁੰਡਾ ਜੱਫੀ ਪਾ ਕੇ ਖੜ੍ਹੇ ਹੋਣ ਤਾਂ ਵੀ ਪੁਲਿਸ ਕੁੱਝ ਨਹੀਂ ਕਹਿ ਸਕਦੀ। ਉਥੇ ਦਾ ਤਾਂ ਸਮਾਜਿਕ ਢਾਂਚਾ ਹੀ ਅਜੀਬ ਕਿਸਮ ਦਾ ਏ। ਭਾਵੇਂ ਅੱਧੀ ਰਾਤ ਨੂੰ ਮੋਟਰਾਂ, ਗੱਡੀਆਂ ਤੇ ਟੈਕਸੀਆਂ ਵਿਚ ਸਫ਼ਰ ਕਰੀ ਜਾਵੋ ਕੋਈ ਕਿਸੇ ਦੀ ਵਾਅ ਵੱਲ ਨਹੀਂ ਤੱਕ ਸਕਦਾ। ਮੈਂ ਗੋਰਿਆਂ ਵਿਚ ਇਕ ਹੋਰ ਪ੍ਰਵਿਰਤੀ ਵੀ ਦੇਖੀ ਏ। ਉਹ ਕਿਸੇ ਵੱਲ ਆਵਾਗੌਣ ਝਾਕਦੇ ਤੱਕ ਨਹੀਂ। ਹਾਂ, ਹਰ ਇਕ ਨੂੰ ਬੜੇ ਪਿਆਰ ਤੇ ਹਲੀਮੀ ਨਾਲ ਹੈਲੋ ਹਾਏ ਜ਼ਰੂਰ ਕਹਿੰਦੇ ਹਨ। ਇੰਜ ਸਿਰਫ਼ ਮਰਦ ਹੀ ਨਹੀਂ ਕਰਦੇ, ਇਸਤਰੀਆਂ ਵੀ ਕਰਦੀਆਂ ਹਨ। ਇਸਤਰੀਆਂ ਮਰਦਾਂ ਨਾਲ ਨਿਰ ਝਿਜਕ ਗੱਲਾਂ ਕਰਦੀਆਂ ਹਨ। ਉਨ੍ਹਾਂ ਦੇ ਮਨ ਨਿਰੇ ਸਾਫ਼ ਹਨ। ਸਾਡੇ ਇੱਥੇ ਕਿਸੇ ਦਾ ਮਨ ਵੀ ਸਾਫ਼ ਨਹੀਂ ਲਗਦਾ। ਮਾੜੀ ਨੀਤ ਹੋਣੀ ਸਭ ਤੋਂ ਘਟੀਆ ਪ੍ਰਵਿਰਤੀ ਏ।

— ਜੱਸੀ, ਤੂੰ ਇਨ੍ਹਾਂ ਲੈਕਚਰਬਾਜ਼ੀਆਂ ਨੂੰ ਛੱਡ। ਆਪਾਂ ਦੱਸ ਕੀ ਕਰਨਾ ਏ? ਪਿੰਡਾਂ ਵਿਚ ਬਦਨਾਮੀ ਦਾ ਬਹੁਤਾ ਖ਼ਤਰਾ ਹੁੰਦਾ ਏ।

— ਮਾਂ, ਜ਼ਰੂਰਤ ਪਈ ਤਾਂ ਅਸੀਂ ਰਿਹਾਇਸ਼ਗਾਹ ਵੀ ਬਦਲ ਸਕਦੇ ਹਾਂ। ਪੈਸੇ ਨਾਲ ਰਿਹਾਇਸ਼ ਬਦਲਣਾ ਕੋਈ ਔਖੀ ਗੱਲ ਨਹੀਂ। ਵੱਡੇ ਸ਼ਹਿਰਾਂ ਵਿਚ ਤਾਂ ਬੰਦੇ ਦੇ ਪਿਛਲੇ ਕਿਰਦਾਰ ਦਾ ਪਤਾ ਹੀ ਨਹੀਂ ਲਗਦਾ। ਦਿੱਲੀ ਜਿਹਾ ਸ਼ਹਿਰ ਇੰਦਾਂ ਦੇ ਕੰਮਾਂ ਲਈ ਹੋਰ ਵੀ ਵਧੀਆ ਏ। ਇਕ ਗੱਲ ਇਹ ਹੈ ਕਿ ਪੈਸਾ ਜ਼ਿਆਦਾ ਪੰਜਾਬ ਜਿਹੇ ਸੂਬਿਆਂ 'ਚੋਂ ਹੀ ਇਕੱਠਾ ਕੀਤਾ ਜਾ ਸਕਦਾ ਏ। ਇੱਥੇ ਬਾਹਰ ਦੇ ਨਾਂ ਤੇ ਲੋਕਾਂ ਤੋਂ ਜਿੰਨਾ ਮਰਜ਼ੀ ਮੰਗ ਲਵੋ। ਇਨ੍ਹਾਂ ਨੂੰ ਅਗਰ ਯਕੀਨ ਹੋ ਜਾਵੇ ਕਿ ਇਨ੍ਹਾਂ ਨੂੰ ਬਾਹਰ ਕੋਈ ਪੱਕਾ ਕਰਵਾ ਸਕਦਾ ਏ ਤਾਂ ਇਹ ਤਾਂ ਖੋਤੀ ਨਾਲ ਵੀ ਵਿਆਹ ਕਰਵਾਉਣ ਲਈ ਤਿਆਰ ਹੋ ਜਾਂਦੇ ਨੇ। ਗੈਰਕਾਨੂੰਨੀ ਜਾਂ ਥੋੜ੍ਹੇ ਸਮੇਂ ਲਈ ਜਾ ਕੇ ਉੱਧਰ ਇਹ ਟੁੱਟੀਆਂ ਭੱਜੀਆਂ ਗੋਰੀਆਂ, ਜਮੀਕਣਾ ਤੇ ਆਈਲੈਂਡਰ ਤੀਵੀਆਂ ਵੀ ਤਾਂ ਲਭਦੇ ਫਿਰਦੇ ਰਹਿੰਦੇ ਨੇ। ਭਾਵੇਂ ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਨਹੀਂ ਵੀ ਸਮਝਦੇ ਫਿਰ ਵੀ ਇਹ ਪੱਕੇ ਹੋਣ ਤੱਕ ਉਨ੍ਹਾਂ ਨਾਲ ਦਿਨ ਕਟੀ ਕਰਦੇ ਰਹਿੰਦੇ ਨੇ। ਕਈਆਂ ਨੂੰ ਤਾਂ ਇਹ ਧੋਖਾ ਵੀ ਦੇ ਦਿੰਦੇ ਹਨ। ਉਹ ਵਿਚਾਰੀਆਂ ਸੋਚਦੀਆਂ ਹਨ ਕਿ ਇਹ ਉਨ੍ਹਾਂ ਨਾਲ ਹਮੇਸ਼ਾ ਲਈ ਰਹਿਣਗੇ। ਜਦ ਪੱਕੇ ਹੋ ਕੇ ਇਹ ਉਨ੍ਹਾਂ ਨੂੰ ਛੱਡ ਦਿੰਦੇ ਹਨ ਤਾਂ ਉਹ ਵਿਚਾਰੀਆਂ ਰੋਂਦੀਆਂ ਫਿਰਦੀਆਂ ਰਹਿੰਦੀਆਂ ਹਨ। ਉਥੇ ਸਾਡੇ ਪਾਸ ਇਕ ਟੁੱਟੀ ਜਿਹੀ ਅਧਖੜ੍ਹ ਗੋਰੀ ਹੁੰਦੀ ਸੀ। ਉਸ ਨੇ ਮੇਰੇ ਨਾਲ ਇਕ ਵਾਰ ਆਪਣਾ ਰੋਣਾ ਇੰਜ ਰੋਇਆ ਸੀ।

— ਤੂੰ ਪੰਜਾਬੀ ਲਗਦੀ ਏਂ? ਕੀ ਤੂੰ ਪੰਜਾਬੀ ਏਂ?

(You look like Punjabi. Are you Punjabi.?)

— ਹਾਂ, ਮੈਂ ਪੰਜਾਬੀ ਹਾਂ।

(Yes, I am.)

— ਕੀ ਤੂੰ ਮੋਹਿੰਡਾ ਸਿੰਘ ਨੂੰ ਜਾਣਦੀ ਏਂ?

(Do yon know Mohinda Singh?)

— ਉਹ ਕੌਣ ਏ?

(Who is that guy?)

— ਉਸਨੇ ਮੇਰੇ ਨਾਲ ਵਿਆਹ ਕਰਵਾਇਆ ਸੀ। ਹੁਣ ਪਤਾ ਨਹੀਂ ਉਹ ਕਿੱਥੇ ਏ?

(He Married me. Now I do not know where he is gone.)

— ਮੈਂ ਤੇਰੇ ਕੀ ਕੰਮ ਆ ਸਕਦੀ ਹਾਂ?

(What can I do for you?)

— ਕੀ ਤੂੰ ਮੇਰੀ ਉਹਨੂੰ ਲੱਭਣ 'ਚ ਮੱਦਦ ਕਰ ਸਕਦੀ ਏਂ? ਉਸਨੇ ਮੈਨੂੰ ਧੋਖਾ ਦਿੱਤਾ ਏ। ਮੈਂ ਉਸਨੂੰ ਸਬਕ ਸਿਖਾਉਣਾ ਚਾਹੁੰਦੀ ਹਾਂ। ਕਿਸੇ ਨੇ ਮੈਨੂੰ ਦੱਸਿਆ ਏ ਕਿ ਉਹ ਸਿਡਨੀ ਵਿੱਚ ਹੀ ਕਿਤੇ ਕਿਸੇ ਹੋਰ ਇਸਤਰੀ ਨਾਲ ਵਿਆਹ ਕਰਵਾ ਕੇ ਰਹਿੰਦਾ ਏ।

(Will you please help me trace him? He cheated me. I want to teach him a lesson. Somebody told me that he is living with some other lady somewhere in Sydney.)

— ਸਾਡੇ ਬੰਦੇ ਇਸ ਕਦਰ ਮਤਲਬੀ ਹਨ। ਅਗਰ ਮਰਦ ਮਤਲਬੀ ਬਣ ਸਕਦਾ ਏ ਤਾਂ ਇਸਤਰੀ ਨੂੰ ਮਤਲਬੀ ਬਣਨ ਵਿੱਚ ਕੀ ਹਰਜ਼ ਏ? ਮਨੁੱਖ ਵੀ ਤਾਂ ਪੈਸੇ ਦੀ ਖ਼ਾਤਰ ਹੀ ਮਤਲਬੀ ਬਣਦਾ ਏ। ਮੈਂ ਤਾਂ ਪੰਜਾਬਣ ਹਾਂ। ਮੇਰੇ ਨਾਲ ਰਹਿਣ ਲਈ ਤਾਂ ਚੰਗੇ ਚੰਗੇ ਪਰਿਵਾਰਾਂ ਦੇ ਮੁੰਡੇ ਤਿਆਰ ਹੋ ਜਾਣਗੇ। ਇਸਤਰੀ ਦਾ ਉਹਨਾਂ ਦੇਸ਼ਾਂ ਵਿੱਚ ਪੱਕੀ ਬਸ਼ਿੰਦੀ ਹੋਣਾ ਇਕ ਵਰਦਾਨ ਏ। ਉਹਨਾਂ ਦੇਸ਼ਾਂ ਵਿਚ ਪੱਕੀ ਇਸਤਰੀ ਇਸ ਪ੍ਰਕਾਰ ਦੇ ਕਾਰੋਬਾਰ ਲਈ ਸਭ ਤੋਂ ਵੱਧ ਕਾਮਯਾਬ ਏ।

ਜੱਸੀ ਦੀ ਮਾਂ ਉਸ ਨਾਲ ਐਸੀ ਸਹਿਮਤ ਹੋਈ ਕਿ ਕੁਝ ਦਿਨਾਂ ਵਿਚ ਹੀ ਉਹਨਾਂ ਨੇ ਮੁਹਾਲੀ ਵਿੱਚ ਇੱਕ ਮਕਾਨ ਕਿਰਾਏ 'ਤੇ ਲੈ ਲਿਆ।

ਇਸ ਤੋਂ ਥੋੜ੍ਹੇ ਦਿਨਾਂ ਬਾਅਦ ਉਨ੍ਹਾਂ ਪੰਜਾਬ ਦੇ ਇੱਕ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ,

"ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਚ ਪੱਕੀ ਹੋ ਚੁੱਕੀ ਲੜਕੀ ਵਾਸਤੇ ਇਕ ਢੁੱਕਵੇਂ ਵਰ ਦੀ ਜ਼ਰੂਰਤ ਹੈ। ਲੜਕੀ ਦੀ ਉਮਰ 26 ਸਾਲ, ਕੱਦ ਪੰਜ ਫੁੱਟ ਛੇ ਇੰਚ, ਰੰਗ ਗੋਰਾ, ਚਿਹਰਾ ਗੋਲ, ਜਾਤ ਬਰਾਦਰੀ ਕੋਈ ਵੀ ਹੋ ਸਕਦੀ ਏ। ਦੁਹਾਜੂ ਅਤੇ ਕੰਟਰੈਕਟ (Contract) ਵਿਆਹ ਦੇ ਚਾਹਵਾਨ ਵੀ ਸੰਪਰਕ ਕਰ ਸਕਦੇ ਹਨ। ਸਮਾਂ ਘੱਟ ਹੈ। ਲੜਕੀ ਜਲਦੀ ਵਾਪਸ ਜਾਣ ਵਾਲੀ ਏ। ਮਿਲੋ 66-ਏ ਫੇਜ.......ਮੋਹਾਲੀ ਫੋਨ ਨੰਬਰ....।"

ਅਖ਼ਬਾਰ ਆਉਣ ਤੋਂ ਕੁਝ ਕੁ ਘੰਟਿਆਂ ਬਾਅਦ ਹੀ ਫੋਨ ਆਉਣੇ ਸ਼ੁਰੂ ਹੋ ਗਏ।

— ਹੈਲੋ!

— ਹੈਲੋ!

— ਤੁਸੀਂ ਕੌਣ ਬੋਲਦੇ ਹੋ ਜੀ?

— ਜੀ, ਮੇਰਾ ਨਾਮ ਪਰਸ ਰਾਮ ਏ।

— ਕੀ ਵਿਆਹ ਦੇ ਉਮੀਦਵਾਰ ਤੁਸੀਂ ਹੋ?

— ਨਹੀਂ ਜੀ, ਅਸੀਂ ਵਿਆਹ ਆਪਣੇ ਲੜਕੇ ਸੰਦੀਪ ਦਾ ਕਰਨਾ ਚਾਹੁੰਦੇ ਹਾਂ।

— ਤੁਸੀਂ ਅਸਲੀ ਵਿਆਹ ਚਾਹੁੰਦੇ ਹੋ ਜਾਂ ਨਕਲੀ?

— ਅਸੀਂ ਤਾਂ ਆਪਣੇ ਲੜਕੇ ਨੂੰ ਸਿਰਫ਼ ਪੱਕਾ ਕਰਵਾਉਣ ਤੱਕ ਹੀ ਨਾਤਾ ਰੱਖਣਾ ਚਾਹੁੰਦੇ ਹਾਂ।

— ਮਨਜ਼ੂਰ ਏ।

— ਭੇਂਟਾ?

— ਪੰਦਰਾਂ ਲੱਖ ਰੁਪਏ ਨਕਦ, ਏਅਰਟਿਕਟ ਤੁਹਾਡੀ ਆਪਣੀ। ਉਥੇ ਪਹੁੰਚਣ ਤੇ ਰਿਹਾਇਸ਼ ਇਕ ਮਹੀਨੇ ਲਈ ਅਸੀਂ ਦੇਵਾਂਗੇ। ਉਸ ਤੋਂ ਬਾਅਦ ਰਿਹਾਇਸ਼ ਤੁਹਾਡੀ ਆਪਣੀ। ਖਾਣ ਪੀਣ ਦਾ ਖਰਚ ਵੀ ਤੁਹਾਡਾ ਆਪਣਾ। ਅਗਰ ਚਾਹੋ ਤਾਂ ਲੜਕੀ ਲੜਕੇ ਦੇ ਨਾਲ ਰਹਿ ਸਕਦੀ ਏ। ਅਗਰ ਇੰਝ ਨਹੀਂ ਚਾਹੁੰਦੇ ਤਾਂ ਲੜਕੀ ਲੜਕੇ ਤੋਂ ਪਰ੍ਹੇ ਵੀ ਰਿਹਾਇਸ਼ ਕਰ ਸਕਦੀ ਏ। ਅਗਰ ਲੜਕਾ ਕੋਈ ਹੋਰ ਅੱਛੀ ਲੜਕੀ ਲੱਭ ਲਵੇ ਤਾਂ ਸਾਡੀ ਲੜਕੀ ਉਸ ਤੋਂ ਇਕ ਦਮ ਤਲਾਕ ਲੈ ਲਵੇਗੀ। ਅਗਰ ਲੜਕੇ ਨੂੰ ਹੋਰ ਲੜਕੀ ਨਹੀਂ ਲੱਭਦੀ ਤਾਂ ਲੜਕੀ ਉਦੋਂ ਤੱਕ ਲੜਕੇ ਨਾਲ ਰਹੇਗੀ ਜਦ ਤੱਕ ਉਹ ਪੱਕਾ ਨਹੀਂ ਹੋ ਜਾਂਦਾ। ਵੈਸੇ ਉੱਥੇ ਹੋਰ ਲੜਕੀਆਂ ਲੱਭਣੀਆਂ ਬਹੁਤੀਆਂ ਮੁਸ਼ਕਿਲ ਨਹੀਂ। ਲੜਕਾ ਜਾ ਕੇ ਕਿਸੇ ਨੂੰ ਦੱਸੇ ਹੀ ਨਾ ਕਿ ਉਹ ਵਿਆਹਿਆ ਹੋਇਆ ਏ। ਪਹਿਲਾਂ ਕਿਸੇ ਲੜਕੀ ਨਾਲ ਪਿਆਰ ਪਾ ਲਵੇ। ਜੇ ਉਨ੍ਹਾਂ ਦਾ ਪੱਕ ਠੱਕ ਹੋ ਜਾਵੇ ਤਾਂ ਲੜਕੀ ਅਲੱਗ ਹੋਣ ਲਈ ਕਾਗਜ਼ਾਂ ਤੇ ਇਕਦਮ ਦਸਤਖਤ ਕਰ ਦੇਵੇਗੀ।

— ਜੇ ਲੜਕਾ ਕਹੇ ਕਿ ਉਸ ਨੇ ਤਾਂ ਪੱਕਾ ਹੋ ਕੇ ਪੰਜਾਬ ਜਾ ਕੇ ਵਿਆਹ ਕਰਵਾਉਣਾ ਏ?

— ਸਾਨੂੰ ਇਹ ਵੀ ਮਨਜ਼ੂਰ ਹੈ। ਇਸ ਤੇ ਵੀਹ ਲੱਖ ਤੱਕ ਰੁਪਏ ਖਰਚ ਆਉਂਦੇ ਹਨ ਕਿਉਂਕਿ ਲੜਕੀ ਨੂੰ ਆਜ਼ਾਦ ਹੋਣ ਲਈ ਲੰਬਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। ਬਿਹਤਰ ਇਹ ਹੈ ਕਿ ਲੜਕਾ ਜਲਦੀ ਤੋਂ ਜਲਦੀ ਉੱਥੇ ਲੜਕੀ ਲੱਭਣ ਦੀ ਕੋਸ਼ਿਸ਼ ਕਰੇ। ਇਸ ਵਿਚ ਤੁਹਾਡਾ ਵੀ ਫਾਇਦਾ ਤੇ ਸਾਡਾ ਵੀ ਫਾਇਦਾ।

— ਉਹ ਕਿਵੇਂ?

— ਤੁਸੀਂ ਅਜੇ ਤੱਕ ਸਮਝੇ ਹੀ ਨਹੀਂ। ਤੁਹਾਡਾ ਫਾਇਦਾ ਇੱਕ ਤਾਂ ਇਹ ਕਿ ਤੁਹਾਨੂੰ ਪੰਜ ਲੱਖ ਰੁਪਏ ਘੱਟ ਦੇਣੇ ਪੈ ਰਹੇ ਨੇ। ਦੂਜਾ ਲਾਭ ਤੁਹਾਨੂੰ ਇਹ ਕਿ ਤੁਹਾਡਾ ਲੜਕਾ ਅਸਲੀ ਵਿਆਹ ਕਰਵਾ ਕੇ ਜਲਦੀ ਸੈੱਟ ਹੋ ਜਾਵੇਗਾ। ਅਗਰ ਉਹਨੂੰ ਉਧਰ ਦੀ ਕੁੜੀ ਚੰਗੀ ਮਿਲ ਜਾਂਦੀ ਏ ਤਾਂ ਉਹ ਉਥੇ ਨੌਕਰੀਆਂ ਵਿਚ ਸੈੱਟ ਵੀ ਜਲਦੀ ਹੋ ਜਾਂਦੀ ਏ। ਅਗਰ ਇਧਰੋਂ ਆ ਕੇ ਲੜਕੀ ਵਿਆਹ ਕੇ ਲੈ ਕੇ ਜਾਵੋਗੇ ਤਾਂ ਪਹਿਲਾਂ-ਪਹਿਲਾਂ ਦੋ-ਤਿੰਨ

ਸਾਲ ਤਾਂ ਉਸਨੂੰ ਪਤਾ ਹੀ ਨਹੀਂ ਲਗਦਾ ਕਿ ਉੱਧਰ ਦੇ ਸਮਾਜ ਤੇ ਸਿਸਟਮ ਮੁਤਾਬਿਕ ਢਾਲਣਾ ਕਿਵੇਂ ਏ। ਇਧਰ ਦੇ ਵੱਡੇ ਵੱਡੇ ਪੜ੍ਹੇ ਲਿਖੇ ਵੀ ਉਧਰ ਜਾ ਕੇ ਨਿਰੇ ਅਨਪੜ੍ਹ ਲੱਗਣ ਲੱਗ ਜਾਂਦੇ ਹਨ। ਜਮਾਤਾਂ ਪਾਸ ਕਰਨਾ ਹੋਰ ਗੱਲ ਏ, ਉਧਰ ਦੇ ਸਿਸਟਮ ਦੇ ਹਾਣ ਦਾ ਹੋਣਾ ਹੋਰ। ਉਥੇ ਜ਼ਿਆਦਾ ਪੜ੍ਹੇ ਲਿਖੇ ਬੰਦੇ ਦੀ ਲੋੜ ਨਹੀਂ। ਉਥੇ ਲੋੜ ਏ ਕਿਸੇ ਦੇ ਸਟਰੀਟ ਸਮਾਰਟ ਹੋਣ ਦੀ। ਕਈ ਸਾਧਾਰਨ ਪੜ੍ਹੇ ਲਿਖੇ ਉਥੇ ਰਹਿ ਕੇ ਵਧੀਆ ਸੈੱਟ ਹੋ ਗਏ ਹਨ। ਕਈ ਇੱਧਰ ਦੇ ਅੰਤਾਂ ਦੇ ਪੜ੍ਹੇ ਲਿਖੇ ਉੱਥੇ ਜਾ ਕੇ ਨਿਰੇ ਨਾਕਾਮਯਾਬ ਹੋ ਗਏ ਨੇ। ਜਿਹੜਾ ਵਿਅਕਤੀ ਉਧਰ ਦੇ ਸਿਸਟਮ ਮੁਤਾਬਿਕ ਜਲਦੀ ਢਲਦਾ ਏ ਉਹ ਜਲਦੀ ਅਡਜਸਟ ਹੁੰਦਾ ਏ।

ਇੱਧਰ ਦੇ ਜਿਹੜੇ ਜ਼ਿਆਦਾ ਪੜ੍ਹੇ ਲਿਖੇ ਹਨ ਉਹ ਢਾਂਚੇ ਮੁਤਾਬਿਕ ਜਲਦੀ ਨਹੀਂ ਢਲਦੇ। ਉਹ ਤਾਂ ਅੰਗਰੇਜ਼ੀ ਵੀ ਘਰੋੜ-ਘਰੋੜ ਕੇ ਬੋਲਦੇ ਰਹਿੰਦੇ ਹਨ। ਉੱਥੇ ਇਹ ਘਰੋੜ ਕੇ ਬੋਲੀ ਜਾਣ ਵਾਲੀ ਅੰਗਰੇਜ਼ੀ ਨਹੀਂ ਚਲਦੀ। ਉਥੇ ਬਹੁਤੀ ਔਖੀ ਅੰਗਰੇਜ਼ੀ ਵੀ ਨਹੀਂ ਚਲਦੀ। ਉਥੇ ਤਾਂ ਬੱਸ ਫੁਰਕ-ਫੁਰਕ ਵਾਲੀ ਟੁੱਟੀ ਭੱਜੀ ਅੰਗਰੇਜ਼ੀ ਵੱਧ ਚਲਦੀ ਏ। ਲਹਿਜ਼ੇ ਵਿਚ ਲੈਰਾਪਣ ਜ਼ਿਆਦਾ ਹੋਣਾ ਚਾਹੀਦਾ ਏ। ਬੋਲਣ ਦੇ ਵਹਾਅ ਵਿੱਚ ਠਹਿਰਾ ਘੱਟ ਹੋਣਾ ਚਾਹੀਦਾ ਹੈ ਤੇ ਲਗਾਤਾਰਤਾ ਜ਼ਿਆਦਾ। ਉਸ ਅੰਗਰੇਜ਼ੀ ਬੋਲਣ ਦੀ ਆਵਾਜ਼ ਇਵੇਂ ਆਉਂਦੀ ਏ ਜਿਵੇਂ ਕਿਸੇ ਦੇ ਮੂੰਹ ਵਿਚ ਉਬਲਿਆ ਉਬਲਿਆ ਆਲੂ ਪਾ ਦਿਓ ਤੇ ਉਹ ਗੁਲਲ ਗੁਲਲ ਕਰਦਾ ਫਿਰੇ। ਸਾਨੂੰ ਇਸ ਦਾ ਲਾਭ ਇਹ ਹੋਵੇਗਾ ਕਿ ਸਾਡੀ ਲੜਕੀ ਜਲਦੀ ਕੇਸ ਵਿਚੋਂ ਆਜ਼ਾਦ ਹੋ ਜਾਵੇਗੀ ਤੇ ਅਸਾਂ ਇੱਧਰੋਂ ਅਗਲਾ ਕੇਸ ਫੜਨ ਦੇ ਕਾਬਲ ਹੋ ਜਾਵਾਂਗੇ।

— ਕੀ ਤੁਹਾਡੀ ਲੜਕੀ ਸਾਡੇ ਲੜਕੇ ਲਈ ਉਸ ਤੋਂ ਕੋਈ ਚੰਗਾ ਵਰ ਨਹੀਂ ਢੂੰਡ ਸਕਦੀ?

— ਤੁਸੀਂ ਮੈਨੂੰ ਭੋਲੇ ਲਗਦੇ ਹੋ। ਅੱਜ ਤੱਕ ਤਾਂ ਸਾਨੂੰ ਕਿਸੇ ਇਹ ਸਵਾਲ ਕੀਤਾ ਨਹੀਂ।

— ਗੁਸਤਾਖੀ ਲਈ ਮੁਆਫ਼ੀ ਚਾਹੁੰਦਾ ਹਾਂ। ਅਸੀਂ ਵਿਚਾਰ ਕਰਕੇ ਤੁਹਾਡੇ ਨਾਲ ਫਿਰ ਸੰਪਰਕ ਕਰਾਂਗੇ।

ਇਸ ਤੋਂ ਬਾਅਦ ਇਕ ਹੋਰ ਫੋਨ ਕਾਲ ਆਉਂਦੀ ਏ-

— ਸਤਿ ਸ੍ਰੀ ਅਕਾਲ ਜੀ।

— ਸਤਿ ਸ੍ਰੀ ਅਕਾਲ।

— ਮੈਂ ਲੁਧਿਆਣੇ ਤੋਂ ਲੜਕੇ ਦਾ ਮਾਮਾ ਸਤਿੰਦਰ ਸਿੰਘ ਬੋਲ ਰਿਹਾਂ ਜੀ।

— ਬਹੁਤ ਖ਼ੁਸ਼ੀ ਹੋਈ ਜੀ। ਫਰਮਾਓ ਕਿਸ ਪ੍ਰਕਾਰ ਦੀ ਸੈਟਿੰਗ ਚਾਹੁੰਦੇ ਹੋ?

— ਸਾਡਾ ਲੜਕਾ ਬੀ.ਏ. ਪਾਸ ਏ ਪ੍ਰੰਤੂ ਟੈਸਟ ਪਾਸ ਨਹੀਂ ਕਰ ਸਕਿਆ। ਅਸੀਂ ਟੈਸਟ ਪਾਸ ਕਰਨ ਦੀ ਸਿਖਲਾਈ ਤੇ ਵੀ ਤਕਰੀਬਨ ਦੋ ਲੱਖ ਰੁਪਏ ਖਰਚ ਕਰ ਚੁੱਕੇ ਹਾਂ। ਪਹਿਲਾਂ ਇਸ ਦੀ ਕੋਚਿੰਗ ਲੁਧਿਆਣੇ ਚਲਦੀ ਰਹੀ ਤੇ ਫਿਰ ਦਿੱਲੀ। ਟੈਸਟ ਵਿਚ ਹੇਰਾਫੇਰੀ ਕਰਵਾਉਣ ਲਈ ਵੀ ਬਥੇਰੇ ਤਰੀਕੇ ਲੱਭੇ ਪ੍ਰੰਤੂ ਉਹ ਸਾਰੇ ਤਰੀਕੇ ਅਸਫ਼ਲ ਹੋ ਗਏ। ਸਾਡੀ

ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਾਮਯਾਬ ਹੋਣ ਹੀ ਵਾਲੀ ਸੀ ਕਿ ਟੈਸਟ ਵਿਚ ਜਾਲਸਾਜ਼ੀ ਕਰਦੇ ਕੁਝ ਲੜਕੇ ਲੜਕੀਆਂ ਫੜੇ ਗਏ। ਇਸ ਸਕੈਂਡਲ ਤੋਂ ਬਾਅਦ ਟੈਸਟ ਵਿਚ ਅੰਤਾਂ ਦੀ ਸਖ਼ਤੀ ਹੋ ਗਈ।

— ਤੁਸੀਂ ਐਨੀ ਲੰਬੀ ਗੱਲ ਨਾ ਕਰੋ। ਜਲਦੀ ਦੱਸੋ ਕਿ ਤੁਸੀਂ ਕੀ ਚਾਹੁੰਦੇ ਹੋ ਤੇ ਕੀ ਖਰਚ ਕਰੋਗੇ?

— ਅਸੀਂ ਤਾਂ ਚਾਹੁੰਦੇ ਹਾਂ ਕਿ ਤੁਹਾਨੂੰ ਸਾਡਾ ਲੜਕਾ ਪੱਕਾ ਕਰਵਾਉਣ ਤੱਕ ਇਸ ਦਾ ਸਾਥ ਦੇਣਾ ਹੋਵੇਗਾ। ਬਾਕੀ ਖਰਚਾ ਤੁਸੀਂ ਦੱਸੋ?

— 20 ਲੱਖ ਰੁਪਏ, ਰਿਹਾਇਸ਼ ਤੁਹਾਡੀ ਆਪਣੀ। ਲੜਕਾ ਉਥੇ ਜਾ ਕੇ ਕੰਮ ਕਰੇ। ਲੜਕੀ ਘਰ ਰਹੇਗੀ। ਘਰ ਦਾ ਸਾਰਾ ਖਰਚਾ ਵੀ ਲੜਕਾ ਹੀ ਕਰੇਗਾ। ਅਗਰ ਲੜਕਾ 6 ਮਹੀਨੇ ਵਿਚ ਕੋਈ ਹੋਰ ਲੜਕੀ ਲੱਭ ਕੇ ਆਪਣਾ ਪੱਕਾ ਵਿਆਹ ਕਰਵਾ ਲੈਂਦਾ ਹੈ ਤਾਂ ਪੰਜ ਲੱਖ ਰੁਪਿਆ ਤੁਹਾਨੂੰ ਮੋੜ ਦਿੱਤਾ ਜਾਵੇਗਾ। ਕਾਰਨ ਤੁਸੀਂ ਸਮਝਦੇ ਹੀ ਹੋ।

— ਮੈਂ ਤੁਹਾਡੀ ਗੱਲ ਸਮਝਿਆ ਨਹੀਂ?

— ਤੁਸੀਂ ਬੜੇ ਭੋਲੇ ਹੋ। ਅਗਰ ਸਾਡੀ ਲੜਕੀ ਤੁਹਾਡੇ ਵੱਲੋਂ ਛੇ ਮਹੀਨੇ ਵਿਚ ਹੀ ਫਾਰਗ ਹੋ ਜਾਂਦੀ ਏ ਤਾਂ ਅਸੀਂ ਅਗਲਾ ਕੇਸ ਫੜਨ ਦੇ ਕਾਬਲ ਹੋ ਜਾਂਦੇ ਹਾਂ।

— ਉਥੇ ਜਾ ਕੇ ਹੋਰ ਕੋਈ ਰਿਸ਼ਤਾ ਲੱਭਣ ਦਾ ਤਰੀਕਾ?

— ਮੁਹੱਬਤ ਦੇ ਸਬਕ ਪੜ੍ਹਾਏ ਨਹੀਂ ਜਾਂਦੇ, ਇਹ ਬੰਦੇ ਨੂੰ ਆਪਣੇ ਆਪ ਹੀ ਆ ਜਾਂਦੇ ਹਨ।

— ਬਹੁਤ ਮਿਹਰਬਾਨੀ ਜੀ। ਅਸੀਂ ਜਲਦੀ ਸੰਪਰਕ ਕਰਾਂਗੇ।

— ਮਿਹਰਬਾਨੀ।

ਫਿਰ ਇਕ ਹੋਰ ਫੋਨ ਆਇਆ–

— ਹੈਲੋ

— ਹੈਲੋ!

— ਦੱਸੋ ਕੀ ਖਾਤਰ ਕਰ ਸਕਦੇ ਹਾਂ?

— ਜੀ, ਮੈਂ ਤਿਹਾਜੂ ਹਾਂ। ਬਾਹਰਲੀ ਲੜਕੀ ਦੇ ਆਧਾਰ ਤੇ ਬਾਹਰ ਜਾ ਕੇ ਹਮੇਸ਼ਾ ਲਈਂ ਸ਼ਾਦੀ ਸ਼ੁਦਾ ਜੀਵਨ ਬਿਤਾਉਣਾ ਚਾਹੁੰਦਾ ਹਾਂ।

— ਤੁਸੀਂ ਕਿੱਥੋਂ ਬੋਲ ਰਹੇ ਹੋ?

— ਮੇਰਾ ਪਿੰਡ ਪਟਿਆਲੇ ਜ਼ਿਲ੍ਹੇ ਵਿਚ ਬਰਸਾਲਪੁਰ ਏ। ਮੈਂ ਸਿਰਫ਼ ਦਸ ਜਮਾਤਾਂ ਪਾਸ ਹਾਂ।

— ਪਹਿਲੇ ਦੋ ਵਿਆਹ ਫੇਲ੍ਹ ਕਿਉਂ ਹੋਏ?

— ਜੀ ਇਹ ਨਾ ਪੁੱਛੋ। ਇਹ ਲੰਬੀ ਕਹਾਣੀ ਏ।

— ਅਸੀਂ ਪੱਕਾ ਵਿਆਹ ਨਹੀਂ ਕਰਵਾ ਸਕਦੇ। ਮੁਆਫ਼ ਕਰੋ ਜੀ।

ਇਹ ਕਹਿ ਕੇ ਜੱਸੀ ਨੇ ਟੈਲੀਫੋਨ ਰੱਖ ਦਿੱਤਾ।

## ਅਧਿਆਇ 14

# ਪੰਜਾਬ ਦੀ ਫੇਰੀ

ਰਿੰਪੀ ਨੇ ਐਮ.ਏ. ਅੰਗਰੇਜ਼ੀ ਦਾ ਪਹਿਲਾ ਸਾਲ 58% ਨੰਬਰ ਲੈ ਕੇ ਪਾਸ ਕਰ ਲਿਆ। ਉਸ ਦੀ ਇਸ ਪ੍ਰਾਪਤੀ ਵਿਚ ਪ੍ਰੋ. ਜੋਰਾ ਸਿੰਘ ਨੇ ਬੜਾ ਹੀ ਸਾਥ ਦਿੱਤਾ। ਇਸ ਪ੍ਰਾਪਤੀ ਸਮੇਂ ਅਜੇ ਗਰਮੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਸਨ। ਰਿੰਪੀ ਆਪਣੇ ਬਚਪਨ ਦੇ ਸਮੇਂ ਤੋਂ ਆਪਣੇ ਪਿੰਡ ਬਹੁਤ ਹੀ ਘੱਟ ਗਈ ਸੀ। ਛੋਟੀ ਹੁੰਦੀ ਉਹ ਇਕ ਦੋ ਵਾਰ ਆਪਣੇ ਮਾਪਿਆਂ ਨਾਲ ਪਿੰਡ ਜਾ ਆਈ ਸੀ ਪਰ ਆਪਣੀ ਹੋਸ਼ ਸੰਭਾਲਣ ਤੋਂ ਬਾਅਦ ਉਹ ਕਦੀ ਵੀ ਪਿੰਡ ਨਹੀਂ ਗਈ ਸੀ। ਉਸ ਨੇ ਕੀਰਤੀ ਸਿੰਘ ਪਾਸ ਪਿੰਡ ਜਾਣ ਦੀ ਇੱਛਾ ਪ੍ਰਗਟ ਕੀਤੀ। ਕੀਰਤੀ ਸਿੰਘ ਉਸ ਦੀ ਇਸ ਇੱਛਾ ਤੇ ਬੜਾ ਹੀ ਖ਼ੁਸ਼ ਹੋਇਆ। ਉਹਨੇ ਇਹ ਵੀ ਸੋਚਿਆ ਕਿ ਪਿੰਡ ਜਾਂਦੇ ਸਮੇਂ ਜੋਰਾ ਸਿੰਘ ਨੂੰ ਵੀ ਨਾਲ ਹੀ ਲੈ ਲਿਆ ਜਾਵੇ। ਜੋਰਾ ਸਿੰਘ ਤੇ ਜੱਸੀ ਕਾਰ ਚਲਾਉਂਦੇ ਰਹਿਣਗੇ ਤੇ ਉਹ ਵਿਚ ਆਰਾਮ ਨਾਲ ਬੈਠਾ ਰਹੇਗਾ। ਉਨ੍ਹਾਂ ਪ੍ਰੋਗਰਾਮ ਬਣਾਇਆ ਕਿ ਟੂਰ ਦੌਰਾਨ ਆਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ ਤੇ ਅੰਮ੍ਰਿਤਸਰ ਸਾਹਿਬ ਵੀ ਜਾਇਆ ਜਾਵੇ। ਰਿੰਪੀ ਪਿੰਡ ਦੇ ਜੀਵਨ ਤੋਂ ਜਾਣੂ ਹੋਣਾ ਚਾਹੁੰਦੀ ਸੀ ਤੇ ਨਾਲ ਨਾਲ ਉਹ ਆਪਣੇ ਧਾਰਮਿਕ ਅਸਥਾਨਾਂ ਤੇ ਜਾ ਕੇ ਆਪਣੇ ਧਰਮ ਦਾ ਅਧਿਐਨ ਵੀ ਕਰਨਾ ਚਾਹੁੰਦੀ ਸੀ। ਜੋਰਾ ਸਿੰਘ ਉਸ ਦੇ ਗਾਇਡ ਦੇ ਤੌਰ ਤੇ ਹਰ ਸਮੇਂ ਹਾਜ਼ਰ ਸੀ। ਇਕ ਜਵਾਨ ਲੜਕੀ ਦਾ ਦੋ ਬਜ਼ੁਰਗਾਂ ਦੀ ਸੰਗਤ ਵਿਚ ਇਸ ਪ੍ਰਕਾਰ ਦਾ ਟੂਰ ਲਾਉਣਾ ਨਿਵੇਕਲੀ ਮਹੱਤਤਾ ਰੱਖਦਾ ਸੀ।

ਪ੍ਰੋਗਰਾਮ ਬਣਾ ਕੇ ਉਹ ਪਿੰਡ ਪਹੁੰਚ ਗਏ। ਭਾਵੇਂ ਪਿੰਡ ਦਾ ਜੀਵਨ ਬੜਾ ਨੀਵਾਂ ਤੇ ਸ਼ਾਂਤ ਹੈ ਫਿਰ ਵੀ ਨਵੇਂ ਨਵੇਂ ਬੰਦੇ ਨੂੰ ਇਹ ਵੀ ਚੰਗਾ ਲਗਦਾ ਏ। ਸ਼ਹਿਰ ਮਨੁੱਖ ਨੂੰ ਬੇਗਾਨਾ ਲਗਦਾ ਰਹਿੰਦਾ ਏ, ਪਿੰਡ ਆਪਣਾ ਲਗਦਾ ਏ। ਸ਼ਹਿਰ ਵਿਚ ਮਨੁੱਖ ਨੂੰ ਆਪੋ ਧਾਪ ਲਗਦੀ ਰਹਿੰਦੀ ਏ, ਪਿੰਡ ਵਿਚ ਠਰ੍ਹੰਮਾ ਤੇ ਸੰਤੁਸ਼ਟੀ ਹੈ। ਸ਼ਹਿਰ ਵਿਚ ਮਨੁੱਖ ਨੂੰ ਲੁੱਟ ਖੋਹ ਦਾ ਖ਼ਤਰਾ ਲਗਦਾ ਰਹਿੰਦਾ ਏ। ਪਿੰਡ ਵਿਚ ਆ ਕੇ ਉਹ ਸੁਰੱਖਿਅਤ ਮਹਿਸੂਸ ਕਰਦਾ ਰਹਿੰਦਾ ਏ। ਪੰਜਾਬ ਦੇ ਪਿੰਡਾਂ ਦੀ ਰਾਖੀ ਬਾਹਰਲੀ ਕੋਈ ਸ਼ਕਤੀ ਘੱਟ ਕਰਦੀ ਏ, ਅੰਦਰਲੀ ਸ਼ਕਤੀ ਵੱਧ ਕਰਦੀ ਏ। ਪਿੰਡਾਂ ਦਾ ਆਪਣੀ ਹੀ ਕਿਸਮ ਦਾ ਇਕ ਅੰਦਰੂਨੀ ਅਨੁਸਾਸ਼ਨ ਏ। ਬਹੁਤੇ ਪਿੰਡ ਜੱਟ ਪ੍ਰਧਾਨ ਹਨ। ਅਗਰ ਉਥੇ ਹੋਰ ਜਾਤਾਂ ਵੀ ਰਹਿੰਦੀਆਂ ਹਨ ਉਨ੍ਹਾਂ ਦਾ ਸੁਭਾਅ ਵੀ ਜੱਟਾਂ ਨਾਲ ਰਹਿ ਕੇ ਜੱਟਾਂ ਜਿਹਾ ਹੀ ਬਣ ਜਾਂਦਾ ਹੈ। ਅਗਰ ਇਕ ਪਰਿਵਾਰ ਕਿਸੇ ਦੂਜੇ ਪਰਿਵਾਰ ਨਾਲ ਵਧੀਕੀ ਕਰਦਾ ਏ ਤਾਂ ਉਸ ਪਰਿਵਾਰ ਨੂੰ ਦੂਜੇ ਪਰਿਵਾਰ ਦਾ ਡਰ ਵੱਧ ਹੁੰਦਾ ਏ, ਪੁਲਿਸ ਦਾ ਤੇ ਕਚਹਿਰੀ ਦਾ ਘੱਟ। ਉਥੇ ਆਪਸ ਵਿਚ ਇਕ ਦੂਜੇ ਪ੍ਰਤੀ ਆਦਰ ਵੀ ਅੰਤਾਂ ਦਾ ਏ ਤੇ ਇਕ ਦੂਜੇ ਤੋਂ ਡਰ ਵੀ ਅੰਤਾਂ ਦਾ ਏ। ਹਰ ਇਕ ਨੂੰ ਪਤਾ ਹੁੰਦਾ ਏ ਕਿ ਅਗਰ ਅੱਜ ਉਸ ਨੇ ਕੋਈ ਸ਼ਰਾਰਤ ਕੀਤੀ ਤਾਂ ਕੱਲ੍ਹ ਨੂੰ ਦੂਜਾ ਵੀ ਉਸ ਨਾਲ ਉਸ

ਤੋਂ ਵੱਡੀ ਸ਼ਰਾਰਤ ਕਰ ਸਕਦਾ ਏ। ਇਹ ਆਪਸੀ ਡਰ ਪਿੰਡ ਵਿਚ ਕੁਦਰਤੀ ਅਨੁਸ਼ਾਸ਼ਨ ਕਾਇਮ ਰੱਖਣ ਵਿਚ ਬੜਾ ਸਹਾਈ ਹੁੰਦਾ ਏ। ਦੂਜੀ ਗੱਲ ਇਹ ਹੈ ਕਿ ਬਹੁਤੇ ਪਿੰਡਾਂ ਦਾ ਇਕ ਹੀ ਗੋਤ ਏ। ਕੁਝ ਪਿੰਡ ਐਸੇ ਹਨ ਜਿਨ੍ਹਾਂ ਵਿਚ ਦੋ ਜਾਂ ਤਿੰਨ ਗੋਤ ਹਨ। ਇਕ ਗੋਤ ਦੇ ਬੰਦੇ ਆਪਣੇ ਆਪ ਨੂੰ ਭਰਾ ਭਰਾ ਹੀ ਸਮਝਦੇ ਰਹਿੰਦੇ ਹਨ। ਉਹ ਦੂਜੀਆਂ ਧੀਆਂ ਭੈਣਾਂ ਨੂੰ ਵੀ ਆਪਣੀਆਂ ਧੀਆਂ ਭੈਣਾਂ ਹੀ ਸਮਝਦੇ ਰਹਿੰਦੇ ਹਨ। ਇਹ ਪ੍ਰਵਿਰਤੀ ਸੈਕਸ ਨਾਲ ਸਬੰਧਿਤ ਸ਼ਰਾਰਤਾਂ ਤੇ ਕੁਦਰਤੀ ਕਾਬੂ ਰੱਖਦੀ ਏ। ਇਸੇ ਕਰਕੇ ਪਿੰਡਾਂ ਵਿਚ ਸੈਕਸ 'ਚੋਂ ਘੱਟ ਅਪਰਾਧ ਪੈਦਾ ਹੁੰਦੇ ਹਨ। ਇਸ ਪ੍ਰਕਾਰ ਦੇ ਅਪਰਾਧਾਂ ਦੀ ਸ਼ਹਿਰਾਂ ਵਿਚ ਬਹੁਤਾਤ ਏ। ਤੀਸਰੀ ਗੱਲ ਇਹ ਹੈ ਕਿ ਪਿੰਡ ਇਕ ਛੋਟੀ ਇਕਾਈ ਏ। ਇੱਥੇ ਕਿਸੇ ਦੀ ਸ਼ਰਾਰਤ ਦਾ ਬੜੀ ਜਲਦੀ ਪਤਾ ਲੱਗ ਜਾਂਦਾ ਏ। ਕਈ ਵਾਰ ਤਾਂ ਲੋਕ ਸ਼ਰਾਰਤੀ ਨੂੰ ਐਸਾ ਸਬਕ ਸਿਖਾਉਂਦੇ ਹਨ ਕਿ ਇਹ ਹੋਰ ਸ਼ਰਾਰਤ ਨੂੰ ਉੱਠਣ ਤੋਂ ਜੜ੍ਹੋਂ ਹੀ ਖ਼ਤਮ ਕਰੀ ਰਖਦਾ ਰਹਿੰਦਾ ਏ। ਪਿੰਡਾਂ ਦੇ ਅਪਰਾਧ ਸ਼ਹਿਰਾਂ ਦੇ ਅਪਰਾਧਾਂ ਤੋਂ ਭਿੰਨ ਹਨ। ਪਿੰਡਾਂ ਵਿਚ ਛੋਟੇ ਛੋਟੇ ਤੇ ਘਟੀਆ ਅਪਰਾਧ ਬਹੁਤ ਘੱਟ ਹੁੰਦੇ ਹਨ। ਅਗਰ ਕੋਈ ਹੁੰਦਾ ਹੈ ਤਾਂ ਵੱਡਾ ਅਪਰਾਧ ਹੁੰਦਾ ਏ। ਜਿਸ ਪ੍ਰਕਾਰ ਦਾ ਜੱਟਾਂ ਦਾ ਸੁਭਾਅ ਏ ਉਸੇ ਪ੍ਰਕਾਰ ਦੇ ਇੱਥੇ ਅਪਰਾਧ ਹੁੰਦੇ ਹਨ।

ਰਿੰਪੀ ਨੂੰ ਪਿੰਡ ਪਹੁੰਚ ਕੇ ਬੜਾ ਸਕੂਨ ਮਹਿਸੂਸ ਹੋਇਆ। ਕੀਰਤੀ ਸਿੰਘ ਨੇ ਉਸ ਨੂੰ ਆਪਣਾ ਪੁਰਾਣਾ ਘਰ ਦਿਖਾਇਆ।

— ਡੈਡੀ, ਤੁਸੀਂ ਤਾਂ ਇੱਥੇ ਸਿਰਫ਼ 20 ਕੁ ਸਾਲ ਦੀ ਉਮਰ ਤੱਕ ਹੀ ਰਹੇ ਸੀ। ਉਸ ਤੋਂ ਬਾਅਦ ਤੁਸੀਂ ਪਿੰਡ ਛੱਡ ਗਏ ਸੀ।

— ਹਾਂ, ਧੀਏ ਇਹ ਇਕ ਲੰਬੀ ਕਹਾਣੀ ਏ। ਹੁਣ ਤਾਂ ਪਿੰਡ ਕਾਫ਼ੀ ਚੰਗੇ ਬਣ ਗਏ ਨੇ। ਉਦੋਂ ਪਿੰਡਾਂ ਦੀ ਹਾਲਤ ਬੜੀ ਮਾੜੀ ਹੋਇਆ ਕਰਦੀ ਸੀ। ਐਸ ਘਰ ਵਿਚ ਰਹਿ ਕੇ ਮੈਂ ਦਸਵੀਂ ਜਮਾਤ ਪਾਸ ਕੀਤੀ ਸੀ। ਉਸ ਸਮੇਂ ਇੱਥੇ ਬਿਜਲੀ ਨਹੀਂ ਹੋਇਆ ਕਰਦੀ ਸੀ। ਅਸੀਂ ਜਿਸ ਸੜਕ ਰਾਹੀਂ ਅੱਜ ਪਿੰਡ ਪਹੁੰਚੇ ਹਾਂ ਉਸ ਸਮੇਂ ਇਹ ਸੜਕ ਪੱਕੀ ਵੀ ਨਹੀਂ ਸੀ ਹੋਇਆ ਕਰਦੀ, ਸਿਰਫ਼ ਇਕ ਕੱਚਾ ਰਸਤਾ ਹੋਇਆ ਕਰਦਾ ਸੀ।

— ਡੈਡੀ, ਤੁਹਾਡੀ ਕੋਈ ਪੁਰਾਣੀ ਫ਼ੋਟੋ ਵੀ ਏ? ਕੀ ਤੁਹਾਡੀ ਸਕੂਲ ਵਿਚ ਪੜ੍ਹਦਿਆਂ ਦੀ ਕੋਈ ਫੋਟੋ ਨਹੀਂ ਏ? ਕੀ ਤੁਹਾਡੇ ਵੇਲੇ ਫੋਟੋਗ੍ਰਾਫੀ ਵੀ ਵਿਕਸਤ ਨਹੀਂ ਹੋਈ ਸੀ?

— ਪੁੱਤਰ, ਫੋਟੋਗ੍ਰਾਫੀ ਤਾਂ ਵਿਕਸਤ ਜ਼ਰੂਰ ਹੋ ਚੁੱਕੀ ਸੀ। ਸਾਡੇ ਸਕੂਲ ਵਿਚ ਅੱਠਵੀਂ ਦੀ ਗਰੁੱਪ ਫੋਟੋ ਵੀ ਹੋਈ ਸੀ। ਉਹ ਕਿਧਰੇ ਗੁਆਚ ਗਈ ਸੀ। ਹਾਂ, ਇਹ ਫੋਟੋ ਮੇਰੇ ਕਿਸੇ ਹਮਜਮਾਤੀ ਪਾਸ ਹੋ ਸਕਦੀ ਏ! ਇਸ ਬਾਰੇ ਮੈਂ ਤੈਨੂੰ ਸੋਚ ਕੇ ਫਿਰ ਕਿਸੇ ਵੇਲੇ ਦੱਸਾਂਗਾ। ਜਦ ਮੈਂ ਦਸਵੀਂ ਦਾ ਇਮਤਿਹਾਨ ਦਿੱਤਾ ਤਾਂ ਮੈਂ ਛੇਤੀਂ-ਛੇਤੀਂ ਪਿੰਡ ਛੱਡ ਗਿਆ ਸੀ। ਫੋਟੋ ਉਦੋਂ ਵੀ ਹੋਈ ਸੀ ਪਰ ਮੈਂ ਸਕੂਲ ਤੋਂ ਲੈ ਹੀ ਨਹੀਂ ਸਕਿਆ ਸੀ।

— ਡੈਡੀ ਜੀ, ਤੁਸੀਂ ਪੰਜਵੀਂ ਜਮਾਤ ਤੱਕ ਕਿੱਥੇ ਪੜ੍ਹੇ ਸੀ?

— ਆ, ਮੇਰੇ ਨਾਲ। ਆ ਮੈਂ ਤੈਨੂੰ ਆਪਣਾ ਸਕੂਲ ਦਿਖਾ ਕੇ ਲਿਆਵਾਂ।

(ਤਿੰਨੇ ਜਣੇ ਕਾਰ ਸਟਾਰਟ ਕਰਕੇ ਅੱਗੇ ਪਿੰਡ ਦੇ ਚੜ੍ਹਦੇ ਪਾਸੇ ਵੱਲ ਚਲੇ ਗਏ ਜਿੱਥੇ ਪਿੰਡ ਦਾ ਗੁਰਦੁਆਰਾ ਵੀ ਸੀ ਤੇ ਸਕੂਲ ਵੀ)

— ਅਸੀਂ ਚੌਥੀ ਜਮਾਤ ਤੱਕ ਗੁਰਦੁਆਰੇ ਵਿਚ ਹੀ ਪੜ੍ਹੇ ਸਾਂ।

— ਗੁਰਦੁਆਰੇ ਵਿਚ? ਗੁਰਦੁਆਰਾ ਵੀ ਕਦੀ ਸਕੂਲ ਹੋ ਸਕਦਾ ਏ?

— ਹਾਂ ਧੀਏ, ਸਾਡੇ ਸਮਿਆਂ ਵਿਚ ਕਈ ਸਕੂਲ ਗੁਰਦੁਆਰਿਆਂ ਤੇ ਮੰਦਰਾਂ ਵਿਚ ਹੀ ਹੋਇਆ ਕਰਦੇ ਸਨ।

— ਇਸ ਦਾ ਮਤਲਬ ਇਹ ਹੋਇਆ ਕਿ ਗੁਰਦੁਆਰੇ ਸਕੂਲਾਂ ਤੋਂ ਪੁਰਾਣੇ ਹਨ।

— ਬੇਟੇ ਧਰਮ ਉਦੋਂ ਹੀ ਪੈਦਾ ਹੋ ਗਿਆ ਜਦ ਮਨੁੱਖ ਇਸ ਧਰਤੀ ਤੇ ਪੈਦਾ ਹੋਇਆ। ਵਿਦਿਆ ਦੇ ਅਦਾਰੇ ਬਾਅਦ 'ਚ ਪੈਦਾ ਹੋਏ।

— ਡੈਡੀ ਜੀ, ਸੁਣਨ ਵਿਚ ਤਾਂ ਇੰਞ ਆਉਂਦਾ ਏ ਕਿ ਧਰਮ ਕਈ ਬੁਰਾਈਆਂ ਦੀ ਜੜ੍ਹ ਏ। ਧਰਮ ਦੇ ਨਾਂ ਤੇ ਅੰਤਾਂ ਦਾ ਖ਼ੂਨ ਡੁੱਲ੍ਹਿਆ ਏ। ਮੈਂ ਇਕ ਵਾਰ ਇਕ ਦਿੱਲੀ ਤੋਂ ਛਪਣ ਵਾਲੇ ਰਸਾਲੇ ਵਿਚ ਆਈ.ਐਸ. ਜੌਹਰ ਦਾ ਲੇਖ ਪੜ੍ਹਿਆ ਸੀ। ਇਸ ਲੇਖ ਦਾ ਨਾਂ ਸੀ 'ਧਰਮ ਇੱਕ ਵੱਡਾ ਢੌਂਗ ਏ' (Religion is a Fantastic Fraud.) ਅੱਜ ਕੱਲ੍ਹ ਵੀ ਧਰਮ ਦੇ ਨਾਂ ਤੇ ਬਥੇਰਾ ਖ਼ੂਨ ਡੁੱਲ ਰਿਹਾ ਏ। ਫਿਰ ਵੀ ਧਰਮ ਦੀ ਏਨੀ ਮਹੱਤਤਾ ਕਿਉਂ?

— ਬੇਟੇ ਤੇਰੇ ਇਸ ਸਵਾਲ ਦਾ ਜਵਾਬ ਜੋਰਾ ਸਿੰਘ ਦੇਵੇਗਾ। ਇਸ ਨੇ ਇਸ ਪ੍ਰਕਾਰ ਦਾ ਕਾਫ਼ੀ ਅਧਿਐਨ ਕੀਤਾ ਹੋਇਆ ਏ। ਜੋਰਿਆ ਦੇ ਜਵਾਬ ਬਈ?

— ਬੇਟੇ ਤੇਰੀ ਗੱਲ ਠੀਕ ਏ। ਜਿਹੜੀ ਗੱਲ ਸਮਝਣ ਵਾਲੀ ਏ ਉਹ ਇਹ ਹੈ ਕਿ ਮਨੁੱਖ ਸ਼ੁਰੂ ਤੋਂ ਹੀ ਧਾਰਮਿਕ ਰਿਹਾ ਏ। ਭਾਵੇਂ ਖ਼ੂਨ ਖਰਾਬਾ ਜਿੰਨਾ ਮਰਜ਼ੀ ਹੁੰਦਾ ਰਹੇ ਮਨੁੱਖ ਧਰਮ ਨਹੀਂ ਛੱਡ ਸਕਦਾ। ਜਦ ਅਸੀਂ ਧਰਮ ਦੀ ਗ਼ਲਤ ਵਰਤੋਂ ਕਰਦੇ ਹਾਂ ਤਾਂ ਉਹ ਹਾਨੀਕਾਰਕ ਸਾਬਤ ਹੋਵੇਗਾ ਹੀ। ਅਗਰ ਅਸੀਂ ਅਣੂ ਸ਼ਕਤੀ ਦੀ (Nuclear power) ਗ਼ਲਤ ਵਰਤੋਂ ਕਰੀਏ ਤਾਂ ਉਹ ਵੀ ਮਾਰੂ ਸਾਬਤ ਹੋਵੇਗੀ ਹੀ। ਆਲਫ਼ਰੈਡ ਨੋਬਲ ਨੇ ਡਾਇਨਾਮਾਈਟ (Dynamite) ਦੀ ਖੋਜ ਕੀਤੀ। ਇਸ ਡਾਇਨਾਮਾਈਟ ਨਾਲ ਵੱਡੇ ਪਹਾੜਾਂ ਵਿਚ ਛੇਕ ਕਰਕੇ ਸੁਰਗਾਂ ਬਣਾਈਆਂ ਜਾ ਸਕਦੀਆਂ ਹਨ। ਇਨ੍ਹਾਂ ਸੁਰੰਗਾਂ ਵਿਚ ਦੀ ਰੇਲਵੇ ਦੀਆਂ ਲਾਈਨਾਂ ਵਿਛਾਈਆਂ ਜਾਂਦੀਆਂ ਹਨ। ਇਹੀ ਡਾਇਨਾ ਮਾਈਟ ਬੰਬ ਬਣਾਉਣ ਦੇ ਕੰਮ ਵੀ ਆਉਂਦਾ ਏ। ਬੰਬ ਨਾਲ ਸ਼ਹਿਰ ਦਾ ਸ਼ਹਿਰ ਤਬਾਹ ਵੀ ਕੀਤਾ ਜਾ ਸਕਦਾ ਏ। ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ ਉਸਾਰੂ ਪਹਿਲੂ ਤੇ ਢਾਊਂ ਪਹਿਲੂ। ਫ਼ੈਸਲਾ ਮਨੁੱਖ ਨੇ ਕਰਨਾ ਏ ਕਿ ਇਸ ਦੀ ਵਰਤੋਂ ਕਿਵੇਂ ਕਰਨੀ ਏ। ਜੇ ਦਸਮ ਪਾਤਸ਼ਾਹ ਖਾਲਸਾ ਨਾ ਸਾਜਦੇ ਤਾਂ ਹੋ ਸਕਦਾ ਏ ਕਿ ਅਸੀਂ ਸਭ ਮੁਸਲਮਾਨ ਹੁੰਦੇ। ਇਤਿਹਾਸ ਵਿਚ ਕਿਰਿਆ ਦੀ ਹਮੇਸ਼ਾ ਪ੍ਰਤੀ ਕਿਰਿਆ ਹੁੰਦੀ ਰਹੀ ਏ। ਤੂੰ ਧਰਮ ਦੇ ਇਕ ਹੀ ਪਹਿਲੂ ਵੱਲ ਧਿਆਨ ਦੇ ਰਹੀ ਏ। ਇਸ ਦੇ ਹੋਰ ਵੀ ਕਈ ਪਹਿਲੂ ਹਨ। ਇਹ ਸਾਨੂੰ ਸਦਾਚਾਰ ਤੇ ਸ਼ਿਸ਼ਟਾਚਾਰ ਵੀ ਸਿਖਾਉਂਦਾ ਏ। ਮਨੁੱਖ ਬਹੁਤੀ ਵਾਰ ਕਾਨੂੰਨ ਤੋਂ ਡਰਦਾ ਸੱਚ ਨਹੀਂ ਬੋਲਦਾ, ਉਹ ਧਰਮ ਤੋਂ ਭੈਅ ਖਾ ਕੇ ਸੱਚ ਬੋਲ ਪੈਂਦਾ ਏ। ਅਦਾਲਤਾਂ ਵਿਚ ਪੇਸ਼ ਹੋਣ ਸਮੇਂ ਵੀ ਅਪਰਾਧੀ ਨੂੰ ਇਸੇ ਕਰਕੇ ਧਰਮ ਗ੍ਰੰਥ ਦੀ ਸਹੁੰ ਚੁਕਾਈ ਜਾਂਦੀ ਏ। ਅਗਰ ਸਮਾਜ ਵਿਚ ਕੁਝ ਮਨੁੱਖ ਨਾਸਤਿਕ ਵੀ ਪੈਦਾ ਹੋ ਜਾਣ ਉਹ ਵੀ ਇਕੱਲੇ ਕੁਝ ਨਹੀਂ ਕਰ ਸਕਦੇ। ਸਮਾਜ ਦੇ ਸਾਰੇ ਕੰਮ ਆਮ ਜਨਤਾ ਨੂੰ ਨਾਲ ਲੈ ਕੇ ਹੋਣੇ ਹੁੰਦੇ ਹਨ। ਆਮ ਜਨਮਾ ਮੁੱਢ ਕਦੀਮਾਂ ਤੋਂ ਹੀ ਧਾਰਮਿਕ ਰਹੀ ਏ। ਇਸ ਲਈ ਧਰਮ ਨੂੰ ਨਾਲ ਲੈ ਕੇ ਤੁਰਨਾ ਜ਼ਰੂਰੀ ਏ।

— ਅੰਕਲ, ਮੈਂ ਤੁਹਾਡੀ ਗੱਲ ਨਾਲ ਕਿਸੇ ਹੱਦ ਤੱਕ ਸਹਿਮਤ ਹਾਂ। ਇਕ ਗੱਲ ਹੋਰ ਦੱਸੋ ਨਿੱਤ ਦਿਨ ਨਵੇਂ ਨਵੇਂ ਧਰਮ ਕਿਉਂ ਪੈਦਾ ਹੋਈ ਜਾ ਰਹੇ ਹਨ? ਜਦ ਸਿੱਖ ਧਰਮ ਕਾਫ਼ੀ ਸੀ ਤਾਂ ਇਸ ਨਾਲ ਮਿਲਦੇ ਜੁਲਦੇ ਹੋਰ ਧਰਮਾਂ ਦੀ ਕੀ ਜ਼ਰੂਰਤ ਏ?

— ਮੈਨੂੰ ਲਗਦਾ ਏ, ਤੇਰੇ ਦਿਮਾਗ਼ ਵਿਚ ਅੱਜ ਦੇ ਸਾਧ ਸੰਤ ਆ ਰਹੇ ਹਨ।

— ਨਹੀਂ, ਮੇਰੇ ਦਿਮਾਗ਼ ਵਿਚ ਰਾਧਾ ਸੁਆਮੀ, ਨਾਮਧਾਰੀਏ, ਉਦਾਸੀ, ਨਿਰਮਲੇ ਤੇ ਨਿਰੰਕਾਰੀਏ ਹਨ।

— ਰਾਧਾ ਸੁਆਮੀ, ਨਾਮਧਾਰੀਏ ਤੇ ਨਿਰਮਲੇ ਤੇ ਉਦਾਸੀ ਤਾਂ ਸਿੱਖਾਂ ਦਾ ਹੀ ਰੂਪ ਹਨ। ਉਹ ਸਿੱਖ ਧਰਮ ਨੂੰ ਢਾਹ ਨਹੀਂ ਲਾਉਂਦੇ। ਤੂੰ ਕਦੀ ਇਕ ਰੁੱਖ ਉਪਰ ਦੂਜਾ ਰੁੱਖ ਉੱਗਿਆ ਦੇਖਿਆ ਏ? ਅਗਰ ਨਹੀਂ ਦੇਖਿਆ ਤਾਂ ਮੈਂ ਤੈਨੂੰ ਦਿਖਾ ਸਕਦਾ ਹਾਂ। ਏਥੇ ਥੋੜ੍ਹੀ ਦੂਰ ਸੜਕ ਦੇ ਕਿਨਾਰੇ ਇਕ ਟਾਹਲੀ ਦੇ ਦਰਖ਼ਤ ਤੇ ਪਿੱਪਲ ਦਾ ਦਰਖ਼ਤ ਉਗਿਆ ਹੋਇਆ ਏ। ਉਹ ਟਾਹਲੀ ਨੂੰ ਕੋਈ ਨੁਕਸਾਨ ਨਹੀਂ ਕਰਦਾ ਬਲਕਿ ਟਾਹਲੀ ਉਸ ਦੀ ਰਾਖੀ ਕਰਦੀ ਏ। ਜਿੱਥੋਂ ਤੱਕ ਨਿਰੰਕਾਰੀਆਂ ਜਾਂ ਇਸ ਪ੍ਰਕਾਰ ਦੇ ਹੋਰ ਫਿਰਕਿਆਂ ਦਾ ਸਵਾਲ ਏ ਇਨ੍ਹਾਂ ਵਿਚ ਮੌਲਿਕਤਾ ਦੀ ਘਾਟ ਏ। ਤੂੰ ਆਪਣੀ ਪੜ੍ਹਾਈ ਕਰਦੀ ਨੇ ਸਿੱਖਿਆ ਏ ਕਿ ਹਰ ਵਿਚਾਰ ਨੂੰ ਆਪਣੇ ਸ਼ਬਦਾਂ ਵਿਚ ਲਿਖਣਾ, ਕਿਸੇ ਦੀ ਚੋਰੀ ਕਰਕੇ ਨਾ ਲਿਖਣਾ। ਜਦ ਅਸੀਂ ਕਿਸੇ ਦੀ ਚੋਰੀ ਕਰਕੇ ਆਪਣਾ ਕੁਝ ਲਿਖਦੇ ਹਾਂ ਤਾਂ ਉਹ ਮੌਲਿਕ ਨਹੀਂ ਹੁੰਦਾ। ਬਾਈਬਲ, ਗੀਤਾ, ਕੁਰਾਨ, ਗੁਰੂ ਗ੍ਰੰਥ ਸਾਹਿਬ ਕਿਤਿਓਂ ਵੀ ਚੋਰੀ ਕੀਤੀ ਹੋਈ ਸਮੱਗਰੀ ਦੇ ਆਧਾਰਤ ਨਹੀਂ ਹਨ। ਇਹ ਸਭ ਮਹਾਂਪੁਰਸ਼ਾਂ ਦੀ ਮੌਲਿਕ ਰਚਨਾ ਏ। ਕੁਝ ਲੋਕ ਦੂਜੇ ਧਰਮਾਂ ਦੀ ਨਕਲ ਕਰਦੇ ਹਨ। ਇਸ ਪ੍ਰਕਾਰ ਦੀ ਨਕਲ ਕਦੀ ਕੋਈ ਬਰਦਾਸ਼ਤ ਨਹੀਂ ਕਰ ਸਕਦਾ। ਤੂੰ ਇਸ ਵੇਲੇ ਐਮ.ਏ. ਕਰ ਰਹੀ ਏਂ। ਐਮ. ਏ. ਵਿਚ ਤਾਂ ਫਿਰ ਵੀ ਕਿਤਾਬ ਤੋਂ ਯਾਦ ਕਰਕੇ ਲਿਖਿਆ ਜਾ ਸਕਦਾ ਏ। ਅਗਰ ਤੂੰ ਪੀ.ਐਚ.ਡੀ. ਕਰੇਗੀ ਤਾਂ ਉਹ ਤੇਰੀ ਮੌਲਿਕ ਰਚਨਾ ਹੋਵੇਗੀ। ਮੌਲਿਕ ਰਚਨਾ ਉਹ ਹੁੰਦੀ ਏ ਜਿਸ ਤੋਂ ਦੂਜਿਆਂ ਨੇ ਨਿਵੇਕਲੀ ਸੇਧ ਲੈਣੀ ਹੋਵੇ। ਦੂਜੀ ਗੱਲ ਇਹ ਹੈ, ਜਦ ਸਿਆਸਤ ਤੇ ਧਰਮ ਜ਼ਿਆਦਾ ਹਾਵੀ ਹੋ ਜਾਵੇ ਤਾਂ ਖ਼ੂਨ ਖਰਾਬਾ ਹੋਣ ਦੇ ਚਾਂਸ ਵਧ ਜਾਂਦੇ ਹਨ। ਤੂੰ ਮੁਸਲਮਾਨ ਦੇਸਾਂ ਦੀ ਹਾਲਤ ਹੀ ਦੇਖ ਲੈ। ਉੱਥੇ ਸਿਆਸਤ ਤੇ ਧਰਮ ਹਾਵੀ ਏ। ਇਸ ਪ੍ਰਕਾਰ ਦੀ ਪ੍ਰਸਥਿਤੀ ਸਿਆਸਤ ਨੂੰ ਸੌੜਾ ਕਰ ਦਿੰਦੀ ਏ। ਦੂਜੇ ਪਾਸੇ ਤੂੰ ਇਸਾਈ ਦੇਸ਼ਾਂ ਦੀ ਮਿਸਾਲ ਦੇਖ ਲੈ। ਉਥੇ ਚਰਚ ਸਿਆਸਤ ਵਿਚ ਘੱਟ ਦਖ਼ਲ ਦਿੰਦਾ ਏ। ਉਥੇ ਸਿਆਸਤ ਤੇ ਚਰਚ ਦੋਹਾਂ ਦਾ ਕੰਮ ਠੀਕ ਠਾਕ ਚੱਲ ਰਿਹਾ ਏ।

— ਜਦ ਤੁਸੀਂ ਗੁਰਦੁਆਰਾ ਨੁਮਾ ਸਕੂਲ ਵਿਚ ਪੜ੍ਹਦੇ ਹੁੰਦੇ ਸੀ ਤਾਂ ਕੀ ਤੁਸੀਂ ਧਰਮ ਗ੍ਰੰਥ ਪੜ੍ਹਦੇ ਹੁੰਦੇ ਸੀ ਜਾਂ ਸਰਕਾਰ ਵਲੋਂ ਲਾਗੂ ਕੀਤਾ ਹੋਇਆ ਪਾਠ ਕ੍ਰਮ?

— ਬੇਟਾ, ਪੜ੍ਹਾਈ ਤਾਂ ਮਹਿਕਮੇ ਦੇ ਪਾਠਕ੍ਰਮ ਅਨੁਸਾਰ ਹੀ ਹੁੰਦੀ ਸੀ। ਅਸੀਂ ਪੰਜਾਬੀ, ਹਿਸਾਬ, ਹਿੰਦੀ ਤੇ ਸਰੀਰਕ ਸਿੱਖਿਆ ਆਦਿ ਸਭ ਉਹੀ ਪੜ੍ਹਦੇ ਸਾਂ ਜੋ ਮਹਿਕਮਾ ਸਾਨੂੰ ਕਹਿੰਦਾ ਹੁੰਦਾ ਸੀ। ਫ਼ਰਕ ਸਿਰਫ਼ ਇੰਨਾ ਸੀ ਕਿ ਸਕੂਲ ਦੀ ਅਲੱਗ ਕੋਈ ਇਮਾਰਤ ਨਹੀਂ ਹੋਇਆ ਕਰਦੀ ਸੀ। ਇਸ ਲਈ ਜਮਾਤਾਂ ਗੁਰਦੁਆਰੇ ਦੇ ਇਕ ਹਿੱਸੇ ਵਿਚ ਹੀ ਲਗਦੀਆਂ ਸਨ। ਜਿਸ ਦਿਨ ਸੰਗਰਾਂਦ ਜਾਂ ਗੁਰਪੁਰਬ ਹੋਇਆ ਕਰਦੇ ਸਨ ਉਸ ਦਿਨ ਮੌਜਾਂ ਹੀ ਮੌਜਾਂ।

— ਉਹ ਕਿਵੇਂ?

— ਸੰਗਰਾਂਦ ਤੇ ਗੁਰਪੁਰਬ ਦੇ ਦਿਨ ਤਾਂ ਖਾਸ ਦਿਨ ਹੋਇਆ ਕਰਦੇ ਸਨ। ਉਸ ਦਿਨ ਤਾਂ ਗੁਰਦੁਆਰੇ ਵਿਚ ਸਵੇਰ ਤੋਂ ਹੀ ਚਹਿਲ ਪਹਿਲ ਸ਼ੁਰੂ ਹੋ ਜਾਇਆ ਕਰਦੀ ਸੀ। ਸੰਗਤ ਆਉਣੀ ਸ਼ੁਰੂ ਹੋ ਜਾਇਆ ਕਰਦੀ ਸੀ। ਬੱਚੇ ਕੜਾਹ ਪ੍ਰਸ਼ਾਦ ਵੀ ਛਕਦੇ ਸਨ ਤੇ ਲੰਗਰ ਵੀ। ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਇਕ ਸਮਾਂ ਐਸਾ ਵੀ ਹੋਇਆ ਕਰਦਾ ਸੀ ਜਦ ਗੁਰਦੁਆਰੇ ਦੇ ਭਾਈ ਨੂੰ ਹੀ ਅਸਲੀ ਅਧਿਆਪਕ ਸਮਝਿਆ ਜਾਂਦਾ ਸੀ। ਮੇਰੀ ਮਾਂ ਯਾਨੀ ਕਿ ਤੇਰੀ ਦਾਦੀ ਨੇ ਗੁਰਦੁਆਰੇ ਦੇ ਭਾਈ ਤੋਂ ਹੀ ੳ, ਅ ਪੜ੍ਹਿਆ ਸੀ। ਇਸ ਦੇ ਆਧਾਰ ਤੇ ਉਹ ਆਰਾਮ ਨਾਲ ਚਿੱਠੀ ਪੱਤਰ ਪੜ੍ਹਨ ਲਿਖਣ ਲੱਗ ਪਈ ਸੀ। ਪੁਰਾਣੇ ਜ਼ਮਾਨੇ ਦੇ ਲੋਕ ਜਵਾਨ ਅਧਿਆਪਕਾਂ ਤੇ ਯਕੀਨ ਘੱਟ ਕਰਿਆ ਕਰਦੇ ਸਨ ਤੇ ਬੁੱਢੇ ਭਾਈਆਂ ਤੇ ਵੱਧ। ਅਗਰ ਇਸਤਰੀਆਂ ਭਾਈ ਪਾਸੋਂ ਪੜ੍ਹਨ ਤਾਂ ਇਹ ਸਦਾਚਾਰਕ ਸਮਝਿਆ ਜਾਂਦਾ ਸੀ। ਅਗਰ ਕੋਈ ਹੋਰ ਇਸਤਰੀ ਨੂੰ ਪੜ੍ਹਾਵੇ ਤਾਂ ਸਮਝਿਆ ਜਾਂਦਾ ਸੀ ਕਿ ਲੜਕੀ ਵਿਗੜੀ ਕਿ ਵਿਗੜੀ। ਧਰਮ ਦਾ ਇੰਨਾ ਅਸਰ ਰਿਹਾ ਏ ਸਾਡੇ ਸਮਾਜ ਤੇ। ਭਾਈ ਆਮ ਤੌਰ ਤੇ ਬੁੱਢੇ ਬੰਦੇ ਹੋਇਆ ਕਰਦੇ ਸਨ। ਲੋਕ ਬੁੱਢਿਆਂ ਪਾਸੋਂ ਇਸਤਰੀ ਦੀ ਸਿੱਖਿਆ ਦੁਆਉਣੀ ਜ਼ਿਆਦਾ ਠੀਕ ਸਮਝਦੇ ਸਨ। ਉਹ ਜਵਾਨ ਅਧਿਆਪਕਾਂ ਨੂੰ ਤੀਵੀਂ ਦੇ ਸੰਗ ਬਿਠਾਉਣਾ ਚੰਗਾ ਨਹੀਂ ਸਨ ਸਮਝਦੇ। ਹੁਣ ਤਾਂ ਜ਼ਮਾਨਾ ਬਹੁਤ ਹੀ ਬਦਲ ਗਿਆ ਏ।

ਆਓ ਹੁਣ ਸਕੂਲ ਦੇਖੀਏ।

ਸਕੂਲ ਦੇ ਤਿੰਨ ਸਾਧਾਰਨ ਜਿਹੇ ਕਮਰੇ ਸਨ। ਬੱਚੇ ਜ਼ਮੀਨ ਤੇ ਟਾਟਾਂ ਤੇ ਬੈਠੇ ਸਨ। ਸਿਰਫ਼ ਦੋ ਕੁ ਅਧਿਆਪਕ ਨਜ਼ਰ ਆ ਰਹੇ ਸਨ। ਬੱਚਿਆਂ ਨੇ ਕੋਈ ਵਰਦੀ ਵੀ ਨਹੀਂ ਪਹਿਨੀ ਹੋਈ ਸੀ। ਬਹੁਤੇ ਬੱਚੇ ਦੇਖਣ ਨੂੰ ਗ਼ਰੀਬ ਘਰਾਂ ਤੋਂ ਆਏ ਲੱਗ ਰਹੇ ਸਨ।

— ਬੇਟੇ, ਇਹ ਇਮਾਰਤ ਉਦੋਂ ਬਣੀ ਸੀ ਜਦ ਅਸੀਂ ਚੌਥੀ ਤੋਂ ਪੰਜਵੀਂ ਵਿਚ ਹੋਏ ਸਾਂ। ਉਦੋਂ ਸਿਰਫ਼ ਦੋ ਹੀ ਕਮਰੇ ਹੋਇਆ ਕਰਦੇ ਸਨ। ਉਸ ਤੋਂ ਬਾਅਦ ਇਕ ਕਮਰੇ ਦੀ ਕਾਫ਼ੀ ਦੇਰ ਨੀਂਹ ਭਰੀ ਪਈ ਰਹੀ। ਇਹ ਤੀਸਰਾ ਕਮਰਾ ਕਈ ਸਾਲਾਂ ਬਾਅਦ ਬਣਿਆ। ਕਈ ਸਾਲ ਸਕੂਲ ਵਿਚ ਚੱਜ ਦੇ ਟਾਇਲਟ ਵੀ ਨਹੀਂ ਸਨ ਹੋਇਆ ਕਰਦੇ। ਔਹ ਨਲਕੇ ਦੇ ਪਾਸ ਇਕ ਥੜ੍ਹਾ ਜਿਹਾ ਹੁੰਦਾ ਸੀ ਜਿੱਥੇ ਬੱਚੇ ਟਾਇਲਟ ਜਾਇਆ ਕਰਦੇ ਸਨ। ਅਗਰ ਕਿਸੇ ਬੱਚੇ ਨੇ ਪਿਸ਼ਾਬ ਕਰਨ ਜਾਣਾ ਹੋਵੇ ਤਾਂ ਉਹ ਮਾਸਟਰ ਦੇ ਮੂਹਰੇ ਹੱਥ ਜੋੜ ਕੇ ਕਿਹਾ ਕਰਦਾ ਸੀ-ਮਾਸਟਰ ਜੀ ਦੋ ਮਿੰਟ ਜਾਂ ਆਵਾਂ। ਅਗਰ ਕਿਸੇ ਨੇ ਲੈਟਰੀਨ ਕਰਨ ਜਾਣਾ ਹੋਵੇ ਤਾਂ ਉਹ ਮਾਸਟਰ ਦੇ ਮੂਹਰੇ ਹੱਥ ਜੋੜ ਕੇ ਕਿਹਾ ਕਰਦਾ ਸੀ-ਮਾਸਟਰ ਜੀ ਪੰਜ ਮਿੰਟ ਜਾ ਆਵਾਂ। ਪੰਜ ਮਿੰਟ ਵਾਲੇ ਬੱਚੇ ਨੂੰ ਗੁਰਦੁਆਰੇ ਦੇ ਅਹਾਤੇ ਵਿਚ ਜਾਣਾ ਹੁੰਦਾ ਸੀ ਕਿਉਂਕਿ ਉਥੇ ਟਾਇਲਟਾਂ ਬਣੀਆਂ ਹੋਈਆਂ ਹਨ। ਕੁਝ ਸਾਲਾਂ ਬਾਅਦ ਸਾਡੇ ਪਿੰਡ ਦਾ ਹਰਨਾਮ ਸਿਹੁੰ ਬਾਹਰੋਂ ਇੰਗਲੈਂਡ ਤੋਂ ਆਇਆ। ਉਸ ਨੇ ਸਕੂਲ ਵਿਚ ਨਵੀਆਂ ਟਾਇਲਟਾਂ ਬਣਾ ਕੇ ਦਿੱਤੀਆਂ। ਫਿਰ ਇਕ ਹੋਰ ਸੱਜਣ ਕੈਨੇਡਾ ਤੋਂ ਆਇਆ। ਉਹ ਇਹ ਤੀਸਰਾ ਕਮਰਾ ਪੂਰਾ ਕਰ ਗਿਆ। ਇਸ ਪ੍ਰਕਾਰ ਸਰਕਾਰ ਤੇ ਬਾਹਰਲਿਆਂ ਦੇ ਸਾਂਝੇ ਉਦਮ ਨਾਲ ਪਿੰਡਾਂ ਵਿਚ ਵਿਕਾਸ ਵੱਧ ਹੁੰਦਾ ਏ।

ਇਹ ਗੁਰਦੁਆਰਾ ਸਾਹਿਬ ਦੀ ਇਮਾਰਤ ਤਾਂ ਸਾਰੀ ਦੀ ਸਾਰੀ ਪਿੰਡ ਵਾਸੀਆਂ ਤੇ

ਬਾਹਰਲਿਆਂ ਦੇ ਉਦਮ ਨਾਲ ਹੀ ਬਣੀ ਸੀ। ਗੁਰਦੁਆਰੇ ਪ੍ਰਤੀ ਲੋਕ ਵੱਧ ਦਾਨੀ ਹੁੰਦੇ ਹਨ। ਪਿੰਡ ਦੇ ਇਕ ਦੋ ਬੁੱਢਿਆਂ ਨੇ ਤਾਂ ਗੁਰਦੁਆਰੇ ਦੇ ਨਾਮ ਜ਼ਮੀਨ ਦੇ ਦੋ ਦੋ ਖੇਤ ਹੀ ਲਗਵਾ ਦਿੱਤੇ ਸਨ। ਇਨ੍ਹਾਂ ਖੇਤਾਂ ਤੋਂ ਆਉਣ ਵਾਲੀ ਆਮਦਨ ਵੀ ਗੁਰਦੁਆਰੇ ਦੇ ਵਿਕਾਸ ਤੇ ਲਗਦੀ ਰਹਿੰਦੀ ਏ।

— ਸਕੂਲ ਦੇ ਬੱਚਿਆਂ ਦੀ ਹਾਲਤ ਨੂੰ ਦੇਖ ਕੇ ਤਾਂ ਇੰਝ ਲਗਦਾ ਏ ਕਿ ਪਿੰਡ ਵਾਸੀ ਬਹੁਤ ਹੀ ਗ਼ਰੀਬ ਹਨ।

— ਬੇਟੇ, ਤੇਰੀ ਇਹ ਧਾਰਨਾ ਗ਼ਲਤ ਏ। ਪਿੰਡ ਦੇ ਬਹੁਤ ਸਾਰੇ ਬੱਚੇ ਲਾਗਲੇ ਸ਼ਹਿਰ ਵਿਚ ਮਾਡਲ ਸਕੂਲ ਵਿਚ ਪੜ੍ਹਨ ਜਾਂਦੇ ਹਨ। ਖਾਂਦੇ ਪੀਂਦੇ ਘਰਾਂ ਦੇ ਬੱਚੇ ਤਾਂ ਸਾਰੇ ਸ਼ਹਿਰ ਚਲੇ ਜਾਂਦੇ ਹਨ, ਪਿੰਡ ਵਿਚ ਤਾਂ ਉਹੀ ਬੱਚੇ ਪੜ੍ਹਦੇ ਹਨ ਜਿਨ੍ਹਾਂ ਦੇ ਮਾਂ ਪਿਓ ਬੱਚੇ ਦਾ ਸ਼ਹਿਰ ਦਾ ਖਰਚਾ ਨਹੀਂ ਝੱਲ ਸਕਦੇ। ਸ਼ਹਿਰਾਂ ਵਿਚ ਵੀ ਕਈ ਕਿਸਮ ਦੇ ਸਕੂਲ ਹਨ। ਇਕ ਜ਼ਿਆਦਾ ਚੰਗੇ ਹਨ ਜੋ ਮਾਨਤਾ ਪ੍ਰਾਪਤ ਹਨ ਤੇ ਦੂਜੇ ਮਾਨਤਾ ਤੋਂ ਬਗ਼ੈਰ। ਕਈਆਂ ਨੇ ਯੋਗਤਾ ਪ੍ਰਾਪਤ ਅਧਿਆਪਕ ਰੱਖੇ ਹੋਏ ਹਨ ਤੇ ਕਈਆਂ ਨੇ ਬਿਨਾਂ ਯੋਗਤਾ ਤੋਂ ਹੀ। ਤੈਨੂੰ ਚੰਡੀਗੜ੍ਹ ਰਹਿੰਦੀ ਨੂੰ ਬਹੁਤੀਆਂ ਗੱਲਾਂ ਦਾ ਪਤਾ ਹੀ ਨਹੀਂ ਲਗਦਾ। ਪਿੰਡ ਵਿਚ ਤਾਂ ਕਈ ਸਕੂਲ ਨਿਰੀਆਂ ਦੁਕਾਨਾਂ ਹਨ।

— ਸਰਕਾਰ ਇਸ ਸਿਸਟਮ ਨੂੰ ਸੁਧਾਰਨ ਲਈ ਕੁਝ ਨਹੀਂ ਕਰਦੀ?

— ਜੋਗਾ ਸਿਹਾਂ, ਤੂੰ ਦੱਸ ਸਰਕਾਰ ਕੀ ਕਰ ਸਕਦੀ ਏ? ਵਿਦਿਆ ਢਾਂਚੇ ਵਿਚ ਅਨੇਕਾਂ ਘਾਟਾਂ ਹਨ? ਬੱਚੇ ਦੇਸ਼ ਦਾ ਧੰਨ ਹਨ। ਅਗਰ ਕੋਈ ਦੇਸ਼ ਇਨ੍ਹਾਂ ਦੇ ਜੀਵਨ ਨਾਲ ਖਿਲਵਾੜ ਕਰਦਾ ਏ ਤਾਂ ਉਹ ਬਹੁਤ ਵੱਡਾ ਜੁਰਮ ਕਰ ਰਿਹਾ ਏ।

— ਬਾਈ ਜੀ ਤੇ ਬੇਟੀ ਰਿੰਪੀ, ਮੈਂ ਬਾਹਰਲੇ ਵਿਕਸਤ ਦੇਸ਼ਾਂ ਦੇ ਵਿਦਿਅਕ ਢਾਂਚੇ ਬਾਰੇ ਕਈ ਕੁਝ ਸੁਣਿਆ ਏ ਤੇ ਕਈ ਕੁਝ ਪੜ੍ਹਿਆ ਵੀ ਏ। ਸਾਡੇ ਇੱਥੇ ਹਰ ਦੁੱਕੀ ਤਿੱਕੀ ਅਧਿਆਪਕ ਤੇ ਪ੍ਰਿੰਸੀਪਲ ਬਣੀ ਬੈਠਾ ਏ, ਉੱਥੇ ਅਧਿਆਪਕ ਬਣਨਾ ਬੜਾ ਹੀ ਔਖਾ ਏ। ਠੀਕ ਹੈ ਸਾਡੇ ਦੇਸ਼ ਵਿਚ ਵੀ ਤੇ ਉਨ੍ਹਾਂ ਦੇਸਾਂ ਵਿਚੋਂ ਵੀ ਕਈ ਦੇਸ਼ਾਂ ਵਿਚ ਦੂਹਰੀ ਅਰਥ ਵਿਵਸਥਾ (Mixed Economy) ਹੈ ਇਸ ਦਾ ਮਤਲਬ ਇਹ ਹੈ ਕਿ ਸਰਕਾਰੀ ਅਦਾਰਿਆਂ ਦੇ ਨਾਲ-ਨਾਲ ਪ੍ਰਾਈਵੇਟ ਅਦਾਰੇ ਵੀ ਕੰਮ ਕਰਨਗੇ ਪ੍ਰੰਤੂ ਪ੍ਰਾਈਵੇਟ ਅਦਾਰਿਆਂ ਦਾ ਮਤਲਬ ਇਹ ਨਹੀਂ ਕਿ ਹਰ ਜਣਾ ਖਣਾ ਬਿਨਾਂ ਕਿਸੇ ਯੋਗਤਾ ਦੇ ਅਧਿਆਪਕ ਤੇ ਪ੍ਰਿੰਸੀਪਲ ਬਣ ਕੇ ਬੈਠ ਜਾਵੇ। ਵਿਕਸਤ ਦੇਸ਼ਾਂ ਵਿਚ ਯੋਗਤਾ ਤੋਂ ਬਗ਼ੈਰ ਬੰਦਾ ਜਮਾਤ ਵਿਚ ਢੁੱਕ ਹੀ ਨਹੀਂ ਸਕਦਾ। ਕਈਆਂ ਨੂੰ ਤਾਂ ਸੰਪੂਰਨ ਅਧਿਆਪਕ ਬਣਨ ਤੋਂ ਪਹਿਲਾਂ ਇਕ ਟੀਚਰ ਏਡੀ (Teacher Aide) ਦੇ ਤੌਰ ਤੇ ਕੰਮ ਕਰਨਾ ਪੈਂਦਾ ਏ। ਉਥੇ ਅਧਿਆਪਕ ਬਣਨ ਲਈ ਸਖ਼ਤ ਪ੍ਰੀਖਿਆਵਾਂ ਵਿੱਚੋਂ ਗੁਜ਼ਰਨਾ ਪੈਂਦਾ ਏ। ਉਥੇ ਦੇ ਤੇ ਏਥੇ ਦੇ ਅਧਿਆਪਨ ਦੇ ਤੌਰ ਤਰੀਕਿਆਂ ਵਿਚ ਵੀ ਬੜਾ ਫ਼ਰਕ ਏ।

— ਅੰਕਲ, ਚੰਡੀਗੜ੍ਹ ਸਭ ਕੁਝ ਓਹੀ ਏ ਜੋ ਬਾਹਰ ਦੇ ਮੁਲਕਾਂ ਵਿਚ ਏ।

— ਇਸ ਕਥਨ ਤੇ ਮੈਂ ਤੇਰੇ ਨਾਲ ਬਹੁਤਾ ਸਹਿਮਤ ਨਹੀਂ। ਮੈਂ ਮੰਨਦਾ ਹਾਂ ਕਿ ਚੰਡੀਗੜ੍ਹ ਵਿਚ ਸਿਲੇਬਸ ਦੀ ਇਕਸਾਰਤਾ ਹੋਵੇਗੀ। ਸੈਂਟਰ ਅਧੀਨ ਹੋਣ ਕਰਕੇ ਹੋ ਸਕਦਾ ਏ ਉੱਥੇ ਬਿਨਾਂ ਲੋੜੀਂਦੀ ਯੋਗਤਾ ਤੋਂ ਕੋਈ ਸਕੂਲ ਵੀ ਨਾ ਖੋਲ੍ਹ ਸਕਦਾ ਹੋਵੇ ਪ੍ਰੰਤੂ ਪੜ੍ਹਾਈ

ਦੇ ਤੌਰ ਤਰੀਕੇ ਓਨੇ ਨਵੀਨ ਨਹੀਂ ਹਨ ਜਿੰਨੇ ਵਿਕਸਤ ਦੇਸ਼ਾਂ ਵਿਚ ਹਨ। ਵਿਕਸਤ ਦੇਸ਼ਾਂ ਵਿਚ ਪੜ੍ਹਾਈ ਵਿਚ ਨਵੀਨਤਾ (novelty) ਤੇ ਖੋਜ (innovation) ਤੇ ਸਮੱਗਰੀ ਦੀ ਛਾਣਬੀਣ (research) ਤੇ ਪੇਸ਼ਕਾਰੀ (Presentation) ਵੱਲ ਵਧ ਧਿਆਨ ਦਿੱਤਾ ਜਾਂਦਾ ਏ। ਇਨ੍ਹਾਂ ਕੰਮਾਂ ਵਿਚ ਕੰਪਿਊਟਰ, ਆਧੁਨਿਕ ਲਾਇਬਰੇਰੀਆਂ, ਵੀ.ਡੀ.ਓ. ਤੇ ਓਵਰ ਹੈੱਠ ਪ੍ਰਾਜੈਕਟਰ ਨੇ ਬੜਾ ਯੋਗਦਾਨ ਪਾਇਆ ਏ। ਉਥੇ ਨਵੀਂ ਤੋਂ ਨਵੀਂ ਸਮੱਗਰੀ ਵਿਦਿਆਰਥੀਆਂ ਮੂਹਰੇ ਰੱਖੀ ਜਾਂਦੀ ਏ, ਸਾਡੇ ਦੇਸ਼ ਵਿਚ ਉਸ ਸਮੱਗਰੀ ਦਾ ਬੇਹਾ ਰੂਪ ਕਈ-ਕਈ ਦੇਰ ਚਲਦਾ ਰਹਿੰਦਾ ਏ। ਉਥੇ ਐਂਪਥੀ (Empathy) ਤੇ ਰੋਲ ਪਲੇਅ (Role-Play) ਜਿਹੇ ਤਰੀਕੇ ਵੀ ਅਪਣਾਏ ਜਾਂਦੇ ਹਨ।

— ਅੰਕਲ, ਇਹ ਤੁਸੀਂ ਕੀ ਬੋਲਿਆ?

— Sympathy?

— ਇਹ Sympathy ਨਹੀਂ, ਇਹ Empathy ਏ।

— ਇਹ Empathy ਕੀ ਹੁੰਦੀ ਏ?

— Empathy ਦਾ ਡਿਕਸਨਰੀ ਅਰਥ ਹੈ- ਦੂਜੇ ਦੀਆਂ ਭਾਵਨਾਵਾਂ ਨੂੰ ਸ਼ਿੱਦਤ ਨਾਲ ਮਹਿਸੂਸ ਕਰਨਾ। the ability to imagine oneself in the Position of another person, and so to share and understand another person's feelings. ਮਿਸਾਲ ਦੇ ਤੌਰ 'ਤੇ ਕਿਸੇ ਬੱਚੇ ਨੂੰ ਘਰ ਦੀ ਕੋਈ ਸਮੱਸਿਆ ਏ। ਸਾਡੇ ਅਧਿਆਪਕ ਉਸ ਦੀ ਘਰੇਲੂ ਸਮੱਸਿਆ ਨੂੰ ਸਮਝੇ ਬਗ਼ੈਰ ਹੀ ਉਸ ਨੂੰ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿੰਦੇ ਹਨ। ਇਹ ਘੋਰ ਅਨਿਆਂ ਹੈ। ਅਧਿਆਪਕ ਖ਼ੁਦ ਬੱਚੇ ਦੀ ਉਸ ਸਮੱਸਿਆ ਵਿਚ ਹੋ ਕੇ ਮਹਿਸੂਸ ਕਰੇ ਕਿ ਇਸ ਸਮੱਸਿਆ ਦਾ ਕੀ ਸਮਾਧਾਨ ਹੋ ਸਕਦਾ ਏ। ਉਸ ਦੇ ਮਾਪਿਆਂ ਨੂੰ ਸਕੂਲ ਸੱਦੇ। ਉਨ੍ਹਾਂ ਨੂੰ ਸਮਝਾਵੇ ਕਿ ਬੱਚੇ ਨੂੰ ਪੇਸ਼ ਆਉਣ ਵਾਲੀ ਸਮੱਸਿਆ ਦਾ ਹੱਲ ਕਿਵੇਂ ਲੱਭਿਆ ਜਾਵੇ। ਬੱਚਾ ਤਾਂ ਨਾਦਾਨ ਏ, ਉਹ ਭੋਲਾ ਭਾਲਾ ਏ। ਉਹ ਕਿਸੇ ਸਮੱਸਿਆ ਦਾ ਸ਼ਿਕਾਰ ਹੈ। ਉਹ ਆਪ ਇਸ ਸਮੱਸਿਆ ਵਿਚੋਂ ਨਹੀਂ ਨਿਕਲ ਸਕਦਾ। ਇਸ ਵਿਚੋਂ ਕੱਢਣ ਲਈ ਅਧਿਆਪਕ ਅਤੇ ਮਾਪੇ ਉਸ ਦੀ ਸਹਾਇਤਾ ਕਰਨ। ਮੰਨ ਲਓ ਇਕ ਬੱਚਾ ਕਾਫ਼ੀ ਮੋਟਾ ਏ। ਬਾਕੀ ਸਕੂਲ ਦੇ ਬੱਚੇ ਉਸ ਨੂੰ 'ਮੋਟੂ ਮੋਟਾ ਕਹਿ ਕੇ ਛੇੜਦੇ ਰਹਿੰਦੇ ਹਨ। ਅਧਿਆਪਕ ਸੋਚੇ ਕਿ ਉਸ ਨੂੰ ਇਸ ਛੇੜਛਾੜ ਰੂਪੀ ਕਰੋਪੀ ਤੋਂ ਕਿਵੇਂ ਬਚਾਇਆ ਜਾ ਸਕਦਾ ਏ। ਅਧਿਆਪਕ ਇਹ ਮਹਿਸੂਸ ਕਰੇ ਕਿ ਅਗਰ ਉਸ ਨਾਲ ਇੰਝ ਹੋਵੇ ਤਾਂ ਉਹ ਕਿਵੇਂ ਮਹਿਸੂਸ ਕਰੇਗਾ। ਬਾਕੀ ਉਨ੍ਹਾਂ ਵਿਕਸਤ ਦੇਸ਼ਾਂ ਵਿਚ ਜਮਾਤ ਦੇ ਪ੍ਰਬੰਧ ਤੇ ਨਿੱਤ ਨਵੇਂ ਤਜ਼ਰਬੇ ਹੁੰਦੇ ਰਹਿੰਦੇ ਹਨ। ਇਹ ਇਕ ਵਿਸ਼ਾਲ ਖੇਤਰ ਏ। ਇਹ ਤਜ਼ਰਬੇ ਸਾਡੇ ਵੀ ਜਮਾਤਾਂ ਦੇ ਪ੍ਰਬੰਧ ਤੇ ਲਾਗੂ ਹੋਣੇ ਚਾਹੀਦੇ ਹਨ। ਮੇਰਾ ਇਕ ਦੋਸਤ ਆਸਟਰੇਲੀਆ ਵਿਚ ਅਧਿਆਪਕ ਏ। ਉਹ ਦਸਦਾ ਸੀ ਕਿ ਜਮਾਤ ਵਿਚ ਅਧਿਆਪਕ ਨੂੰ ਬੱਚਿਆਂ ਦੀਆਂ ਭਾਵਨਾਵਾਂ ਨੂੰ ਉਬਾਲਾ ਦੇਣਾ ਆਉਣਾ ਚਾਹੀਦਾ ਏ। ਉਹ ਕਹਿੰਦਾ ਸੀ ਕਿ ਭਾਰਤ ਵਿਚ ਅਗਰ ਜਮਾਤ ਚੁੱਪ ਚਾਪ ਬੈਠੀ ਹੋਵੇ ਤਾਂ ਸਮਝਿਆ ਜਾਂਦਾ ਏ ਕਿ ਪੜ੍ਹਾਈ ਬਹੁਤ ਹੀ ਵਧੀਆ ਹੋ ਰਹੀ ਏ, ਆਸਟਰੇਲੀਆ ਵਿਚ ਅਗਰ ਜਮਾਤ ਵਿਚ ਬੋਲ ਬੁਰਾਲਾ ਹੁੰਦਾ ਹੋਵੇ ਤਾਂ ਸਮਝਿਆ ਜਾਂਦਾ ਏ ਕਿ ਪੜ੍ਹਾਈ ਬਹੁਤ ਹੋ ਰਹੀ ਏ। ਇਸ ਬੋਲ ਬੁਰਾਲੇ ਦਾ ਅਰਥ

ਇਹ ਹੈ ਕਿ ਅਧਿਆਪਕ ਖੜ੍ਹਾ ਇਕੱਲਾ ਹੀ ਨਾ ਬੋਲੀ ਜਾਵੇ। ਅਗਰ ਉਸ ਨੇ ਇਕੱਲੇ ਨੇ ਹੀ ਬੋਲਣਾ ਹੈ ਫਿਰ ਤਾਂ ਵਿਦਿਆਰਥੀ ਉਹ ਕੁਝ ਪੁਸਤਕ ਤੋਂ ਵੀ ਪੜ੍ਹ ਸਕਦੇ ਹਨ ਜੋ ਕੁਝ ਉਹ ਪੜ੍ਹਾ ਰਿਹਾ ਏ। ਜਮਾਤ ਵਿਚ ਸਵਾਲ ਜਵਾਬ ਦਾ ਸਿਲਸਿਲਾ ਚਲਣਾ ਚਾਹੀਦਾ ਏ। ਇਨ੍ਹਾਂ ਸਵਾਲਾਂ ਜਵਾਬਾਂ ਨਾਲ ਬੱਚਿਆਂ ਦੀਆਂ ਭਾਵਨਾਵਾਂ ਉਬਾਲਾ ਖਾਣੀਆਂ ਚਾਹੀਦੀਆਂ ਹਨ। ਅਗਰ ਜਮਾਤ ਵਿਚ ਸਿਕੰਦਰ ਮਹਾਨ ਬਾਰੇ ਪੜ੍ਹਾਇਆ ਜਾ ਰਿਹਾ ਏ ਤਾਂ ਸਿਕੰਦਰ ਬਾਰੇ ਅੱਠ ਦਸ ਸਵਾਲ ਵੀ ਪੁੱਛਣੇ ਚਾਹੀਦੇ ਹਨ। ਬੱਚੇ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ। ਅਗਰ ਅਧਿਆਪਕ ਯੂਨਾਈਟਡ ਨੈਸ਼ਨਜ਼ ਬਾਰੇ ਪੜ੍ਹਾ ਰਿਹਾ ਏ ਤਾਂ ਦੱਸੇ ਕਿ ਇਸ ਬਾਡੀ ਨੇ ਸਭ ਤੋਂ ਨੇੜਲੇ ਅਤੀਤ ਵਿਚ ਕਿਸ ਦੇਸ਼ ਵਿਚ ਦਖ਼ਲ ਦੇ ਕੇ ਉੱਥੇ ਹੋਣ ਵਾਲੇ ਅਨਿਆਂ ਨੂੰ ਰੋਕਿਆ। ਅਧਿਆਪਕ ਦਾ ਅਸਲੀ ਕੰਮ ਬੱਚਿਆਂ ਦੀਆਂ ਕੁਝ ਜਾਨਣ ਪ੍ਰਤੀ ਭਾਵਨਾਵਾਂ ਨੂੰ ਝੰਜੋੜਨਾ ਹੈ। ਅਗਰ ਉਹ ਇੰਝ ਨਹੀਂ ਕਰਦਾ ਤਾਂ ਉਹ ਇਕ ਬੇਜ਼ਾਨ ਕਿਤਾਬ ਵਾਂਗ ਏ ਜਿਸ ਨੂੰ ਕੋਈ ਵਿਦਿਆਰਥੀ ਸਕੂਲ ਜਾਂ ਕਾਲਜ ਗਏ ਬਗ਼ੈਰ ਪੜ੍ਹਕੇ ਵੀ ਪ੍ਰੀਖਿਆ ਪਾਸ ਕਰ ਸਕਦਾ ਏ। ਸਿਖਾਉਣਾ ਤੇ ਸਿੱਖਣਾ ਪ੍ਰਸਪਰ ਆਦਾਨ ਪ੍ਰਦਾਨ ਤੇ ਆਧਾਰਤ ਹਨ। ਇਸ ਆਦਾਨ ਪ੍ਰਦਾਨ ਵਿਚ ਭਾਵਨਾਵਾਂ ਦਾ ਝੰਜੋੜ ਹੋਣਾ ਅਤੀ ਜ਼ਰੂਰੀ ਏ। ਜਦ ਭਾਵਨਾਵਾਂ ਝੰਜੋੜ ਹੁੰਦੀਆਂ ਹਨ ਤਾਂ ਜਵਾਬਾਂ ਵਿਚੋਂ ਵੀ ਨਵੇਂ ਨਵੇਂ ਹੋਰ ਸਵਾਲ ਨਿਕਲਦੇ ਹਨ। ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਵੀ ਨਾਲ ਨਾਲ ਹੀ ਦਿੱਤੇ ਜਾਂਦੇ ਹਨ। ਅਧਿਆਪਕ ਇਨ੍ਹਾਂ ਸਵਾਲਾਂ ਲਈ ਬੱਚਿਆਂ ਨੂੰ ਵੱਧ ਤੋਂ ਵੱਧ ਉਕਸਾਉਂਦਾ ਏ। ਇਨ੍ਹਾਂ ਦੇ ਜਵਾਬ ਬਾਕੀ ਬੱਚਿਆਂ ਤੋਂ ਪੁੱਛਦਾ ਏ। ਅਗਰ ਕਿਸੇ ਸਵਾਲ ਦਾ ਜਵਾਬ ਜਮਾਤ ਵਿਚੋਂ ਨਾ ਮਿਲੇ ਤਾਂ ਉਹ ਆਪ ਅੱਧਾ ਪਚੱਧਾ ਜਵਾਬ ਦੇ ਕੇ ਬੱਚਿਆਂ ਨੂੰ ਪੂਰਾ ਜਵਾਬ ਦੇਣ ਤੱਕ ਅੱਗੇ ਤੋਰਦਾ ਹੈ। ਇਸ ਪ੍ਰਕਾਰ ਦਾ ਭਾਵਨਾਵਾਂ ਦਾ ਝੰਜੋੜ ਨਾਟਕ (Role Play) ਕਰਵਾਉਣ ਨਾਲ ਵੀ ਬੱਚਿਆਂ ਵਿਚ ਪੈਦਾ ਹੁੰਦਾ ਏ। ਜਦ ਬੱਚੇ ਕਿਸੇ ਨਾਟਕ ਵਿਚ ਹਿੱਸਾ ਲੈਂਦੇ ਹਨ ਤਾਂ ਉਹ ਅੰਤਾਂ ਦੇ ਉਤਸ਼ਾਹਿਤ ਹੁੰਦੇ ਹਨ। ਕੋਈ ਪ੍ਰਧਾਨ ਮੰਤਰੀ ਬਣਦਾ ਏ, ਕੋਈ ਸਪੀਕਰ, ਕੋਈ ਮਨਿਸਟਰ ਤੇ ਕੋਈ ਕੁਝ ਹੋਰ। ਇਹ ਰੋਲ ਉਨ੍ਹਾਂ ਨੂੰ ਸਾਰਾ ਅਧਿਆਇ ਇਨਾ ਪੱਕੀ ਤਰ੍ਹਾਂ ਯਾਦ ਕਰਵਾ ਦਿੰਦੇ ਹਨ ਕਿ ਉਹ ਇਹਨੂੰ ਸਾਰਾ ਜੀਵਨ ਨਹੀਂ ਭੁੱਲ ਸਕਦੇ। ਕਈ ਤਾਂ ਇਹ ਰੋਲ ਕਰਕੇ ਇੰਝ ਮਹਿਸੂਸ ਕਰਨ ਲੱਗ ਪੈਂਦੇ ਹਨ ਜਿਵੇਂ ਉਹ ਖ਼ੁਦ ਵੀ ਇਕ ਦਿਨ ਉਹੀ ਕੁੱਝ ਬਣਨਗੇ ਜਿਸ ਦਾ ਅਭਿਨੇ ਉਨ੍ਹਾਂ ਕੀਤਾ ਏ। ਤੇਰਾ ਕੀ ਖ਼ਿਆਲ ਏ ਬੇਟੀ?

— ਅੰਕਲ, ਤੁਸੀਂ ਤਾਂ ਸੱਚਮੁੱਚ ਹੀ ਬੜਾ ਕੁਝ ਜਾਣਦੇ ਹੋ। ਅਸੀਂ ਤਾਂ ਚੰਡੀਗੜ੍ਹ ਨੂੰ ਬਾਕੀਆਂ ਨਾਲੋਂ ਕਾਫ਼ੀ ਉੱਚਾ ਸਮਝਦੇ ਸਾਂ। ਮੈਨੂੰ ਤਾਂ ਇੰਝ ਲੱਗਣ ਲੱਗ ਪਿਆ ਏ ਜਿਵੇਂ ਸਾਡੇ ਚੰਡੀਗੜ੍ਹ ਦੇ ਸਕੂਲਾਂ ਵਿਚ ਵੀ ਉਹ ਕੁਝ ਨਹੀਂ ਕਰਵਾਇਆ ਜਾਂਦਾ ਜੋ ਕੁਝ ਕਰਵਾਇਆ ਜਾਣਾ ਚਾਹੀਦਾ ਏ। ਇੱਥੋਂ ਤੱਕ ਕਿ ਸਾਡੇ ਡਿਪਾਰਟਮੈਂਟ ਵਿਚ ਵੀ ਇਹ ਸਭ ਕੁਝ ਨਹੀਂ ਸੀ ਹੁੰਦਾ। ਕਈ ਪ੍ਰੋਫੈਸਰ ਤਾਂ ਬਹੁਤ ਹੀ ਵਧੀਆ ਸਨ ਤੇ ਕਈ ਨਿਰੇ ਬਕਵਾਸ। ਸਾਡਾ ਇਕ ਪ੍ਰੋਫੈਸਰ ਤਾਂ ਬੱਸ ਖੜ੍ਹਾ ਖੜ੍ਹਾ ਇਕ ਪਾਸੇ ਨੂੰ ਦੇਖਦਾ ਦੇਖਦਾ ਲੈਕਚਰ ਦਿੰਦਾ ਰਹਿੰਦਾ ਸੀ। ਜਮਾਤ ਕਈ ਵਾਰ ਪੈਰਾਂ ਨਾਲ ਖੜ੍ਹ ਖੜ੍ਹ ਕਰਦੀ ਰਹਿੰਦੀ ਸੀ। ਉਹ ਪ੍ਰੋਫੈਸਰ ਤਾਂ ਬੱਸ ਆਪਣਾ ਸਮਾਂ ਪਾਸ ਕਰਿਆ ਕਰਦਾ ਸੀ।

— ਪੁੱਤਰ, ਅਸੀਂ ਤਾਂ ਸਾਰਾ ਸਮਾਂ ਸਕੂਲ ਤੇ ਗੁਰਦੁਆਰੇ ਵਿਚ ਹੀ ਲਗਾ ਦਿੱਤਾ। ਆਓ ਕੁਝ ਪਿੰਡ ਦੇ ਬੰਦਿਆਂ ਨੂੰ ਵੀ ਮਿਲਦੇ ਹਾਂ। ਬੇਟੀ ਇਸ ਵਿਚ ਕੋਈ ਸ਼ੱਕ ਨਹੀਂ ਕਿ

ਪਿੰਡ ਵਿਚ ਧੜੇਬਾਜ਼ੀ ਏ। ਤੂੰ ਹਰ ਇਕ ਨੂੰ ਬੁਲਾ ਲਵੀਂ ਜੋ ਵੀ ਤੈਨੂੰ ਮਿਲੇ। ਬੱਚੇ ਵੱਡਿਆਂ ਦੀ ਧੜੇਬਾਜ਼ੀ ਵਿਚ ਨਹੀਂ ਪੈਂਦੇ ਹੁੰਦੇ। ਹੋ ਸਕਦਾ, ਤੇਰੇ ਹਰੇਕ ਨੂੰ ਮਿਲਣ ਨਾਲ ਦੂਜੇ ਧੜੇ ਵਾਲੇ ਸਾਡੇ ਪ੍ਰਤੀ ਨਰਮ ਹੋ ਜਾਣ। ਇੰਜ ਹੋਣ ਨਾਲ ਧੜੇਬੰਦੀ ਘੱਟ ਵੀ ਸਕਦੀ ਏ। ਧੜੇਬੰਦੀ ਘਟਣ ਨਾਲ ਹੀ ਪਿੰਡਾਂ ਦੇ ਸੁਧਾਰ ਹੋ ਸਕਦੇ ਹਨ। ਅਸੀਂ ਤਾਂ ਹਮੇਸ਼ਾ ਪਿੰਡ ਦੀ ਬਿਹਤਰੀ ਹੀ ਸੋਚਦੇ ਹਾਂ, ਭਾਵੇਂ ਸਾਨੂੰ ਝੁਕਣਾ ਵੀ ਪੈ ਜਾਵੇ। ਸ਼ਾਇਦ ਤੇਰਾ ਪਿੰਡ ਵਿਚ ਸਾਡੇ ਨਾਲ ਆਉਣਾ ਵਰਦਾਨ ਸਾਬਤ ਹੋ ਜਾਵੇ।

— ਅੰਕਲ, ਪਿੰਡ ਵਿਚ ਅੱਜ ਕੱਲ੍ਹ ਸਰਪੰਚ ਕੌਣ ਏ?

— ਹਰੀਜਨ ਬਸਤੀ ਵਿਚ ਇਕ ਇਸਤਰੀ ਏ। ਉਸਦਾ ਨਾਂ ਦੇਬੋ ਏ।

— ਕੀ ਉਹ ਪੜ੍ਹੀ ਲਿਖੀ ਏ?

— ਥੋੜ੍ਹੀ ਬਹੁਤੀ। ਗੱਲਬਾਤ ਠੀਕ ਕਰ ਲੈਂਦੀ ਏ। ਸਾਨੂੰ ਬਹੁਤਾ ਚੰਗਾ ਨਹੀਂ ਸਮਝਦੀ।

— ਉਹ ਕਿਉਂ?

— ਇਸ ਗੱਲ ਨੂੰ ਛੱਡ। ਅਗਰ ਤੈਨੂੰ ਮਿਲੀ ਤਾਂ ਤੂੰ ਉਸ ਨੂੰ ਬੜੇ ਪਿਆਰ ਨਾਲ ਬੁਲਾਵੀਂ। ਤੇਰੇ ਲਈ ਸਭ ਬਰਾਬਰ ਹਨ।

ਜਦ ਕੀਰਤੀ ਸਿੰਘ, ਜੋਰਾ ਸਿੰਘ ਤੇ ਰਿੰਪੀ ਪਿੰਡ ਦੀ ਵਿਚਕਾਰਲੀ ਬੀਹੀ ਵਿਚ ਪਿੰਡ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੇ ਅੱਗਿਓਂ ਲਹਿਬਰ ਸਿੰਘ ਨੂੰ ਆਉਂਦੇ ਹੋਏ ਨੂੰ ਦੇਖਿਆ। ਉਹ ਉਨ੍ਹਾਂ ਕੋਲੋ ਚੁੱਪ ਚੁਪੀਤੇ ਗੁਜ਼ਰ ਗਿਆ। ਉਹ ਅੱਗੇ ਗਏ ਤਾਂ ਪਿੰਡ ਦੀ ਕਸਤੂਰੀ ਦੀ ਹੱਟੀ ਤੇ ਕਈ ਬੰਦੇ ਬੈਠੇ ਸਨ। ਉਨ੍ਹਾਂ ਨੇ ਉੱਠ ਕੇ ਬੜੇ ਸਤਿਕਾਰ ਨਾਲ ਕੀਰਤੀ ਸਿੰਘ ਹੋਰਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਬੀਹੀ 'ਚੋਂ ਗੁਜ਼ਰ ਰਹੀਆਂ ਪਿੰਡ ਦੀਆਂ ਤੀਵੀਆਂ ਤੇ ਕੁੜੀਆਂ ਰਿੰਪੀ ਵੱਲ ਬੜੇ ਧਿਆਨ ਨਾਲ ਦੇਖ ਰਹੀਆਂ ਸਨ। ਅੱਗੇ ਉਹ ਬਰੋਟੇ ਹੇਠ ਬੈਠੇ ਕੁਝ ਬੰਦਿਆਂ ਵੱਲ ਵਧੇ। ਇਹ ਬੰਦੇ ਤਾਸ਼ ਖੇਡ ਰਹੇ ਸਨ। ਇਨ੍ਹਾਂ ਦੇ ਉੱਥੇ ਪਹੁੰਚਣ ਤੇ ਇਹ ਸਾਰੇ ਉੱਠ ਕੇ ਖੜ੍ਹੇ ਹੋ ਗਏ। ਇਨ੍ਹਾਂ ਦਾ ਹਾਲ-ਚਾਲ ਪੁੱਛਣ ਤੋਂ ਬਾਅਦ ਕੀਰਤੀ ਹੋਰੀਂ ਤਿੰਨੇ ਜਣੇ ਦੇਬੋ ਸਰਪੰਚਣੀ ਦੇ ਘਰ ਵੱਲ ਹਰੀਜਨ ਬਸਤੀ ਵਿਚ ਚਲੇ ਗਏ। ਭਾਵੇਂ ਸਰਪੰਚਣੀ ਦੇ ਘਰਵਾਲਾ ਪ੍ਰਗਾਸ਼ ਤੇ ਲਹਿਬਰ ਸਿੰਘ ਕੀਰਤੀ ਸਿੰਘ ਤੇ ਜੋਰਾ ਸਿੰਘ ਹੋਰਾਂ ਦੇ ਖਿਲਾਫ਼ ਬੋਲਦੇ ਰਹਿੰਦੇ ਸਨ ਪਰ ਸਰਪੰਚਣੀ ਪਾਸ ਤਾਂ ਹਰ ਕੋਈ ਜਾ ਸਕਦਾ ਸੀ ਕਿਉਂਕਿ ਉਹ ਪਿੰਡ ਦੀ ਪ੍ਰਤੀਨਿਧ ਸੀ। ਦੇਬੋ ਤੇ ਪ੍ਰਗਾਸ਼ ਘਰ ਹੀ ਸਨ। ਉਹ ਕੀਰਤੀ ਸਿੰਘ ਹੋਰਾਂ ਨੂੰ ਦੇਖ ਕੇ ਹੈਰਾਨ ਹੋ ਗਏ। ਪਿੰਡ ਦੇ ਬਹੁਤੇ ਜੱਟ ਜ਼ਿਮੀਂਦਾਰ ਹਰੀਜਨ ਬਸਤੀ ਵਿਚ ਘੱਟ ਹੀ ਜਾਇਆ ਕਰਦੇ ਸਨ। ਅਗਰ ਜਾਂਦੇ ਵੀ ਸਨ ਤਾਂ ਉਥੇ ਚਾਹ ਪਾਣੀ ਨਹੀਂ ਪੀਆ ਕਰਦੇ ਸਨ। ਭਾਵੇਂ ਦੇਸ਼ ਵਿਚ ਛੂਤ ਛਾਤ ਨੂੰ ਖ਼ਤਮ ਕੀਤਿਆਂ ਬਹੁਤ ਵਰ੍ਹੇ ਬੀਤ ਗਏ ਸਨ ਫਿਰ ਵੀ ਜੱਟ, ਬ੍ਰਾਹਮਣ ਤੇ ਖੱਤਰੀ ਆਦਿ ਬਰਾਦਰੀਆਂ ਹਰੀਜਨਾਂ ਦੇ ਘਰ ਜਾ ਕੇ ਘੱਟ ਵੱਧ ਹੀ ਕੁਝ ਖਾਂਦੀਆਂ ਸਨ।

"ਅੰਟੀ ਜੀ, ਸਤਿ ਸ੍ਰੀ ਅਕਾਲ" ਦੇਬੋ ਦੇ ਆਪਣੇ ਬੂਹੇ ਤੋਂ ਬਾਹਰ ਆਉਂਦੇ ਸਾਰ ਹੀ ਰਿੰਪੀ ਨੇ ਫਤਹਿ ਬੁਲਾਈ।

"ਸਤਿ ਸ੍ਰੀ ਅਕਾਲ ਧੀਏ। ਸਤਿ ਸ੍ਰੀ ਅਕਾਲ। ਭਾਜੀ! ਕਦੋਂ ਆਏ? ਕੁੜੇ ਤੂੰ ਤਾਂ ਪਿੰਡ ਕਦੀ ਆਈ ਹੀ ਨਹੀਂ। ਅਸੀਂ ਤਾਂ ਤੈਨੂੰ ਇਕ ਵਾਰ ਨਿੱਕੀ ਜੇਹੀ ਨੂੰ ਹੀ ਦੇਖਿਆ ਸੀ। ਸੁਣਿਐਂ ਬਹੁਤ ਪੜ੍ਹ ਗਈ ਏਂ?"

"ਅੰਟੀ ਅਸੀਂ ਅੱਜ ਹੀ ਆਏ ਹਾਂ? ਕੁਝ ਸਮਾਂ ਗੁਰਦੁਆਰੇ ਵੱਲ ਗੁਜ਼ਾਰਿਆ ਫਿਰ ਮੈਂ ਡੈਡੀ ਤੇ ਅੰਕਲ ਨੂੰ ਕਿਹਾ ਕਿ ਮੈਂ ਪਿੰਡ ਦੀ ਸਰਪੰਚਣੀ ਨੂੰ ਤਾਂ ਜ਼ਰੂਰ ਮਿਲਣਾ ਏ। ਅਕਸਰ ਤੁਸੀਂ ਇੱਥੋਂ ਦੇ ਕਰਤਾ ਧਰਤਾ ਹੋ। ਤੁਸੀਂ ਪਿੰਡ ਦਾ ਪ੍ਰਬੰਧ ਚਲਾਉਂਦੇ ਹੋ। ਤੁਹਾਨੂੰ ਮਿਲਣਾ ਤਾਂ ਹਰ ਇਕ ਲਈ ਜ਼ਰੂਰੀ ਏ।"

"ਧੀਏ, ਪ੍ਰਬੰਧ ਕਾਹਦਾ? ਇਹ ਪ੍ਰਬੰਧ ਚਲਾਉਣਾ ਤਾਂ ਲੜਾਈ ਦੀ ਜੜ੍ਹ ਏ। ਪੰਚਾਇਤਾਂ ਦੇ ਕੰਮਾਂ ਵਿਚ ਪੈ ਕੇ ਮਨ ਦੀ ਸ਼ਾਂਤੀ ਜਾਂਦੀ ਰਹਿੰਦੀ ਏ। ਚਲ ਛੱਡ, ਪੁੱਤ, ਇਹ ਗੱਲਾਂ। ਪਹਿਲਾਂ ਮੈਂ ਚਾਹ ਬਣਾਉਂਦੀ ਆਂ। ਤਾਜ਼ੀ ਮੱਝ ਸੂਈ ਏ। ਕਹੇਂ ਤਾਂ ਦੁੱਧ ਗਰਮ ਕਰ ਦਿਆਂ?"

"ਅੰਟੀ, ਜੋ ਮਰਜ਼ੀ ਕਰੋ। ਅੱਜ ਤਾਂ ਅਸੀਂ ਕੁਝ ਨਾ ਕੁਝ ਪੀ ਕੇ ਹੀ ਜਾਣਾ ਏ।"

"ਚੰਗਾ ਧੀਏ, ਮੈਂ ਫਿਰ ਦੁੱਧ ਗਰਮ ਕਰ ਦਿੰਦੀ ਹਾਂ। ਤੁਸੀਂ ਬੈਠੋ। ਮੈਂ ਉਨ੍ਹਾਂ ਨੂੰ ਬਲਾਉਂਦੀ ਹਾਂ। ਪਿੱਛੇ ਮਲੰਗੀ ਦੇ ਘਰ ਬੈਠੇ ਐ।"

ਇੰਨੇ ਚਿਰ ਵਿਚ ਪ੍ਰਗਾਸ਼ ਵੀ ਆ ਗਿਆ।

"ਬੱਲੇ ਬੱਲੇ, ਅੱਜ ਤਾਂ ਵੱਡੀਆਂ ਵੱਡੀਆਂ ਫ਼ੌਜਾਂ ਆ ਢੁੱਕੀਆਂ। ਅੱਜ ਕਿੱਧਰੋਂ ਫੇਰੇ ਪੈ ਗਏ। ਸਾਡੀ ਧੀ ਨੇ ਤਾਂ ਕਿਤੇ ਸਦੀਆਂ ਪਿੱਛੋਂ ਪਿੰਡ ਦੇਖਿਆ ਲਗਦਾ ਏ।" ਪ੍ਰਗਾਸ਼ ਮਿਲ ਕੇ ਬੜਾ ਖ਼ੁਸ਼ ਹੋਇਆ।

"ਅਸੀਂ ਸੋਚਿਆ ਚੌਧਰੀ ਸਾਹਿਬ ਨੂੰ ਮਿਲ ਆਈਏ। ਪਿੰਡ ਦਾ ਅਤਾ ਪਤਾ ਹੀ ਲੈ ਆਈਏ। ਨਾਲੇ ਬੇਟੀ ਕਹਿੰਦੀ ਸੀ ਪਿੰਡ ਦੇਖਣਾ। ਕਹਿੰਦੀ ਮੈਂ ਪਿੰਡ ਦੀ ਪ੍ਰਧਾਨ ਮੰਤਰੀ ਨੂੰ ਵੀ ਮਿਲਣਾ।"

"ਪ੍ਰਧਾਨ ਮੰਤਰੀ ਕਾਹਦੀ? ਇਹ ਅਹੁਦਾ ਤਾਂ ਜੁੱਤੀਆਂ ਦੀ ਪੰਡ ਏ। ਲੜਾਈਆਂ ਦੀ ਜੜ੍ਹ। ਜੋ ਮਰਜ਼ੀ ਪਿੰਡ ਲਈ ਕਰੀ ਜਾਵੋ। ਆਖ਼ਰ ਆਵਾਜ਼ ਇਹੀ ਆਉਂਦੀ ਏ ਕਿ ਕੁਝ ਨਹੀਂ ਕੀਤਾ। ਨਹਿਰੂ ਨੇ ਭਾਖੜਾ ਡੈਮ ਬਣਾ ਦਿੱਤਾ, ਹੋਰ ਅਨੇਕਾਂ ਪ੍ਰੋਜੈਕਟ ਬਣਾ ਦਿੱਤੇ, ਅੰਤਾਂ ਦੇ ਕਾਰਖਾਨੇ ਲਗਵਾ ਦਿੱਤੇ। ਵਿਰੋਧੀਆਂ ਨੇ ਹਮੇਸ਼ਾ ਇਹੀ ਖੱਪ ਪਾ ਛੱਡੀ ਦੇਸ਼ ਲਈ ਕੁੱਝ ਨਹੀਂ ਕੀਤਾ ਗਿਆ। ਸਰਕਾਰ ਦਿੰਦੀ ਏ ਸੌ ਰੁਪਿਆ, ਮੂਹਰੇ ਲੱਗਣ ਲਈ ਹਜ਼ਾਰ ਰੁਪਏ ਦਾ ਥਾਂ ਤਿਆਰ ਹੋਇਆ ਪਿਐ ਹੁੰਦੇ। ਫਿਰ ਕਹੀ ਜਾਣਗੇ ਉਹਦੇ ਵਿਚੋਂ ਵੀ ਖਾ ਗਏ ਓਏ ਖਾ ਗਏ ਓਏ। ਚਲੋ ਛੱਡੋ ਇਨ੍ਹਾਂ ਗੱਲਾਂ ਨੂੰ ਹੋਰ ਸੁਣਾਓ, ਸਿਹਤ ਦਾ ਕੀ ਹਾਲ ਏ? ਬਾਈ ਜੀ, ਤੁਸੀਂ ਤਾਂ ਹੁਣ ਕਾਫ਼ੀ ਸਿਆਣੇ ਹੋ ਗਏ ਹੋ। ਬਹੁਤਾ ਸਫ਼ਰ ਨਾ ਕਰਿਆ ਕਰੋ," ਪ੍ਰਗਾਸ਼ ਨੇ ਕੀਰਤੀ ਸਿੰਘ ਵੱਲ ਇਸ਼ਾਰਾ ਕਰਦੇ ਕਿਹਾ।

"ਪ੍ਰਗਾਸ਼, ਮੈਂ ਤਾਂ ਹੁਣ ਚੰਡੀਗੜ੍ਹ 'ਚੋਂ ਬਹੁਤ ਹੀ ਘੱਟ ਬਾਹਰ ਨਿਕਲਦਾ ਹਾਂ। ਆਪਣੀ ਜੰਮਣ ਭੋਂ ਦੇਖਣ ਨੂੰ ਕਦੀ ਕਦੀ ਦਿਲ ਕਰਨ ਲੱਗ ਹੀ ਪੈਂਦਾ ਏ। ਨਾਲੇ ਮੈਂ ਤਾਂ ਕਾਰ ਵਿਚ ਬੈਠਣਾ ਹੀ ਸੀ। ਚਲਾਉਣ ਲਈ ਤਾਂ ਜ਼ੋਰਾ ਸਿਹੁੰ ਤੇ ਰਿਪੀ ਹੀ ਬਥੇਰੇ ਤਕੜੇ ਨੇ।"

"ਕਹਿੰਦੇ ਬੇਟੀ ਪੜ੍ਹਾਈ 'ਚ ਬੜੀ ਲਾਇਕ ਏ। ਹੋਰ ਪਰਿਵਾਰ ਦਾ ਕੀ ਹਾਲ ਏ? ਬੇਟੇ ਤੇ ਸਰਦਾਰਨੀ ਦਾ ਕੀ ਹਾਲ ਏ। ਬੇਟਾ ਕੀ ਕਰਦਾ ਏ?"

"ਬੇਟੀ ਬਥੇਰੀ ਲਾਇਕ ਏ। ਪੰਦਰਾਂ ਜਮਾਤਾਂ ਪਾਸ ਕਰ ਗਈ ਏ। ਬੇਟਾ ਲਾਇਕ ਨਹੀਂ ਨਿਕਲਿਆ। ਕੀ ਕਰਨਾ, ਸਭ ਕੁਦਰਤ ਦੇ ਖੇਲ੍ਹ ਨੇ। ਹੋਰ ਸੁਣਾ ਤੇਰੇ ਪਿੰਡ ਦਾ ਕੀ ਹਾਲ ਚਾਲ ਏ। ਸੁਣਿਐਂ ਕਾਮਰੇਡ ਸਾਡਾ ਵਿਰੋਧ ਕਰਦੇ ਰਹੇ ਨੇ?"

"ਕੀਰਤੀ ਸਿਹਾਂ ਤੇ ਜ਼ੋਰਾ ਸਿਹਾਂ, ਤੁਸੀਂ ਸਾਨੂੰ ਦੱਸੋ ਕਿ ਬਾਹਰਲਿਆਂ ਨੇ ਸਾਡਾ ਕੀ ਸੰਵਾਰਨਾ ਏ। ਉਹ ਸ਼ੁਹਰਤ ਦੇ ਭੁੱਖੇ ਨੇ। ਅਗਰ ਉਨ੍ਹਾਂ ਨੇ ਪਿੰਡ ਨੂੰ ਕੁਝ ਦੇਣਾ ਹੋਇਆ ਤਾਂ ਉਨ੍ਹਾਂ ਨੇ ਸਾਡੇ ਕਹੇ ਬਗ਼ੈਰ ਵੀ ਦੇਈ ਜਾਣਾ ਏ। ਪਹਿਲਾਂ ਹੀ ਉਹ ਪਿੰਡ ਦੇ ਗੁਰਦੁਆਰੇ ਤੇ ਸਕੂਲ ਨੂੰ ਬਥੇਰੇ ਪੈਸੇ ਦੇ ਚੁੱਕੇ ਨੇ। ਆਪਣੀ ਸ਼ੁਹਰਤ ਲਈ ਉਹ ਉਥੇ ਪੱਥਰ ਲਗਵਾ ਕੇ ਉਪਰ ਆਪਣਾ ਨਾਮ ਤੇ ਦਾਨ ਦਿੱਤੀ ਰਕਮ ਲਿਖਵਾ ਜਾਂਦੇ ਨੇ। ਤੁਸੀਂ ਉਨ੍ਹਾਂ ਨੂੰ ਸਾਡੇ ਨਾਲ ਕਿਉਂ ਬੰਨ੍ਹੀ ਜਾਂਦੇ ਹੋ। ਪੰਚਾਇਤ ਨੂੰ ਆਜ਼ਾਦ ਕੰਮ ਕਰਨ ਦਿਓ। ਤੁਸੀਂ ਦੋਹਾਂ ਨੂੰ ਇਕੱਠੇ ਕਰਨ ਤੇ ਕਿਉਂ ਤੁਲੇ ਹੋਏ ਹੋ?"

"ਪ੍ਰਗਾਸ਼, ਤੂੰ ਗੱਲ ਦੀ ਤਹਿ ਤੱਕ ਨਹੀਂ ਜਾਂਦਾ। ਜਦ ਕੋਈ ਕੰਮ ਇਕ ਲਹਿਰ ਦੇ ਰੂਪ ਵਿਚ ਹੁੰਦਾ ਏ ਤਾਂ ਬਹੁਤ ਸਾਰੇ ਘਾਟੇ ਪੂਰੇ ਹੋ ਜਾਂਦੇ ਹਨ। ਅਸੀਂ ਪਿੰਡ ਦੇ ਸੁਧਾਰ ਨੂੰ ਇਕ ਲਹਿਰ ਤੇ ਕ੍ਰਾਂਤੀ ਦਾ ਰੂਪ ਦੇਣਾ ਚਾਹੁੰਦੇ ਹਾਂ। ਅਸੀਂ ਇਹ ਨਹੀਂ ਚਾਹੁੰਦੇ ਕਿ ਇਹ ਕ੍ਰਾਂਤੀ ਹਮੇਸ਼ਾ ਹੀ ਚਲਦੀ ਰਹੇ। ਅਗਰ ਇਹ ਲਹਿਰ ਦੋ ਕੁ ਸਾਲ ਵੀ ਚੱਲ ਜਾਵੇ ਤਾਂ ਪਿੰਡ ਦੇ ਅੰਤਾਂ ਦੇ ਕੰਮ ਹੋ ਜਾਣੇ ਹਨ। ਇਕ ਵਾਰ ਜੰਗੀ ਪੱਧਰ ਤੇ ਕੰਮ ਹੋ ਜਾਵੇ, ਉਸ ਤੋਂ ਬਾਅਦ ਪੰਚਾਇਤ ਆਪਣਾ ਕਰੀ ਜਾਵੇ ਤੇ ਬਾਹਰਲੇ ਜੇ ਚਾਹੁਣ ਤਾਂ ਆਪਣਾ ਕਰੀ ਜਾਣ। ਤੂੰ ਪਿਛਲੇ ਕਈ ਸਾਲਾਂ ਤੋਂ ਦੇਖਿਆ ਹੀ ਏ, ਤੁਸੀਂ ਦੋਨੋਂ ਅਲੱਗ-ਅਲੱਗ ਕੰਮ ਕਰਨ ਲੱਗੇ ਹੋਏ ਹੋ। ਪਿੰਡ ਦਾ ਉੱਨਾ ਕੁਝ ਨਹੀਂ ਸੁਧਰਿਆ ਜਿੰਨਾ ਅਸੀਂ ਚਾਹੁੰਦੇ ਹਾਂ ਕਿ ਸੁਧਰੇ। ਇਕ ਵਾਰ ਪਿੰਡ ਨੂੰ ਨਮੂਨੇ ਦਾ ਪਿੰਡ ਬਣਾ ਦਿਓ। ਫਿਰ ਪੰਚਾਇਤ ਆਪਣਾ ਕੰਮ ਕਰੀ ਜਾਵੇ। ਸਾਡੀ ਇਹ ਦਖ਼ਲ ਅੰਦਾਜ਼ੀ ਹਮੇਸ਼ਾ ਲਈ ਨਹੀਂ ਏ। ਪੰਜਾਬ ਦੇ ਕਈ ਪਿੰਡ ਮਾਡਲ ਗ੍ਰਾਮ ਬਣ ਗਏ ਹਨ। ਅਗਰ ਕੋਈ ਪਿੰਡ ਮਾਡਲ ਗ੍ਰਾਮ ਬਣ ਜਾਵੇ ਤਾਂ ਉਹ ਸ਼ਹਿਰਾਂ ਨਾਲੋਂ ਵੀ ਵਧੀਆ ਬਣ ਜਾਂਦਾ ਏ। ਸ਼ਹਿਰਾਂ ਵਿਚ ਤਾਂ ਅੰਤਾਂ ਦਾ ਗੰਦ ਪਿਆ ਹੋਇਆ ਐ। ਤੁਸੀਂ ਲਹਿਬਰ ਹੋਰਾਂ ਪਿੱਛੇ ਲੱਗ ਕੇ ਗੁੰਮਰਾਹ ਹੋ ਰਹੇ ਹੋ।"

ਇੰਨੇ ਚਿਰ ਵਿਚ ਦੇਬੋ ਨੇ ਦੁੱਧ ਲਿਆ ਕੇ ਰੱਖ ਦਿੱਤਾ। ਸਾਰੇ ਜਣੇ ਦੁੱਧ ਪੀਂਦੇ ਰਹੇ। ਸਰਦਾਰ ਨੂੰ ਹਰੀਜਨਾਂ ਦੇ ਘਰ ਦੁੱਧ ਪੀਂਦੇ ਦੇਖ ਕੇ ਦੇਬੋ ਤੇ ਪ੍ਰਗਾਸ਼ ਬੜੇ ਹੀ ਖ਼ੁਸ਼ ਹੋਏ। ਰਿੰਪੀ ਇਸ ਸਾਰੇ ਮਾਹੌਲ ਦਾ ਖ਼ੂਬ ਆਨੰਦ ਮਾਣਦੀ ਰਹੀ।

"ਜ਼ੋਰਾ ਸਿਹਾਂ, ਓਦਾਂ ਅਗਰ ਇਕ ਵਾਰ ਹੱਲਾ ਵੱਜ ਜਾਵੇ ਤਾਂ ਮਾੜੀ ਗੱਲ ਵੀ ਨਹੀਂ। ਇੰਝ ਕਰਨ ਨਾਲ ਬਾਹਰਲੇ ਕਿੰਨੇ ਕੁ ਪੈਸੇ ਦੇ ਦੇਣਗੇ?"

"ਪ੍ਰਗਾਸ਼, ਕਈ ਕਰੋੜ ਰੁਪਿਆ ਇਕੱਠਾ ਹੋਜੂ। ਜਿੰਨਾ ਕੁ ਤੂੰ ਹੁਣ ਖਾਂਦਾ ਏਂ ਉਨਾ ਕੁ ਤਾਂ ਫਿਰ ਵੀ ਖਾ ਸਕਦਾ ਏ। ਵੱਧ ਵਿਚੋਂ ਥੋੜ੍ਹਾ ਜਿਹਾ ਖਾਣਾ ਸੌਖਾ ਹੁੰਦਾ ਏ। ਤੂੰ ਸਾਡੇ ਨਾਲ ਤੁਰਨ ਦੀ ਮਾੜੀ ਜਿਹੀ ਹਾਮੀ ਤਾਂ ਭਰ। ਹਰੀਜਨ ਬਹੁਤੇ ਤੇਰੇ ਨਾਲ ਨੇ। ਪਿੰਡ ਨੂੰ

ਵਧੀਆ ਬਣਾਉਣਾ ਸਾਡਾ ਪਹਿਲਾ ਫਰਜ਼ ਏ। ਇੱਥੇ ਆਇਆ ਹਰ ਬੰਦਾ ਖ਼ੁਸ਼ੀ ਮਹਿਸੂਸ ਕਰਿਆ ਕਰੂ। ਹਰ ਇਕ ਦਾ ਇੱਥੇ ਰਹਿਣ ਨੂੰ ਦਿਲ ਕਰਿਆ ਕਰੂ। ਪਿੰਡ ਵਿਚ ਹਸਪਤਾਲ ਹੋਊ। ਸਾਰੇ ਘਰ 'ਚ ਹੀ ਬੈਠੇ ਇੱਥੇ ਇਲਾਜ ਕਰਾ ਲਿਆ ਕਰਨਗੇ। ਪਿੰਡ ਵਿਰ ਅਸੀਂ ਤਾਂ ਪਾਲਿਟੈਕਨਿਕ ਖਲਵਾਉਣ ਤੱਕ ਵੀ ਸੋਚ ਰਹੇ ਹਾਂ। ਸਾਡੇ ਬੱਚੇ ਇੱਥੇ ਐਸੀ ਸਿੱਖਿਆ ਲੈਣਗੇ ਕਿ ਨੌਕਰੀਆਂ ਮਿਲਣੀਆਂ ਬੜੀਆਂ ਆਸਾਨ ਹੋ ਜਾਣਗੀਆਂ। ਪਾਲਿਟੈਕਨਿਕ ਦੇ ਕਿੱਤਿਆਂ ਦੀ ਬਾਹਰਲੇ ਦੇਸ਼ਾਂ ਵਿਚ ਵੀ ਬੜੀ ਲੋੜ ਏ। ਪਿੰਡ ਸਵਰਗ ਬਣਜੂ, ਇਕੱਲੀ ਪੰਚਾਇਤ ਤੋਂ ਇਹ ਕੰਮ ਨਹੀਂ ਹੋਣਾ। ਤੁਸੀਂ ਹਰੀਜਨ ਸਾਡੇ ਨਾਲ ਖੜ੍ਹ ਜਾਇਓ। ਅਗਲੀ ਚੋਣ ਆਈ ਕਿ ਆਈ। ਅਗਲੀ ਚੋਣ ਵਿਚ ਜਿੱਤਣਾ ਵੀ ਅਕਾਲੀਆਂ ਨੇ ਆ। ਸਾਡੇ ਬਥੇਰੇ ਅਕਾਲੀ ਵਾਕਫ਼ ਐ। ਸਰਪੰਚ ਫਿਰ ਤੈਨੂੰ ਹੀ ਬਣਾਵਾਂਗੇ। ਬਾਕੀ ਕਿਸੇ ਦਿਨ ਚੰਡੀਗੜ੍ਹ ਆਈਂ, ਫਿਰ ਤੈਨੂੰ ਅਸੀਂ ਸਮਝਾਵਾਂਗੇ। ਚੰਗਾ ਹੁਣ ਅਸੀਂ ਚਲਦੇ ਹਾਂ।"

ਸੰਖੇਪ ਜਿਹੀ ਇਸ ਮਿਲਣੀ ਤੋਂ ਬਾਅਦ ਕੀਰਤੀ ਸਿੰਘ ਹੋਰੀਂ ਪ੍ਰਗਾਸ਼ ਦੇ ਘਰੋਂ ਚਲੇ ਗਏ। ਪਿੰਡ ਵਿਚ ਵੀ ਹੋਰ ਨਹੀਂ ਠਹਿਰੇ। ਇਸ ਤੋਂ ਬਾਅਦ ਉਨ੍ਹਾਂ ਆਨੰਦਪੁਰ ਸਾਹਿਬ ਫੇਰਾ ਪਾ ਕੇ ਅੰਮ੍ਰਿਤਸਰ ਜਾਣਾ ਸੀ। ਉਥੇ ਉਨ੍ਹਾਂ ਰਾਤ ਰਹਿਣਾ ਸੀ। ਫਿਰ ਫਤਿਹਗੜ੍ਹ ਸਾਹਿਬ ਵਿਚ ਹੁੰਦੇ ਹੋਏ ਉਨ੍ਹਾਂ ਚੰਡੀਗੜ੍ਹ ਵਾਪਿਸ ਪਹੁੰਚ ਜਾਣਾ ਸੀ।

ਆਨੰਦਪੁਰ ਸਾਹਿਬ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸਿਆ ਇਕ ਰਮਣੀਕ ਕਸਬਾ ਏ। ਭਾਵੇਂ ਇਹ ਕਸਬਾ ਚੰਡੀਗੜ੍ਹ ਤੋਂ ਬਹੁਤਾ ਦੂਰ ਨਹੀਂ ਹੈ, ਰਿਪੀ ਇੱਥੇ ਸਿਰਫ਼ ਖਾਲਸਾ ਸਾਜਨਾ ਦੇ ਤਿੰਨ ਸੌ ਸਾਲਾ ਪ੍ਰੋਗਰਾਮਾਂ ਸਮੇਂ ਹੀ ਇਕ ਵਾਰ ਆਈ ਸੀ। ਉਸ ਸਮੇਂ ਉਸ ਦੀ ਉਮਰ ਮਸਾਂ ਗਿਆਰਾਂ ਕੁ ਸਾਲ ਦੀ ਸੀ। ਆਪਣੀ ਬੀ.ਏ. ਦੀ ਪੜ੍ਹਾਈ ਸਮੇਂ ਉਸ ਨੇ ਇਤਿਹਾਸ ਨਹੀਂ ਪੜ੍ਹਿਆ ਸੀ। ਉਸ ਪਾਸ ਬੀ.ਏ. ਵਿਚ ਪਬਲਿਕ ਐਡਮਨਿਸਟਰੇਸ਼ਨ ਤੇ ਸੋਸ਼ੋਲੋਜੀ ਮਜ਼ਮੂਨ ਸਨ। ਅਗਰ ਉਸ ਨੇ ਇਤਿਹਾਸ ਬਾਰੇ ਕੁਝ ਜਾਣਿਆ ਸੀ ਤਾਂ ਆਪਣੀ ਸਕੂਲ ਦੀ ਪੜ੍ਹਾਈ ਸਮੇਂ। ਉਸ ਪੜ੍ਹਾਈ ਦੇ ਪਾਠ ਕ੍ਰਮਾਂ ਵਿਚ ਸਿੱਖ ਧਰਮ ਬਾਰੇ ਬੜਾ ਘੱਟ ਬਿਆਨ ਸੀ ਕਿਉਂਕਿ ਪਾਠਕ੍ਰਮ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਦੁਆਰਾ ਤਿਆਰ ਕੀਤੇ ਹੋਏ ਹੁੰਦੇ ਸਨ। ਗੁਰਦੁਆਰਿਆ ਵਿਚ ਉਹ ਇਸ ਲਈ ਘਟ ਗਈ ਸੀ ਕਿਉਂਕਿ ਮਾਂ ਗੁਰਦੁਆਰੇ ਘੱਟ ਹੀ ਜਾਂਦੀ ਸੀ। ਇਸ ਲਈ ਰਿਪੀ ਧਰਮ ਬਾਰੇ ਜਾਣਕਾਰੀ ਤੋਂ ਵਾਂਝੀ ਰਹਿੰਦੀ ਗਈ ਸੀ। ਹੁਣ ਉਸ ਨੂੰ ਸੁਨਿਹਰੀ ਮੌਕਾ ਮਿਲਿਆ ਸੀ ਕਿ ਆਪਣੇ ਧਰਮ ਬਾਰੇ ਭਰਪੂਰ ਜਾਣਕਾਰੀ ਹਾਸਲ ਕਰ ਸਕੇ। ਸੋਨੇ ਤੇ ਸੁਹਾਗੇ ਵਾਲੀ ਗੱਲ ਇਹ ਸੀ ਕਿ ਹਿਸਟਰੀ ਦਾ ਜਾਣੂ ਪ੍ਰੋਫੈਸਰ ਜੋਰਾ ਸਿੰਘ ਉਸ ਦੇ ਨਾਲ ਸੀ। ਆਨੰਦਪੁਰ ਸਾਹਿਬ ਬਾਰੇ ਜਵਾਨੀ ਕਲਾਮੀ ਸਾਰੀ ਜਾਣਕਾਰੀ ਜ਼ੋਰਾ ਸਿੰਘ ਉਸ ਨੂੰ ਕਾਰ ਵਿਚ ਦਿੰਦਾ ਚਲਾ ਗਿਆ। ਸਭ ਤੋਂ ਪਹਿਲਾਂ ਕੇਸਗੜ੍ਹ ਸਾਹਿਬ ਗੁਰਦੁਆਰਾ ਵਿਖੇ ਉਨ੍ਹਾਂ ਮੱਥਾ ਟੇਕਿਆ ਤੇ ਦਸਮ ਪਾਤਸ਼ਾਹ ਦੇ ਸ਼ਸ਼ਤਰਾਂ ਦੇ ਦਰਸ਼ਨ ਕੀਤੇ। ਇਸ ਤੋਂ ਬਾਅਦ ਉਹ ਵਾਰੀ-ਵਾਰੀ ਹੋਰ ਗੁਰਦੁਆਰਾ ਸਹਿਬਾਨ ਦੇ ਦਰਸ਼ਨ ਕਰਦੇ ਗਏ।

"ਅੰਕਲ, ਗੁਰੂ ਸਾਹਿਬ ਦੇ ਪੰਜ ਪਿਆਰੇ ਸਾਜਣ ਦੇ ਅਲੌਕਿਕ ਕੌਤਕ ਤੋਂ ਤਾਂ ਇਹ ਸਿੱਧ ਹੁੰਦਾ ਏ ਕਿ ਪੰਜਾਬ ਵਿਚ ਲੋਕਤੰਤਰ ਦਾ ਮੁੱਢ 1699 ਵਿਚ ਹੀ ਰੱਖ ਦਿੱਤਾ ਗਿਆ ਸੀ।"

"ਬੇਟੇ, ਧਰਮ ਵਿਚ ਸਾਰੇ ਕੰਸੈਪਟ ਹਨ। ਦੁੱਖ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਮੰਨਦੇ ਨਹੀਂ। ਕਮਿਊਨਿਜ਼ਮ ਵਿਚ ਮਿਹਨਤਕਸ਼ ਹੋਣ ਤੇ ਜ਼ੋਰ ਦਿੱਤਾ ਜਾਂਦਾ ਏ। ਸਿੱਖ ਧਰਮ ਵਿਚ ਪਹਿਲਾਂ ਹੀ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਕਾਨਸੈਪਟ ਏ। ਅਸੀਂ ਸੰਵਿਧਾਨ ਵਿਚ ਬਰਾਬਰਤਾ ਦੇ ਅਧਿਕਾਰ ਦਾ ਰੌਲ਼ਾ ਪਾਉਂਦੇ ਹਾਂ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਪਹਿਲਾਂ ਹੀ ਬਰਾਬਰਤਾ ਦੇ ਅਧਿਕਾਰ ਨੂੰ ਸੁਰਜੀਤ ਕਰ ਦਿੱਤਾ ਸੀ। ਅਸੀਂ ਸੰਵਿਧਾਨ ਮੁਤਾਬਕ ਧਰਮ ਨਿਰਪੱਖਤਾ ਦਾ ਖੌਰੂ ਪਾਉਂਦੇ ਹਨ। ਗੁਰੂ ਸਾਹਿਬ ਨੇ ਹਰਮਿੰਦਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਮੀਆਂ ਮੀਰ ਤੋਂ ਰਖਵਾ ਕੇ ਪਹਿਲਾਂ ਹੀ ਧਰਮ ਨਿਰਪੱਖਤਾ ਅਤੇ ਬਾਕੀ ਧਰਮਾਂ ਦੇ ਬਰਾਬਰ ਆਦਰ ਦਾ ਸੰਦੇਸ਼ ਦੇ ਦਿੱਤਾ ਸੀ। ਅਸੀਂ ਸੰਵਿਧਾਨ ਅਨੁਸਾਰ ਰੌਲ਼ਾ ਪਾਈ ਜਾਂਦੇ ਹਾਂ ਕਿ ਇਸਤਰੀ ਨੂੰ ਆਦਮੀ ਦੇ ਬਰਾਬਰ ਅਧਿਕਾਰ ਮਿਲਣੇ ਚਾਹੀਦੇ ਹਨ। ਗੁਰੂ ਸਾਹਿਬ ਨੇ ਪਹਿਲਾਂ ਹੀ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ' ਕਹਿ ਕੇ ਇਸਤਰੀ ਨੂੰ ਆਦਮੀ ਦੇ ਬਰਾਬਰ ਕਿਹਾ ਹੋਇਆ ਏ। ਸਾਡੇ ਸਾਇੰਸਦਾਨ ਅੱਜ ਕਹਿ ਰਹੇ ਹਨ ਕਿ ਇਸ ਧਰਤੀ ਤੋਂ ਇਲਾਵਾ ਹੋਰ ਵੀ ਕਈ ਧਰਤੀਆਂ ਜਾਂ ਉਪਗ੍ਰਹਿ ਹਨ, ਗੁਰੂ ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਸੀ-ਧਰਤੀ ਹੋਰ ਪਰ੍ਹੈ ਹੋਰ ਹੋਰ। ਅਸੀਂ ਸੰਵਿਧਾਨ ਮੁਤਾਬਕ ਅੱਜ ਜਾਤ-ਪਾਤ ਤੇ ਛੂਤ ਛਾਤ ਖ਼ਤਮ ਕਰਦੇ ਫਿਰਦੇ ਹਾਂ। ਗੁਰੂ ਸਾਹਿਬ ਨੇ ਪਹਿਲਾਂ ਹੀ ਗੁਰੂ ਗਰੰਥ ਸਾਹਿਬ ਵਿਚ ਸਭ ਜਾਤਾਂ ਦੇ ਮਹਾਂਪੁਰਖਾਂ ਦੀ ਬਾਣੀ ਦਰਜ ਕਰਕੇ ਸਿੱਧ ਕਰ ਦਿੱਤਾ ਸੀ ਕਿ ਮਾਨਸ ਕੀ ਜਾਤ ਸਭੈ ਏਕੋ ਪਹਿਚਾਨਵੋ। ਅਜੀਬ ਗੱਲ ਦੇਖ, ਬੇਟੀ ਉਨ੍ਹਾਂ ਨੇ ਤਾਂ ਮੁਸਲਮਾਨ ਫਕੀਰ ਸੇਖ ਫ਼ਰੀਦ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ। ਉਨ੍ਹਾਂ ਕੋਈ ਪੱਖ ਪਾਤ ਨਹੀਂ ਕੀਤਾ। ਇੱਥੋਂ ਤੱਕ ਕਿ ਆਪਣਾ ਚਹੇਤਾ ਗੁਰੂ ਘਰ ਦਾ ਲਾਡਲਾ ਭਾਈ ਗੁਰਦਾਸ ਦਰਜ ਕਰਨ ਤੋਂ ਛੱਡ ਲਿਆ, ਬਾਹਰਲੇ ਦਰਜ ਕਰ ਲਏ। ਇੰਜ ਕਰਕੇ ਉਨ੍ਹਾਂ ਨਿਰਪੱਖ ਚੋਣ ਦਾ ਸਬੂਤ ਦਿੱਤਾ। ਗੁਰੂ ਸਾਹਿਬ ਨੇ ਆਪਣੀ ਕੋਈ ਸਲਤਨਤ ਕਾਇਮ ਨਹੀਂ ਕੀਤੀ। ਜੋ ਕੀਤਾ ਮਾਨਵਤਾ ਦੇ ਭਲੇ ਲਈ ਹੀ ਕੀਤਾ।

"ਫਿਰ ਅਸੀਂ ਇਸ ਸਭ ਤੇ ਅਮਲ ਕਿਉਂ ਨਹੀਂ ਕਰਦੇ?"

"ਜਿੱਥੋਂ ਤੱਕ ਅਮਲ ਕਰਨ ਦਾ ਸਵਾਲ ਏ, ਸਭ ਧਰਮਾਂ ਦੇ ਬੰਦਿਆਂ ਦਾ ਇਕੋ ਜਿਹਾ ਹੀ ਹਾਲ ਏ। ਇਸਾਈ ਮੱਤ ਵਿਚ ਵਿਆਹ ਤੋਂ ਬਗੈਰ ਲਿੰਗੀ ਸੰਬੰਧਾਂ (adultery) ਨੂੰ ਪਾਪ ਕਿਹਾ ਗਿਆ ਏ। ਮੇਰੇ ਖ਼ਿਆਲ ਅਨੁਸਾਰ ਅੱਜ ਦੇ ਯੁੱਗ ਵਿਚ ਸਭ ਤੋਂ ਵੱਧ ਇਹ ਪਾਪ ਇਸਾਈ ਕਰ ਰਹੇ ਹਨ। ਮਨੁੱਖ ਕਦੀ ਵੀ ਗੁਰੂਆਂ ਜੇਡੇ ਆਦਰਸ਼ ਤੱਕ ਨਹੀਂ ਪਹੁੰਚ ਸਕਦਾ। ਮਨੁੱਖ ਅਗਰ ਉਸ ਆਦਰਸ਼ ਦੇ ਅੱਧ-ਪਚੱਧ ਤੱਕ ਵੀ ਪਹੁੰਚ ਜਾਵੇ ਤਾਂ ਵੀ ਸਮਾਜ ਕਾਫ਼ੀ ਸੁਧਰ ਸਕਦਾ ਏ। ਸਾਡੇ ਨੇਤਾ ਵੀ ਧਰਮ ਤੋਂ ਕੁਝ ਨਹੀਂ ਸਿੱਖਦੇ। ਹਰ ਕੋਈ ਚੌਧਰੀ ਬਣ ਕੇ ਦੂਜੇ ਨੂੰ ਪਿੱਛੇ ਸੁੱਟਣਾ ਚਾਹੁੰਦਾ ਏ। ਬਾਬੇ ਨਾਨਕ ਨੇ ਆਪਣੇ ਦੋਹਾਂ ਲੜਕਿਆਂ ਸ੍ਰੀ ਚੰਦ ਤੇ ਲੱਖਮੀ ਦਾਸ ਨੂੰ ਆਪਣੀ ਗੱਦੀ ਨਹੀਂ ਸੌਂਪੀ। ਉਨ੍ਹਾਂ ਫਿਰ ਵੀ ਗੱਦੀ ਲਈ ਲੜਾਈ ਨਹੀਂ ਕੀਤੀ। ਪਦਾਰਥਵਾਦ ਨੇ ਮਨੁੱਖ ਨੂੰ ਅੰਨ੍ਹਾ ਕਰ ਦਿੱਤਾ ਏ। ਇੰਜ ਅੰਨ੍ਹਾ ਹੋਇਆ ਮਨੁੱਖ ਕਦੀ ਕਿਸੇ ਵਾਦ ਮਗਰ ਭੱਜਦਾ ਏ ਤੇ ਕਦੀ ਕਿਸੇ ਮਗਰ। ਅਸਲ ਵਿਚ ਉਹ ਅਮਲ ਕਿਸੇ ਵਾਦ ਤੇ ਵੀ ਨਹੀਂ ਕਰਦਾ। ਦੁਨੀਆਂ ਵਿਚ ਪਹਿਲਾਂ ਹੀ ਬਥੇਰੇ ਵਾਦ ਜਨਮ ਲੈ ਚੁੱਕੇ ਹਨ।

ਹੋਰ ਵਾਦਾਂ ਦੀ ਹੁਣ ਕੋਈ ਜ਼ਰੂਰਤ ਨਹੀਂ। ਜਿਹੜੇ ਵਾਦ ਪਹਿਲਾਂ ਮੌਜੂਦ ਹਨ ਇਨ੍ਹਾਂ ਤੇ ਹੀ ਅਮਲ ਕਰ ਲਿਆ ਜਾਵੇ ਤਾਂ ਬਥੇਰਾ ਏ। ਪਦਾਰਥਵਾਦ ਦੀ ਦੌੜ ਨੇ ਭਾਰਤ ਵਿਚ ਸਮੰਤਵਾਦੀ ਲੋਕਤੰਤਰ (Feudal democracy) ਨੂੰ ਜਨਮ ਦੇ ਦਿੱਤਾ ਹੈ। ਭਾਰਤੀ ਸੰਸਦ ਦੇ ਬਹੁਤੇ ਮੈਂਬਰ ਵੱਡੇ-ਵੱਡੇ ਜਾਗੀਰਦਾਰ ਹਨ। ਜਗੀਰਦਾਰਾਂ ਲਈ ਚੋਣ ਜਿੱਤਣੀ ਬੜਾ ਆਸਾਨ ਕੰਮ ਹੁੰਦਾ ਏ। ਇਸ ਲੋਕਤੰਤਰ ਵਿਚ ਸਮਾਜ ਦੇ ਘੱਟ ਗਿਣਤੀ ਵਰਗ ਵੱਲ ਵੀ ਬੜਾ ਘੱਟ ਧਿਆਨ ਦਿੱਤਾ ਜਾਂਦਾ ਏ। ਘੱਟ ਗਿਣਤੀ ਵਰਗ ਵਿਚੋਂ ਸੰਸਦ ਵਿਚ ਬੜੇ ਘੱਟ ਮੈਂਬਰ ਪਹੁੰਚਦੇ ਹਨ। ਕੋਈ ਵੀ ਬਿਲ ਪਾਸ ਕਰਨ ਸਮੇਂ ਇਹ ਘੱਟ ਗਿਣਤੀ ਸਾਂਸਦ ਆਪਣੀ ਗੱਲ ਮੰਨਵਾਉਣ ਵਿਚ ਅਸਮਰਥ ਰਹਿੰਦੇ ਹਨ। ਇਸ ਪ੍ਰਕਾਰ ਦੀ ਅਵਸਥਾ ਨੇ ਪੰਜਾਬ ਜਿਹੇ ਆਕਾਰ ਵਿਚ ਛੋਟੇ ਪਰ ਪੈਦਾਵਾਰ ਵਿਚ ਵੱਡੇ ਸੂਬਿਆਂ ਤੇ ਬੜਾ ਮਾੜਾ ਅਸਰ ਪਾਇਆ ਏ। ਜਿਸ ਦੇਸ਼ ਦੇ ਸੰਵਿਧਾਨ ਵਿਚ ਵਾਰ-ਵਾਰ ਤਰਮੀਮਾ ਕਰਨ ਦਾ ਪ੍ਰਕੋਪ ਬਣਿਆ ਰਹੇ ਉਥੇ ਇੰਜ ਲਗਦਾ ਰਹਿੰਦਾ ਏ ਕਿ ਸੰਵਿਧਾਨ ਬਣਾਉਣ ਵੇਲੇ ਹੋਰ ਸੰਵਿਧਾਨਾਂ ਦੀ ਅੰਨ੍ਹੇਵਾਹ ਨਕਲ ਵੱਧ ਕੀਤੀ ਗਈ ਏ। ਦੇਸ਼ ਦੀ ਅਸਲੀ ਅਵਸਥਾ ਅਨੁਸਾਰ ਇਸ ਨੂੰ ਨਹੀਂ ਬਣਾਇਆ ਗਿਆ। ਸੰਵਿਧਾਨ ਬਣਾਉਂਦੇ ਸਮੇਂ ਘੱਟ ਵਰਗਾਂ ਤੇ ਛੋਟੇ ਸੂਬਿਆਂ ਦਾ ਖਾਸ ਖ਼ਿਆਲ ਰੱਖਿਆ ਜਾਣਾ ਚਾਹੀਦਾ ਸੀ।"

"ਅੰਕਲ, ਪਿੱਛੇ ਜਿਹੇ ਮੈਂ ਟੀ.ਵੀ. ਤੇ ਦੇਖਿਆ ਸੀ ਲੱਖਾਂ ਟਨ ਕਣਕ ਗੋਦਾਮਾਂ ਵਿਚ ਪਈ ਖ਼ਰਾਬ ਹੋ ਗਈ। ਇਹ ਸਾਰਾ ਇਸ ਕਰਕੇ ਹੋਇਆ ਕਿਉਂਕਿ ਕਣਕ ਖਰੀਦੀ ਸੈਂਟਰ ਨੇ ਸੀ। ਉਹ ਪਈ ਪੰਜਾਬ ਦੇ ਗੋਦਾਮਾਂ ਵਿਚ ਸੀ। ਸੈਂਟਰ ਦੀ ਖਰੀਦੀ ਕਣਕ ਨੂੰ ਪੰਜਾਬ ਕਿਧਰੇ ਵੀ ਵਰਤ ਨਹੀਂ ਸੀ ਸਕਦਾ। ਸੈਂਟਰ ਨੇ ਇਸ ਕਣਕ ਨੂੰ ਗੋਦਾਮਾਂ ਵਿਚੋਂ ਚੁੱਕਿਆ ਹੀ ਨਹੀਂ। ਕਿੰਨੀ ਅਜੀਬ ਗੱਲ ਏ, ਇੱਕ ਪਾਸੇ ਦੇਸ਼ ਵਿਚ ਲੋਕ ਭੁੱਖੇ ਮਰ ਰਹੇ ਹਨ। ਦੂਜੇ ਪਾਸੇ ਅਨਾਜ਼ ਗੋਦਾਮਾਂ ਵਿਚ ਪਿਆ ਹੀ ਗਲ ਸੜ ਗਿਆ।"

"ਇਸ ਦੇਸ਼ ਵਿਚ ਕੇਂਦਰ ਤੇ ਰਾਜਾਂ ਵਿਚ ਤਾਲਮੇਲ ਦੀ ਵੀ ਬੜੀ ਘਾਟ ਏ। ਇਸ ਤਾਲਮੇਲ ਦੀ ਘਾਟ ਨੇ ਮੁੰਬਈ ਵਿਚ ਅੱਤਵਾਦੀ ਹਮਲੇ ਕਰਵਾਏ। ਜਦ ਜ਼ੁੰਮੇਵਾਰੀ ਦੀ ਗੱਲ ਆਈ ਤਾਂ ਕੇਂਦਰ ਕਹਿਣ ਲੱਗਾ ਕਿ ਮਹਾਂਰਾਸ਼ਟਰ ਸਰਕਾਰ ਦੀ ਅਣਗਹਿਲੀ ਕਰਕੇ ਇਹ ਹਮਲੇ ਕਾਮਯਾਬ ਹੋਏ। ਮਹਾਂਰਾਸ਼ਟਰ ਸਰਕਾਰ ਕਹਿੰਦੀ ਰਹੀ ਕਿ ਸਮੁੰਦਰੀ ਇਲਾਕੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਏ। ਇੱਥੇ ਅਧਿਕਾਰ ਖੇਤਰ ਦੇ ਨਾਂ ਤੇ ਹੀ ਲੜਾਈਆਂ ਚਲਦੀਆਂ ਰਹਿੰਦੀਆਂ ਹਨ। ਮੈਂ ਇਕ ਵਾਰ ਗੁਰਸ਼ਰਨ ਸਿੰਘ ਦਾ ਲਿਖਿਆ ਇਕ ਨਾਟਕ 'ਟੋਆ' ਸਟੇਜ ਤੇ ਖਿਡਾਇਆ ਸੀ। ਇਹ ਨਾਟਕ ਅਧਿਕਾਰ ਖੇਤਰ ਤੇ ਬੜਾ ਖ਼ੂਬਸੂਰਤ ਵਿਅੰਗ ਕਰਦਾ ਏ। ਇਕ ਆਦਮੀ ਟੋਏ ਵਿਚ ਡਿੱਗਿਆ ਪਿਆ ਏ। ਕਈ ਮਹਿਕਮਿਆਂ ਦੇ ਕਰਮਚਾਰੀ ਉਸ ਟੋਏ ਪਾਸ ਆ ਕੇ ਮੌਕਾ ਦੇਖਦੇ ਹਨ। ਕੋਈ ਟੋਏ ਦੀ ਮਿਣਤੀ ਕਰ-ਕਰ ਕੇ ਚਲਾ ਜਾਂਦਾ ਏ, ਕੋਈ ਪੱਤਰਕਾਰ ਇਸ ਟੋਏ ਵਿਚ ਡਿੱਗੇ ਮਨੁੱਖ ਦੀ ਅਖ਼ਬਾਰੀ ਰਿਪੋਰਟ ਤਿਆਰ ਕਰਕੇ ਚਲਾ ਜਾਂਦਾ ਏ ਤੇ ਕੋਈ ਕੁਝ ਹੋਰ ਕਰਕੇ ਚਲਾ ਜਾਂਦਾ ਏ। ਹੈਰਾਨੀ ਦੀ ਗੱਲ ਇਹ ਹੈ ਕਿ ਕੋਈ ਵੀ ਉਥੇ ਪਹੁੰਚਿਆ ਵਿਅਕਤੀ ਉਸ ਆਦਮੀ ਨੂੰ ਟੋਏ ਵਿਚੋਂ ਕੱਢਦਾ ਨਹੀਂ। ਹਰ ਕੋਈ ਇਹੀ ਕਹਿੰਦਾ ਏ ਕਿ ਟੋਏ 'ਚੋਂ ਇਸ ਆਦਮੀ ਨੂੰ ਕੱਢਣਾ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ। ਇਹੀ ਹਾਲ ਸਾਡੀਆਂ ਸਰਕਾਰਾਂ

ਦਾ ਏ। ਅਗਰ ਰੋਪੜ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੀ ਹੱਦ ਤੇ ਕੋਈ ਕਤਲ ਹੋ ਜਾਵੇ ਤਾਂ ਰੋਪੜ ਵਾਲਾ ਪੁਲਿਸ ਥਾਣਾ ਕਹੀ ਜਾਊ ਕਿ ਕਤਲ ਦੀ ਰਿਪੋਰਟ ਲਿਖਣਾ ਬਲਾਚੌਰ ਥਾਣੇ ਦਾ ਕੰਮ ਏ ਤੇ ਬਲਾਚੌਰ ਵਾਲਾ ਕਹੀ ਜਾਏਗਾ ਕਿ ਇਹ ਕੰਮ ਰੋਪੜ ਥਾਣੇ ਦਾ ਏ। ਘਟਨਾ ਦੀ ਗੰਭੀਰਤਾ ਵੱਲ ਕੋਈ ਧਿਆਨ ਨਹੀਂ ਦਿੰਦਾ। ਸਿਰਫ਼ ਆਪਣਾ ਅਧਿਕਾਰ ਖੇਤਰ ਲੈ ਕੇ ਖੌਰੂ ਪਾਈ ਜਾਣਗੇ। ਇਹ ਹਾਲ ਏ ਸਾਡੇ ਲੋਕ ਰਾਜ ਦਾ।"

ਕੀਰਤੀ ਸਿੰਘ ਹੋਰੀਂ ਆਨੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਜਾਣ ਦੇ ਸਿੱਧੇ ਰਸਤੇ ਬਾਰੇ ਸੋਚਣ ਲੱਗੇ। ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਉਨ੍ਹਾਂ ਇਹ ਫ਼ੈਸਲਾ ਲਿਆ ਕਿ ਗੜ੍ਹਸ਼ੰਕਰ ਵਿਚੋਂ ਹੁੰਦੇ ਹੋਏ ਸਿੱਧਾ ਜਲੰਧਰ ਨੂੰ ਜਾਇਆ ਜਾਵੇ। ਆਨੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਨੂੰ ਜਾਣ ਦਾ ਸਭ ਤੋਂ ਸਿੱਧਾ ਰਸਤਾ ਇਹੀ ਏ। ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਤੋਂ ਬਾਅਦ ਉਨ੍ਹਾਂ ਸਤਲੁਜ ਦਰਿਆ ਪਾਰ ਕੀਤਾ। ਉਸ ਸਮੇਂ ਸਤਲੁਜ ਦਰਿਆ ਤੇ ਬੇੜੀਆਂ ਦਾ ਪੁਲ ਹੀ ਹੋਇਆ ਕਰਦਾ ਸੀ। ਇਹ ਪੁਲ ਸ਼ਾਇਦ ਅੱਜ ਵੀ ਮੌਜੂਦ ਏ। ਇਹ ਪੁਲ ਬਰਸਾਤਾਂ ਵਿਚ ਚੁੱਕ ਦਿੱਤਾ ਜਾਂਦਾ ਸੀ ਕਿਉਂਕਿ ਦਰਿਆ ਵਿਚ ਪਾਣੀ ਜ਼ਿਆਦਾ ਆ ਜਾਇਆ ਕਰਦਾ ਸੀ। ਰਿੰਪੀ ਇਸ ਬੇੜੀਆਂ ਦੇ ਪੁਲ ਨੂੰ ਦੇਖ ਕੇ ਬੜੀ ਹੈਰਾਨ ਹੋਈ। ਵਲ ਖਾਂਦਾ ਹੋਇਆ ਦਰਿਆ ਆਪਣੀ ਮਸਤੀ ਵਿਚ ਚੱਲ ਰਿਹਾ ਸੀ। ਦਰਿਆ ਨੂੰ ਦੇਖ ਕੇ ਕੀਰਤੀ ਸਿੰਘ ਨੂੰ ਆਪਣੀ ਵਲ ਖਾਂਦੀ ਸਾਰੀ ਜ਼ਿੰਦਗੀ ਯਾਦ ਆ ਜਾਇਆ ਕਰਦੀ ਸੀ। ਉਸ ਨੂੰ ਉਹ ਵਕਤ ਵੀ ਯਾਦ ਆ ਗਿਆ ਜਦ ਉਸ ਨੇ ਇਸ ਦਰਿਆ ਨੂੰ ਟਰੱਕ ਦੀ ਟਿਊਬ ਤੇ ਬੈਠ ਕੇ ਪੁਲਿਸ ਨੂੰ ਚੱਕਮਾ ਦੇਣ ਲਈ ਦੋ ਵਾਰ ਰੋਪੜ ਅਤੇ ਚਮਕੌਰ ਸਾਹਿਬ ਦੇ ਨੇੜਿਉਂ ਪਾਰ ਕੀਤਾ ਸੀ। ਜ਼ੋਰਾ ਸਿੰਘ ਰਿੰਪੀ ਨੂੰ ਦਸਮ ਪਾਤਸ਼ਾਹ ਦੇ ਮਾਛੀਵਾੜੇ ਦੇ ਜੰਗਲਾਂ ਵਿਚ ਗੁਜ਼ਾਰੇ ਦਿਨਾਂ ਬਾਰੇ ਦਸਦਾ ਜਾ ਰਿਹਾ ਸੀ। ਫਿਰ ਉਸ ਨੇ ਰਿੰਪੀ ਨੂੰ ਚਮਕੌਰ ਸਾਹਿਬ ਤੇ ਗੁਰਦੁਆਰਾ ਪਰਿਵਾਰ ਵਿਛੋੜਾ ਬਾਰੇ ਰਿੰਪੀ ਨੂੰ ਕਾਫ਼ੀ ਕੁਝ ਦੱਸਿਆ। ਰਸਤੇ ਵਿਚ ਕਮਾਦ ਤੇ ਮੱਕੀ ਦੇ ਖੇਤ ਠਾਠਾਂ ਮਾਰ ਰਹੇ ਸਨ। ਰਿੰਪੀ ਮੱਕੀ ਦੇ ਟਾਂਡਿਆਂ ਨੂੰ ਛੱਲੀਆਂ ਦੇ ਬੁੱਗ ਕੁੱਛੜ ਚੁੱਕੀ ਦੇਖ ਕੇ ਭਾਵੁਕ ਹੋ ਗਈ। ਉਸ ਨੂੰ ਇਹ ਬੁੱਗ ਇਵੇਂ ਮਹਿਸੂਸ ਹੋਏ ਜਿਵੇਂ ਮਾਂ ਨੇ ਬੱਚਾ ਕੁੱਛੜ ਚੁੱਕਿਆ ਹੋਵੇ। ਉਸ ਨੂੰ ਆਪ ਨੂੰ ਆਪਣੀ ਮਾਂ ਪਾਸੋਂ ਘੱਟ ਪਿਆਰ ਮਿਲਿਆ ਸੀ। ਇਹ ਨਜ਼ਾਰਾ ਦੇਖ ਕੇ ਉਸ ਦੇ ਅੱਖਾਂ ਵਿਚ ਅੱਥਰੂ ਆ ਗਏ।

"ਬੇਟਾ, ਤੂੰ ਏਨੀ ਭਾਵੁਕ ਕਿਉਂ ਹੋ ਗਈ?"

"ਜ਼ੋਰਾ ਸਿਹਾਂ, ਇਹ ਆਪਣੀ ਮਾਂ ਦੀਆਂ ਕਰਤੂਤਾਂ ਨੂੰ ਯਾਦ ਕਰਦੀ ਹੋਵੇਗੀ।"

"ਗੱਲ ਤਾਂ ਬਾਈ ਜੀ ਤੁਹਾਡੀ ਠੀਕ ਲਗਦੀ ਏ। ਇਸ ਨੂੰ ਸਮਝਣਾ ਚਾਹੀਦਾ ਏ ਕਿ ਅਸੀਂ ਹੀ ਇਸ ਦੀ ਮਾਂ ਹਾਂ ਤੇ ਅਸੀਂ ਹੀ ਬਾਪ। ਅਸਲ ਵਿਚ ਲੜਕੀ ਨੂੰ ਮਾਂ ਦੀ ਬਹੁਤ ਜ਼ਰੂਰਤ ਹੁੰਦੀ ਏ। ਮਾਵਾਂ ਲੜਕੀ ਨੂੰ ਛੋਟੀ ਹੁੰਦੀ ਨੂੰ ਤਾਂ ਸੰਭਾਲਦੀਆਂ ਹੀ ਹਨ। ਮੇਰੇ ਖ਼ਿਆਲ ਅਨੁਸਾਰ ਲੜਕੀ ਨੂੰ ਮਾਂ ਦੀ ਸਭ ਤੋਂ ਵੱਧ ਜ਼ਰੂਰਤ 14 ਸਾਲ ਦੀ ਉਮਰ ਤੋਂ 22 ਸਾਲ ਦੀ ਉਮਰ ਤੱਕ ਹੁੰਦੀ ਏ। ਇਸ ਉਮਰ ਵਿਚ ਲੜਕੀ ਭਾਵੁਕ ਹੋ ਕੇ ਕਿਸੇ ਵੀ ਲੜਕੇ ਵੱਲ ਖਿੱਚੀ ਜਾ ਸਕਦੀ ਏ। ਇਸੇ ਕਰਕੇ ਇਸ ਉਮਰ ਵਿਚ ਲੜਕੀਆਂ ਗੁੰਮਰਾਹ ਹੋ ਜਾਂਦੀਆਂ ਹਨ ਤੇ ਆਪਣਾ ਜੀਵਨ ਖ਼ਰਾਬ ਕਰ ਲੈਂਦੀਆਂ ਹਨ। ਮਾਂ ਇਸ ਉਮਰ ਵਿਚ ਲੜਕੀ ਦੀ

ਸਭ ਤੋਂ ਵੱਡੀ ਗਾਈਡ ਹੁੰਦੀ ਏ। ਰਿਪੀ ਤਾਂ ਹੁਣ ਸਮਝਦਾਰ ਹੋ ਗਈ ਏ। ਜਦ ਬੱਚਾ ਐਮ.ਏ. ਪਾਸ ਕਰਨ ਦੇ ਨੇੜੇ ਹੋ ਜਾਵੇ ਤਾਂ ਉਹ ਕਾਫ਼ੀ ਸਿਆਣਾ ਹੋ ਜਾਂਦਾ ਏ। ਬੱਚੇ ਤੈਨੂੰ ਇਤਨਾ ਅੱਛਾ ਪਿਉ ਮਿਲਿਆ ਏ। ਮੈਂ ਵੀ ਤੇਰੇ ਪਿਉ ਸਮਾਨ ਹੀ ਹਾਂ। ਤੂੰ ਬਹੁਤੀ ਪ੍ਰਵਾਹ ਨਾ ਕਰਿਆ ਕਰ। ਅਸੀਂ ਤੇਰੀ ਠੀਕ ਅਗਵਾਈ ਕਰ ਰਹੇ ਹਾਂ।"

ਰਿਪੀ ਨੇ ਆਪਣੀਆਂ ਅੱਖਾਂ ਦੇ ਅੱਥਰੂ ਪੂੰਝੇ ਤੇ ਫਿਰ ਹਰੇ ਭਰੇ ਖੇਤਾਂ ਦਾ ਆਨੰਦ ਮਾਨਣ ਲੱਗ ਪਈ। ਰਾਹ ਵਿਚ ਅੰਤਾਂ ਦੇ ਕਿੰਨੂੰਆਂ ਦੇ ਬਾਗ਼ ਸਨ। ਥਾਂ ਥਾਂ ਤੇ ਭਈਏ ਰੇੜ੍ਹੀਆਂ ਲਗਾ ਕੇ ਸੰਤਰੇ ਅਤੇ ਕਿੰਨੂੰ ਦਾ ਜੂਸ ਪਿਆ ਰਹੇ ਸਨ। ਉਨ੍ਹਾਂ ਇੱਕ ਜਗ੍ਹਾ ਖੜ੍ਹ ਕੇ ਜੂਸ ਪੀਤਾ ਤੇ ਕੁਝ ਅਮਰੂਦ ਖਰੀਦੇ। ਥੋੜ੍ਹੇ ਚਿਰ ਵਿਚ ਹੀ ਉਨ੍ਹਾਂ ਦੀ ਕਾਰ ਗੜ੍ਹਸ਼ੰਕਰ ਪਹੁੰਚ ਗਈ। ਗੜ੍ਹਸ਼ੰਕਰ ਦਾਖ਼ਲ ਹੁੰਦੇ ਸਾਰ ਹੀ ਉਨ੍ਹਾਂ ਦੀ ਨਜ਼ਰ ਇਕ ਕਾਲਜ ਤੇ ਪਈ। ਬੋਰਡ ਪੜ੍ਹਿਆ 'ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ'। ਜੋਰਾ ਸਿੰਘ ਨੂੰ ਕਾਲਜ ਦੇ ਇਤਿਹਾਸ ਬਾਰੇ ਪਤਾ ਸੀ।

"ਇਹ ਕਾਲਜ ਬੱਬਰਾਂ ਦੀ ਯਾਦ ਵਿਚ ਖੋਲ੍ਹਿਆ ਗਿਆ ਸੀ।"

"ਅੰਕਲ, ਇਹ ਬੱਬਰ ਕੌਣ ਸਨ?"

ਬੱਬਰ ਲਹਿਰ ਪੰਜਾਬ ਦੇ ਇਤਿਹਾਸ ਦਾ ਹੀ ਨਹੀਂ, ਬਲਕਿ ਭਾਰਤ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੈ। ਇਹ ਲਹਿਰ ਦੁਆਬੇ ਦੇ ਗੜ੍ਹਸ਼ੰਕਰ ਤੇ ਮਹਿਲਪੁਰ ਦੇ ਇਲਾਕੇ ਵਿਚ ਸੰਨ ਉੱਨੀ ਸੌ ਵੀਹਵੀਆਂ ਵਿਚ ਅੰਗਰੇਜ਼ ਸਰਕਾਰ ਦੇ ਖਿਲਾਫ਼ ਚੱਲੀ ਸੀ। ਇਸ ਲਹਿਰ ਵਿਚ ਕਈ ਪਿੰਡਾਂ ਦੇ ਕਈ ਬੱਬਰ ਮਾਰੇ ਗਏ ਸਨ ਜਿਵੇਂ ਕਿਸ਼ਨ ਸਿੰਘ ਗੜਗੱਜ, ਮੋਤਾ ਸਿੰਘ, ਦਲੀਪ ਸਿੰਘ ਧਾਮੀਆਂ, ਕਰਮ ਸਿੰਘ ਦੌਲਤਪੁਰ, ਬਲਵੰਤ ਸਿੰਘ, ਪਿਆਰਾ ਸਿੰਘ ਲੰਗੇਰੀ ਆਦਿ। ਬੱਬਰਾਂ ਦਾ ਕੰਮ ਸਿੱਖਾਂ ਦੇ ਖਿਲਾਫ਼ ਮੁਖਬਰੀਆਂ ਕਰਨ ਵਾਲਿਆਂ ਨੂੰ ਸੋਧਣਾ ਸੀ। ਇਨ੍ਹਾਂ ਬੇਲਾ ਸਿੰਘ ਜਿਹੇ ਮੁਖਬਰਾਂ ਨੂੰ ਸੋਧਿਆ ਸੀ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਾਰਤ ਵਿਚ ਇਸ ਪ੍ਰਕਾਰ ਦੀਆਂ ਲਹਿਰਾਂ ਵੱਖ ਵੱਖ ਇਲਾਕਿਆਂ ਵਿਚ ਚਲਦੀਆਂ ਹੀ ਰਹਿੰਦੀਆਂ ਸਨ। ਤੈਨੂੰ ਪਤਾ ਹੋਣਾ ਏ ਕਿ ਪੰਜਾਬ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਬਹੁਤ ਠੋਸ ਯੋਗਦਾਨ ਪਾਇਆ ਸੀ। ਅਗਰ ਜ਼ਿਆਦਾ ਜਾਨਣਾ ਚਾਹੁੰਦੀ ਏ ਤਾਂ ਬਾਜ਼ਾਰ 'ਚੋਂ ਇਕ ਪੁਸਤਕ ਖਰੀਦ। ਇਸ ਪੁਸਤਕ ਦਾ ਨਾਮ ਏ–'ਭਾਰਤ ਦੀ ਮੁੜ ਤੋਂ ਖੋਜ' (Rediscovery of India) ਇਸ ਪੁਸਤਕ ਵਿਚ ਤਾਂ ਕਿਸ ਨੇ ਇਸ ਲਹਿਰ ਵਿਚ ਕਿਨੀਆਂ ਸ਼ਹੀਦੀਆਂ ਦਿੱਤੀਆਂ, ਇਹ ਸਾਰੇ ਅੰਕੜੇ ਵੀ ਦਿੱਤੇ ਹੋਏ ਹਨ। ਭਾਰਤ ਦੀ ਆਜ਼ਾਦੀ ਵਿਚ ਪੰਜਾਬ ਅਤੇ ਬੰਗਾਲ ਦਾ ਯੋਗਦਾਨ ਬਹੁਤ ਹੀ ਜ਼ਿਆਦਾ ਸੀ। ਇਹ ਕਾਲਜ ਉਨ੍ਹਾਂ ਬੱਬਰਾਂ ਦੀ ਯਾਦ ਵਿਚ ਖੋਲ੍ਹਿਆ ਗਿਆ ਸੀ।"

ਇਸ ਤੋਂ ਬਾਅਦ ਉਨ੍ਹਾਂ ਜਲੰਧਰ ਵੱਲ ਨੂੰ ਚਾਲੇ ਪਾ ਦਿੱਤੇ। ਉਹ ਅੰਮ੍ਰਿਤਸਰ ਤੋਂ ਸਿੱਧਾ ਬੰਗਾ ਵੱਲ ਨਹੀਂ ਗਏ ਬਲਕਿ ਨਵਾਂਸ਼ਹਿਰ ਵੱਲ ਦੀ ਹੋ ਗਏ। ਪ੍ਰੋ. ਜੋਰਾ ਸਿੰਘ ਦਾ ਇੰਝ ਕਰਨ ਦਾ ਮਕਸਦ ਸੀ ਕਿ ਰਿਪੀ ਨੂੰ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚਲਾ ਭਗਤ ਸਿੰਘ ਦਾ ਬੁੱਤ ਤੇ ਅਜਾਇਬ ਘਰ ਵੀ ਦਿਖਾ ਦਿੱਤਾ ਜਾਵੇ। ਇਸ ਬੁੱਤ ਅਤੇ ਅਜਾਇਬ ਘਰ ਪਾਸ ਪਹੁੰਚ ਕੇ ਉਨ੍ਹਾਂ ਖਾਣਾ ਖਾਧਾ ਤੇ ਇਸ ਮਹਾਨ ਸਥਾਨ ਦੇ ਦਰਸ਼ਨ ਕੀਤੇ।

"ਅੰਕਲ, ਮੇਰੇ ਜ਼ਿਹਨ ਵਿਚ ਇਕ ਸਵਾਲ ਅਕਸਰ ਆਉਂਦਾ ਰਹਿੰਦਾ ਏ।"

"ਉਹ ਕੀ?"

"ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਭਗਤ ਸਿੰਘ ਤੇ ਊਧਮ ਸਿੰਘ ਦੇ ਰੋਲ ਬਾਰੇ ਇਕ ਵਾਰ ਸਾਡੇ ਕਾਲਜ ਵਿਚ ਸੈਮੀਨਾਰ ਕਰਾਇਆ ਗਿਆ ਸੀ। ਇਸ ਸੈਮੀਨਰ ਵਿਚ ਇਕ ਵਕਤਾ ਨੇ ਕਿਹਾ ਸੀ ਕਿ ਸਾਨੂੰ ਊਧਮ ਸਿੰਘ ਨੂੰ ਸ਼ਹੀਦ ਭਗਤ ਸਿੰਘ ਤੋਂ ਵੱਡਾ ਸ਼ਹੀਦ ਮੰਨਣਾ ਚਾਹੀਦਾ ਏ। ਅਸੀਂ ਭਗਤ ਸਿੰਘ ਨੂੰ ਅੰਤਾਂ ਦੀ ਮਹੱਤਤਾ ਦਿੰਦੇ ਰਹੇ ਹਾਂ। ਊਧਮ ਸਿੰਘ ਦੀ ਕੁਰਬਾਨੀ ਵੱਲ ਅਸਾਂ ਕਾਫ਼ੀ ਲੇਟ ਧਿਆਨ ਦਿੱਤਾ ਸੀ। ਕੀ ਇਹ ਵਿਚਾਰ ਤੁਹਾਨੂੰ ਠੀਕ ਲਗਦਾ ਏ?"

"ਬੇਟੇ, ਮੈਂ ਖ਼ੁਦ ਵੀ ਇਸ ਵਿਚਾਰ ਨਾਲ ਸਹਿਮਤ ਹਾਂ। ਭਗਤ ਸਿੰਘ ਹੁਰਾਂ ਅਸੈਂਬਲੀ 'ਚ ਬੰਬ ਸੁੱਟ ਕੇ ਖੜਕਾ ਦੜਕਾ ਕੀਤਾ ਤੇ ਅੰਗਰੇਜ਼ਾਂ ਨੂੰ ਡਰਾਇਆ। ਜਦ ਭਗਤ ਸਿੰਘ ਨੇ ਸਾਂਡਰਸ ਤੇ ਗੋਲੀ ਚਲਾਈ ਤਾਂ ਪਤਾ ਲੱਗਾ ਕਿ ਉਹ ਸਾਂਡਰਸ ਹੈ ਹੀ ਨਹੀਂ ਸੀ। ਸਾਂਡਰਸ ਦੀ ਬਜਾਏ ਕੋਈ ਹੋਰ ਹੀ ਅੰਗਰੇਜ਼ ਅਫ਼ਸਰ ਮਾਰਿਆ ਗਿਆ ਸੀ। ਦੂਸਰੇ ਪਾਸੇ ਊਧਮ ਸਿੰਘ ਨੇ ਆਪਣਾ ਕਾਰਨਾਮਾ ਅੰਜ਼ਾਮ ਦੇਣ ਲਈ ਬੜਾ ਲੰਬਾ ਇੰਤਜ਼ਾਰ ਕੀਤਾ। ਸੰਨ 1919 ਵਿਚ ਜਲ੍ਹਿਆ ਵਾਲਾ ਬਾਗ਼ ਦਾ ਖ਼ੂਨੀ ਸਾਕਾ ਵਾਪਰਿਆ। ਉਸਦਾ ਬਦਲਾ ਲੈਣ ਲਈ ਉਹ ਲੰਡਨ ਪਹੁੰਚਿਆ। ਆਪਣਾ ਨਾਮ ਬਦਲਿਆ। ਕਾਫ਼ੀ ਸਾਲ ਇੰਤਜ਼ਾਰ ਕਰਨ ਤੋਂ ਬਾਅਦ ਉਹ ਜਨਰਲ ਓਡਵਾਇਰ ਨੂੰ ਮਾਰਨ ਵਿਚ ਕਾਮਯਾਬ ਹੋ ਗਿਆ। ਉਸਦਾ ਨਿਸ਼ਾਨਾ ਉਕਿਆ ਨਹੀਂ। ਇੰਤਜ਼ਾਰ ਦੇ ਇਹ ਸਾਰੇ ਸਾਲ ਉਸ ਦੇ ਦਿਲੋਂ ਦਿਮਾਗ਼ ਤੇ ਇਹ ਬਦਲੇ ਦੀ ਭਾਵਨਾ ਹਮੇਸ਼ਾ ਹਾਵੀ ਰਹੀ ਹੋਵੇਗੀ। ਕੁਰਬਾਨੀ ਦੋਹਾਂ ਦੀ ਹੀ ਵਿਲੱਖਣ ਏ। ਦੋਹਾਂ ਨੂੰ ਫਾਂਸੀ ਦਾ ਤਖ਼ਤਾ ਮਿਲਿਆ। ਹਾਂ, ਇਵੇਂ ਕਿਹਾ ਜਾ ਸਕਦਾ ਏ ਕਿ ਅਸੀਂ ਊਧਮ ਸਿੰਘ ਦੀ ਕੁਰਬਾਨੀ ਵੱਲ ਜ਼ਿਆਦਾ ਧਿਆਨ ਲੇਟ ਆ ਕੇ ਦਿੱਤਾ। ਇਸ ਪ੍ਰਕਾਰ ਦੇ ਕੰਮਾਂ ਵਿਚ ਕਈ ਵਾਰ ਸਿਆਸਤ ਵੀ ਵੱਧ ਗਲਬਾ ਪਾ ਲੈਂਦੀ ਏ। ਭਗਤ ਸਿੰਘ ਦਾ ਪਰਿਵਾਰ ਪੁਰਾਣਾ ਦੇਸ਼ ਭਗਤਾਂ ਦਾ ਪਰਿਵਾਰ ਸੀ। ਉਸ ਪਰਿਵਾਰ ਨੂੰ ਸਾਰੇ ਪਹਿਲਾਂ ਹੀ ਜਾਣਦੇ ਸਨ। ਊਧਮ ਸਿੰਘ ਵਿਚਾਰਾ ਆਪ ਇਕ ਅਨਾਥ ਬੱਚਾ ਸੀ। ਇਸ ਸਮਾਜ ਵਿਚ ਅਗਰ ਕੋਈ ਅਣਜਾਣ ਤੇ ਗ਼ਰੀਬ ਵੱਡਾ ਕੰਮ ਕਰ ਦੇਵੇ ਲੋਕ ਉਸ ਵੱਲ ਹੌਲ਼ੀ ਹੌਲ਼ੀ ਹੀ ਧਿਆਨ ਦਿੰਦੇ ਹਨ। ਅਗਰ ਕੋਈ ਪਹਿਲਾਂ ਹੀ ਜਾਣਿਆ ਮਾਣਿਆਂ ਵੱਡਾ ਕੰਮ ਕਰ ਦੇਵੇ ਤਾਂ ਸਮਾਜ ਉਸ ਵੱਲ ਬੜੀ ਜਲਦੀ ਧਿਆਨ ਦਿੰਦਾ ਏ। ਮੇਰੇ ਖ਼ਿਆਲ ਮੁਤਾਬਿਕ ਅਗਰ ਕੋਈ ਗ਼ਰੀਬ ਤੇ ਸਾਧਨ ਰਹਿਤ ਵੱਡਾ ਕੰਮ ਕਰਦਾ ਏ ਤਾਂ ਉਸ ਦਾ ਰੁਤਬਾ ਜ਼ਿਆਦਾ ਵੱਡਾ ਮੰਨਿਆ ਜਾਣਾ ਚਾਹੀਦਾ ਏ। ਮਿਸਾਲ ਦੇ ਤੌਰ ਤੇ ਮੈਂ ਜਦ ਚੰਡੀਗੜ੍ਹ ਐਮ.ਏ. ਵਿਚ ਦਾਖ਼ਲ ਹੋਣ ਗਿਆ ਸੀ ਤਾਂ ਅੰਗਰੇਜ਼ੀ ਵਿਭਾਗ ਦੀ ਬਣੀ ਮੈਰਿਟ ਵਿਚ ਦੂਜੇ ਨੰਬਰ ਤੇ ਸੀ। ਮੇਰੇ ਨਾਲ ਹੀ ਬਰਾਬਰ ਦੇ ਨੰਬਰਾਂ ਵਾਲੀ ਇਕ ਚੰਡੀਗੜ੍ਹ ਦੇ ਕਿਸੇ ਅਫ਼ਸਰ ਦੀ ਲੜਕੀ ਸੀ। ਹੁਣ ਤੂੰ ਦੱਸ, ਮੈਂ ਪਿੰਡੋਂ ਅਨਪੜ੍ਹ ਪਰਿਵਾਰ ਚੋਂ ਗਿਆ ਸੀ। ਉਹ ਲੜਕੀ ਅੰਤਾਂ ਦੇ ਪੜ੍ਹੇ ਲਿਖੇ ਪਰਿਵਾਰ 'ਚੋਂ ਸੀ। ਨੰਬਰਾਂ ਦੋਹਾਂ ਦੇ ਬਰਾਬਰ ਸਨ। ਤੂੰ ਦੱਸ ਬਈ, ਜ਼ਿਆਦਾ ਮਿਹਨਤ ਕਿਸਦੀ ਹੋਈ?"

"ਅੰਕਲ ਗੱਲ ਤੁਹਾਡੀ ਠੀਕ ਏ ਕਿ ਤੁਹਾਡੀ ਮਿਹਨਤ ਜ਼ਿਆਦਾ ਸੀ। ਤੁਸੀਂ ਮਾੜੇ

ਹਾਲਾਤਾਂ ਵਿਚੋਂ ਨਿਕਲ ਕੇ ਉੱਥੇ ਪਹੁੰਚੇ ਪਰ ਇਸ ਸਮਾਜ ਵਿਚ ਇੰਜ ਪਰਖ ਕੋਈ ਨਹੀਂ ਕਰਦਾ।"

"ਮੈਂ ਵੀ ਤਾਂ ਤੈਨੂੰ ਇਹੀ ਕਿਹਾ ਏ ਕਿ ਊਧਮ ਸਿੰਘ ਦੀ ਕੁਰਬਾਨੀ ਮੈਨੂੰ ਭਗਤ ਸਿੰਘ ਦੀ ਕੁਰਬਾਨੀ ਤੋਂ ਵੱਡੀ ਲਗਦੀ ਰਹਿੰਦੀ ਏ ਕਿਉਂਕਿ ਉਸ ਦੇ ਆਰਥਿਕ ਤੇ ਘਰੇਲੂ ਹਾਲਾਤ ਭਗਤ ਸਿੰਘ ਦੀ ਤੁਲਨਾ ਵਿਚ ਨੀਵੇਂ ਸਨ। ਸਮਾਜ ਤੇ ਸਿਆਸਤ ਦਾ ਇਹ ਦਸਤੂਰ ਰਿਹਾ ਏ ਕਿ ਉਹ ਅਮੀਰ ਨੂੰ ਉੱਪਰ ਚੁੱਕਦੇ ਰਹੇ ਹਨ ਤੇ ਗ਼ਰੀਬ ਵੱਲ ਹੌਲ਼ੀ-ਹੌਲ਼ੀ ਧਿਆਨ ਜਾਂਦਾ ਏ। ਮੈਂ ਸ਼ੁਰੂ ਸ਼ੁਰੂ ਵਿਚ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਉਣ ਲਈ ਅਰਜ਼ੀ ਦਿੱਤੀ। ਇਸ ਕਾਲਜ ਦੀ ਮੈਨੇਜਿੰਗ ਕਮੇਟੀ ਵਿਚ ਮੇਰੇ ਪਿੰਡ ਦਾ ਇਕ ਜ਼ਿਮੀਂਦਾਰ ਵੀ ਮੈਂਬਰ ਸੀ। ਉਸ ਦੀਆਂ ਲੜਕੀਆਂ ਉਸੇ ਕਾਲਜ ਵਿਚ ਹੀ ਪੜ੍ਹਦੀਆਂ ਸਨ। ਮੈਂ ਗ਼ਰੀਬ ਪਛੜੇ ਤੇ ਅਨਪੜ੍ਹ ਪਰਿਵਾਰ 'ਚੋਂ ਸਾਂ। ਹਾਂ, ਮੈਂ ਐਮ.ਏ. ਬੜੇ ਚੰਗੇ ਨੰਬਰਾਂ ਨਾਲ ਕਰ ਗਿਆ ਸਾਂ। ਸਾਡਾ ਇਕ ਵਾਕਫ਼ ਆਦਮੀ ਕਮੇਟੀ ਦੇ ਇਕ ਮੈਂਬਰ ਪਾਸ ਮੇਰੇ ਲਈ ਸਿਫਾਰਸ਼ ਕਰਵਾਉਣ ਗਿਆ ਤਾਂ ਕਿ ਮੈਨੂੰ ਕਾਲਜ ਵਿਚ ਜਾਬ ਮਿਲ ਸਕੇ। ਪਤਾ ਉਹ ਮੈਂਬਰ ਕੀ ਕਹਿੰਦਾ?"

"ਅੰਕਲ, ਕੀ ਕਿਹਾ ਉਸ ਨੇ?"

"ਉਹ ਮੂਲਾ ਸਿੰਘ ਦਾ ਮੁੰਡਾ ਜੋਰਾ ਸਿੰਘ! ਉਹ ਪੜ੍ਹਾਇਆ ਕਰੂਗਾ ਸਾਡੀਆਂ ਕੁੜੀਆਂ ਨੂੰ? ਉਹ ਤਾਂ ਸਾਲਾ ਕੱਲ੍ਹ ਏਥੇ ਪਜਾਮਾ ਪਾਈ ਸਾਡੇ ਖੇਤਾਂ ਵਿਚ ਡੰਗਰ ਚਾਰਿਆ ਕਰਦਾ ਸੀ।

ਉਹਨੂੰ ਯਕੀਨ ਹੀ ਨਾ ਆਵੇ ਕਿ ਮੈਂ ਐਮ.ਏ. ਪਾਸ ਕਰਕੇ ਲੈਕਚਰਾਰ ਬਣਨ ਦੇ ਕਾਬਲ ਹੋ ਗਿਆ ਸੀ। ਦੂਜੇ ਪਾਸੇ ਸ਼ਾਹਾਂ ਦੇ ਕੁਲਵਰਨ ਨੂੰ ਉਹ ਕਹੀ ਜਾਵੇ-ਮੁੰਡਾ ਹੋਵੇ ਤਾਂ ਕੁਲਵਰਨ ਜਿਹਾ। ਮੋਟਰ ਸਾਈਕਲ ਤੇ ਜਾਂਦਾ ਕਾਲਜ ਨੂੰ। ਸੁਣਿਐ ਫੁੱਟਬਾਲ ਦਾ ਵੀ ਤਕੜਾ ਖਿਲਾੜੀ ਏ। ਕੱਪੜੇ ਪਾਉਂਦਾ ਕਹਿੰਦੇ ਕਹਾਂਦੇ। ਉਹਨੇ ਮੈਨੂੰ ਕਾਲਜ ਵਿਚ ਲੱਗਣ ਹੀ ਨਾ ਦਿੱਤਾ। ਜਦ ਮੈਂ ਚੰਡੀਗੜ੍ਹ ਦੇ ਇਕ ਕਾਲਜ ਵਿਚ ਲੱਗ ਗਿਆ ਤਾਂ ਉਹੀ ਕਮੇਟੀ ਮੈਂਬਰ ਹੈਰਾਨ ਹੋਈ ਜਾਵੇ। ਫਿਰ ਉਸੇ ਕਾਲਜ ਦੇ ਕਮੇਟੀ ਮੈਂਬਰ ਕਹੀ ਜਾਣ ਕਿ ਮੁੰਡੇ (ਮੈਨੂੰ) ਨੂੰ ਆਪਣੇ ਕਾਲਜ ਵਿਚ ਲੈ ਆਵੋ। ਫਿਰ ਉਹ ਮੈਨੂੰ ਓਥੇ ਲੈ ਵੀ ਗਏ। ਉਥੇ ਮੈਂ ਆਪਣਾ ਸਾਰਾ ਕੈਰੀਅਰ ਬਿਤਾਇਆ। ਇਹ ਹਾਲ ਏ ਅਨਪੜ੍ਹਾਂ ਦਾ ਤੇ ਜਗੀਰਦਾਰੀ ਸੋਚ ਵਾਲੇ ਲੋਕਾਂ ਦਾ। ਇਨ੍ਹਾਂ ਨੂੰ ਸਾਦਾ ਬੰਦਾ ਕੁਝ ਬਣਨ ਦੇ ਕਾਬਲ ਹੀ ਨਹੀਂ ਲਗਦਾ। ਸਾਡੇ ਪ੍ਰਾਈਵੇਟ ਕਾਲਜ ਅਨਪੜ੍ਹ ਜਿਮੀਂਦਾਰਾਂ ਦੇ ਹੱਥਾਂ ਵਿਚ ਹਨ। ਮੈਂ ਮੰਨਦਾ ਹਾਂ ਕਿ ਇਨ੍ਹਾਂ ਅਨਪੜ੍ਹਾਂ ਵਿਚ ਵੀ ਕਈ ਵਿਅਕਤੀ ਸਮਝਦਾਰ ਹਨ ਪਰ ਬਹੁ ਗਿਣਤੀ ਲਾਈਲੱਗਾਂ ਦੀ ਹੀ ਏ। ਕਿਸੇ ਵੀ ਦੇਸ਼ ਦੀ ਵਿੱਦਿਆ ਦਾ ਪ੍ਰਬੰਧ ਪੜ੍ਹੇ ਲਿਖੇ ਬੰਦਿਆਂ ਦੇ ਹੱਥਾਂ ਵਿਚ ਹੋਣਾ ਅਤਿ ਜ਼ਰੂਰੀ ਏ। ਭਾਵੇਂ ਕਿਸੇ ਨੇ ਕਿਸੇ ਅਦਾਰੇ ਨੂੰ ਲੱਖ ਦਾਨ ਦਿੱਤਾ ਹੋਵੇ ਉਸ ਨੂੰ ਵਿੱਦਿਆ ਦੇ ਉਚਤਮ ਕੰਮਾਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਕਮੇਟੀਆਂ ਨੂੰ ਚੰਦ ਪੜ੍ਹੇ ਲਿਖੇ ਲੋਕਾਂ ਦਾ ਇਕ ਪੈਨਲ ਬਣਾਉਣਾ ਚਾਹੀਦਾ ਏ। ਇਸ ਪੈਨਲ ਦਾ ਮੈਂਬਰ ਹੀ ਅਧਿਆਪਕਾਂ ਦੀ ਇੰਟਰਵਿਊ ਸਮੇਂ ਚੋਣ ਬੋਰਡ ਵਿਚ ਬੈਠਿਆ ਕਰੇ। ਚੋਣ ਬੋਰਡ ਦੇ ਵਿਸ਼ਾ ਮਾਹਰ (Subject expert) ਉਮੀਦਵਾਰ ਦੀ ਕਾਰਗੁਜ਼ਾਰੀ ਬਾਰੇ ਆਪਣੀ ਆਜ਼ਾਦ ਰਾਏ ਦੇਣ।

ਉਮੀਦਵਾਰ ਦਾ ਵਿਸ਼ੇ ਦਾ ਪੂਰਾ ਮਾਹਰ ਹੋਣਾ ਚੋਣ ਦੀ ਸਭ ਤੋਂ ਵੱਡੀ ਕਸੌਟੀ ਹੋਣੀ ਚਾਹੀਦੀ ਏ। ਦੂਜੀ ਕਸੌਟੀ ਸਦਾਚਾਰ ਤੇ ਸਰਿਸ਼ਟਾਚਾਰ ਹੋਣੀ ਚਾਹੀਦੀ ਏ। ਤੀਜੀ ਕਸੌਟੀ ਉਸ ਦਾ ਗ਼ੈਰ ਸਿਆਸੀ ਹੋਣਾ ਚਾਹੀਦੀ ਏ। ਚੌਥੇ ਨੰਬਰ ਤੇ ਉਸ ਦਾ ਪਿਛੋਕੜ ਅਪਰਾਧੀ ਨਹੀਂ ਹੋਣਾ ਚਾਹੀਦਾ। ਅਗਰ ਉਸ ਨੇ ਸਕੂਲ ਵਿਚ ਪੜ੍ਹਾਉਣਾ ਹੈ ਤਾਂ ਉਸ ਪਾਸ ਬੱਚਿਆਂ ਦੀ ਚੰਗੀ ਦੇਖ ਭਾਲ (Child Protection) ਦਾ ਪ੍ਰਮਾਣ ਪੱਤਰ ਵੀ ਹੋਣਾ ਚਾਹੀਦਾ ਏ। ਕਈ ਅਦਾਰਿਆਂ ਵਿਚ ਕਈ ਅਧਿਆਪਕ ਬਹੁਤ ਜ਼ਿਆਦਾ ਧਾਰਮਿਕ ਹਨ ਜਾਂ ਧਾਰਮਿਕ ਹੋਣ ਦੀ ਅਭਿਨੈ ਕਰਦੇ ਰਹਿੰਦੇ ਹਨ। ਧਾਰਮਿਕ ਹੋਣਾ ਕੋਈ ਮਾੜੀ ਗੱਲ ਨਹੀਂ ਪਰ ਇੰਝ ਨਾ ਹੋਵੇ ਕਿ ਉਮੀਦਵਾਰ ਨਿਰਾ ਧਾਰਮਿਕ ਹੀ ਹੋਵੇ ਤੇ ਆਪਣੇ ਵਿਸ਼ੇ ਵਿਚ ਊਣਾ ਹੋਵੇ। ਵਿਸ਼ੇ ਦੀ ਊਣਤਾਈ ਨੂੰ ਨਿਰੀ ਧਰਮ ਦੀ ਦਿੱਖ ਹੇਠ ਛੁਪਾ ਕੇ ਪੜ੍ਹਾਉਣ ਲੱਗ ਜਾਣਾ ਵਿੱਦਿਆ ਦੇ ਕਿੱਤੇ ਨਾਲ ਘੋਰ ਅਨਿਆਏ ਹੈ।"

"ਸਾਡਾ ਇਕ ਇਤਿਹਾਸ ਦਾ ਪ੍ਰੋਫੈਸਰ ਧਾਰਮਿਕ ਹੋਣ ਦੀ ਬੜੀ ਅਭਿਨੈ ਕਰਿਆ ਕਰਦਾ ਸੀ। ਉਹ ਸਾਨੂੰ ਬੀ.ਏ. ਵਿਚ ਸਿੱਖ ਇਤਿਹਾਸ ਪੜ੍ਹਾਇਆ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅਧਿਆਏ ਤੇ ਜਮਾਤ ਵਿਚ ਲੈਕਚਰ ਹੋ ਕੇ ਹਟੇ ਸਨ। ਉਸ ਨੇ ਰਣਜੀਤ ਸਿੰਘ ਪੜ੍ਹਾਉਂਦੇ ਹੋਏ ਵਾਰ ਵਾਰ ਕਿਹਾ ਸੀ ਕਿ ਰਣਜੀਤ ਸਿੰਘ ਨੇ ਧਰਮ ਅਤੇ ਰਾਜਨੀਤੀ ਨੂੰ ਅੱਡ ਅੱਡ ਰੱਖਿਆ। ਨਾਲ ਹੀ ਉਸ ਨੇ ਇਹ ਵੀ ਪੜ੍ਹਾਇਆ ਸੀ ਕਿ ਸ਼ੇਰੇ ਪੰਜਾਬ ਜਦ ਵੀ ਕਿਸੇ ਮੁਹਿੰਮ ਤੇ ਜਾਇਆ ਕਰਦਾ ਸੀ ਤਾਂ ਮਹਾਰਾਜ ਦੀ ਸਵਾਰੀ ਆਪਣੇ ਨਾਲ ਰੱਖਿਆ ਕਰਦਾ ਸੀ। ਜਦ ਉਸ ਦੇ ਲੈਕਚਰ ਖ਼ਤਮ ਹੋ ਗਏ ਤਾਂ ਮੈਂ ਉਸ ਨੂੰ ਇਕ ਸਵਾਲ ਕੀਤਾ- ਤੁਸੀਂ ਕਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਧਰਮ ਤੇ ਸਿਆਸਤ ਨੂੰ ਅੱਡ ਅੱਡ ਰੱਖਿਆ। ਦੂਜੀ ਗੱਲ ਤੁਸੀਂ ਪੜ੍ਹਾਈ ਸੀ ਕਿ ਮਹਾਰਾਜਾ ਜਦ ਵੀ ਕਿਸੇ ਮੁਹਿੰਮ ਤੇ ਜਾਂਦਾ ਸੀ ਤਾਂ ਮਹਾਰਾਜ ਦੀ ਸਵਾਰੀ ਤੇ ਗ੍ਰੰਥੀ ਹਮੇਸ਼ਾ ਨਾਲ ਹੀ ਹੋਇਆ ਕਰਦੇ ਸਨ। ਜਦ ਮਹਾਰਾਜ ਦੀ ਸਵਾਰੀ ਹਰ ਸਮੇਂ ਨਾਲ ਹੀ ਹੋਇਆ ਕਰਦੀ ਸੀ ਤਾਂ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਮਹਾਰਾਜੇ ਨੇ ਧਰਮ ਤੇ ਸਿਆਸਤ ਨੂੰ ਹਮੇਸ਼ਾ ਅੱਡ ਅੱਡ ਰੱਖਿਆ? ਮੇਰੇ ਵਾਰ ਵਾਰ ਇਸ ਸਵਾਲ ਦਾ ਜਵਾਬ ਪੁੱਛਣ ਤੇ ਵੀ ਉਹ ਇਸਦਾ ਸਹੀ ਜਵਾਬ ਨਾ ਦੇ ਸਕਿਆ। ਇਸ ਦਾ ਕਾਰਨ ਇਹ ਸੀ ਕਿ ਉਹ ਆਪਣੇ ਵਿਸ਼ੇ ਵਿਚ ਪੂਰਾ ਮਾਹਰ ਨਹੀਂ ਸੀ। ਸਿੱਖਾਂ ਵਿਚ ਅੱਜ ਵੀ ਤੇ ਪਿਛਲੇ ਸਮਿਆਂ ਵਿਚ ਵੀ ਧਰਮ ਤੇ ਸਿਆਸਤ ਇਕਜੁੱਟ ਰਹੇ ਹਨ। ਮੈਨੂੰ ਅੱਜ ਤੱਕ ਇਹ ਨਹੀਂ ਸਮਝ ਆਇਆ ਕਿ ਉਹ ਅਧਿਆਪਕ ਮਹਾਰਾਜੇ ਬਾਰੇ ਇਸ ਪ੍ਰਕਾਰ ਦੀ ਧਾਰਨਾ ਕਿਵੇਂ ਰਖਦਾ ਸੀ। ਦੂਜੇ ਪਾਸੇ ਸਾਡਾ ਇਕ ਅੰਗਰੇਜ਼ੀ ਦਾ ਅਧਿਆਪਕ ਅੰਮ੍ਰਿਤਧਾਰੀ ਸਿੱਖ ਸੀ। ਉਹ ਆਪਣੇ ਵਿਸ਼ੇ ਵਿਚ ਪੂਰਾ ਪੂਰਾ ਮਾਹਿਰ ਸੀ। ਉਸ ਦਾ ਇੰਝ ਧਾਰਮਿਕ ਹੋਣਾ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ।"

ਇੰਝ ਗੱਲਾਂ ਕਰਦੇ ਕਰਦੇ ਉਹ ਅੰਮ੍ਰਿਤਸਰ ਪਹੁੰਚ ਗਏ। ਅੰਮ੍ਰਿਤਸਰ ਬਾਰੇ ਰਿੱਪੀ ਨੂੰ ਬਹੁਤੀ ਜਾਣਕਾਰੀ ਦੀ ਜ਼ਰੂਰਤ ਨਹੀਂ ਸੀ। ਇਸ ਸਥਾਨ ਬਾਰੇ ਉਹ ਪਹਿਲਾਂ ਹੀ ਬਹੁਤ ਕੁਝ ਜਾਣਦੀ ਸੀ। ਉਸਨੂੰ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਫ਼ਰਕ ਬਾਰੇ ਕੁਝ ਘੱਟ ਗਿਆਨ ਸੀ। ਜੋਰਾ ਸਿੰਘ ਨੇ ਉਸ ਨੂੰ ਸਮਝਾ ਦਿੱਤਾ ਕਿ ਹਰਿਮੰਦਰ ਸਾਹਿਬ ਸਿੱਖਾਂ ਦੀ ਧਾਰਮਿਕ ਪ੍ਰਵਿਰਤੀ ਅਤੇ ਅਕਾਲ ਤਖ਼ਤ ਸਾਹਿਬ ਉਨ੍ਹਾਂ ਦੀ ਰਾਜਨੀਤਕ

ਪ੍ਰਵਿਰਤੀ ਦੀ ਪ੍ਰਤੀਨਿਧਤਾ ਕਰਦੇ ਹਨ। ਉਪਰੇਸ਼ਨ ਨੀਲਾ ਤਾਰਾ ਤੋਂ ਬਾਅਦ ਇਸ ਸਥਾਨ ਬਾਰੇ ਬਾਜ਼ਾਰ ਵਿਚ ਕਿਤਾਬਾਂ ਦਾ ਹੜ੍ਹ ਆ ਗਿਆ ਸੀ। ਰਿਪੀ ਨੇ ਇਨ੍ਹਾਂ ਵਿਚੋਂ ਕਈ ਪੁਸਤਕਾਂ ਅੰਗਰੇਜ਼ੀ ਵਿਚ ਪੜ੍ਹੀਆਂ ਸਨ। ਜਲ੍ਹਿਆ ਵਾਲਾ ਬਾਗ਼ ਦੇਖ ਕੇ ਉਸ ਦੀ ਕਲਪਨਾ ਵਿਚ 1919 ਦੀ ਖ਼ੂਨੀ ਵਿਸਾਖੀ ਦਾ ਦ੍ਰਿਸ਼ ਤਾਜ਼ਾ ਹੋਣਾ ਹੀ ਸੀ।

"ਅੰਕਲ ਮੈਂ ਤਾਂ ਇਸ ਸਥਾਨ ਨੂੰ ਇਕ ਬਾਗ਼ ਸਮਝਦੀ ਸੀ। ਇੱਥੇ ਤਾਂ ਬਾਗ਼ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਇਹ ਸਥਾਨ ਤਾਂ ਨਿਰਾ ਮੈਦਾਨ ਹੈ।"

"ਜਲ੍ਹਿਆ ਵਾਲਾ ਬਾਗ਼ ਇਸ ਸਥਾਨ ਦਾ ਨਾਮ ਏ। ਸਥਾਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਥੇ ਬਾਗ਼ ਵੀ ਹੋਵੇ। ਹੁਣ ਵੀ ਬਥੇਰੇ ਸਥਾਨਾਂ ਦੇ ਨਾਮ ਬਾਗ਼ ਜਾਂ ਇਸ ਪ੍ਰਕਾਰ ਦੇ ਹੋਰ ਨਾਵਾਂ ਨਾਲ ਮਸ਼ਹੂਰ ਹਨ ਜਿਵੇਂ ਕੰਪਨੀ ਬਾਗ਼, ਪੰਜਾਬੀ ਬਾਗ਼, ਸ਼ਾਲੀਮਾਰ ਬਾਗ਼ ਆਦਿ। ਤੈਨੂੰ ਪਤਾ ਹੈ ਕਿ ਬਥੇਰੇ ਸ਼ਹਿਰਾਂ ਵਿਚ ਮੁਹੱਲਿਆਂ ਦੇ ਨਾਮ ਪਾਰਕ, ਗਾਰਡਨ, ਕੋਟ ਆਦਿ ਸ਼ਬਦ ਲਗਾ ਕੇ ਰੱਖੇ ਹੁੰਦੇ ਹਨ। 'ਕੋਟ' ਸ਼ਬਦ ਦੇ ਅਰਥ ਹਨ ਕਿਲ੍ਹਾ ਜਿਵੇਂ ਪਠਾਨਕੋਟ, ਫ਼ਰੀਦਕੋਟ, ਸਿਆਲਕੋਟ ਆਦਿ। ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਸ਼ਹਿਰਾਂ ਵਿਚ ਕਿਲੇ ਹਨ। ਹੋ ਸਕਦਾ ਏ ਕਿ ਪੁਰਾਤਨ ਸਮਿਆਂ ਵਿਚ ਇੱਥੇ ਕਿਲੇ ਵੀ ਹੋਣ। ਜਦ ਵੀ ਕੋਈ ਨਾਮ ਰੱਖਿਆ ਜਾਂਦਾ ਏ ਉਸ ਦੇ ਪਿੱਛੇ ਕਈ ਵਾਰ ਕੋਈ ਇਤਿਹਾਸਕ ਬਿਰਤਾਂਤ ਹੁੰਦਾ ਏ। ਕਈ ਵਾਰ ਕੋਈ ਨਾਮ ਉਸ ਇਲਾਕੇ ਦੇ ਲੋਕਾਂ ਦੀ ਮਨੋਵਿਰਤੀ ਪ੍ਰਗਟਾਉਂਦਾ ਏ। ਕਈ ਵਾਰ ਕੋਈ ਨਾਮ ਕਿਸੇ ਮਸ਼ਹੂਰ ਵਿਅਕਤੀ ਦੇ ਨਾਮ ਤੇ ਹੀ ਰੱਖ ਲਿਆ ਜਾਂਦਾ ਏ ਤੇ ਕਈ ਵਾਰ ਕਿਸੇ ਨਾਮ ਪਿੱਛੇ ਉਥੋਂ ਦੀ ਭੂਗੋਲਿਕ ਸਥਿਤੀ ਦਾ ਅਸਰ ਹੁੰਦਾ ਏ। ਮਿਸਾਲ ਵਜੋਂ ਪੰਜਾਬ ਵਿਚ ਇਕ ਸ਼ਹਿਰ ਦਾ ਨਾਮ ਨਵਾਂ ਸ਼ਹਿਰ ਹੈ। ਅਸਲ ਵਿਚ ਇਹ ਨੀਵਾਂ ਸ਼ਹਿਰ ਹੋਇਆ ਕਰਦਾ ਸੀ। ਇਹ ਸ਼ਹਿਰ ਉੱਚੀ ਥਾਂ ਤੇ ਨਹੀਂ ਵਸਿਆ ਹੋਇਆ। ਲੋਕਾਂ ਨੇ ਇਸ ਨੂੰ ਨੀਵੇਂ ਸ਼ਹਿਰ ਤੋਂ ਬਦਲ ਕੇ ਨਵਾਂ ਸ਼ਹਿਰ ਬਣਾ ਲਿਆ। ਅੱਜ ਕੱਲ੍ਹ ਇਸ ਦਾ ਨਾਮ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ ਗਿਆ ਹੈ ਕਿਉਂਕਿ ਸ਼ਹੀਦ ਭਗਤ ਸਿੰਘ ਦਾ ਪਿੰਡ ਖਟਕੜ ਕਲਾਂ ਇਸ ਦੇ ਨੇੜੇ ਹੀ ਸਥਿਤ ਹੈ। ਇਸ ਇਲਾਕੇ ਨੂੰ ਸ਼ਹੀਦ ਭਗਤ ਸਿੰਘ ਦਾ ਇਲਾਕਾ ਹੀ ਕਿਹਾ ਜਾਂਦਾ ਏ। ਕਈ ਪਿੰਡਾਂ ਜਾਂ ਸ਼ਹਿਰਾਂ ਦੇ ਨਾਮ ਸਮੇਂ ਸਮੇਂ ਤੇ ਬਦਲਦੇ ਵੀ ਆਏ ਹਨ। ਮਿਸ਼ਾਲ ਦੇ ਤੌਰ ਤੇ ਪੰਜਾਬ ਵਿਚ ਇਕ ਪਿੰਡ ਦਾ ਨਾਮ 'ਨੰਗਲ ਚੋਰਾਂ' ਹੋਇਆ ਕਰਦਾ ਸੀ। ਹੋ ਸਕਦਾ ਏ ਕਿ ਕਿਸੇ ਵੇਲੇ ਇਹ ਪਿੰਡ ਇੱਥੋਂ ਦੇ ਚੋਰਾਂ ਕਰਕੇ ਇਸ ਨਾਮ ਨਾਲ ਮਸ਼ਹੂਰ ਹੋ ਗਿਆ ਹੋਵੇ ਤੇ ਕਾਗਜ਼ਾਂ ਵਿਚ ਵੀ ਇਸ ਦਾ ਨਾਮ ਨੰਗਲ ਚੋਰਾਂ ਹੀ ਦਰਜ ਹੋ ਗਿਆ ਹੋਵੇ। ਉਸ ਸਮੇਂ ਇਸ ਪਿੰਡ ਦੇ ਨੇੜੇ ਦਾ ਇਲਾਕਾ ਚੋਆਂ ਅਤੇ ਖੱਡਾਂ ਨਾਲ ਭਰਿਆ ਪਿਆ ਹੁੰਦਾ ਸੀ। ਇਨ੍ਹਾਂ ਚੋਆਂ ਵਿਚ ਅੰਤਾਂ ਦੇ ਦਰਖ਼ਤ ਹੋਇਆ ਕਰਦੇ ਸਨ। ਚੋਰ ਕਿਸੇ ਵਿਅਕਤੀ ਜਾਂ ਵਾਹਣ ਨੂੰ ਲੁੱਟ ਕੇ ਇਨ੍ਹਾਂ ਚੋਆਂ ਵਿਚ ਲੁਕ ਜਾਇਆ ਕਰਦੇ ਸਨ। ਇਸੇ ਕਰਕੇ ਇਸ ਪਿੰਡ ਦੇ ਨੇੜਲੇ ਸ਼ਹਿਰ ਹੁਸ਼ਿਆਰਪੁਰ ਨੂੰ ਚੋਆਂ, ਚੋਰਾਂ ਅਤੇ ਚੌਧਰੀਆਂ ਦਾ ਸ਼ਹਿਰ ਕਿਹਾ ਜਾਂਦਾ ਸੀ। ਸਮਾਂ ਪੈਣ ਤੇ ਲੋਕਾਂ ਨੇ ਇਸ ਪਿੰਡ ਦਾ ਨਾਮ ਬਦਲ ਕੇ ਨੰਗਲ ਖਿਡਾਰੀਆਂ ਰੱਖ ਦਿੱਤਾ। ਸ਼ਹਿਰਾਂ ਅਤੇ ਪਿੰਡਾਂ ਦੇ ਨਾਮਾਂ ਤੇ ਮੌਕੇ ਦੇ ਹੁਕਮਰਾਨਾਂ ਦਾ ਅਸਰ ਵੀ ਬੜਾ ਰਿਹਾ ਏ। ਜਿਸ ਕਿਸਮ ਦੇ ਲੋਕਾਂ ਦਾ ਕਿਸੇ ਇਲਾਕੇ ਤੇ ਰਾਜ ਸੀ ਉਸ ਕਿਸਮ ਦੇ ਨਾਮ ਹੀ ਉਥੋਂ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਪੈਂਦੇ ਗਏ। ਤੁਸੀਂ ਬੜੀ ਆਸਾਨੀ ਨਾਲ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਹੜੇ ਨਾਮ ਕਿਹੜੇ

ਸਭਿਆਚਾਰਕ ਅਤੇ ਈਥੋਸ ਦੇ ਪ੍ਰਭਾਵ ਥੱਲੇ ਪਏ ਤੇ ਕਿਹੜੇ ਇਹਨਾਂ ਹੁਕਮਰਾਨਾਂ ਦੇ ਸਮੇਂ ਤੇ ਪਏ।

ਭਾਰਤ ਵਿਚ ਮੁਸਲਮਾਨਾਂ ਦੇ ਆਗਮਨ ਤੋਂ ਪਹਿਲਾਂ ਇੱਥੇ ਸ਼ਾਇਦ ਮੁਸਲਮਾਨੀ ਨਾਮ ਬਹੁਤ ਹੀ ਘੱਟ ਹੋਣ ਜਾਂ ਇਹ ਨਾਮ ਨਾ ਹੀ ਹੋਣ। ਗਿਆਰਵੀਂ ਸਦੀ ਤੋਂ ਪਹਿਲਾਂ ਮੁਸਲਮਾਨ ਧਾੜਵੀ ਇੱਥੇ ਆਉਂਦੇ ਸਨ ਤੇ ਲੁੱਟ ਖੋਹ ਕਰਕੇ ਦੌੜ ਜਾਂਦੇ ਸਨ। ਇਸ ਸਦੀ ਤੋਂ ਬਾਅਦ ਉਨ੍ਹਾਂ ਨੇ ਇੱਥੇ ਹੀ ਟਿਕੇ ਰਹਿਣ ਦਾ ਇਰਾਦਾ ਬਣਾ ਲਿਆ। ਇਸ ਤੋਂ ਬਾਅਦ ਭਾਰਤ ਤੇ ਅਠਾਰਵੀਂ ਸਦੀ ਦੇ ਅੱਧ ਤੱਕ ਮੁਸਲਮਾਨਾਂ ਦਾ ਪੂਰਾ ਬੋਲਬਾਲਾ ਚੱਲਿਆ। ਇਸ ਸਮੇਂ ਦੌਰਾਨ ਅਨੇਕਾਂ ਹੀ ਮੁਸਲਮਾਨੀ ਨਾਮਾਂ ਵਾਲੇ ਸ਼ਹਿਰ ਹੋਂਦ ਵਿਚ ਆਏ ਜਿਵੇਂ ਅਹਿਮਦਾਬਾਦ, ਗਾਜ਼ੀਆਬਾਦ, ਫ਼ਰੀਦਾਬਾਦ, ਮੁਜ਼ੱਫਰਾਬਾਦ, ਤੁਗਲਕਾਬਾਦ, ਲੁਧਿਆਣਾ (ਲੋਧੀਆਂ ਨੇ ਵਸਾਇਆ), ਹੁਸ਼ਿਆਰਪੁਰ (ਹੁਸ਼ਿਆਰ ਖਾਨ ਨੇ ਵਸਾਇਆ), ਫ਼ਰੀਦਕੋਟ, ਪਠਾਨਕੋਟ, ਸਿਆਲਕੋਟ, ਮੁਲਤਾਨ, ਹੁਮਾਯੂੰਪੁਰਾ, ਸਫਦਰਜੰਗ ਇਨਕਲੇਵ, ਮਹਿੰਮਦਪੁਰਾ, ਅਲੀਪੁਰ, ਅਹਿਮਦਨਗਰ, ਫਰੂਕਾਬਾਦ, ਇਲਾਹਾਬਾਦ ਆਦਿ ਅਨੇਕਾਂ ਹੀ ਹੋਰ ਨਾਮ। ਇਸੀ ਪ੍ਰਕਾਰ ਉੱਤਰੀ ਭਾਰਤ ਵਿਚ ਸਿੱਖ ਧਰਮ ਦੇ ਬੋਲਬਾਲੇ ਨੇ ਸਿੱਖੀ ਨਾਵਾਂ ਦੀ ਨੀਂਹ ਰੱਖ ਦਿੱਤੀ ਜਿਵੇਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਬਾਬਾ ਬਕਾਲਾ, ਤਰਨ ਤਾਰਨ, ਟੋਬਾ ਟੇਕ ਸਿੰਘ, ਬਾਬਾ ਬੁੱਢਾ ਸਾਹਿਬ, ਝਾੜ ਸਾਹਿਬ, ਚਮਕੌਰ ਸਾਹਿਬ, ਡੇਰਾ ਬਾਬਾ ਨਾਨਕ, ਨਨਕਾਣਾ ਸਾਹਿਬ ਆਦਿ। ਕਿਸੇ ਸਮੇਂ ਭਾਰਤ ਵਿਚ ਰਾਜਪੂਤਾਂ ਦੀ ਤੂਤੀ ਬੋਲਦੀ ਸੀ। ਰਾਜਪੂਤੀ ਨਾਮ ਇਸ ਪ੍ਰਭਾਵ ਹੇਠ ਹੋਂਦ ਵਿਚ ਆਏ ਜਿਵੇਂ ਜੈਪੁਰ, ਜੋਧਪੁਰ, ਹਲਦੀ ਘਾਟੀ ਆਦਿ। ਇੱਥੋਂ ਤੱਕ ਕਿ ਅਸੀਂ ਵਿਅਕਤੀਗਤ ਨਾਮ ਦੇਖ ਕੇ ਵੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਇਨ੍ਹਾਂ ਦਾ ਸਰੂਪ ਕਿਸ ਪ੍ਰਕਾਰ ਦੀ ਈਥੋਸ ਦੀ ਦੇਣ ਹੈ। ਕਈ ਨਾਮ ਨਿਰੇ ਅਨਪੜ੍ਹ ਈਥੋਸ ਦੀ ਦੇਣ ਲਗਦੇ ਰਹਿੰਦੇ ਹਨ ਜਿਵੇਂ ਕੂੜਾ ਸਿੰਘ, ਬੂਝਾ ਸਿੰਘ ਆਦਿ। ਕਈ ਸਿੱਖ ਨਾਮ ਵੀ ਉਰਦੂ ਸ਼ਬਦ ਤੋਂ ਪ੍ਰਭਾਵਿਤ ਲਗਦੇ ਰਹਿੰਦੇ ਹਨ ਜਿਵੇਂ ਇਕਬਾਲ ਸਿੰਘ, ਮਹਿਤਾਬ ਸਿੰਘ, ਜੁਲਫ਼ਿਕਾਰ ਸਿੰਘ ਆਦਿ। ਕਈ ਨਾਮ ਨਿਰੋਲ ਹਿੰਦੂ ਧਰਮ ਦੀ ਛਾਪ ਛੱਡਦੇ ਹਨ ਜਿਵੇਂ ਯੁਧਿਸ਼ਟਰ (ਯੁੱਧ+ਸਥਿਰ), ਜਗਨ ਨਾਥ, ਕ੍ਰਿਸ਼ਨ ਕੁਮਾਰ, ਸੀਤਾ ਰਾਮ, ਰਾਮ ਸਰੂਪ, ਗੀਤਾ, ਸਵਿੱਤਰੀ, ਮੰਜੂਲਾ ਆਦਿ। ਕਈ ਨਾਵਾਂ ਤੇ ਅੰਗਰੇਜ਼ੀ ਪ੍ਰਭਾਵ ਸਾਫ਼ ਨਜ਼ਰ ਆਉਂਦਾ ਰਹਿੰਦਾ ਹੈ ਜਿਵੇਂ ਏਂਜਲਾ, ਰਿੰਪੀ, ਡਿੰਪਲ, ਸਿੰਪਲ ਆਦਿ। ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ ਵੀ ਸ਼ਹਿਰਾਂ ਅਤੇ ਮਨੁੱਖੀ ਨਾਵਾਂ ਤੇ ਬੜਾ ਅਸਰ ਪਿਆ। ਇੱਥੋਂ ਤੱਕ ਕਿ ਅੰਗਰੇਜ਼ਾਂ ਨੇ ਕੁਝ ਥਾਵਾਂ ਦੇ ਨਾਮ ਉਸ ਤਰੀਕੇ ਨਾਲ ਹੀ ਲਿਖਣੇ ਸ਼ੁਰੂ ਕਰ ਦਿੱਤੇ ਜਿਵੇਂ ਉਹ ਇਨ੍ਹਾਂ ਦਾ ਬੋਲ ਕੇ ਉਚਾਰਣ ਕਰਿਆ ਕਰਦੇ ਸਨ ਜਿਵੇਂ ਕਲਕੱਤਾ ਕੈਲਕਟਾ ਬਣ ਗਿਆ, ਮੁੰਬਈ ਬੰਬੇ ਬਣ ਗਿਆ, ਦਿੱਲੀ ਦੇਹਲੀ ਬਣ ਗਿਆ, ਕੇਰਲ ਕੇਰਲਾ ਬਣ ਗਿਆ ਆਦਿ। ਅੰਗਰੇਜ਼ਾਂ ਦੇ ਆਗਮਨ ਨਾਲ ਅਨੇਕਾਂ ਥਾਵਾਂ ਦੇ ਨਾਮ ਅੰਗਰੇਜ਼ ਈਥੋਸ ਵਾਲੇ ਹੀ ਰੱਖੇ ਗਏ ਜਿਵੇਂ ਮਕਲੋਡਗੰਜ, ਬੋਲਿਓਗੰਜ, ਕਰਜ਼ਨ ਰੋਡ, ਰਿਪਨ ਰੋਡ, ਐਨੀ ਬੇ ਸੈਂਟ ਨਗਰ, ਕੰਪਨੀ ਬਾਗ, ਡਲਹੌਜ਼ੀ ਆਦਿ।

ਰਿੰਪੀ ਨੇ ਜੋਰਾ ਸਿੰਘ ਦੀ ਨਾਵਾਂ ਪ੍ਰਤੀ ਵਿਆਖਿਆ ਦਾ ਬੜਾ ਆਨੰਦ ਮਾਣਿਆ। ਅੰਮ੍ਰਿਤਸਰ ਇਕ ਰਾਤ ਰਹਿ ਕੇ ਉਹ ਫਤਹਿਗੜ੍ਹ ਸਾਹਿਬ ਵੱਲ ਚੱਲ ਪਏ। ਸਾਹਿਬਜ਼ਾਦਿਆਂ

ਦੇ ਇਤਿਹਾਸ ਤੋਂ ਰਿਪੀ ਪਹਿਲਾਂ ਹੀ ਵਾਕਫ਼ ਸੀ। ਸਰਹੰਦ ਦਾ ਨਾਮ ਬਦਲ ਕੇ ਫਤਹਿਗੜ੍ਹ ਸਾਹਿਬ ਕਿਵੇਂ ਪਿਆ ਹੋਊ ਇਸ ਗੱਲ ਦਾ ਅਹਿਸਾਸ ਰਿਪੀ ਨੂੰ ਜੋਰਾ ਸਿੰਘ ਪਾਸੋ ਨਾਮਾਂ ਦੀ ਬੁਣਤਰ (momenclature) ਸੁਣ ਕੇ ਸਮਝ ਆ ਹੀ ਗਿਆ ਸੀ। ਉਸਨੂੰ ਇਸ ਗੱਲ ਦਾ ਗਿਆਨ ਘੱਟ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਕਿਵੇਂ ਖੜਕਾਈ ਸੀ। ਇਸ ਬਾਰੇ ਉਸ ਥੋੜ੍ਹਾ ਬਹੁਤ ਸੁਣਿਆ ਸੁਣਾਇਆ ਜ਼ਰੂਰ ਸੀ।

"ਬੇਟਾ ਇਸ ਬਾਰੇ ਮੈਂ ਤੈਨੂੰ ਕੁਝ ਕੁ ਚਾਨਣਾ ਜ਼ਰੂਰ ਪਾਉਣਾ ਚਾਹਾਂਗਾ।"

"ਹਾਂ ਅੰਕਲ, ਮੈਂ ਇਸ ਬਾਰੇ ਜਾਨਣਾ ਵੀ ਚਾਹੁੰਦੀ ਹਾਂ।"

"ਇਸ ਬਾਰੇ ਜ਼ਿਆਦਾ ਜਾਨਣ ਲਈ ਤਾਂ ਤੈਨੂੰ ਸਿੱਖ ਇਤਿਹਾਸ ਦਾ ਇੱਕ ਪੂਰਾ ਅਧਿਆਇ ਪੜ੍ਹਨਾ ਪਵੇਗਾ। ਇਸ ਤੇ ਸੰਖੇਪ ਚਾਨਣਾ ਮੈਂ ਤੈਨੂੰ ਪਾ ਦਿੰਦਾ ਹਾਂ। ਗੁਰੂ ਗੋਬਿੰਦ ਸਿੰਘ ਦੀ ਬੰਦਾ ਬਹਾਦਰ ਨਾਲ ਪਹਿਲੀ ਵਾਕਫ਼ੀ ਦੱਖਣ ਵਿਚ ਹੋਈ ਸੀ। ਉਸ ਸਮੇਂ ਬੰਦਾ ਬੈਰਾਗੀ ਮੱਤ ਦਾ ਇਕ ਰਮਤਾ ਸਾਧੂ ਸੀ ਤੇ ਉਸਦਾ ਨਾਮ ਮਾਧੋ ਦਾਸ ਸੀ? ਉਸ ਦੇ ਬਹੁਤ ਸਾਰੇ ਪੈਰੋਕਾਰ ਸਨ ਤੇ ਉਹ ਆਪਣੇ ਹੀ ਤਰੀਕੇ ਨਾਲ ਆਪਣਾ ਜੀਵਨ ਬਸਰ ਕਰਦਾ ਸੀ। ਗੁਰੂ ਸਾਹਿਬ ਦਾ ਉਸ ਉੱਤੇ ਇਤਨਾ ਗੂੜ੍ਹਾ ਪ੍ਰਭਾਵ ਪਿਆ ਕਿ ਉਹ ਅੰਮ੍ਰਿਤ ਛਕ ਕੇ ਗੁਰੂ ਦਾ ਸਿੱਖ ਬਣ ਗਿਆ। ਗੁਰੂ ਸਾਹਿਬ ਨੂੰ ਵੀ ਉਸ ਤੇ ਇਨਾ ਯਕੀਨ ਹੋ ਗਿਆ ਸੀ ਕਿ ਉਨ੍ਹਾਂ ਨੇ ਇਹ ਘੋਸ਼ਣਾ ਕਰ ਦਿੱਤੀ ਸੀ ਕਿ ਉਨ੍ਹਾਂ ਤੋਂ ਬਾਅਦ ਸਿੱਖਾਂ ਦੀ ਅਗਵਾਈ ਉਹ ਕਰੇਗਾ। ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਸਮੇਂ ਬੰਦੇ ਨੂੰ ਕਿਹਾ ਸੀ ਕਿ ਉਹ ਬਹਾਦਰ ਸਿਪਾਹੀ ਬਣ ਕੇ ਮੁਸਲਮਾਨਾਂ ਤੋਂ ਉਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਦਾ ਬਦਲਾ ਲਵੇਗਾ। ਬੰਦੇ ਨੂੰ ਪੰਜ ਬਾਣ ਬਖਸ਼ਦੇ ਹੋਏ ਗੁਰੂ ਸਾਹਿਬ ਨੇ ਇੰਝ ਕਿਹਾ ਸੀ:

(ਜੇਕਰ ਤੂੰ ਮੇਰਾ ਸਹੀ ਪੈਰੋਕਾਰ ਏ ਤਾਂ ਤੈਨੂੰ ਕਿਸੇ ਇਸਤਰੀ ਪਾਸ ਜਾਣ ਤੋਂ ਵਰਜਿਆ ਜਾਂਦਾ ਏ। ਅਗਰ ਤੂੰ ਮੇਰੀ ਦਿੱਤੀ ਗਈ ਹਦਾਇਤ ਮੁਤਾਬਕ ਚਲੇਗਾ ਤਾਂ ਤੇਰਾ ਵਾਲ ਵਿੰਗਾ ਨਹੀਂ ਹੋ ਸਕਦਾ। ਜੇ ਤੂੰ ਮੇਰੀ ਹਦਾਇਤ ਭੁੱਲ ਜਾਵੇਂਗਾ ਤਾਂ ਤੈਨੂੰ ਆਪਣੀ ਮਾੜੀ ਕੀਤੀ ਹੋਈ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ।")

("Do not approach a woman if you are my true disciple and keep these five arrows with you. So long as you follow my instructions, no misfortune will happen to you. If you forget them, or disregard them, you shall answer for the non-performance with your life.)

ਇਸ ਦੀ ਅਸਲੀ ਪੰਜਾਬੀ ਕੀ ਸੀ, ਇਹ ਤਾਂ ਮੈਨੂੰ ਯਾਦ ਨਹੀਂ। ਹਾਂ, ਮੈਨੂੰ ਇਹ ਸ਼ਬਦ ਅੰਗਰੇਜ਼ੀ ਵਿਚ ਅੱਜ ਵੀ ਯਾਦ ਹਨ। ਬੰਦੇ ਨੇ ਗੁਰੂ ਦਾ ਅਸ਼ੀਰਵਾਦ ਹਾਸਲ ਕੀਤਾ, ਪੰਜ ਬਾਣ ਲਏ ਤੇ ਆਪਣੇ ਪੈਰੋਕਾਰਾਂ ਸਮੇਤ ਪੰਜਾਬ ਵੱਲ ਚੱਲ ਪਿਆ। ਉਸ ਨੇ ਸਿੱਖਾਂ ਨੂੰ ਗੁਰੂ ਦੇ ਉਪਦੇਸ਼ਾਂ ਅਨੁਸਾਰ ਇਕੱਠੇ ਹੋ ਜਾਣ ਦਾ ਹੁਕਮ ਜਾਰੀ ਕਰ ਦਿੱਤਾ ਤਾਂ ਕਿ ਮੁਸਲਮਾਨਾਂ ਤੋਂ ਉਹਨਾਂ ਦੀਆਂ ਵਧੀਕੀਆਂ ਦਾ ਬਦਲਾ ਲਿਆ ਜਾ ਸਕੇ। ਲੁੱਟਾਂ ਖੋਹਾਂ ਕਰਦੇ ਹੋਏ ਤੇ ਗ਼ਦਰ ਮਚਾਉਂਦੇ ਹੋਏ ਸਿੱਖ ਸੰਪੂਰਣ ਇੰਤਕਾਮ ਦੀ ਭਾਵਨਾ ਨਾਲ ਸਰਹਿੰਦ

ਪਹੁੰਚੇ। ਸਰਹੰਦ ਦਾ ਫ਼ੌਜਦਾਰ ਵਜ਼ੀਰ ਖਾਨ ਉਹਨਾਂ ਦਾ ਮੁਕਾਬਲਾ ਕਰਨ ਲਈ ਆਪਣੇ ਸਿਪਾਹੀਆਂ ਨਾਲ ਅੱਗੇ ਵਧਿਆ। ਸਰਹੰਦ ਵਿਖੇ ਘਮਸਾਣ ਦਾ ਜੰਗ ਹੋਇਆ ਜਿਸ ਵਿਚ ਵਜ਼ੀਰ ਖਾਨ ਹਾਰ ਗਿਆ ਤੇ ਮਾਰਿਆ ਵੀ ਗਿਆ। ਬੰਦਾ ਸਰਹਿੰਦ ਸ਼ਹਿਰ ਵਿਚ ਦਾਖ਼ਲ ਹੋ ਗਿਆ। ਅੰਦਰ ਜਾ ਕੇ ਬੰਦਾ ਬਹਾਦਰ ਤੇ ਉਸ ਦੇ ਪੈਰੋਕਾਰਾਂ ਨੇ ਉਹ ਕਤਲੇਆਮ ਕੀਤਾ ਕਿ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਸਾਰਾ ਸ਼ਹਿਰ ਜਾਲ ਦਿੱਤਾ ਗਿਆ। ਹਜ਼ਾਰਾਂ ਲੋਕ ਮਾਰੇ ਗਏ। ਵਜ਼ੀਰ ਖਾਨ ਦੀ ਲਾਸ਼ ਇਕ ਦਰਖ਼ਤ ਤੇ ਟੰਗ ਦਿੱਤੀ ਗਈ ਜਿਸ ਨੂੰ ਕਾਂ ਅਤੇ ਗਿਰਝਾਂ ਖਾਂਦੇ ਰਹੇ। ਅਨੇਕਾ ਮੁਸਲਮਾਨ ਮੁਰਦਿਆਂ ਦੀਆਂ ਲਾਸ਼ਾਂ ਗਲੀਆਂ ਵਿਚ ਰੁਲਦੀਆਂ ਰਹੀਆਂ, ਜਿਨ੍ਹਾਂ ਨੂੰ ਮਾਸਾਹਾਰੀ ਜਾਨਵਰ ਖਾ ਗਏ। ਇਸ ਪ੍ਰਕਾਰ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਸੀ।"

"ਅੰਕਲ ਮੈਂ ਤੁਹਾਡੀ ਵਿਆਖਿਆ ਤੋਂ ਤਾਂ ਬੜੀ ਪ੍ਰਭਾਵਤ ਹਾਂ। ਤੁਹਾਡੀ ਯਾਦ ਸ਼ਕਤੀ ਵੀ ਸੱਚਮੁੱਚ ਮੈਨੂੰ ਹੈਰਾਨ ਕਰਦੀ ਏ।"

"ਆਉ ਹੁਣ ਸ਼ਹਿਰ ਵਿਚ ਪ੍ਰਮੁੱਖ ਥਾਵਾਂ ਤੇ ਮੱਥਾ ਟੇਕ ਕੇ ਵਾਪਿਸ ਚੰਡੀਗੜ੍ਹ ਚੱਲੀਏ। ਜੋਰਾ ਸਿੰਘ ਨੂੰ ਪੰਜਾਬ ਦੇ ਇਤਿਹਾਸ ਦਾ ਸੱਚਮੁੱਚ ਹੀ ਬੜਾ ਗੂੜ੍ਹਾ ਗਿਆਨ ਏ। ਇਸ ਪਾਸੇ ਮੈਨੂੰ ਵੀ ਨਵੀਆਂ ਨਵੀਆਂ ਗੱਲਾਂ ਦਾ ਪਤਾ ਲਗਦਾ ਰਿਹਾ ਏ।" ਕੀਰਤੀ ਸਿੰਘ ਨੇ ਵਾਹਿਗੁਰੂ ਦਾ ਨਾਮ ਜਪਦੇ ਨੇ ਆਖ਼ਰਕਾਰ ਆਪਣਾ ਫ਼ੈਸਲਾ ਸੁਣਾ ਦਿੱਤਾ।

ਕੁਝ ਕੁ ਘੰਟਿਆਂ ਵਿਚ ਹੀ ਉਹ ਚੰਡੀਗੜ੍ਹ ਵਾਪਿਸ ਪਹੁੰਚ ਗਏ।

ਅਧਿਆਇ 15

# ਮਹਿੰਗਾ ਸਿਹਾਂ, ਇਕ ਗੱਲ ਸਮਝ ਨਹੀਂ ਆਈ?

ਪੰਜਾਬ ਵਿਚ ਪੰਚਾਇਤੀ ਚੋਣਾਂ ਦਾ ਡੰਕਾ ਵੱਜ ਗਿਆ। ਨਾਮਜ਼ਦਗੀ ਦੇ ਕਾਗਜ਼ ਦਾਖ਼ਲ ਹੋਣ ਲੱਗੇ। ਸੂਬੇ ਵਿਚ ਇਸ ਸਮੇਂ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਸੀ। ਮੁੱਖ ਮੰਤਰੀ ਸਿੱਖ ਸੀ ਤੇ ਉਪ ਮੁੱਖ ਮੰਤਰੀ ਹਿੰਦੂ। ਪਿੰਡਾਂ ਵਿਚ ਲੋਕਾਂ ਦੀਆਂ ਮਿਲਣੀਆਂ ਹੋਣ ਲੱਗੀਆਂ। ਕਈ ਲੋਕ ਕਾਂਗਰਸ ਨੂੰ ਛੱਡ ਕੇ ਅਕਾਲੀਆਂ ਵਿਚ ਸ਼ਾਮਲ ਹੋਣ ਲੱਗ ਪਏ। ਪਾਸਾ ਬਦਲਣਾ ਭਾਰਤੀ ਸਿਆਸਤ ਦੀ ਪ੍ਰਮੁੱਖ ਵਿਸ਼ੇਸ਼ਤਾਈ ਏ। ਕੀਰਤੀ ਸਿੰਘ ਤੇ ਜ਼ੋਰਾ ਸਿੰਘ ਨੇ ਸਰਮੁਖ ਸਿੰਘ ਨੂੰ ਨਾਲ ਲਿਆ ਤੇ ਪਿੰਡ ਦੇ ਚੱਕਰ ਕੱਢਣੇ ਸ਼ੁਰੂ ਕਰ ਦਿੱਤੇ। ਕੈਨੇਡਾ ਵਿਚ ਬੈਠੇ ਪਿੰਡ ਦੇ ਪਤਵੰਤਿਆਂ ਦੀਆਂ ਨਜ਼ਰਾਂ ਵੀ ਪਿੰਡ ਵੱਲ ਹੋਣ ਲੱਗੀਆਂ। ਕੀਰਤੀ ਸਿੰਘ ਹੋਰੀਂ ਤੇ ਐਨ.ਆਰ.ਆਈ. ਇਕ ਪੱਕੀ ਸੋਚ ਲਈ ਬੈਠੇ ਸਨ ਕਿ ਇਕ ਵਾਰ ਵਧੀਆ ਪੰਚਾਇਤ ਬਣਾ ਕੇ ਪਿੰਡ ਦੇ ਜੰਗੀ ਪੱਧਰ ਤੇ ਸੁਧਾਰ ਕੀਤੇ ਜਾਣ। ਸਰਪੰਚ ਭਾਵੇਂ ਅਨੁਸੂਚਿਤ ਜਾਤੀ ਦਾ ਹੀ ਬਣਨਾ ਸੀ ਪ੍ਰੰਤੂ ਉਸ ਨੂੰ ਇਸ ਤਰੀਕੇ ਨਾਲ ਆਪਣੇ ਨਾਲ ਗੰਢਿਆ ਜਾਵੇ ਕਿ ਉਹ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਦੇ ਨਾਲ ਤੁਰੇ। ਕੈਨੇਡਾ ਤੇ ਹੋਰ ਬਾਹਰਲੇ ਦੇਸ਼ਾਂ ਤੋਂ ਪੈਸਾ ਇਕੱਠਾ ਕਰਨ ਲਈ ਇਨ੍ਹਾਂ ਪਾਸ ਬਥੇਰੇ ਬੰਦੇ ਸਨ। ਚੰਡੀਗੜ੍ਹ ਤੋਂ ਹਰ ਕੰਮ ਜਲਦੀ ਕਰਵਾਉਣ ਲਈ ਕੀਰਤੀ ਸਿੰਘ, ਸਰਮੁਖ ਸਿੰਘ ਤੇ ਜ਼ੋਰਾ ਸਿੰਘ ਹਰ ਸਮੇਂ ਤਤਪਰ ਰਹਿੰਦੇ ਸਨ। ਪਿੰਡ ਵਿਚ ਲਹਿੰਬਰ ਸਿੰਘ ਹੋਰੀਂ ਕੁਝ ਕਾਂਗਰਸੀ ਵੀ ਸਨ। ਕਾਮਰੇਡ ਵੀ ਅਕਸਰ ਇਨ੍ਹਾਂ ਦਾ ਪੱਖ ਹੀ ਪੂਰਿਆ ਕਰਦੇ ਸਨ। ਕਾਮਰੇਡ ਅਕਾਲੀਆਂ ਤੇ ਭਾਰਤੀ ਜਨਤਾ ਪਾਰਟੀ ਦੇ ਬੰਦਿਆਂ ਨੂੰ ਹਮੇਸ਼ਾ ਸੰਪਰਦਾਇਕ ਤਾਕਤਾਂ ਕਹਿੰਦੇ ਰਹੇ ਹਨ ਤੇ ਉਸ ਸਮੇਂ ਵੀ ਰਹਿ ਰਹੇ ਸਨ। ਭਾਵੇਂ ਜ਼ਿਆਦਾ ਵੱਡੇ ਨੇਤਾ ਇਨ੍ਹਾਂ ਚੋਣਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪ੍ਰੰਤੂ ਇਲਾਕੇ ਦੇ ਛੋਟੇ ਨੇਤਾ ਇਨ੍ਹਾਂ ਚੋਣਾਂ ਦੇ ਆਧਾਰ ਤੇ ਹੀ ਬਾਅਦ ਵਿਚ ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੈਂਬਰ ਬਣਨੇ ਹੁੰਦੇ ਹਨ। ਪਿੰਡ ਵਿਚ ਤਿੰਨ ਪ੍ਰਕਾਰ ਦੇ ਨੇਤਾ ਲੋਕਾਂ ਨੂੰ ਸੰਬੋਧਨ ਕਰਨ ਲਈ ਢੁੱਕੇ।

ਸਭ ਤੋਂ ਪਹਿਲਾਂ ਕਾਂਗਰਸ ਦਾ ਇਕ ਐਮ.ਐਲ. ਏ. ਲਹਿੰਬਰ ਸਿੰਘ ਹੁਰਾਂ ਦੀ ਕੋਸ਼ਿਸ਼ ਸਦਕਾ ਆਇਆ। ਉਸ ਦੇ ਨਾਲ ਇਕ ਗਾਉਣ ਵਾਲਾ ਤੇ ਇਕ ਗਾਉਣ ਵਾਲੀ ਵੀ ਸਨ। ਲੋਕਾਂ ਨੂੰ ਇਕੱਠੇ ਕਰਨ ਲਈ ਕਾਂਗਰਸੀ ਪੰਜਾਬ ਵਿਚ ਇਹ ਤਰੀਕਾ ਅਕਸਰ ਵਰਤਦੇ ਰਹੇ ਸਨ। ਪਿੰਡ ਦੇ ਲੋਕ ਪਿੰਡ ਦੇ ਦਰਵਾਜੇ ਤੇ ਜੁੜੇ। ਪ੍ਰੋਗਰਾਮ ਦਾ ਆਰੰਭ ਲਹਿੰਬਰ ਸਿੰਘ ਨੇ ਚੰਦ ਸ਼ਬਦਾਂ ਨਾਲ ਕੀਤਾ :-

ਨਗਰ ਨਿਵਾਸੀ ਸਾਥੀਓ, ਭੈਣੋਂ ਤੇ ਭਰਾਵੋ,

ਪਿੰਡ ਦੀ ਪੁਰਾਣੀ ਪੰਚਾਇਤ ਆਪਣਾ ਵਕਤ ਬਿਤਾ ਚੁੱਕੀ ਹੈ। ਨਵੀਂ ਚੋਣ ਦਾ ਐਲਾਨ ਹੋ ਗਿਆ ਏ। ਪਿਛਲੀ ਪੰਚਾਇਤ ਨੇ ਪਿੰਡ ਦਾ ਮੁਹਾਂਦਰਾ ਸੁਧਾਰਨ ਲਈ ਅਨੇਕਾਂ

ਲੋਕ ਭਲਾਈ ਦੇ ਕੰਮ ਕੀਤੇ ਹਨ। ਪਿੰਡ ਵਿਚ ਕਈ ਪਾਸੇ ਗਲੀਆਂ ਨਾਲੀਆਂ ਪੱਕੀਆਂ ਬਣ ਗਈਆਂ ਹਨ। ਪਿੰਡ ਦੇ ਛੱਪੜ ਦੀ ਇਕ ਪਾਸੇ ਦੀ ਦੀਵਾਰ ਪੂਰੀ ਹੋ ਚੁੱਕੀ ਹੈ। ਪਿੰਡ ਦਾ ਜੰਜ ਘਰ ਪਹਿਲਾਂ ਅਧੂਰਾ ਸੀ ਉਸ ਨੂੰ ਪੂਰਾ ਕਰ ਦਿੱਤਾ ਗਿਆ ਸੀ। ਪਿੰਡ ਦੇ ਸ਼ਮਸ਼ਾਨਘਾਟ ਨੂੰ ਜਾਣ ਵਾਲੀ ਸੜਕ ਤੇ ਇੱਟਾਂ ਲਗਾ ਕੇ ਪੱਕੀ ਕਰ ਦਿੱਤੀ ਗਈ ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਇਕ ਅਧਿਆਪਕ ਦੀ ਹਮੇਸ਼ਾ ਘਾਟ ਰਹਿੰਦੀ ਸੀ। ਇਸ ਅਸਾਮੀ ਤੇ ਪਿੰਡ ਦੀ ਹੀ ਲੜਕੀ ਗੀਤਾ ਨੂੰ ਰਖਾ ਦਿੱਤਾ ਗਿਆ ਸੀ। ਪਿੰਡ ਤੋਂ ਲਾਗਲੇ ਪਿੰਡ ਧਨੌਲਾ ਨੂੰ ਜਾਣ ਵਾਲੀ ਸੜਕ ਨੂੰ ਪੱਕੀ ਕਰਨ ਦਾ ਐਲਾਨ ਪਿਛਲੇ ਸਾਲ ਐਮ.ਐਲ.ਏ. ਸਾਹਿਬ ਕਰ ਗਏ ਸਨ। ਉਹ ਆਪਣੇ ਕਰ ਕਮਲਾਂ ਨਾਲ ਇਸ ਸੜਕ ਦਾ ਨੀਂਹ ਪੱਥਰ ਵੀ ਰੱਖ ਗਏ ਸਨ। ਸਮਾਂ ਘੱਟ ਹੋਣ ਕਰਕੇ ਇਹ ਕਾਰਜ ਪੂਰਾ ਨਹੀਂ ਸੀ ਹੋ ਸਕਿਆ। ਨਵੀਂ ਪੰਚਾਇਤ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਵੇਗੀ। ਹਰੀਜਨ ਭਰਾਵਾਂ ਲਈ ਸੌ ਸਾਲਾ ਜ਼ਮੀਨ ਦੇ ਰਹਾਇਸ਼ੀ ਪਲਾਟ ਅਲਾਟ ਕਰਨ ਦਾ ਕੰਮ ਅੱਧ ਪਚੱਧਾ ਹੋ ਚੁੱਕਾ ਹੈ। ਬਾਕੀ ਰਹਿੰਦਾ ਕੰਮ ਨਵੀਂ ਪੰਚਾਇਤ ਹਰ ਹਾਲਤ ਵਿਚ ਪੂਰਾ ਕਰਵਾਵੇਗੀ। ਸਰਕਾਰ ਵੱਲੋਂ ਪੈਸੇ ਮਿਲਣ ਵਿਚ ਅਕਸਰ ਦੇਰੀ ਹੁੰਦੀ ਰਹੀ ਏ। ਇਸ ਦੇਰੀ ਨੂੰ ਦੂਰ ਕਰਨ ਲਈ ਉਪਰਲੇ ਅਮਲੇ ਫੈਲੇ ਨਾਲ ਕਈ ਪ੍ਰਕਾਰ ਦੇ ਸੰਪਰਕ ਕਰਨੇ ਹੁੰਦੇ ਹਨ। ਨਵੀਆਂ ਵਾਕਫ਼ੀਆਂ ਵਧਾਈਆਂ ਜਾ ਰਹੀਆਂ ਹਨ। ਉਮੀਦ ਕਰਦੇ ਹਾਂ ਕਿ ਨਵੀਂ ਪੰਚਾਇਤ ਇਹ ਪੈਸੇ ਜਲਦੀ ਰੀਲੀਜ਼ ਕਰਵਾਉਣ ਵਿਚ ਕਾਮਯਾਬ ਰਿਹਾ ਕਰੇਗੀ।

ਮੈਂਬਰਾਂ ਦੇ ਨਾਮਜ਼ਦਗੀ ਕਾਗਜ਼ ਦਾਖ਼ਲ ਹੋ ਚੁੱਕੇ ਹਨ। ਤੁਸੀਂ ਸਾਰੇ ਮੈਂਬਰਾਂ ਨੂੰ ਚੰਗੀ ਤਰ੍ਹਾਂ ਜਾਣਦੇ ਹੀ ਹੋ। ਸਾਰੇ ਮੈਂਬਰ ਹੀ ਤਨ ਮਨ ਤੇ ਧਨ ਨਾਲ ਸੇਵਾ ਕਰਦੇ ਹੋਏ ਪਿੰਡ ਦੀ ਬਿਹਤਰੀ ਦੇ ਕੰਮਾਂ ਵਿਚ ਜੁਟੇ ਰਹੇ ਹਨ। ਇਸੀ ਪ੍ਰਕਾਰ ਉਹ ਆਉਣ ਵਾਲੇ ਸਮੇਂ ਵਿਚ ਵੀ ਪਿੰਡ ਦਾ ਮੁਹਾਂਦਰਾ ਸੰਵਾਰਨ ਵਿਚ ਜੁਟੇ ਰਹਿਣਗੇ। ਸਾਨੂੰ ਤੁਸਾਂ ਸਾਰਿਆਂ ਤੋਂ ਸਹਿਯੋਗ ਦੀ ਪੂਰੀ ਪੂਰੀ ਆਸ ਹੈ। ਸੰਪਰਦਾਇਕ ਤਾਕਤਾਂ ਨੂੰ ਪਛਾੜ ਦਿਓ ਤੇ ਪ੍ਰਗਤੀਸ਼ੀਲ ਤਾਕਤਾਂ ਨੂੰ ਵੋਟ ਦੇ ਕੇ ਜਿਤਾਓ। ਇੰਝ ਕਰਨ ਵਿਚ ਹੀ ਪਿੰਡ ਦੀ ਬਿਹਤਰੀ ਏ। ਮੈਂ ਅੱਗੇ ਬੋਲਾਂਗਾ ਤੇ ਤੁਸੀਂ ਜਵਾਬ ਦਿਓ।

ਭਾਰਤੀ ਕਾਂਗਰਸ ਪਾਰਟੀ

ਜ਼ਿੰਦਾਬਾਦ!

ਜ਼ਿੰਦਾਬਾਦ! ਜ਼ਿੰਦਾਬਾਦ!!

ਦੁਨੀਆਂ ਭਰ ਦੇ ਮਿਹਨਤਕਸ਼ੋ

ਇਕ ਹੋ ਜਾਓ!!

ਨਾਅਰੇ ਮਾਰਨ ਤੋਂ ਬਾਅਦ ਲਹਿਬਰ ਸਿੰਘ ਨੇ ਆਪਣਾ ਭਾਸ਼ਣ ਖ਼ਤਮ ਕਰ ਦਿੱਤਾ। ਸਟੇਜ ਸਕੱਤਰ ਨੇ ਗਾਣੇ ਵਾਲਿਆਂ ਨੂੰ ਸੱਦਾ ਦੇ ਦਿੱਤਾ। ਉਨ੍ਹਾਂ ਹੇਕ ਲਾਈ-

1. ਭਾਖੜੇ ਤੋਂ ਆਉਂਦੀ ਮੁਟਿਆਰ ਨੱਚਦੀ

..............

ਪੈਰ-ਪੈਰ ਉਤੇ ਰੂਪ ਉਸ ਨੇ ਬਿਖਾਰਨਾ।

2. ਪੁੱਤ ਜਿਨ੍ਹਾਂ ਦੇ ਫ਼ੌਜੀ ਕਰਮਾਂ ਵਾਲੀਆਂ ਮਾਵਾਂ ਨੇ

3. ਮੇਰੇ ਦੇਸ ਦਿਆ ਕਿਰਸਾਨਾ ਜੁੱਗ-ਜੁੱਗ ਜੀਵੇਂ ਜੱਗ ਤੇ

4. ਚੱਲੀ ਰੀਤ ਦਾਜ ਦੀ ਮਾੜੀ
ਜਾਂਦੇ ਬਿਨਾਂ ਕਸੂਰੋਂ ਸਾੜੀ
ਨਵੀਆਂ ਸੱਜ ਵਿਆਹੀਆਂ ਨੂੰ
ਲਾਲਚ ਦੇ ਵੱਸ ਪੈ ਕੇ
ਭੁੱਲ ਗਏ ਨੇਕ ਕਮਾਈਆਂ ਨੂੰ।

5. ਚਰੀਆਂ ਛੂਕਦੀਆਂ ਰੋਟੀ ਲੈ ਕੇ ਕਿੱਧਰ ਨੂੰ ਆਵਾਂ.....

ਹਲਕੇ ਦਾ ਐਮ.ਐਲ.ਏ. ਇਸ ਪ੍ਰੋਗਰਾਮ ਦੀ ਪ੍ਰਧਾਨਗੀ ਲਈ ਸਟੇਜ ਤੇ ਹਾਜ਼ਰ ਸੀ। ਫਿਰ ਉਸ ਨੇ ਆਪਣੇ ਵਿਚਾਰ ਰੱਖੇ-

ਨਗਰ ਨਿਵਾਸੀ ਬਜ਼ੁਰਗੋ, ਭੈਣੋਂ ਤੇ ਭਰਾਵੋ,

ਅੱਜ ਮੈਂ ਤੁਹਾਡੇ ਦਰਮਿਆਨ ਆ ਕੇ ਆਪਣੇ ਆਪ ਨੂੰ ਬੜਾ ਹੀ ਭਾਗਾਂ ਵਾਲਾ ਮਹਿਸੂਸ ਕਰ ਰਿਹਾ ਹਾਂ। ਤੁਸੀਂ ਸਾਨੂੰ ਬਹੁਮਤ ਨਾਲ ਜਿਤਾ ਕੇ ਅਸੈਂਬਲੀ ਵਿਚ ਭੇਜਿਆ ਸੀ। ਇਸ ਲਈ ਅਸੀਂ ਤੁਹਾਡੇ ਬਹੁਤ ਧੰਨਵਾਦੀ ਹਾਂ। ਆਪਣੇ ਕਾਰਜਕਾਲ ਦੌਰਾਨ ਸਾਡੀ ਸਰਕਾਰ ਨੇ ਸੂਬੇ ਦੇ ਵਿਕਾਸ ਦੇ ਅਨੇਕਾਂ ਕੰਮ ਕੀਤੇ ਹਨ। ਕੰਢੀ ਦੇ ਇਲਾਕੇ ਵਿਚ ਪਾਣੀ ਦੀ ਸਮੱਸਿਆ ਸੀ। ਬਹੁਤ ਸਾਰੇ ਕੰਢੀ ਦੇ ਇਲਾਕੇ ਦੇ ਪਿੰਡਾਂ ਨੂੰ ਪਾਣੀ ਮੁਹੱਈਆ ਕਰਵਾਇਆ ਗਿਆ। ਇਸ ਇਲਾਕੇ ਵਿਚੋਂ ਇਕ ਨਹਿਰ ਕੱਢਣ ਦਾ ਕੰਮ ਕਾਫ਼ੀ ਸਮੇਂ ਤੋਂ ਲਟਕਦਾ ਆ ਰਿਹਾ ਸੀ। ਉਮੀਦ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿਚ ਇਹ ਕੰਮ ਪੂਰਾ ਹੋ ਜਾਵੇਗਾ। ਇੰਝ ਹੋ ਜਾਣ ਨਾਲ ਕੰਢੀ ਦੀ ਬਹੁਤ ਸਾਰੀ ਬਰਬਾਦ ਪਈ ਜ਼ਮੀਨ ਆਬਾਦ ਹੋ ਜਾਵੇਗੀ। ਬਹੁਤ ਸਾਰੇ ਲੋਕਾਂ ਨੇ ਇਸ ਇਲਾਕੇ ਵਿਚ ਬਰਬਾਦ ਪਈ ਜ਼ਮੀਨ ਬੜੇ ਸਸਤੇ ਦਾਮਾਂ ਤੇ ਖਰੀਦੀ ਹੋਈ ਏ। ਜਦ ਇਹ ਜ਼ਮੀਨ ਆਬਾਦ ਹੋ ਜਾਵੇਗੀ ਤਾਂ ਇਹ ਕੌਡੀਆਂ ਦੇ ਭਾਅ ਖਰੀਦੀ ਜ਼ਮੀਨ ਲੱਖਾਂ ਕਰੋੜਾਂ ਰੁਪਿਆ ਦੀ ਹੋ ਜਾਵੇਗੀ। ਅੱਜ ਕੱਲ੍ਹ ਲੋਕਾਂ ਨੇ ਇਸ ਜ਼ਮੀਨ ਵਿਚ ਸਫੈਦੇ ਜਿਹੇ ਮਾਰੂ ਪੇੜ ਲਗਾਏ ਹੋਏ ਹਨ। ਕੱਲ੍ਹ ਨੂੰ ਜਦ ਇਹ ਜ਼ਮੀਨ ਆਬਾਦ ਹੋ ਜਾਵੇਗੀ ਤਾਂ ਇਸ ਵਿਚ ਹਰ ਫ਼ਸਲ ਉਗਾਈ ਜਾਇਆ ਜਾ ਸਕੇਗੀ.....

'ਲਹਿਬਰ ਸਿੰਘ ਨੇ ਨਾਅਰਾ ਮਾਰਿਆ
ਐਮ.ਐਲ.ਏ. ਸਾਹਿਬ।
ਬਾਕੀਆਂ ਨੇ ਜਵਾਬ ਦਿੱਤਾ-
ਜ਼ਿੰਦਾਬਾਦ।

ਸਰਕਾਰ ਨੇ ਪਿੰਡਾਂ ਵਿਚ ਬੇਜ਼ਮੀਨੇ ਹਰੀਜ਼ਨਾ ਅਤੇ ਹੋਰ ਅਨੁਸੂਚਿਤ ਜਾਤੀਆਂ ਨੂੰ ਸੌ ਸਾਲਾ ਰਹਾਇਸ਼ੀ ਪਲਾਟ ਅਲਾਟ ਕਰਵਾਉਣ ਦੀ ਸਕੀਮ ਬਣਾਈ ਸੀ। ਇਸ ਸਕੀਮ ਤਹਿਤ ਬਹੁਤ ਸਾਰੇ ਪਿੰਡਾਂ ਵਿਚ ਇਹ ਪਲਾਟ ਅਲਾਟ ਕੀਤੇ ਜਾ ਚੁੱਕੇ ਹਨ ਤੇ ਕਈ ਜਗ੍ਹਾ ਇਹ ਕੰਮ ਅਜੇ ਚੱਲ ਰਿਹਾ ਏ। ਅਗਰ ਸਾਡੀ ਸਰਕਾਰ ਦੁਆਰਾ ਬਣਦੀ ਹੈ ਤਾਂ ਇਹ ਕੰਮ ਸਾਰੇ ਸੂਬੇ ਵਿਚ ਨੇਪਰੇ ਚੜ੍ਹ ਜਾਵੇਗਾ। ਸ਼ਹਿਰਾਂ ਵਿਚ ਪੂਡਾ ਸਕੀਮ (Punjab Urban Develepment Authority) ਅਧੀਨ ਰਹਾਇਸੀ ਪਲਾਟ ਦੇ ਕੇ ਸ਼ਹਿਰਾਂ ਦਾ ਨਵੀਨੀਕਰਨ ਕਰਨ ਦੀਆਂ ਸਕੀਮਾਂ ਵੀ ਨੇਪਰੇ ਚਾੜ੍ਹੀਆਂ ਜਾ ਰਹੀਆਂ ਹਨ। ਪਿੰਡਾਂ ਵਿਚ ਛੋਟੇ ਉਦਯੋਗ ਪ੍ਰਫੁਲਤ ਕਰਨ ਲਈ ਦੀ ਸਕੀਮ ਸਰਦਾਰ ਦੇ ਵਿਚਾਰ ਅਧੀਨ ਏ। ਇੰਝ ਕਰਨ ਨਾਲ ਪਿੰਡਾਂ ਵਿਚ ਹੀ ਬਹੁਤ ਸਾਰੇ ਲੋਕਾਂ ਨੂੰ ਨੌਕਰੀ ਮਿਲ ਜਾਇਆ ਕਰੇਗੀ। ਸਾਡੇ ਇਸ ਇਲਾਕੇ ਵਿਚ ਸਰਕਾਰ ਦੀ ਕੋਸ਼ਿਸ਼ ਹੈ ਕਿ ਇਕ ਵੱਡਾ ਕਾਰਖਾਨਾ ਵੀ ਲਗਾਇਆ ਜਾਵੇ। ਉਮੀਦ ਹੈ ਇਹ ਵੱਡਾ ਕਾਰਖਾਨਾ ਖੰਡ ਮਿੱਲ ਹੋਵੇਗੀ। ਇਸ ਮਿੱਲ ਦੇ ਬਣ ਜਾਣ ਨਾਲ ਇਸ ਇਲਾਕੇ ਦੇ ਅਨੇਕਾਂ ਲੋਕਾਂ ਨੂੰ ਰੁਜ਼ਗਾਰ ਮਿਲ ਜਾਵੇਗਾ।

ਨਵੀਆਂ ਬਣੀਆਂ ਸਰਕਾਰਾਂ ਸਾਹਮਣੇ ਵੀ ਅਨੇਕਾਂ ਸਮੱਸਿਆਵਾਂ ਹੁੰਦੀਆਂ ਹਨ। ਪਿਛਲੀ ਸਰਕਾਰ ਖਜ਼ਾਨਾ ਖਾਲੀ ਕਰ ਜਾਂਦੀ ਏ। ਨਵੀਂ ਬਣੀ ਸਰਕਾਰ ਨੂੰ ਪਹਿਲਾਂ ਖਜ਼ਾਨਾ ਭਰਨਾ ਪੈਂਦਾ ਏ ਤੇ ਫਿਰ ਵਿਕਾਸ ਕੰਮਾਂ ਵੱਲ ਧਿਆਨ ਦੇ ਹੁੰਦਾ ਏ। ਕਈ ਵਾਰ ਸਰਕਾਰ ਮਸਾਂ ਮਸਾਂ ਬਹੁਗਿਣਤੀ ਪ੍ਰਾਪਤ ਕਰਦੀ ਹੈ। ਇਸ ਹਾਲਤ ਵਿਚ ਸਰਕਾਰ ਟੁੱਟ ਜਾਣ ਦਾ ਹਰ ਸਮੇਂ ਖ਼ਤਰਾ ਬਣਿਆ ਰਹਿੰਦਾ ਏ। ਇਸ ਹਾਲਤ ਵਿਚ ਸਰਕਾਰ ਨੂੰ ਆਪਣੇ ਆਪ ਨੂੰ ਬਚਾਉਣ ਵੱਲ ਵੱਧ ਧਿਆਨ ਦੇਣਾ ਪੈਂਦਾ ਹੈ ਤੇ ਵਿਕਾਸ ਦੇ ਕੰਮਾਂ ਵੱਲ ਧਿਆਨ ਘੱਟ ਜਾਂਦਾ ਹੈ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਤੁਸੀਂ ਵੱਧ ਸਮਰਥਨ ਦੇ ਕੇ ਸਰਕਾਰ ਨੂੰ ਵੱਧ ਬਹੁਮਤ ਪ੍ਰਾਪਤ ਕਰਨ ਵਿਚ ਕਾਮਯਾਬ ਕਰੋਗੇ। ਸਰਕਾਰ ਤੁਹਾਡੇ ਹਿੱਤਾਂ ਦੀ ਰਾਖੀ ਕਰਨ ਲਈ ਹਮੇਸ਼ਾ ਬਚਨਬੱਧ ਏ।

ਜੈ ਜਨਤਾ!

ਪਿੰਡ ਵਿੱਚ ਕਾਂਗਰਸ ਤੇ ਕਾਮਰੇਡਾਂ ਦਾ ਜਲਸਾ ਖ਼ਤਮ ਹੋ ਗਿਆ। ਲੋਕ ਤਿੱਤਰ ਬਿੱਤਰ ਹੋ ਗਏ। ਰਾਹ ਵਿਚ ਤੁਰੇ ਜਾਂਦੇ ਕਈ ਲੋਕ ਆਪਸੀ ਗੱਲਾਂ ਕਰ ਰਹੇ ਸਨ:

ਬਚਿੱਤਰ ਸਿੰਘ —ਮਹਿੰਗਾ ਸਿਹਾਂ, ਇੱਕ ਗੱਲ ਸਮਝ ਨਹੀਂ ਆਈ?

ਮਹਿੰਗਾ ਸਿੰਘ —ਉਹ ਕੀ?

— ਜਦ ਵੀ ਸਰਕਾਰ ਬਣਦੀ ਏ ਇਹੀ ਕਹਿੰਦੀ ਏ ਕਿ ਖਜ਼ਾਨਾ ਖਾਲੀ ਮਿਲਿਆ। ਅਖੇ ਖਜ਼ਾਨਾ ਭਰਨ ਨੂੰ ਕੁਝ ਸਮਾਂ ਲੱਗੇਗਾ। ਵਿਕਾਸ ਦੇ ਕੰਮ ਫਿਰ ਹੀ ਹੋਣੇ ਸ਼ੁਰੂ ਹੋਣਗੇ- ਜਦ ਵਿਕਾਸ ਦੇ ਕੰਮ ਮਾੜੇ ਮੋਟੇ ਸ਼ੁਰੂ ਹੋਣ ਲਗਦੇ ਆ ਤਾਂ ਸਰਕਾਰ ਦੀ ਮਿਆਦ ਖ਼ਤਮ ਹੋ ਜਾਂਦੀ ਏ। ਇਨ੍ਹਾਂ ਮਾੜਕੂ ਜਿਹਾਂ ਨਵੇਂ ਬਣੇ ਐਮ.ਐਲ. ਇਆਂ ਦੀਆਂ ਗੋਗੜਾਂ ਦੂਣੀਆਂ ਹੋ ਜਾਂਦੀਆਂ ਪਰ ਗ਼ਰੀਬ ਬੰਦਾ ਪੰਜਾਂ ਸਾਲਾਂ 'ਚ ਹੀ ਅੱਧਾ ਬੁੱਢਾ ਲੱਗਣ ਲੱਗ ਜਾਂਦਾ ਏ। ਇਹ ਢਾਂਚਾ ਠੀਕ ਕਿਵੇਂ ਹੋਊ?

— ਇਹ ਇਵੇਂ ਹੀ ਚਲਦਾ ਰਿਹਾ ਏ ਤੇ ਇਵੇਂ ਹੀ ਚਲਣਾ ਏ। ਅਸਲ ਵਿਚ ਅਸੀਂ ਸਭ ਚੋਰ ਹਾਂ। ਸਾਡੇ ਲੋਕਰਾਜ ਵਿੱਚ ਨਵੀਂ ਬਣੀ ਸਰਕਾਰ ਦਾ ਪਹਿਲਾ ਕੰਮ ਹੈ ਪੁਰਾਣੀ

ਸਰਕਾਰ ਦੀ ਨੁਕਤਾਚੀਨੀ ਕਰਨੀ। ਸਿਹਤਮੰਦ ਨੁਕਤਾਚੀਨੀ ਤਾਂ ਸਹੀ ਜਾ ਸਕਦੀ ਏ। ਇੱਥੇ ਤਾਂ ਨੁਕਤਾਚੀਨੀ ਕਰਕੇ ਝੂਠ ਦੇ ਤੂਫ਼ਾਨ ਤੋਲੇ ਜਾਂਦੇ ਹਨ। ਨਵੀਂ ਬਣੀ ਸਰਕਾਰ ਦਾ ਸਭ ਤੋਂ ਪਹਿਲਾ ਕੰਮ ਹੁੰਦਾ ਏ ਪੁਰਾਣੀ ਸਰਕਾਰ ਨਾਲ ਬਦਲਾ ਲੈਣ ਦਾ। ਜਦ ਕੋਈ ਨੇਤਾ ਗੱਦੀ ਤੋਂ ਉਤਰ ਜਾਂਦਾ ਏ ਤਾਂ ਉਸਦੇ ਖਿਲਾਫ਼ ਅਨੇਕਾ ਮੁਕੱਦਮੇ ਚੱਲ ਪੈਂਦੇ ਹਨ। ਲੀਡਰਾਂ ਦੀ ਸਾਰੀ ਤਾਕਤ ਕਾਨੂੰਨੀ ਕਾਰਵਾਈਆਂ ਵਿਚ ਲੱਗ ਜਾਂਦੀ ਏ। ਸਾਲ ਕੁ ਇਸ ਪ੍ਰਕਾਰ ਦਾ ਰੌਲ਼ਾ ਪੈਂਦਾ ਰਹਿੰਦਾ ਏ। ਫਿਰ ਹੌਲ਼ੀ ਹੌਲ਼ੀ ਖਜ਼ਾਨਾ ਭਰਨ ਵੱਲ ਨੂੰ ਧਿਆਨ ਹੋਣ ਲਗਦਾ ਏ। ਖਜ਼ਾਨਾ ਭਰਦੇ ਭਰਦੇ ਆਪਣੇ ਨਿੱਜੀ ਖਜ਼ਾਨੇ ਵੀ ਭਰਨੇ ਹੁੰਦੇ ਹਨ। ਜਦ ਨੂੰ ਸੂਬੇ ਵਿਚ ਇਕ ਦੋ ਵਾਰਦਾਤਾਂ ਹੋ ਜਾਂਦੀਆਂ ਹਨ ਜਾਂ ਕਰਾ ਦਿੱਤੀਆਂ ਜਾਂਦੀਆਂ ਹਨ। ਇਕ ਅੱਧ ਮਹਾਂਮਾਰੀ ਪੈ ਜਾਂਦੀ ਏ। ਜਨਤਾ ਦਾ ਸਾਰਾ ਧਿਆਨ ਇਧਰ ਨੂੰ ਕਰਾ ਦਿੱਤਾ ਜਾਂਦਾ ਏ। ਇੰਨੇ ਚਿਰ ਵਿਚ ਸਰਕਾਰ ਦੀ ਮਿਆਦ ਖ਼ਤਮ ਹੋਣ ਦੇ ਨੇੜੇ ਪਹੁੰਚ ਜਾਂਦੀ ਏ।

— ਐਤਕੀਂ ਕਿਵੇਂ ਕਰਨਾ ਏ? ਪਿੰਡ ਦੀ ਹਾਲਤ ਤਾਂ ਨਿਘਰਦੀ ਜਾ ਰਹੀ ਏ। ਕਿਸਾਨ ਨੂੰ ਖੇਤੀ 'ਚੋਂ ਕੁਝ ਨਹੀਂ ਬਚਦਾ। ਖਰਚੇ ਅੰਤਾਂ ਦੇ ਵਧ ਗਏ। ਜਿਣਸਾਂ ਦਾ ਮੰਡੀ ਵਿਚ ਸਹੀ ਮੁੱਲ ਨਹੀਂ ਪੈਂਦਾ। ਪਾਣੀ ਜ਼ਮੀਨ ਵਿਚ ਡੂੰਘਾ ਹੋਈ ਜਾ ਰਿਹਾ ਏ। ਟਿਊਬਵੈਲ ਬੜੇ ਮਹਿੰਗੇ ਹੋ ਰਹੇ ਹਨ। ਬਿਜਲੀ ਦੀਆਂ ਦਰਾਂ ਵਧੀ ਜਾ ਰਹੀਆਂ ਹਨ। ਨਾਲ ਹੀ ਬਿਜਲੀ ਦੀ ਕਟੌਤੀ ਵੀ ਅੰਤਾਂ ਦੀ ਵਧੀ ਜਾ ਰਹੀ ਏ। ਖਾਦਾਂ ਦੀਆਂ ਕੀਮਤਾਂ ਅੰਤਾਂ ਦੀਆਂ ਵਧੀਆਂ ਹੋਈਆਂ ਹਨ। ਇਹੀ ਹਾਲ ਬੀਜਾਂ ਦਾ ਏ। ਨੇਤਾ ਕਦੇ ਕਦਾਈਂ ਆ ਕੇ ਜਨਤਾ ਦਾ ਮੂੰਹ ਚੋਪੜ ਜਾਂਦੇ ਹਨ। ਸੁਣਿਆ, ਬਾਹਰਲੇ ਦੇਸਾਂ ਵਿਚ ਵਿਕਾਸ ਬੜੀ ਤੇਜ਼ੀ ਨਾਲ ਹੁੰਦਾ ਏ। ਜੋ ਸਕੀਮ ਕਾਗਜ਼ਾਂ ਤੇ ਚੜ੍ਹ ਗਈ ਉਹ ਸਮੇਂ ਸਿਰ ਪੂਰੀ ਹੋਣੀ ਹੀ ਹੋਣੀ ਏ। ਆਪਣੇ ਗੁਵਾਂਢੀਆਂ ਦਾ ਜੀਤਾ ਦਸਦਾ ਸੀ ਜਿਹੜਾ ਆਸਟਰੇਲੀਆ 'ਚ ਰਹਿੰਦਾ ਏ। ਕਹਿੰਦਾ, ਸਿਡਨੀ ਵਿਚ ਇਕ ਮੋਟਰਵੇਅ ਬਣਨਾ ਸੀ। ਉਸਦਾ ਨਾਮ ਸ਼ਾਇਦ ਸੱਤ ਨੰਬਰ ਮੋਟਰਵੇਅ ਕਹਿੰਦਾ ਸੀ। ਸਰਕਾਰ ਨੇ ਐਲਾਨ ਕਰ ਦਿੱਤਾ ਕਿ ਕਿੰਨੇ ਸਮੇਂ 'ਚ ਤਿਆਰ ਹੋ ਜਾਵੇਗਾ। ਕਹਿੰਦਾ, ਉਹ ਨਿਰਧਾਰਤ ਸਮੇਂ ਤੋਂ ਵੀ ਪਹਿਲਾਂ ਤਿਆਰ ਕਰਵਾ ਕੇ ਚਾਲੂ ਕਰਵਾ ਦਿੱਤਾ ਸੀ। ਕਹਿੰਦਾ, ਉੱਥੇ ਸਿਡਨੀ ਵਿੱਚ ਮੋਟਰਵੇਅ ਚਾਰ ਤੇ ਲੱਗਣ ਵਾਲੀ ਚੁੰਗੀ ਸਰਕਾਰ ਨੇ ਪਿਛਲੇ ਸਾਲ ਖ਼ਤਮ ਕਰ ਦਿੱਤੀ। ਇਸ ਮੋਟਰਵੇਅ ਬਣਾਉਣ ਲਈ ਜਿਸ ਬੈਂਕ ਨੇ ਕਰਜ਼ਾ ਦਿੱਤਾ ਸੀ, ਉਹ ਪੂਰਾ ਅਦਾ ਹੋ ਗਿਆ। ਇਸਦੇ ਨਾਲ ਹੀ ਲੋਕਾਂ 'ਤੇ ਪੈਣ ਵਾਲਾ ਭਾਰ ਬੰਦ ਕਰ ਦਿੱਤਾ ਗਿਆ। ਸਾਡੇ ਏਥੇ, ਆਹੀ ਐਮ.ਐਲ.ਏ. ਔਹ ਸੜਕ ਬਣਾਉਣ ਲਈ ਪੱਥਰ ਲੁਆ ਕੇ ਉਪਰ ਆਪਣਾ ਤੇ ਸਰਪੰਚ ਦਾ ਨਾਮ ਲਿਖਵਾ ਗਿਆ ਸੀ ਦੋ ਸਾਲ ਪਹਿਲਾਂ। ਸੜਕ ਤਾਂ ਕੀ ਬਣਨੀ ਨੀਂਹ ਪੱਥਰ ਵੀ ਉਖੜਨ ਵਾਲਾ ਹੋਇਆ ਫਿਰਦਾ ਏ। ਪੇਂਡੂ ਜਨਤਾ ਨੂੰ ਤਾਂ ਹਰ ਕੋਈ ਬੇਵਕੂਫ਼ ਬਣਾਉਂਦਾ ਏ। ਅਗਰ ਇਕ ਪਾਸੇ ਨੇਤਾ ਲੋਕ ਝੂਠ ਦੇ ਤੂਫ਼ਾਨ ਤੋਲ ਰਹੇ ਹਨ ਤਾਂ ਦੂਜੇ ਪਾਸੇ ਟਰੈਵਲ ਏਜੰਟਾਂ ਅੱਤ ਚੁੱਕੀ ਪਈ ਏ। ਹਰ ਸਾਲ ਚਾਰ-ਪੰਜ ਪਿੰਡ ਦੇ ਮੁੰਡੇ ਤਾਂ ਏਜੰਟਾਂ ਨੇ ਕਿਤੇ ਰਾਹ ਵਿਚ ਹੀ ਫਸਾਏ ਹੁੰਦੇ ਆ। ਜੋ ਨੇਤਾ ਉਪਰ ਸਰਕਾਰ ਵਿਚ ਕਰਦੇ ਆ, ਉਹੀ ਕੁਝ ਇੱਥੇ ਪਿੰਡ ਵਿਚ ਹੋਈ ਜਾਂਦਾ ਏ। ਤੈਨੂੰ ਪਤਾ ਏ ਪਿੰਡ ਦੇ ਦੋ ਟੱਬਰ ਹਨ। ਜਦ ਇਕ ਟੱਬਰ ਦਾ ਸਰਪੰਚ ਬਣਦਾ ਏ ਤਾਂ ਦੂਜੇ ਦਾ ਅੱਡੀ ਚੋਟੀ ਦਾ ਦੌਰ ਲੱਗਾ ਰਹਿੰਦਾ ਏ ਕਿ ਉਸ ਸਰਪੰਚ ਨੂੰ ਫੇਲ੍ਹ ਕੀਤਾ ਜਾਵੇ। ਹਰੀਜਨ ਵਿਚਾਰੇ ਵਿਚ ਐਵੇਂ ਹੀ ਰਗੜ ਹੁੰਦੇ ਰਹਿੰਦੇ ਆ। ਮੇਰਾ ਤਾਂ ਖ਼ਿਆਲ ਏ ਕਿ ਇਸ ਵਾਰ ਪਿੰਡ ਦੀ ਪੰਚਾਇਤ

ਸਰਬ ਸੰਮਤੀ ਨਾਲ ਬਣਵਾਈ ਜਾਵੇ। ਕਿਸੇ ਬਜ਼ੁਰਗ ਬੰਦੇ ਨੂੰ ਅਖਤਿਆਰ ਦੇ ਦਿੱਤੇ ਜਾਣ ਕਿ ਉਹ ਪੰਚਾਇਤ ਚੁਣ ਦੇਵੇ। ਸਾਰੇ ਪਿੰਡ ਵਾਸੀ ਉਸ ਬਜ਼ੁਰਗ ਦੀ ਕੀਤੀ ਹੋਈ ਚੋਣ ਤੇ ਪਹਿਰਾ ਦੇਣ। ਉਹ ਦੋਹਾਂ ਟੱਬਰਾਂ ਵਿਚੋਂ ਹੀ ਸਿਆਣੇ ਬੰਦਿਆਂ ਨੂੰ ਪੰਚ ਚੁਣ ਦੇਵੇ। ਇਸੀ ਪ੍ਰਕਾਰ ਉਹ ਹਰੀਜਨਾਂ ਨੂੰ ਮਿਲ ਕੇ ਉਨ੍ਹਾਂ ਦੇ ਮੈਂਬਰ ਵੀ ਸਰਬਸੰਮਤੀ ਨਾਲ ਹੀ ਲੈ ਲਵੇ।

— ਇਸ ਪ੍ਰਕਾਰ ਦਾ ਸਿਆਣਾ ਬੰਦਾ ਤਾਂ ਮੈਨੂੰ ਇੱਥੇ ਕੋਈ ਨਜ਼ਰ ਹੀ ਨਹੀਂ ਆਉਂਦਾ।

— ਮੌਕਾ ਆਉਣ ਤੇ ਫਿਰ ਦੇਖਾਂਗੇ। ਚੰਗੇ ਬੰਦੇ ਵੀ ਜਨਤਾ ਵਿਚੋਂ ਹੀ ਪੈਦਾ ਹੋ ਜਾਂਦੇ ਹਨ। ਕਈ ਵਾਰ ਸਾਨੂੰ ਇੰਝ ਲਗਦਾ ਰਹਿੰਦਾ ਏ ਕਿ ਸ਼ਾਇਦ ਕਿਸੇ ਨੇਤਾ ਦੇ ਮਰਨ ਤੋਂ ਬਾਅਦ ਨੇਤਾਪੁਣੇ ਦਾ ਖਲਾਅ ਪੈਦਾ ਹੋ ਜਾਵੇਗਾ। ਇਹ ਖਲਾਅ ਕਦੀ ਵੀ ਪੈਦਾ ਨਹੀਂ ਹੋਇਆ। ਜਦ ਨਹਿਰੂ ਦੇਸ਼ ਨੂੰ ਚਲਾ ਰਿਹਾ ਸੀ ਤਾਂ ਲੋਕ ਕਹਿੰਦੇ ਹੁੰਦੇ ਸਨ ਕਿ ਨਹਿਰੂ ਦੀ ਮੌਤ ਤੋਂ ਬਾਅਦ ਸ਼ਾਇਦ ਹੀ ਨਹਿਰੂ ਜਿਹਾ ਨੇਤਾ ਦੇਸ ਨੂੰ ਮਿਲੇ। ਇਹੀ ਗੱਲ ਕੈਰੋਂ ਵੇਲੇ ਲੋਕ ਕਿਹਾ ਕਰਦੇ ਸਨ। ਇਨ੍ਹਾਂ ਦੋਹਾਂ ਦੇ ਮਰਨ ਤੋਂ ਬਾਅਦ ਕਿਹੜਾ ਦੇਸ਼ ਦਾ ਤੇ ਸੂਬੇ ਦਾ ਕੰਮ ਖੜ੍ਹਾ ਹੋ ਗਿਆ? ਚੰਗਾ, ਹੁਣ ਆਪਣੇ ਘਰ ਆ ਗਏ। ਦੇਖਾਂਗੇ ਊਠ ਕਿਹੜੀ ਕਰਵਟ ਬਹਿੰਦਾ ਏ।

— ਚੰਗਾ, ਭਾਈ। ਇਸ ਵਾਰ ਊਠ ਨੂੰ ਆਪ ਨਹੀਂ ਬੈਠਣ ਦੇਣਾ ਚਾਹੀਦਾ। ਉਸ ਨੂੰ ਸਾਨੂੰ ਆਪਣੀ ਮਰਜ਼ੀ ਨਾਲ ਬਿਠਾਉਣਾ ਚਾਹੀਦਾ ਏ। ਬਥੇਰੀ ਵਾਰੀ ਊਠ ਬਹਿੰਦੇ ਦੇਖ ਲਏ, ਕੁਝ ਵੀ ਨਹੀਂ ਬਣਿਆਂ। ਬਾਈ ਸਿਹਾਂ, ਹੁਣ ਊਠ ਨੂੰ ਵੀ ਓਵੇਂ ਹੀ ਬਿਠਾਵੀਂ ਜਿਵੇਂ ਤੂੰ ਆਪਣੀ ਕੂਹਣੀ ਦੀ ਹੁੱਜ ਮਾਰ ਕੇ ਗਾਂ ਨੂੰ ਜ਼ਮੀਨ ਦੇ ਨਾਲ ਲਗਾ ਦਿੰਦਾ ਏ।

ਅਗਲੇ ਹਫ਼ਤੇ ਅਕਾਲੀਆਂ ਤੇ ਭਾਜਪਾ ਵਾਲਿਆਂ ਵੀ ਪਿੰਡ ਵਿਚ ਇਕੱਠ ਰੱਖ ਲਿਆ। ਇਨ੍ਹਾਂ ਨੇ ਆਪਣਾ ਪ੍ਰੋਗਰਾਮ ਪਿੰਡ ਦੇ ਗੁਰਦੁਆਰੇ ਵਿਖੇ ਰੱਖਿਆ। ਉਸ ਦਿਨ ਸੰਗਰਾਂਦ ਦਾ ਦਿਹਾੜਾ ਵੀ ਸੀ। ਇਸ ਦਿਹਾੜੇ ਤੇ ਲੋਕਾਂ ਨੇ ਅਕਸਰ ਗੁਰਦੁਆਰੇ ਆਉਣਾ ਹੀ ਹੁੰਦਾ ਏ। ਮਹੀਨੇ ਦਾ ਨਾਮ ਸੁਣਾਇਆ ਜਾਂਦਾ ਏ, ਪਾਠ ਦਾ ਭੋਗ ਪਾਇਆ ਜਾਂਦਾ ਏ ਤੇ ਕੀਰਤਨ ਦਰਬਾਰ ਸਜਦੇ ਹਨ। ਰੱਖੇ ਹੋਏ ਪ੍ਰੋਗਰਾਮ ਮੁਤਾਬਿਕ ਇਲਾਕੇ ਦਾ ਅਕਾਲੀ ਐਮ.ਐਲ.ਏ. ਤੇ ਹੋਰ ਪਤਵੰਤੇ ਸੱਜਣ ਉੱਥੇ ਪਹੁੰਚਣੇ ਹੀ ਸਨ। ਕੀਰਤੀ ਸਿੰਘ, ਜ਼ੋਰਾ ਸਿੰਘ ਤੇ ਸਰਮੁੱਖ ਸਿੰਘ ਵੀ ਉਚੇਚੇ ਤੌਰ 'ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਆਏ। ਪਿੰਡ ਦੇ ਹਿੰਦੂਆਂ ਨੇ ਆਪਣਾ ਵੀ ਇਕ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਸੱਦਿਆ ਹੋਇਆ ਸੀ। ਕੀਰਤਨ ਦਰਬਾਰ ਖ਼ਤਮ ਹੋ ਜਾਣ ਤੋਂ ਬਾਅਦ ਸਟੇਜ ਸਕੱਤਰ ਦੀ ਸੇਵਾ ਪ੍ਰੋ. ਜ਼ੋਰਾ ਸਿੰਘ ਨੇ ਸੰਭਾਲ ਲਈ।

ਨਗਰ ਨਿਵਾਸੀ ਪਰਮ ਸਤਿਕਾਰਯੋਗ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਅੱਜ ਸੰਗਰਾਂਦ ਦੇ ਸ਼ੁਭ ਦਿਹਾੜੇ ਤੇ ਮੈਂ ਸਮੂਹ ਨਗਰ ਨਿਵਾਸੀਆਂ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ। ਤੁਸੀਂ ਜਾਣਦੇ ਹੀ ਹੋ ਪਿਛਲੇ ਤਿੰਨ ਸਾਲਾਂ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵਧਾਇਆ ਗਿਆ ਸੀ। ਇਕ ਕਮਰਾ ਇਕ ਬਾਹਰੋਂ ਆਇਆ ਸਿੰਘ ਛੱਤ ਗਿਆ ਸੀ ਤੇ ਇਕ ਹੋਰ ਕਮਰੇ ਦੀ ਉਸਾਰੀ ਪਿੰਡ ਦੀ ਪੰਚਾਇਤ ਨੇ ਕਰਵਾਈ ਸੀ।

ਪੰਚਾਇਤ ਨੇ ਗੁਰਦੁਆਰਾ ਸਾਹਿਬ ਦੀ ਸਾਰੀ ਇਮਾਰਤ ਨੂੰ ਪੇਂਟ ਕਰਵਾਉਣ ਦਾ ਕੰਮ ਵੀ ਕਰਵਾਇਆ ਸੀ।

ਜਿਵੇਂ ਕਿ ਤੁਸੀਂ ਸਭ ਜਾਣਦੇ ਹੀ ਹੋ, ਪੰਚਾਇਤ ਦੀਆਂ ਨਵੀਆਂ ਚੋਣਾਂ ਵਿਚ ਬਹੁਤ ਹੀ ਘੱਟ ਵਕਤ ਰਹਿ ਗਿਆ ਏ। ਨਾਮਜ਼ਦਗੀ ਕਾਗਜ਼ ਦਾਖ਼ਲ ਹੋ ਚੁੱਕੇ ਹਨ। ਪਿੰਡ ਦੀ ਕਿਸਮਤ ਦਾ ਫ਼ੈਸਲਾ ਲੋਕਾਂ ਨੇ ਕਰਨਾ ਹੈ। ਅਕਾਲੀ-ਭਾਜਪਾ ਨਾਲ ਸਬੰਧਿਤ ਪੰਚਾਇਤਾਂ ਪਿੰਡਾਂ ਵਿਚ ਪਹਿਲਾਂ ਵੀ ਬਣਦੀਆਂ ਆ ਰਹੀਆਂ ਹਨ। ਉਹਨਾਂ ਦੁਆਰਾ ਕੀਤੇ ਕੰਮਾਂ ਦਾ ਮੂਲ ਅੰਕਣ ਤੁਸੀਂ ਸਭ ਨੇ ਕਰਨਾ ਹੁੰਦਾ ਏ। ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਦਾ ਕੰਮ ਸਭ ਤੋਂ ਪਹਿਲਾਂ ਅਕਾਲੀ ਸਰਕਾਰ ਨੇ ਕੀਤਾ ਸੀ। ਇਸ ਬਾਰੇ ਵਾਧੂ ਚਾਨਣਾ ਐਮ.ਐਲ.ਏ. ਸਾਹਿਬ ਪਾਉਣਗੇ।

ਤੁਸੀਂ ਜਾਣਦੇ ਹੀ ਹੋ, ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਅਕਾਲੀ ਪੰਚਾਇਤ ਸਮੇਂ ਹੀ ਬਣੀ ਸੀ। ਪਿੰਡ ਵਿਚ ਸਹਿਕਾਰੀ ਸੋਸਾਇਟੀ ਦੀ ਇਮਾਰਤ ਦੀ ਉਸਾਰੀ ਵੀ ਅਕਾਲੀ ਪੰਚਾਇਤ ਨੇ ਹੀ ਕਰਵਾਈ ਸੀ। ਸ਼ੁਰੂ ਸ਼ੁਰੂ ਵਿਚ ਗ਼ਲੀਆਂ ਨਾਲੀਆਂ ਪੱਕੀਆਂ ਕਰਨ ਦਾ ਕੰਮ ਵੀ ਇਸੀ ਪੰਚਾਇਤ ਨੇ ਹੀ ਸ਼ੁਰੂ ਕਰਵਾਇਆ ਸੀ। ਪਿੰਡ ਦੇ ਚੜ੍ਹਦੇ ਪਾਸੇ ਅਨਾਜ਼ ਮੰਡੀ ਏ। ਇਹ ਮੰਡੀ ਬਣਾਉਣ ਦਾ ਕੰਮ ਵੀ ਅਕਾਲੀਆਂ ਨੇ ਹੀ ਕੀਤਾ ਸੀ। ਪਿੰਡ ਦੀ ਸ਼ਮਸ਼ਾਨ ਘਾਟ ਵਾਲੀ ਸੜਕ ਵੀ ਇਕ ਅਕਾਲੀ ਐਨ.ਆਰ.ਆਈ ਹੀ ਪੱਕੀ ਕਰਵਾ ਕੇ ਗਿਆ ਸੀ। ਸ਼ਮਸ਼ਾਨਘਾਟ ਵਾਲਾ ਨਲਕਾ ਵੀ ਇਕ ਅਕਾਲੀ ਐਨ.ਆਰ.ਆਈ. ਨੇ ਹੀ ਲਗਵਾਇਆ ਸੀ। ਸ਼ਮਸ਼ਾਨਘਾਟ ਵਿਚਲਾ ਕਮਰਾ ਇਕ ਹੋਰ ਅਕਾਲੀ ਐਨ.ਆਰ.ਆਈ. ਨੇ ਬਣਵਾਇਆ ਸੀ। ਆਉਣ ਵਾਲੇ ਸਮੇਂ ਵਿਚ ਸਾਡੀ ਕੋਸ਼ਿਸ਼ ਹੋਵੇਗੀ ਕਿ ਪਿੰਡ ਦੇ ਸਕੂਲ ਨੂੰ ਅਪਗ੍ਰੇਡ ਕਰਵਾ ਕੇ ਹਾਈ ਸਕੂਲ ਬਣਵਾਇਆ ਜਾਵੇ। ਪਿੰਡ ਵਿਚ ਇਕ ਆਦਰਸ਼ ਸਕੂਲ ਵੀ ਖੋਲ੍ਹਿਆ ਜਾਵੇ। ਹੋ ਸਕਿਆ ਤਾਂ ਪਿੰਡ ਵਿਚ ਇਕ ਟੈਕਨੀਕਲ ਇੰਸਟੀਚਿਊਟ ਖੋਲ੍ਹਣ ਲਈ ਵੀ ਜ਼ਮੀਨ ਇਕੱਠੀ ਕੀਤੀ ਜਾਵੇਗੀ। ਇਸ ਇੰਸਟੀਚਿਊਟ ਦਾ ਆਲੇ ਦੁਆਲੇ ਦੇ ਪਿੰਡਾਂ ਨੂੰ ਵੀ ਬੜਾ ਲਾਭ ਹੋਵੇਗਾ। ਅੱਜ ਦੀ ਪੜ੍ਹਾਈ ਕਿੱਤਿਆਂ ਨਾਲ ਸਬੰਧਿਤ ਪੜ੍ਹਾਈ ਹੋਣੀ ਚਾਹੀਦੀ ਏ। ਸਾਦੀ ਪੜ੍ਹਾਈ ਦਾ ਯੁੱਗ ਲੱਦ ਗਿਆ ਏ। ਸਾਦੀ ਪੜ੍ਹਾਈ ਨਾਲ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਇਸ ਲਈ ਕਿੱਤਾ ਮੁਖੀ ਪੜ੍ਹਾਈ ਅਤੀ ਜ਼ਰੂਰੀ ਏ। ਮੈਂ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਸਮਾਂ ਪਹਿਲਾਂ ਹੀ ਕਾਫ਼ੀ ਹੋ ਚੁੱਕਾ ਏ। ਹੁਣ ਹਲਕੇ ਦੇ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮਾਈਕ ਤੇ ਆਉਣ ਤੇ ਸਾਧ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕਰਨ।

ਸਰਮੁਖ ਸਿੰਘ ਜੈਕਾਰਾ ਛੱਡਦਾ ਏ—

ਜੋ ਬੋਲੇ ਸੋ ਨਿਹਾਲ,

ਸੰਗਤ ਜਵਾਬ ਦਿੰਦੀ ਏ—

ਸਤਿ ਸ੍ਰੀ ਅਕਾਲ!

ਪਾਵਨ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ 'ਚ ਜੁੜੀ ਬੈਠੀ ਸਤਿਕਾਰਯੋਗ ਸਾਧ ਸੰਗਤ ਜੀ ਫਤਹਿ ਦਾ ਜਵਾਬ ਫਤਹਿ 'ਚ ਦਿਉ:-

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਮੈਂ ਨਗਰ ਦੀ ਸਾਧ ਸੰਗਤ ਦੇ ਦਰਸ਼ਨ ਕਰਕੇ ਅੱਜ ਆਪਣੇ ਆਪ ਨੂੰ ਬੜਾ ਹੀ ਸੁਭਾਗਾ ਮਹਿਸੂਸ ਕਰ ਰਿਹਾ ਹਾਂ। ਸੰਗਰਾਂਦ ਦਾ ਸ਼ੁਭ ਦਿਹਾੜਾ ਹੈ। ਤੁਹਾਨੂੰ ਸਭ ਨੂੰ ਇਸ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ ਹੋਵੇ। ਬੜੇ ਮੌਕੇ ਸਿਰ ਵਾਹਿਗੁਰੂ ਨੇ ਬਾਰਸ਼ ਪਾ ਕੇ ਧਰਤੀ ਦਾ ਸੀਨਾ ਠੰਢਾ ਕਰ ਦਿੱਤਾ ਹੈ–

ਮੀਂਹ ਪਿਆ ਪਰਮੇਸਰ ਪਾਇਆ

ਜੀਅ ਜੰਤ ਸਭ ਸੁਖੀ ਵਸਾਇਆ।

ਕਿਸਾਨ ਵੀਰਾਂ ਲਈ ਇਹ ਮੌਕੇ ਦੀ ਬਾਰਸ਼ ਸੱਚਮੁੱਚ ਹੀ ਵਰਦਾਨ ਹੈ। ਇਹ ਤਾਂ ਇਂਜ ਹੋਇਆ ਜਿਵੇਂ ਵਾਹਿਗੁਰੂ ਨੇ ਅੱਜ ਦੇ ਸੰਗਰਾਂਦ ਦੇ ਦਿਹਾੜੇ ਤੇ ਜਿਮੀਂਦਾਰ ਵੀਰਾਂ ਨੂੰ ਵਿਹਲੇ ਕਰ ਦਿੱਤਾ। ਇਸ ਬਾਰਸ਼ ਤੋਂ ਦੋ ਕੁ ਦਿਨ ਬਾਅਦ ਖੇਤਾਂ ਵਿਚ ਬੱਤਰ ਆਏਗੀ। ਫਿਰ ਕਿਸਾਨ ਭਰਾ ਵਾਹ ਵਹਾਈ ਦੇ ਕੰਮ ਵਿਚ ਜੁੱਟ ਜਾਣਗੇ। ਜੋ ਵਾਹਿਗੁਰੂ ਅਕਾਲ ਪੁਰਖ ਕਰਦਾ ਏ ਉਹ ਠੀਕ ਹੀ ਕਰਦਾ ਏ।

ਖ਼ੁਸ਼ੀ ਹੈ ਕਿ ਅੱਜ ਦਾ ਇਕੱਠ ਕਾਫ਼ੀ ਭਰਵਾਂ ਏ। ਸਿੱਖਾਂ ਦੇ ਧਰਮ ਤੇ ਸਿਆਸਤ ਸਾਂਝੇ ਹਨ।

ਧਾਰਮਿਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਮੈਂ ਅਕਸਰ ਪਹਿਲਾਂ ਵੀ ਆਪ ਜੀਆਂ ਦੇ ਦਰਸ਼ਨ ਕਰਨ ਆਉਂਦਾ ਰਿਹਾ ਹਾਂ। ਅੱਜ ਦਾ ਇਕੱਠ ਅਕਾਲੀ ਦਲ ਵੱਲੋਂ ਕੁਝ ਸਿਆਸੀ ਸੇਧਾਂ ਦੇਣ ਵਾਸਤੇ ਵੀ ਇੱਥੇ ਜੁੜਿਆ ਏ। ਮੇਰੇ ਨਾਲ ਸਾਡੀ ਭਾਈਵਾਲ ਪਾਰਟੀ ਭਾਜਪਾ ਦੇ ਨੇਤਾ ਵੀ ਇਸ ਇਕੱਠ ਵਿਚ ਉਚੇਚੇ ਤੌਰ ਤੇ ਪਹੁੰਚੇ ਹਨ।

ਤੁਸੀਂ ਜਾਣਦੇ ਹੀ ਹੋ ਪਿੰਡ ਵਿਚ ਪੰਚਾਇਤ ਦੀ ਚੋਣ ਹੋਣ ਜਾ ਰਹੀ ਏ। ਸੂਬੇ ਦੀ ਸਰਕਾਰ ਵੀ ਜਲਦੀ ਹੀ ਬਦਲਣ ਵਾਲੀ ਏ। ਪਿਛਲੀ ਕਾਂਗਰਸੀ ਸਰਕਾਰ ਨੇ ਤੁਹਾਡੇ ਲਈ ਕੀ ਕੁਝ ਕੀਤਾ ਤੇ ਕੀ ਕੁਝ ਨਹੀਂ ਕੀਤਾ ਇਹ ਤੁਸੀਂ ਭਲੀ ਭਾਂਤ ਜਾਣਦੇ ਹੀ ਹੋ। ਅਕਾਲੀ ਪਾਰਟੀ ਅਸਲ ਵਿਚ ਪਿੰਡਾਂ ਦੀ ਪਾਰਟੀ ਹੈ। ਇਹ ਪੇਂਡੂ ਲੋਕਾਂ ਦੀ ਰਗ ਜਾਣਦੀ ਏ। ਇਹ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਤਹਿ ਤੱਕ ਜਾਣਦੀ ਏ। ਖੇਤਰੀ ਪਾਰਟੀਆਂ ਕੌਮਾਂਤਰੀ ਪਾਰਟੀਆਂ ਨਾਲੋਂ ਹਮੇਸ਼ਾ ਹੀ ਸੂਬਿਆਂ ਦੀ ਭਲਾਈ ਵੱਲ ਵੱਧ ਧਿਆਨ ਦਿੰਦੀਆਂ ਆਈਆਂ ਹਨ। ਹੁਣ ਤਾਂ ਸੋਨੇ 'ਤੇ ਸਹਾਗੇ ਵਾਲੀ ਗੱਲ ਇਹ ਵੀ ਹੈ ਕਿ ਕੇਂਦਰ ਵਿਚ ਵੀ ਭਾਜਪਾ ਦੀ ਹੀ ਸਰਕਾਰ ਏ। ਅਗਰ ਹੁਣ ਤੁਸੀਂ ਸੁਨਹਿਰੀ ਮੌਕਾ ਹੱਥੋਂ ਗਵਾ ਦਿੱਤਾ ਤਾਂ ਪਿੰਡ ਦਾ ਵਿਕਾਸ ਕਈ ਸਾਲ ਪਿੱਛੇ ਪੈ ਜਾਵੇਗਾ। ਪਿੰਡ ਦੇ ਕਈ ਪਤਵੰਤੇ ਭਾਵੇਂ ਪਿੰਡ ਤੋਂ ਦੂਰ ਜਾ ਕੇ ਚੰਡੀਗੜ੍ਹ ਜਿਹੇ ਸ਼ਹਿਰਾਂ ਵਿਚ ਪੱਕੇ ਤੌਰ ਤੇ ਰਹਿਣ ਲੱਗ ਪਏ ਹਨ ਪਰ ਉਨ੍ਹਾਂ ਦੀ ਹਮਦਰਦੀ ਫਿਰ ਵੀ ਪਿੰਡ ਦੀ ਬਿਹਤਰੀ ਨਾਲ ਜੁੜੀ ਰਹਿੰਦੀ ਏ। ਸ. ਕੀਰਤੀ ਸਿੰਘ, ਪ੍ਰੋ. ਜੋਰਾ ਸਿੰਘ ਤੇ ਸਰਮੁਖ ਸਿੰਘ ਇਸ ਸਮੇਂ ਇਸ ਇਕੱਠ ਵਿਚ ਮੌਜੂਦ ਹਨ। ਤੁਹਾਨੂੰ ਪਤਾ ਹੀ ਏ ਕਿ ਉਨ੍ਹਾਂ ਨਾਲ ਬਾਹਰ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਿਚ ਬੈਠੇ ਅਨੇਕਾਂ ਐਨ.ਆਰ.ਆਈ. ਵੀ ਜੁੜੇ ਹੋਏ ਹਨ। ਪਿੱਛੇ ਜਿਹੇ ਬਾਹਰਲਿਆਂ ਨਾਲ ਸੰਪਰਕ ਕਰਕੇ ਇਨ੍ਹਾਂ ਸੱਜਣਾਂ ਨੇ ਅੰਤਾਂ ਦੀ ਮਾਇਆ ਇਕੱਠੀ ਕਰਨ ਦਾ ਪ੍ਰੋਗਰਾਮ

ਬਣਾਇਆ ਸੀ। ਇਸ ਕੋਸ਼ਿਸ਼ ਤਹਿਤ ਕਾਫ਼ੀ ਮਾਇਆ ਇਕੱਠੀ ਹੋ ਚੁੱਕੀ ਏ ਜਿਹੜੀ ਕਿ ਮੌਕਾ ਆਉਣ ਤੇ ਹੀ ਵਿਕਾਸ ਦੇ ਕੰਮਾਂ ਤੇ ਖਰਚੀ ਜਾਣੀ ਹੈ। ਅਗਰ ਕੇਂਦਰ ਸਰਕਾਰ, ਸੂਬਾ ਸਰਕਾਰ ਤੇ ਐਨ.ਆਰ.ਆਈ. ਇਕ ਜੁੱਟ ਹੋ ਜਾਣ ਤਾਂ ਪਿੰਡ ਵਿਚ ਐਸੀ ਕ੍ਰਾਂਤੀ ਆ ਸਕਦੀ ਏ ਜਿਹੜੀ ਤੁਸੀਂ ਪਹਿਲਾਂ ਕਦੀ ਨਹੀਂ ਦੇਖੀ ਹੋਣੀ।

ਸਾਡੀ ਸਰਕਾਰ ਨੇ ਦੇਸ਼ ਅਤੇ ਸੂਬਾ ਪੱਧਰ ਤੇ ਅਨੇਕਾਂ ਲੋਕ ਭਲਾਈ ਦੇ ਕਾਰਜ ਨੇਪਰੇ ਚਾੜ੍ਹੇ ਹਨ। ਅਖ਼ਬਾਰਾਂ ਦੀਆਂ ਖ਼ਬਰਾਂ ਇਸ ਦੀਆਂ ਗਵਾਹ ਹਨ। ਇਨ੍ਹਾਂ ਬਾਰੇ ਮੈਂ ਜ਼ਿਆਦਾ ਚਾਨਣਾ ਨਹੀਂ ਪਾਉਣਾ ਚਾਹੁੰਦਾ। ਅਗਰ ਮੌਕੇ ਦਾ ਲਾਹਾ ਲੈ ਸਕਦੇ ਹੋ ਤਾਂ ਲੈ ਲਓ। ਬਾਕੀ ਤੁਹਾਡੀ ਅਗਵਾਈ ਕਰਨ ਲਈ ਤੁਹਾਡੇ ਪਾਸ ਸ. ਕੀਰਤੀ ਸਿੰਘ ਤੇ ਜ਼ੋਰਾ ਸਿੰਘ ਜਿਹੇ ਸਿਆਣੇ ਬੰਦੇ ਮੌਜੂਦ ਹਨ। ਪਿੰਡ ਦੇ ਹਰੀਜਨ ਭਰਾਂ ਵੀ ਇਸ ਇਕੱਠ ਵਿਚ ਕਾਫ਼ੀ ਨਜ਼ਰ ਆ ਰਹੇ ਹਨ। ਉਹਨਾਂ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਕਿ ਉਨ੍ਹਾਂ ਦੇ ਸਮਸ਼ਾਨਘਾਟ ਦੀ ਹਾਲਤ ਸੁਧਾਰੀ ਜਾਵੇ ਇਸ ਵਾਰ ਇਕਦਮ ਪੂਰੀ ਹੋ ਜਾਵੇਗੀ। ਕੁਝ ਹਰੀਜਨ ਭਰਾਵਾਂ ਨੇ ਪਿੰਡ ਦੇ ਘੱਟ ਆਬਾਦ ਇਲਾਕੇ ਵਿਚ ਸਸਤੀਆਂ ਜ਼ਮੀਨਾਂ ਖਰੀਦੀਆਂ ਸਨ। ਇਨ੍ਹਾਂ ਜ਼ਮੀਨਾਂ ਨੂੰ ਪਾਣੀ ਦੀ ਲੋੜ ਏ। ਇਨ੍ਹਾਂ ਜ਼ਮੀਨਾਂ ਦੇ ਮੁੱਢ ਸਰਕਾਰ ਇਕ ਸਰਕਾਰੀ ਟਿਊਬਵੈੱਲ ਲਗਾਵੇਗੀ। ਇਹ ਸਭ ਜ਼ਮੀਨਾਂ ਹਰੀਆਂ-ਭਰੀਆਂ ਹੋ ਜਾਣਗੀਆਂ। ਹੋਰ ਕਿੰਨਾ ਕੁਝ ਯੋਜਨਾ ਅਧੀਨ ਏ। ਵਧੀਆ ਪੰਚਾਇਤ ਚੁਣੋ। ਸਰਕਾਰ ਤੁਹਾਡੇ ਹਮੇਸ਼ਾ ਅੰਗ-ਸੰਗ ਰਹੇਗੀ।

ਇੰਨਾ ਕੁਝ ਕਹਿੰਦਾ ਹੋਇਆ ਖਿਮਾਂ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ!!

ਸਰਮੁਖ ਸਿੰਘ ਨੇ ਜੈਕਾਰਾ ਛੱਡਿਆ-

ਜੋ ਬੋਲੇ ਸੋ ਨਿਹਾਲ

ਸੰਗਤ ਨੇ ਜਵਾਬ ਦਿੱਤਾ-

ਸਤਿ ਸ੍ਰੀ ਅਕਾਲ!!

ਸਮਾਗਮ ਖ਼ਤਮ ਹੋਣ ਤੋਂ ਬਾਅਦ ਲੋਕ ਘਰਾਂ ਵੱਲ ਚੱਲ ਪਏ। ਰਸਤੇ ਵਿਚ ਜਾਂਦੇ-ਜਾਂਦੇ ਉਹ ਗੱਲਾਂ ਕਰ ਰਹੇ ਸਨ।

ਮਹਿੰਗਾ ਸਿੰਘ - ਬਚਿੱਤਰ ਸਿਹਾਂ, ਇਕੱਠ ਤਾਂ ਅੱਜ ਵੀ ਬਥੇਰਾ ਸੀ। ਅੱਜ ਤਾਂ ਹਰੀਜਨਾਂ ਨੇ ਵੀ ਭਰਵੀਂ ਹਾਜ਼ਰੀ ਲੁਆਈ ਏ।

— ਪ੍ਰਗਾਸ਼ ਸੁਣਾ, ਇਸ ਵਾਰ ਕਿਵੇਂ ਕਰਨਾ ਏ?

ਪ੍ਰਗਾਸ਼ —ਜਿਵੇਂ ਭਰਾ ਕਹਿਣਗੇ, ਉਵੇਂ ਹੀ ਕਰ ਲਵਾਂਗੇ।

ਬਚਿੱਤਰ ਸਿੰਘ —ਇਦਾਂ ਦੇ ਸਿਆਸਤਦਾਨਾਂ ਵਰਗੇ ਗੋਲ-ਮੋਲ ਜਵਾਬ ਨਾ ਦਿਆ ਕਰ, ਪ੍ਰਗਾਸ਼। ਮੌਕਾ ਚੰਗਾ ਲਗਦਾ ਏ। ਸ਼ਾਇਦ ਮੁੜ ਹੱਥ ਨਾ ਆਵੇ। ਅਗਰ ਕੇਂਦਰ ਸਰਕਾਰ, ਸੂਬਾ ਸਰਕਾਰ ਤੇ ਹੇਠਾਂ ਪੰਚਾਇਤ ਸੰਮਤੀਆਂ ਤੇ ਪੰਚਾਇਤਾਂ ਇਕੋ ਹੀ ਸਿਆਸੀ ਪਾਰਟੀ ਦੀਆਂ ਬਣ ਜਾਣ ਤਾਂ ਤਾਲਮੇਲ ਵੱਧ ਬਣਦਾ ਏ। ਸਾਰੇ ਕੰਮ ਜਲਦੀ ਹੋ ਜਾਣ ਲਈ ਵੀ

ਰਾਹ ਖੁੱਲ੍ਹ ਜਾਂਦਾ ਏ। ਇਸ ਹਾਲਤ ਵਿਚ ਵਿਰੋਧ ਬਹੁਤ ਘਟ ਜਾਂਦਾ ਏ।

ਮਹਿੰਗਾ ਸਿੰਘ —ਓਏ, ਇਸ ਵਾਰ ਤਾਂ ਤਿੰਨਾਂ ਰਾਹਾਂ ਨਾਲ ਇਕ ਚੌਥਾ ਰਾਹ ਵੀ ਡਟਕੇ ਖੜ੍ਹਦਾ ਨਜ਼ਰ ਆ ਰਿਹਾ ਏ।

ਪ੍ਰਗਾਸ਼ —ਵੀਰਾ, ਉਹ ਕਿਹੜਾ?

ਮਹਿੰਗਾ ਸਿੰਘ —ਤੈਨੂੰ ਅਜੇ ਪਤਾ ਹੀ ਨਹੀਂ? ਬਚਿੱਤਰ ਸਿਹਾਂ, ਸਮਝਾ ਇਹਨੂੰ।

ਬਚਿੱਤਰ ਸਿੰਘ —ਬਾਹਰਲੇ ਬੰਦੇ ਅੰਤਾਂ ਦੀ ਉਗਰਾਹੀ ਕਰ ਚੁੱਕੇ ਨੇ। ਉਨ੍ਹਾਂ ਨੇ ਪਿੰਡ ਨੂੰ ਸਵਰਗ ਬਣਾਉਣ ਦਾ ਤਹੱਈਆ ਕੀਤਾ ਹੋਇਆ ਏ। ਪੰਜਾਬ ਦੇ ਕਈ ਪਿੰਡ ਪਹਿਲਾਂ ਹੀ ਮਾਡਲ ਗ੍ਰਾਮ ਬਣ ਚੁੱਕੇ ਹਨ। ਬਾਹਰ ਕੈਨੇਡਾ, ਅਮਰੀਕਾ ਵਿਚ ਇਨ੍ਹਾਂ ਪਿੰਡਾਂ ਦੇ ਵਸੇ ਹੋਏ ਲੋਕ ਬੜੀਆਂ ਸ਼ੇਖੀਆਂ ਮਾਰਦੇ ਰਹਿੰਦੇ ਹਨ-ਅਸੀਂ ਯੇਹ ਕਰ ਦਿੱਤਾ, ਅਸੀਂ ਬੋਹ ਕਰ ਦਿੱਤਾ, ਤੁਹਾਡੇ ਪਿੰਡ ਵਿਚ ਅਜੇ ਵੀ ਗੰਦ ਪਿਆ ਹੋਇਆ ਏ, ਸਰਕਾਰਾਂ ਤੇ ਲਾਈਆਂ ਆਸਾਂ ਅਕਸਰ ਅਧੂਰੀਆਂ ਹੀ ਰਹਿ ਜਾਂਦੀਆਂ ਹਨ। ਪ੍ਰਗਾਸ਼ ਛੋਟੀਆਂ ਛੋਟੀਆਂ ਗੱਲਾਂ ਤੇ ਆਪਣੇ ਸੁਆਰਥ ਛੱਡੋ। ਸਮੁੱਚੇ ਪਿੰਡ ਪੱਧਰ ਤੇ ਸੋਚੋ। ਪਿੰਡ ਪੱਧਰ ਤੇ ਸੋਚਣ ਵਿਚ ਸਭ ਦੀ ਹੀ ਭਿਲਾਈ ਏ।

ਪ੍ਰਗਾਸ਼ —ਸਭ ਨੂੰ ਇਕੱਠੇ ਕਰਨ ਦਾ ਬੀੜਾ ਕੌਣ ਚੁੱਕੂ? ਲੋਕ ਮਾੜੀ ਮਾੜੀ ਗੱਲ ਤੇ ਤਾਂ ਲੜਨ ਲੱਗ ਪੈਂਦੇ ਨੇ।

ਮਹਿੰਗਾ ਸਿੰਘ - ਬੀੜਾ ਚੁੱਕਣ ਦਾ ਕੰਮ ਅਸੀਂ ਆਪ ਹੀ ਕਰਵਾ ਲਵਾਂਗੇ। ਤੂੰ ਦੱਸ, ਕੀ ਤੂੰ ਸਾਡੇ ਨਾਲ ਖੜ੍ਹਾ ਹੋਵੇਗਾ? ਤੈਨੂੰ ਅਸੀਂ ਇਹ ਯਕੀਨ ਦੁਆਉਂਦੇ ਹਾਂ ਕਿ ਪੰਚਾਇਤ ਵਿਚ ਤੈਨੂੰ ਯੋਗ ਸਥਾਨ ਮਿਲੇਗਾ। ਸਾਨੂੰ ਪਤਾ ਏ ਕਿ ਪਿੰਡ ਦਾ ਸਰਪੰਚ ਅਨੁਸੂਚਿਤ ਜਾਤੀ ਦਾ ਹੋਣਾ ਏ। ਤੂੰ ਇਸ ਵਾਰ ਲਹਿਬਰ ਸਿੰਘ ਦਾ ਸਾਥ ਛੱਡ ਦੇਹ। ਆਪਣੀ ਬਸਤੀ ਵਿਚ ਜਾ ਕੇ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰ ਲਵੀਂ। ਇਸ ਵਿਚ ਤੇਰੀ ਵੀ ਭਿਲਾਈ ਏ। ਤੈਨੂੰ ਪਤਾ ਏ, ਬਾਹਰ ਬੈਠੇ ਦਲੀਪੇ ਹੋਰੀਂ ਵੀ ਸਾਡੇ ਨਾਲ ਹਨ। ਉਨ੍ਹਾਂ ਉੱਧਰ ਗਿੱਲ ਸਾਹਿਬ ਨਾਲ ਮਿਲ ਕੇ ਕਾਫ਼ੀ ਪੈਸੇ ਵੀ ਇਕੱਠੇ ਕਰ ਲਏ ਹਨ। ਨਾਲੇ ਤੈਨੂੰ ਇਕ ਹੋਰ ਗੱਲ ਦਾ ਪਤਾ ਵੀ ਹੋਣਾ ਚਾਹੀਦਾ ਏ।

ਪ੍ਰਗਾਸ਼ —ਉਹ ਕੀ?

ਮਹਿੰਗਾ ਸਿੰਘ —ਪ੍ਰਗਾਸ਼, ਪਿੰਡ ਸੁਧਾਰੇ ਜਾ ਸਕਦੇ ਹਨ, ਸ਼ਹਿਰਾਂ ਨੂੰ ਸੁਧਾਰਨਾ ਬੜਾ ਹੀ ਔਖਾ ਏ। ਅਗਰ ਸ਼ਹਿਰਾਂ ਨੂੰ ਸੁਧਾਰਨਾ ਹੋਵੇ ਤਾਂ ਕਈ ਕੁਝ ਢਾਣਾਂ ਪੈਂਦਾ ਏ। ਦੁਕਾਨਾਂ ਢਾਣੀਆਂ ਪੈਂਦੀਆਂ ਹਨ। ਇਸ ਦਾ ਲੋਕ ਅੰਤਾਂ ਦਾ ਵਿਰੋਧ ਕਰਦੇ ਹਨ। ਸ਼ਹਿਰਾਂ ਵਿਚ ਕਈ ਬੀਹੀਆਂ ਇਨੀਆਂ ਤੰਗ ਹਨ ਕਿ ਉਥੋਂ ਤੱਕ ਕਾਰਾਂ ਵੀ ਨਹੀਂ ਜਾ ਸਕਦੀਆਂ। ਉਥੇ ਅੰਤਾਂ ਦਾ ਗੰਦ ਪਿਆ ਰਹਿੰਦਾ ਏ। ਆਬੋ ਹਵਾ ਗੰਦੀ ਰਹਿੰਦੀ ਏ। ਪ੍ਰਦੂਸ਼ਣ ਦਾ ਅੰਤ ਕੋਈ ਨਹੀਂ। ਸ਼ਹਿਰ ਵੱਡੀ ਇਕਾਈ ਹਨ। ਪਿੰਡ ਛੋਟੀ ਇਕਾਈ ਹਨ। ਨਾਲੇ ਪੇਂਡੂ ਬਾਹਰ ਬਹੁਤ ਗਏ ਹੋਏ ਹਨ। ਪੇਂਡੂ ਜਨਤਾ ਨੂੰ ਇਕੱਠੇ ਕਰਨਾ ਸੌਖਾ ਏ। ਕਈ ਪਿੰਡਾਂ ਦਾ ਤਾਂ ਗੋਤ ਹੀ ਇੱਕ ਏ। ਕੋਈ ਸਿਆਣਾ ਤੇ ਸੰਤ ਸੁਭਾਅ ਬੰਦਾ ਪਿੰਡ ਨੂੰ ਕਹਿ ਦੇਵੇ ਕਿ ਤੁਸੀਂ ਤਾਂ ਸਾਰੇ ਇਕ ਗੋਤ ਦੇ ਹੋ ਤੇ ਤੁਹਾਡੇ ਬਜ਼ੁਰਗ ਤਾਂ ਭਰਾ ਸਨ ਪਿੰਡ ਇਕਦਮ ਇਕੱਠਾ ਹੋ ਸਕਦਾ

ਏ। ਨਾਲੇ ਪੇਂਡੂ ਬੰਦੇ ਉਨੇ ਸ਼ੈਤਾਨ ਤੇ ਸ਼ਾਤਰ ਦਿਮਾਗ਼ ਨਹੀਂ ਜਿਨੇ ਕਿ ਸ਼ਹਿਰੀ ਹਨ। ਪਿੰਡ ਪੰਜਾਬ ਦੀ ਆਬਾਦੀ ਦੀ ਇਕ ਐਸੀ ਇਕਾਈ ਹੈ ਜਿਹੜੀ ਭੰਨ ਤੋੜ ਤੋਂ ਬਗ਼ੈਰ ਬਹੁਤ ਹੀ ਸੁਧਾਰੀ ਜਾ ਸਕਦੀ ਏ। ਲੋੜ ਹੈ ਕਿ ਸਿਰਫ਼ ਲੋਕਾਂ ਵਿਚ ਸਬਰ, ਸੰਤੋਖ ਤੇ ਮਿਲਵਰਤੋਂ ਦੀ। ਇਹ ਸਬਰ, ਸੰਤੋਖ ਤੇ ਮਿਲਵਰਤੋਂ ਪਿੰਡਾਂ ਵਿਚ ਸ਼ਹਿਰਾਂ ਦੇ ਮੁਕਾਬਲੇ ਅਜੇ ਵੀ ਬਹੁਤ ਜ਼ਿਆਦਾ ਏ। ਪਿੰਡਾਂ ਵਿਚ ਸ਼ਹਿਰਾਂ ਦੀ ਬਨਿਸਬਤ ਮਾਰ ਧਾੜ ਦੇ ਲੁੱਟ ਖੋਹ ਵੀ ਬਹੁਤ ਘੱਟ ਏ। ਸ਼ਹਿਰਾਂ ਵਿਚ ਅਨੇਕਾਂ ਹੀ ਘਟੀਆਂ ਕਿਸਮ ਦੀਆਂ ਵਾਰਦਾਤਾਂ ਵੱਧ ਹੁੰਦੀਆਂ ਰਹਿੰਦੀਆਂ ਹਨ। ਪਿੰਡਾਂ ਦੀ ਆਬੋ ਹਵਾ ਵੀ ਸ਼ਹਿਰਾਂ ਦੀ ਤੁਲਨਾ ਵਿਚ ਸਾਫ਼ ਸੁਥਰੀ ਏ। ਬਾਹਰੋਂ ਛੁੱਟੀਆਂ ਕੱਟਣ ਆਏ ਪਿੰਡ ਵਾਸੀ ਇੱਥੇ ਪਿੰਡ ਵਿਚ ਆ ਕੇ ਵੱਧ ਸਕੂਨ ਅਤੇ ਅਰਾਮ ਮਹਿਸੂਸ ਕਰਦੇ ਹਨ। ਲੋੜ ਹੈ ਤਾਂ ਸਿਰਫ਼ ਇਹ ਕਿ ਪਿੰਡਾਂ ਨੂੰ ਸੁਧਾਰ ਕੇ ਇਨ੍ਹਾਂ ਨੂੰ ਸਵਰਗਾਂ ਦੇ ਸਮਾਨ ਬਣਾ ਦਿੱਤਾ ਜਾਵੇ। ਪਿੰਡਾਂ ਵਿਚ ਆਮ ਸਹੂਲਤਾਂ ਪੈਦਾ ਕਰ ਦਿੱਤੀਆਂ ਜਾਣ, ਪਿੰਡਾਂ ਵਿਚ ਦੋ ਚਾਰ ਵਧੀਆ ਦੁਕਾਨਾਂ ਹੋਣ, ਪਿੰਡਾਂ ਵਿਚ ਪੜ੍ਹਾਈ ਦੀਆਂ ਸਹੂਲਤਾਂ ਵਧੀਆਂ ਹੋਣ, ਪਿੰਡਾਂ ਦੀਆਂ ਸਾਰੀਆਂ ਨਾਲੀਆਂ ਜ਼ਮੀਨ ਦੇ ਹੇਠਾਂ ਹੋਣ, ਪਿੰਡਾਂ ਵਿਚ ਸਰਕਾਰੀ ਟਿਊਬਵੈੱਲ ਹੋਣ, ਪਿੰਡਾਂ ਵਿਚ ਲੰਘਦੀਆਂ ਨਹਿਰਾਂ ਸਮੇਂ ਸਮੇਂ ਤੇ ਕਰੇਨਾਂ ਨਾਲ ਸਾਫ਼ ਕਰਵਾਈਆਂ ਜਾਣ, ਪਿੰਡਾਂ ਵਿਚ ਵਸਦੇ ਨਾਲੇ ਸਮੇਂ ਸਮੇਂ ਤੇ ਸਾਫ਼ ਕਰਵਾਏ ਜਾਣ, ਪਿੰਡਾਂ ਵਿਚ ਖੁੱਲ੍ਹੀਆਂ ਸਰਕਾਰੀ ਦੁਕਾਨਾਂ ਇਮਾਨਦਾਰੀ ਨਾਲ ਲੋਕਾਂ ਦੀ ਲੋੜ ਪੂਰੀ ਕਰਨ, ਪਿੰਡਾਂ ਵਿਚ ਆ ਕੇ ਪੁਲਿਸ ਆਪਣੀਆਂ ਮਨਮਾਨੀਆਂ ਨਾ ਕਰੇ, ਪਿੰਡਾਂ ਵਿਚ ਵਧੀਆ ਮੱਝਾਂ ਦੀਆਂ ਵਧੀਆ ਡਾਇਰੀਆਂ ਹੋਣ, ਪਿੰਡਾਂ ਵਿਚ ਦੁਧਾਰੂ ਪਸ਼ੂ ਰੱਖਣ ਵਾਲਿਆਂ ਦੇ ਦੁੱਧ ਦੀ ਉਨ੍ਹਾਂ ਨੂੰ ਸਹੀ ਕੀਮਤ ਮਿਲੇ। ਪਿੰਡਾਂ ਵਿਚ ਹੀ ਵਧੀਆ ਅਨਾਜ਼ ਮੰਡੀਆਂ ਹੋਣ ਜਿੱਥੇ ਕਿਸਾਨ ਆਪਣੀ ਜਿਣਸ ਠੀਕ ਭਾਅ ਤੇ ਵੇਚ ਸਕਣ, ਪਿੰਡਾਂ ਦੇ ਆੜ੍ਹਤੀ ਸ਼ਹਿਰੀ ਆੜ੍ਹਤੀਆਂ ਜਿਹੇ ਕਿਸਾਨ ਦਾ ਖ਼ੂਨ ਚੂਸਣ ਵਾਲੇ ਨਾ ਹੋਣ, ਕਿਸਾਨ ਨੂੰ ਪਿੰਡਾਂ ਵਿਚ ਹੀ ਠੀਕ ਭਾਅ ਤੇ ਖਾਦਾਂ ਤੇ ਬੀਜ ਮਿਲ ਜਾਇਆ ਕਰਨ, ਥੋੜ੍ਹੀ ਥੋੜ੍ਹੀ ਦੂਰੀ ਤੇ ਪਿੰਡਾਂ ਵਿਚ ਹੀ ਖੰਡ ਮਿੱਲਾਂ ਹੋਣ ਜਿੱਥੇ ਕਿਸਾਨ ਆਰਾਮ ਨਾਲ ਆਪਣਾ ਗੰਨਾ ਸੁੱਟ ਸਕਣ। ਪਿੰਡਾਂ ਵਿਚ ਹੋਰ ਵੱਧ ਮੈਂਥਾ ਪਲਾਂਟ ਹੋਣ, ਪਿੰਡਾਂ ਵਿਚ ਲੋਕਾਂ ਨੇ ਗੋਬਰ ਗੈਸ ਪਲਾਂਟ ਲਗਾਏ ਹੋਏ ਹੋਣ, ਪਿੰਡਾਂ ਦੇ ਛੱਪੜਾਂ ਦਾ ਨਵੀਨੀਕਰਨ ਕੀਤਾ ਜਾਵੇ, ਪਿੰਡਾਂ ਵਿਚ ਖੇਤੀ ਦੇ ਮਾਡਰਨ ਸੰਦ ਹੋਣ, ਪਿੰਡਾਂ ਵਿਚ ਖੇਤਾਂ ਦੀ ਸੇਮ ਦੂਰ ਕਰਨ ਲਈ ਪਾਣੀ ਦੇ ਨਿਕਾਸ ਦੇ ਠੀਕ ਪ੍ਰਬੰਧ ਹੋਣ, ਪਿੰਡਾਂ ਨੂੰ ਜੋੜਨ ਵਾਲੀਆਂ ਸੜਕਾਂ ਦੀ ਸਮੇਂ ਸਮੇਂ ਤੇ ਮੁਰੰਮਤ ਹੁੰਦੀ ਰਹੇ, ਬਿਜਲੀ ਦੀਆਂ ਤਾਰਾਂ ਅਗਰ ਜ਼ਮੀਨ ਦੇ ਹੇਠਾਂ ਹੋ ਜਾਣ ਤਾਂ ਹੋਰ ਵੀ ਚੰਗਾ ਹੋਵੇ ਆਦਿ। ਪਿੰਡਾਂ ਵਿਚ ਲੋਕਾਂ ਨੇ ਕੋਠੀਆਂ ਪਹਿਲਾਂ ਹੀ ਬਥੇਰੀਆਂ ਪਾ ਲਈਆਂ ਹਨ। ਹਰ ਪਿੰਡ ਵਾਸੀ ਆਪਣੇ ਘਰ ਦਾ ਅੰਦਰਲਾ ਹਿੱਸਾ ਵਧੀਆ ਬਣਾਉਣ ਵਿਚ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦਾ ਏ ਪ੍ਰੰਤੂ ਜਦ ਉਹ ਘਰ ਤੋਂ ਬਾਹਰ ਨਿਕਲਦਾ ਏ ਤਾਂ ਆਲੇ ਦੁਆਲੇ ਪਿਆ ਗੰਦ ਦੇਖ ਕੇ ਬੜਾ ਹੀ ਦੁਖੀ ਹੁੰਦਾ ਏ।

ਪ੍ਰਗਾਸ਼ –ਮੈਂ ਸੁਣਿਆ ਏ ਕਿ ਬਾਹਰਲੇ ਦੇਸ਼ਾਂ ਵਿਚ ਸਰਕਾਰ ਦੇ ਕੰਮ ਲੋਕਾਂ ਦੇ ਵਿਅਕਤੀਗਤ ਕੰਮਾਂ ਨਾਲੋਂ ਜ਼ਿਆਦਾ ਬਿਹਤਰ ਹਨ।

ਬਚਿੱਤਰ ਸਿੰਘ –ਪ੍ਰਗਾਸ਼ ਤੂੰ ਬਿਲਕੁਲ ਸਹੀ ਕਿਹਾ ਏ। ਪਿਛਲੀ ਵਾਰੀ ਮੇਰਾ ਲੜਕਾ

ਕੈਨੇਡਾ ਤੋਂ ਆਇਆ ਤਾਂ ਉਸ ਨੇ ਵੀ ਇਹੀ ਕਿਹਾ ਸੀ। ਕਹਿੰਦਾ ਸੀ ਕਿ ਉਨ੍ਹਾਂ ਦੇਸ਼ਾਂ ਵਿਚ ਸਰਕਾਰਾਂ ਬੜੀਆਂ ਇਮਾਨਦਾਰ ਹਨ। ਜਿੰਨਾ ਪੈਸਾ ਕਿਸੇ ਕਾਰਜ ਲਈ ਦਿੱਤਾ ਜਾਂਦਾ ਏ ਉਹ ਸਾਰੇ ਦਾ ਸਾਰਾ ਉਸ ਕਾਰਜ ਤੇ ਲਗਾਇਆ ਜਾਂਦਾ ਏ।

ਇੱਥੇ ਹਰ ਚੀਜ਼ ਵਿਚ ਮਿਲਾਵਟ ਏ, ਉੱਥੇ ਚੀਜ਼ਾਂ ਖਾਲਸ ਹਨ। ਮੇਰਾ ਲੜਕਾ ਤਾਂ ਇੱਥੇ ਆ ਕੇ ਦੁਕਾਨਾਂ ਤੋਂ ਖਰੀਦਿਆ ਸ਼ੁੱਧ ਪਾਣੀ ਪੀਣ ਲੱਗਾ ਵੀ ਲੇਲ੍ਹੜੀਆਂ ਕੱਢਿਆ ਕਰੇ। ਉਹਨੂੰ ਤਾਂ ਇੱਥੇ ਹਰ ਚੀਜ਼ ਵਿਚ ਮਿਲਾਵਟ ਹੀ ਲੱਗੀ ਜਾਵੇ। ਸਾਰਾ ਦੇਸ ਠੀਕ ਹੋਵੇ ਨਾ ਹੋਵੇ, ਸਾਨੂੰ ਆਪਣੇ ਪਿੰਡ ਨੂੰ ਤਾਂ ਘੱਟ ਤੋਂ ਘੱਟ ਠੀਕ ਕਰ ਹੀ ਲੈਣਾ ਚਾਹੀਦਾ ਏ। ਪਿੰਡ ਨੂੰ ਠੀਕ ਕਰਨ ਦਾ ਤਰੀਕਾ ਹੈ ਪਿੰਡ ਵਾਸੀਆਂ ਦੀ ਠੀਕ ਅਗਵਾਈ। ਇਹ ਅਗਵਾਈ ਅਸੀਂ ਵਧੀਆ ਪਿੰਡ ਵਾਸੀਆਂ ਨੇ ਕਰਨੀ ਏ। ਜਦ ਉਹ ਲੋਕ ਜਿਹੜੇ ਇੱਥੇ ਚੰਦ ਦਿਨ ਲਈ ਆਉਂਦੇ ਹਨ ਉਹ ਵੀ ਸਾਡੇ ਨਾਲ ਤੁਰਨ ਲਈ ਤਿਆਰ ਹਨ ਫਿਰ ਸਾਨੂੰ ਪਿੱਛੇ ਬਿਲਕੁਲ ਵੀ ਨਹੀਂ ਹਟਣਾ ਚਾਹੀਦਾ। ਕੀ ਖ਼ਿਆਲ ਏ?

ਪ੍ਰਗਾਸ਼ —ਕੋਈ ਗੱਲ ਨਹੀਂ, ਵੀਰੇ! ਮੌਕਾ ਆਉਣ ਤੇ ਜ਼ਰੂਰ ਸਭ ਕੁਝ ਠੋਸ ਕਰਾਂਗੇ ਚੰਗਾ ਫਿਰ!

ਕਹਿੰਦਾ —ਉਧਰ ਦੇ ਪੁਲਾਂ ਤੇ ਲੱਗੇ ਸੀਮਿੰਟ ਦਾ ਰੰਗ ਦੇਖੋ ਤੇ ਇੱਧਰ ਭਾਰਤ ਦੇ ਪੁਲਾਂ ਤੇ ਲੱਗੇ ਸੀਮਿੰਟ ਦਾ ਰੰਗ ਦੇਖੋ। ਇੱਧਰ ਭਾਰਤ ਦੇ ਸੀਮਿੰਟ ਦਾ ਰੰਗ ਕਾਲਾ ਮਿੱਟੀ ਜਿਹਾ ਲਗਦਾ ਰਹਿੰਦਾ ਏ, ਉੱਧਰ ਦੇ ਸੀਮਿੰਟ ਦਾ ਰੰਗ ਇਕਦਮ ਸੁਰਮੇ ਜਿਹਾ।

ਦੋਵੇਂ ਜਣੇ —ਚੰਗਾ ਫਿਰ, ਪ੍ਰਗਾਸ਼।

## ਅਧਿਆਇ 16

# ਅਸੀਂ ਮੂੰਹ ਮੰਗੇ ਪੈਸੇ ਦੇਵਾਂਗੇ !

ਜੱਸੀ ਦੇ ਪਿਓ ਦੀ ਹੁਣ ਤੱਕ ਮੌਤ ਹੋ ਗਈ ਸੀ। ਇਸ ਮੌਤ ਤੋਂ ਬਾਅਦ ਮਾਂ ਧੀ ਹੋਰ ਵੀ ਜ਼ਿਆਦਾ ਆਜ਼ਾਦ ਮਹਿਸੂਸ ਕਰਨ ਲੱਗ ਪਈਆਂ ਸਨ। ਇਕ ਦਿਨ ਉਸ ਨੇ ਉਸੇ ਮਾਈ ਨੂੰ ਫੋਨ ਕੀਤਾ ਜਿਹੜੀ ਕੈਨੇਡਾ ਤੋਂ ਆਉਂਦੀ ਹੋਈ ਨੂੰ ਉਸ ਨੂੰ ਰਸਤੇ ਵਿਚ ਮਿਲੀ ਸੀ ਤੇ ਉਸ ਨੇ ਉਸ ਨਾਲ ਦਿੱਲੀ ਤੱਕ ਆਉਂਦੇ ਬੜੀਆਂ ਗੱਲਾਂ ਮਾਰੀਆਂ ਸਨ।

— ਮਾਂ ਜੀ, ਮੈਂ ਜੱਸੀ ਬੋਲ ਰਹੀ ਹਾਂ।

— ਜੱਸੀ?

— ਹਾਂ ਜੱਸੀ, ਤੁਸੀਂ ਮੈਨੂੰ ਭੁੱਲ ਵੀ ਗਏ? ਮੈਂ ਤੁਹਾਡੇ ਨਾਲ ਸਿੰਗਾਪੁਰ ਤੋਂ ਜਹਾਜ਼ ਵਿਚ ਗੱਲਾਂ ਮਾਰਦੀ ਆਈ ਸੀ।

— ਕੁੜੇ, ਸਤਿ ਸ੍ਰੀ ਅਕਾਲ। ਮੈਂ ਹੁਣ ਤੇਰੀ ਆਵਾਜ਼ ਪਹਿਚਾਣੀ ਏ। ਕੁੜੇ ਤੂੰ ਤਾਂ ਆਪਣੀ ਹੀ ਕੁੜੀ ਏਂ। ਹੋਰ ਭੈਣ ਜੀ ਦਾ ਕੀ ਹਾਲ ਏ?

— ਉਹ ਠੀਕ ਨੇ।

— ਕੁੜੇ, ਤੂੰ ਵਾਪਸ ਆਸਟਰੇਲੀਆ ਨਹੀਂ ਗਈ?

— ਮੈਂ ਇਕ ਵਾਰ ਜਾ ਆਈ ਹਾਂ। ਛੇਆਂ ਮਹੀਨਿਆਂ ਵਿਚ ਹੀ ਮੈਨੂੰ ਵਾਪਸ ਆਉਣਾ ਪੈ ਗਿਆ।

— ਕੁੜੇ ਤੂੰ ਆਪਣੇ ਘਰ ਵਾਲੇ ਤੋਂ ਤਲਾਕ ਲੈ ਲਿਆ ਸੀ ਜਾਂ ਨਹੀਂ?

— ਮਾਂ ਜੀ, ਅਸੀਂ ਤਾਂ ਇਕ ਮਹੀਨੇ ਵਿਚ ਹੀ ਤਲਾਕ ਲੈ ਲਿਆ ਸੀ। ਉਹ ਦੇ ਚਾਲੇ ਚੰਗੇ ਨਹੀਂ ਸਨ। ਮੈਂ ਤੁਹਾਨੂੰ ਜਹਾਜ਼ ਵਿਚ ਸਾਰਾ ਕੁੱਝ ਦੱਸਿਆ ਹੀ ਸੀ। ਉਹ ਖ਼ੁਦ ਵੀ ਮੈਥੋਂ ਪਰ੍ਹੇ ਹੋ ਜਾਣਾ ਚਾਹੁੰਦਾ ਸੀ। ਮੈਨੂੰ ਇਹ ਲਾਭ ਹੋ ਗਿਆ ਕਿ ਮੈਂ ਉਸ ਦੇ ਸਿਰ ਤੇ ਪੱਕੀ ਹੋ ਗਈ।

— ਕੁੜੇ ਹੁਣ ਫਿਰ ਸਾਡਾ ਕੰਮ ਹੀ ਕਰ ਦੇਹ। ਹੁਣ ਤਾਂ ਤੂੰ ਵਿਹਲੀ ਏਂ। ਮੇਰੀ ਭੈਣ ਦਾ ਲੜਕਾ ਕਰਮਜੀਤ ਆਸਟਰੇਲੀਆ ਜਾਣ ਲਈ ਤੜਫਿਆ ਪਿਆ ਏ। ਪੁੱਤ, ਉਹਨੂੰ ਕਿਸੇ ਤਰ੍ਹਾਂ ਉਥੇ ਸੈੱਟ ਕਰ ਦੇਹ। ਅਸੀਂ ਤੈਨੂੰ ਮੂੰਹ ਮੰਗੇ ਪੈਸੇ ਦੇਵਾਂਗੇ।

— ਚੰਗਾ ਮਾਂ ਜੀ, ਮੈਂ ਤੁਹਾਨੂੰ ਸੋਚ ਵਿਚਾਰ ਕਰਕੇ ਇਕ ਦੋ ਦਿਨ ਵਿਚ ਫੋਨ ਕਰਾਂਗੀ।

— ਚੰਗਾ ਬੇਟਾ, ਤੂੰ ਸਾਡਾ ਕੰਮ ਕਰਨਾ ਹੀ ਕਰਨਾ ਏ। ਮੈਨੂੰ ਪਤਾ ਏ ਤੂੰ ਸਾਡਾ ਕੰਮ ਆਰਾਮ ਨਾਲ ਕਰ ਸਕਦੀ ਏਂ।

ਜੱਸੀ ਨੇ ਫੋਨ ਬੰਦ ਕਰ ਦਿੱਤਾ। ਬਾਹਰ ਅੰਤਾਂ ਦੀ ਬਾਰਸ਼ ਪੈ ਰਹੀ ਸੀ। ਝੱਖੜ ਝੁਲਿਆ ਹੋਇਆ ਸੀ ਤੇ ਬਿਜਲੀ ਗਰਜ਼ ਰਹੀ ਸੀ। ਮੁਹਾਲੀ ਦੀਆਂ ਸੜਕਾਂ ਤੇ ਪਾਣੀ ਘੁੰਮ ਰਿਹਾ

ਸੀ। ਜੱਸੀ ਦੀ ਮਾਂ ਨੇੜਲੀ ਦੁਕਾਨ ਤੋਂ ਕੁਝ ਸੌਦਾ ਲੈ ਕੇ ਵਾਪਸ ਪਰਤੀ। ਬਾਰਸ਼ ਇੰਨੀ ਤੇਜ਼ ਸੀ ਕਿ ਛਤਰੀ ਪਾਸ ਹੋਣ ਦੇ ਬਾਵਜੂਦ ਵੀ ਉਹ ਅੱਧ ਪਚੱਧੀ ਭਿੱਜ ਗਈ ਸੀ।

— ਮਾਂ ਪਹਿਲਾਂ ਕੱਪੜੇ ਬਦਲ ਲੈ। ਫਿਰ ਮੈਂ ਤੈਨੂੰ ਇਕ ਖ਼ੁਸ਼ਖਬਰੀ ਦੱਸਦੀ ਹਾਂ।

— ਕੀ ਹੋ ਗਿਆ ਧੀਏ? ਤੂੰ ਕੋਈ ਹੋਰ ਮੁਰਗਾ ਫਸਾ ਲਿਆ? ਤੇਰੇ ਮੂਹਰੇ ਤਾਂ ਧੀਏ ਲੋਕ ਨੋਟ ਖਿਲਾਰੀ ਜਾ ਰਹੇ ਹਨ। ਕੁੜੇ ਨੋਟ ਤਾਂ ਤੂੰ ਬਥੇਰੇ ਬਣਾ ਲਏ ਪਰ ਤੇਰੀ ਜ਼ਿੰਦਗੀ ਤੇ ਮੈਨੂੰ ਤਰਸ਼ ਆਈ ਜਾ ਰਿਹਾ ਏ। ਅਸਲੀ ਜ਼ਿੰਦਗੀ ਉਹ ਹੁੰਦੀ ਏ ਜੋ ਬੰਦਾ ਕਿਤੇ ਪੱਕੀ ਤ੍ਰਾਂ ਸੈੱਟ ਹੋ ਕੇ ਬਿਤਾਵੇ। ਅਗਰ ਕਿਤੇ ਪੱਕੇ ਸੈੱਟ ਨਾ ਹੋਵੇ ਤਾਂ ਜ਼ਿੰਦਗੀ ਨਿਰਾ ਝੱਖੜ ਬਣੀ ਰਹਿੰਦੀ ਏ। ਆਹ ਮੇਰੇ ਹੱਥ ਵਿਚ ਛਤਰੀ ਦੇਖ। ਤੂੰ ਲੋਕਾਂ ਲਈ ਛਤਰੀ ਬਣੀ ਜਾਂਦੀ ਏਂ ਪਰ ਤੂੰ ਆਪ ਨੰਗੀ ਏਂ। ਲੜਕੀਆਂ ਤਾਂ ਹੀ ਚੰਗੀਆਂ ਲਗਦੀਆਂ ਨੇ ਜੇ ਉਹ ਕਿਤੇ ਟਿਕ ਕੇ ਇਕ ਮਰਦ ਨਾਲ ਸੈੱਟ ਹੋ ਕੇ ਰਹਿਣ।

— ਮਾਂ, ਜਦ ਹੁਣ ਅਸੀਂ ਉਸ ਸਟੇਜ ਤੋਂ ਖੁੰਝ ਹੀ ਗਏ ਤਾਂ ਪਛਤਾਉਣ ਦੀ ਬਹੁਤੀ ਜ਼ਰੂਰਤ ਨਹੀਂ। ਅਗਰ ਆਪਣਿਆਂ ਨਾਲ ਪੱਕੇ ਤੌਰ ਤੇ ਰਹਿਣਾ ਔਖਾ ਲਗਦਾ ਏ ਤਾਂ ਕਿਹੜੀ ਦੁਨੀਆਂ ਮੁੱਕਗੀ? ਸਿਡਨੀ ਵਿਚ ਬਥੇਰੇ ਗੋਰੇ ਕਈ ਕਈ ਸ਼ਾਦੀਆਂ ਕਰਕੇ ਬਾਅਦ ਵਿਚ ਕਿਸੇ ਇਕ ਨਾਲ ਰਹਿਣ ਲਗਦੇ ਹਨ। ਉਥੇ ਤਾਂ ਜਿਹੜੀ ਟਾਵੀਂ ਟਾਵੀਂ ਸ਼ਾਦੀ 25-30 ਸਾਲ ਲਗਾਤਾਰ ਚਲਦੀ ਰਹੇ ਉਹ ਅਖ਼ਬਾਰ ਦੀ ਖ਼ਬਰ ਬਣ ਜਾਂਦੀ ਏ। ਪਹਿਲਾਂ ਆਪਣਿਆਂ ਨੂੰ ਬੁੱਧੂ ਬਣਾ ਬਣਾ ਕੇ ਪੈਸੇ ਇਕੱਠੇ ਕਰ ਲਈਏ ਫਿਰ ਆਖ਼ਰ ਵਿਚ ਕਿਸੇ ਗੋਰੇ ਦੇ ਸੰਗ ਲੱਗ ਕੇ ਪੱਕੇ ਤੌਰ ਤੇ ਵੀ ਰਹਿਣ ਲੱਗ ਪਵਾਂਗੇ। ਆਹ ਹੁਣੇ ਹੁਣੇ ਇਕ ਹੋਰ ਫੋਨ ਆਇਆ ਸੀ।

— ਉਹ ਕੀਹਦਾ?

— ਉਸੇ ਮਾਈ ਦਾ ਜਿਹੜੀ ਮੇਰੇ ਨਾਲ ਜਹਾਜ਼ ਵਿਚ ਸਿੰਗਾਪੁਰ ਤੋਂ ਦਿੱਲੀ ਤੱਕ ਆਈ ਸੀ। ਬੜੀ ਗਲਾਕੜੋ ਸੀ।

— ਕੀ ਕਹਿੰਦੀ?

— ਮੈਨੂੰ ਉਦੋਂ ਵੀ ਕਹਿੰਦੀ ਸੀ। ਅੱਜ ਤਾਂ ਪੱਕਾ ਹੀ ਕਹਿ ਦਿੱਤਾ ਕਿ ਉਸਦੀ ਭੈਣ ਦਾ ਲੜਕ੍ਰਾ ਆਸਟਰੇਲੀਆ ਜਾਣ ਲਈ ਕੋਈ ਕੁੜੀ ਲੱਭ ਰਿਹਾ ਏ। ਮੂੰਹ ਮੰਗੇ ਪੈਸੇ ਦੇਣ ਲਈ ਵੀ ਤਿਆਰ ਹਨ।

— ਜਿਹੜਾ ਤੂੰ ਪਹਿਲਾਂ ਛੱਡ ਕੇ ਆਈ ਏਂ ਉਹ ਤਾਂ ਕੁਝ ਪੜ੍ਹਿਆ ਲਿਖਿਆ ਵੀ ਸੀ। ਉਹਨੇ ਖ਼ੁਦ ਉੱਧਰ ਛੇ ਮਹੀਨਿਆਂ ਵਿਚ ਹੀ ਹੋਰ ਰਿਸ਼ਤਾ ਲੱਭ ਲਿਆ। ਤੇਰਾ ਉਸ ਤੋਂ ਪਿੱਛਾ ਛੁੱਟ ਗਿਆ। ਅਗਰ ਕੋਈ ਐਸਾ ਮਿਲ ਗਿਆ ਜਿਹੜਾ ਤੇਰੇ ਨਾਲ ਦੋ ਤਿੰਨ ਸਾਲ ਲਸੂੜੀ ਵਾਂਗ ਚਿਮਟਿਆ ਰਹੇ ਫਿਰ ਤੂੰ ਤੰਗ ਹੋ ਜਾਵੇਂਗੀ। ਅਗਰ ਵਿਚ ਛੱਡੇਂਗੀ ਤਾਂ ਤੇਰੇ ਨਾਲ ਝਗੜਾ ਵੀ ਕਰ ਸਕਦਾ ਏ। ਤੇਰੇ ਤੇ ਉਲਟਾ ਕੇਸ ਵੀ ਠੋਕ ਸਕਦਾ ਏ। ਸੋਚ ਸਮਝ ਕੇ ਹਾਂ ਕਰੀਂ। ਜ਼ਿਆਦਾ ਝਾਕਾ ਖੁੱਲ੍ਹਣ ਤੇ ਕਈ ਵਾਰ ਨੁਕਸਾਨ ਵੀ ਹੋ ਜਾਇਆ ਕਰਦੇ ਨੇ। ਦੁਨੀਆਂ ਬੜੀ ਚਲਾਕ ਏ। ਆਸਟਰੇਲੀਆ ਵਿਚ ਹੋ ਰਹੀਆਂ ਵਾਰਦਾਤਾਂ ਦੀਆਂ ਕਨਸੋਆਂ ਆਈ ਹੀ ਜਾਂਦੀਆਂ ਨੇ। ਲਗਦਾ ਇੰਝ ਏ ਜਿਵੇਂ ਆਪਣੇ ਬੰਦੇ ਹੀ ਆਪਸ ਵਿਚ ਫਸ ਫਸੀਆ ਹੋ ਕੇ ਦੋਸ਼ ਗੋਰਿਆਂ ਦੇ ਸਿਰ ਮੜ੍ਹੀ ਜਾ ਰਹੇ ਆ। ਕੁੜੇ, ਤੇਰਾ ਕੀ ਖ਼ਿਆਲ ਏ?

— ਮਾਂ, ਅਸੀਂ ਕੀ ਲੈਣਾ ਇਸ ਪ੍ਰਕਾਰ ਦੀਆਂ ਵਾਰਦਾਤਾਂ ਤੋਂ? ਮੈਨੂੰ ਚੰਗੀ ਤਰ੍ਹਾਂ

ਪਤਾ ਏ ਕਿ ਆਪਣੇ ਹੀ ਆਪਣਿਆਂ ਨੂੰ ਬਦਨਾਮ ਕਰੀ ਜਾ ਰਹੇ ਨੇ। ਸਾਰੀ ਲੜਾਈ ਪੈਸੇ ਤੇ ਪੱਕੀ ਰਿਹਾਇਸ਼ ਲਈ ਏ। ਤੀਵੀਂ ਨੂੰ ਪੱਕੀ ਰਿਹਾਇਸ਼ ਲਈ ਜ਼ਰੀਆ ਬਣਾਇਆ ਜਾਂਦਾ ਏ। ਦੇਖਣ ਵਿਚ ਇੱਥੋਂ ਤੱਕ ਆਉਣ ਲੱਗ ਪਿਆ ਏ ਕਿ ਹੁਣ ਤਾਂ ਕਈ ਕੁੜੀਆਂ ਵੀ ਉੱਥੇ ਪੱਕੇ ਮਰਦਾਂ ਨੂੰ ਪੱਕੀ ਰਿਹਾਇਸ਼ ਲਈ ਜ਼ਰੀਆ ਬਣਾਉਣ ਲੱਗ ਪਈਆਂ ਹਨ। ਉਸ ਸਮਾਜ ਵਿਚ ਤੀਵੀਂ ਮਰਦ ਬਰਾਬਰ ਏ। ਸਾਡੇ ਇੱਥੇ ਬਰਾਬਰਤਾ ਦੇ ਐਵੇਂ ਨਾਅਰੇ ਮਾਰੇ ਜਾਂਦੇ ਹਨ, ਬਰਾਬਰਤਾ ਹੈ ਕੋਈ ਨਹੀਂ। ਅਗਰ ਉੱਥੇ ਮਰਦ ਨਿੱਕਰਾਂ ਪਾ ਕੇ ਸ਼ਾਪਿੰਗ ਸੈਂਟਰਾਂ ਵਿਚ ਘੁੰਮ ਸਕਦੇ ਹਨ ਤਾਂ ਤੀਵੀਆਂ ਤੇ ਵੀ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ। ਨਾਲੇ ਤੂੰ ਦੇਖ ਪੰਜਾਬੀ ਉੱਥੇ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਰਹੇ ਹਨ। ਪਹਿਲਾਂ ਤਾਂ ਇਸ ਪ੍ਰਕਾਰ ਦੀਆਂ ਵਾਰਦਾਤਾਂ ਕਦੀ ਨਹੀਂ ਹੋਈਆਂ। ਜਦ ਉਥੇ ਨੂੰ ਜਣਾ-ਖਣਾ ਗ਼ਲਤ ਮਲਤ ਤਰੀਕਿਆਂ ਨਾਲ ਤੁਰ ਪਿਆ ਤਾਂ ਇਹ ਵਾਰਦਾਤਾਂ ਹੋਣੀਆਂ ਸ਼ੁਰੂ ਹੋਈਆਂ ਹਨ। ਅਨਪੜ੍ਹ, ਘੱਟ ਪੜ੍ਹੇ ਲਿਖੇ ਤੇ ਪਿਛਾਂਹਖਿੱਚੂ ਲੋਕਾਂ ਦਾ ਅਗਾਂਹਵਧੂ ਸਮਾਜ ਵਿਚ ਪਹੁੰਚਣਾ ਵੀ ਇਕ ਸਰਾਪ ਏ।

— ਕੁੜੇ, ਉਹ ਅਗਾਂਹਵਧੂ ਸਮਾਜ ਕਿਵੇਂ ਹੋਇਆ?

— ਸੁਣਿਆ ਉਥੇ ਤਾਂ ਜਿਹੜਾ ਮਰਜ਼ੀ ਜੀਹਦੇ ਨਾਲ ਮਰਜ਼ੀ ਤੁਰਿਆ ਫਿਰਦਾ। ਲੋਕਾਂ ਵਿਚ ਕਿਸੇ ਕਿਸਮ ਦੀ ਮਰਿਆਦਾ ਤੇ ਸ਼ਰਮ ਹਿਆ ਵੀ ਤਾਂ ਹੋਣੀ ਚਾਹੀਦੀ ਏ।

— ਮਾਂ, ਇਹ ਤੇਰਾ ਭੁਲੇਖਾ ਏ ਕਿ ਉਥੇ ਸ਼ਰਮ ਹਿਆ ਖ਼ਤਮ ਹੋ ਗਈ ਏ। ਕਿਸੇ ਦੀ ਰਜ਼ਾਮੰਦੀ ਤੋਂ ਬਗ਼ੈਰ ਉੱਥੇ ਕਿਸੇ ਨੂੰ ਕੋਈ ਕੁਝ ਨਹੀਂ ਕਹਿ ਸਕਦਾ। ਸਾਡੇ ਇੱਥੇ ਰਜ਼ਾਮੰਦੀ ਤੋਂ ਬਗ਼ੈਰ ਹੀ ਅਨੇਕਾਂ ਵਾਰਦਾਤਾਂ ਹੋ ਜਾਂਦੀਆਂ ਹਨ। ਇਸ ਲਈ ਇਹ ਸਮਾਜ ਉਸ ਤੋਂ ਜ਼ਿਆਦਾ ਘਟੀਆ ਏ। ਸਾਡੇ ਤਾਂ ਇੱਥੇ ਕਾਨੂੰਨ ਦੇ ਰਾਖੇ ਹੀ ਅਪਰਾਧੀ ਹਨ। ਇਸ ਸਮਾਜ ਵਿਚ ਕੋਈ ਕਿਵੇਂ ਸੁਰੱਖਿਅਤ ਮਹਿਸੂਸ ਕਰ ਸਕਦਾ ਏ? ਅੱਜ ਅਸੀਂ ਜੋ ਕੁਝ ਮੁਹਾਲੀ ਬੈਠ ਕੇ ਕਰੀ ਜਾ ਰਹੇ ਹਾਂ, ਅਗਰ ਮੈਂ ਇਹੀ ਕੁਝ ਪਿੰਡ ਬੈਠ ਕੇ ਕਰਦੀ ਤਾਂ ਹੁਣ ਤੱਕ ਪਤਾ ਨਹੀਂ ਕੀ ਹੋ ਜਾਂਦਾ। ਜੋ ਕੁਝ ਦਿਲੀ, ਬੰਬਈ ਤੇ ਕਲਕੱਤੇ ਜਿਹੇ ਸ਼ਹਿਰਾਂ ਵਿਚ ਬੈਠ ਕੇ ਕੀਤਾ ਜਾ ਸਕਦਾ ਏ ਉਹ ਤਾਂ ਇੱਥੇ ਮੁਹਾਲੀ ਜਾਂ ਚੰਡੀਗੜ੍ਹ ਵਿਚ ਵੀ ਨਹੀਂ ਕੀਤਾ ਜਾ ਸਕਦਾ। ਪਿੰਡਾਂ ਵਿਚ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

— ਜੱਸੀ, ਪਿੰਡ ਤਾਂ ਅਸਲ ਵਿਚ ਬਣੇ ਹੀ ਸ਼ਰੀਫ ਬੰਦਿਆਂ ਲਈ ਹਨ। ਉੱਥੇ ਜਿਹੜੀ ਤੀਵੀਂ ਕਿਸੇ ਹੋਰ ਨਾਲ ਇੱਕ ਅੱਧੀ ਵਾਰੀ ਤੁਰੀ ਦਿਸ ਪਵੇ ਉਸ ਨੂੰ ਲੋਕ ਬਦਮਾਸ਼ ਤੀਵੀਂ ਕਹਿਣ ਲੱਗ ਪੈਂਦੇ ਹਨ। ਅਗਰ ਵੱਡੇ ਸ਼ਹਿਰਾਂ ਦੇ ਪਰਦੇ ਫੋਲੇ ਜਾਣ ਤਾ ਅਜਿਹੀਆਂ ਤੀਵੀਆਂ ਤੇ ਮਰਦਾਂ ਦੀ ਪਤਾ ਨਹੀਂ ਕਿੰਨੇ ਹਜ਼ਾਰਾਂ ਵਿਚ ਗਿਣਤੀ ਹੋਣੀ ਏ। ਭਾਰਤੀ ਸਭਿਆਚਾਰ ਦੀ ਕਸੌਟੀ ਅਨੁਸਾਰ ਇਹ ਵਿਗੜੇ ਹੋਏ ਮਰਦ ਤੀਵੀਆਂ ਵੀ ਸ਼ਹਿਰੀ ਸਮਾਜ ਵਿਚ ਇਞ ਵਿਚਰਦੇ ਹਨ ਜਿਵੇਂ ਸਮਾਜ ਦੇ ਰਹਿਬਰ ਹੋਣ।

— ਮਾਂ, ਛੋਟੀਆਂ ਮੋਟੀਆਂ ਵਾਰਦਾਤਾਂ ਹਰ ਸਮਾਜ ਵਿਚ ਹੀ ਹੁੰਦੀਆਂ ਰਹਿੰਦੀਆਂ ਹਨ। ਚੋਰ ਉਚੱਕੇ ਹਰ ਸਮਾਜ ਵਿਚ ਹੀ ਹਨ। ਆਸਟਰੇਲੀਆ ਵਿਚ ਬਥੇਰੇ ਨਸ਼ਈ ਘੁੰਮਦੇ ਹਨ। ਇਹ ਕਈ ਵਾਰ ਕਿਸੇ ਨੂੰ ਵੀ ਲੁੱਟ ਸਕਦੇ ਹਨ। ਸਿਰਫ਼ ਪੰਜਾਬੀ ਜਾਂ ਭਾਰਤੀ ਇਕੱਲੇ ਹੀ ਇਨ੍ਹਾਂ ਦੀਆਂ ਲੁੱਟਾਂ ਖੋਹਾਂ ਦਾ ਸ਼ਿਕਾਰ ਨਹੀਂ ਹੁੰਦੇ। ਨਾਲੇ ਇਹ ਲੁਟੇਰੇ ਸਾਰੇ ਗੋਰੇ ਨਹੀਂ

ਹਨ। ਇਹ ਕਿਸੇ ਵੀ ਦੇਸ਼ ਦੇ ਉਸ ਦੇਸ਼ ਵਿਚ ਵਸੇ ਲੋਕ ਹੋ ਸਕਦੇ ਹਨ। ਉਸ ਦੇਸ਼ ਵਿਚ ਸਾਰੇ ਮੁਲਕਾਂ ਦੇ ਲੋਕ ਰਹਿੰਦੇ ਹਨ। ਲੋਕ ਕਈ ਵਾਰ ਉੱਥੇ ਆਦਿਵਾਸੀਆਂ ਤੋਂ ਡਰਦੇ ਰਹਿਣਗੇ ਕਿਉਂਕਿ ਆਈਲੈਂਡਰ ਸਰੀਰ ਦੇ ਮੋਟੇ ਹਨ ਤੇ ਸ਼ਕਲ ਤੋਂ ਕੁਝ ਕਰੂਪ। ਅਸਲ ਵਿਚ ਮੈਂ ਦੇਖਿਆ ਹੈ ਕਿ ਆਦਿਵਾਸੀ ਤੇ ਆਈਲੈਂਡਰ ਕਈ ਵਾਰ ਬੜਾ ਹੀ ਵਧੀਆ ਵਰਤਾਓ ਕਰਦੇ ਹਨ। ਇਕ ਆਦਿਵਾਸੀ ਜਸਦੀਪ ਨੂੰ ਅਕਸਰ ਮਿਲਣ ਆਇਆ ਕਰਦਾ ਸੀ। ਹਮੇਸ਼ਾ ਬ੍ਰਦਰ, ਬ੍ਰਦਰ ਕਹਿ ਕੇ ਬੁਲਾਇਆ ਕਰਦਾ ਸੀ। ਮਾੜੇ ਬੰਦੇ ਕਿਸੇ ਵੀ ਫਿਰਕੇ ਵਿਚ ਹੋ ਸਕਦੇ ਹਨ। ਜਿਹੜੇ ਬੰਦੇ ਅਸਲ ਵਿਚ ਨਿਕੰਮੇ ਹਨ ਭਾਵ ਕੰਮ ਨਹੀਂ ਕਰਦੇ ਤੇ ਨਸ਼ੇ ਕਰਦੇ ਹਨ ਉਹ ਹੀ ਲੁੱਟਣ ਖੋਹਣ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਹਨ। ਇਸ ਪ੍ਰਕਾਰ ਦੇ ਬੰਦੇ ਹਰ ਫਿਰਕੇ ਵਿਚ ਹਨ।

ਮਾਵਾਂ ਧੀਆਂ ਇਸ ਪ੍ਰਕਾਰ ਦੀਆਂ ਗੱਲਾਂ ਕਰ ਰਹੀਆਂ ਸਨ ਕਿ ਫਿਰ ਉਸੇ ਮਾਈ ਦਾ ਫੋਨ ਆ ਗਿਆ।

— ਧੀਏ, ਕੀ ਸੋਚਿਆ ਫਿਰ? ਸਾਡਾ ਮੁੰਡਾ ਤਾਂ ਬੜਾ ਕਾਹਲਾ ਪਿਆ ਹੋਇਆ ਏ। ਨੋਟ ਹੱਥ ਵਿਚ ਫੜੀ ਫਿਰਦਾ ਏ।

— ਮਾਂ ਜੀ, ਉਸ ਨੂੰ ਨਾਲ ਲੈ ਕੇ ਕੱਲ੍ਹ 12 ਵਜੇ ਦੁਪਿਹਰ ਮੁਹਾਲੀ ਮੇਰੇ ਪਾਸ ਆ ਜਾਵੋ। ਬੈਠ ਕੇ ਗੱਲ ਕਰ ਲਵਾਂਗੇ। ਤੁਹਾਡੇ ਪਾਸ ਮੇਰੀ ਰਿਹਾਇਸ਼ਗਾਹ ਦਾ ਸਿਰਨਾਵਾਂ ਹੈ?

— ਹਾਂ, ਧੀਏ ਤੂੰ ਦੱਸਿਆ ਤਾਂ ਸੀ ਪਰ ਮੈਨੂੰ ਘਰ ਦਾ ਅਸਲੀ ਨੰਬਰ ਪਤਾ ਨਹੀਂ।

— ਮੈਂ ਅੱਠ ਫੇਜ਼ ਵਿਚ ਰਹਿੰਦੀ ਹਾਂ। ਮੈਂ ਘਰ ਦਾ ਨੰਬਰ ਕਿਸੇ ਨੂੰ ਵੀ ਨਹੀਂ ਦਿੰਦੀ। ਤੁਸੀਂ ਇੰਜ ਕਰਿਓ, ਸੱਤ ਫੇਜ਼ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬੜੀ ਵੱਡੀ ਇਮਾਰਤ ਏ ਤੁਸੀਂ ਉਸ ਇਮਾਰਤ ਦੇ ਸਾਹਮਣੇ ਆ ਜਾਇਓ। ਮੈਂ ਤੇ ਮੇਰੀ ਮਾਂ ਜੀ ਤੁਹਾਨੂੰ ਉਥੇ ਮਿਲਾਂਗੇ। ਉੱਥੇ ਬੈਠ ਕੇ ਹੀ ਗੱਲਬਾਤ ਪੱਕੀ ਕਰ ਲਈ ਜਾਵੇਗੀ। ਕੀ ਲੜਕੇ ਪਾਸ ਪਾਸਪੋਰਟ ਤਿਆਰ ਹੈ?

— ਹਾਂ ਪੁੱਤ, ਪਾਸਪੋਰਟ ਤਾਂ ਉਹਨੇ ਕਈ ਦੇਰ ਦਾ ਬਣਾ ਕੇ ਰੱਖਿਆ ਹੋਇਆ ਏ।

— ਹਾਈ ਕਮਿਸ਼ਨ ਨੂੰ ਵਿਆਹ ਦੇ ਕੁਝ ਸਬੂਤ ਚਾਹੀਦੇ ਹੁੰਦੇ ਹਨ। ਉਨ੍ਹਾਂ ਬਾਰੇ ਬੈਠ ਕੇ ਵਿਚਾਰ ਕਰ ਲਵਾਂਗੇ। ਚੰਗਾ, ਮਾਂ ਜੀ ਕੱਲ੍ਹ ਮਿਲਾਂਗੇ।

— ਚੰਗਾ ਧੀਏ।

ਫਿਰ ਜੱਸੀ ਆਪਣੀ ਮਾਂ ਨਾਲ ਹੋਰ ਵਿਚਾਰ ਵਟਾਂਦਰਾ ਕਰਨ ਲੱਗ ਪਈ।

— ਮਾਂ, ਕਿਵੇਂ ਕਰਨਾ ਏ? ਉਹ ਕੱਲ੍ਹ ਮੁਹਾਲੀ ਆ ਰਹੇ ਹਨ। ਪਤਾ ਨਹੀਂ ਕਿੰਨੇ ਜਣੇ ਹੋਣਗੇ।

— ਧੀਏ, ਤੈਨੂੰ ਜ਼ਿਆਦਾ ਪਤਾ ਏ। ਤੂੰ ਫਿਰ ਵਾਪਸ ਚਲੀ ਜਾਵੇਂਗੀ। ਮੈਂ ਇਕੱਲੀ ਰਹਿ ਜਾਵਾਂਗੀ। ਹੁਣ ਮੈਂ ਉਂਝ ਵੀ ਕਾਫ਼ੀ ਸਿਆਣੀ ਹੋ ਗਈ ਹਾਂ। ਮੇਰੀ ਦੇਖਭਾਲ ਲਈ ਵੀ ਕੋਈ ਚਾਹੀਦਾ ਏ।

— ਮਾਂ, ਮੈਂ ਇਸ ਵਾਰ ਜਾ ਕੇ ਤੈਨੂੰ ਵੀ ਉੱਧਰ ਹੀ ਬੁਲਾ ਲਵਾਂਗੀ। ਕਾਨੂੰਨ ਅਨੁਸਾਰ ਤੂੰ ਵੀ ਉਧਰ ਮੇਰੇ ਪਾਸ ਜਾ ਹੀ ਸਕਦੀ ਏਂ ਕਿਉਂਕਿ ਇੱਧਰ ਤੇਰੀ ਦੇਖਭਾਲ ਲਈ ਹੋਰ

ਕੋਈ ਹੈ ਹੀ ਨਹੀਂ।

— ਚੰਗਾ ਪੁੱਤਾ, ਜਿਵੇਂ ਮਰਜ਼ੀ ਕਰ ਲੈ। ਮੈਂ ਤਾਂ ਚਾਹੁੰਦੀ ਸੀ ਕਿ ਤੂੰ ਕਿਤੇ ਪੱਕੀ ਵਸ ਜਾਂਦੀ। ਹੁਣ ਅਗਰ ਤੂੰ ਇਸ ਮੁੰਡੇ ਦੇ ਪੱਕੇ ਹੋਣ ਤੱਕ ਉਡੀਕਦੀ ਰਹੀ ਤਾਂ ਕਈ ਸਾਲ ਬੀਤ ਜਾਣਗੇ। ਕੀ ਇਹ ਤੇਰੇ ਨਾਲ ਪੱਕਾ ਵਿਆਹ ਕਰਨ ਲਈ ਰਾਜ਼ੀ ਨਹੀਂ ਹੋ ਸਕਦਾ?

ਇੰਜ ਵੀ ਪੁੱਛ ਲਵਾਂਗੇ। ਮੈਨੂੰ ਲਗਦਾ ਏ ਕਿ ਇੰਝ ਉਹ ਨਹੀਂ ਮੰਨਣਗੇ। ਅਗਰ ਉਨ੍ਹਾਂ ਇੰਝ ਕਰਨਾ ਹੁੰਦਾ ਤਾਂ ਉਨ੍ਹਾਂ ਪੈਸਿਆਂ ਦੀ ਗੱਲ ਨਹੀਂ ਸੀ ਕਰਨੀ। ਪੰਜਾਬ ਵਿਚ ਤਾਂ ਹਰ ਮੁੰਡਾ ਉੱਧਰ ਨੂੰ ਜਾਣਾ ਚਾਹੁੰਦਾ ਏ। ਸਾਰਾ ਜ਼ੋਰ ਸਿਰਫ਼ ਪੱਕਾ ਹੋਣ ਤੇ ਹੀ ਲੱਗਾ ਹੋਇਆ ਏ। ਵਿਆਹ ਤਾਂ ਬਾਅਦ ਵਿਚ ਆ ਕੇ ਦੁਆਰਾ ਹੀ ਕਰਵਾ ਕੇ ਲੈ ਕੇ ਜਾਂਦੇ ਹਨ। ਆਹ ਜਿਹੜੇ ਪੜ੍ਹਨ ਲਈ ਜਾਂਦੇ ਹਨ ਇਨ੍ਹਾਂ ਦਾ ਮਕਸਦ ਪੱਕਾ ਹੋਣਾ ਜ਼ਿਆਦਾ ਏ, ਪੜ੍ਹਾਈ ਤਾਂ ਬਹਾਨਾ ਹੁੰਦਾ ਏ। ਕਿੰਨੀ ਹਾਸੋਹੀਣੀ ਗੱਲ ਏ ਜਿਹੜੇ ਇੱਧਰ ਚੱਜ ਨਾਲ ਪੜ੍ਹਦੇ ਨਹੀਂ। ਉਹ ਉਧਰ ਨੂੰ ਪੜ੍ਹਾਈ ਕਰਨ ਤੁਰੇ ਹੋਏ ਨੇ। ਉਧਰ ਪੜ੍ਹ ਕੇ ਵੀ ਬਹੁਤਿਆਂ ਨੂੰ ਚੰਗੀਆਂ ਨੌਕਰੀਆਂ ਨਹੀਂ ਮਿਲਦੀਆਂ। ਦਿਨ ਰਾਤ ਪੈਸੇ ਕਮਾਉਣ ਲਈ ਦੌੜੇ ਭੱਜੇ ਫਿਰਦੇ ਰਹਿੰਦੇ ਹਨ। ਫਿਰ ਅਨੀਂਦਰੇ ਕਲਾਸ ਲਾਉਣ ਜਾਂਦੇ ਹਨ। ਅੱਧੇ ਕੁ ਤਾਂ ਏਧਰੋਂ ਓਧਰੋਂ ਸਮੱਗਰੀ ਚੋਰੀ ਕਰਕੇ ਅਸਾਈਨਮੈਂਟਾਂ ਤਿਆਰ ਕਰਦੇ ਹਨ। ਔਖੇ ਸੌਖੇ ਕੋਈ ਡਿਗਰੀ ਜਾਂ ਸਰਟੀਫਿਕੇਟ ਤਾਂ ਪ੍ਰਾਪਤ ਕਰ ਲੈਂਦੇ ਹਨ ਪ੍ਰੰਤੂ ਪੱਲੇ ਕੁਝ ਵੀ ਨਹੀਂ ਹੁੰਦਾ। ਬਾਅਦ ਵਿਚ ਜਦ ਨੌਕਰੀ ਲੈਣ ਲਈ ਟੈਸਟ ਦਿੰਦੇ ਹਨ ਤਾਂ ਬਹੁਤੇ ਫੇਲ੍ਹ ਹੋ ਜਾਂਦੇ ਹਨ। ਆਖ਼ਰ ਅੱਕ ਥੱਕ ਕੇ ਜਾਂ ਤਾਂ ਸਕਿਊਰਿਟੀ ਦੀਆਂ ਜਾਬਾਂ ਕਰਦੇ ਹਨ ਤੇ ਜਾਂ ਫਿਰ ਟੈਕਸੀਆਂ ਚਲਾਉਂਦੇ ਹਨ। ਇਹ ਦੋਨੋਂ ਕੰਮ ਤਾਂ ਉੱਥੇ ਏਧਰੋਂ ਘੱਟ ਪੜ੍ਹੇ ਲਿਖੇ ਗਏ ਹੋਏ ਲੋਕ ਵੀ ਕਰੀ ਜਾ ਰਹੇ ਹਨ। ਕਈਆਂ ਨੇ ਇੱਧਰ ਡਾਕਟਰ, ਇੰਜਨੀਅਰ, ਵਕੀਲ ਤੇ ਪ੍ਰੋਫੈਸਰ ਬਣਨਾ ਸੀ। ਉਧਰ ਜਾ ਕੇ ਉਹ ਨਿਰੇ ਚੌਕੀਦਾਰ ਤੇ ਡਰਾਈਵਰ ਬਣ ਗਏ। ਦੂਜੇ ਨੰਬਰ ਤੇ ਜਿਹੜੇ ਇਧਰੋਂ ਕੱਚੇ ਜਾਂਦੇ ਹਨ ਉਨ੍ਹਾਂ ਨੂੰ ਕੋਈ ਵੀ ਸਹੂਲਤਾਂ ਨਹੀਂ ਮਿਲਦੀਆਂ। ਉਧਰ ਦੇ ਪੱਕੇ ਬਸ਼ਿੰਦੇ ਦਾ ਡਾਕਟਰੀ ਇਲਾਜ ਮੁਫ਼ਤ ਏ। ਇੱਧਰੋਂ ਗਏ ਕੱਚੇ ਬੰਦੇ ਨੂੰ ਇਲਾਜ ਕਰਵਾਉਣ ਲਈ ਅੰਤਾਂ ਦੇ ਡਾਲਰ ਖਰਚਣੇ ਪੈਂਦੇ ਹਨ। ਉਧਰਲੇ ਪੱਕੇ ਵਿਦਿਆਰਥੀਆਂ ਨੂੰ ਬੜੀਆਂ ਘੱਟ ਫੀਸਾਂ ਦੇਣੀਆਂ ਪੈਂਦੀਆਂ ਨੇ। ਇੱਧਰ ਦੇ ਕੱਚੇ ਵਿਦਿਆਰਥੀਆਂ ਨੂੰ ਕਈ ਗੁਣਾ ਜ਼ਿਆਦਾ ਫੀਸਾਂ ਭਰਨੀਆਂ ਪੈਂਦੀਆਂ ਹਨ। ਅਗਰ ਉਹ ਇੱਧਰੋਂ ਪੈਸੇ ਮੰਗਵਾਉਣ ਤਾਂ ਉਹ ਪੈਸੇ ਡਾਲਰ ਵਿਚ ਤਬਦੀਲ ਹੋ ਕੇ ਬੜੇ ਘੱਟ ਰਹਿ ਜਾਂਦੇ ਹਨ। ਜਿਹੜਾ ਕੱਚਾ ਬੰਦਾ ਸਾਰੇ ਖਰਚੇ ਉੱਧਰੋਂ ਕੱਢੇਗਾ ਤੂੰ ਆਪ ਹੀ ਦੇਖ ਲੈ ਕਿ ਉਸ ਨੂੰ ਪੜ੍ਹਨ ਦਾ ਕਿੰਨਾ ਕੁ ਸਮਾਂ ਮਿਲ ਸਕਦਾ ਏ। ਡਾਲਰ ਦੀ ਚਮਕ ਤੇ ਢਾਂਚੇ ਦੇ ਉੱਚੇ ਮਿਆਰ ਨੇ ਲੋਕਾਂ ਦੀ ਉੱਧਰ ਨੂੰ ਦੌੜ ਲਗਾ ਦਿੱਤੀ ਏ। ਬਾਕੀ ਸਾਡੇ ਇੱਧਰ ਸਭ ਕਾਸੇ ਦਾ ਬੇੜਾ ਬੈਠ ਗਿਆ ਏ।

ਇਕ ਹੋਰ ਹਾਸੋਹੀਣੀ ਗੱਲ ਇਹ ਹੈ ਕਿ ਜਿਹੜਾ ਬੰਦਾ ਆਪਣੇ ਦੇਸ਼ ਦੇ ਹੋਰ ਹਿੱਸਿਆਂ ਤੱਕ ਵੀ ਨਹੀਂ ਗਿਆ, ਉਹ ਕਹਿ ਦਿੰਦਾ ਏ ਕਿ ਮੈਂ ਕੈਨੇਡਾ, ਆਸਟਰੇਲੀਆ ਤੇ ਅਮਰੀਕਾ ਦੀ ਸੈਰ ਕਰਨ ਜਾ ਰਿਹਾ ਹਾਂ। ਸੈਰ ਕਰਨ ਜਾਣ ਦਾ ਮਕਸਦ ਵੀ ਪੱਕੇ ਹੋਣ ਲਈ ਕੋਈ ਤਰੀਕਾ ਲੱਭਣਾ ਹੁੰਦਾ ਏ। ਸਾਡੇ ਦੇਸ਼ ਦੇ ਲੋਕਾਂ ਦੀਆਂ ਕਈ ਗੱਲਾਂ ਤੇ ਸੱਚਮੁੱਚ ਹੀ ਹਾਸਾ ਆਉਂਦਾ ਰਹਿੰਦਾ ਏ।

— ਕੁੜੇ ਸੁਣਿਐ, ਆਸਟਰੇਲੀਆ ਵਿਚ ਵੀ ਜਾਤ-ਪਾਤ ਬਹੁਤ ਏ। ਆਹ ਜਿੰਨੇ ਵੀ ਮੁੰਡੇ ਕੁੜੀਆਂ ਪਿੱਛੇ ਜਿਹੇ ਪੜ੍ਹਨ ਗਏ ਸੀ ਉਨ੍ਹਾਂ ਸਾਰਿਆਂ ਦੇ ਮਾਪੇ ਇਹੀ ਕਹੀ ਜਾਂਦੇ ਨੇ ਕਿ ਉੱਥੇ ਰੰਗ ਅਤੇ ਨਸਲ ਦੇ ਨਾਂ ਤੇ ਬੜਾ ਵਿਤਕਰਾ ਏ। ਤੂੰ ਤਾਂ ਸਾਰਾ ਕੁਝ ਦੇਖਿਆ ਏ। ਤੈਨੂੰ ਕਿਵੇਂ ਲੱਗਾ?

— ਮਾਂ, ਸਾਡੇ ਲੋਕ ਉਸ ਨੂੰ ਜਾਤ ਪਾਤ ਨਹੀਂ, ਨਸਲਵਾਦ ਕਹਿੰਦੇ ਨੇ। ਸਾਡੇ ਦੇਸ਼ ਵਾਂਗ ਉੱਥੇ ਜਾਤ ਪਾਤ ਤਾਂ ਹੈ ਹੀ ਨਹੀਂ। ਗੋਰਿਆਂ ਵਿਚ ਜਾਤਾਂ ਨਹੀਂ ਹਨ। ਸਾਡੇ ਤਾਂ ਇੱਥੇ ਜਾਤਾਂ ਹਨ ਜਿਵੇਂ ਬ੍ਰਾਹਮਣ, ਖੱਤਰੀ, ਝਿਓਰ, ਹਰੀਜਨ, ਬਾਲਮੀਕੀ, ਨਾਈ, ਲੋਹਾਰ, ਤਰਖਾਣ ਆਦਿ। ਉਥੇ ਇਹ ਬਿਲਕੁਲ ਵੀ ਨਹੀਂ ਏ। ਬਾਕੀ ਰਹੀ ਨਸਲਵਾਦ ਦੀ ਗੱਲ, ਥੋੜ੍ਹਾ ਬਹੁਤ ਨਸਲਵਾਦ ਹਰ ਸਮਾਜ ਵਿਚ ਹੁੰਦਾ ਹੀ ਏ। ਭਾਰਤ ਵਿਚ ਇਹ ਕਿਹੜਾ ਘੱਟ ਏ। ਹੁਣ ਜਦ ਨੌਕਰੀਆਂ ਅਨੁਸੂਚਿਤ ਜਾਤਾਂ ਨੂੰ ਵੱਧ ਮਿਲੀ ਜਾ ਰਹੀਆਂ ਹਨ ਤਾਂ ਜਨਰਲ ਕੈਟੇਗਰੀ ਵਾਲੇ ਬਥੇਰੀ ਖੱਪ ਪਾਈ ਜਾਂਦੇ ਨੇ। ਤੂੰ ਹੁਣ ਤੱਕ ਵੀ ਬਾਲਮੀਕੀਆਂ ਤੇ ਹਰੀਜਨਾਂ ਦੇ ਘਰ ਜਾ ਕੇ ਚਾਹ ਪੀਣ ਤੋਂ ਝਿਜਕਦੀ ਰਹਿੰਦੀ ਏਂ। ਪਿਛਲੀ ਵਾਰੀ ਜਦ ਤੈਨੂੰ ਵੋਟਾਂ ਲਈ ਘਰੋ-ਘਰ ਫਿਰਨ ਵਾਲੇ ਆਪਣੇ ਨਾਲ ਲੈ ਗਏ ਸੀ ਤੇ ਤੈਨੂੰ ਕਈ ਹਰੀਜਨਾਂ ਦੇ ਘਰ ਚਾਹ ਪੀਣੀ ਪਈ ਸੀ ਤਾਂ ਘਰ ਆ ਕੇ ਐਵੇਂ ਕੁਰਲੀਆਂ ਕਰੀ ਜਾਂਦੀ ਸੀ। ਨਾਲੇ ਕਹੀ ਜਾਂਦੀ ਸੀ ਕਿ ਤੇਰਾ ਮੂੰਹ ਖ਼ਰਾਬ ਹੋ ਗਿਆ। ਫਿਰ ਤੂੰ ਬਾਲਮੀਕੀਆਂ ਦੇ ਘਰ ਚਾਹ ਪੀਣ ਤੋਂ ਇਨਕਾਰ ਹੀ ਕਰ ਦਿੱਤਾ ਸੀ। ਤੂੰ ਕਿਹਾ ਸੀ ਕਿ ਪਹਿਲਾਂ ਹੀ ਕਈ ਵਾਰ ਪੀ ਚੁੱਕੇ ਹਾਂ। ਤੈਨੂੰ ਆਪਣੇ ਹਾਲਤ ਦਾ ਪਤਾ ਹੀ ਏ। ਜਿਹੜੀ ਚਾਹ ਤੂੰ ਪੀਤੀ ਸੀ ਉਹ ਤੈਨੂੰ ਇਸ ਕਰਕੇ ਪੀਣੀ ਪਈ ਸੀ ਕਿਉਂਕਿ ਤੁਹਾਨੂੰ ਉਨ੍ਹਾਂ ਤੱਕ ਲੋੜ ਸੀ। ਤੁਸੀਂ ਉਨ੍ਹਾਂ ਦਾ ਮਨ ਜਿੱਤ ਕੇ ਉਨ੍ਹਾਂ ਤੋਂ ਵੋਟਾਂ ਲੈਣੀਆਂ ਸਨ। ਤੂੰ ਹੁਣ ਵੀ ਕਈ ਲੀਡਰ ਦੇਖੇ ਹੋਣੇ ਆ ਟੈਲੀਵੀਜ਼ਨ ਤੇ। ਆਮ ਜਨਤਾ ਵਿਚ ਜਾ ਕੇ ਕਈ ਵਾਰ ਐਵੇਂ ਉਨ੍ਹਾਂ ਦੇ ਬੱਚਿਆਂ ਨੂੰ ਪਿਆਰ ਕਰੀ ਜਾਣਗੇ, ਕਈ ਪਛੜੀਆਂ ਜਾਤਾਂ ਦੇ ਬੱਚਿਆਂ ਨੂੰ ਘੜੀ ਕੁ ਲਈ ਕੁੱਛੜ ਚੁੱਕ ਲੈਣਗੇ। ਲੀਡਰਾਂ ਦੀਆਂ ਇਹ ਸਭ ਚੁਸਤੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਆਉਣ ਵਾਲੀ ਚੋਣ ਵਿਚ ਵੋਟਾਂ ਲੈਣ ਲਈ ਲੋਕਾਂ ਦੇ ਦਿਲ ਜਿੱਤਣੇ ਹੁੰਦੇ ਹਨ।

ਹਾਂ, ਉਨ੍ਹਾਂ ਦੇਸ਼ਾਂ ਵਿਚ ਇਕ ਚੀਜ਼ ਮੈਨੂੰ ਕਦੀ-ਕਦੀ ਅਕਸਰ ਨਜ਼ਰ ਆਉਂਦੀ ਰਹਿੰਦੀ ਏ। ਗੋਰੇ ਕਿਸੇ ਨੂੰ ਵੱਡੀ ਨੌਕਰੀ ਲਈ ਤਰੱਕੀ ਦੇਣ ਲੱਗੇ ਜ਼ਰੂਰ ਸੋਚਦੇ ਹਨ। ਆਮ ਨੌਕਰੀਆਂ ਲਈ ਆਮ ਜਨਤਾ ਦੀ ਚੋਣ ਹੁੰਦੀ ਰਹਿੰਦੀ ਏ। ਬਹੁਤੀਆਂ ਨੌਕਰੀਆਂ ਲਈ ਛੋਟੇ ਮੋਟੇ ਟੈਸਟ ਹੁੰਦੇ ਹਨ। ਕਈਆਂ ਲਈ ਔਖੇ ਟੈਸਟ ਵੀ ਹੁੰਦੇ ਹਨ। ਜੋ ਪਾਸ ਕਰ ਲੈਂਦੇ ਹਨ ਉਹ ਇਨ੍ਹਾਂ ਨੌਕਰੀਆਂ ਲਈ ਚੁਣ ਲਏ ਜਾਂਦੇ ਹਨ। ਜਦ ਵੱਡੀਆਂ ਨੌਕਰੀਆਂ ਲਈ ਤਰੱਕੀ ਦੇਣੀ ਹੁੰਦੀ ਹੈ ਤਾਂ ਵੱਧ ਸੋਚਿਆ ਜਾਂਦਾ ਏ। ਸਖ਼ਤ ਇਮਤਿਹਾਨ 'ਚੋਂ ਕੱਢਿਆ ਜਾਂਦਾ ਏ। ਵੈਸੇ ਉਥੇ ਸਾਰੇ ਦੇਸ਼ਾਂ ਦੇ ਲੋਕ ਸਭ ਪ੍ਰਕਾਰ ਦੀਆਂ ਨੌਕਰੀਆਂ ਤੇ ਕਿੱਤਿਆਂ ਵਿਚ ਹਨ। ਸਭ ਪ੍ਰਕਾਰ ਦੇ ਧਰਮਾ ਦਾ ਬਰਾਬਰ ਸਤਿਕਾਰ ਏ। ਅਗਰ ਕੋਈ ਉੱਥੇ ਜਾ ਕੇ ਪੂਰੀ ਪੂਰੀ ਪੜ੍ਹਾਈ ਕਰ ਲਵੇ ਤੇ ਯੂਨੀਵਰਸਿਟੀ ਦੀ ਡਿਗਰੀ ਵੀ ਕਰ ਲਵੇ ਤਾਂ ਨੌਕਰੀ ਪ੍ਰਾਪਤ ਕਰਨ ਵਿਚ ਕਿਸੇ ਪ੍ਰਕਾਰ ਦਾ ਭੇਦਭਾਵ ਨਹੀਂ ਏ।

ਦੂਜੇ ਦਿਨ 12 ਵਜੇ ਮਾਂ ਧੀ ਉਸੇ ਥਾਂ 7 ਫੇਜ਼ ਵਿਚ ਪਹੁੰਚ ਗਈਆਂ। ਜਦ ਉਨ੍ਹਾਂ

ਦੇਖਿਆ ਤਾਂ ਦੂਜੀ ਮਾਈ ਲੜਕੇ ਅਤੇ ਇਕ ਹੋਰ ਇਸਤਰੀ ਤੇ ਮਰਦ ਨੂੰ ਨਾਲ ਲੈ ਕੇ ਉਥੇ ਪਹੁੰਚੀ ਹੋਈ ਸੀ।

— ਮਾਂ ਜੀ, ਸਤਿ ਸ੍ਰੀ ਅਕਾਲ।

— ਸਤਿ ਸ੍ਰੀ ਅਕਾਲ ਧੀਏ। ਕਿਤੇ ਨੇੜੇ ਹੀ ਰਹਿੰਦੇ ਹੋ?

— ਹਾਂ, ਅਸੀਂ ਇੱਥੋਂ ਜ਼ਿਆਦਾ ਦੂਰ ਨਹੀਂ ਰਹਿੰਦੇ। ਫਿਰ ਵੀ ਆਉਣ ਨੂੰ 20 ਕੁ ਮਿੰਟ ਤਾਂ ਲੱਗ ਹੀ ਗਏ।

— ਅੱਛਾ। ਇਹ ਕਰਮਜੀਤ ਏ ਜਿਹੜਾ ਬਾਹਰ ਜਾਣ ਲਈ ਕਾਹਲਾ ਏ?

— ਹਾਂ, ਇਹ ਕਰਮਜੀਤ ਏ ਤੇ ਨਾਲ ਇਹਦੇ ਮਾਂ-ਪਿਉ ਜਾਨੀ ਕਿ ਮੇਰੀ ਭੈਣ ਤੇ ਮੇਰਾ ਭਣਵੱਈਆ।

— ਮੁੰਡਾ ਤਾਂ ਸਮਾਰਟ ਲਗਦਾ ਏ। ਕਰਮਜੀਤ ਕਿੰਨੀ ਪੜ੍ਹਾਈ ਏ? ਪਿੰਡ ਹੀ ਪੜ੍ਹਿਆ ਸੀ ਕਿ ਕਿਸੇ ਸ਼ਹਿਰ ਵਿਚ? ਕਿੰਨੀ ਉਮਰ ਏ ਤੇਰੀ? ਬਾਹਰ ਕਿਉਂ ਜਾਣਾ ਚਾਹੁੰਦਾ ਏਂ?

— ਜੀ, ਮੈਂ 12ਵੀਂ 'ਚੋਂ ਫੇਲ੍ਹ ਹੋ ਗਿਆ ਸੀ। ਪਿੰਡ ਦੇ ਸਕੂਲ ਵਿਚ ਪੰਜਵੀਂ ਕੀਤੀ ਤੇ ਫਿਰ ਨੇੜੇ ਦੇ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਅਗਲੀ ਪੜ੍ਹਾਈ ਕੀਤੀ। ਫੇਲ੍ਹ ਹੋਣ ਤੋਂ ਬਾਅਦ ਬਸ ਪੜ੍ਹਾਈ ਕਰਨ ਨੂੰ ਦਿਲ ਹੀ ਨਹੀਂ ਕੀਤਾ। ਫਿਰ ਸੋਚਿਆ ਕਿ ਬਾਹਰ ਹੀ ਜਾਣਾ ਏ। ਤੁਹਾਨੂੰ ਪਤਾ ਹੀ ਏ ਇੱਥੇ ਕਿੰਨਾ ਮਾੜਾ ਹਾਲ ਏ। ਜਦ ਪੜ੍ਹਿਆਂ ਲਿਖਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਤਾਂ ਸਾਨੂੰ ਘੱਟ ਪੜ੍ਹਿਆਂ ਲਿਖਿਆਂ ਨੂੰ ਕੀ ਮਿਲਣਾ ਏ? ਜਿਹੜੇ ਵੀ ਬਾਹਰ ਸੈੱਟ ਹੋ ਗਏ, ਬਸ ਮਾਲਾ ਮਾਲ ਹੋ ਗਏ। ਹੁਣ ਜਦ ਛੁੱਟੀ ਆਉਂਦੇ ਨੇ ਤਾਂ ਬਸ ਪੈਸੇ ਹੀ ਖਿਲਾਰਦੇ ਫਿਰਦੇ ਰਹਿੰਦੇ ਨੇ। ਪਰਸੋਂ ਖੰਟਮਨ ਪੁਰੀਆ ਸੁੱਖਾ ਮਿਲਿਆ। ਇਕ ਰੈਸਟੋਰੈਂਟ ਤੇ ਨੂੰ ਖਿੱਚ ਕੇ ਲੈ ਗਿਆ। ਮਸਾਂ ਦੋ ਕੁ ਘੰਟੇ ਹੀ ਬੈਠੇ। ਬਿਲ ਬਣਿਆ ਇਕ ਹਜ਼ਾਰ ਰੁਪਿਆ। ਦੁਕਾਨਦਾਰ ਮੂਹਰੇ ਗਿਆਰਾਂ ਸੌ ਸੁੱਟ ਕੇ ਔਹ ਗਿਆ ਔਹ ਗਿਆ। ਗਲ ਵਿਚ ਸੋਨੇ ਦੀ ਮੋਟੀ ਸਾਰੀ ਚੈਨੀ ਪਾਈ ਹੋਈ ਸੀ। ਬਾਂਹ 'ਚ ਪੰਜ ਕੁ ਤੋਲੇ ਦਾ ਕੜਾ। ਉਂਗਲਾਂ ਵਿਚ ਦੋ ਮੁੰਦੀਆਂ ਤੇ ਕੰਨ ਵਿਚ ਇਕ ਨੱਤੀ ਜਿਹੀ। ਬਸ ਕਾਰ ਤੇ ਆਇਆ ਤੇ ਮੇਰੇ ਕੋਲ ਦੋ ਕੁ ਘੰਟੇ ਹੀ ਰਿਹਾ। ਕਹਿੰਦਾ ਹੋਰ ਦੋਸਤਾਂ ਨੂੰ ਵੀ ਮਿਲਣਾ ਏ। ਛੁੱਟੀ ਬੜੀ ਘੱਟ ਏ। ਮੈਂ ਬਥੇਰਾ ਜ਼ੋਰ ਲਾਇਆ ਪਾਰਟੀ ਦੇਣ ਨੂੰ। ਕਹਿੰਦਾ ਅਗਰ ਮੇਰੇ ਪਾਸ ਸਮਾਂ ਹੋਇਆ ਤਾਂ ਦੱਸਾਂਗਾ, ਨਹੀਂ ਤਾਂ ਅਗਲੀ ਵਾਰ ਸਹੀ।

ਮੁੰਡੇ ਵਾਲੇ ਇੰਨੇ ਕਾਹਲੇ ਪਏ ਹੋਏ ਸੀ ਕਿ ਉਪਰੋਕਤ ਗੱਲਾਂ ਦੋਹਾਂ ਪਾਰਟੀਆਂ ਨੇ ਖੜ੍ਹੇ-ਖੜ੍ਹੇ ਹੀ ਕਰ ਲਈਆਂ। ਦੋਹਾਂ ਪਾਰਟੀਆਂ ਨੂੰ ਪਤਾ ਵੀ ਨਾ ਲੱਗਾ ਕਿ ਇਕ ਦੂਜੇ ਨੂੰ ਕਿਸੇ ਦੁਕਾਨ ਤੇ ਬੈਠਣ ਲਈ ਕਹਿਣ। ਫਿਰ ਜੱਸੀ ਨੇ ਕਰਮਜੀਤ ਤੇ ਉਸ ਦੇ ਨਾਲ ਆਏ ਮਾਂ, ਮਾਸੀ ਤੇ ਮਾਸੜ ਨੂੰ ਨੇੜੇ ਲਗਦੀ ਚਾਹ ਦੀ ਦੁਕਾਨ ਤੇ ਬੈਠਣ ਨੂੰ ਕਿਹਾ। ਇਸ ਤੋਂ ਬਾਅਦ ਆਪਸੀ ਵਿਚਾਰਾਂ ਸ਼ੁਰੂ ਹੋਈਆਂ।

ਜੱਸੀ - ਅੱਛਾ ਤੁਸੀਂ ਦੱਸੋ ਕਿ ਤੁਸੀਂ ਕਿਸ ਕਿਸਮ ਦਾ ਵਿਆਹ ਚਾਹੁੰਦੇ ਹੋ?

ਮੁੰਡੇ ਦੀ ਮਾਸੀ - ਮੇਰੀ ਭੈਣ ਤੇ ਭਣਵਈਆ ਤਾਂ ਇਹੀ ਚਾਹੁੰਦੇ ਹਨ ਕਿ ਤੂੰ ਮੁੰਡੇ ਦੇ ਪੱਕਾ ਹੋਣ ਤੱਕ ਨਾਲ ਹੀ ਰਹੇਂ।

— ਮਾਂ ਜੀ, ਪੱਕਾ ਹੋਣ ਨੂੰ ਤਾਂ ਕਾਫ਼ੀ ਸਮਾਂ ਲੱਗ ਜਾਂਦਾ ਏ। ਇਨਾ ਜ਼ਿਆਦਾ ਸਮਾਂ ਉਡੀਕਣਾ ਔਖਾ ਹੋ ਜਾਂਦਾ ਏ। ਬਿਹਤਰ ਇਹ ਹੈ ਕਿ ਲੜਕਾ ਛੇ ਕੁ ਮਹੀਨਿਆਂ ਵਿਚ ਉੱਧਰ ਕੋਈ ਹੋਰ ਲੜਕੀ ਲੱਭ ਲਵੇ ਤੇ ਉਸ ਨਾਲ ਪੱਕੇ ਤੌਰ ਤੇ ਵਿਆਹ ਕਰਵਾ ਲਵੇ।

— ਧੀਏ, ਅਗਰ ਉੱਧਰ ਲੜਕੀ ਲੱਭੇਗਾ ਵੀ ਤਾਂ ਉਸ ਨੂੰ ਵੀ ਪੈਸੇ ਹੀ ਦੇਣੇ ਪੈਣਗੇ। ਅਸੀਂ ਦੋ ਪਾਸੇ ਪੈਸੇ ਖਰਚ ਨਹੀਂ ਕਰ ਸਕਦੇ। ਸਾਨੂੰ ਤਾਂ ਇੰਝ ਵੀ ਲੱਗ ਰਿਹਾ ਏ ਕਿ ਲੜਕੇ ਨੂੰ ਹੋਰ ਕੋਈ ਲੜਕੀ ਲੱਭਣੀ ਔਖੀ ਏ। ਲੜਕਾ ਇੰਨਾ ਤੇਜ਼ ਨਹੀਂ ਕਿ ਉਧਰ ਜਾ ਕੇ ਜਲਦੀ ਕੋਈ ਪੂਰੀ ਪਾ ਸਕੇ। (ਵਿਚ ਹੀ ਕਰਮਜੀਤ ਬੋਲ ਪਿਆ) ਕਹਿੰਦੇ ਨੇ ਉੱਧਰ ਸਾਰੇ ਅੰਗਰੇਜ਼ੀ ਹੀ ਬੋਲਦੇ ਨੇ। ਅਸੀਂ ਪਿੰਡਾਂ ਵਿਚ ਰਹੇ ਤੇ ਪਿੰਡਾਂ ਵਿਚ ਹੀ ਪੜ੍ਹੇ। ਅਸੀਂ ਇਕਦਮ ਕਿਵੇਂ ਅੰਗਰੇਜ਼ੀ ਬੋਲਣ ਲੱਗ ਸਕਦੇ ਹਾਂ? ਪੰਜਾਬੀ ਕੁੜੀਆਂ ਤਾਂ ਵਿਆਹ ਵਾਸਤੇ ਇਕਦਮ ਹੱਥ ਨਹੀਂ ਆ ਸਕਦੀਆਂ। ਪੰਜਾਬੀ ਪੰਜਾਬੀਆਂ ਦੇ ਸਾਰੇ ਭੇਤ ਜਾਣਦੇ ਨੇ। ਗੋਰੀਆਂ ਜਾਂ ਕੋਈ ਹੋਰ ਕੁੜੀਆਂ ਨਾਲ ਤਾਂ ਹੀ ਗੱਲਬਾਤ ਕੀਤੀ ਜਾ ਸਕਦੀ ਏ ਜੇਕਰ ਬੰਦੇ ਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਆਉਂਦੀ ਹੋਵੇ। ਕੀ ਉੱਧਰ ਕੋਈ ਹੋਰ ਲੋਕ ਵੀ ਹਨ ਜੋ ਕਿਸੇ ਨੂੰ ਸੈੱਟ ਕਰ ਸਕਦੇ ਨੇ?

— ਹਾਂ, ਉਸ ਦੇਸ਼ ਵਿਚ 135 ਤੋਂ ਵੀ ਵੱਧ ਦੇਸ਼ਾਂ ਦੇ ਲੋਕ ਰਹਿੰਦੇ ਹਨ। ਬਹੁਤ ਸਾਰੇ ਪੰਜਾਬੀਆਂ ਨੂੰ ਸਮੋਆ ਤੇ ਟੌਂਗਾਂ ਟਾਪੂਆਂ ਦੀਆਂ ਤੀਵੀਆਂ ਨੇ ਪੱਕੇ ਕਰਵਾਇਆ ਸੀ। ਹੁਣੇ ਹੁਣੇ ਮੇਰੇ ਉੱਥੇ ਨੇੜੇ ਰਹਿੰਦੀ ਇਕ ਤੀਵੀਂ ਨਵਾਂਸ਼ਹਿਰ ਦੇ ਇਲਾਕੇ ਵਿਚ ਇਕ ਵਿਆਹ ਤੇ ਆਈ ਸੀ। ਉਸ ਦਾ ਘਰ ਵਾਲਾ ਉਸ ਨੂੰ ਬੰਗਾ ਤੇ ਨਵਾਂ ਸ਼ਹਿਰ ਵਿਚਕਾਰ ਮੋਟਰ ਸਾਈਕਲ ਤੇ ਘੁੰਮਾਉਂਦਾ ਰਿਹਾ। ਉਹ ਮੋਟਰ ਸਾਈਕਲ ਦੀ ਸਵਾਰੀ ਤੋਂ ਬੜੀ ਹੈਰਾਨ ਹੋਈ। ਰਾਹ ਵਿਚ ਮੱਝਾਂ ਨੇ ਜਦ ਉਨ੍ਹਾਂ ਦੇ ਮੋਟਰ ਸਾਈਕਲ ਨੂੰ ਇਕ ਦੋ ਵਾਰ ਕੱਟਿਆ ਤਾਂ ਉਹ ਬੜੀ ਡਰੀ। ਉਹ ਉੱਧਰ ਜਾ ਕੇ ਇਹ ਸਾਰੀਆਂ ਗੱਲਾਂ ਦੱਸਦੀ ਸੀ। ਉੱਧਰ ਆਸਟਰੇਲੀਆ ਵਿਚ ਮੋਟਰ ਸਾਈਕਲ ਬਹੁਤ ਘੱਟ ਹਨ। ਬਸ ਕਾਰਾਂ ਹੀ ਕਾਰਾਂ ਹਨ। ਉਂਝ ਪੰਜਾਬ ਵਿਚ ਆ ਕੇ ਉਸ ਨੇ ਬਹੁਤ ਵਧੀਆ ਮਹਿਸੂਸ ਕੀਤਾ ਸੀ। ਸਾਰਾ ਕੁਝ ਆਪਣੀ ਕੋਸ਼ਿਸ਼ ਤੇ ਨਿਰਭਰ ਕਰਦਾ ਏ। ਅਗਰ ਤੂੰ ਉਧਰ ਜਾ ਕੇ ਕੋਸ਼ਿਸ਼ ਕਰੇਂ ਤਾਂ ਕੋਈ ਲੜਕੀ ਲੱਭ ਸਕਦਾ ਏਂ। ਤੈਨੂੰ ਉੱਧਰ ਜਾ ਕੇ ਕਲੱਬਾਂ ਪੱਬਾਂ ਵਿਚ ਜਾਣਾ ਪਿਆ ਕਰੇਗਾ। ਉੱਥੇ ਕਿਸੇ ਨਾਲ ਵਾਕਫੀਅਤ ਪਾਈ ਜਾ ਸਕਦੀ ਏ।

— ਭਾਸ਼ਾ ਤੋਂ ਬਗ਼ੈਰ ਵਾਕਫੀਅਤ ਕਿਵੇਂ ਪਾਈ ਜਾ ਸਕਦੀ ਏ?

— ਉੱਧਰ ਜਾ ਕੇ ਤੇਰਾ ਅੰਗਰੇਜ਼ੀ ਦਾ ਝਾਕਾ ਕਾਫ਼ੀ ਘੱਟ ਜਾਵੇਗਾ। ਵੱਡੀ ਗੱਲ ਭਾਸ਼ਾ ਦੀ ਨਹੀਂ ਹੁੰਦੀ।

— ਹੋਰ ਵੱਡੀ ਗੱਲ ਕੀ ਹੁੰਦੀ ਏ?

— ਤੂੰ ਆਪ ਹੀ ਸਮਝ। ਮੈਨੂੰ ਤਾਂ ਦਸਦੀ ਨੂੰ ਸ਼ਰਮ ਆਉਂਦੀ ਏ।

— ਚੱਲ ਛੱਡ ਧੀਏ, ਤੂੰ ਐਂ ਦੱਸ ਪਈ ਸਾਡੇ ਪੈਸੇ ਕਿੰਨੇ ਲੱਗਣਗੇ?

— ਮਾਂ ਜੀ, ਤੁਹਾਨੂੰ 15 ਲੱਖ ਦੇਣਾ ਪਵੇਗਾ ਅਗਰ ਮੈਂ ਕਰਮਜੀਤ ਨਾਲ ਛੇ ਮਹੀਨੇ ਰਹਿਣਾ ਏ। ਇਸ ਤੋਂ ਇਲਾਵਾ ਇਹਦੀ ਰਿਹਾਇਸ਼ ਦਾ ਤੇ ਸਾਡੇ ਦੋਹਾਂ ਦੇ ਕਿਰਾਏ ਦਾ

ਪ੍ਰਬੰਧ ਵੀ ਤੁਸੀਂ ਹੀ ਕਰਨਾ ਏ। ਅਗਰ ਤੁਸੀਂ ਚਾਹੁੰਦੇ ਹੋ ਤਾਂ ਮੈਂ ਇਹਦੇ ਨਾਲ ਵੀ ਰਹਿ ਸਕਦੀ ਹਾਂ। ਵੈਸੇ ਮੈਂ ਇਸ ਤੋਂ ਪਰ੍ਹੇ ਰਹਿਣਾ ਜ਼ਿਆਦਾ ਪਸੰਦ ਕਰਾਂਗੀ। ਅਗਰ ਇਹ ਮੇਰੇ ਨਾਲ ਮੇਰੀ ਮਰਜ਼ੀ ਤੋਂ ਬਗ਼ੈਰ ਕੁਝ ਵੀ ਕਰੇਗਾ ਤਾਂ ਉਸ ਲਈ ਇਹ ਖ਼ੁਦ ਜ਼ਿੰਮੇਵਾਰ ਹੋਵੇਗਾ। ਉਸ ਦੇਸ਼ ਵਿਚ ਮਰਜ਼ੀ ਤੋਂ ਬਗ਼ੈਰ ਕੁਝ ਵੀ ਕਰਨ ਦੀ ਇਜ਼ਾਜਤ ਨਹੀਂ। ਮਰਜ਼ੀ ਨਾਲ ਸਭ ਕੁਝ ਕਰਨ ਦੀ ਇਜ਼ਾਜਤ ਏ।

— ਕੁੜੇ ਸੁਣਿਆ ਉਥੇ ਮੁੰਡੇ ਕੁੜੀਆਂ ਬਾਹਾਂ 'ਚ ਬਾਹਾਂ ਪਾਈ ਇਕੱਠੇ ਤੁਰੇ ਫਿਰਦੇ ਨੇ। ਇਹ ਵੀ ਸੁਣਿਆ ਕਿ ਉਥੇ ਮੁੰਡੇ ਕੁੜੀਆਂ ਇਕੱਠੇ ਹੀ ਇਕ ਹੀ ਮਕਾਨ ਵਿਚ ਰਹਿੰਦੇ ਨੇ। ਪਿੱਛੇ ਜਿਹੇ ਇੱਥੇ ਉਧਰ ਨੂੰ ਗਈ ਇਕ ਡਾਕਟਰ ਤੀਵੀਂ ਨੇ ਤਾਂ ਇਹ ਬਿਆਨ ਵੀ ਦਿੱਤਾ ਸੀ ਕਿ ਉਥੇ ਗਈਆਂ ਕੁੜੀਆਂ ਪੂਰੀਆਂ ਵਿਗੜ ਚੁੱਕੀਆਂ ਨੇ।

— ਤੁਹਾਨੂੰ ਸਾਰਿਆਂ ਨੂੰ ਇਕ ਰੱਸੇ ਨਾਲ ਨਹੀਂ ਬੰਨਣਾ ਚਾਹੀਦਾ। ਬਥੇਰੀਆਂ ਕੁੜੀਆਂ ਉਥੇ ਵੀ ਚੰਗੀਆਂ ਹਨ। ਜਿਹੜੇ ਇਸ ਪ੍ਰਕਾਰ ਦੇ ਬਿਆਨ ਦਿੰਦੇ ਹਨ ਉਹ ਬੇਵਕੂਫ ਹਨ। ਕਦੀ ਵੀ ਕਿਸੇ ਨੂੰ ਅੰਕੜੇ ਦੇ ਕੇ ਬਿਆਨ ਨਹੀਂ ਦੇਣਾ ਚਾਹੀਦਾ। ਹਰ ਜਗ੍ਹਾ ਚੰਗੇ ਬੰਦੇ ਵੀ ਹੁੰਦੇ ਹਨ ਤੇ ਮੰਦੇ ਵੀ। ਬਥੇਰੀਆਂ ਲੜਕੀਆਂ ਹਰ ਜਗ੍ਹਾ ਹੀ ਅਣਖੀ ਤੇ ਇੱਜ਼ਤ ਬਚਾਊ ਹਨ। ਮੇਰੀ ਗੱਲ ਛੱਡੋ, ਮੈਂ ਹਰ ਕੁਝ ਕਰਨ ਲਈ ਤਿਆਰ ਹਾਂ। ਮੈਨੂੰ ਤਾਂ ਪੈਸੇ ਚਾਹੀਦੇ ਹਨ। ਅਗਰ ਤੁਸੀਂ ਪੰਜ ਲੱਖ ਹੋਰ ਦੇ ਦਿਓ ਤਾਂ ਮੈਂ ਕਰਮਜੀਤ ਨਾਲ ਉਸ ਤਰੀਕੇ ਨਾਲ ਰਹਿ ਸਕਦੀ ਹਾਂ ਜਿਸ ਤਰੀਕੇ ਨਾਲ ਤੁਸੀਂ ਚਾਹੁੰਦੇ ਹੋ ਕਿ ਮੈਂ ਰਹਾਂ। ਮੇਰਾ ਤਾਂ ਮੁੰਡਿਆਂ ਨੂੰ ਇਧਰੋਂ ਲਿਜਾ ਕੇ ਉਧਰ ਸੈੱਟ ਕਰਨਾ ਕਿੱਤਾ ਏ। ਮੈਂ ਉਹੀ ਕੁਝ ਕਰ ਸਕਦੀ ਹਾਂ ਜੋ ਮੈਨੂੰ ਕੋਈ ਪਾਰਟੀ ਕਹੇ।

— ਤੂੰ ਸਾਡੀ ਵਾਕਫ਼ ਏਂ। ਮੈਂ ਤੇਰੇ ਨਾਲ ਜਹਾਜ਼ ਵਿਚ ਅੰਤਾਂ ਦੀਆਂ ਗੱਲਾਂ ਕਰਦੀ ਆਈ ਸੀ। ਵਾਕਫ਼ੀਅਤ ਦੇ ਨਾਂ ਤੇ ਤੂੰ ਸਾਡੇ ਨਾਲ ਕੋਈ ਵੀ ਰਿਆਇਤ ਨਹੀਂ ਕਰੇਂਗੀ?

— ਮਾਂ ਜੀ, ਕਾਰੋਬਾਰ ਵਿਚ ਵਾਕਫ਼ੀਅਤ ਦਾ ਕੋਈ ਅਰਥ ਨਹੀਂ ਹੁੰਦਾ। ਕਈ ਵਾਰੀ ਵਾਕਫ਼ੀਅਤ ਕਾਰੋਬਾਰ ਨੂੰ ਵਧਾਉਣ ਲਈ ਵੀ ਕੀਤੀ ਜਾਂਦੀ ਏ। ਤੁਹਾਨੂੰ ਸਿੰਗਾਪੁਰ ਏਅਰਪੋਰਟ ਤੇ ਮੇਰੇ ਪਾਸ ਫਾਰਮ ਭਰਾਉਣ ਦੀ ਜ਼ਰੂਰਤ ਪਈ। ਮੈਂ ਤੁਹਾਡਾ ਕੰਮ ਕਰ ਦਿੱਤਾ। ਇਕੋ ਭਾਸ਼ਾ ਦੇ ਹੋਣ ਕਰਕੇ ਤੁਸੀਂ ਮੇਰੇ ਨਾਲ ਵੱਧ ਗੱਲਾਂ ਕਰਨ ਲੱਗ ਪਏ। ਗੱਲਾਂ ਗੱਲਾਂ ਵਿਚ ਸਫ਼ਰ ਵੀ ਹੁੰਦਾ ਗਿਆ ਤੇ ਵਾਕਫ਼ੀਅਤ ਵੀ ਵਧਦੀ ਗਈ। ਹੁਣ ਤੁਹਾਨੂੰ ਮੇਰੇ ਤੱਕ ਲੋੜ ਪੈ ਗਈ। ਮੈਂ ਤੁਹਾਡੀ ਲੋੜ ਪੂਰੀ ਕਰਨ ਲਈ ਤਿਆਰ ਹਾਂ। ਤੁਹਾਨੂੰ ਇਸ ਕੰਮ ਲਈ ਪੈਸਾ ਤਾਂ ਖਰਚਣਾ ਹੀ ਪਵੇਗਾ। (ਵਿਚ ਹੀ ਕਰਮਜੀਤ ਬੋਲ ਪਿਆ)

— ਉਥੇ ਕੰਮ ਕਿਸ ਤਰ੍ਹਾਂ ਦੇ ਮਿਲਦੇ ਨੇ? ਅਗਰ ਮੈਂ ਉਥੇ ਜਾ ਕੇ ਕੁਝ ਕਮਾ ਹੀ ਨਾ ਸਕਿਆ ਤਾਂ ਅਸੀਂ ਪੈਸੇ ਕਿਵੇਂ ਪੂਰੇ ਕਰਾਂਗੇ? ਮੈਨੂੰ ਤਾਂ ਉਸ ਦੇਸ਼ ਬਾਰੇ ਬਹੁਤਾ ਪਤਾ ਨਹੀਂ। ਸਿਰਫ਼ ਸੱਤਵੀਂ ਜਮਾਤ ਦੀ ਪੰਜਾਬੀ ਦੀ ਪੁਸਤਕ ਵਿਚ ਇਕ ਲੇਖ ਹੁੰਦਾ ਸੀ। ਉਸ ਲੇਖ ਦਾ ਨਾਂ ਸੀ 'ਦੁੱਧ ਘਿਓ ਦਾ ਦੇਸ਼ ਆਸਟਰੇਲੀਆ' ਕੀ ਉਹ ਸੱਚਮੁੱਚ ਹੀ ਦੁੱਧ ਘਿਓ ਦਾ ਦੇਸ਼ ਏ? ਕੀ ਉਹ ਸੱਚਮੁੱਚ ਹੀ ਬਹੁਤ ਵੱਡਾ ਦੇਸ਼ ਏ? ਕੀ ਉਥੇ ਲੁਕਣਾ ਸੌਖਾ ਏ? ਵਾਤਾਵਰਣ ਕਿਹੋ ਜਿਹਾ ਏ? ਭਾਵੇਂ ਮੇਰੇ ਵਾਕਫ਼ ਮੁੰਡੇ ਉਥੇ ਬਾਰੇ ਕਾਫ਼ੀ ਕੁਝ ਕਹਿੰਦੇ ਰਹਿੰਦੇ ਹਨ ਪਰ ਤੂੰ ਵੀ ਸਾਨੂੰ ਦੱਸ ਕਿ ਉਹ ਦੇਸ਼ ਕਿਸ ਪ੍ਰਕਾਰ ਦਾ ਏ।

— ਸਾਡੀ ਇਹ ਮਿਲਣੀ ਬਹੁਤ ਲੰਬੀ ਮਿਲਣੀ ਨਹੀਂ ਏ। ਤੁਹਾਡੇ ਸਵਾਲ ਬੜਾ ਲੰਬਾ ਚੌੜਾ ਜਵਾਬ ਮੰਗਦੇ ਹਨ। ਬਾਕੀ ਮੈਂ ਕਿਹੜੀ ਉਸ ਦੇਸ਼ ਬਾਰੇ ਪੜ੍ਹਾਈ ਕੀਤੀ ਹੋਈ ਏ। ਫਿਰ ਵੀ ਮੈਂ ਤੁਹਾਨੂੰ ਮੋਟੀਆਂ-ਮੋਟੀਆਂ ਗੱਲਾਂ ਦੱਸ ਸਕਦੀ ਹਾਂ। ਮੇਰੇ ਖ਼ਿਆਲ ਅਨੁਸਾਰ ਅੱਜ ਦੇ ਸਮੇਂ ਵਿਚ ਆਸਟਰੇਲੀਆ ਰਹਿਣ ਸਹਿਣ ਲਈ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਏ। ਸਭ ਤੋਂ ਵੱਡੀ ਗੱਲ ਵਾਤਾਵਰਣ ਦੀ ਏ। ਸਿਡਨੀ ਜਿਹੇ ਸ਼ਹਿਰਾਂ ਵਿਚ ਮੌਸਮ ਸਾਰਾ ਸਾਲ ਹੀ ਬਹੁਤ ਵਧੀਆ ਰਹਿੰਦਾ ਹੈ। ਉਥੇ ਸਰਦੀ ਤਾਂ ਪੰਜਾਬ ਜਿਹੀ ਹੀ ਪੈਂਦੀ ਹੈ। ਪੰਜਾਬ ਵਿਚ ਸਰਦੀ ਵਿਚ ਧੁੰਦ ਬੜੀ ਪੈਂਦੀ ਹੈ, ਉਥੇ ਧੁੰਦ ਘੱਟ ਪੈਂਦੀ ਹੈ। ਕਦੀ ਕਦੀ ਅੱਧੀ ਰਾਤ ਨੂੰ ਪਾਣੀ ਦੇ ਖਾਲਿਆਂ ਦੇ ਲਾਗੇ ਹੀ ਧੁੰਦ ਦੇਖੀ ਜਾ ਸਕਦੀ ਏ। ਉਥੇ ਗਰਮੀ ਸਿਰਫ਼ ਜਨਵਰੀ ਵਿਚ ਹੀ ਪੈਂਦੀ ਏ। ਕਦੀ ਕਦੀ ਹੀ ਪਾਰਾ 30 ਡਿਗਰੀ ਤੋਂ ਉਪਰ ਜਾਂਦਾ ਏ। ਸਿਰਫ਼ ਚੰਦ ਕੁ ਦਿਨ ਹਨ ਜਦ ਗਰਮੀ ਜ਼ਿਆਦਾ ਲਗਦੀ ਏ। ਉਥੋਂ ਦੇ ਮੁਕਾਬਲੇ ਪੰਜਾਬ ਵਿਚ ਤਾਂ ਅੰਤਾਂ ਦੀ ਗਰਮੀ ਪੈਂਦੀ ਹੈ। ਬਹੁਤ ਵੱਡਾ ਦੇਸ਼ ਏ। ਭਾਰਤ ਨਾਲੋਂ ਤਾਂ ਸ਼ਾਇਦ ਉਹ ਢਾਈ ਕੁ ਗੁਣਾ ਵੱਡਾ ਹੋਵੇ। ਇਕ ਵੱਖਰਾ ਮਹਾਂਦੀਪ ਤਾਂ ਹੈ ਉਹ। ਸ਼ਾਇਦ ਉਹ ਦੁਨੀਆਂ ਦਾ ਪੰਜਵਾਂ ਜਾਂ ਛੇਵਾਂ ਸਭ ਤੋਂ ਵੱਡਾ ਦੇਸ਼ ਏ। ਜਨ ਸੰਖਿਆ ਬੜੀ ਹੀ ਘੱਟ ਏ। ਢਾਈ ਕਰੋੜ ਤੋਂ ਵੀ ਘੱਟ।

(ਕਰਮਜੀਤ ਵਿਚ ਹੀ ਬੋਲ ਪਿਆ) ਸਿਰਫ਼ ਢਾਈ ਕਰੋੜ? ਭਾਰਤ ਤਾਂ ਸੌ ਕਰੋੜ ਤੋਂ ਵੀ ਵੱਧ ਏ।

— ਉਥੇ ਤਾਂ ਜੀਹਦੇ ਵੱਧ ਬੱਚੇ ਹੋਣ ਉਹਨੂੰ ਭਾਗਾਂ ਵਾਲਾ ਮੰਨਿਆ ਜਾਂਦਾ ਏ। ਬੱਚਿਆਂ ਨੂੰ ਸਰਕਾਰ ਪੈਸੇ ਦਿੰਦੀ ਏ। ਉਥੋਂ ਦੇ ਕਈ ਲੋਕ ਤਾਂ ਕੰਮ ਹੀ ਨਹੀਂ ਕਰਦੇ। ਆਪ ਨੂੰ ਤੇ ਬੱਚਿਆਂ ਨੂੰ ਸਰਕਾਰ ਵੱਲੋਂ ਪੈਸੇ ਮਿਲਣ ਨਾਲ ਹੀ ਗੁਜ਼ਾਰਾ ਕਰੀ ਜਾ ਰਹੇ ਹਨ। ਜਿਹੜੇ ਕੰਮ ਕਰਦੇ ਹਨ ਉਨ੍ਹਾਂ ਨੂੰ ਘੰਟੇ ਦੇ ਤਕਰੀਬਨ 16 ਕੁ ਡਾਲਰ ਮਿਲਦੇ ਹਨ। ਕੈਨੇਡਾ ਤੇ ਅਮਰੀਕਾ ਵਿਚ ਇਹ ਰੇਟ 7-8 ਡਾਲਰ ਏ। ਭਾਵੇਂ ਆਸਟਰੇਲੀਆ ਦਾ ਡਾਲਰ ਅਮਰੀਕਾ ਦੇ ਡਾਲਰ ਤੋਂ ਥੋੜ੍ਹਾ ਜਿਹਾ ਛੋਟਾ ਹੈ ਪਰ ਘੰਟੇ ਦੇ ਵੱਧ ਪੈਸੇ ਮਿਲਣ ਕਰਕੇ ਉਥੇ ਸਮੁੱਚੀ ਕਮਾਈ ਜ਼ਿਆਦਾ ਹੋ ਜਾਂਦੀ ਏ। ਖਾਣ ਪੀਣ ਦੀਆਂ ਚੀਜ਼ਾਂ ਦੀ ਭਰਮਾਰ ਏ। ਇਹ ਚੀਜ਼ਾਂ ਸਸਤੀਆਂ ਵੀ ਹਨ। ਦੁੱਧ ਘਿਓ ਦਾ ਅੰਤ ਕੋਈ ਨਹੀਉਂ, ਡਰਾਈ ਫਰੂਟ ਤੇ ਜੂਸ ਤੇ ਆਈਸ ਕਰੀਮ ਜਿੰਨੇ ਮਰਜ਼ੀ ਖਾਵੋ ਪੀਵੋ। ਬਹੁਤ ਵੱਡੇ-ਵੱਡੇ ਸ਼ਾਪਿੰਗ ਸੈਂਟਰ ਹਨ। ਸਭ ਏਅਰ ਕੰਡੀਸ਼ਨਡ ਹਨ। ਪਿੰਡ ਸ਼ਹਿਰਾਂ ਜਿਹੇ ਹਨ ਤੇ ਸ਼ਹਿਰ ਪਿੰਡਾਂ ਜਿਹੇ।

ਉਹ ਦੇਸ਼ ਕਾਰਾਂ ਤੇ ਕੰਪਿਊਟਰਾਂ ਦਾ ਦੇਸ਼ ਏ। ਮੋਟਰ ਸਾਈਕਲ ਤਾਂ ਕੋਈ ਟਾਵਾਂ ਟਾਵਾਂ ਹੀ ਏ। ਉਥੇ ਦੀਆਂ ਸੜਕਾਂ ਦੀ ਸਪੀਡ ਨਿਸਚਿਤ ਹੈ। ਨਿਸ਼ਚਿਤ ਸਪੀਡ ਵਿਚ ਕਾਰਾਂ ਹੀ ਸਹੀ ਚੱਲ ਸਕਦੀਆਂ ਹਨ, ਸਕੂਟਰ ਆਦਿ ਨਹੀਂ। ਸੜਕਾਂ ਬੜੀਆਂ ਤੇਜ਼ ਹਨ। ਵੱਡੇ ਵੱਡੇ ਮੋਟਰਵੇਅ ਵੀ ਹਨ ਜਿਨ੍ਹਾਂ ਦੀ ਸਪੀਡ 100 ਜਾਂ 110 ਕਿਲੋਮੀਟਰ ਦੀ ਏ। ਲੁੱਟਾਂ ਖੋਹਾਂ ਹਨ ਪਰ ਬਹੁਤ ਹੀ ਘੱਟ।

(ਕਰਮਜੀਤ ਵਿਚ ਫਿਰ ਬੋਲ ਪਿਆ) ਖ਼ਬਰਾਂ ਤਾਂ ਬੜੀਆਂ ਅਜੀਬ ਕਿਸਮ ਦੀਆਂ ਛਪ ਰਹੀਆਂ ਹਨ?

— ਕਰਮਜੀਤ, ਖ਼ਬਰਾਂ ਤਾਂ ਕੈਨੇਡਾ ਬਾਰੇ ਵੀ ਛਪਦੀਆਂ ਰਹਿੰਦੀਆਂ ਹਨ।

ਵੈਨਕੂਵਰ ਦੇ ਇਲਾਕੇ 'ਚ ਆਏ ਮਹੀਨੇ ਕੋਈ ਨਾ ਕੋਈ ਪੰਜਾਬੀ ਮਾਰਿਆ ਜਾਂਦਾ ਏ। ਉੱਥੇ ਅਸਲ ਵਿਚ ਨਸ਼ਿਆਂ ਦੀ ਤਸਕਰੀ ਦਾ ਕੰਮ ਬਹੁਤ ਚਲਦਾ ਏ। ਆਸਟਰੇਲੀਆ ਬਾਰੇ ਜਿਹੜੀਆਂ ਵੀ ਖ਼ਬਰਾਂ ਛਪ ਰਹੀਆਂ ਹਨ ਉਨ੍ਹਾਂ ਪਿੱਛੇ ਸਾਡੇ ਆਪਣਿਆਂ ਦਾ ਹੱਥ ਜ਼ਿਆਦਾ ਏ। ਮੈਂ ਮੰਨਦੀ ਹਾਂ ਕਿ ਉੱਥੇ ਵੀ ਲੁੱਟਾਂ ਖੋਹਾਂ ਹਨ। ਇਸ ਪ੍ਰਕਾਰ ਦੀਆਂ ਲੁੱਟਾਂ ਖੋਹਾਂ ਹਰ ਜਗ੍ਹਾ ਹੁੰਦੀਆਂ ਹਨ। ਜਿਹੜੀਆਂ ਲੜਾਈਆਂ ਹੋ ਰਹੀਆਂ ਉਹ ਜ਼ਿਆਦਾ ਇਧਰੋਂ ਗਏ ਪੰਜਾਬੀਆਂ ਦੀਆਂ ਆਪਸ ਵਿਚ ਹੁੰਦੀਆਂ ਹਨ।

(ਕਰਮਜੀਤ ਫਿਰ ਬੋਲ ਪਿਆ) ਨਾਲੇ ਕਹਿੰਦੇ ਉਥੇ ਨਸਲਵਾਦ ਬਹੁਤ ਏ?

— ਸਭ ਬਕਵਾਸ ਏ। ਥੋੜ੍ਹਾ ਬਹੁਤਾ ਨਸਲਵਾਦ ਹਰ ਜਗ੍ਹਾ ਹੁੰਦਾ ਏ। ਕੀ ਤੂੰ ਗੱਡੀਆਂ ਵਾਲਿਆਂ ਤੇ ਗਧੀਲਿਆਂ ਨਾਲ ਬੈਠ ਕੇ ਖਾਣਾ ਖਾਵੇਂਗਾ? ਉਹ ਤਾਂ ਬਿੱਲੇ ਮਾਰ ਕੇ ਵੀ ਖਾ ਲੈਂਦੇ ਹਨ। ਕੀ ਤੂੰ ਕਦੀ ਬਿੱਲੇ ਦਾ ਮੀਟ ਖਾਧਾ ਏ? ਕੀ ਤੁਹਾਡੇ ਪਿੰਡ ਵਿਚ ਨਸਲਵਾਦ ਨਹੀਂ ਏ? ਤੁਸੀਂ ਹਰੀਜਨਾਂ ਨੂੰ ਵੱਖਰਾ ਗੁਰਦੁਆਰਾ ਬਣਾਉਣ ਲਈ ਕਿਉਂ ਮਜਬੂਰ ਕੀਤਾ ਜਦ ਕਿ ਗੁਰੂ ਸਾਹਿਬਾਨ ਨੇ ਜਾਤਪਾਤ ਖ਼ਤਮ ਕੀਤੀ ਸੀ? ਆਹ ਬੈਠੀ ਤੇਰੀ ਮਾਂ ਇਹਨੂੰ ਪੁੱਛ ਲੈ। ਅਜੇ ਹੁਣੇ ਜਿਹੇ ਦੀ ਗੱਲ ਏ ਕਿ ਪਿੰਡਾਂ ਵਿਚ ਹਰੀਜਨਾਂ ਨੂੰ ਜੱਟ ਜਿਮੀਂਦਾਰ ਆਪਣੇ ਗੁਰਦੁਆਰੇ ਦੇ ਅੰਦਰ ਵੀ ਨਹੀਂ ਬੈਠਣ ਦਿਆ ਕਰਦੇ ਸਨ। ਭਾਰਤ ਵਿਚ ਅਜੇ ਵੀ ਅੰਤਾਂ ਦਾ ਨਸਲਵਾਦ ਏ। ਯੂ.ਪੀ., ਬਿਹਾਰ ਦੇ ਗ਼ਰੀਬ ਇਲਾਕਿਆਂ ਵਿਚ ਜਾ ਕੇ ਦੇਖੀਂ। ਫਿਰ ਤੈਨੂੰ ਪਤਾ ਲੱਗੂ ਕਿ ਅਸਲੀ ਭਾਰਤ ਕਿੱਥੇ ਵਸਦਾ ਏ। ਪੰਜਾਬ ਤੋਂ ਟਰੱਕਾਂ ਵਾਲੇ ਬਿਹਾਰ ਰਾਹੀਂ ਕਲਕੱਤੇ ਵੱਲ ਜਾਂਦੇ ਹੀ ਰਹਿੰਦੇ ਹਨ। ਲੁਟੇਰੇ ਟਰੱਕ ਲੁੱਟ ਲੈਂਦੇ ਹਨ ਤੇ ਬੰਦਿਆਂ ਨੂੰ ਮਾਰ ਦਿੰਦੇ ਹਨ। ਸਾਡੇ ਲੋਕਾਂ ਨੇ ਐਵੇਂ ਖੌਰੂ ਪਾਇਆ ਹੋਇਆ ਏ ਕਿ ਉਥੇ ਮੁੰਡੇ ਕੁੜੀਆਂ ਨੂੰ ਮਿਲਣ ਦੀ ਆਜ਼ਾਦੀ ਬਹੁਤ ਏ। ਮੈਂ ਮੰਨਦੀ ਹਾਂ ਕਿ ਉਥੇ ਇਸ ਪ੍ਰਕਾਰ ਦੇ ਮਿਲਣ ਨੂੰ ਆਵਾਰਾਗਰਦੀ ਨਹੀਂ ਮੰਨਿਆ ਜਾਂਦਾ।

ਭਾਰਤ ਵਿਚ ਆਵਾਰਾਗਰਦੀ ਗੈਰਕਾਨੂੰਨੀ ਮੰਨੀ ਜਾਂਦੀ ਏ। ਭਾਵੇਂ ਉਥੇ ਅੰਤਾਂ ਦੀ ਆਜ਼ਾਦੀ ਏ ਫਿਰ ਵੀ ਜੋ ਕੁਝ ਇੱਥੇ ਭਾਰਤ ਵਿਚ ਹੋ ਰਿਹਾ ਏ ਉਹ ਉਸ ਤੋਂ ਕਿਤੇ ਜ਼ਿਆਦਾ ਮਾੜਾ ਤੇ ਕੋਝਾ ਏ। ਭਾਰਤ ਵਿਚ ਆਵਾਰਾਗਰਦੀ ਗੈਰ-ਕਾਨੂੰਨੀ ਹੋਣ ਦੇ ਬਾਵਜੂਦ ਵੀ ਅੰਦਰੋਗਤੀ ਸਭ ਕੁਝ ਹੋ ਰਿਹਾ ਏ। ਗੋਰੇ ਅੰਦਰੋਗਤੀ ਬਹੁਤਾ ਕੁਝ ਨਹੀਂ ਕਰਦੇ। ਉਨ੍ਹਾਂ ਦੀਆਂ ਨੀਤਾਂ ਸਾਫ਼ ਹਨ, ਸਾਡੇ ਇੱਥੇ ਨੀਤਾਂ ਸਾਫ਼ ਨਹੀਂ ਹਨ। ਉਥੇ ਘੁੰਮਣ ਫਿਰਨ ਤੇ ਮਿਲਣ ਗਿਲਣ ਦੀ ਖੁੱਲ੍ਹ ਹੈ ਪਰ ਮੈਂ ਮੰਨਦੀ ਹਾਂ ਇਕ ਦੂਜੇ ਦੀ ਮਰਜ਼ੀ ਤੋਂ ਬਗ਼ੈਰ ਬਿਲਕੁਲ ਵੀ ਨਹੀਂ। ਜਦ ਸਾਡੇ ਲੋਕ ਇੱਧਰੋਂ ਬੰਦ ਸਭਿਆਚਾਰ ਵਿਚੋਂ ਉਧਰਲੇ ਖੁੱਲ੍ਹੇ ਸਭਿਆਚਾਰ ਵਿਚ ਦਾਖ਼ਲ ਹੁੰਦੇ ਹਨ ਤਾਂ ਭਮੱਤਰ ਜਾਂਦੇ ਹਨ। ਉਹ ਸੋਚਣ ਲੱਗ ਪੈਂਦੇ ਹਨ ਕਿ ਉਥੇ ਜਿਹਨੂੰ ਮਰਜ਼ੀ ਜੋ ਕੁਝ ਮਰਜ਼ੀ ਕਹਿ ਦੇਵੋ। ਪ੍ਰਤੀਕ੍ਰਿਆ ਬੜੀ ਹੀ ਤਿੱਖੀ ਹੁੰਦੀ ਏ। ਇੰਝ ਇਹ ਆਪਣੇ ਵਿਛਾਏ ਜਾਲ ਵਿਚ ਆਪ ਹੀ ਫਸ ਜਾਂਦੇ ਹਨ। ਇਸੇ ਨੂੰ ਹੀ ਬਹੁਤੀ ਵਾਰ ਨਸਲਵਾਦ ਦਾ ਨਾਂ ਦੇ ਦਿੱਤਾ ਜਾਂਦਾ ਏ। ਮੇਰਾ ਖ਼ਿਆਲ ਏ ਕਿ ਤੁਹਾਡੀ ਇਨ੍ਹਾਂ ਗੱਲਾਂ ਨਾਲ ਤਸੱਲੀ ਹੋ ਗਈ ਹੋਵੇਗੀ। ਹੋਰ ਕੁਝ?

ਕਰਮਜੀਤ ਬੋਲਿਆ, "ਬਾਕੀ ਠੀਕ ਏ। ਆਓ ਕੋਈ ਕੰਮ ਦੀ ਗੱਲ ਕਰੀਏ।"

— ਮੈਂ ਤਾਂ ਤੁਹਾਨੂੰ ਸਭ ਕੁਝ ਦੱਸ ਦਿੱਤਾ ਏ। ਅਗਰ ਤੁਹਾਡਾ ਮਨ ਬਣਦਾ ਹੈ ਤਾਂ

ਹੁਣ ਦੱਸ ਦਿਓ। ਅਗਰ ਹੁਣ ਨਹੀਂ ਦੱਸਣਾ ਤਾਂ ਘਰ ਜਾ ਕੇ ਸਲਾਹ ਕਰ ਲਿਓ ਤੇ ਫਿਰ ਫੋਨ ਤੇ ਦੱਸ ਦਿਓ। ਮੇਰੇ ਪਾਸ ਬਹੁਤਾ ਸਮਾਂ ਨਹੀਂ। ਮੈਂ ਜਲਦੀ ਹੀ ਵਾਪਸ ਜਾਣ ਬਾਰੇ ਸੋਚ ਰਹੀ ਹਾਂ।

(ਕਰਮਜੀਤ ਆਪਣੀ ਮਾਂ, ਮਾਸੀ ਤੇ ਮਾਸੜ ਨੂੰ) ਇਸ ਦਾ ਮਤਲਬ ਇਹ ਕਿ 18-20 ਲੱਖ ਰੁਪਿਆ ਤਾਂ ਲੱਗੂਗਾ ਹੀ। ਅਗਰ ਮੈਨੂੰ ਉਥੇ ਕੱਚੇ ਨੂੰ ਕੋਈ ਕੰਮ ਨਾ ਮਿਲਿਆ ਫਿਰ ਕਿਵੇਂ ਹੋਊ? ਮੇਰਾ ਇਕ ਦੋਸਤ ਕਹਿੰਦਾ ਸੀ ਕਿ ਉਥੇ ਕੰਮ ਤੇ ਜਾਣ ਲਈ ਬੰਦੇ ਪਾਸ ਕਾਰ ਹੋਣੀ ਬੜੀ ਹੀ ਜ਼ਰੂਰੀ ਏ। ਸੁਣਿਐ, ਉਥੇ ਤਾਂ ਕੱਚੇ ਨੂੰ ਕਾਰ ਚਲਾਉਣ ਦਾ ਲਸੰਸ ਵੀ ਨਹੀਂ ਮਿਲਦਾ।

— ਦੇਖ ਕਰਮਜੀਤ, ਮੈਂ ਤੈਨੂੰ ਇਕ ਸੰਤਰਿਆਂ ਦੇ ਫਾਰਮ ਤੱਕ ਪਹੁੰਚਾ ਦੇਵਾਂਗੀ। ਫਾਰਮ ਵਾਲੇ ਕਈ ਵਾਰ ਰਿਹਾਇਸ਼ ਫਾਰਮ ਦੇ ਵਿਚ ਹੀ ਦੇ ਦਿੰਦੇ ਹਨ। ਬਹੁਤੀ ਵਾਰੀ ਲਗਾਤਾਰ ਕੰਮ ਨਹੀਂ ਮਿਲਦਾ। ਸੁਣਨ ਵਿਚ ਆਇਆ ਏ ਕਿ ਕੰਮ ਮਿਲਦਾ ਵੀ ਰਹਿੰਦਾ ਏ। ਤੂੰ ਫਾਰਮ ਦੇ ਮਾਲਕ ਨਾਲ ਆਪ ਵਧੀਆ ਸਬੰਧ ਬਣਾਉਣੇ ਹੋਣਗੇ। ਕਈ ਮਾਲਕ ਬੰਦਿਆਂ ਦੀ ਮਦਦ ਵੀ ਕਰ ਦਿੰਦੇ ਨੇ।

— ਜੱਸੀ, ਅਸੀਂ ਪਹਿਲਾਂ ਤੇਰੇ ਨਾਲ ਛੇ ਮਹੀਨੇ ਵਾਸਤੇ ਗੱਲ ਕਰਾਂਗੇ। ਅਗਰ ਤੂੰ ਮੇਰੇ ਪੱਕੇ ਹੋਣ ਤੱਕ ਮੇਰੇ ਨਾਲ ਰਹਿਣਾ ਹੋਵੇ?

— ਇਸ ਤਰ੍ਹਾਂ ਦਾ ਸੌਦਾ ਮੈਂ ਕਰਦੀ ਹੀ ਨਹੀਂ।

— ਸੱਚੀਂ?

— ਕਿਸੇ ਹੋਰ ਨਾਲ ਤੂੰ ਨਹੀਂ ਕੀਤਾ ਨਾ ਸਹੀ। ਸਾਡੇ ਨਾਲ ਤਾਂ ਕਰ ਲੈ?

— ਨਹੀਂ, ਮੈਂ ਇੰਝ ਨਹੀਂ ਕਰ ਸਕਦੀ।

— ਚੰਗਾ, ਅਸੀਂ ਘਰ ਜਾ ਕੇ ਹੋਰ ਸੋਚ ਲੈਂਦੇ ਹਾਂ। ਅਗਰ ਸਾਡਾ ਮਨ ਬਣਿਆ ਤਾਂ ਅਸੀਂ ਬੜੀ ਛੇਤੀ ਤੈਨੂੰ ਦੱਸਾਂਗੇ।

— ਚੰਗਾ, ਸ਼ਤਿ ਸ੍ਰੀ ਅਕਾਲ।

## ਅਧਿਆਇ 17

# ਤੁਸੀਂ ਆਪਣਾ ਪੜ੍ਹਿਆ ਵਿਚਾਰਿਓ?

ਕੀਰਤੀ ਸਿੰਘ ਕਈ ਦਿਨਾਂ ਤੋਂ ਆਪਣੇ ਕਮਰੇ ਵਿਚ ਹੀ ਸੀ। ਉਸ ਦੀ ਸਿਹਤ ਬਹੁਤੀ ਠੀਕ ਨਹੀਂ ਸੀ। ਸਰੀਰ ਤਾਂ ਸਿਆਣਾ ਹੋ ਹੀ ਚੁੱਕਾ ਸੀ। ਇਸ ਦੇ ਨਾਲ ਨਾਲ ਹੀ ਉਸਨੂੰ ਆਪਣੀ ਧੀ ਰਿੰਪੀ ਦੀ ਚਿੰਤਾ ਵੀ ਵੱਢ ਵੱਢ ਖਾ ਰਹੀ ਸੀ। ਰਿੰਪੀ ਹੁਣ ਤੱਕ ਆਪਣੀ ਪੜ੍ਹਾਈ ਪੂਰੀ ਕਰਕੇ ਮੁਹਾਲੀ ਦੇ ਇਕ ਕਾਲਜ ਵਿਚ ਅੰਗਰੇਜ਼ੀ ਦੀ ਲੈਕਚਰਾਰ ਲੱਗ ਗਈ ਸੀ। ਕੀਰਤੀ ਸਿੰਘ ਨੂੰ ਖ਼ੁਸ਼ੀ ਸੀ ਕਿ ਲੜਕੀ ਪੂਰੀ ਤਨਦੇਹੀ ਨਾਲ ਮਿਹਨਤ ਕਰਕੇ ਕਿਸੇ ਵਧੀਆ ਮੁਕਾਮ ਤੇ ਪਹੁੰਚ ਗਈ ਸੀ। ਨਾਲ ਹੀ ਉਹ ਇਹ ਚਾਹੁੰਦਾ ਸੀ ਕਿ ਉਸ ਦਾ ਵਿਆਹ ਵੀ ਉਹਦੇ ਜਿਉਂਦੇ ਜੀਅ ਕਿਸੇ ਚੰਗੀ ਥਾਂ ਹੋ ਜਾਵੇ। ਮਾਂ ਨੇ ਤਾਂ ਨਾ ਰਿੰਪੀ ਦਾ ਸਾਥ ਦਿੱਤਾ ਤੇ ਨਾ ਹੀ ਕੀਰਤੀ ਸਿੰਘ ਦਾ। ਰਿੰਪੀ ਪਿਓ ਦੇ ਕਹਿਣ ਤੇ ਚਲਦੀ ਰਹੀ ਇਹ ਬੜੀ ਖ਼ੁਸ਼ੀ ਦੀ ਗੱਲ ਸੀ। ਕੀਰਤੀ ਸਿੰਘ ਦੇ ਕਮਰੇ ਵਿਚ ਜੋਰਾ ਸਿੰਘ ਤੇ ਸਰਮੁਖ ਸਿੰਘ ਵੀ ਮੌਜੂਦ ਸਨ। ਉਹ ਕੀਰਤੀ ਸਿੰਘ ਦੀ ਮਨ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦੇ ਹੀ ਸਨ। ਉਹ ਦੋਨੋਂ ਵੀ ਰਿੰਪੀ ਬਾਰੇ ਕਾਫ਼ੀ ਗੰਭੀਰ ਸਨ। ਰਿੰਪੀ ਹੁਣ ਰਹਿੰਦੀ ਵੀ ਮੁਹਾਲੀ ਵਿਖੇ ਇਕੱਲੀ ਹੀ ਸੀ। ਪਿਓ ਪਾਸ ਤਾਂ ਉਹ ਕਦੀ ਕਦੀ ਚੱਕਰ ਮਾਰ ਹੀ ਜਾਇਆ ਕਰਦੀ ਸੀ ਪ੍ਰੰਤੂ ਮਾਂ ਪਾਸ ਉਹ ਬਹੁਤ ਹੀ ਘੱਟ ਜਾਂਦੀ ਸੀ। ਸ਼ਾਇਦ ਉਹ ਖ਼ੁਦ ਵੀ ਆਪਣੇ ਬਾਰੇ ਕੁਝ ਨਾ ਕੁਝ ਸੋਚਦੀ ਹੀ ਰਹਿੰਦੀ ਸੀ।

ਕੀਰਤੀ ਸਿੰਘ ਦੇ ਕਮਰੇ ਵਿਚ ਕਈ ਵਾਰ ਕੁਝ ਚੀਜ਼ਾਂ ਦੀ ਘਾਟ ਹੋ ਜਾਇਆ ਕਰਦੀ ਸੀ। ਨਾਲ ਲਗਦੀ ਰਸੋਈ ਵਿਚ ਸਮਾਨ ਲਿਆ ਕੇ ਰੱਖਣਾ ਹੀ ਹੁੰਦਾ ਸੀ। ਇਹ ਕੰਮ ਅਕਸਰ ਸਰਮੁਖ ਸਿੰਘ ਹੀ ਕਰਿਆ ਕਰਦਾ ਸੀ। ਸਰਮੁਖ ਸਿੰਘ ਚਾਹ ਪਾਣੀ ਬਣਾਉਣ ਦਾ ਕੰਮ ਵੀ ਆਪ ਹੀ ਕਰਿਆ ਕਰਦਾ ਸੀ। ਕਈ ਵਾਰ ਤਾਂ ਉਹ ਰੋਟੀ ਵੀ ਆਪ ਹੀ ਬਣਾ ਲਿਆ ਕਰਦਾ ਸੀ। ਕਈ ਵਾਰ ਰੋਟੀ ਬਾਹਰੋਂ ਢਾਬੇ ਤੋਂ ਲਿਆਈ ਜਾਂਦੀ ਸੀ। ਅਗਰ ਕੀਰਤੀ ਸਿੰਘ ਦੀ ਸਿਹਤ ਬਿਲਕੁਲ ਠੀਕ ਹੋਵੇ ਤਾਂ ਉਹ ਬਾਹਰ ਢਾਬੇ ਤੇ ਹੀ ਜਾ ਕੇ ਰੋਟੀ ਖਾ ਆਇਆ ਕਰਦੇ ਸਨ।

ਰਸੋਈ ਦਾ ਕੁਝ ਸਮਾਨ ਲਿਆਉਣ ਵਾਲਾ ਸੀ। ਸਰਮੁਖ ਸਿੰਘ ਨੇ ਜੋਰਾ ਸਿੰਘ ਨੂੰ ਇਸ਼ਾਰਾ ਕੀਤਾ।

— ਭਾਜੀ, ਆਓ ਆਪਾਂ ਬਾਜ਼ਾਰ ਤੋਂ ਕੁੱਝ ਸਮਾਨ ਲੈ ਆਈਏ।

— ਕਿਹੜੀ ਮਾਰਕੀਟ ਜਾਣਾ ਏ?

— ਆਓ 22 ਦੀ ਮਾਰਕੀਟ ਹੀ ਜਾ ਆਉਂਦੇ ਹਾਂ।

— ਬਾਈ ਜੀ ਦੀ ਸਿਹਤ ਖ਼ਰਾਬ ਏ। ਕੀ ਇਨ੍ਹਾਂ ਪਾਸ ਇਕ ਬੰਦੇ ਦਾ ਰਹਿਣਾ ਜ਼ਰੂਰੀ ਨਹੀਂ?

— (ਕੀਰਤੀ ਸਿੰਘ ਵਿਚ ਹੀ ਬੋਲ ਪਿਆ) ਮੈਂ ਠੀਕ ਹਾਂ। ਤੁਸੀਂ ਜਾਵੋ ਤੇ ਰਸੋਈ ਦਾ ਸਮਾਨ ਲੈ ਆਵੋ। ਸਰਮੁਖ ਨੂੰ ਮੇਰੀ ਮਨਪਸੰਦ ਦੁਕਾਨ ਦਾ ਪਤਾ ਏ। ਉਥੇ ਮੇਰਾ ਖਾਤਾ ਚਲਦਾ ਹੀ ਏ। ਜੋਰਾ ਸਿਹਾਂ ਪੈਸਿਆਂ ਦਾ ਫ਼ਿਕਰ ਨਾ ਕਰੀਂ।

— ਬਾਈ ਜੀ, ਪੈਸੇ ਤੁਹਾਡੇ ਸਾਡੇ ਕਿਹੜੇ ਵੰਡੇ ਹੋਏ ਨੇ। ਤੁਸੀਂ ਆਰਾਮ ਕਰੋ। ਅਸੀਂ ਘੰਟੇ ਤੱਕ ਆਏ।

— ਚੰਗਾ, ਤੁਸੀਂ ਜਾ ਆਓ। ਮੇਰਾ ਫ਼ਿਕਰ ਨਾ ਕਰੋ। ਮੈਂ ਠੀਕ ਹਾਂ। ਨਾਲੇ ਮੇਰੀ ਘੰਟਾ ਕੁ ਅੱਖ ਲੱਗ ਜਾਊ।

ਜੋਰਾ ਸਿੰਘ ਤੇ ਸਰਮੁੱਖ ਸਿੰਘ ਬਜ਼ਾਰ ਨੂੰ ਚਲੇ ਗਏ। ਰਾਹ ਵਿਚ ਉਹ ਗੱਲਾਂ ਕਰਦੇ ਗਏ।

— ਪ੍ਰੋਫੈਸਰ ਸਾਹਿਬ, ਕੀਰਤੀ ਬਾਈ ਜੀ ਆਪਣੀ ਧੀ ਪ੍ਰਤੀ ਕਾਫ਼ੀ ਚਿੰਤਤ ਰਹਿੰਦਾ ਏ। ਇਹਨੂੰ ਉਹਦੇ ਵਿਆਹ ਦੀ ਚਿੰਤਾ ਲੱਗੀ ਰਹਿੰਦੀ ਏ। ਕੁੜੀ ਬੜੀ ਸਿਆਣੀ ਏ ਪਰ ਇਕ ਚੱਕਰ ਵੀ ਏ।

— ਉਹ ਕੀ?

— ਜਦ ਪਰਿਵਾਰ ਪਾਟੋਧਾੜ ਹੋਵੇ ਤਾਂ ਬੱਚੇ ਨੂੰ ਸਭ ਤੋਂ ਵੱਧ ਪਰੇਸ਼ਾਨੀ ਵਿਆਹ ਵੇਲੇ ਆਉਂਦੀ ਏ। ਵਿਆਹ ਸਮੇਂ ਪ੍ਰੀਵਾਰ ਦੀ ਵੀ ਤੇ ਦੂਜਿਆਂ ਦੀ ਵੀ ਜ਼ਰੂਰਤ ਮਹਿਸੂਸ ਹੁੰਦੀ ਹੀ ਏ। ਬੰਦਾ ਆਪਣਾ ਕੈਰੀਅਰ ਬਣਾਉਣ ਲਈ ਇਕੱਲਾ ਅੰਤਾਂ ਦੀ ਮਿਹਨਤ ਕਰ ਸਕਦਾ ਏ। ਉਹ ਨੌਕਰੀ ਵੀ ਇਕੱਲਾ ਲੈ ਸਕਦਾ ਏ। ਉਹ ਘਰ ਵੀ ਇਕੱਲਾ ਬਣਾ ਸਕਦਾ ਏ ਤੇ ਖਰੀਦ ਵੀ ਸਕਦਾ ਏ ਪ੍ਰੰਤੂ ਵਿਆਹ ਵੇਲੇ ਕੋਈ ਟਾਵਾਂ ਹੀ ਹੋਊ ਜਿਹੜਾ ਇਕੱਲਾ ਕਾਮਯਾਬ ਹੋ ਜਾਵੇ।

— ਸਰਮੁਖ ਸਿਹਾਂ, ਗੱਲ ਤੇਰੀ ਕਾਫ਼ੀ ਹੱਦ ਤੱਕ ਠੀਕ ਏ। ਅੱਜ ਕਈ ਬੰਦੇ ਐਸੇ ਵੀ ਹਨ ਜਿਹੜੇ ਇਕੱਲੇ ਹੀ ਫ਼ੈਸਲਾ ਲੈ ਲੈਂਦੇ ਹਨ ਤੇ ਇਕੱਲੇ ਹੀ ਵਿਆਹ ਕਰਵਾ ਲੈਂਦੇ ਹਨ। ਮੇਰੀ ਹਾਲਤ ਦੇਖ ਲੈ। ਮੇਰੇ ਮਾਪੇ ਅਨਪੜ੍ਹ ਸਨ। ਮੇਰੇ ਨਾਨਕੇ ਉਨ੍ਹਾਂ ਤੋਂ ਵੀ ਮਾੜੇ ਸਨ। ਜਦੋਂ ਮੈਂ ਪੜ੍ਹਾਈ ਪੂਰੀ ਕੀਤੀ ਤਾਂ ਉਹ ਆਪਣੇ ਮੁਤਾਬਿਕ ਰਿਸ਼ਤੇ ਦੱਸੀ ਜਾਣ ਤੇ ਮੈਨੂੰ ਜਚੇ ਕੋਈ ਨਾ। ਜਿਸ ਪ੍ਰਕਾਰ ਦੇ ਉਨ੍ਹਾਂ ਦੇ ਸਮਾਜਕ ਲਿੰਕ ਸਨ ਉਸ ਪ੍ਰਕਾਰ ਦੇ ਹੀ ਉਨ੍ਹਾਂ ਰਿਸ਼ਤੇ ਲੱਭਣੇ ਸਨ। ਉਹ ਮੇਰੀ ਮਾਨਸਿਕ ਹਾਲਤ ਨੂੰ ਸਮਝ ਹੀ ਨਹੀਂ ਸਨ ਸਕਦੇ। ਮੈਂ ਐਮ.ਏ. ਪਾਸ ਤੇ ਲੈਕਚਰਾਰ ਤੇ ਉਹ ਮੈਨੂੰ ਰਿਸ਼ਤੇ ਲਿਆਉਣ ਦਸਵੀਂ ਪਾਸ ਕੁੜੀਆਂ ਦੇ। ਅਗਰ ਕੋਈ ਬੀ.ਏ. ਹੋਵੇ ਤਾਂ ਉਸ ਦੀ ਸ਼ਕਲ ਸੂਰਤ ਮਾੜੀ। ਲੋਕ ਕਹਿਣ ਮੁੰਡਾ ਗ਼ਰੀਬ ਘਰਦਾ ਏ। ਇਹ ਤਾਂ ਸਾਡੇ ਲਿਆਂਦੇ ਰਿਸ਼ਤੇ ਨੂੰ ਟੁੱਟ ਕੇ ਪੈ ਜਾਊ। ਸਾਡੇ ਪਿੰਡ ਇਕ ਮਨੀਲੇ ਵਾਲਿਆਂ ਦਾ ਟੱਬਰ ਏ। ਉਨ੍ਹਾਂ ਦੀ ਇਕ ਤੀਵੀਂ ਮੈਨੂੰ ਇੰਗਲੈਂਡ ਵਿਚ ਇਕ ਰਿਸ਼ਤੇ ਬਾਰੇ ਦੱਸ ਕੇ ਇੰਨੀ ਆਸਵੰਦ ਹੋਈ ਫਿਰੇ ਜਿਵੇਂ ਮੈਂ ਉਸ ਰਿਸ਼ਤੇ ਨੂੰ ਟੁੱਟ ਕੇ ਪੈ ਜਾਣਾ ਹੋਵੇ। ਜਦੋਂ ਮੈਂ ਕਿਹਾ ਕਿ ਮੈਨੂੰ ਪਹਿਲਾਂ ਲੜਕੀ ਦੀ ਯੋਗਤਾ ਦੱਸੋ ਤੇ ਨਾਲ ਹੀ ਲੜਕੀ ਦੀ ਫੋਟੋ ਦਿਖਾਓ ਤਾਂ ਕਹਿਣ ਲੱਗੇ, "ਜਾਤ ਦੀ ਕੋਹੜ ਕਿਰਲੀ, ਸ਼ਤੀਰਾਂ ਨੂੰ ਜੱਫੇ।" ਘਰ ਵਿਚ ਦਾਣੇ ਖਾਣ ਨੂੰ ਨਹੀਂ ਹੁੰਦੇ ਸੀ। ਜੇ ਹੁਣ ਚਾਰ ਜਮਾਤਾਂ ਪੜ੍ਹ ਕੇ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਉਣ

ਲੱਗ ਗਿਆ ਤਾਂ ਕਹਿੰਦਾ ਫਿਰਦਾ ਕੁੜੀ ਦੀ ਫੋਟੋ ਦਿਖਾਓ। ਅੱਜ ਤਾਂ ਕੀੜੀਆਂ ਨੂੰ ਵੀ ਖੰਭ ਲੱਗਗੇ।"

— ਇਸ ਪ੍ਰਕਾਰ ਦੇ ਮੌਕਿਆਂ ਤੇ ਸ਼ਰੀਕ ਸਭ ਤੋਂ ਵੱਧ ਖ਼ੁਸ਼ ਹੁੰਦੇ ਹਨ। ਮੇਰਾ ਇਕ ਚਾਚਾ ਕੈਨੇਡਾ ਚਲਾ ਗਿਆ ਸੀ। ਉਹ ਕੁਝ ਦਿਨਾਂ ਲਈ ਇੱਥੇ ਵਾਪਸ ਆਇਆ। ਉਸ ਸਮੇਂ ਮੇਰੀ ਤਨਖਾਹ 14000 ਰੁਪਏ ਸੀ। ਕੈਨੇਡਾ ਵਾਲਾ ਚਾਚਾ ਇਕ ਦਿਨ ਕਿਸੇ ਨੂੰ ਕਹਿਣ ਲੱਗਾ-ਓਦਾਂ ਕਹਿੰਦੇ ਆ, ਮੁੰਡਾ ਪੰਜ ਹਜ਼ਾਰ ਮਹੀਨੇ ਦਾ ਲੈਂਦਾ ਏ, ਰਿਸ਼ਤਾ ਚੱਜ ਦਾ ਮਿਲਦਾ ਹੀ ਨਹੀਂ। ਭਾਵੇਂ ਮੇਰੀ ਤਨਖਾਹ ਪੰਜ ਹਜ਼ਾਰ ਤੋਂ ਕਿਤੇ ਜ਼ਿਆਦਾ ਸੀ, ਉਸ ਨੂੰ ਉਸ ਸਮੇਂ ਪੰਜ ਹਜ਼ਾਰ ਹੀ ਬਹੁਤ ਜ਼ਿਆਦਾ ਲਗਦਾ ਸੀ। ਇੰਝ ਸੋਚਦੇ ਨੇ ਸ਼ਰੀਕ, ਸਰਮੁਖ ਸਿੰਹਾਂ।

— ਤੁਸੀਂ ਫਿਰ ਕਿੰਝ ਕੀਤਾ?

— ਮੈਂ ਆਪਣੇ ਰਿਸ਼ਤੇ ਦੀ ਆਰਾਮ ਨਾਲ ਚੋਣ ਕੀਤੀ ਤੇ ਵਿਆਹ ਵੀ ਵਧੀਆ ਤਰੀਕੇ ਨਾਲ ਕਰਵਾਇਆ। ਮੈਂ ਮਰਦ ਸੀ, ਰਿੰਪੀ ਇਸਤਰੀ ਏ। ਹਾਂ, ਸਾਡੇ ਸਮਾਜ ਵਿਚ ਇਸਤਰੀ ਨੂੰ ਮਰਦ ਨਾਲੋਂ ਵੱਧ ਪ੍ਰੇਸ਼ਾਨੀਆਂ ਆ ਸਕਦੀਆਂ ਨੇ। ਵੈਸੇ, ਕੁੜੀ ਸਿਆਣੀ ਏ, ਸ਼ਕਲ ਸੂਰਤ ਵੀ ਚੰਗੀ ਏ। ਸਾਨੂੰ ਥੋੜ੍ਹਾ ਬਹੁਤ ਅੰਦਾਜ਼ਾ ਲਗਾਉਣਾ ਚਾਹੀਦਾ ਏ ਕਿ ਉਹ ਕੋਈ ਰਿਸ਼ਤਾ ਆਪਣੇ ਮਨ ਵਿਚ ਲੈ ਕੇ ਤਾਂ ਨਹੀਂ ਬੈਠੀ। ਅਗਰ ਅਜਿਹਾ ਨਾ ਹੋਵੇ ਤਾਂ ਸਾਨੂੰ ਇਹ ਵੀ ਅੰਦਾਜ਼ਾ ਲਗਾਉਣਾ ਚਾਹੀਦਾ ਏ ਕਿ ਉਹ ਕਿਸ ਪ੍ਰਕਾਰ ਦਾ ਰਿਸ਼ਤਾ ਚਾਹੁੰਦੀ ਏ। ਭਾਵੇਂ ਕੀਰਤੀ ਸਿੰਘ ਦੀ ਬਥੇਰੀ ਵਾਕਫ਼ੀਅਤ ਏ, ਸਾਨੂੰ ਉਸ ਦਾ ਇਸ ਕੰਮ ਵਿਚ ਸਾਥ ਜ਼ਰੂਰ ਦੇਣਾ ਚਾਹੀਦਾ ਏ। ਸਭ ਤੋਂ ਮਾੜੀ ਗੱਲ ਇਹ ਹੈ ਕਿ ਆਦਮੀ ਤੀਵੀਂ ਦੀ ਆਪਸ ਵਿਚ ਨਹੀਂ ਬਣਦੀ।

— ਜੋਰਾ ਸਿੰਹਾਂ, ਤੇਰਾ ਪ੍ਰੇਮ ਵਿਆਹ ਬਾਰੇ ਕੀ ਖ਼ਿਆਲ ਏ? ਅੱਜ ਕੱਲ੍ਹ ਤਾਂ ਅੰਤਾਂ ਦੇ ਪ੍ਰੇਮ ਵਿਆਹ ਹੋਣ ਲੱਗ ਪਏ ਹਨ।

— ਸਰਮੁਖ ਸਿੰਹਾਂ, ਇਹ ਜਿਹੜੇ ਸਾਨੂੰ ਪ੍ਰੇਮ ਵਿਆਹ ਨਜ਼ਰ ਆ ਰਹੇ ਹਨ ਇਹ ਸਾਰੇ ਸਹੀ ਅਰਥਾਂ ਵਿਚ ਪ੍ਰੇਮ ਵਿਆਹ ਨਹੀਂ ਹਨ। ਇਨ੍ਹਾਂ ਵਿਚ ਕਈ ਤਾਂ ਮਜਬੂਰੀ 'ਚ ਕੀਤੇ ਪ੍ਰੇਮ ਵਿਆਹ ਹਨ। ਤੇ ਕਈ ਆਪਣੀ ਸਹੂਲਤ ਅਨੁਸਾਰ ਢਾਲੇ ਪਏ ਵਿਆਹ (marriages of convenience) ਹਨ। ਸਾਡੇ ਸਮਾਜ ਵਿਚ ਕੁੜੀਆਂ ਦੇ ਅੰਤਾਂ ਦੇ ਕੇਸ ਐਸੇ ਹੁੰਦੇ ਹਨ ਜਿੱਥੇ ਕੁੜੀਆਂ ਆਪਣੇ ਪਹਿਲੇ ਪ੍ਰੇਮੀ ਤੋਂ ਧੋਖਾ ਖਾ ਚੁੱਕੀਆਂ ਹੁੰਦੀਆਂ ਹਨ ਤੇ ਬਾਅਦ ਵਿਚ ਜੋ ਹੱਥ ਆ ਗਿਆ ਉਹੀ ਠੀਕ। ਦੂਜੇ ਸ਼ਬਦਾਂ ਵਿਚ ਇੰਝ ਕਿਹਾ ਜਾ ਸਕਦਾ ਏ ਕਿ ਤੂੜੀ ਗਿੱਲੀ ਹੁੰਦੀ ਏ ਤੇ ਮੱਝ ਭੁੱਖੀ ਹੁੰਦੀ ਏ। ਭੁੱਖੀ ਮੱਝ ਨੂੰ ਕਾਹਲੀ ਕਾਹਲੀ ਵਿਚ ਗਿੱਲੀ ਤੂੜੀ ਹੀ ਖਾਣੀ ਪੈਂਦੀ ਏ। ਸਾਡਾ ਸਭਿਆਚਾਰ ਤੇ ਈਥੋਸ ਅਜੇ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋਇਆ ਜਿਵੇਂ ਪੱਛਮ ਵਿਚ ਏ। ਅਸੀਂ ਕਹਿੰਦੇ ਹਾਂ ਕਿ ਸਭਿਆਚਾਰ ਤੌਰ ਤੇ ਅਸੀਂ ਆਜ਼ਾਦ ਹਾਂ ਪ੍ਰੰਤੂ ਸਾਡੇ ਰਸਮ ਰਿਵਾਜ਼ ਕਹਿੰਦੇ ਹਨ ਕਿ ਤੁਸੀਂ ਸਾਡੇ ਵਿਚ ਬੱਝੇ ਹੋਏ ਹੋ, ਤੁਸੀਂ ਸਾਨੂੰ ਛੱਡ ਕੇ ਭੱਜ ਨਹੀਂ ਸਕਦੇ। ਸਾਡੇ ਸਭਿਆਚਾਰ ਦਾ ਇਹ ਅਧਵਾਟੇ ਵਾਲਾ ਸਮਾਂ (Transitional period) ਏ। ਡੇਢ ਕੁ ਸੌ ਸਾਲ ਪਹਿਲਾਂ ਇੰਗਲੈਂਡ ਵਿਚ ਵੀ ਇੰਝ ਹੀ ਹੋਇਆ ਕਰਦਾ ਸੀ। ਉਥੇ ਵੀ ਸਮਾਜਕ ਬੰਧਨ ਬੜੇ ਹੋਇਆ ਕਰਦੇ ਸਨ। ਇਕ ਸਾਡੇ ਸਮਾਜ ਵਿਚ ਪਿੰਡਾਂ ਤੇ ਸ਼ਹਿਰਾਂ ਦੇ ਜੀਵਨ ਢੰਗ 'ਚ ਬੜਾ ਫ਼ਰਕ ਏ। ਜਿੱਥੇ ਸ਼ਹਿਰਾਂ ਵਿਚ

ਕੁਝ ਖੁੱਲ੍ਹਾ ਮਾਹੌਲ ਏ, ਉਥੋਂ ਪਿੰਡਾਂ ਵਿਚ ਔਰਤਾਂ ਦਾ ਘੁੱਟਵਾਂ ਮਾਹੌਲ ਏ। ਪਿੰਡਾਂ ਵਿਚ ਜਿਸ ਹਰਕਤ ਨੂੰ ਬਹੁਤ ਵੱਡੀ ਬੇਜ਼ਤੀ ਸਮਝਿਆ ਜਾਂਦਾ ਏ, ਸ਼ਹਿਰਾਂ ਵਿਚ ਇਸ ਪ੍ਰਕਾਰ ਦੀ ਹਰਕਤ ਇਕ ਫੈਸ਼ਨ ਬਣ ਗਿਆ ਹੈ। ਸਾਡੇ ਪ੍ਰੇਮ ਵਿਆਹਾਂ ਵਿਚ ਆਰਥਿਕਤਾ ਨੂੰ ਵੀ ਦੇਖਿਆ ਜਾਂਦਾ ਏ। ਦੋਵੇਂ ਧਿਰਾਂ ਆਪਣੀ ਆਮਦਨ ਦੇ ਸਾਧਨ ਦੇਖ ਕੇ ਇਕ ਦੂਜੇ ਦੇ ਨੇੜੇ ਆਉਂਦੀਆਂ ਹਨ। ਕਿਸੇ ਗ਼ਰੀਬ ਲੜਕੇ ਦਾ ਕਿਸੇ ਅਮੀਰ ਕੁੜੀ ਨਾਲ ਵਿਆਹ ਹੁੰਦਾ ਬਹੁਤ ਹੀ ਘੱਟ ਦੇਖਿਆ ਏ। ਅਸਲੀ ਪ੍ਰੇਮ ਵਿਆਹ ਉਹ ਹੈ ਜਦ ਲੜਕਾ-ਲੜਕੀ ਇਕ ਦੂਜੇ ਨੂੰ ਪਹਿਲੀ ਮਿਲਣੀ ਵਿਚ ਹੀ ਚਾਹੁਣ ਲੱਗ ਜਾਣ। ਸਾਡੇ ਇੱਥੇ ਸਮਾਜਕ ਸੁਰੱਖਿਆ ਨਹੀਂ ਹੈ। ਇਸ ਲਈ ਲੜਕੀ ਉਸ ਲੜਕੇ ਵੱਲ ਬਹੁਤ ਹੀ ਘੱਟ ਵਧਦੀ ਹੈ ਜਿਸ ਦੇ ਕਮਾਈ ਦੇ ਸਾਧਨ ਘੱਟ ਹੋਣ। ਉਂਝ ਭਾਵੇਂ ਉਹ ਲੜਕਾ ਦੇਖਣ ਪਾਖਣ ਨੂੰ ਬਹੁਤ ਹੀ ਸੋਹਣਾ ਹੋਵੇ। ਪੱਛਮ ਵਿਚ ਇਝ ਬਹੁਤ ਹੀ ਘੱਟ ਏ। ਉਥੇ, ਸੁਣਨ ਵਿਚ ਆਇਆ ਏ, ਇਕ ਅਧਿਆਪਕਾ ਇਕ ਰਾਜ ਮਿਸਤਰੀ ਨਾਲ, ਇਕ ਨਰਸ ਇਕ ਟੈਕਸੀ ਡਰਾਈਵਰ ਨਾਲ ਤੇ ਇਕ ਰੇਲਵੇ ਕਰਮਚਾਰੀ ਇਕ ਸੜਕ ਤੇ ਲੁੱਕ ਪਵਾਉਣ 'ਚ ਮਦਦ ਕਰਕੇ ਮਜ਼ਦੂਰੀ ਕਰਨ ਵਾਲੇ ਨਾਲ ਆਰਾਮ ਨਾਲ ਵਿਆਹ ਕਰਵਾ ਲੈਂਦੇ ਹਨ। ਉੱਥੇ ਤਾਂ ਕੁੜੀਆਂ ਵਿਹਲੜਾਂ ਨਾਲ ਵੀ ਵਿਆਹ ਕਰਵਾ ਲੈਂਦੀਆਂ ਹਨ।

— ਪ੍ਰੋਫੈਸਰ ਸਾਹਿਬ ਰਿੰਪੀ ਦੇ ਮਾਮਲੇ 'ਚ ਇਕ ਸਮੱਸਿਆ ਇਹ ਵੀ ਏ ਕਿ ਉਸ ਦੀ ਆਪਣੀ ਮਾਂ ਨਾਲ ਨਹੀਂ ਬਣਦੀ। ਜਦ ਵੀ ਰਿਸ਼ਤਾ ਹੋਊ ਤਾਂ ਦੂਜੀ ਪਾਰਟੀ ਇਹ ਸੋਚੇਗੀ ਹੀ ਕਿ ਸਾਰਾ ਪਰਿਵਾਰ ਪਾਟੋ ਧਾੜ ਏ। ਰਿਸ਼ਤਾ ਕਿਵੇਂ ਕੀਤਾ ਜਾਵੇ? ਕਈ ਤੀਵੀਆਂ ਤਾਂ ਇਨੀਆਂ ਵਹਿਮੀ ਹੁੰਦੀਆਂ ਹਨ ਕਿ ਉਹ ਸੋਚਦੀਆਂ ਹਨ ਕਿ ਜਿਸ ਕੁੜੀ ਨੂੰ ਆਪਣੀ ਮਾਂ ਦੀ ਸਾਂਭ ਸੰਭਾਲ ਹੀ ਨਹੀਂ ਮਿਲੀ ਉਹ ਪਤਾ ਨਹੀਂ ਕਿੱਦਾਂ ਦੀ ਹੋਊ।

— ਤੇਰੀ ਗੱਲ ਵੈਸੇ ਕਿਸੇ ਹੱਦ ਤੱਕ ਠੀਕ ਏ ਪਰ ਪੂਰੀ ਠੀਕ ਨਹੀਂ। ਮਾਵਾਂ ਦਾ ਫਰਜ਼ ਏ ਕਿ ਉਹ ਆਪਣੀਆਂ ਧੀਆਂ ਨੂੰ 16 ਸਾਲ ਦੀ ਉਮਰ ਤੋਂ ਲੈ ਕੇ 22 ਕੁ ਸਾਲ ਦੀ ਉਮਰ ਤੱਕ ਵੱਧ ਤੋਂ ਵੱਧ ਸੰਭਾਲਣ। ਬਹੁਤੀਆਂ ਲੜਕੀਆਂ ਇਸ ਉਮਰ ਵਿਚ ਹੀ ਗੁੰਮਰਾਹ ਹੁੰਦੀਆਂ ਹਨ। ਮੇਰੇ ਇੰਜ ਕਹਿਣ ਨੂੰ ਭਾਵੇਂ ਤੂੰ ਪਛੜੀ ਹੋਈ ਸੋਚ ਕਹੇਂ ਪਰ ਸਾਨੂੰ ਸਮਾਜ ਦੇ ਨਾਲ ਤਾਂ ਚੱਲਣਾ ਹੀ ਚਾਹੀਦਾ ਏ। ਲੜਕੀ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਮਾਂ ਦਾ ਹੁੰਦਾ ਏ। ਬਾਕੀ ਜਿੱਥੋਂ ਤੱਕ ਰਿੰਪੀ ਦਾ ਸਵਾਲ ਏ ਉਹ ਬੜੀ ਸਿਆਣੀ ਕੁੜੀ ਏ। ਕਈ ਵਾਰ ਬੰਦਾ ਮੁਸ਼ਕਿਲਾਂ ਅਤੇ ਮਾਨਸਿਕ ਤਣਾਅ ਤੋਂ ਗੁਜ਼ਰ ਕੇ ਵੱਧ ਸਿਆਣਾ ਵੀ ਬਣ ਜਾਂਦਾ ਏ। ਉਸ ਵਿਚ ਵਿਚਾਰਾਂ ਦੀ ਪਕਿਆਈ ਜਲਦੀ ਆਉਣੀ ਸ਼ੁਰੂ ਹੋ ਜਾਂਦੀ ਏ। ਸਾਨੂੰ ਹੁਣ ਇੱਧਰ ਬਹੁਤਾ ਸਮਾਂ ਨਹੀਂ ਲਗਾਉਣਾ ਚਾਹੀਦਾ। ਕੀਰਤੀ ਸਿੰਘ ਸਿੰਘ ਹੁਰੀਂ ਸਾਨੂੰ ਉਡੀਕ ਰਹੇ ਹੋਣਗੇ। ਉਨ੍ਹਾਂ ਨਾਲ ਵੀ ਰਿੰਪੀ ਦੇ ਵਿਆਹ ਦੀ ਗੱਲ ਤੋਰ ਕੇ ਦੇਖਾਂਗੇ। ਆਓ ਹੁਣ ਚੱਲੀਏ।

ਜਦ ਉਹ ਕਮਰੇ ਵਿਚ ਵਾਪਿਸ ਪਹੁੰਚੇ ਤਾਂ ਕੀਰਤੀ ਸਿੰਘ ਦੀ ਅੱਖ ਲੱਗੀ ਹੋਈ ਸੀ। ਉਨ੍ਹਾਂ ਸੋਚਿਆ ਕਿ ਉਸ ਨੂੰ ਨਾ ਜਗਾਇਆ ਜਾਵੇ। ਸਰਮੁਖ ਸਿੰਘ ਨੇ ਚਾਹ ਬਣਾਉਣੀ ਸੀ। ਉਨ੍ਹਾਂ ਚਾਹ ਬਣਾਉਣੀ ਵੀ ਕੁਝ ਸਮੇਂ ਲਈ ਲੇਟ ਕਰ ਦਿੱਤੀ ਤਾਂ ਕਿ ਕੀਰਤੀ ਸਿੰਘ ਕੁਝ ਸਮਾਂ ਹੋਰ ਆਰਾਮ ਕਰ ਲਵੇ। ਉਹ ਕਮਰੇ ਦੇ ਮੂਹਰੇ ਬਾਹਰ ਡਹੀਆਂ ਆਰਾਮ ਕੁਰਸੀਆਂ ਤੇ ਬੈਠ ਗਏ। ਸਰਦੀਆਂ ਦਾ ਮੌਸਮ ਸੀ ਤੇ ਤੇਜ਼ ਧੁੱਪ ਵਿਚ ਬੈਠਣਾ ਚੰਗਾ ਲਗਦਾ ਸੀ।

— ਪ੍ਰੋਫੈਸਰ ਸਾਹਿਬ, ਕੀਰਤੀ ਬਾਈ ਗਿਪੀ ਨੂੰ ਬਾਹਰਲੇ ਕਿਸੇ ਮੁਲਕ ਵਿਚ ਨਹੀਂ ਭੇਜ ਸਕਦਾ?

— ਮੈਨੂੰ ਨਹੀਂ ਲਗਦਾ।

— ਅਗਰ ਕੋਈ ਬਾਹਰਲਾ ਚੰਗਾ ਲੜਕਾ ਮਿਲ ਜਾਵੇ ਤਾਂ ਭੇਜਣ ਵਿਚ ਕੀ ਹਰਜ਼ ਏ?

— ਕੀਰਤੀ ਬਾਹਰਲਿਆਂ ਤੇ ਬਹੁਤ ਹੀ ਘੱਟ ਯਕੀਨ ਕਰਦਾ ਏ। ਬਾਹਰ ਭੇਜੀਆਂ ਕਈ ਲੜਕੀਆਂ ਨਾਲ ਪਹਿਲਾਂ ਕਾਫ਼ੀ ਕੁਝ ਮਾੜਾ ਹੋ ਚੁੱਕਾ ਏ। ਅਨਪੜ੍ਹ ਜਾਂ ਅਰਧ ਪੜ੍ਹੇ ਮੁੰਡੇ ਉੱਧਰੋਂ ਮਜ਼ਦੂਰੀਆਂ ਕਰਦੇ ਆਉਂਦੇ ਹਨ ਤੇ ਇਧਰੋਂ ਅੰਤਾਂ ਦੀਆਂ ਸੂਝਵਾਨ ਕੁੜੀਆਂ ਵਿਆਹ ਕੇ ਲੈ ਜਾਂਦੇ ਹਨ। ਸਾਰੀ ਉਮਰ ਆਪਸ ਵਿਚ ਦਿਮਾਗ਼ੀ ਪੱਧਰ ਹੀ ਮੇਲ ਨਹੀਂ ਖਾਂਦਾ। ਸਾਰੀ ਉਮਰ ਦੀ ਖੱਜਲ ਖੁਆਰੀ ਗਲ ਪੈ ਜਾਂਦੀ ਏ। ਕਈਆਂ ਨੇ ਤਾਂ ਉਧਰ ਆਪਣੀਆਂ ਹੋਰ ਸਹੇਲੀਆਂ ਵੀ ਰੱਖੀਆਂ ਹੁੰਦੀਆਂ ਹਨ। ਸਾਡੇ ਆਪਣੇ ਦੇਸ਼ ਦੇ ਮਾੜੇ ਢਾਂਚੇ ਨੇ ਬਹੁਤਿਆਂ ਨੂੰ ਉਧਰ ਜਾਣ ਵੱਲ ਮਜ਼ਬੂਰ ਜ਼ਰੂਰ ਕੀਤਾ ਏ ਪ੍ਰੰਤੂ ਅਸਲੀ ਹੱਲ ਇਹੀ ਹੈ ਕਿ ਆਪਣਾ ਦੇਸ਼ ਹੀ ਵਧੀਆ ਹੋਵੇ। ਅਗਰ ਆਪਣਾ ਦੇਸ਼ ਨਹੀਂ ਵੀ ਵਧੀਆ ਏ ਤਾਂ ਵੀ ਲੜਕੀਆਂ ਤਾਂ ਠੀਕ ਜਚਦੇ ਥਾਂ ਹੀ ਦੇਣੀਆਂ ਚਾਹੀਦੀਆਂ ਹਨ। ਸਾਡੇ ਬਹੁਤ ਸਾਰੇ ਲੋਕ ਲੜਕੀਆਂ ਨਾਲ ਅਨਿਆ ਕਰ ਰਹੇ ਹਨ। ਕੁੜੀ ਲਈ ਜਿਵੇਂ ਕਿਵੇਂ ਦਾ ਵਰ ਲੱਭ ਕੇ ਬਾਹਰ ਭੇਜ ਕੇ ਉਸ ਨੂੰ ਬਲੀ ਦਾ ਬੱਕਰਾ ਬਣਾ ਲੈਂਦੇ ਹਨ ਤਾਂ ਕਿ ਬਾਅਦ ਵਿਚ ਸਾਰੇ ਪਰਿਵਾਰ ਲਈ ਰਾਹ ਖੁੱਲ੍ਹ ਜਾਵੇ। ਤੀਵੀਂ ਦੀ ਤਾਂ ਹਰ ਜਗ੍ਹਾ ਦੁਰਗਤ ਏ।

— ਕੀ ਕੀਰਤੀ ਸਿੰਘ ਦੀ ਲੜਕੀ ਨੇ ਆਪਣੇ ਵਾਸਤੇ ਕੋਈ ਵਰ ਆਪਣੇ ਆਪ ਹੀ ਤਾਂ ਨਹੀਂ ਲੱਭ ਲਿਆ ਹੋਊ?

— ਇੰਝ ਵੀ ਹੋ ਸਕਦਾ ਏ। ਅਗਰ ਇੰਝ ਹੁੰਦਾ ਤਾਂ ਪਤਾ ਲੱਗਣ ਲੱਗ ਪੈਣਾ ਸੀ। ਅੱਜ ਤੱਕ ਇਹੋ ਜਿਹੀ ਕੋਈ ਸੂਹ ਪ੍ਰਾਪਤ ਨਹੀਂ ਹੋਈ।

(ਅੰਦਰੋਂ ਆਵਾਜ਼ ਆਈ) ਜੋਰਾ ਸਿਹਾਂ, ਮਾਰਕੀਟ ਤੋਂ ਆ ਗਏ? ਤੁਸੀਂ ਬਾਹਰ ਹੀ ਬੈਠ ਗਏ? ਅੰਦਰ ਆ ਜਾਓ।

— ਬਾਈ ਜੀ, ਅਸੀਂ ਤੁਹਾਨੂੰ ਡਿਸਟਰਬ ਨਹੀਂ ਸੀ ਕਰਨਾ ਚਾਹੁੰਦੇ। ਤੁਹਾਡੀ ਅੱਖ ਲੱਗੀ ਹੋਈ ਸੀ। ਜ਼ੋਰਾ ਸਿੰਘ ਨੇ ਕਿਹਾ, ਬਾਈ ਨੂੰ ਜ਼ਰਾ ਹੋਰ ਸੌਂ ਲੈਣ ਦਿਓ। ਅਸੀਂ ਕੁਝ ਸਮੇਂ ਲਈ ਬਾਹਰ ਹੀ ਬੈਠ ਗਏ। ਮੈਂ ਹੁਣ ਚਾਹ ਬਣਾਉਂਦਾ ਹਾਂ।

— ਸਰਮੁਖ ਸਿਹਾਂ, ਚਾਹ ਪੀਣ ਨੂੰ ਤਾਂ ਸੱਚਮੁੱਚ ਹੀ ਦਿਲ ਕਰਦਾ ਏ। ਬਣਾ ਲੈ ਫੇਰ। ਜੋਰੇ ਨੂੰ ਮੇਰੇ ਕੋਲ ਭੇਜ ਦੇਹ।

— ਬਾਈ ਜੀ, ਅੱਜ ਅਸੀਂ ਤੁਹਾਡੇ ਨਾਲ ਇਕ ਖਾਸ ਵਿਚਾਰ ਕਰਨੀ ਏ। ਇਹ ਵਿਚਾਰ ਮੈਂ ਤੇ ਸਰਮੁੱਖ ਬਾਹਰ ਵੀ ਕਰਦੇ ਆਏ ਹਾਂ।

— ਕੋਈ ਪਿੰਡ ਦੀ ਪੰਚਾਇਤ ਬਾਰੇ ਗੱਲ ਕਰਨੀ ਹੋਣੀ ਏ।

— ਨਹੀਂ, ਪਿੰਡ ਦੀ ਪੰਚਾਇਤ ਬਾਰੇ ਤਾਂ ਪਹਿਲਾਂ ਵੀ ਬਥੇਰੀਆਂ ਵਿਚਾਰਾਂ ਹੁੰਦੀਆਂ ਰਹੀਆਂ ਹਨ।

— ਕੈਨੇਡਾ ਤੋਂ ਹੋ ਰਹੀ ਉਗਰਾਹੀ ਬਾਬਤ ਕੋਈ ਗੱਲ ਹੋਊ?

— ਨਹੀਂ, ਉਹ ਕੰਮ ਤਾਂ ਠੀਕ ਠਾਕ ਚੱਲ ਹੀ ਰਿਹਾ ਏ। ਗਿੱਲ ਸਾਹਿਬ ਤੇ ਦਲੀਪਾ ਰਾਮ ਮਿਲ ਕੇ ਬਥੇਰਾ ਪੈਸਾ ਇਕੱਠਾ ਕਰੀ ਜਾ ਰਹੇ ਹਨ। ਕੁਝ ਹਿੰਦੂ ਪਰਿਵਾਰ ਵੀ ਉਨ੍ਹਾਂ ਨੂੰ ਪੂਰਾ ਸਹਿਯੋਗ ਦੇ ਰਹੇ ਹਨ। ਬਹੁਤ ਪੈਸਾ ਪਹਿਲਾਂ ਹੀ ਇਕੱਠਾ ਹੋ ਚੁੱਕਾ ਏ।

— ਸਰਮੁਖ ਨਾਲ ਮਹਿਕਮੇ 'ਚ ਕੋਈ ਮਾੜੀ ਗੱਲ ਤਾਂ ਨਹੀਂ ਵਾਪਰ ਗਈ? ਉਥੇ ਵੀ ਕਈ ਅਫ਼ਸਰਾਂ ਦੀਆਂ ਚਾਪਲੂਸੀਆਂ ਕਰ ਕਰ ਕੇ ਸਰੀਫ਼ ਬੰਦਿਆਂ ਲਈ ਆਫ਼ਤ ਖੜ੍ਹੀ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਨੇ। ਇਕ ਉਹ ਕਰਤਾਰਪੁਰੀਆ ਦੀਸ਼ਾ ਓਵਰਸੀਅਰ ਏ। ਉਹ ਇੱਦਾਂ ਦੇ ਘਟੀਆ ਕੰਮ ਕਰਨ ਤੇ ਤੁਲਿਆ ਹੀ ਰਹਿੰਦਾ ਏ।

— ਨਹੀਂ, ਮਹਿਕਮੇ ਦੀ ਵੀ ਕੋਈ ਗੱਲ ਨਹੀਂ। ਤੁਹਾਥੋਂ ਸਭ ਡਰਦੇ ਨੇ। ਉਨ੍ਹਾਂ ਨੂੰ ਪਤਾ ਏ ਕਿ ਸਰਮੁਖ ਤੁਹਾਡਾ ਬੰਦਾ ਏ। ਤੁਸੀਂ ਉਥੇ ਪਹਿਲਾਂ ਹੀ ਬਥੇਰੇ ਬੰਦੇ ਸਿੱਧੇ ਕੀਤੇ ਹੋਏ ਨੇ।

— ਦੀਸ਼ਾ ਤਾਂ ਕੁਝ ਵੀ ਨਹੀਂ। ਤੁਹਾਥੋਂ ਤਾਂ ਐਸ.ਡੀ.ਓ. ਤੱਕ ਭੈਅ ਖਾਂਦੇ ਰਹੇ ਨੇ। ਵਰਕਰ ਯੂਨੀਅਨ ਸਾਰੀ ਤੁਹਾਡਾ ਕਹਿਣਾ ਮੰਨਦੀ ਰਹੀ ਏ ਤੇ ਅੱਜ ਵੀ ਮੰਨ ਰਹੀ ਏ।

— ਹੋਰ ਤਾਂ ਮੈਨੂੰ ਕੁਝ ਵੀ ਸਮਝ ਨਹੀਂ ਆਉਂਦੀ। ਬਾਕੀ ਤੁਸੀਂ ਆਪ ਦੱਸ ਦਿਓ। ਆ ਜਾਹ ਸਰਮੁਖਾ, ਚਾਹ ਲਿਆ ਕੇ ਰੱਖ ਤੇ ਨਾਲੇ ਦੱਸ ਕਿ ਤੁਸੀਂ ਮੇਰੇ ਨਾਲ ਕਿਹੜੀ ਖਾਸ ਗੱਲ ਕਰਨੀ ਏ?

— ਬਾਈ ਜੀ, ਅਸੀਂ ਰਿੰਪੀ ਦੇ ਵਿਆਹ ਬਾਰੇ ਵਿਚਾਰਾਂ ਕਰ ਰਹੇ ਸੀ। ਪ੍ਰੋਫੈਸਰ ਸਾਹਿਬ ਕਹਿੰਦੇ ਸੀ ਕਿ ਕਮਰੇ ਵਿਚ ਜਾ ਕੇ ਬਾਈ ਜੀ ਨਾਲ ਵਿਚਾਰ ਕਰਾਂਗੇ ਕਿਉਂਕਿ ਇਹ ਕੰਮ ਹੁਣ ਸਾਡਾ ਤਿੰਨਾਂ ਦਾ ਧਿਆਨ ਮੰਗਦਾ ਏ।

— ਤੁਸੀਂ ਦੋਵੇਂ, ਮੇਰੇ ਸੱਚਮੁੱਚ ਹੀ ਸੱਚੇ ਭਰਾ ਹੋ। ਇੰਨਾ ਕੁਝ ਤਾਂ ਸੱਚੇ ਭਰਾ ਵੀ ਨਹੀਂ ਸੋਚਦੇ।

— ਬਾਈ ਜੀ, ਸੱਚੇ ਭਰਾ ਤਾਂ ਸ਼ਰੀਕ ਹੁੰਦੇ ਨੇ। ਅੱਜ ਦੇ ਯੁਗ ਵਿਚ ਸਕਾ ਭਰਾ ਘੱਟ ਹੀ ਆਪਣੇ ਸਕੇ ਭਰਾ ਦੀ ਬਿਹਤਰੀ ਸੋਚਦਾ ਏ। ਜਦ ਕੁਦਰਤ ਹਮਖ਼ਿਆਲੀਏ ਬੰਦੇ ਇਕੱਠੀ ਕਰਦੀ ਏ ਤਾਂ ਅਸਲੀ ਬਰਕਤ ਹੁੰਦੀ ਏ। ਰਿੰਪੀ ਹੁਣ ਵਿਆਹੁਣਯੋਗ ਏ। ਪੜ੍ਹ ਲਿਖ ਗਈ ਏ, ਬਰਸਰੇ ਰੁਜ਼ਗਾਰ ਏ। ਲੜਕੀਆਂ ਨੇ ਆਪ ਕਦੀ ਕੁਝ ਨਹੀਂ ਕਹਿਣਾ ਹੁੰਦਾ। ਸਾਨੂੰ ਮੌਕੇ ਅਨੁਸਾਰ ਉਨ੍ਹਾਂ ਬਾਰੇ ਸੋਚਣਾ ਚਾਹੀਦਾ ਏ। ਤੁਹਾਡੀ ਘਰ ਵਾਲੀ ਇਸ ਪਾਸੇ ਧਿਆਨ ਹੀ ਨਹੀਂ ਦੇ ਰਹੀ। ਬਾਕੀ ਜਾਂ ਤੁਸੀਂ ਹੋ ਤੇ ਜਾਂ ਅਸੀਂ।

— ਮੈਂ ਤਾਂ ਕਈ ਵਾਰ ਸੋਚਦਾ ਰਹਿੰਦਾ ਹਾਂ ਪਰ ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਗੱਲ ਅੱਗੇ ਕਿਵੇਂ ਤੋਰਾਂ। ਲੜਕੀ ਨਾਲ ਬੰਦਾ ਗੱਲ ਕਰਦਾ ਚੰਗਾ ਨਹੀਂ ਲਗਦਾ।

— ਬਾਈ ਜੀ, ਇਹ ਕਿਹੜੀ ਗੱਲ ਹੋਈ। ਮੈਂ ਤੇ ਪ੍ਰੋਫੈਸਰ ਸਾਹਿਬ ਗੱਲ ਕਰਾਂਗੇ। ਲੜਕੀ ਨੂੰ ਉਹਦੇ ਘਰ ਸੈੱਟ ਤਾਂ ਕਰਨਾ ਹੀ ਏ। ਅਗਰ ਉਹਦੇ ਮਨ ਵਿਚ ਕੋਈ ਉਹਦਾ ਮਨਪਸੰਦ ਲੜਕਾ ਹੋਵੇ?

— ਇਕ ਗੱਲ ਦਾ ਖ਼ਿਆਲ ਰੱਖਿਓ। ਲੜਕਾ ਕੋਈ ਕਲੰਕ ਨਾ ਲਾ ਦੇਵੇ। ਉਂਜ ਮੈਂ

ਕਿਸੇ ਦੇ ਖਿਲਾਫ਼ ਨਹੀਂ। ਅਗਰ ਕੋਈ ਉਸਦਾ ਵਾਕਫ਼ ਹੋਵੇ ਤੇ ਪੜ੍ਹਿਆ ਵੀ ਚੰਗਾ ਹੋਵੇ ਤਾਂ ਤੁਸੀਂ ਵਿਚ ਪੈ ਕੇ ਗੱਲਬਾਤ ਕਰ ਦਿਓ। ਆਪਣਾ ਪੜ੍ਹਿਆ ਵਿਚਾਰਿਓ। ਤੁਸੀਂ ਅਖ਼ਬਾਰ ਰਾਹੀਂ ਵੀ ਰਿਸ਼ਤਾ ਲੱਭ ਸਕਦੇ ਹੋ।

— ਬਾਈ ਜੀ, ਅਸੀਂ ਸਿਰਫ਼ ਤੁਹਾਡੀ ਆਗਿਆ ਚਾਹੁੰਦੇ ਹਾਂ। ਬਾਕੀ ਅਸੀਂ ਜੋ ਵੀ ਕਰਾਂਗੇ ਸਭ ਠੀਕ ਹੀ ਕਰਾਂਗੇ। ਪਹਿਲਾਂ ਲੜਕੀ ਨੂੰ ਉਹਦੀ ਰਾਇ ਪੁੱਛਾਂਗੇ ਫਿਰ ਆਪਣੇ ਵਿਚਾਰ ਦੇਵਾਂਗੇ। ਮੇਰੇ ਨਾਲ ਸਰਮੁਖ ਸਿੰਘ ਮੈਥੋਂ ਵੀ ਸਿਆਣਾ ਏ ਇਸ ਪ੍ਰਕਾਰ ਦੇ ਕੰਮਾਂ ਵਿਚ। ਰਿਪੀ ਸਾਡਾ ਬੜਾ ਹੀ ਸਤਿਕਾਰ ਕਰਦੀ ਏ। ਮੇਰੀ ਨਿਜੀ ਰਾਇ ਇਹ ਹੈ ਕਿ ਸਾਡੇ ਸਮਾਜ ਵਿਚ ਲੜਕੀ ਦੇ ਰਿਸ਼ਤੇ ਵਿਚ ਅਗਰ ਕੋਈ ਥੋੜ੍ਹਾ ਜਿਹਾ ਵਾਕਫ਼ ਬੰਦਾ ਪਿਆ ਹੋਇਆ ਹੋਵੇ ਤਾਂ ਚੰਗਾ ਹੁੰਦਾ ਏ। ਇੰਝ ਹੋਣ ਨਾਲ ਲੜਕੀ ਦੇ ਗੁੰਮਰਾਹ ਹੋਣ ਤੋਂ ਬਚਣ ਦੇ ਚਾਂਸ ਕਾਫ਼ੀ ਘਟ ਜਾਂਦੇ ਹਨ। ਮੈਂ ਪ੍ਰੇਮ ਵਿਆਹ ਦੇ ਵਿਰੁੱਧ ਨਹੀਂ। ਸਾਡੇ ਸਮਾਜ ਨੇ ਹੁਣ ਤੱਕ ਜਿੰਨਾ ਕੁ ਵੀ ਵਿਕਾਸ ਕੀਤਾ ਹੈ ਉਹਨੂੰ ਦੇਖਦੇ ਹੋਏ ਮੈਂ ਲੜਕੀ ਦੇ ਐਸੇ ਰਿਸ਼ਤੇ ਦੀ ਵਕਾਲਤ ਕਰਾਂਗਾ ਜੀਹਦੇ ਵਿਚ ਕੋਈ ਵਿਚੋਲਾ ਹੋਵੇ। ਵਿਚੋਲਾ ਅੰਦਰਲੇ ਭੇਤ ਵੀ ਜਾਣਦਾ ਹੁੰਦਾ ਏ ਤੇ ਦੋਹਾਂ ਪਾਸਿਆਂ ਦਾ ਗਵਾਹ ਵੀ ਹੁੰਦਾ ਏ। ਅਗਰ ਰਿਸ਼ਤਾ ਅਖ਼ਬਾਰ ਰਾਹੀਂ ਵੀ ਕੀਤਾ ਜਾਵੇ ਤਾਂ ਵੀ ਲੱਭ ਕੇ ਕੋਈ ਵਿਚੋਲਾ ਵਿਚ ਪਾ ਹੀ ਲੈਣਾ ਚਾਹੀਦਾ ਏ।

— ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਅਗਰ ਤੁਸੀਂ ਇਹ ਕੰਮ ਸਿਆਣਪ ਨਾਲ ਨੇਪਰੇ ਚਾੜ੍ਹ ਦਿਓ ਤਾਂ ਬਹੁਤ ਵਧੀਆ ਗੱਲ ਏ। ਤੁਸੀਂ ਜਾਣਦੇ ਹੀ ਹੋ, ਮੇਰੀ ਸਿਹਤ ਹੁਣ ਖ਼ਰਾਬ ਰਹਿੰਦੀ ਏ। ਅਗਰ ਲੜਕੀ ਸੁੱਖੀਂ ਸਾਂਦੀ ਆਪਣੇ ਘਰ ਚਲੀ ਜਾਵੇ ਤਾਂ ਮੇਰੀ ਉਮਰ ਹੋਰ ਵੀ ਵਧ ਸਕਦੀ ਏ। ਲੜਕੀ ਦੀ ਮਾਂ ਦਾ ਮੇਰੇ ਨਾਲ ਸਹਿਯੋਗ ਨਾ ਦੇਣਾ ਮੇਰੇ ਲਈ ਵੱਡੀ ਸਮੱਸਿਆ ਏ। ਮੈਂ ਆਸ ਕਰਦਾ ਹਾਂ ਕਿ ਤੁਹਾਡੇ ਜਿਹੇ ਸਾਥੀ ਇਸ ਮਸਲੇ ਨੂੰ ਵੀ ਹੱਲ ਕਰ ਸਕਦੇ ਹਨ।

— ਚੰਗਾ ਬਾਈ ਜੀ, ਅਸੀਂ ਪਹਿਲਾਂ ਰਿਪੀ ਨਾਲ ਗੱਲ ਕਰਾਂਗੇ।

ਚਾਹ ਪੀਣ ਤੋਂ ਬਾਅਦ ਜੋਰਾ ਸਿੰਘ ਉਥੋਂ ਚਲਾ ਗਿਆ ਤੇ ਸਰਮੁਖ ਸਿੰਘ ਕੀਰਤੀ ਸਿੰਘ ਦੀ ਦੇਖ ਭਾਲ ਲਈ ਉਸ ਪਾਸ ਹੀ ਰਿਹਾ। ਅੱਜ ਕੱਲ੍ਹ ਵੈਸੇ ਵੀ ਕੀਰਤੀ ਸਿੰਘ ਦੀ ਬਹੁਤੀ ਦੇਖ ਭਾਲ ਸਰਮੁਖ ਸਿੰਘ ਹੀ ਕਰਦਾ ਸੀ।

## ਅਧਿਆਇ 18

# ਬਾਹਰਲਿਆਂ ਨੇ ਇਕ ਮਤਾ ਪਾਸ ਕੀਤੈ !

— ਲਹਿੰਬਰ ਸਿੰਘ ਨੂੰ ਕੈਨੇਡਾ ਤੋਂ ਦਲੀਪਾ ਰਾਮ ਦਾ ਫੋਨ ਆ ਗਿਆ।

— ਕੀ ਹਾਲ ਏ, ਵੀਰੇ?

— ਵਾਹ ਰੇ ਦਲੀਪਾ ਰਾਮ। ਬੜੀ ਦੇਰ ਬਾਅਦ ਯਾਦ ਕੀਤਾ। ਹੋਰ ਸਭ ਸੁੱਖ ਸਾਂਦ ਤਾਂ ਹੈ? ਬਾਹਰਲੇ ਕਦੀ ਕਦਾਈਂ ਯਾਦ ਕਰਦੇ ਨੇ, ਹਮੇਸ਼ਾ ਕੰਮਾਂ ਕਾਰਾਂ ਵਿਚ ਹੀ ਫਸੇ ਰਹਿੰਦੇ ਨੇ। ਹੋਰ ਪਿੰਡ ਦੇ ਬਾਕੀ ਸਾਰੇ ਲੋਕ ਠੀਕ ਤਾਂ ਹਨ?

— ਵੀਰੇ, ਵਾਹਿਗੁਰੂ ਦੀ ਕ੍ਰਿਪਾ। ਸਭ ਠੀਕ ਏ। ਹੁਣ ਤਾਂ ਸਾਰਾ ਸਰੀ ਦਾ ਇਲਾਕਾ ਪੰਜਾਬੀਆਂ ਨਾਲ ਹੀ ਭਰ ਗਿਐ। ਇੰਝ ਲੱਗੀ ਜਾ ਰਿਹਾ ਜਿਵੇਂ ਪੰਜਾਬ ਦੇ ਪਿੰਡਾਂ ਵਿਚ ਕਿਸੇ ਨੇ ਰਹਿਣਾ ਹੀ ਨਹੀਂ। ਥੋੜ੍ਹੇ ਦਿਨ ਹੋਏ ਸੇਵਾ ਸਿਹੁੰ ਦੇ ਦੋਵੇਂ ਮੁੰਡੇ ਭੀਰਾ ਤੇ ਗੁਰਬਖਸ਼ ਵੀ ਆ ਗਏ। ਚੱਕੀ ਆਲਿਆਂ ਦਾ ਮੱਘਰ ਪਹਿਲਾਂ ਹੀ ਵਿਆਹ ਕਰਵਾ ਕੇ ਏਥੇ ਪਹੁੰਚ ਗਿਆ ਸੀ।

— ਓਏ ਦਲੀਪਿਆ, ਸੇਵਾ ਸਿਹੁੰ ਦੇ ਮੁੰਡੇ ਤਾਂ ਹੋਏ ਪਰ ਆਹ ਮੱਘਰ ਨੂੰ ਪਤਾ ਨਹੀਂ ਕੀਹਨੇ ਕੁੜੀ ਦੇ ਤੀ। ਲੋਕ ਰਿਸ਼ਤੇ ਪਤਾ ਨੀ ਕਿੱਥੋਂ ਲੱਭ ਲੈਂਦੇ ਨੇ। ਕੁੜੀਆਂ ਤਾਂ ਮੁੰਡਿਆਂ ਲਈ ਐਧਰੋਂ ਜਾਂਦੀਆਂ ਦੇਖੀਆਂ। ਆਹ ਮੱਘਰ ਜਿਹੇ ਭੌਂਦੂਆਂ ਨੂੰ ਪਤਾ ਨੀ ਕੌਣ ਪਸੰਦ ਕਰ ਲੈਂਦਾ।

— ਬਾਈ ਸਿਹਾਂ, ਬਹੁਤੇ ਰਿਸ਼ਤੇ ਅੱਗੇ ਤੋਂ ਅੱਗੇ ਅੰਗੜੀਆਂ ਸੰਗੜੀਆਂ ਰਾਹੀਂ ਹੋ ਜਾਂਦੇ ਨੇ। ਲੋਕਾਂ ਨੇ ਪੱਕਾ ਇਹੀ ਠਾਣਿਆ ਹੋਇਐ ਕਿ ਆਪਣਾ ਹੀ ਦੂਰ ਨੇੜੇ ਦਾ ਰਿਸ਼ਤੇਦਾਰ ਬਾਹਰ ਕੱਢਿਆ ਜਾਵੇ ਜਾਂ ਫਿਰ ਵੱਧ ਜਰਾਦਾਤਾਂ ਵਾਲੇ ਮਾਹਰਕੇ ਮਾਰੀ ਜਾਂਦੇ ਨੇ। ਮੱਘਰ ਹੁਰਾਂ ਦੀ ਚੱਕੀ ਚੰਗੀ ਚੱਲ ਪਈ, ਚਾਰ ਪੈਸੇ ਕੋਲ ਹੋਗੇ। ਕੁੜੀ ਵਾਲਿਆਂ ਸੋਚਿਆ ਕਿ ਮੁੰਡੇ ਦੇ ਘਰਦਿਆਂ ਪਾਸ ਪੈਸੇ ਹੈਗੇ ਨੇ। ਮਕਾਨ ਮੱਘਰ ਦੇ ਪਿਉ ਨੇ ਪਹਿਲਾਂ ਹੀ ਚੰਗਾ ਬਣਾ ਲਿਆ ਸੀ। ਘਰ ਮੂਹਰੇ ਹਮੇਸ਼ਾ ਕਾਰ ਖੜ੍ਹੀ ਰਹਿੰਦੀ ਸੀ। ਅੱਛਰ ਸਿਹੁੰ ਦੇ ਕਾਲੇ ਨੇ ਵਿਚ ਪੈ ਕੇ ਰਿਸ਼ਤਾ ਕਰਾਤਾ।

— ਸਾਲੇ ਨੂੰ ਕੁੜੀ ਚੰਗੀ ਸੁਨੱਖੀ ਟਕਰਗਾ ਤੀ। ਆਪ ਤਾਂ ਮੱਘਰ ਨੂੰ ਨਲੀ ਵੀ ਪੂੰਝਣੀ ਨਹੀਂ ਸੀ ਆਉਂਦੀ ਹੁੰਦੀ। ਸਕੂਲ ਦਾ ਤਾਂ ਸਾਲੇ ਨੇ ਮੂੰਹ ਤੱਕ ਨਹੀਂ ਸੀ ਦੇਖਿਆ। ਘੋੜੇ ਜਿੱਡਾ ਹੋ ਗਿਆ ਸੀ, ਗਲੀਆਂ 'ਚ ਕੱਛਾ ਪਾ ਕੇ ਹੀ ਤੁਰਿਆ ਫਿਰਦਾ ਹੁੰਦਾ ਸੀ।

— ਇਹੀ ਆਵਾ ਇਧਰ ਪੰਜਾਬ 'ਚ ਊਤਿਆ ਹੋਇਆ ਏ। ਜਿਹੜਾ ਵੀ ਕੈਨੇਡਾ ਤੋਂ ਪੈਂਟੜੀ ਜਿਹੀ ਪਾ ਕੇ ਇੱਧਰ ਨੂੰ ਆਉਂਦਾ ਏ ਉਹੀ ਬੀ.ਏ. ਪਾਸ ਕੁੜੀ ਲੈ ਤੁਰਦਾ ਏ। ਐਧਰ ਦੇ ਪੜ੍ਹਿਆਂ ਲਿਖਿਆਂ ਤੇ ਨੌਕਰੀ ਪੇਸ਼ਾ ਮੁੰਡਿਆਂ ਲਈ ਤਾਂ ਕੈਨੇਡਾ ਵਾਲੇ ਕੋਈ ਚੱਜ ਦੀ ਕੁੜੀ ਛੱਡਦੇ ਹੀ ਨਹੀਂ। ਇੱਧਰ ਪੜ੍ਹਿਆਂ ਲਿਖਿਆਂ ਨੂੰ ਤਾਂ ਹੁਣ ਡਫਰੇ ਹੀ ਟਕਰਦੇ

ਨੇ। ਕਈ ਪੜ੍ਹੇ ਲਿਖੇ ਤਾਂ ਲੱਭਦੇ ਲੱਭਦੇ ਕੁਆਰੇ ਹੀ ਰਹਿ ਜਾਂਦੇ ਨੇ। ਕੋਈ ਜ਼ਮਾਨਾ ਹੁੰਦਾ ਸੀ ਜਦ ਨੌਕਰੀ ਪੇਸ਼ਾ ਬੰਦਾ ਚੋਣਵੀਂ ਕੁੜੀ ਲੱਭ ਕੇ ਵਿਆਹ ਕਰਵਾਉਂਦਾ ਸੀ। ਹੁਣ ਤਾਂ ਦਲੀਪਿਆ, ਪੰਜਾਬ ਦੇ ਭਾਂਡੇ ਵਿਕਗੇ। ਪੰਜਾਬੀਆਂ ਦਾ ਤਾਂ ਹੁਣ ਬਸ ਸਰ ਹੀ ਗਿਐ। ਕੁਝ ਤਾਂ ਕੁੜੀਆਂ ਜੰਮਣ ਤੋਂ ਪਹਿਲਾਂ ਹੀ ਮਾਰੀ ਜਾਂਦੇ ਨੇ। ਜੋ ਵਿਚਾਰੀਆਂ ਬਚ ਜਾਂਦੀਆਂ ਨੇ ਉਨ੍ਹਾਂ ਵਿਚੋਂ ਚੋਣਵੀਆਂ ਬਾਹਰਲੇ ਖਿਚ ਕੇ ਲੈ ਜਾਂਦੇ ਨੇ। ਬੋਤੀ ਆਲਿਆਂ ਦਾ ਨਿੱਕੂ ਪੈਂਤੀ ਸਾਲਾਂ ਦਾ ਹੋ ਗਿਐ, ਅਜੇ ਕੁਆਰਾ ਹੀ ਏ। ਨੌਕਰੀ ਵੀ ਵਧੀਆ ਵੀਹ ਹਜ਼ਾਰ ਮਹੀਨੇ ਦੀ ਕਰਦਾ ਏ। ਦੇਖਣ ਪਾਖਣ ਨੂੰ ਵੀ ਚੰਗਾ ਏ। ਫਿਰ ਵੀ ਵਧੀਆ ਰਿਸ਼ਤਾ ਕੋਈ ਨਹੀਂ ਮਿਲ ਰਿਹਾ। ਮਾੜਿਆਂ ਨੂੰ ਉਹ ਪਸੰਦ ਨਹੀਂ ਕਰਦਾ...।

— ਲਹਿਬਰ ਸਿਹਾਂ, ਐਨੀਆਂ ਲੰਬੀਆਂ ਗੱਲਾਂ ਫੋਨ ਤੇ ਨਹੀਂ ਕੀਤੀਆਂ ਜਾ ਸਕਦੀਆਂ। ਪੈਸੇ ਬਹੁਤ ਲੱਗ ਜਾਂਦੇ ਨੇ। ਹੋਰ ਕੋਈ ਕੰਮ ਦੀ ਗੱਲ ਕਰੀਏ। ਤੁਹਾਡਾ ਇਕ ਪੰਚਾਇਤ ਮੈਂਬਰ ਗੁਰਬਖਸ਼ ਤਾਂ ਐਧਰ ਨੂੰ ਆ ਗਿਐ। ਇਕ ਦਿਨ ਮਿਲਿਆ ਸੀ, ਬੜੀਆਂ ਪੰਚਾਇਤ ਦੀਆਂ ਗੱਲਾ ਸੁਣਾਉਂਦਾ ਸੀ....।

— ਦਲੀਪਿਆ, ਅੱਜ ਤਾਂ ਮੈਂ ਤੇਰੇ ਤਿੰਨ-ਚਾਰ ਡਾਲਰ ਖਰਚ ਕਰਵਾਉਣੇ ਹੀ ਕਰਵਾਉਣੇ ਨੇ। ਤਿੰਨ ਚਾਰ ਡਾਲਰ ਫੋਨ ਤੇ ਖਰਚ ਕੇ ਤੂੰ ਗ਼ਰੀਬ ਹੋ ਗਿਐਂ? ਜਦ ਹਜ਼ਾਰ ਹਜ਼ਾਰ ਡਾਲਰ ਪਿੰਡ ਦੇ ਬੰਦਿਆਂ ਨੂੰ ਉਗਰਾਹੀ ਦਿੰਦਾ ਏਂ ਤਾਂ ਤੂੰ ਗ਼ਰੀਬ ਨਹੀਂ ਹੁੰਦਾ! ਮੈਨੂੰ ਸਭ ਪਤਾ ਛੇ ਡਾਲਰ ਦੇ ਫੋਨ ਕਾਰਡ ਨਾਲ ਕਿੰਨੀਆਂ ਕੁ ਗੱਲਾਂ ਹੋ ਸਕਦੀਆਂ। ਸਾਨੂੰ ਬਥੇਰੇ ਬਾਹਰੋਂ ਫੋਨ ਆਉਂਦੇ ਰਹਿੰਦੇ ਨੇ।

— ਬਾਹਰਲਿਆਂ ਨੇ ਇਕ ਮਤਾ ਪਾਸ ਕੀਤੈ। ਹੁਣ ਤੁਹਾਨੂੰ ਸਭ ਪਿੰਡ ਵਾਲਿਆਂ ਨੂੰ ਉਸ ਮਤੇ ਤੇ ਚੱਲਣਾ ਹੀ ਪੈਣਾ ਏ। ਇਸ ਵਿਚ ਸਭ ਦੀ ਬਿਹਤਰੀ ਏ।

— ਮਤਾ ਕੀ ਪਾਸ ਕਰ ਲਿਆ? ਅਸੀਂ ਕਿਸੇ ਦੇ ਗੁਲਾਮ ਥੋੜ੍ਹਾ ਵਾਂ?

— ਲਹਿਬਰਾ, ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ। ਛੋਟੇ ਛੋਟੇ ਮੁਫਾਦਾਂ ਲਈ ਪਾਟੋ-ਧਾੜ ਬੰਦ ਕਰੋ। ਇਕੱਠੇ ਹੋਵੋ ਪਿੰਡ ਦੀ ਬਿਹਤਰੀ ਲਈ, ਇਕੱਠੇ ਹੋਵੋ। ਅਸੀਂ ਪ੍ਰਗਾਸ਼ ਨਾਲ ਵੀ ਗੱਲ ਕਰ ਲਈ ਏ। ਵੋਟਾਂ ਸਿਰ ਤੇ ਆ ਖੜ੍ਹੀਆਂ ਹਨ। ਤੁਸੀਂ ਸਭ ਜਾਣਦੇ ਹੋ, ਵੋਟਾਂ ਨਾਲ ਪਿੰਡਾਂ ਵਿਚ ਧੜੇ ਤੇ ਪਾਰਟੀਆਂ ਵੱਧ ਪੱਕੇ ਹੁੰਦੇ ਹਨ, ਦੁਸ਼ਮਣੀਆਂ ਵਧ ਜਾਂਦੀਆਂ ਹਨ। ਇਸ ਵਾਰ ਪੰਚਾਇਤ ਵੋਟਾਂ ਪਾਉਣ ਤੋਂ ਬਗ਼ੈਰ ਹੀ ਬਣਾਉਣੀ। ਐਸੀ ਪੰਚਾਇਤ ਬਣੇ ਜੋ ਲੋਕਾਂ ਨੂੰ ਤੋੜੇ ਨਾ, ਬਲਕਿ ਆਪਸ ਵਿਚ ਜੋੜੇ। ਲਹਿਬਰਾ, ਮੇਰੀ ਬੇਨਤੀ ਮੰਨ, ਇਕ ਵਾਰੀ ਆਪਣੇ ਸਭ ਨਿੱਜੀ ਸੁਆਰਥ ਛੱਡ ਦਿਓ। ਸਿਰਫ਼ ਤੇ ਸਿਰਫ਼ ਪਿੰਡ ਦਾ ਸੁਆਰਥ ਸਭ ਤੋਂ ਮੂਹਰੇ ਰੱਖੋ। ਗੁਰਦੁਆਰੇ ਜਾ ਕੇ ਕਸਮ ਖਾਓ ਕਿ ਸਭ ਸੱਚੇ ਦਿਲੋਂ ਪਿੰਡ ਦੀ ਸੇਵਾ ਵਿਚ ਜੁਟਣਗੇ। ਕੈਨੇਡਾ ਵਿਚ ਬਥੇਰਾ ਪੈਸਾ ਇਕੱਠਾ ਹੋ ਗਿਆ ਏ। ਸਰਕਾਰ ਵੀ ਪੰਚਾਇਤ ਨੂੰ ਗਰਾਂਟਾਂ ਦਿੰਦੀ ਏ। ਜ਼ਰੂਰਤ ਹੈ ਪਿੰਡ ਵਿਚ ਚਾਰ ਪੰਜ ਦਿਲੋਂ ਈਮਾਨਦਾਰ ਬੰਦਿਆਂ ਦੀ। ਅਗਰ ਈਮਾਨਦਾਰੀ ਤੇ ਪੈਸਾ ਇਕੱਠੇ ਹੋ ਜਾਣ ਤਾਂ ਪਿੰਡ ਦੀ ਕਾਇਆ ਪਲਟ ਸਕਦੀ ਏ। ਐਸ ਵਕਤ ਅੱਧੇ ਤੋਂ ਜ਼ਿਆਦਾ ਪਿੰਡ ਬਾਹਰ ਬੈਠਾ ਏ। ਅਗਰ ਇਤਫ਼ਾਕ ਪੈਦਾ ਹੋ ਜਾਵੇ ਤਾਂ ਪਿੰਡ ਦਿਨਾਂ ਵਿਚ ਹੀ ਸਵਰਗ ਬਣ ਸਕਦਾ ਏ। ਕੀ ਖ਼ਿਆਲ ਏ ਤੇਰਾ?

— ਖ਼ਿਆਲ ਨੇਕ ਏ। ਜਿਵੇਂ ਤੁਸੀਂ ਕਹੋਗੇ ਅਸੀਂ ਓਵੇਂ ਹੀ ਕਰਾਂਗੇ।

— ਖਾਹ ਕਸਮ ਗੁਰੂ ਦੀ ਫਿਰ।

— ਗੁਰੂ ਦੀ ਸਹੁੰ।

— ਅਗਰ ਪਿੰਡ ਵਿਚ ਕੀਰਤੀ ਹੋਰੀਂ ਆ ਕੇ ਬੰਦੇ ਇਕੱਠੇ ਕਰਨ ਤਾਂ ਤੂੰ ਆਪਣੇ ਬੰਦਿਆਂ ਸਮੇਤ ਜਾ ਕੇ ਉਨ੍ਹਾਂ ਵਿਚ ਬੈਠੇਂਗਾ? ਅਗਰ ਤੂੰ ਸਿੱਖ ਧਰਮ ਨੂੰ ਸਹੀ ਅਰਥਾਂ ਵਿਚ ਮੰਨਦਾ ਏਂ ਤਾਂ ਆਪਣੀ ਹਾਉਮੈ ਜ਼ਰੂਰ ਤਿਆਗ ਦੇਵੇਂਗੇ।

ਗੁਰਬਾਣੀ 'ਚ ਲਿਖਿਆ ਏ-

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ**
**ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥**

— ਅਗਰ ਤੂੰ ਕਹਿੰਦਾ ਏਂ ਤਾਂ ਜ਼ਰੂਰ ਬੈਠਾਂਗਾ। ਮੈਂ ਧਰਮ ਨੂੰ ਮੰਨਦਾ ਹਾਂ। ਮੈਂ ਤੇਰੀ ਸੋਚ ਤੇ ਪਹਿਰਾ ਦੇਵਾਂਗਾ।

— ਮੈਂ ਇਕੱਲਾ ਨਹੀਂ ਕਹਿੰਦਾ। ਬਾਹਰਲੇ ਹੁਣ ਸਾਰੇ ਹੀ ਕਹਿੰਦੇ ਨੇ। ਤੂੰ ਹੁਣ ਕੀਹਨੂੰ ਸਰਪੰਚ ਬਣਾਉਣ ਦੇ ਹੱਕ ਵਿਚ ਏਂ?

— ਦਲੀਪਿਆ, ਮੈਂ ਚੁੱਪ ਹਾਂ, ਜੀਹਨੂੰ ਮਰਜ਼ੀ ਬਣਾ ਲਓ। ਮੈਂ ਆਪਣੀ ਹਊਮੈ ਤਿਆਗ ਦਿੱਤੀ ਏ।

— ਤੂੰ ਪ੍ਰਗਾਸ਼ ਦਾ ਪਿੱਛਾ ਛੱਡ ਦੇਵੇਂਗਾ? ਉਸ ਨੂੰ ਗੁੰਮਰਾਹ ਨਹੀਂ ਕਰੇਂਗਾ?

— ਮੈਂ ਹੁਣ ਪ੍ਰਗਾਸ਼ ਨੂੰ ਆਪਣੇ ਮਗਰ ਬਿਲਕੁਲ ਵੀ ਨਹੀਂ ਲਗਾਵਾਂਗਾ। ਅਗਰ ਤੁਸੀਂ ਕਹੋ ਤਾਂ ਮੈਂ ਸਿਆਸਤ ਤੋਂ ਹੀ ਪਰ੍ਹੇ ਹੋ ਜਾਂਦਾ ਹਾਂ।

— ਨਹੀਂ, ਅਸੀਂ ਇਹ ਨਹੀਂ ਕਹਿੰਦੇ। ਤੈਨੂੰ ਅਸੀਂ ਉਪਰਲੇ ਪੰਜ ਬੰਦਿਆਂ 'ਚ ਵੀ ਲੈ ਸਕਦੇ ਹਾਂ ਜੇਕਰ ਤੂੰ ਸਭ ਦੇ ਨਾਲ ਹੋ ਕੇ ਚੱਲੇਂ। ਲੋਕੀ ਕਹੀ ਜਾਂਦੇ ਨੇ ਕਿ ਤੂੰ ਪਿੰਡ ਵਿਚ ਪੁਆੜੇ ਖੜ੍ਹੇ ਕਰ ਦਿੰਦਾ ਏ। ਜੇ ਤੂੰ ਨਹੀਂ ਹਟਣਾ ਤਾਂ ਅਸੀਂ ਤੈਨੂੰ ਐਧਰ ਨੂੰ ਹੀ ਸੱਦ ਲੈਣਾ ਏ।

— ਹੋਰ ਮੈਨੂੰ ਕੀ ਚਾਹੀਦਾ ਏ?

— ਏਥੇ ਆ ਕੇ ਤੇਰੇ ਜਿਹੇ ਚੌਧਰੀਆਂ ਤੋਂ ਕੰਮ ਵੀ ਨਹੀਂ ਕਰ ਹੋਣਾ। ਤੂੰ ਵਿਹਲੀਆਂ ਖਾਣੀਆਂ ਗਿੱਝਿਆ ਹੋਇਆ ਏਂ।

— ਦਲੀਪਿਆ, ਮੈਂ ਤੈਨੂੰ ਯਕੀਨ ਦੁਆਉਂਦਾ ਹਾਂ ਕਿ ਮੈਂ ਇਸ ਵਾਰ ਜਿਵੇਂ ਤੁਸੀਂ ਕਹੋਗੇ ਓਵੇਂ ਹੀ ਕਰਾਂਗਾ।

ਇਹ ਗੱਲਾਂ ਫੋਨ ਤੇ ਚੱਲ ਹੀ ਰਹੀਆਂ ਸਨ ਕਿ ਬਾਹਰ ਗਲੀ ਵਿਚੋਂ ਮੁਨਾਦੀ ਕਰਨ ਵਾਲੇ ਦੀ ਆਵਾਜ਼ ਆਈ, "ਸਾਰੇ ਨਗਰ ਨਿਵਾਸੀ ਮਾਈ ਭਾਈ ਨੂੰ ਜਾਣੂ ਕਰਵਾਇਆ ਜਾਂਦਾ ਏ ਕਿ ਪਰਸੋਂ ਦਿਨ ਐਤਵਾਰ ਨੂੰ ਪਿੰਡ ਵਿਚ ਇਕ ਸਾਂਝਾ ਇਕੱਠ ਹੋ ਰਿਹਾ ਏ। ਸਾਰੇ ਇਸ ਇਕੱਠ ਵਿਚ ਹਾਜ਼ਰ ਹੋਵੋ ਜੀ। ਪੰਚਾਇਤ ਦੀਆਂ ਚੋਣਾਂ ਬਾਰੇ ਵਿਚਾਰਾਂ ਕੀਤੀਆਂ ਜਾਣੀਆਂ ਨੇ।"

ਇਹ ਮੁਨਾਦੀ ਪ੍ਰਗਾਸ਼ ਨੇ ਬਾਹਰਲਿਆਂ ਤੇ ਕੀਰਤੀ ਸਿੰਘ ਹੋਰਾਂ ਦੀ ਹਦਾਇਤ ਤੇ ਕਰਵਾਈ ਸੀ।

ਲਹਿੰਬਰ ਸਿੰਘ ਦੀ ਦਲੀਪਾ ਰਾਮ ਨਾਲ ਗੱਲਬਾਤ ਅੱਗੇ ਚਲਦੀ ਗਈ। ਉਸ ਨੇ ਆਪਣੇ ਸੀਰੀ ਪ੍ਰਗਾਸ਼ ਨੂੰ ਆਪਣੇ ਘਰ ਸੱਦਣ ਲਈ ਸੁਨੇਹਾ ਵੀ ਭੇਜ ਦਿੱਤਾ।

— ਦਲੀਪਾ ਰਾਮ, ਬਾਹਰ ਤਾਂ ਹੁਣੇ ਹੁਣੇ ਮੁਨਾਦੀ ਦੀ ਆਵਾਜ਼ ਆਈ ਏ। ਇਹ ਮੁਨਾਦੀ ਸਾਡੇ ਸਾਰਿਆਂ ਦੀ ਤੇ ਕੀਰਤੀ ਸਿੰਘ ਹੁਰਾਂ ਦੀ ਸਲਾਹ ਨਾਲ ਹੀ ਕਰਾਈ ਗਈ ਏ। ਬਾਹਰ ਵਾਲਿਆਂ, ਕੀਰਤੀ ਸਿੰਘ ਹੋਰਾਂ ਤੇ ਪ੍ਰਗਾਸ਼ ਹੋਰਾਂ ਸਭ ਨੇ ਮਿਲ ਕੇ ਪੱਕਾ ਇਰਾਦਾ ਕਰ ਲਿਆ ਏ ਕਿ ਇਲਾਕੇ ਵਿਚ ਇਕ ਮਿਸਾਲ ਕਾਇਮ ਕੀਤੀ ਜਾਵੇ। ਸਰਕਾਰਾਂ ਇਕੱਲੀਆਂ ਨੇ ਹੋਣ ਵਾਲੇ ਅੰਤਾਂ ਦੇ ਕੰਮਾਂ ਨੂੰ ਸਿਰੇ ਨਹੀਂ ਚਾੜ੍ਹਨਾ। ਸਰਕਾਰ ਦੇ ਕੰਮ ਬੜੇ ਢਿੱਲੇ ਚਲਦੇ ਨੇ। ਜਿਸ ਇਲਾਕੇ ਦਾ ਐਮ.ਐਲ.ਏ. ਜਾਂ ਮੰਤਰੀ ਤਕੜਾ ਹੋਵੇ ਉਹ ਆਪਣੇ ਇਲਾਕੇ ਦੇ ਸੁਧਾਰ ਕਰਵਾ ਲੈਂਦਾ ਏ। ਬਾਕੀਆਂ ਨੂੰ ਕੋਈ ਨਹੀਂ ਪੁੱਛਦਾ। ਐਸ ਵੇਲੇ ਪਿੰਡਾਂ ਦੇ ਲੋਕਾਂ ਪਾਸ ਬੇਅੰਤ ਪੈਸਾ ਹੈ। ਮੈਂ ਮੰਨਦਾ ਹਾਂ ਕਿ ਪਿੰਡ ਦੀ ਕਿਰਸਾਨੀ ਦੀ ਹਾਲਤ ਵਧੀਆ ਨਹੀਂ। ਪਿੰਡਾਂ ਨੂੰ ਸਵਰਗ ਬਣਾਉਣ ਲਈ ਤਾਂ ਬਾਹਰ ਬੈਠੇ ਪੰਜਾਬੀ ਹੀ ਬਥੇਰੇ ਨੇ।

— ਲੋੜ ਹੈ ਤਾਂ ਸਿਰਫ਼ ਇਤਫਾਕ ਦੀ। ਆਪਣੇ ਛੋਟੇ ਛੋਟੇ ਨਿੱਜੀ ਸੁਆਰਥ ਛੱਡੋ। ਚੰਗਾ, ਹੁਣ ਮੈਂ ਫੋਨ ਬੰਦ ਕਰਦਾ ਹਾਂ।

— ਚੰਗਾ ਕੋਈ ਫ਼ਿਕਰ ਨਾ ਕਰਿਓ।

— ਇੰਨੇ ਚਿਰ ਵਿਚ ਪ੍ਰਗਾਸ਼ ਲਹਿੰਬਰ ਸਿੰਘ ਦੇ ਬੁਲਾਵੇ ਤੇ ਉਹਦੇ ਘਰ ਆ ਗਿਆ।

— ਪ੍ਰਗਾਸ਼ ਮੁਨਾਦੀ ਕਰਵਾਉਣ ਦੀ ਬੜੀ ਕਾਹਲੀ ਕੀਤੀ। ਹੁਣ ਤਾਂ ਬਿਨਾਂ ਪੁੱਛੇ ਹੀ ਫ਼ੈਸਲੇ ਲੈਣ ਲੱਗ ਪਿਆ ਏਂ।

— ਬਾਈ ਜੀ, ਜਦ ਆਪਣੀ ਪੇਸ਼ ਨਾ ਜਾਵੇ ਤਾਂ ਬਿਹਤਰ ਹੁੰਦਾ ਏ ਕਮਾਨ ਛੱਡ ਕੇ ਦੂਜੇ ਨੂੰ ਸੰਭਾਲ ਦਿੱਤੀ ਜਾਵੇ। ਬਾਹਰਲਿਆਂ ਨੇ ਪੈਸਾ ਇਕੱਠਾ ਕਰਨ ਦੀ ਏਡੀ ਵੱਡੀ ਮੁਹਿਮ ਚਲਾਈ ਕਿ ਹੁਣ ਸਾਡਾ ਉਨ੍ਹਾਂ ਸਾਹਮਣੇ ਖੜ੍ਹਨਾ ਅਸੰਭਵ ਲਗਦਾ ਏ। ਅਗਰ ਅਸੀਂ ਉਨ੍ਹਾਂ ਨਾਲ ਨਾ ਵੀ ਰਲੀਏ ਤਾਂ ਵੀ ਉਨ੍ਹਾਂ ਨੇ ਪੈਸੇ ਦੇ ਜ਼ੋਰ ਨਾਲ ਕੰਮ ਕਰਵਾ ਹੀ ਲੈਣਾ ਏ। ਜਦ ਉਹ ਪਿੰਡ ਚੱਕਰ ਮਾਰਦੇ ਹਨ ਤਾਂ ਪਿੰਡ ਦੀ ਹਾਲਤ ਦੇਖ ਦੇਖ ਕੇ ਬੜੇ ਉਦਾਸ ਹੁੰਦੇ ਨੇ। ਉਨ੍ਹਾਂ ਨੂੰ ਇਹ ਹਾਲਤ ਦੇਖਦਿਆਂ ਨੂੰ ਕਿੰਨੇ ਹੀ ਸਾਲ ਬੀਤ ਗਏ। ਉਹ ਆਪ ਤਾਂ ਇੱਧਰ ਕਦੀ ਕਦਾਈਂ ਗੇੜਾ ਮਾਰ ਹੀ ਜਾਂਦੇ ਨੇ ਪ੍ਰੰਤੂ ਉਨ੍ਹਾਂ ਦੇ ਬੱਚੇ ਇੱਧਰ ਨੂੰ ਮੂੰਹ ਕਰਕੇ ਵੀ ਰਾਜ਼ੀ ਨਹੀਂ। ਜਦ ਕਾਰਨ ਪੁੱਛਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਜਿਹੜੇ ਉਨ੍ਹਾਂ ਦੇਸ਼ਾਂ ਵਿਚ ਹੀ ਜਵਾਨ ਹੋਏ ਨੇ ਤਾਂ ਹੀ ਪਿੰਡਾਂ ਵਿਚ ਆ ਕੇ ਚਾਰ ਦਿਨ ਟਿਕ ਸਕਦੇ ਹਨ ਜੇ ਪਿੰਡਾਂ ਦਾ ਸੁਧਾਰ ਕੀਤਾ ਜਾਵੇ।

— ਪ੍ਰਗਾਸ਼ ਕਮਾਲ ਹੋ ਗਈ ਯਾਰ। ਪਿਛਲੇ ਪੰਜ ਸਾਲਾਂ ਵਿਚ ਪਿੰਡ ਦਾ ਏਨਾ ਸੁਧਾਰ ਹੋਇਆ ਕਿ ਅੰਨ੍ਹਿਆਂ ਨੂੰ ਵੀ ਦਿਸਦਾ ਏ ਕਿ ਹੁਣ ਕੀ ਕੁਝ ਏ ਤੇ ਪਹਿਲਾਂ ਕੀ ਕੁਝ ਸੀ। ਇਹ ਬਾਹਰ ਵਾਲੇ ਪਤਾ ਨਹੀਂ ਪਿੰਡ ਨੂੰ ਕਿਹੜਾ ਸਵਰਗ ਬਣਾਉਣਾ ਚਾਹੁੰਦੇ

ਨੇ। ਇੱਥੇ ਜਿੰਨਾ ਮਰਜ਼ੀ ਪੈਸਾ ਲਗਾ ਲਓ ਫਿਰ ਵੀ ਇੱਥੇ ਓਹੀ ਭੰਗ ਭੁੱਜਦੀ ਰਹਿੰਦੀ ਏ। ਜਿੰਨਾ ਕੁ ਸਰਕਾਰ ਮੁੱਠੀ ਘੁੱਟ ਕੇ ਦਿੰਦੀ ਸੀ ਅਸੀਂ ਲਗਾਉਂਦੇ ਰਹੇ ਹਾਂ। ਗਲੀਆਂ ਨਾਲੀਆਂ ਪੱਕੀਆਂ ਕਰਾਤੀਆਂ, ਛੱਪੜ ਦੀ ਇਕ ਪਾਸੇ ਦੀ ਕੰਧ ਕਰਾਤੀ, ਸੜਕ ਇੱਥੇ ਨੂੰ ਪਹਿਲਾਂ ਹੀ ਪੱਕੀ ਆਉਂਦੀ ਏ, ਕੋਆਪਰੇਟਿਵ ਸੋਸਾਇਟੀ ਇੱਥੇ ਪਹਿਲਾਂ ਹੀ ਏ ਨੇ ਕਮਰਾ ਹੋਰ ਵੀ ਬਣਵਾਤਾ, ਜੰਞ ਘਰ ਬਣਿਆ ਹੋਇਆ ਏ, ਸਮਸ਼ਾਨ ਨੂੰ ਜਾਣ ਲਈ ਰਸਤਾ ਪੱਕਾ ਏ, ਗੁਰਦੁਆਰੇ ਦੀ ਇਮਾਰਤ ਬੜੀ ਵਧੀਆ ਏ, ਹਰੀਜਨਾਂ ਦਾ ਆਪਣਾ ਗੁਰਦੁਆਰਾ ਵੀ ਠੀਕ ਠਾਕ ਏ, ਪਿੰਡ ਵੜਦਿਆਂ ਸਾਰ ਨਲਕਾ ਵੀ ਲੱਗਾ ਹੋਇਆ ਏ। ਹੋਰ ਬਾਹਰਲੇ ਪਤਾ ਨਹੀਂ ਕੀ ਚਾਹੁੰਦੇ ਨੇ?

— ਲਹਿਬਰ ਸਿਹਾਂ, ਸਾਨੂੰ ਕੀ? ਇਕ ਵਾਰ ਇਕੱਠੇ ਹੋ ਕੇ ਦੇਖ ਲੈਂਦੇ ਹਾਂ। ਦੇਖ ਲੈਂਦੇ ਹਾਂ ਕੀ ਕਰਦੇ ਨੇ ਉਹ।

— ਪ੍ਰਗਾਸ਼, ਕੀਰਤੀ ਤੇ ਜ਼ੋਰੇ ਹੋਰੀਂ ਵੀ ਬਾਹਰਲਿਆਂ ਨੂੰ ਹਰ ਵੇਲੇ ਕੋਸਦੇ ਹੀ ਰਹਿੰਦੇ ਨੇ। ਆਪ ਤਾਂ ਸਾਲੇ ਸ਼ਹਿਰ ਵਿਚ ਬੈਠੇ ਨੇ। ਸਾਨੂੰ ਪਿੰਡ ਵਾਲਿਆਂ ਨੂੰ ਐਵੇਂ ਤੰਗ ਕਰੀ ਜਾਂਦੇ ਨੇ।

— ਬਾਈ ਸਿਹਾਂ, ਅਸਲ ਵਿਚ ਬਾਹਰਲੇ ਦੇਸ਼ ਬਹੁਤ ਜ਼ਿਆਦਾ ਤਰੱਕੀ ਕਰ ਗਏ ਨੇ। ਉਨ੍ਹਾਂ ਦਾ ਮੁਕਾਬਲਾ ਤਾਂ ਸਾਡੇ ਚੰਡੀਗੜ੍ਹ ਜਿਹੇ ਸ਼ਹਿਰ ਵੀ ਨਹੀਂ ਕਰ ਸਕਦੇ। ਪਿੰਡਾਂ ਨੇ ਕੀ ਕਰਨਾ ਏ? ਨਾ ਮੈਂ ਬਾਹਰ ਗਿਆ ਹਾਂ ਤੇ ਨਾ ਤੂੰ। ਫ਼ਿਲਮਾਂ ਵਿਚ ਦੇਖ ਕੇ ਤੇ ਬਾਹਰਲਿਆਂ ਤੋਂ ਸੁਣ ਕੇ ਲਗਦਾ ਇੰਝ ਏ ਕਿ ਅਸੀਂ ਬਾਹਰਲੇ ਦੇਸ਼ਾਂ ਦੇ ਪਾ ਪਾਸਕ ਵੀ ਨਹੀਂ। ਇਸੇ ਕਰਕੇ ਤਾਂ ਸਾਰੇ ਬਾਹਰ ਨੂੰ ਜਾਣ ਲਈ ਝੁਰੀ ਜਾਂਦੇ ਨੇ। ਦੇਖ ਲਹਿਬਰ ਸਿਹਾਂ, ਸਾਰਾ ਕੁਝ ਤਾਂ ਬਦਲਿਆ ਨਹੀਂ ਜਾ ਸਕਦਾ। ਸਾਰਾ ਪਿੰਡ ਢਾਅ ਕੇ ਤਾਂ ਬਦਲਿਆਂ ਨਹੀਂ ਜਾ ਸਕਦਾ। ਢਾਂਚਾ ਤਾਂ ਇਹੀ ਰਹੂ। ਹਾਂ ਇਸ ਵਿਚ ਕਈ ਵਾਧੂ ਚੀਜ਼ਾਂ ਪੈਦਾ ਕੀਤੀਆਂ ਜਾ ਸਕਦੀਆਂ ਨੇ। ਉਹ ਵਾਧੂ ਚੀਜ਼ਾਂ ਕੀ ਹਨ, ਸਾਨੂੰ ਸਮਝ ਨਹੀਂ ਆਉਂਦੀ। ਏਦਾਂ ਕਰਦੇ ਹਾਂ, ਹੁਣ ਪੰਚਾਇਤ ਇਕ ਵਾਰ ਬਾਹਰਲਿਆਂ ਦੇ ਕਹਿਣ ਤੇ ਬਣਨ ਦਿੰਦੇ ਹਾਂ। ਇਕ ਵਾਰ ਪਤਾ ਤਾਂ ਲੱਗ ਜੂ ਕਿ ਉਹ ਧਰਤੀ ਤੇ ਕਿਹੜਾ ਸਵਰਗ ਉਸਾਰਦੇ ਨੇ। ਇਸ ਵਾਰ ਆਪਾਂ ਨੂੰ ਅੱਗੇ ਹੋ ਕੇ ਵਧ ਚੜ੍ਹ ਕੇ ਹਿੱਸਾ ਨਹੀਂ ਲੈਣਾ ਚਾਹੀਦਾ। ਜੇ ਉਹ ਵੀ ਫੇਲ੍ਹ ਹੋ ਗਏ ਤਾਂ ਅਗਲੀ ਵਾਰ ਸਾਡੀ ਚੜ੍ਹਤ ਹੋਵੇਗੀ। ਹੋ ਸਕਦਾ ਪਰਸੋਂ ਵਾਲੇ ਇਕੱਠ ਵਿਚ ਹੀ ਰੌਲ਼ਾ ਰੱਪਾ ਪੈ ਜਾਵੇ। ਪਿੰਡ ਦੇ ਲੋਕ ਡੱਡੂਆਂ ਦੀ ਪੰਸੇਰੀ ਵਾਂਗ ਹਨ। ਇਨ੍ਹਾਂ ਨੂੰ ਇਕੱਠਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਕੀਰਤੀ ਤੇ ਜ਼ੋਰੇ ਹੋਰੀਂ ਤਾਂ ਉਸ ਟਟੀਹਰੀ ਵਾਂਗ ਹਨ ਜਿਹੜੀ ਸੋਚਦੀ ਏ ਕਿ ਉਸ ਨੇ ਹੀ ਅਸਮਾਨ ਸਿਰ ਤੇ ਚੁੱਕਿਆ ਹੋਇਆ ਏ। ਹਵਾ 'ਚ ਲਾਠੀਆਂ ਮਾਰਨ ਨਾਲ ਮਹਿਲ ਨਹੀਂ ਉਸਰਨੇ।

— ਹੁਣ ਤਾਂ ਪਿੰਡ ਪੈਰਿਸ ਬਣਜੂ। ਚੰਗਾ ਜਿਵੇਂ ਤੂੰ ਕਹਿੰਦਾ ਏ ਉਵੇਂ ਹੀ ਕਰ ਲੈਂਦੇ ਹਾਂ।

ਉਸੇ ਦਿਨ ਸ਼ਾਮ ਨੂੰ ਗਿੱਲ ਸਾਹਿਬ ਵੀ ਕੈਨੇਡਾ ਤੋਂ ਪਿੰਡ ਪਹੁੰਚ ਗਏ। ਉਹ ਵੀ ਉਚੇਚੇ ਤੌਰ ਤੇ ਪਿੰਡ ਵਿਚ ਹੋਣ ਵਾਲੇ ਇਕੱਠ ਵਿਚ ਹਿੱਸਾ ਲੈਣ ਆਏ ਸਨ। ਉਨ੍ਹਾਂ ਨਾਲ ਉਹਨਾਂ ਦੀ ਪਤਨੀ ਤੇ ਪੋਤਰਾ ਵੀ ਆਏ। ਪੋਤਰਾ ਤਕਰੀਬਨ ਦਸ ਕੁ ਸਾਲ ਦਾ ਸੀ। ਉਹ

ਘਰ ਵਿਚਲੇ ਨਲਕੇ ਦਾ ਪਾਣੀ ਗੇੜਨ ਲਈ ਉਸ ਦੀ ਹੱਥੀ ਫੜ ਕੇ ਉਤਾਂਹ ਨੂੰ ਚੁੱਕੀ ਜਾਵੇ ਕਿਉਂਕਿ ਬਾਹਰਲੇ ਦੇਸ਼ਾਂ ਵਿਚ ਰਸੋਈ ਦੀਆਂ ਟੂਟੀਆਂ ਉਤਾਂਹ ਨੂੰ ਚੁੱਕਣ ਨਾਲ ਪਾਣੀ ਆਉਣਾ ਸ਼ੁਰੂ ਹੁੰਦਾ ਏ। ਗਿੱਲ ਸਾਹਿਬ ਤੇ ਉਨ੍ਹਾਂ ਦੀ ਘਰ ਵਾਲੀ ਉਸ ਨੂੰ ਦੇਖ-ਦੇਖ ਕੇ ਖ਼ੁਸ਼ ਹੋਈ ਜਾਣ। ਜਦ ਉਹ ਉਹਨੂੰ ਕਹਿਣ ਕਿ ਨਲਕੇ ਦੀ ਹੱਥੀ ਓਪਰੋਂ ਹੇਠਾਂ ਨੂੰ ਖਿਚੋ ਤਾਂ ਉਸ ਤੋਂ ਬੜੀ ਮੁਸ਼ਕਲ ਨਾਲ ਖਿਚ ਹੋਵੇ ਕਿਉਂਕਿ ਨਲਕਾ ਬੜਾ ਭਾਰਾ ਸੀ। ਗੁਆਂਢੀਆਂ ਦਾ ਮੁੰਡਾ ਰੇਸ਼ਮ ਬਾਹਰ ਮੱਝ ਤੇ ਪਾਣੀ ਪਾਅ ਕੇ ਉਸ ਨੂੰ ਨਹਾ ਰਿਹਾ ਸੀ। ਗਿੱਲ ਸਾਹਿਬ ਦਾ ਪੋਤਰਾ ਪੁੱਛੇ ਕਿ ਮੁੰਡਾ ਕੀ ਧੋ ਰਿਹਾ ਏ। ਮੱਝ ਨੇ ਗੋਹਾ ਕਰ ਦਿੱਤਾ ਤਾਂ ਮੁੰਡਾ ਕਹੇ ਮੱਝ ਨੇ ਪੌਟੀ ਕਰ ਤੀ। ਨਾਲ ਲਗਦੇ ਛੱਪੜ ਨੂੰ ਡਰਟੀ ਪੂਲ ਕਹੇ, ਮੱਕੀ ਦੀ ਰੋਟੀ ਨੂੰ ਗੋਲਡਨ ਬਰੈੱਡ ਕਹੇ। ਪਿੰਡ ਨੂੰ ਸੁੱਤਾ ਹੋਇਆ ਪਿੰਡ (sleepy Village) ਕਹੇ, ਕੰਗਣੀ ਵਾਲੇ ਗਲਾਸ ਨੂੰ ਮਿਕਸੀ ਦਾ ਜਾਰ ਕਹੀ ਜਾਵੇ, ਖੁੱਲ੍ਹੀ ਚਿੱਟੀ ਦਾੜ੍ਹੀ ਵਾਲੇ ਇਕ ਚਿਟਕਪੜੀਏ ਸੁਨੱਖੇ ਬੁੱਢੇ ਨੂੰ ਸਾਂਤਾ ਕਲੌਜ (Santa Claus) ਕਹੀ ਜਾਵੇ, ਘਰ ਵਿਚ ਬਣੇ ਪੁਰਾਣੇ ਚੁੱਲ੍ਹੇ ਨੂੰ ਵਾਰਵੈਕਿਊ ਓਵਨ ਕਹੀ ਜਾਵੇ ਤੇ ਇਸ ਪ੍ਰਕਾਰ ਦੀਆਂ ਕਈ ਹੋਰ ਐਸੀਆਂ ਗੱਲਾਂ ਕਰੀ ਜਾਵੇ ਜਿਨ੍ਹਾਂ ਦੇ ਬਿੰਬ ਉਸਦੀ ਸੋਚਣੀ ਅਨੁਸਾਰ ਬਣਦੇ ਸਨ।

ਗਿੱਲ ਸਾਹਿਬ ਨੇ ਪਹਿਲਾਂ ਹੀ ਰੇਸ਼ਮ ਨੂੰ ਭੇਜ ਕੇ ਪ੍ਰਗਾਸ਼ ਦਾ ਪਤਾ ਮੰਗਵਾ ਲਿਆ ਸੀ। ਪ੍ਰਗਾਸ਼ ਇਸ ਸਮੇਂ ਘਰ ਹੀ ਸੀ। ਉਸ ਨੂੰ ਆਪਣੇ ਘਰ ਸੱਦਣ ਦੀ ਬਿਜਾਏ ਗਿੱਲ ਸਾਹਿਬ ਨੇ ਸੋਚਿਆ ਕਿ ਉਹ ਖ਼ੁਦ ਪ੍ਰਗਾਸ਼ ਦੇ ਘਰ ਜਾ ਕੇ ਆਵੇ। ਗਿੱਲ ਸਾਹਿਬ ਨੂੰ ਪਤਾ ਸੀ ਕਿ ਜਦ ਇਕ ਸਰਦਾਰ ਜੱਟ, ਉਹ ਵੀ ਬਾਹਰੋਂ ਆਇਆ, ਇਕ ਹਰੀਜਨ ਦੇ ਘਰ ਜਾਊ ਤਾਂ ਹਰੀਜਨ ਬੜਾ ਖ਼ੁਸ਼ ਹੋਊ। ਅਗਰ ਪਿੰਡ ਵਿਚ ਇਕ ਜੱਟ ਜਿਮੀਂਦਾਰ ਹਰੀਜਨ ਤੇ ਘਰ ਜਾ ਕੇ ਚਾਹ ਪੀ ਲਵੇ ਜਾਂ ਰੋਟੀ ਖਾ ਲਵੇ ਤਾਂ ਹੋਰ ਵੀ ਜ਼ਿਆਦਾ ਖ਼ੁਸ਼ ਹੁੰਦਾ ਏ। ਕਹਿਣ ਨੂੰ ਇਸ ਦੇਸ਼ ਵਿਚ ਬਰਾਬਰਤਾ ਕਾਇਮ ਕਰ ਦਿੱਤੀ ਗਈ ਏ ਪਰ ਅਸਲੀ ਰੂਪ ਵਿਚ ਅੱਜ ਵੀ ਬਰਾਬਰਤਾ ਨਹੀਂ। ਮਨੋ ਵਿਗਿਆਨਕ ਤੌਰ ਤੇ ਹਰੀਜਨ ਤੇ ਬਾਲਮੀਕੀ ਅੱਜ ਵੀ ਜੱਟ ਜਿਮੀਂਦਾਰਾਂ ਨਾਲੋਂ ਆਪਣੇ ਆਪ ਨੂੰ ਨੀਵੇਂ ਸਮਝੀ ਜਾਂਦੇ ਨੇ। ਗਿੱਲ ਸਾਹਿਬ ਪ੍ਰਗਾਸ਼ ਦੇ ਘਰ ਪਹੁੰਚ ਗਏ।

— ਆਓ ਜੀ ਗਿੱਲ ਸਾਹਿਬ, ਜੀ ਆਇਆਂ ਨੂੰ। ਕਦੋਂ ਆਏ ਬਾਹਰੋਂ?

— ਪ੍ਰਗਾਸ਼, ਤੇਰੀ ਬੜੀ ਮਿਹਰਬਾਨੀ ਵੀਰੇ। ਅਜੇ ਕੱਲ੍ਹ ਹੀ ਆਇਆ ਹਾਂ।

— ਇਕੱਲੇ ਆਏ ਹੋ ਜਾਂ ਪਰਿਵਾਰ ਸਮੇਤ?

— ਘਰਵਾਲੀ ਤੇ ਪੋਤਰੇ ਨੂੰ ਵੀ ਨਾਲ ਲਿਆਇਆ ਹਾਂ।

— ਪੋਤਰਾ ਤਾਂ ਸ਼ਾਇਦ ਪਹਿਲੀ ਵਾਰੀ ਆਇਆ ਏ?

— ਹਾਂ, ਉਸ ਨੇ ਆਪਣੇ ਪਿੰਡ ਦੀ ਮਿੱਟੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਨੇ। ਪੇਂਡੂ ਮਾਹੌਲ 'ਚ ਰਹਿ ਕੇ ਖ਼ੁਸ਼ ਵੀ ਏ ਤੇ ਕਈ ਕੰਮ ਅਜੀਬ ਵੀ ਕਰੀ ਜਾਂਦਾ ਏ। ਤੈਨੂੰ ਪਤਾ ਏ, ਉਨ੍ਹਾਂ ਦੇਸ਼ਾਂ ਵਿਚ ਸਭ ਕੁਝ ਇੱਥੇ ਤੋਂ ਅੱਡ ਏ। ਜਦ ਬੱਚੇ ਇੱਧਰ ਆਉਂਦੇ ਨੇ, ਕੁਝ ਦਿਨ ਇੱਥੇ ਰਹਿ ਕੇ ਤਾਂ ਬੜੇ ਖ਼ੁਸ਼ ਹੁੰਦੇ ਨੇ। ਅਗਰ ਜ਼ਿਆਦਾ ਸਮਾਂ ਰਹਿ ਜਾਣ ਤਾਂ ਅਜੀਬ ਹਰਕਤਾਂ ਕਰਨ ਲੱਗ ਪੈਂਦੇ ਨੇ। ਉਧਰੋਂ ਆ ਕੇ ਕਈ ਬੱਚੇ ਮਿੱਟੀ ਵਿਚ ਹੀ ਖੇਲ੍ਹੀ ਜਾਣਗੇ,

ਕਈ ਪਾਣੀ ਨਾਲ ਖੇਡੀ ਜਾਣਗੇ, ਕਈ ਟਰੈਕਟਰ ਤੇ ਚੜ੍ਹ ਕੇ ਘੁੰਮਣ ਫਿਰਨ ਨੂੰ ਪਸੰਦ ਕਰੀ ਜਾਣਗੇ, ਕਈ ਬਾਈ ਸਾਈਕਲ ਨੂੰ ਫੜ-ਫੜ ਕੇ ਘੁੰਮਾਈ ਜਾਣਗੇ, ਕਈ ਵੱਛੀਆਂ ਤੇ ਛੇਲੀਆਂ ਨਾਲ ਹੀ ਖੇਡੀ ਜਾਣਗੇ, ਕਈ ਟਿਊਬਵੈੱਲ ਦੀ ਖੈਲ ਵਿਚ ਵੜ ਕੇ ਨਹਾਈ ਹੀ ਜਾਣਗੇ ਤੇ ਕਈ ਹੋਰ ਇਸ ਪ੍ਰਕਾਰ ਦੀਆਂ ਹਰਕਤਾਂ ਕਰੀ ਜਾਣਗੇ। ਮੇਰਾ ਪੋਤਰਾ ਸਾਹਮਣੇ ਪੱਕੇ ਛੱਪੜ ਨੂੰ ਡਰਟੀ ਪੂਲ ਕਹੀ ਜਾਂਦਾ ਏ ਤੇ....

— ਗਿੱਲ ਸਾਹਿਬ, ਮੈਂ ਤੁਹਾਡੀ ਗੱਲ ਸਮਝ ਗਿਆ। ਜਦ ਕੋਈ ਬੰਦਾ ਨਵੀਂ ਥਾਂ ਜਾਂਦਾ ਏ ਤਾਂ ਉਸ ਨਾਲ ਇਵੇਂ ਹੀ ਹੁੰਦਾ ਏ। ਮੱਖੀਮਾਰਾਂ ਦਾ ਬੇਲਾ ਸਿਹੁੰ ਪਿਛਲੇ ਸਾਲ ਕੈਨੇਡਾ ਗਿਆ ਸੀ। ਜਦ ਏਅਰਪੋਰਟ ਤੇ ਪਹੁੰਚਿਆ ਤਾਂ ਉਥੇ ਪਈਆਂ ਸਮਾਨ ਲੱਦਣ ਵਾਲੀਆਂ ਟਰਾਲੀਆਂ ਨੂੰ ਉਹ ਟਰਾਲੀਆਂ ਹੀ ਨਾ ਸਮਝੇ। ਜਦ ਉਹਦੇ ਮੁੰਡੇ ਨੇ ਕਿਹਾ ਭਾਈਆ ਉਹ ਪਰਿਓਂ ਟਰਾਲੀ ਖਿੱਚ ਕੇ ਲਿਆਈਂ ਤਾਂ ਖੜ੍ਹਾ ਝਾਕੀ ਜਾਵੇ ਤੇ ਕਹੇ-ਕਾਕਾ ਟਰਾਲੀ ਤਾਂ ਪਿੰਡ ਰਹਿ ਗਈ ਟਰੈਕਟਰ ਨਾਲ। ਐਥੇ ਹਵਾਈ ਅੱਡੇ ਤੇ ਟਰਾਲੀ ਕਿੱਥੋਂ ਆ ਗਈ। ਫਿਰ ਕਿਤੇ ਉਹਦੇ ਮੁੰਡੇ ਨੇ ਉਹਨੂੰ ਸਮਝਾਇਆ ਕਿ ਟਰਾਲੀ ਸਿਰਫ਼ ਟਰੈਕਟਰ ਦੇ ਪਿੱਛੇ ਜੋੜਨ ਵਾਲੀ ਹੀ ਨਹੀਂ ਹੁੰਦੀ, ਹਵਾਈ ਅੱਡੇ ਤੇ ਸਮਾਨ ਰੱਖ ਕੇ ਲਿਆਉਣ ਵਾਲੇ ਨਿੱਕੇ ਨਿੱਕੇ ਵਾਹਣਾਂ ਨੂੰ ਵੀ ਟਰਾਲੀ ਹੀ ਕਿਹਾ ਜਾਂਦਾ ਏ।

— ਪ੍ਰਗਾਸ਼, ਤੂੰ ਤਾਂ ਸਾਰੀ ਗੱਲ ਸਮਝਦਾ ਹੀ ਏਂ। ਹੋਰ ਸੁਣਾ ਪਿੰਡ ਦਾ ਹਾਲ? ਤੇਰੀ ਘਰਵਾਲੀ ਪਿੰਡ ਦੀ ਸਰਪੰਚਣੀ ਏ। ਉਹ ਕਿੱਧਰ ਗਈ? ਨਾਲ ਦੇ ਘਰ ਮਲੰਗੀ ਕਿਆਂ ਦੇ ਗਈ ਸੀ। ਆਉਂਦੀ ਹੀ ਹੋਵੇਗੀ। ਆ ਕੇ ਚਾਹ ਬਣਾਊਗੀ। ਤੁਸੀਂ ਆਰਾਮ ਨਾਲ ਬੈਠੋ।

— ਪ੍ਰਗਾਸ਼, ਚਾਹ ਤਾਂ ਅੱਜ ਤੇਰੇ ਕੋਲ ਪੀਣੀ ਹੀ ਏ।

— ਕਹੋਂ ਤਾਂ ਦੁੱਧ ਪਿਆ ਦਿੰਦੇ ਹਾਂ। ਮੱਝ ਨਵੀਂ-ਨਵੀਂ ਸੂਈ ਏ

— ਨਹੀਂ ਪ੍ਰਗਾਸ਼, ਸਿਰਫ਼ ਚਾਹ ਦਾ ਕੱਪ ਹੀ ਪੀਵਾਂਗੇ।

— ਕੋਈ ਕਾਹਲੀ ਨਹੀਂ। ਆਰਾਮ ਨਾਲ ਬਣਾ ਲਿਓ। ਮੇਰਾ ਤਾਂ ਤੈਨੂੰ ਮਿਲਣ ਨੂੰ ਜੀਅ ਕਰਦਾ ਸੀ।

(ਇੰਨੇ ਚਿਰ ਵਿਚ ਪ੍ਰਗਾਸ਼ ਦੇ ਘਰਵਾਲੀ ਦੇਬੋ ਵੀ ਆ ਗਈ)

— ਤਾਇਆ ਜੀ, ਸਤਿ ਸ੍ਰੀ ਅਕਾਲ!

— ਧੀਏ, ਸਤਿ ਸ੍ਰੀ ਅਕਾਲ।

— ਪਤਾ ਵੀ ਨਹੀਂ ਲੱਗਾ, ਕਦੋਂ ਆਏ?

— ਕੁੜੇ ਕੱਲ੍ਹ ਹੀ ਤਾਂ ਆਇਆ ਹਾਂ।

— ਤਾਈ ਜੀ ਵੀ ਆਏ?

— ਹਾਂ, ਧੀਏ ਉਹ ਵੀ ਨਾਲ ਹੀ ਆਈ ਏ। ਪੋਤਰੇ ਨੂੰ ਵੀ ਨਾਲ ਲਿਆਇਆ ਹਾਂ ਇਸ ਵਾਰੀ।

— ਉਨ੍ਹਾਂ ਨੂੰ ਵੀ ਨਾਲ ਲੈ ਆਉਣਾ ਸੀ ਇੱਧਰ ਨੂੰ?

— ਕੋਈ ਨੀ, ਅਗਲੀ ਵਾਰ ਲੈ ਕੇ ਆਊਂ। ਮੈਂ ਸੋਚਿਆ, ਮੈਂ ਪਹਿਲਾਂ ਇਕੱਲਾ ਹੀ ਪਿੰਡ ਦੇ ਤੇ ਪਿੰਡ ਦੇ ਲੀਡਰਾਂ ਦੇ ਦਰਸ਼ਨ ਕਰ ਆਵਾਂ।

— ਤਾਇਆ ਜੀ, ਅਸੀਂ ਕਾਹਦੇ ਲੀਡਰ ਹੋਏ? ਲੀਡਰ ਤਾਂ ਹੁਣ ਤੁਸੀਂ ਹੋ। ਸੁਣਿਐ, ਹੁਣ ਬਾਹਰਲਿਆਂ ਨੇ ਵਾਗੀ ਲੈਣੀ ਏ।

— ਅਸੀਂ ਕੋਈ ਵਾਗੀ ਨਹੀਂ ਲੈਣੀ। ਵਾਗੀ ਤੁਹਾਡੇ ਪਾਸ ਹੀ ਰਹਿਣੀ ਏ। ਅਸੀਂ ਤਾਂ ਸਿਰਫ਼ ਤੁਹਾਡੀ ਮਾੜੀ ਮੋਟੀ ਮਦਦ ਕਰਨੀ ਏ। ਅਸੀਂ ਚਾਹੁੰਦੇ ਹਾਂ, ਪਿੰਡ ਦਾ ਮੂੰਹ ਮੱਥਾ ਸੁਧਰ ਜਾਵੇ।

— ਖਰਚਾ, ਦੇਬੋ ਸਾਰਾ ਤੇਰੇ ਹੱਥੀਂ ਹੀ ਕਰਵਾਉਣਾ ਏ। ਪਿੰਡ 'ਚੋਂ ਘਟੀਆ ਕਿਸਮ ਦੀ ਪਾਰਟੀਬਾਜ਼ੀ ਨੂੰ ਇਕ ਵਾਰ ਜੜ੍ਹੋਂ ਪੁੱਟਣਾ ਏ। ਬਾਹਰ ਬੈਠੇ ਸਾਰੇ ਬੰਦੇ ਇਹੀ ਠਾਣੀ ਬੈਠੇ ਨੇ ਕਿ ਪਿੰਡ ਵਾਸੀਆਂ ਪਾਸ ਸਭ ਕੁੱਝ ਹੁੰਦੇ ਸੁੰਦੇ ਪਿੰਡ ਲਾਵਾਰਸ ਲੱਗੀ ਜਾਂਦਾ ਏ।

— ਤਾਇਆ ਜੀ, ਅਸੀਂ ਤਾਂ ਪਿੰਡ ਦਾ ਬਥੇਰਾ ਮੂੰਹ ਮੱਥਾ ਸੁਆਰਿਆ ਏ। ਤੁਸੀਂ ਇਸ ਨੂੰ ਐਵੇਂ ਲਾਵਾਰਸ ਕਹੀ ਜਾਂਦੇ ਹੋ।

— ਕੁੜੇ ਦੇਬੋ, ਤੁਹਾਡੀ ਸੇਵਾ ਨੂੰ ਮੈਂ ਕੋਈ ਕਿੰਤੂ ਨਹੀਂ ਕਰਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਬਹੁਤ ਕੁੱਝ ਕੀਤਾ। ਅਸਲ ਵਿਚ ਸਾਡੇ ਪਿੰਡ ਵੱਡੇ ਪੱਧਰ ਤੇ ਕੁਝ ਕਰਵਾਉਣਾ ਲੋਚਦੇ ਨੇ। ਗੱਲ ਸਾਰੀ ਕੱਲ੍ਹ ਦੇ ਇਕੱਠ ਵਿਚ ਕਰਾਂਗੇ। ਕੰਮ ਸਾਰਾ ਤੁਸੀਂ ਹੀ ਕਰਨਾ ਏ। ਅਸੀਂ ਤਾਂ ਸਿਰਫ਼ ਤੁਹਾਨੂੰ ਪੈਸੇ ਦੇਵਾਂਗੇ ਤੇ ਕੰਮ ਕਰਨ ਦੀ ਸੇਧ ਵੀ ਦੇਵਾਂਗੇ। ਇਕ ਵਾਰ ਐਸਾ ਮੋਰਚਾ ਫਤਹਿ ਕਰਕੇ ਦਿਖਾਵੋ ਕਿ ਪਿੰਡ ਆਲੇ-ਦੁਆਲੇ ਦੇ ਪਿੰਡਾਂ ਲਈ ਇੱਕ ਮਿਸਾਲ ਬਣ ਜਾਵੇ। ਪਿੰਡ ਦੀ ਪੰਚਾਇਤ ਇਸ ਵਾਰੀ ਸਰਬ ਸੰਮਤੀ ਨਾਲ ਬਣਾਉਣੀ ਏ। ਸਰਪੰਚਣੀ ਦੁਆਰਾ ਫਿਰ ਤੂੰ ਹੀ ਬਣਨਾ ਏ। ਉਮੀਦ ਹੈ, ਕੱਲ੍ਹ ਦੇ ਇਕੱਠ ਵਿਚ ਉਹ ਸਾਰੇ ਹਾਜ਼ਰ ਹੋਣਗੇ ਜਿਹੜੇ ਪਿੰਡ ਦਾ ਭਲਾ ਚਾਹੁੰਦੇ ਨੇ। ਇਹ ਇਕੱਠ ਨਾ ਕਾਂਗਰਸੀਆਂ ਦਾ ਏ, ਨਾ ਕਾਮਰੇਡਾਂ ਦਾ, ਨਾ ਅਕਾਲੀਆਂ ਦਾ ਤੇ ਨਾ ਹੀ ਹਿੰਦੂਆਂ ਦਾ। ਇਹ ਇਕੱਠ ਹੈ ਪਿੰਡ ਦੇ ਮੌਜੂਦਾ ਵਾਸੀਆਂ ਦਾ ਤੇ ਪਿੰਡ ਦੇ ਪੁਰਾਣੇ ਰਹਿ ਚੁੱਕੇ ਵਾਸੀਆਂ ਦਾ। ਕੈਨੇਡਾ 'ਚ ਦਲੀਪਾ ਰਾਮ ਤੇ ਕਸਤੂਰੀ ਲਾਲ ਨਾਲ ਗੱਲਾਂ ਹੋ ਚੁੱਕੀਆਂ ਨੇ। ਮੈਂ ਉਨ੍ਹਾਂ ਸਾਰਿਆਂ ਦੇ ਪ੍ਰਤੀਨਿਧ ਦੇ ਤੌਰ ਤੇ ਇੱਥੇ ਆਇਆ ਹਾਂ।

— ਤਾਇਆ ਜੀ, ਚਲੋ ਤੁਹਾਡਾ ਆਉਣਾ ਸਿਰ ਮੱਥੇ। ਆਹ ਪ੍ਰੋਫੈਸਰ ਜ਼ੋਰਾ ਤੇ ਕੀਰਤੀ ਐਵੇਂ ਹੀ ਟੰਗ ਅੜਾਉਂਦੇ ਰਹਿੰਦੇ ਨੇ।

— ਦੇਬੋ, ਗੱਲ ਨੂੰ ਸਮਝ। ਉਹ ਐਵੇਂ ਹੀ ਟੰਗ ਨਹੀਂ ਉੜਾਉਂਦੇ। ਉਨ੍ਹਾਂ ਦੀ ਇੱਥੇ ਜ਼ਮੀਨ ਵੀ ਏ ਤੇ ਪੁਰਾਣੇ ਘਰ ਵੀ ਨੇ। ਉਹ ਤੁਹਾਨੂੰ ਐਵੇਂ ਮਾੜੇ ਲੱਗੀ ਜਾਂਦੇ ਹਨ। ਉਹ ਕੋਈ ਗ਼ਲਤ ਕੰਮ ਕਰਨਗੇ ਤਾਂ ਅਸੀਂ ਉਨ੍ਹਾਂ ਨੂੰ ਦੇਖਾਂਗੇ। ਸਾਡੇ ਲਈ ਲਹਿਬਰ ਸਿੰਘ ਵੀ ਉਦਾਂ ਦਾ ਹੀ, ਜਿੱਦਾਂ ਦੇ ਜ਼ੋਰੇ ਹੋਰੀਂ ਨੇ। ਪਿੰਡ ਵਿਚ ਇਕ ਵਾਰ ਪੂਰਾ ਇਤਫ਼ਾਕ ਪੈਦਾ ਕਰਨਾ ਏ। ਕੱਲ੍ਹ ਦੇ ਇਕੱਠ ਵਿਚ ਜੋ ਮਤਾ ਪਾਸ ਹੋਵੇ ਉਸ ਤੇ ਪਹਿਰਾ ਦਿਓ।

— ਚੰਗਾ ਤਾਇਆ ਜੀ, ਅਸੀਂ ਤੁਹਾਡੀ ਗੱਲ ਮੰਨਦੇ ਹਾਂ। ਸੁਣਿਐ ਬੜਾ ਪੈਸਾ ਇਕੱਠਾ ਕੀਤਾ ਏ।

— ਇਹਦੇ ਬਾਰੇ ਸਭ ਕੁਝ ਕੱਲ੍ਹ ਦੱਸਾਂਗਾ। ਇਕੱਠ ਵਿਚ ਸ਼ਾਮਲ ਹੋਵੋ। ਇਸ ਵਿਚ ਹੀ ਪਿੰਡ ਦਾ ਭਲਾ ਏ।

ਇਨੇ ਨੂੰ ਦੇਬੋ ਚਾਹ ਵੀ ਲਿਆ ਕੇ ਰੱਖ ਦਿੰਦੀ ਏ।

— ਆ ਬਈ ਪ੍ਰਗਾਸ਼, ਚਾਹ ਪੀਈਏ।

— ਚੰਗਾ, ਗਿੱਲ ਸਾਹਿਬ।

(ਚਾਹ ਪੀ ਕੇ ਗਿੱਲ ਸਾਹਿਬ ਚਲੇ ਗਏ)

ਦੂਜੇ ਦਿਨ ਪਿੰਡ ਦੇ ਦਰਵਾਜੇ ਤੇ ਪਿੰਡ ਦਾ ਇਕੱਠ ਹੋਇਆ। ਸਾਰੇ ਪਿੰਡ ਨੇ ਵਧ ਚੜ੍ਹ ਕੇ ਇਸ ਇਕੱਠ ਵਿਚ ਹਿੱਸਾ ਲਿਆ। ਜਦ ਸਾਰੇ ਜਣੇ ਆਪਣੇ ਆਪਣੇ ਥਾਂ ਤੇ ਬੈਠ ਗਏ ਤਾਂ ਗਿੱਲ ਸਾਹਿਬ ਨੇ ਉੱਠ ਕੇ ਸਾਰਿਆਂ ਨੂੰ ਫਤਹਿ ਬੁਲਾਈ ਤੇ ਕਿਹਾ ਕਿ ਕੋਈ ਵੀ ਵਿਅਕਤੀ ਆ ਕੇ ਸਟੇਜ ਦਾ ਸੰਚਾਲਨ ਕਰ ਸਕਦਾ ਏ ਤੇ ਕੋਈ ਵੀ ਵਿਅਕਤੀ ਬੋਲਣ ਵਾਸਤੇ ਆਪਣਾ ਨਾਮ ਸਟੇਜ ਸਕੱਤਰ ਨੂੰ ਦੇ ਸਕਦਾ ਏ। ਇਕੱਠ ਵਿਚੋਂ ਆਵਾਜ਼ ਆਈ ਕਿ ਸਟੇਜ ਸਕੱਤਰ ਲਈ ਗਿੱਲ ਸਾਹਿਬ ਜੀਹਦਾ ਨਾਮ ਮਰਜ਼ੀ ਪਰਪੋਜ਼ ਕਰ ਦੇਣ। ਗਿੱਲ ਸਾਹਿਬ ਨੇ ਜ਼ੋਰਾ ਸਿੰਘ ਨੂੰ ਇਸ਼ਾਰਾ ਕੀਤਾ ਕਿ ਉਹ ਸਟੇਜ ਦਾ ਸੰਚਾਲਨ ਕਰੇ। ਜੋਰਾ ਸਿੰਘ ਉੱਠ ਕੇ ਸਾਰੇ ਇਕੱਠ ਦੇ ਸਾਹਮਣੇ ਆ ਖੜ੍ਹਾ ਹੋ ਗਿਆ।

ਨਗਰ ਨਿਵਾਸੀ ਪ੍ਰੇਮੀ ਜਨੋ,

ਅੱਜ ਦਾ ਇਹ ਇਕੱਠ ਪਿੰਡ ਵਿਚ ਏਕਤਾ ਤੇ ਸਰਬ ਸੰਮਤੀ ਦੀ ਭਾਵਨਾ ਪੈਦਾ ਕਰਨ ਲਈ ਕੀਤਾ ਗਿਆ ਹੈ। ਹੋ ਸਕਦਾ ਏ ਪਹਿਲਾਂ ਕਈਆਂ ਨੂੰ ਅਸੀਂ ਤੇ ਸਾਨੂੰ ਕਈ ਹੋਰ ਚੰਗੇ ਨਹੀਂ ਲਗਦੇ ਹੁੰਦੇ ਸਨ। ਅਸੀਂ ਹੁਣ ਆਪਣੀ ਹਉਮੈਂ ਬਿਲਕੁਲ ਛੱਡ ਦਿੱਤੀ ਹੈ। ਇਹ ਗੱਲ ਮੈਂ ਵਾਹਿਗੁਰੂ ਦੀ ਕਸਮ ਖਾ ਕੇ ਕਹਿੰਦਾ ਹਾਂ। ਉਮੀਦ ਹੈ ਕਿ ਦੂਜੇ ਵੀ ਆਪਣੀ ਹਉਮੈਂ ਛੱਡ ਦੇਣਗੇ। ਇਸ ਵਕਤ ਪਿੰਡ ਦੀ ਭਲਾਈ ਪਹਿਲੇ ਲੰਬਰ ਤੇ ਹੈ ਤੇ ਬਾਕੀ ਸਾਰਾ ਕੁਝ ਬਾਅਦ ਵਿਚ। ਮੈਂ ਚੌਧਰ ਦਾ ਬਿਲਕੁੱਲ ਵੀ ਭੁੱਖਾ ਨਹੀਂ। ਮੈਂ ਤੁਹਾਡੇ ਸਨਮੁਖ ਤਾਂ ਖੜ੍ਹਾ ਹੋਇਆ ਹਾਂ ਕਿਉਂਕਿ ਗਿੱਲ ਸਾਹਿਬ ਨੇ ਮੇਰਾ ਨਾਮ ਅਚਾਨਕ ਹੀ ਬੋਲ ਦਿੱਤਾ ਹੈ। ਅੱਜ ਦੇ ਇਸ ਇਕੱਠ ਨੂੰ ਗਿੱਲ ਸਾਹਿਬ ਤੇ ਕੀਰਤੀ ਸਿੰਘ ਤਾਂ ਸੰਬੋਧਨ ਕਰਨਗੇ ਹੀ। ਅਗਰ ਕਿਸੇ ਹੋਰ ਨੇ ਆਪਣੇ ਵਿਚਾਰ ਪੇਸ਼ ਕਰਨੇ ਹੋਣ ਤਾਂ ਉਹ ਵੀ ਮੈਨੂੰ ਆਪਣਾ ਨਾਮ ਦੇ ਸਕਦਾ ਹੈ।

(ਇਕ ਮਿੰਟ ਦਾ ਸਮਾਂ ਨਾਮ ਦੇਣ ਲਈ ਦਿੱਤਾ ਜਾਂਦਾ ਹੈ)

ਜਦ ਹੋਰ ਕੋਈ ਵੀ ਨਾਮ ਦੇਣ ਲਈ ਤਿਆਰ ਨਹੀਂ ਹੋਇਆ ਤਾਂ ਜ਼ੋਰਾ ਸਿੰਘ ਨੇ ਗਿੱਲ ਸਾਹਿਬ ਨੂੰ ਬੋਲਣ ਲਈ ਬੇਨਤੀ ਕਰ ਦਿੱਤੀ।

ਨਗਰ ਨਿਵਾਸੀ ਭੈਣੋ, ਭਰਾਵੋ, ਬਜ਼ੁਰਗੋ ਤੇ ਬੱਚਿਓ,

ਪਿੰਡ ਵਿਚ ਆਯੋਜਿਤ ਕੀਤਾ ਗਿਆ ਅੱਜ ਦਾ ਇਹ ਇਕੱਠ ਕਿਸੇ ਖਾਸ ਮੰਤਵ ਲਈ ਕੀਤਾ ਗਿਆ ਹੈ। ਉਸ ਖਾਸ ਮੰਤਵ ਤੋਂ ਤੁਸੀਂ ਸਾਰੇ ਭਲੀ ਭਾਂਤ ਜਾਣੂ ਹੋ। ਮੈਂ ਉਚੇਚੇ ਤੌਰ ਤੇ ਕੈਨੇਡਾ ਤੋਂ ਇਸ ਇਕੱਠ ਵਿਚ ਹਿੱਸਾ ਲੈਣ ਲਈ ਭੇਜਿਆ ਗਿਆ ਹਾਂ। ਤੁਸੀਂ ਦੇਖ ਹੀ ਰਹੇ ਹੋ ਕਿ ਪੰਜਾਬ ਦੇ ਪਿੰਡਾਂ ਦਾ ਵਿਕਾਸ ਬੜੀ ਹੀ ਧੀਮੀਂ ਰਫ਼ਤਾਰ ਨਾਲ ਚੱਲ ਰਿਹਾ ਹੈ। ਅਗਰ ਕੋਈ ਸਰਕਾਰ ਲਿੰਕ ਸੜਕਾਂ ਬਣਵਾ ਦਿੰਦੀ ਹੈ ਤਾਂ ਉਹ ਕੁਝ ਸਾਲ ਇਹੀ ਗੁਣ ਗਾਉਂਦੀ ਰਹਿੰਦੀ ਹੈ ਕਿ ਉਸ ਨੇ ਸੜਕਾਂ ਪੱਕੀਆਂ ਕਰਵਾਈਆਂ ਸਨ। ਇਹੀ ਹਾਲ ਬਾਕੀ

ਵਿਕਾਸ ਦੇ ਕੰਮਾਂ ਦਾ ਏ। ਕੀਤੇ ਗਏ ਕੰਮ ਨੇ ਕੁਝ ਦੇਰ ਬਾਅਦ ਮੁਰੰਮਤ ਵੀ ਮੰਗਣੀ ਹੁੰਦੀ ਹੈ। ਇਹ ਮੁਰੰਮਤ ਕਰਨ ਨੂੰ ਮਹੀਨੇ ਹੀ ਨਹੀਂ, ਕਈ ਵਾਰ ਕਈ ਸਾਲ ਬੀਤ ਜਾਂਦੇ ਹਨ।

ਬਾਹਰਲੇ ਵਿਕਸਤ ਮੁਲਕਾਂ ਵਿਚ ਇੰਜ ਨਹੀਂ ਹੁੰਦਾ, ਉੱਥੇ ਮੁਰੰਮਤ ਨਾਲ ਨਾਲ ਹੀ ਚਲਦੀ ਰਹਿੰਦੀ ਏ। ਇਸੇ ਲਈ ਉੱਥੇ ਸਭ ਚੀਜ਼ਾਂ ਜਾਂ ਪ੍ਰਾਜੈਕਟ ਹਰ ਸਮੇਂ ਨਵੇਂ ਨਵੇਂ ਲਗਦੇ ਰਹਿੰਦੇ ਹਨ। ਉੱਥੇ ਪ੍ਰਾਜੈਕਟ ਬਣਦੇ ਵੀ ਸਮੇਂ ਸਿਰ ਹਨ। ਸਾਡੇ ਇੱਥੇ ਕੋਈ ਨੇਤਾ ਸੜਕਾਂ ਬਣਾਉਣ ਦੀ ਨੀਂਹ ਪੱਥਰ ਰੱਖ ਜਾਂਦਾ ਏ। ਬਸ ਪੱਥਰ ਹੀ ਲੱਗਾ ਰਹਿ ਜਾਂਦਾ ਏ, ਸੜਕ ਬਣਦੀ ਹੀ ਨਹੀਂ। ਇਸ ਦੇ ਦੋ ਕਾਰਨ ਹਨ। ਇੱਕ ਤਾਂ ਇਹ ਕਿ ਪ੍ਰਾਜੈਕਟ ਵਾਸਤੇ ਪੈਸਾ ਤਿਆਰ ਨਹੀਂ ਮਿਲਦਾ। ਸਰਕਾਰ ਪਾਸੋਂ ਆਉਂਦੇ-ਆਉਂਦੇ ਪੈਸਾ ਬਹੁਤ ਸਮਾਂ ਲਗਾ ਦਿੰਦਾ ਹੈ। ਪੈਸਾ ਰੀਲੀਜ਼ ਕਰਨ ਵਾਲੇ ਵਿੱਚ ਕੁੱਝ ਚਾਹੁੰਦੇ ਰਹਿੰਦੇ ਹਨ, ਤਾਂ ਹੀ ਪੈਸਾ ਰੀਲੀਜ਼ ਕਰਦੇ ਹਨ। ਇਸ ਦਾ ਦੂਜਾ ਕਾਰਨ ਹੈ ਪਿੰਡ ਵਿਚ ਸਿਆਸੀ ਪਾਟੋਧਾੜ। ਮੈਂ ਮੰਨਦਾ ਹਾਂ, ਲੋਕਰਾਜ ਵਿਚ ਪਾਰਟੀ ਸਿਸਟਮ ਹੋਣਾ ਚਾਜਹੀਦਾ ਏ ਪ੍ਰੰਤੂ ਇਹ ਪਾਰਟੀਆਂ ਇਕ ਦੂਜੇ ਦੀਆਂ ਲੱਤਾਂ ਖਿੱਚਣ ਲਈ ਨਹੀਂ ਹੋਣੀਆਂ ਚਾਹੀਦੀਆਂ। ਵਿਕਾਸ ਕੰਮਾਂ ਵਿਚ ਪਾਰਟੀਆਂ ਨੂੰ ਕਦੀ ਵੀ ਰੁਕਾਵਟ ਨਹੀਂ ਬਣਨਾ ਚਾਹੀਦਾ। ਵਿਰੋਧੀ ਸਿਰਫ਼ ਵਿਰੋਧ ਕਰਨ ਦੀ ਖ਼ਾਤਰ ਹੀ ਵਿਰੋਧ ਨਾ ਕਰਨ। ਅਗਰ ਵਿਰੋਧ ਕਰਨਾ ਹੈ ਤਾਂ ਨਿਰੋਆ ਵਿਰੋਧ ਹੋਣਾ ਚਾਹੀਦਾ ਏ, ਕੱਚਾ ਪਿੱਲਾ ਵਿਰੋਧ ਨਹੀਂ।

ਅਗਰ ਮਨੁੱਖ ਦਾ ਮਨ ਸਾਫ਼ ਹੈ ਤਾਂ ਉਸ ਨੂੰ ਕੁਝ ਵੀ ਛੁਪਾ ਕੇ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਲੁਕਣਮੀਚੀ ਸਿਰਫ਼ ਉਹੀ ਨੇਤਾ ਖੇਡਦੇ ਹਨ ਜਿਨ੍ਹਾਂ ਵਿਚੋਂ ਕੁਝ ਖਾਣਾ ਹੋਵੇ। ਈਮਾਨਦਾਰ ਸਰਪੰਚ ਸਰਕਾਰ ਵੱਲੋਂ ਮਿਲੇ ਪੈਸੇ ਬਾਕੀ ਸਾਰੇ ਪੰਚਾਂ ਜਾਂ ਪਿੰਡ ਦੇ ਮੁਹਤਬਰ ਬੰਦਿਆਂ ਦੇ ਮੂਹਰੇ ਰੱਖ ਦਿੰਦਾ ਹੈ। ਉਹ ਜਿਵੇਂ ਚਾਹੁਣ ਉਨ੍ਹਾਂ ਪੈਸਿਆਂ ਨੂੰ ਖਰਚ ਕਰ ਸਕਦੇ ਹਨ। ਕੈਨੇਡਾ ਵਿਚੋਂ ਤਿੰਨ ਕਰੋੜ ਰੁਪਏ ਦੀ ਉਗਰਾਹੀ ਹੋਈ ਏ। ਇਸ ਉਗਰਾਹੀ ਵਿਚ ਉਥੇ ਵਸੇ ਪਿੰਡ ਵਾਸੀਆਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਹੈ। ਦਲੀਪਾ ਰਾਮ ਤੇ ਮਨੋਹਰ ਲਾਲ ਹੋਰੀਂ ਵੀ ਇਹ ਪੈਸੇ ਇਕੱਠੇ ਕਰਨ ਵਿਚ ਪੂਰਾ ਸਹਿਯੋਗ ਦੇ ਰਹੇ ਹਨ। ਉਥੇ ਵਸਦੇ ਹਰ ਬਸ਼ਰ ਨੇ ਇਕ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਪਾਈ ਪਾਈ ਪਿੰਡ ਦੇ ਵਿਕਾਸ ਵਿਚ ਲਗਾਈ ਜਾਵੇ। ਅਗਰ ਉਹਨਾਂ ਨੂੰ ਇਹ ਪੈਸਾ ਈਮਾਨਦਾਰੀ ਨਾਲ ਵਿਕਾਸ ਕੰਮਾਂ ਵਿਚ ਲੱਗਿਆ ਨਜ਼ਰ ਆਉਂਦਾ ਹੈ ਤਾਂ ਉਹ ਹੋਰ ਪੈਸਾ ਇਕੱਠਾ ਕਰਨ ਲਈ ਵੀ ਪੂਰਾ ਹੁੰਗਾਰਾ ਭਰਦੇ ਹਨ। ਰਸੀਦ ਬੁੱਕ ਮੇਰੇ ਪਾਸ ਹੈ। ਕੋਈ ਵੀ ਰਸੀਦ ਬੁੱਕ ਦੇਖ ਸਕਦਾ ਹੈ। ਸਭ ਦੇ ਸਾਹਮਣੇ ਰੱਖ ਕੇ ਇਹ ਪੈਸਾ ਖਰਚ ਕੀਤਾ ਜਾਵੇਗਾ।

ਮੈਨੂੰ ਕੈਨੇਡਾ ਵਿੱਚੋਂ ਇਹ ਕਹਿ ਕੇ ਇੱਧਰ ਨੂੰ ਤੋਰਿਆ ਹੈ ਕਿ ਮੈਂ ਪਿੰਡ ਦੀ ਫੁੱਟ ਨੂੰ ਖ਼ਤਮ ਕਰਵਾਵਾਂ, ਸਰਬ ਸੰਮਤੀ ਨਾਲ ਪੰਚਾਇਤ ਬਣਵਾਵਾਂ, ਪਿੰਡ ਦੇ ਇਸ ਇਕੱਠ ਵਿਚ ਹਰ ਕਿਸੇ ਦੀ ਰਾਇ ਪੁੱਛਾਂ। ਕਿਸੇ ਦੇ ਮਨ ਵਿਚ ਕੋਈ ਸ਼ੱਕ ਜਾਂ ਭਰਮ ਨਹੀਂ ਰਹਿਣਾ ਚਾਹੀਦਾ। ਪੰਚਾਇਤ ਬਣਨ ਤੋਂ ਬਾਅਦ ਸੋਚੇਗੀ ਕਿ ਪੈਸੇ ਵਿਕਾਸ ਕੰਮਾਂ ਤੇ ਕਿਵੇਂ ਲਗਾਉਣੇ ਹਨ।

ਮੈਂ ਸਮਝਦਾ ਹਾਂ, ਪੰਜਾਬ ਦੇ ਸ਼ਹਿਰਾਂ ਦਾ ਵਿਕਾਸ ਕਰਨਾ ਔਖਾ ਹੈ ਕਿਉਂਕਿ ਉਥੇ ਬਹੁਤ ਤਰ੍ਹਾਂ ਦੇ ਲੋਕ ਰਹਿੰਦੇ ਹਨ। ਉੱਥੇ ਦੀਆਂ ਗਲੀਆਂ ਤੇ ਬੀਹੀਆਂ ਭੀੜੀਆਂ ਵੀ ਬਹੁਤ

ਹਨ। ਇਕ ਪਿੰਡ ਵਿਚ ਆਮ ਤੌਰ ਤੇ ਦੋ ਜਾਂ ਤਿੰਨ ਗੋਤਾਂ ਦੇ ਲੋਕ ਹੀ ਰਹਿੰਦੇ ਹਨ। ਪਿੰਡਾਂ ਵਿਚ ਅਕਸਰ ਜਾਤਾਂ, ਬਰਾਦਰੀਆਂ ਤੇ ਸੰਪਰਦਾਵਾਂ ਵੀ ਘੱਟ ਹਨ। ਸ਼ਹਿਰਾਂ ਦੀ ਤੁਲਨਾ ਪਿੰਡਾਂ ਦੇ ਲੋਕ ਸ਼ਾਤਰ ਦਿਮਾਗ਼ ਵੀ ਘੱਟ ਹਨ। ਇਸ ਲਈ ਪਿੰਡਾਂ ਵਿਚ ਭਰਾਤਰੀਭਾਵ ਜਲਦੀ ਪੈਦਾ ਕੀਤਾ ਜਾ ਸਕਦਾ ਹੈ। ਪਿੰਡਾਂ ਵਿਚ ਸ਼ਹਿਰਾਂ ਦੀ ਬਨਿਸਵਤ ਪ੍ਰਦੂਸ਼ਣ ਵੀ ਬਹੁਤ ਘੱਟ ਏ। ਸ਼ਹਿਰਾਂ ਵਿਚ ਵਗਦੀਆਂ ਨਾਲੀਆਂ ਵਿਚ ਤੁਸੀਂ ਮਲ ਮੂਤਰ ਵਗਦਾ ਆਮ ਦੇਖ ਸਕਦੇ ਹੋ। ਕਈ ਸ਼ਹਿਰੀ ਲੋਕ ਸ਼ਹਿਰ ਵੱਡਾ ਹੋਣ ਕਰਕੇ ਬਾਹਰ ਦੂਰ ਪਾਖਾਨੇ ਜਾਣ ਤੋਂ ਘੌਲ ਕਰਦੇ ਹਨ। ਕਈਆਂ ਦੇ ਘਰਾਂ ਵਿਚ ਆਧੁਨਿਕ ਟਾਇਲਟਾਂ ਵੀ ਨਹੀਂ ਹਨ। ਸ਼ਹਿਰਾਂ ਦਾ ਸਾਰਾ ਗੰਦ ਨਾਲੀਆਂ ਰਾਹੀਂ ਬਾਹਰ ਨਾਲਿਆਂ ਵਿਚ ਜਾ ਡਿਗਦਾ ਹੈ। ਇਹ ਗੰਦੇ ਨਾਲੇ ਨਿਕਾਸ ਦੇ ਘਾਟ ਕਾਰਨ ਇਕ ਹੀ ਥਾਂ ਖੜ੍ਹੇ ਰਹਿੰਦੇ ਹਨ ਤੇ ਬਦਬੂ ਦੇ ਫਰਾਟੇ ਛੱਡਦੇ ਰਹਿੰਦੇ ਹਨ। ਲੋਕੀ ਇਨ੍ਹਾਂ ਨਾਲਿਆਂ ਵਿਚ ਹਰ ਪ੍ਰਕਾਰ ਦਾ ਨਿੱਕਸੁਕ ਵੀ ਸੁੱਟੀ ਜਾਂਦੇ ਹਨ। ਪਿਛਲੀ ਵਾਰੀ ਮੇਰੇ ਨਾਲ ਮੇਰਾ ਇਕ ਮਿੱਤਰ ਗੋਰਾ ਕੈਨੇਡਾ ਤੋਂ ਆਇਆ ਸੀ। ਉਹ ਇਨ੍ਹਾਂ ਨਾਲਿਆਂ ਦੀ ਤਰਸਯੋਗ ਹਾਲਤ ਦੇਖ ਕੇ ਹੈਰਾਨ ਰਹਿ ਗਿਆ ਸੀ। ਉਹ ਹੈਰਾਨ ਸੀ ਕਿ ਇਨ੍ਹਾਂ ਨਾਲਿਆਂ ਦੇ ਮੁੱਢ ਲੋਕ ਰਹਿੰਦੇ ਕਿਵੇਂ ਹਨ। ਅਸਾਂ ਇੱਥੇ ਇਕ ਮਹੀਨਾ ਰਹਿਣਾ ਸੀ ਪ੍ਰੰਤੂ ਉਹ ਗੋਰਾ ਹਫ਼ਤੇ ਕੁ ਬਾਅਦ ਹੀ ਵਾਪਸ ਜਾਣ ਲਈ ਕਾਹਲਾ ਪੈ ਗਿਆ ਸੀ। ਉਹ ਪਿੰਡ ਵਿਚ ਤਾਂ ਸਿਰਫ਼ ਇਕ ਦਿਨ ਲਈ ਹੀ ਆਇਆ ਤੇ ਬਾਕੀ ਦਾ ਸਮਾਂ ਮੈਂ ਉਸਨੂੰ ਚੰਡੀਗੜ੍ਹ ਇਕ ਹੋਟਲ ਵਿਚ ਹੀ ਠਹਿਰਾਇਆ ਸੀ।

ਸ਼ਹਿਰਾਂ ਵਿਚ ਇਨ੍ਹਾਂ ਗੰਦੇ ਨਾਲਿਆਂ ਦੀ ਹਾਲਤ ਉਨ੍ਹਾਂ ਹੱਡਾਂ ਰੋੜੀ ਵਿਚ ਮਰੇ ਹੋਏ ਜਾਨਵਰਾਂ ਦੀ ਖੱਲ ਲਾਹੁਣ ਵਾਲਿਆਂ ਵਾਂਗ ਹੈ ਜਿਨ੍ਹਾਂ ਨੂੰ ਉਥੇ ਲਗਾਤਾਰ ਮਾਸ ਤੇ ਖੱਲ ਦਾ ਕੰਮ ਕਰਨ ਨਾਲ ਰਹਿਣਾ ਔਖਾ ਨਹੀਂ ਲਗਦਾ ਤੇ ਉਨ੍ਹਾਂ ਨੂੰ ਬਦਬੂ ਆਉਣੀ ਵੀ ਬੰਦ ਹੋ ਜਾਂਦੀ ਏ। ਪਿੰਡਾਂ ਦਾ ਪਾਣੀ ਆਮ ਤੌਰ ਤੇ ਆ ਕੇ ਛੱਪੜ ਵਿਚ ਡਿਗਦਾ ਹੈ। ਛੱਪੜ ਨੂੰ ਸੁਧਾਰਨਾ ਬਹੁਤਾ ਔਖਾ ਕੰਮ ਨਹੀਂ ਹੈ। ਕੀ ਕੁਝ ਕਰਨਾ ਹੈ, ਇਹ ਬਾਅਦ ਵਿਚ ਬੈਠ ਕੇ ਵਿਚਾਰਾਂਗੇ। ਅੱਜ ਅਸੀਂ ਇਕ ਐਸੀ ਪੰਚਾਇਤ ਬਣਾਉਣੀ ਹੈ ਜਿਹੜੀ ਪਿੰਡਾਂ ਦੀਆਂ ਪਾਟੋਧਾੜ ਪੰਚਾਇਤਾਂ ਤੋਂ ਅਲੱਗ ਕਿਸਮ ਦੀ ਹੋਵੇ। ਇਹ ਗੁਪਤ ਮੱਤਦਾਨ ਤੋਂ ਬਗ਼ੈਰ ਸਰਬ ਸੰਮਤੀ ਨਾਲ ਹੀ ਬਣਨੀ ਚਾਹੀਦੀ ਏ। ਇਸ ਵਿਚ ਸਾਰੀਆਂ ਸਿਆਸੀ ਧਿਰਾਂ ਦੇ ਤੇ ਸਾਰੀਆਂ ਬਰਾਦਰੀਆਂ ਦੇ ਵਿਅਕਤੀ ਹੋਣਗੇ। ਸਭ ਤੋਂ ਪਹਿਲਾਂ ਤੁਸੀਂ ਮੈਨੂੰ ਹੱਥ ਖੜ੍ਹੇ ਕਰਕੇ ਦੱਸੋ ਕਿ ਕੀ ਤੁਹਾਨੂੰ ਸਰਬ ਸੰਮਤੀ ਨਾਲ ਬਣੀ ਪੰਚਾਇਤ ਮਨਜ਼ੂਰ ਹੈ।

(ਸਾਰੇ ਲੋਕ ਹੱਥ ਖੜ੍ਹੇ ਕਰ ਦਿੰਦੇ ਹਨ)

ਮੇਰਾ ਦੂਰਾ ਸਵਾਲ ਹੈ – ਕੀ ਪਿਛਲੀ ਚਲਦੀ ਆਉਂਦੀ ਪੰਚਾਇਤ ਨੂੰ ਅਗਲੀ ਸਰਬ ਸੰਮਤੀ ਨਾਲ ਬਣਨ ਵਾਲੀ ਪੰਚਾਇਤ ਮਨਜ਼ੂਰ ਹੈ?

(ਪਿਛਲੀ ਸਰਪੰਚਣੀ ਤੇ ਸਾਰੇ ਪੰਚ ਹੱਥ ਖੜ੍ਹੇ ਕਰ ਦਿੰਦੇ ਹਨ)

ਮੇਰਾ ਤੀਸਰਾ ਸਵਾਲ – ਨਵੀਂ ਬਣਨ ਵਾਲੀ ਪੰਚਾਇਤ ਨੂੰ ਕੌਣ ਚੁਣੇਗਾ?

(ਸਾਰੇ ਸੋਚਣ ਲੱਗ ਜਾਂਦੇ ਹਨ)

ਗਿੱਲ ਸਾਹਿਬ ਦੁਆਰਾ ਸਵਾਲ ਕਰਦੇ ਹਨ – ਨਵੇਂ ਪੰਚਾਇਤ ਮੈਂਬਰ ਕੌਣ ਹੋਣਗੇ?

ਲਹਿੰਬਰ ਸਿੰਘ ਉੱਠ ਕੇ ਬੋਲਿਆ-ਅਸੀਂ ਨਵੇਂ ਮੈਂਬਰ ਚੁਣਨ ਦਾ ਅਖ਼ਤਿਆਰ ਗਿੱਲ ਸਾਹਿਬ ਨੂੰ ਦਿੰਦੇ ਹਾਂ।

ਗਿੱਲ ਸਾਹਿਬ - ਧੰਨਵਾਦ! ਮੈਂ ਇਕੱਲਾ ਇਹ ਕੰਮ ਨਹੀਂ ਕਰਾਂਗਾ।

ਪ੍ਰਗਾਸ਼ - ਗਿੱਲ ਸਾਹਿਬ ਦਾ ਸਾਥ ਮਨੋਹਰ ਲਾਲ ਜੀ ਦੇਣਗੇ।

ਗਿੱਲ ਸਾਹਿਬ - ਕੀ ਇਹ ਸਭ ਨੂੰ ਮਨਜ਼ੂਰ ਹੈ?

(ਸਾਰੇ ਦੋ-ਦੋ ਹੱਥ ਖੜ੍ਹੇ ਕਰ ਦਿੰਦੇ ਹਨ)

ਗਿੱਲ ਸਾਹਿਬ, ਲਹਿੰਬਰ ਸਿੰਘ ਤੇ ਮਨੋਹਰ ਲਾਲ ਨੂੰ ਆਪਣੇ ਪਾਸ ਸੱਦ ਦੇ ਹਨ। ਤਿੰਨੇ ਆਪਸ ਵਿਚ ਥੋੜ੍ਹੀ ਜਿਹੀ ਗਿੱਟ-ਮਿੱਟ ਕਰਦੇ ਹਨ। ਫਿਰ ਗਿੱਲ ਸਾਹਿਬ ਨਾਵਾਂ ਦਾ ਐਲਾਨ ਕਰਦੇ ਹਨ

1. ਕੀਰਤੀ ਸਿੰਘ 2. ਲਹਿੰਬਰ ਸਿੰਘ 3 ਦੇਬੋ 4. ਮਿਸਰੀ ਦੇਵੀ 5. ਮਨੋਹਰ ਲਾਲ 6. ਸੇਵਾ ਸਿੰਘ

ਕੀਰਤੀ ਸਿੰਘ ਬੋਲਣ ਲਈ ਆਗਿਆ ਮੰਗਦਾ ਹੈ।

ਗਿੱਲ ਸਾਹਿਬ - ਸ. ਕੀਰਤੀ ਸਿੰਘ ਨੂੰ ਬੋਲਣ ਦੀ ਆਗਿਆ ਹੈ।

ਕੀਰਤੀ ਸਿੰਘ - ਮੈਂ ਕਿਸੇ ਭਾਸ਼ਣ ਦੇਣ ਲਈ ਆਗਿਆ ਨਹੀਂ ਮੰਗੀ। ਮੈਂ ਤਾਂ ਸਿਰਫ਼ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਸਿਹਤ ਪੰਚਾਇਤ ਮੈਂਬਰ ਬਣਨ ਲਈ ਆਗਿਆ ਨਹੀਂ ਦਿੰਦੀ। ਵੈਸੇ ਵੀ ਮੈਂ ਬਹੁਤਾ ਸਮਾਂ ਪਿੰਡ ਤੋਂ ਦੂਰ ਹੀ ਰਹਿੰਦਾ ਹਾਂ। ਉਵੇਂ ਮੈਂ ਹਰ ਸੇਵਾ ਲਈ ਹਾਜ਼ਰ ਹਾਂ।

ਗਿੱਲ ਸਾਹਿਬ ਤੇ ਲਹਿੰਬਰ ਸਿੰਘ - ਸ੍ਰ. ਕੀਰਤੀ ਸਿੰਘ ਨੂੰ ਅਸੀਂ ਪੰਚਾਇਤ ਮੈਂਬਰ ਰੱਖਣਾ ਹੀ ਹੈ। ਹੁਣ ਅਸੀਂ ਚਾਹੁੰਦੇ ਹਾਂ ਕਿ ਕੀਰਤੀ ਸਿੰਘ ਹੋਰੀਂ ਵੀ ਸਭਾ ਨੂੰ ਸੰਬੋਧਨ ਕਰਨ।

ਕੀਰਤੀ ਸਿੰਘ - ਗਿੱਲ ਸਾਹਿਬ, ਪਹਿਲਾਂ ਸਰਪੰਚ ਵੀ ਚੁਣ ਲਵੋ?

ਗਿੱਲ ਸਾਹਿਬ - ਸਰਪੰਚ ਦਾ ਤਾਂ ਪਤਾ ਹੀ ਏ। ਸਰਪੰਚ ਅਨੁਸੂਚਿਤ ਜਾਤੀ ਦਾ ਬਣਨਾ ਹੈ। ਇਕੱਲੀ ਦੇਬੋ ਹੀ ਅਨੁਸੂਚਿਤ ਜਾਤੀ ਨਾਲ ਸਬੰਧ ਰਖਦੀ ਹੈ। ਇਸ ਲਈ ਸਰਪੰਚਣੀ ਦੇਬੋ ਹੀ ਹੋਈ।

(ਸਾਰੇ ਤਾੜੀਆਂ ਮਾਰਦੇ ਹਨ)।

ਗਿੱਲ ਸਾਹਿਬ - ਹੁਣ ਸ. ਕੀਰਤੀ ਸਿੰਘ ਹੋਰੀਂ ਤੁਹਾਡੇ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।

(ਕੀਰਤੀ ਸਿੰਘ ਹੋਰੀਂ ਬੈਠੇ-ਬੈਠੇ ਹੀ ਬੋਲਣਾ ਚਾਹੁੰਦੇ ਹਨ। ਉਨ੍ਹਾਂ ਨੂੰ ਬੈਠਿਆਂ ਨੂੰ ਹੀ ਮਾਈਕ ਫੜਾ ਦਿੱਤਾ ਜਾਂਦਾ ਹੈ)

ਨਗਰ ਨਿਵਾਸੀ ਭੈਣੋ, ਭਰਾਵੋ ਤੇ ਬੱਚਿਓ,

ਵਾਹਿਗੁਰੂ ਜੀ ਕਾ ਖਾਲਸਾ

ਸ੍ਰੀ ਵਾਹਿਗੁਰੂ ਜੀ ਕੀ ਫਤਹਿ!

ਗਿੱਲ ਸਾਹਿਬ ਦੇ ਇੱਥੇ ਪਹੁੰਚਣ ਨਾਲ ਸਾਡੇ ਬੋਲਣ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਗਈ। ਉਨ੍ਹਾਂ ਦੇ ਇੱਥੇ ਆ ਜਾਣ ਨੇ ਸਾਨੂੰ ਯਕੀਨ ਕਰਵਾ ਦਿੱਤਾ ਹੈ ਕਿ ਹੁਣ ਪਿੰਡ ਦੀ ਕਾਇਆ ਪਲਟ ਹੀ ਜਾਵੇਗੀ। ਗਿੱਲ ਸਾਹਿਬ ਦੇ ਦੱਸਣ ਅਨੁਸਾਰ ਪੈਸੇ ਦੇ ਭੰਡਾਰੇ ਬਾਹਰਲੇ ਦੇਸ਼ਾਂ ਨੇ ਖੋਲ੍ਹ ਹੀ ਦਿੱਤੇ ਹਨ। ਪਿੰਡ ਵੀ ਇਕਮੁੱਠ ਨਜ਼ਰ ਆ ਰਿਹਾ ਏ। ਪੰਚਾਇਤ ਸਰਬ ਸੰਮਤੀ ਨਾਲ ਬਣ ਹੀ ਗਈ ਏ। ਕਿਸੇ ਵੀ ਕੰਮ ਵਾਸਤੇ ਸਰਬ ਸੰਮਤੀ ਨਾਲ ਇਕ ਰਾਏ ਬਣ ਜਾਣੀ ਲੋਕ ਰਾਜ ਦੀ ਸਰਬ ਉੱਤਮ ਮਿਸਾਲ ਹੁੰਦੀ ਏ। ਗੁਪਤ ਵੋਟਾਂ ਪੁਆ ਕੇ ਕੋਈ ਵੀ ਕੰਮ ਨੇਪਰੇ ਚਾੜ੍ਹਨਾ ਮੱਤਭੇਦ ਤੇ ਆਪਸੀ ਪਾਟੋਧਾੜ ਦੀ ਨਿਸ਼ਾਨੀ ਹੈ। ਸਿਆਣੇ ਵਿਅਕਤੀ ਆਪਣਾ ਮਹੱਤਵਪੂਰਨ ਯੋਗਦਾਨ ਪਾ ਕੇ ਕਿਸੇ ਵੀ ਔਖੇ ਕੰਮ ਲਈ ਇਕ ਰਾਇ ਕਾਇਮ ਕਰਵਾ ਸਕਦੇ ਹਨ। ਜਿੱਥੇ ਗੁਪਤ ਮੱਤਦਾਨ ਨਾਲ ਫ਼ੈਸਲਾ ਲਿਆ ਜਾਂਦਾ ਹੈ ਉੱਥੇ ਸਿਆਣੇ ਵਿਅਕਤੀਆਂ ਦੀ ਸੱਚਮੁੱਚ ਹੀ ਘਾਟ ਹੁੰਦੀ ਏ। ਅਗਰ ਕਾਰਜ ਖੇਤਰ ਬਹੁਤ ਵਿਸ਼ਾਲ ਹੋਵੇ ਤਾਂ ਹੇਠਲੇ ਪੱਧਰ ਤੇ ਗੁਪਤ ਮੱਤਦਾਨ ਕਰਵਾਉਣਾ ਹੀ ਪਵੇਗਾ। ਇਸ ਹਾਲਤ ਵਿਚ ਉਪਰਲੇ ਪੱਧਰ ਤੇ ਨੇਤਾਵਾਂ ਦੀ ਚੋਣ ਸਰਬ-ਸੰਮਤੀ ਨਾਲ ਹੋ ਜਾਵੇ ਤਾਂ ਚੰਗਾ ਹੁੰਦਾ ਹੈ। ਗੁਪਤ ਮੱਤਦਾਨ ਆਖ਼ਰੀ ਚਾਰਾ ਹੋਣਾ ਚਾਹੀਦਾ ਹੈ। ਅਗਰ ਗੁਪਤ ਮੱਤਦਾਨ ਤੋਂ ਬਿਨਾਂ ਕਿਸੇ ਹੀਲੇ ਵੀ ਨਹੀਂ ਸਰਦਾ ਤਾਂ ਚੋਣ ਹੋ ਜਾਣ ਤੋਂ ਬਾਅਦ ਹਾਰਨ ਵਾਲੀ ਧਿਰ ਨੂੰ ਜਿੱਤਣ ਵਾਲੀ ਧਿਰ ਨਾਲ ਪੂਰਾ-ਪੂਰਾ ਸਹਿਯੋਗ ਕਰਨਾ ਚਾਹੀਦਾ ਹੈ। ਭਾਰਤੀ ਸਿਆਸਤ ਅੱਜ ਇੰਨੇ ਨੀਵੇਂ ਪੱਧਰ ਦੀ ਏ ਕਿ ਹਾਰਨ ਵਾਲੀ ਧਿਰ ਸ਼ਰ੍ਹੇਆਮ ਪਤਾ ਲਗਾ ਦਿੰਦੀ ਏ ਕਿ ਉਹ ਜਿੱਤਣ ਵਾਲੀ ਧਿਰ ਦੀ ਪੱਕੀ ਦੁਸ਼ਮਣ ਬਣ ਗਈ ਏ। ਵਿਕਸਤ ਦੇਸ਼ਾਂ ਦੀ ਤੇ ਖ਼ਾਸ ਕਰਕੇ ਇਸਾਈ ਪ੍ਰਧਾਨ ਦੇਸ਼ਾਂ ਦੀ ਸਿਆਸਤ ਵਿਚ ਖੁੱਲ੍ਹੀ ਦੁਸ਼ਮਣੀ ਬਹੁਤ ਹੀ ਘੱਟ ਦੇਖਣ ਨੂੰ ਮਿਲਦੀ ਏ। ਉੱਥੇ ਵਿਰੋਧੀ ਪਾਰਟੀ ਨਰੋਈ ਭੂਮਿਕਾ ਨਿਭਾਉਂਦੀ ਏ।

ਪੰਚਾਇਤ ਬਣਨ ਤੋਂ ਬਾਅਦ ਹੁਣ ਕੰਮ ਰਹਿ ਗਿਆ ਪੈਸੇ ਨੂੰ ਯੋਜਨਾਬੱਧ ਤਰੀਕੇ ਨਾਲ ਖਰਚ ਕਰਨ ਦਾ। ਪ੍ਰਾਜੈਕਟਾਂ ਦੀ ਯੋਜਨਾ ਬਣਾਉਣ ਲਈ ਸਾਡੇ ਪਾਸ ਗਿੱਲ ਸਾਹਿਬ ਜਿਹੇ ਸੁਲਝੇ ਨੀਤੀਵੇਤਾ ਮੌਜੂਦ ਹੀ ਹਨ। ਮੈਂ ਖ਼ੁਦ ਵੀ ਤੁਹਾਨੂੰ ਇਕ ਦੋ ਸੁਝਾਅ ਦੇ ਹੀ ਦਿੰਦਾ ਹਾਂ। ਮੇਰਾ ਨਿੱਜੀ ਵਿਚਾਰ ਇਹ ਹੈ ਕਿ ਸਭ ਤੋਂ ਪਹਿਲਾਂ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਤਰਜ਼ ਤੇ ਪਿੰਡ ਦੇ ਲਹਿੰਦੇ ਪਾਸੇ ਵਗਦੀ ਬੇਈਂ ਵਿਚੋਂ ਗਾਰਾ ਕੱਢਿਆ ਜਾਵੇ ਕਿ ਉਸ ਨੂੰ ਡੂੰਘਾ ਕਰਵਾਇਆ ਜਾਵੇ। ਗਾਰਾ ਕੱਢਣ ਤੋਂ ਬਾਅਦ ਅਗਰ ਉਹ ਥੱਲਿਉਂ ਪੱਕੀ ਵੀ ਹੋ ਜਾਵੇ ਤਾਂ ਹੋਰ ਵੀ ਚੰਗਾ ਹੋਵੇਗਾ। ਪਿੰਡ ਦੀਆਂ ਨਾਲੀਆਂ ਤੇ ਟਾਇਲਟਾਂ ਦਾ ਪਾਣੀ ਇਕ ਵੱਡੇ ਪਾਈਪ ਰਾਹੀਂ ਉਸ ਬੇਈਂ ਵਿਚ ਸੁੱਟਿਆ ਜਾਵੇ। ਇਸ ਪਾਣੀ ਨੂੰ ਮੁੜ ਸਾਫ਼ ਕਰਨ ਦਾ ਪ੍ਰਾਜੈਕਟ ਵੀ ਲੱਗ ਸਕਦਾ ਏ। ਸਭ ਕੁਝ ਸਾਧਨਾਂ ਤੇ ਨਿਰਭਰ ਕਰਦਾ ਏ। ਪਿੰਡ ਵਿਚ ਇਕ ਵੱਡਾ ਟਿਊਬਵੈੱਲ ਵੀ ਲਗਵਾਇਆ ਜਾਵੇ ਜਿਹੜਾ ਪਿੰਡ ਦੇ ਛੱਪੜ ਨੂੰ ਤਾਜ਼ਾ ਪਾਣੀ ਦਿਆ ਕਰੇ। ਛੱਪੜ ਸਾਫ਼ ਕਰਵਾ ਕੇ ਮੱਛੀਆਂ ਪਾਲਣ ਦਾ ਤਲਾਬ ਬਣਾਇਆ ਜਾਵੇ। ਪਿੰਡ ਦੀਆਂ ਸਭ ਨਾਲੀਆਂ ਜ਼ਮੀਨ ਦੇ ਹੇਠ ਹੋਣ। ਅਗਰ ਬਿਜਲੀ ਤੇ ਟੈਲੀਫੋਨ ਦੀਆਂ ਤਾਰਾਂ ਵੀ ਜ਼ਮੀਨ ਦੇ ਹੇਠ ਹੋਣ ਤਾ ਹੋਰ ਵੀ ਚੰਗਾ ਹੋਵੇਗਾ। ਪਿੰਡ ਵਿਚ ਇਕ ਸਹਿਕਾਰੀ ਦੁਕਾਨ ਹੋਵੇ ਜਿਸ ਦੀ ਪੰਚਾਇਤ ਸਪੈਸ਼ਲ ਤੌਰ ਤੇ ਦੇਖ-ਭਾਲ ਕਰੇ। ਇਸ ਦੁਕਾਨ ਤੇ ਸਭ ਚੀਜ਼ਾਂ ਦੇ ਭਾਅ ਆਮ ਦੁਕਾਨਾਂ ਦੇ ਭਾਵਾਂ ਤੋਂ ਸਸਤੇ ਹੋਣ। ਪਿੰਡ ਦੇ ਸਕੂਲ ਨੂੰ

ਅਪਗਰੇਡ ਕਰਕੇ ਹਾਈ ਸਕੂਲ ਬਣਾ ਲਿਆ ਜਾਵੇ। ਨੇੜੇ ਪੈਂਦੇ ਚਾਰ-ਪੰਜ ਪਿੰਡਾਂ ਦੀਆਂ ਪੰਚਾਇਤਾਂ ਨਾਲ ਸਲਾਹ ਕਰਕੇ ਨੇੜੇ ਇਕ ਟੈਕਨੀਕਲ ਟਰੇਨਿੰਗ ਇਸਟੀਚਿਊਟ ਵੀ ਖੋਲ੍ਹੀ ਜਾਣੀ ਚਾਹੀਦੀ ਏ ਤਾਂ ਕਿ ਬੱਚਿਆਂ ਨੂੰ ਕਿੱਤਾ ਪ੍ਰਧਾਨ ਪੜ੍ਹਾਈ ਕਰਵਾਈ ਜਾ ਸਕੇ। ਇਸੇ ਪ੍ਰਕਾਰ ਚਾਰ ਪੰਜ ਪਿੰਡਾਂ ਦੀ ਇਕ ਸਾਂਝੀ ਦਾਣਾਮੰਡੀ ਹੋਵੇ ਜਿੱਥੇ ਆੜ੍ਹਤੀ ਵੀ ਉਨ੍ਹਾਂ ਪਿੰਡਾਂ ਦੇ ਹੀ ਹੋਣ।

ਇਸ ਪ੍ਰਕਾਰ ਦੇ ਹੋਰ ਅਨੇਕਾਂ ਪ੍ਰਾਜੈਕਟ ਹਨ ਜਿਹੜੇ ਪੂਰੇ ਕੀਤੇ ਜਾ ਸਕਦੇ ਹਨ। ਪੰਚਾਇਤ ਇਨ੍ਹਾਂ ਪ੍ਰਾਜੈਕਟਾਂ ਵਾਸਤੇ ਬੈਠ ਕੇ ਵਿਚਾਰ ਕਰ ਸਕਦੀ ਏ। ਸਾਰੀ ਗੱਲ ਧੁਰ ਅੰਦਰੋਂ ਆਪਣੇ ਆਪ ਨੂੰ ਪਿੰਡ ਦੀ ਸੇਵਾ ਵਿਚ ਸਮਰਪਣ ਕਰਨ ਦੀ ਏ। ਅਗਰ ਇਸ ਸੇਵਾ ਨੂੰ ਧਾਰਮਿਕ ਸੇਵਾ ਬਣਾ ਦਿੱਤਾ ਜਾਵੇ ਤਾਂ ਹੋਰ ਵੀ ਠੀਕ ਹੋਵੇਗਾ। ਕਈ ਕੰਮ ਕਾਰ ਸੇਵਾ ਨਾਲ ਵੀ ਬੜੀ ਆਸਾਨੀ ਨਾਲ ਨੇਪਰੇ ਚੜ੍ਹ ਜਾਂਦੇ ਹਨ। ਇੰਝ ਕਰਨ ਨਾਲ ਮਜ਼ਦੂਰੀ ਤੇ ਖਰਚ ਕਰਨ ਵਾਲਾ ਪੈਸਾ ਬਚਾਇਆ ਜਾ ਸਕਦਾ ਏ। ਧਾਰਮਿਕ ਕੰਮ ਨੂੰ ਲੋਕ ਧੁਰ ਅੰਦਰੋਂ ਕਰਦੇ ਹਨ। ਉਨ੍ਹਾਂ ਦੇ ਮਨ ਤੇ ਵਾਹਿਗੁਰੂ ਦਾ ਡਰ ਬਣਿਆ ਰਹਿੰਦਾ ਏ। ਇਸੇ ਲਈ ਤਾਂ ਬਾਬਾ ਫ਼ਰੀਦ ਜੀ ਦਾ ਫੁਰਮਾਨ ਹੈ-

ਦਿਲਹੁ ਮੁਹੱਬਤ ਜਿਨੁ ਸੇਈ ਸਚਿਆ

ਇੰਨਾ ਕੁਝ ਕਹਿੰਦਾ ਹੋਇਆ ਖਿਮਾ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਇਸ ਤੋਂ ਬਾਅਦ ਪਿੰਡ ਦੀ ਇਹ ਸਭਾ ਬਰਖਾਸਤ ਹੋ ਗਈ।

ਘਰ ਜਾ ਕੇ ਸ. ਕੀਰਤੀ ਸਿੰਘ ਬੜਾ ਹੀ ਖ਼ੁਸ਼ ਨਜ਼ਰ ਆ ਰਿਹਾ ਸੀ। ਜ਼ੋਰਾ ਸਿੰਘ ਵੀ ਪੂਰਾ ਖ਼ੁਸ਼ ਸੀ। ਕੁਝ ਦੇਰ ਗੱਲਾਂ ਬਾਤਾਂ ਕਰਨ ਤੋਂ ਬਾਅਦ ਜ਼ੋਰਾ ਸਿੰਘ ਆਪਣੇ ਘਰ ਚਲਾ ਗਿਆ। ਕੀਰਤੀ ਸਿੰਘ ਥੱਕਿਆ ਹੋਇਆ ਸੀ ਤੇ ਉਸ ਨੂੰ ਜਲਦੀ ਨੀਂਦ ਆ ਗਈ। ਉਸ ਨੂੰ ਸੁੱਤੇ ਪਏ ਨੂੰ ਇਕ ਸੁਪਨਾ ਆਇਆ-

ਪਿੰਡ ਦੀ ਕੋਈ ਵੀ ਨਾਲੀ ਨੰਗੀ ਨਹੀਂ ਸੀ......ਪਿੰਡ ਦੇ ਲਹਿੰਦੇ ਵਗਦੇ ਬੇਈਂ 'ਚੋਂ ਗਾਰਾ ਕੱਢ-ਕੱਢ ਕੇ ਅੰਬਾਰ ਲੱਗੇ ਹੋਏ ਸਨ......ਪਿੰਡ ਦੇ ਛੱਪੜ ਦਾ ਪਾਣੀ ਸਵੱਸ ਝੀਲ ਬਣ ਗਿਆ ਸੀ। ਉਸ ਪਾਣੀ ਵਿਚ ਖ਼ੂਬਸੂਰਤ ਮੱਛੀਆਂ ਤਾਰੀਆਂ ਲਾਉਂਦੀਆਂ ਨਜ਼ਰ ਆ ਰਹੀਆਂ ਸਨ.......

ਪਿੰਡ ਦੀਆਂ ਸੜਕਾਂ ਪੱਕੀਆਂ ਹੀ ਪੱਕੀਆਂ ਸਨ.......ਪਿੰਡ ਦੀਆਂ ਲਿੰਕ ਸੜਕਾਂ ਨਾਲ ਲਗਦੇ ਪਿੰਡਾਂ ਤੱਕ ਬਜਰੀ ਤੇ ਲੁੱਕ ਨਾਲ ਢਕੀਆਂ ਪਈਆਂ ਸਨ.......ਪਿੰਡ ਦੇ ਨੇੜੇ ਇਕ ਗੰਨਾ ਮਿੱਲ੍ਹ ਵੀ ਲੱਗ ਗਈ ਸੀ.......ਇਕ ਟੈਕਨੀਕਲ ਇੰਸਟੀਚਿਊਟ ਵੀ

ਖੁੱਲ੍ਹ ਗਈ ਸੀ.......ਨਾਲ ਦੇ ਪਿੰਡਾਂ ਧਨੌਲੇ ਤੇ ਸੰਗੋਵਾਲ ਨੇ ਸਾਂਝੀ ਅਨਾਜ਼ ਮੰਡੀ ਲਈ ਜ਼ਮੀਨ ਦੇਣ ਦਾ ਮਤਾ ਵੀ ਪਾਸ ਕਰ ਲਿਆ ਸੀ....ਮਨੋਹਰ ਲਾਲ ਦੇ ਤੀਜੇ ਭਰਾ ਬਦਰੀ ਨਾਥ ਨੇ ਮੰਡੀ ਵਿਚ ਆੜ੍ਹਤ ਦੀ ਦੁਕਾਨ ਖੋਲ੍ਹੀ ਹੋਈ ਸੀ.......ਉਹ ਜਿਮੀਂਦਾਰਾਂ ਦੀਆਂ ਜਿਣਸਾਂ ਨੂੰ ਠੀਕ ਭਾਅ ਤੇ ਖਰੀਦ ਕੇ ਪੈਸੇ ਦਾ ਇਕਦਮ ਭੁਗਤਾਨ ਕਰ ਰਿਹਾ ਸੀ.......ਪਿੰਡ ਦੇ ਪੜ੍ਹੇ ਲਿਖੇ ਲੜਕੇ-ਲੜਕੀਆਂ ਨੂੰ ਪਿੰਡ ਦੇ ਇਨ੍ਹਾਂ ਪ੍ਰਾਜੈਕਟਾਂ ਵਿਚ ਨੌਕਰੀ ਲਈ ਤਰਜੀਹ ਦਿੱਤੀ ਜਾਂਦੀ ਸੀ......ਪਿੰਡ ਵਿਚ ਇਕ ਮੈਥਾ ਪਲਾਂਟ ਵੀ ਕੰਮ ਕਰ ਰਿਹਾ ਸੀ.......ਸਕੂਲ ਦਸਵੀਂ ਤੱਕ ਹੋ ਗਿਆ ਸੀ.......ਪਿੰਡ ਵਿਚ ਇਕ ਮਿਲਕ ਪਲਾਂਟ ਵੀ ਲੱਗ ਗਿਆ ਸੀ......ਪਿੰਡ ਵਿਚ ਕਿਸੇ ਵੀ ਵਿਆਹ ਸ਼ਾਦੀ ਤੇ ਲੱਚਰ ਗੀਤ ਲਾਊਡ ਸਪੀਕਰ ਤੇ ਵੱਜਣੇ ਮਨ੍ਹਾ ਸਨ.......ਇਹ ਸਭ ਕੁਝ ਲਹਿਰ ਦਾ ਰੂਪ ਧਾਰਨ ਕਰੀ ਜਾ ਰਿਹਾ ਸੀ.......ਬਾਕੀ ਪਿੰਡ ਵੀ ਇਵੇਂ ਹੀ ਕਰਨ ਲੱਗ ਪਏ ਸਨ.......ਬਾਹਰਲੇ ਦੇਸ਼ਾਂ ਤੋਂ ਐਨ.ਆਰ.ਆਈ. ਤੇ ਉਨ੍ਹਾਂ ਦੇ ਬੱਚੇ ਪਿੰਡ ਵਿਚ ਇੰਨਾ ਆਰਾਮ ਮਹਿਸੂਸ ਕਰਨ ਲੱਗ ਪਏ ਸਨ ਕਿ ਛੁੱਟੀਆਂ ਉੱਥੇ ਆ ਕੇ ਹੀ ਕੱਟਣ ਲੱਗ ਪਏ ਸਨ...... ਉਨ੍ਹਾਂ ਨਾਲ ਉਨ੍ਹਾਂ ਦੇ ਕਈ ਗੋਰੇ ਮਿੱਤਰ ਦੋਸਤ ਵੀ ਪੰਜਾਬ ਦੇਖਣ ਆਉਣ ਲੱਗ ਪਏ ਸਨ.......ਪੰਜਾਬ ਦੀਆਂ ਹਰੀਆਂ ਭਰੀਆਂ ਫ਼ਸਲਾਂ ਗੋਰਿਆਂ ਵਾਸਤੇ ਦਿਲਕਸ਼ ਨਜ਼ਾਰਾ ਪੇਸ਼ ਕਰ ਰਹੀਆਂ ਸਨ....ਪਿੰਡਾਂ ਵਿਚ ਲੁੱਟ ਖੋਹ ਦਾ ਕੋਈ ਵੀ ਖ਼ਤਰਾ ਨਹੀਂ ਸੀ.......ਇਕ ਗੋਰਾ ਪਿੰਡ ਦੀ ਛੱਪੜਨੁਮਾ ਝੀਲ ਵਿਚ ਕਈ ਦੇਰ ਮੱਛੀਆਂ ਫੜਦਾ ਰਿਹਾ। ਉਸ ਨੇ ਆਪਣੀ ਜੈਕਟ ਉਤਾਰ ਕੇ ਪਰ੍ਹੇ ਕਾਫ਼ੀ ਦੂਰ ਛੱਪੜ ਦੇ ਕੰਢੇ ਤੇ ਰੱਖੀ ਸੀ.......ਉਸ ਨੇ ਇਕ ਘੰਟੇ ਬਾਅਦ ਦੇਖਿਆ ਕਿ ਉਸ ਦੀ ਜੈਕਟ ਉਸੇ ਤਰ੍ਹਾਂ ਹੀ ਮਫ਼ੂਜ਼ ਪਈ ਸੀ......ਉਸਨੂੰ ਕਿਸੇ ਨੇ ਵੀ ਚੁਰਾਇਆ ਨਹੀਂ ਸੀ.......ਸੇਵਾ ਸਿੰਘ ਦੇ ਮੁੰਡੇ ਗੁਰਬਖਸ਼ ਨਾਲ ਇਕ ਫਲਪੀਨਾ ਵੀ ਪੰਜਾਬ ਆਇਆ.......ਫਲਪੀਨਾ ਸਰਦਾਰਾਂ ਦੇ ਫਾਰਮ ਹਾਊਸਾਂ ਨੂੰ ਦੇਖ-ਦੇਖ ਕੇ ਹੈਰਾਨ ਹੋ ਰਿਹਾ ਸੀ.......ਪੰਜਾਬ ਦੇ ਪਸ਼ੂ ਪੰਛੀ ਉਸ ਵਾਸਤੇ ਨਵੇਂ ਜੀਵ ਸਨ.......ਗੁਰਬਖਸ਼ ਉਸ ਨੂੰ ਪੰਜਾਬ ਦੇ ਧਾਰਮਿਕ ਸਥਾਨਾ ਤੇ ਘੁੰਮਾ ਰਿਹਾ ਸੀ.......ਇਹ ਸੈਲਾਨੀ ਪੰਜਾਬ ਦੇ ਇਕ ਵਿਆਹ ਦਾ ਦ੍ਰਿਸ਼ ਦੇਖ ਕੇ ਹੈਰਾਨ ਹੋਈ ਜਾ ਰਹੇ ਸਨ.......ਇਹ ਗੁਰਬਖਸ਼ ਨਾਲ ਪੰਜਾਬ ਤੋਂ ਬਾਹਰ ਕਈ ਬੋਧੀ ਸਥਾਨਾ ਦੇ ਦਰਸ਼ਨ ਕਰਨ ਲਈ ਵੀ ਗਿਆ। ਸਾਲ ਕੁ ਬਾਅਦ ਗਿੱਲ ਸਾਹਿਬ ਆਪਣੇ ਨਾਲ ਇਕ ਸਕਾਟਿਸ਼ ਮਿੱਤਰ ਨੂੰ ਲੈ ਕੇ ਪੰਜਾਬ ਆਏ ਸਨ.......ਇਸ ਮਿੱਤਰ ਦਾ ਨਾਮ ਪੌਲ ਇਰਵਾਈਨ (Paul Irvine) ਸੀ.......ਇਹ ਆਰਕੀਟੈਕਚਰ ਦਾ ਮਾਹਰ ਸੀ ਤੇ ਇਕ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ.......ਇਹ ਗਿੱਲ ਸਾਹਿਬ ਨੂੰ ਪਿੰਡ ਨੂੰ ਹੋਰ ਵਿਕਸਤ ਕਰਨ ਦੀਆਂ ਸਲਾਹਾਂ ਦੇ ਰਿਹਾ ਸੀ।.......ਇਹ ਦੱਸ ਰਿਹਾ ਸੀ ਕਿ ਪਿੰਡ ਵਿਚ ਇਕ ਵਧੀਆ ਕਲੱਬ ਵੀ ਹੋਣਾ ਚਾਹੀਦਾ ਏ.......ਇਸ ਕਲੱਬ ਵਿਚ ਇਕ ਜਿਮ ਹੋਵੇ, ਇਕ ਸਪਾ ਹੋਵੇ, ਇਕ ਫਿਟਨੈੱਸ ਸੈਂਟਰ ਹੋਵੇ, ਇਕ ਤਲਾਬ ਹੋਵੇ. ਇਕ ਲਾਇਬਰੇਰੀ ਹੋਵੇ, ਇਕ ਮਾਡਰਨ ਕਿਸਮ ਦੀ ਸੱਥ ਹੋਵੇ.......ਇਕ ਲਈਜ਼ਰ ਸੈਂਟਰ ਹੋਵੇ....ਪਿੰਡ ਸੱਚਮੁੱਚ ਹੀ ਸਵਰਗ ਬਣਦਾ ਜਾ ਰਿਹਾ ਸੀ.......ਫਿਰ ਗਿੱਲ ਸਾਹਿਬ ਉਹਨੂੰ ਖੇਤੀਬਾੜੀ ਯੂਨੀਵਰਸਿਟੀ ਤੇ ਪੰਜਾਬ ਯੂਨੀਵਰਸਿਟੀ ਦਿਖਾਉਣ ਲੈ ਗਏ....ਚੰਡੀਗੜ੍ਹ ਉਸ ਨੇ ਇਕ ਲੈਕਚਰ ਵੀ ਦੇਣਾ ਸੀ!!!

## ਅਧਿਆਇ 19

# ਮੈਂ ਪੁਲਿਸ ਨੂੰ ਸੱਦਾਂਗੀ !

ਕਰਮਜੀਤ ਦੇ ਮਾਪਿਆਂ ਨੇ ਜੱਸੀ ਨੂੰ 15 ਲੱਖ ਰੁਪਏ ਦੇ ਦਿੱਤੇ ਸਨ ਤੇ ਉਹ ਉਸ ਨਾਲ ਸਿਡਨੀ ਚਲਾ ਗਿਆ ਸੀ। ਉੱਥੇ ਜਾ ਕੇ ਬਹੁਤਾ ਕੁੱਝ ਉਸ ਨੂੰ ਆਪਣੇ ਸੁਪਨਿਆਂ ਦੇ ਉਲਟ ਨਜ਼ਰ ਆ ਰਿਹਾ ਸੀ। ਸਭ ਤੋਂ ਵੱਡੀ ਸਮੱਸਿਆ ਅੰਗਰੇਜ਼ੀ ਬੋਲਣ ਦੀ ਸੀ। ਪਹਿਲਾਂ-ਪਹਿਲਾਂ ਉਹ ਗੋਰਿਆਂ ਦੇ ਨੇੜੇ ਜਾਣ ਤੋਂ ਤਾਂ ਝਿਜਕੀ ਹੀ ਜਾਂਦਾ ਸੀ। ਸਿਰਫ਼ ਭਾਰਤੀਆਂ ਨੂੰ ਮਿਲ ਕੇ ਉਨ੍ਹਾਂ ਤੋਂ ਕੋਈ ਨਾ ਕੋਈ ਕੰਮ ਲੱਭਦਾ ਸੀ। ਜੱਸੀ ਬੜੇ ਤਰੀਕੇ ਤੇ ਚੁਸਤੀ ਨਾਲ ਅਜੇ ਉਸ ਦੇ ਨਾਲ ਹੀ ਰਹਿੰਦੀ ਸੀ। ਪ੍ਰੰਤੂ ਉਹ ਹਰ ਸਮੇਂ ਤਾਕ ਵਿਚ ਸੀ ਕਿ ਉਸ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕੇ। ਇਹ ਛੁਟਕਾਰਾ ਤਾਂ ਹੀ ਪੈ ਸਕਦਾ ਸੀ ਜੇ ਕਰਮਜੀਤ ਕਿਸੇ ਹੋਰ ਕੁੜੀ ਨਾਲ ਪੱਕੇ ਤੌਰ ਤੇ ਵਿਆਹ ਕਰਵਾ ਕੇ ਰਹਿਣ ਲਈ ਰਾਜ਼ੀ ਹੋਵੇ। ਹੋਰ ਕੁੜੀ ਲੱਭਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਉਹਨੂੰ ਪੰਜਾਬ ਵਿਚ ਬੈਠੇ ਨੂੰ ਲਗਦਾ ਸੀ ਕਿ ਇੱਧਰ ਆਸਟਰੇਲੀਆ ਵਿਚ ਕੁੜੀਆਂ ਆਮ ਮਿਲ ਜਾਂਦੀਆਂ ਹਨ। ਇੱਧਰ ਆ ਕੇ ਪਤਾ ਲੱਗਾ ਕਿ ਹਰ ਸਮਾਜ ਵਿਚ ਕੁਝ ਬੰਦਸ਼ਾਂ ਤੇ ਅਸੂਲ ਹੁੰਦੇ ਹਨ। ਉਸ ਦੇ ਮਨ ਦੀ ਹਾਲਤ ਇਹ ਸੀ ਕਿ ਜੱਸੀ ਉਸ ਨਾਲ ਸਰੀਰਕ ਸਬੰਧ ਵੀ ਰੱਖੇ। ਦੂਸਰੇ ਪਾਸੇ ਜੱਸੀ ਇੰਨੀ ਤੇਜ਼ ਜਨਾਨੀ ਸੀ ਕਿ ਉਹ ਸਰੀਰਕ ਸਬੰਧ ਰੱਖੇ ਬਗ਼ੈਰ ਬੰਦੇ ਨਾਲ ਸਮਾਂ ਬਿਤਾਉਂਦੀ ਸੀ। ਕੁੱਝ ਸਮੇਂ ਬਾਅਦ ਜਦ ਬੰਦਾ ਦੁਖੀ ਹੋ ਜਾਂਦਾ ਸੀ ਤਾਂ ਉਹ ਉਸ ਤੋਂ ਪਰ੍ਹੇ ਹੋ ਕੇ ਕਿਸੇ ਹੋਰ ਨਾਲ ਰਹਿਣ ਲੱਗ ਜਾਂਦਾ ਸੀ ਤੇ ਜੱਸੀ ਪੰਜਾਬ ਤੋਂ ਹੋਰ ਬੰਦਾ ਲੈਣ ਚਲੀ ਜਾਂਦੀ ਸੀ। ਦੋ ਗ਼ੈਰ ਲਿੰਗੀ ਬੰਦਿਆਂ ਦਾ ਇਕ ਘਰ ਵਿਚ ਰਹਿਣਾ, ਉਹ ਵੀ ਸਰੀਰਕ ਸਬੰਧਾਂ ਤੋਂ ਬਗ਼ੈਰ-ਕਿੰਨੀ ਅਜੀਬ ਗੱਲ ਏ। ਜੱਸੀ ਨੇ 15 ਲੱਖ ਰੁਪਏ ਸਿਰਫ਼ ਉਹਨੂੰ ਇੱਥੇ ਲਿਆਉਣ ਦੇ ਹੀ ਲਾਏ ਸਨ। ਉਹ ਪੰਜ ਲੱਖ ਲੈ ਕੇ ਮੁੰਡੇ ਦੇ ਪੱਕਾ ਹੋਣ ਤੱਕ ਉਡੀਕ ਸਕਦੀ ਸੀ ਪਰ ਸਰੀਰਕ ਸਬੰਧ ਬਿਲਕੁਲ ਵੀ ਕਾਇਮ ਨਹੀਂ ਸੀ ਕਰ ਸਕਦੀ।

ਕਰਮਜੀਤ ਨੂੰ ਕਦੀ-ਕਦਾਈਂ ਮਜ਼ਦੂਰੀ ਦਾ ਕੰਮ ਮਿਲ ਜਾਂਦਾ ਸੀ ਤੇ ਬਹੁਤੀ ਵਾਰ ਉਹ ਵਿਹਲਾ ਹੀ ਰਹਿੰਦਾ ਸੀ। ਉਸ ਪਾਸ ਅਜੇ ਤੱਕ ਨਾ ਆਸਟਰੇਲੀਆ ਦਾ ਡਰਾਈਵਰ ਲਾਈਸੈਂਸ ਸੀ ਤੇ ਨਾ ਹੀ ਕਾਰ ਸੀ। ਉਹ ਕਾਰਾਂ ਧੋਣ ਦਾ ਜਾਂ ਰੈਸਟੋਰੈਂਟਾਂ ਤੇ ਕੰਮ ਕਰਨ ਦਾ ਮਾੜਾ ਮੋਟਾ ਕੰਮ ਕਰਦਾ ਸੀ ਜਿੱਥੇ ਉਸ ਨੂੰ ਬੜੀ ਹੀ ਘੱਟ ਉਜਰਤ ਮਿਲਦੀ ਸੀ। ਕਈ ਮਾਲਕ ਤਾਂ ਪਹਿਲੇ ਚਾਰ-ਪੰਜ ਦਿਨ ਕੰਮ ਕਰਵਾ ਕੇ ਨਾ ਤਾਂ ਪੈਸੇ ਦਿੰਦੇ ਸਨ ਤੇ ਨਾ ਹੀ ਅੱਗੇ ਹੋਰ ਕੰਮ ਦਿੰਦੇ ਸਨ। ਉਲਟਾ ਇਹ ਕਹਿ ਦਿੰਦੇ ਸਨ ਕਿ ਉਨ੍ਹਾਂ ਨੇ ਉਸ ਨੂੰ ਕੰਮ ਸਿਖਾਇਆ ਹੈ। ਪੈਸੇ ਕਾਹਦੇ? ਉਹ ਦੂਰ ਦਿਹਾਤ ਵਿਚ ਜਾ ਕੇ ਖੇਤਾਂ ਵਿਚ ਕੰਮ ਕਰਨ ਤੋਂ ਵੀ ਅਸਮਰਥ ਸੀ। ਪੰਜਾਬ ਤੋਂ ਲਿਆਂਦੇ ਪੈਸੇ ਉਸ ਪਾਸ ਮੁੱਕ ਗਏ ਸਨ।

— ਜੱਸੀ, ਤੂੰ ਮੇਰੇ ਨਾਲ ਪੱਕਾ ਵਿਆਹ ਕਰਵਾ ਲੈ।

— ਕਰਮਜੀਤ, ਮੈਂ ਤੁਹਾਨੂੰ ਪਹਿਲਾਂ ਹੀ ਦੱਸਿਆ ਸੀ ਕਿ ਮੈਂ ਪੱਕਾ ਵਿਆਹ ਨਹੀਂ ਕਰਵਾ ਸਕਦੀ। ਮੇਰਾ ਵਾਅਦਾ ਤੈਨੂੰ ਇੱਥੇ ਲਿਆਉਣਾ ਸੀ। ਉਹ ਵਾਅਦਾ ਮੈਂ ਪੂਰਾ ਕਰ ਦਿੱਤਾ।

— ਤੂੰ ਇਹ ਵੀ ਕਿਹਾ ਸੀ ਕਿ ਤੂੰ ਮੇਰੇ ਪੱਕਾ ਹੋਣ ਤੱਕ ਮੇਰਾ ਸਾਥ ਦੇਵੇਂਗੀ?

— ਇਹ ਮੈਂ ਕਰ ਸਕਦੀ ਹਾਂ ਅਗਰ ਤੂੰ ਪੰਜ ਲੱਖ ਮੈਨੂੰ ਹੋਰ ਦੇਵੇਂ?

— ਮੈਂ ਤਾਂ ਪਹਿਲਾਂ ਹੀ ਕੰਗਾਲ ਹੋ ਚੁੱਕਾ ਹਾਂ। ਪੰਜਾਬ ਵਿਚ ਬੈਠੇ ਨੂੰ ਮੈਨੂੰ ਇੰਜ ਲਗਦਾ ਸੀ ਜਿਵੇਂ ਇੱਥੇ ਆ ਕੇ ਬੰਦਾ ਮਾਲਾਮਾਲ ਹੋ ਜਾਂਦਾ ਹੋਵੇ। ਇਸ ਦੇਸ਼ 'ਚੋਂ ਜਦ ਪੈਸੇ ਉਧਰ ਜਾ ਕੇ ਵਧਦੇ ਹਨ ਤਾਂ ਬੰਦਾ ਆਪਣੇ ਆਪ ਨੂੰ ਮਾਲਾਮਾਲ ਸਮਝਣ ਲੱਗ ਪੈਂਦਾ ਏ। ਜਿਹੜੇ ਪੈਸੇ ਇੱਧਰ ਦੇ ਇੱਧਰ ਹੀ ਖਰਚ ਹੋ ਜਾਂਦੇ ਹਨ ਉਨ੍ਹਾਂ ਨਾਲ ਕੁਝ ਵੀ ਨਹੀਂ ਬਣਦਾ। ਇੱਥੇ ਜਿਨ੍ਹਾਂ ਲੋਕਾਂ ਨੇ ਹੱਡ ਭੰਨਵੀਂ ਕਮਾਈ ਕੀਤੀ ਏ ਸਿਰਫ਼ ਉਹ ਹੀ ਚੰਗੇ ਮਕਾਨ ਲੈਣ ਦੇ ਕਾਬਲ ਹੋਏ ਹਨ। ਉਹ ਹੀ ਚੰਗਾ ਖਾਂਦੇ ਪੀਂਦੇ ਹਨ। ਹਾਂ, ਇਕ ਗੱਲ ਜ਼ਰੂਰ ਏ। ਇੱਧਰ ਪੱਕੇ ਹੋ ਚੁੱਕੇ ਬੰਦਿਆਂ ਨੂੰ ਸਰਕਾਰ ਮਾੜਾ ਮੋਟਾ ਰੋਟੀ ਜੋਗਾ ਖਰਚਾ ਜ਼ਰੂਰ ਦਿੰਦੀ ਰਹਿੰਦੀ ਹੈ। ਉਹ ਪੈਸੇ ਇੰਨੇ ਘੱਟ ਹੁੰਦੇ ਹਨ ਕਿ ਆਦਮੀ ਮੁਸ਼ਕਲ ਨਾਲ ਗੁਜ਼ਾਰਾ ਹੀ ਕਰ ਸਕਦਾ ਹੈ।

— ਮੇਰਾ ਤਾਂ ਪੱਕੇ ਹੋਣ ਤੱਕ ਦਾ ਸਫ਼ਰ ਹੀ ਬੜਾ ਔਖਾ ਹੈ। ਤੂੰ ਮੇਰਾ ਉਸ ਸਫ਼ਰ ਵਿਚ ਤਾਂ ਸਾਥ ਦੇਹ?

— ਮੈਂ ਤੈਨੂੰ ਦੱਸਿਆ ਏ, ਮੈਂ ਤੁਹਾਡੇ ਨਾਲ ਜੋ ਵਾਅਦਾ ਕੀਤਾ ਸੀ ਉਹ ਮੈਂ ਪੂਰਾ ਕਰੀ ਜਾ ਰਹੀ ਹਾਂ। ਇਸ ਤੋਂ ਵੱਧ ਮੈਂ ਕੁਝ ਨਹੀਂ ਕਰ ਸਕਦੀ। ਆਪਣਾ ਖਰਚਾ, ਮਕਾਨ ਦਾ ਕਿਰਾਇਆ ਮੇਰਾ ਰੋਟੀ ਦਾ ਖਰਚਾ ਤੇ ਬਿੱਲਾਂ ਦਾ ਖਰਚਾ ਤਾਂ ਤੈਨੂੰ ਹੀ ਕਰਨਾ ਪਵੇਗਾ। ਮੈਂ ਤੈਨੂੰ ਕੁਝ ਦਿਨ ਆਪਣੀ ਕਾਰ ਤੇ ਤੇਰੇ ਕੰਮਾਂ ਕਾਰਾਂ ਤੇ ਛੱਡ ਆਈ ਸੀ। ਹੁਣ ਮੈਂ ਜ਼ਿਆਦਾ ਆਪਣੀ ਕਾਰ ਦੀ ਵਰਤੋਂ ਵੀ ਨਹੀਂ ਕਰ ਸਕਦੀ। ਤੇਰਾ ਭਾਰਤ ਵਾਲਾ ਡਰਾਈਵਰ ਲਾਈਸੈਂਸ ਪਹਿਲਾਂ ਹੀ ਖ਼ਤਮ ਹੋ ਚੁੱਕਾ ਹੈ। ਹੁਣ ਕੰਮ ਵੀ ਲੱਭ, ਕੰਮ ਤੇ ਜਾਣ ਦਾ ਇੰਤਜ਼ਾਮ ਵੀ ਕਰ ਤੇ ਘਰ ਦਾ ਸਾਰਾ ਖਰਚਾ ਵੀ ਕਰ।

— ਅਗਰ ਮੈਂ ਇਹ ਸਭ ਕੁਝ ਨਾ ਕਰ ਸਕਾਂ?

— ਮੈਂ ਪੁਲਿਸ ਨੂੰ ਫੋਨ ਕਰ ਦਿਆਂਗੀ ਤੇ ਕਹਾਂਗੀ ਕਿ ਮੇਰਾ ਪਤੀ ਮੇਰੀ ਕੁੱਟਮਾਰ ਕਰਦਾ ਏ। ਪੁਲਿਸ ਤੈਨੂੰ ਫੜ ਲਵੇਗੀ।

— ਤੂੰ ਇੰਨੀ ਜ਼ਾਲਮ ਇਸਤਰੀ ਏਂ?

— ਇਸ ਵਿਚ ਜ਼ਾਲਮ ਹੋਣ ਵਾਲੀ ਤਾਂ ਗੱਲ ਹੀ ਕੋਈ ਨਹੀਂ। ਮੈਂ ਆਪਣਾ ਵਾਅਦਾ ਪੂਰਾ ਕੀਤਾ ਏ, ਤੂੰ ਆਪਣਾ ਵਾਅਦਾ ਪੂਰਾ ਕਰ।

— ਮੈਨੂੰ ਇੱਧਰ ਦੇ ਸਿਸਟਮ ਦਾ ਪਤਾ ਹੀ ਨਹੀਂ ਸੀ?

— ਫਿਰ ਇੱਧਰ ਨੂੰ ਨਾ ਆਉਂਦਾ। ਸਿਸਟਮ ਦੀ ਜਾਣਕਾਰੀ ਦੇਣਾ ਮੇਰਾ ਕੰਮ ਨਹੀਂ।

ਮੇਰਾ ਕੰਮ ਤਾਂ ਬੰਦਿਆਂ ਨੂੰ ਇੱਧਰ ਨੂੰ ਲਿਆਉਣਾ ਏ। ਉੱਥੇ ਪੰਜਾਬ ਵਿਚ ਤਾਂ ਬੰਦੇ ਇਕ ਹੀ ਗੱਲ ਕਹਿੰਦੇ ਨੇ "ਇਕ ਵਾਰ ਉਸ ਜ਼ਮੀਨ ਤੇ ਕਿਸੇ ਤਰ੍ਹਾਂ ਪੈਰ ਰੱਖ ਹੋ ਜਾਵੇ, ਬਾਕੀ ਸਭ ਆਪਣੇ ਆਪ ਹੀ ਠੀਕ ਹੋ ਜਾਊ।" ਤੇਰੇ ਸਾਹਮਣੇ ਕੋਈ ਸਮੁੰਦਰਾਂ ਵਿਚ ਡੁੱਬ ਗਿਆ, ਕੋਈ ਦਲਾਲਾਂ ਨੇ ਲਿਜਾ ਕੇ ਜੰਗਲਾਂ ਵਿਚ ਉਤਾਰ ਦਿੱਤਾ, ਕੋਈ ਕਿਸੇ ਦੇਸ਼ ਦੀ ਜੇਲ੍ਹ ਵਿਚ ਫਸਿਆ ਪਿਆ ਏ। ਮੈਂ ਤਾਂ ਤੈਨੂੰ ਉੱਧਰ ਇੱਧਰ ਬਾਰੇ ਖਾਸੀ ਜਾਣਕਾਰੀ ਵੀ ਦਿੱਤੀ ਸੀ।

— ਮੈਂ ਕਿਹੜਾ ਤੇਰੇ ਨਾਲ ਲਿਖਤੀ ਵਾਅਦਾ ਕੀਤਾ ਸੀ?

— ਗ਼ੈਰ-ਕਾਨੂੰਨੀ ਕੰਮਾਂ ਵਿਚ ਲਿਖਤੀ ਵਾਅਦੇ ਨਹੀਂ ਕੀਤੇ ਜਾਂਦੇ। ਸਿਰਫ਼ ਵਿਆਹ ਦਾ ਸਬੂਤ ਹੋਣਾ ਚਾਹੀਦਾ ਏ, ਉਹ ਸਾਡੇ ਦੋਹਾਂ ਪਾਸ ਹੈ। ਉਸ ਸਬੂਤ ਦੇ ਆਧਾਰ ਤੇ ਤੂੰ ਇੱਥੇ ਪਹੁੰਚਿਆ ਏਂ।

— ਅਗਰ ਮੈਂ ਮਰ ਜਾਵਾਂ ਤੇ ਮੇਰੇ ਬੰਦੇ ਤੈਨੂੰ ਪੰਜਾਬ ਗਈ ਹੋਈ ਨੂੰ ਮਾਰ ਦੇਣ?

— ਮੈਂ ਹਰ ਜੋਖ਼ਮ ਲਈ ਤਿਆਰ ਹਾਂ ਪਰ ਮੈਂ ਇਹ ਕਦੀ ਨਹੀਂ ਸੀ ਸੋਚਿਆ ਕਿ ਤੂੰ ਇਤਨਾ ਘਟੀਆ ਸਾਬਤ ਹੋਵੇਂਗਾ।

ਇਸ ਤਕਰਾਰ ਤੋਂ ਬਾਅਦ ਕਰਮਜੀਤ ਕੰਮ ਤੇ ਚਲਾ ਗਿਆ। ਉਸ ਨੂੰ ਘਰਾਂ ਦੀਆਂ ਛੱਤਾਂ ਵਿਚ ਇਨਸੂਲੇਸ਼ਨ (insulation) ਪਾਉਣ ਦਾ ਨਵਾਂ ਨਵਾਂ ਕੰਮ ਕੁਝ ਦਿਨਾਂ ਵਾਸਤੇ ਮਿਲਿਆ ਸੀ। ਹਰ ਕੰਮ ਉਸ ਨੂੰ ਕੁਝ ਦਿਨਾਂ ਵਾਸਤੇ ਹੀ ਮਿਲਦਾ ਸੀ ਤੇ ਫਿਰ ਖ਼ਤਮ ਹੋ ਜਾਂਦਾ ਸੀ। ਕੰਮਾਂ ਦੇ ਵਾਰ ਵਾਰ ਬਦਲਣ ਕਰਕੇ ਉਹ ਕਿਸੇ ਨਾਲ ਜ਼ਿਆਦਾ ਵਾਕਫ਼ੀਅਤ ਪਾ ਕੇ ਆਪਣਾ ਆਉਣ ਜਾਣ ਦਾ ਪ੍ਰਬੰਧ ਵੀ ਨਹੀਂ ਕਰ ਸਕਦਾ ਸੀ। ਪਹਿਲਾਂ ਘਰੋਂ ਤੁਰ ਕੇ ਬੱਸ ਸਟੈਂਡ ਜਾਂ ਰੇਲਵੇ ਸਟੇਸ਼ਨ ਤੱਕ ਪਹੁੰਚਦਾ ਸੀ ਤੇ ਫਿਰ ਉੱਧਰ ਉਤਰ ਕੇ ਪੈਦਲ ਕੰਮ ਵਾਲੀ ਥਾਂ ਨੂੰ ਜਾਂਦਾ ਸੀ। ਇਸ ਪ੍ਰਕਾਰ ਸਫ਼ਰ ਵਿਚ ਹੀ ਕਾਫ਼ੀ ਸਮਾਂ ਗੁਜ਼ਰ ਜਾਂਦਾ ਸੀ। ਉਸ ਨੂੰ ਕੰਮ ਕਰਦੇ ਕਰਦੇ ਨੂੰ ਉਸ ਦੀ ਕੈਨੇਡਾ ਵਿਚ ਚਚੇਰੀ ਭੈਣ ਦਾ ਫ਼ੋਨ ਆਇਆ:-

ਵੀਰ, ਕੀ ਹਾਲ ਏ? ਤੂੰ ਬਾਹਰ ਜਾਣ ਲਈ ਹਰ ਸਮੇਂ ਕਾਹਲਾ ਪਿਆ ਹੁੰਦਾ ਸੀ। ਹੁਣ ਕਿਵੇਂ ਲੱਗ ਰਿਹਾ ਏ?

— ਭੈਣੇ, ਕੱਚੇ ਬੰਦੇ ਦਾ ਹਾਲ ਇੱਧਰ ਬਹੁਤ ਹੀ ਮਾੜਾ ਏ। ਇਹ ਜਿਹੜੀ ਜਨਾਨੀ ਮੈਨੂੰ ਲੈ ਕੇ ਆਈ ਏ ਉਹ ਵੀ ਬੜੀ ਘਟੀਆ ਏ। ਕਿਸੇ ਪ੍ਰਕਾਰ ਦਾ ਸਹਿਯੋਗ ਨਹੀਂ ਦਿੰਦੀ। ਬਸ ਮਹਾਂਰਾਣੀ ਬਣ ਕੇ ਬੈਠੀ ਰਹਿੰਦੀ ਏ ਜਾਂ ਫਿਰ ਸੈਰ ਸਪਾਟਾ ਕਰ ਛੱਡਦੀ ਏ। ਪਹਿਲਾਂ ਪਹਿਲ ਮੈਨੂੰ ਕੰਮ ਤੇ ਛੱਡਦੀ ਰਹੀ। ਮਹੀਨੇ ਕੁ ਬਾਅਦ ਇਸ ਤੋਂ ਵੀ ਜਵਾਬ ਦੇ ਗਈ। ਅਗਰ ਮੈਂ ਕੋਈ ਧਮਕੀ ਦਿੰਦਾ ਹਾਂ ਤਾਂ ਵੀ ਨਹੀਂ ਡਰਦੀ।

— ਤੂੰ ਤਾਂ ਫਿਰ ਵੀ ਕੁਝ ਚੰਗਾ ਏਂ। ਕੁਝ ਲੋਕ ਇਨ੍ਹਾਂ ਦੇਸ਼ਾਂ ਨੂੰ ਗ਼ੈਰ ਕਾਨੂੰਨੀ ਆਏ ਸਨ। ਉਹ ਕਈ ਕਈ ਸਾਲ ਇੱਧਰ ਲੁਕੇ ਰਹੇ। ਅਗਰ ਉਹ ਬਿਮਾਰ ਹੋ ਜਾਂਦੇ ਸਨ ਤਾਂ ਉਹ ਡਾਕਟਰਾਂ ਪਾਸ ਜਾ ਕੇ ਦਵਾਈ ਵੀ ਨਹੀਂ ਸੀ ਲੈ ਸਕਦੇ। ਡਾਕਟਰ ਪਾਸ ਜਾ ਕੇ ਮੈਡੀਕੇਅਰ ਕਾਰਡ ਦਿਖਾਉਣਾ ਪੈਂਦਾ ਏ। ਉਨ੍ਹਾਂ ਪਾਸ ਇਸ ਪ੍ਰਕਾਰ ਦਾ ਕਾਰਡ ਕਿਵੇਂ ਹੋ ਸਕਦਾ ਸੀ? ਸਾਡਾ ਇਕ ਵਾਕਫ਼ ਗ਼ੈਰ ਕਾਨੂੰਨੀ ਆਇਆ ਸੀ। ਜਦ ਉਹ ਬਿਮਾਰ ਹੁੰਦਾ ਸੀ ਤਾਂ ਵਿਚਾਰਾਂ

ਠੰਡੇ ਪਾਣੀ ਦੀਆਂ ਪੱਟੀਆਂ ਬੰਨ੍ਹ ਬੰਨ੍ਹ ਕੇ ਬੁਖਾਰ ਉਤਾਰਦਾ ਹੁੰਦਾ ਸੀ। ਜਿਸ ਤਰੀਕੇ ਨਾਲ ਤੂੰ ਸਿਡਨੀ ਪਹੁੰਚਿਆ ਏ, ਇਹ ਓਨਾ ਮਾੜਾ ਤਰੀਕਾ ਨਹੀਂ ਜਿੰਨਾ ਗੈਰਕਾਨੂੰਨੀ ਬੰਦਿਆਂ ਦਾ ਹੁੰਦਾ ਏ। ਸਬਰ ਕਰ, ਇਸ ਕੁੜੀ ਨਾਲ ਹੀ ਟਿਕਿਆ ਰਹਿ। ਆਪਣੇ ਦੋ ਢਾਈ ਸਾਲ ਔਖਾ ਸੌਖਾ ਕੱਢ। ਜਦ ਪੱਕਾ ਹੋ ਜਾਵੇਂਗਾ ਤਾਂ ਪੰਜਾਬ 'ਚੋਂ ਹੋਰ ਵਿਆਹ ਕੇ ਲੈ ਜਾਂਵੀ।

— ਮੈਂ ਤਾਂ ਸਬਰ ਕਰਨ ਨੂੰ ਤਿਆਰ ਹਾਂ ਪਰ ਇਹ ਸਬਰ ਨਹੀਂ ਕਰਦੀ। ਇਹ ਤਾਂ ਮੈਥੋਂ ਬਹੁਤ ਹੀ ਜਲਦੀ ਪਿੱਛਾ ਛੁਡਾਉਣਾ ਚਾਹੁੰਦੀ ਏ। ਇਹਦਾ ਕੰਮ ਹੀ ਇਹ ਹੈ ਕਿ ਛੇ ਮਹੀਨੇ ਦੇ ਵਿਚ ਵਿਚ ਪੰਜਾਬ 'ਚੋਂ ਨਵਾਂ ਬੰਦਾ ਲਿਆਂਦਾ ਜਾਵੇ।

— ਅਗਰ ਤੁਸੀਂ ਹੋਰ ਪੰਜ ਲੱਖ ਦੇ ਦੇਵੋ?

— ਮੈਨੂੰ ਤਾਂ ਇੰਜ ਲਗਦਾ ਏ ਕਿ ਇਹ ਪੰਜ ਲੱਖ ਨਾਲ ਵੀ ਬਾਜ਼ ਆਉਣ ਵਾਲੀ ਨਹੀਂ। ਇਹ ਹੋਰ ਪੰਜ ਲੱਖ ਲੈ ਕੇ ਵੀ ਕੋਈ ਐਸੀ ਚਾਲ ਚੱਲੇਗੀ ਕਿ ਸਾਨੂੰ ਵਿਚ ਵਿਚਾਲੇ ਹੀ ਡੋਬ ਦੇਵੇਗੀ। ਹੋਰ ਪੰਜ ਲੱਖ ਦਾ ਤਾਂ ਇਹਨੇ ਐਵੇਂ ਬਹਾਨਾ ਬਣਾਇਆ ਹੋਇਆ ਏ।

— ਜਾਂ ਫਿਰ ਤੂੰ ਕੋਈ ਹੋਰ ਕੁੜੀ ਲੱਭ ਲੈ?

— ਇੱਧਰ ਦੇ ਪੰਜਾਬੀ ਤਾਂ ਕੱਚੇ ਬੰਦੇ ਨੂੰ ਆਪਣੇ ਘਰ ਵਾੜ ਕੇ ਰਾਜ਼ੀ ਨਹੀਂ। ਆਹ ਜਿੰਨਾ ਘਰਾਂ ਵਿਚ ਅਸੀਂ ਇਨਸੂਲੇਸ਼ਨ (insulation) ਪਾਉਂਦੇ ਹਾਂ ਉਹ ਸਾਰੇ ਹੋਰ ਲੋਕਾਂ ਦੇ ਘਰ ਹਨ। ਸਾਡਾ ਮਾਲਕ ਇਕ ਚੀਨਾ ਏ। ਪੰਜਾਬੀ ਤਾਂ ਕੱਚੇ ਪੰਜਾਬੀਆਂ ਤੋਂ ਮੀਲਾਂ ਪਰ੍ਹੇ ਰਹਿ ਕੇ ਖ਼ੁਸ਼ ਨੇ।

— ਮੈਂ ਫੋਨ ਤੇਰੇ ਜੀਜੇ ਨੂੰ ਦਿੰਦੀ ਹਾਂ। ਇਨ੍ਹਾਂ ਨਾਲ ਗੱਲ ਕਰ ਲੈ।

— ਕਰਮਜੀਤ, ਕਿਵੇਂ ਬੀਤ ਰਹੀ ਏ?

— ਜੀਜਾ ਜੀ, ਮਾੜੀ ਹਾਲਤ ਏ।

— ਕੀ ਗੱਲ? ਕੁੜੀ ਸਹਿਯੋਗ ਨਹੀਂ ਦਿੰਦੀ ਜਾਂ ਕੰਮ ਨਹੀਂ ਮਿਲਦਾ?

— ਦੋਵੇਂ ਗੱਲਾਂ ਨੇ। ਕੋਈ ਤਰੀਕਾ ਦੱਸੋ। ਕੀ ਕੀਤਾ ਜਾਵੇ? ਮੈਂ ਤਾਂ ਬਹੁਤ ਦੁਖੀ ਹੋ ਗਿਆ ਹਾਂ। ਪੰਦਰਾਂ ਲੱਖ ਖਰਚ ਕੀਤਾ। ਕੰਮ ਵੀ ਪੂਰੀ ਤਰ੍ਹਾਂ ਨਹੀਂ ਬਣਿਆ।

— ਇਹਨੂੰ ਕਿਸੇ ਹੀਲੇ ਪਾਰ ਬੁਲਾ ਦੇਹ। ਅਗਰ ਸ਼ਾਦੀ ਦੇ ਆਧਾਰ ਤੇ ਆਏ ਲੜਕੇ ਦੀ ਪਤਨੀ ਮਰ ਜਾਵੇ ਤਾਂ ਲੜਕਾ ਕਾਨੂੰਨੀ ਤੌਰ ਤੇ ਪੱਕਾ ਹੋ ਜਾਂਦਾ ਏ। ਪਹਿਲਾ ਤਰੀਕਾ ਬਣਾ ਕਿ ਇਸਦੇ ਗਹਿਣੇ ਕਾਬੂ ਕੀਤੇ ਜਾਣ। ਇਸ ਪਾਸ ਗਹਿਣੇ ਕਿੰਨੇ ਕੁ ਨੇ?

— ਗਹਿਣੇ ਪਹਿਨਣ ਦੀ ਤਾਂ ਇਹ ਬੜੀ ਸ਼ੌਕੀਨ ਏ। ਇਸ ਪਾਸ ਬਹੁਤ ਗਹਿਣੇ ਨੇ। ਇਹ ਬਹੁਤੇ ਗਹਿਣੇ ਬੈਂਕ ਦੇ ਲਾਕਰ ਵਿਚ ਹੀ ਰਖਦੀ ਏ। ਥੋੜ੍ਹੇ ਗਹਿਣੇ ਆਪਣੇ ਪਾਸ ਰਖਦੀ ਏ।

— ਅਗਰ ਕੋਈ ਵਿਆਹ ਸ਼ਾਦੀ ਹੋਵੇ ਫਿਰ ਤਾਂ ਇਹ ਬੈਂਕ 'ਚੋਂ ਗਹਿਣੇ ਕਢਵਾਉਂਦੀ ਹੀ ਹੋਊ?

— ਹਾਂ, ਫਿਰ ਤਾਂ ਇਹ ਗਹਿਣਿਆਂ ਨਾਲ ਲੱਦ ਹੋ ਕੇ ਅਗਲੇ ਦੇ ਘਰ ਜਾਂਦੀ ਏ।

— ਲੱਦ ਹੋਣ ਤੋਂ ਭਾਵ?

— ਇਹ 30-40 ਤੋਲੇ ਦੇ ਗਹਿਣੇ ਵੀ ਪਾ ਲੈਂਦੀ ਏ। ਕਈ ਵਾਰ ਤਾਂ ਹੀਰਿਆਂ ਜੜ੍ਹੀਆਂ ਅੰਗੂਠੀਆਂ ਵੀ ਮੈਂ ਇਸ ਪਾਸ ਦੇਖੀਆਂ ਹਨ।

— ਜਿਸ ਦਿਨ ਇਹਨੇ ਗਹਿਣੇ ਪਹਿਨਣੇ ਹਨ ਉਸ ਦਿਨ ਦੀ ਪਹਿਲੀ ਰਾਤ ਨੂੰ ਇਹ ਸਾਰੇ ਗਹਿਣੇ ਲੁੱਟ ਕੇ ਕਹਿ ਦਿਓ ਕਿ ਰਾਤ ਕੋਈ ਘਰ ਚੋਰ ਆ ਵੜਿਆ ਸੀ। ਇਹ ਵਾਰਦਾਤ ਕਰਨ ਤੋਂ ਪਹਿਲਾਂ ਤੀਵੀਂ ਨਾਲ ਕੁਝ ਦਿਨ ਬਹੁਤ ਵਧੀਆ ਤਅੱਲਕਾਤ ਬਣਾ ਕੇ ਰੱਖੋ। ਦੋ ਕੁ ਹਫ਼ਤੇ ਲੜਾਈ ਝੱਲੀ ਜਾਓ ਤੇ ਤੀਵੀਂ ਦੀ ਹਰ ਗੱਲ ਮੰਨੀ ਵੀ ਜਾਓ। ਕੀ ਤੈਨੂੰ ਪਤਾ ਏ ਇਹ ਗਹਿਣੇ ਬੈਂਕ 'ਚੋ ਲਿਆ ਕੇ ਘਰ ਕਿੱਥੇ ਰਖਦੀ ਏ?

— ਹਾਂ, ਇਹ ਮੈਨੂੰ ਪਤਾ ਏ।

— ਚੋਰੀ ਕਰਕੇ ਤੂੰ ਗਹਿਣੇ ਰੱਖੇਂਗਾ ਕਿੱਥੇ?

ਤੈਨੂੰ ਗਹਿਣੇ ਲੁਕਾਉਣੇ ਵੀ ਆਉਣੇ ਚਾਹੀਦੇ ਨੇ।

— ਇਹ ਕੰਮ ਮੈਂ ਆਰਾਮ ਨਾਲ ਕਰ ਲਵਾਂਗਾ। ਸਿਰਫ਼ ਦੋ ਕੁ ਦਿਨ ਵਿਚ ਹੀ ਮੈਂ ਗਹਿਣੇ ਲਿਜਾ ਕੇ ਕਿਧਰੇ ਵੇਚ ਦੇਵਾਂਗਾ। ਮਾਰਨ ਦੀ ਗੱਲ ਛੱਡੋ। ਪਹਿਲਾਂ ਗਹਿਣੇ ਚੋਰੀ ਕਰਨ ਦਾ ਕੰਮ ਹੀ ਕਰ ਲੈਂਦੇ ਹਾਂ। ਮਾਰਨ ਬਾਰੇ ਬਾਅਦ ਵਿਚ ਸਕੀਮ ਬਣਾਵਾਂਗੇ

— ਇੰਝ ਕਰ ਲੈ। ਇਹ ਵੀ ਠੀਕ ਏ।

ਜੱਸੀ ਨੇ ਗਹਿਣੇ ਬੈਂਕ ਵਿਚੋਂ ਸ਼ਾਦੀ ਤੋਂ ਦੋ ਕੁ ਦਿਨ ਪਹਿਲਾਂ ਕਢਵਾ ਲਏ। ਉਹ ਇਕ ਅੱਧ ਦਿਨ ਪਹਿਲਾਂ ਗਹਿਣਿਆਂ ਨਾਲ ਸਜ ਕੇ ਖ਼ੁਸ਼ ਹੋਣਾ ਚਾਹੁੰਦੀ ਸੀ। ਜਦ ਉਹ ਦੂਜੇ ਦਿਨ ਸੁੱਤੀ ਉੱਠੀ ਤਾਂ ਗਹਿਣੇ ਗਾਇਬ ਸਨ।

— ਮੇਰੇ ਗਹਿਣੇ ਗਾਇਬ ਹਨ। ਹਾਏ, ਮੈਂ ਮਾਰੀ ਗਈ ਤੂੰ ਮੇਰੇ ਗਹਿਣੇ ਚੋਰੀ ਕੀਤੇ ਹਨ।

— ਮੈਂ ਤਾਂ ਰਾਤ ਲੇਟ ਆਇਆ ਸਾਂ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਤੂੰ ਗਹਿਣੇ ਬੈਂਕ ਵਿਚੋਂ ਲਿਆਂਦੇ ਹਨ।

— ਤੂੰ ਸਭ ਝੂਠ ਬੋਲਦਾ ਏਂ।

— ਪਹਿਲਾਂ ਤੂੰ ਮੈਥੋਂ 15 ਲੱਖ ਰੁਪਏ ਲਏ, ਹੁਣ ਤੂੰ ਮੇਰੇ ਤੇ ਗਹਿਣੇ ਚੋਰੀ ਕਰਨ ਦਾ ਦੋਸ਼ ਲਾ ਦਿੱਤਾ। ਤੂੰ ਮੈਨੂੰ ਜਿਊਂਦੇ ਨੂੰ ਹੀ ਮਾਰ ਦੇਣਾ ਚਾਹੁੰਦੀ ਏਂ।

— ਮੇਰੇ ਗਹਿਣੇ 20 ਲੱਖ ਰੁਪਏ ਤੋਂ ਵੀ ਵੱਧ ਰੁਪਿਆਂ ਦੇ ਸਨ। ਮੈਂ ਪੁਲਿਸ ਨੂੰ ਸੱਦਾਂਗੀ। ਤੂੰ ਹੀ ਚੋਰ ਏਂ। ਮੈਂ ਸਭ ਜਾਣਦੀ ਹਾਂ।

— ਮੈਂ ਤਾਂ ਤੇਰੇ ਦੋਹਾਂ ਕਮਰਿਆਂ ਵਿਚ ਕਦੀ ਵੜਦਾ ਹੀ ਨਹੀਂ। ਔਹ ਪਰੇ ਗਰਾਜ ਨਾਲ ਦੇ ਕਮਰੇ ਵਿਚ ਹੀ ਸੌਂਦਾ ਹਾਂ।

— ਹੋਰ ਮੇਰੇ ਘਰ ਕੋਈ ਨਹੀਂ ਆ ਸਕਦਾ। ਮੈਂ ਤੈਨੂੰ ਹੀ ਪੁਲਿਸ ਪਾਸ ਪਕੜਾਵਾਂਗੀ।

ਜੱਸੀ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਆ ਗਈ ਤੇ ਕਰਮਜੀਤ ਨੂੰ ਫੜ ਕੇ ਲੈ ਗਈ। ਜੱਸੀ ਨੇ ਉਸ ਤੇ ਘਰੇਲੂ ਕਲੇਸ਼ (domestic violence) ਦਾ ਦੋਸ਼ ਵੀ ਲਗਾ ਦਿੱਤਾ ਸੀ। ਉਧਰ ਕਰਮਜੀਤ ਨੇ ਜੱਸੀ ਤੇ ਦੋਸ਼ ਲਾਇਆ ਕਿ ਉਹ ਝੂਠੇ ਵਿਆਹ ਕਰਵਾ-

ਕਰਵਾ ਕੇ ਪੰਜਾਬ ਵਿਚੋਂ ਬੰਦੇ ਇੱਧਰ ਨੂੰ ਲੈ ਕੇ ਆਉਂਦੀ ਏ ਤੇ ਇਸ ਪ੍ਰਕਾਰ ਲੋਕਾਂ ਤੋਂ ਲੱਖਾਂ ਰੁਪਏ ਬਟੋਰਦੀ ਏ। ਜੱਸੀ ਉੱਤੇ ਇਮੀਗਰੇਸ਼ਨ (Immigration) ਵਿਭਾਗ ਨੂੰ ਧੋਖਾ ਦੇਣ ਦੀ ਤੇ ਕਰਮਜੀਤ ਤੇ ਚੋਰੀ ਦੇ ਕੇਸ ਦੀ ਜਾਂਚ ਪੜਤਾਲ ਹੋਣ ਲੱਗ ਪਈ। ਇਵੇਂ ਮਹਿਸੂਸ ਹੋ ਰਿਹਾ ਸੀ ਕਿ ਦੋਹਾਂ ਨੂੰ ਬਣਦੀ ਸਰਦੀ ਸਜ਼ਾ ਮਿਲਣ ਹੀ ਵਾਲੀ ਸੀ। ਹੋ ਸਕਦਾ ਸੀ ਕਿ ਸਜ਼ਾ ਕੱਟਣ ਤੋਂ ਬਾਅਦ ਦੋਵੇਂ ਵਾਪਸ ਪੰਜਾਬ ਭੇਜ ਦਿੱਤੇ ਜਾਣ।

ਜੱਸੀ ਦੇ ਜੀਵਨ ਸਟਾਈਲ ਨੂੰ ਦੇਖ ਕੇ ਤੇ ਇਸ ਬਾਰੇ ਸੋਚ ਸੋਚ ਕੇ ਮੇਰੇ ਮਨ ਵਿਚ ਸ਼ੇਖ ਫਰੀਦ ਦੇ ਫੁਰਮਾਨ ਦੀ ਦੂਜੀ ਸਤਰ ਵਾਰ ਵਾਰ ਘੁੰਮ ਰਹੀ ਸੀ:-

ਜਿਨ੍ਹ ਮਨੁ ਹੋਰ ਮੁਖ ਹੋਰ ਸੇ ਕਾਂਢੇ ਕਚਿਆ।

# ਅਧਿਆਇ 20
# ਬੰਦਾ ਹੀ ਬੰਦੇ ਦਾ ਦਾਰੂ ਏ

ਪਿੰਡ ਦੀ ਬਿਹਤਰੀ ਦੀਆਂ ਸਕੀਮਾਂ ਨੂੰ ਅਮਲੀ ਜਾਮਾ ਪਹੁੰਚਾਉਣ ਤੱਕ ਅੱਪੜਨ ਤੋਂ ਬਾਅਦ ਹੁਣ ਪ੍ਰੋ. ਜੋਗਾ ਸਿੰਘ ਤੇ ਸਰਮੁਖ ਸਾਹਮਣੇ ਇਕ ਹੀ ਹੋਰ ਮਹੱਤਵਪੂਰਨ ਕੰਮ ਵੀ ਰਹਿ ਗਿਆ ਸੀ। ਉਹ ਪਿੰਡ ਵਿਚ ਤਾਂ ਸਰਬ ਸੰਮਤੀ ਕਾਇਮ ਕਰਨ ਵਿਚ ਕਾਮਯਾਬ ਹੋ ਗਏ ਸਨ ਪ੍ਰੰਤੂ ਉਹ ਕੀਰਤੀ ਸਿੰਘ ਦੇ ਘਰ ਵਿਚ ਇਤਫ਼ਾਕ ਪੈਦਾ ਕਰਨ ਵਿਚ ਅੱਜ ਤੱਕ ਕੁਝ ਵੀ ਸਹੀ ਸਨ ਕਰ ਸਕੇ। ਉਨ੍ਹਾਂ ਇਸ ਪਾਸੇ ਧਿਆਨ ਵੀ ਨਹੀਂ ਦਿੱਤਾ ਸੀ।

— ਸਰਮੁਖ ਸਿਹਾਂ, ਸਾਡਾ ਵੱਡਾ ਕੰਮ ਏ ਰਿੰਪੀ ਨੂੰ ਜ਼ਿੰਦਗੀ ਵਿਚ ਸੈੱਟ ਕਰਨਾ। ਉਹ ਵਿਚਾਰੀ ਘਰ ਦੀ ਪਾਟੋਧਾੜ ਤੋਂ ਬੜੀ ਦੁਖੀ ਏ। ਉਹ ਇੰਨੀ ਕੁ ਝਿਜਕਦੀ ਵੀ ਏ ਕਿ ਆਪਣੀ ਮਰਜ਼ੀ ਨਾਲ ਵਿਆਹ ਦਾ ਸਟੈੱਪ ਵੀ ਨਹੀਂ ਲੈਂਦੀ। ਉਹ ਆਪਣੇ ਪਿਓ ਦੀ ਕਦਰ ਕਰਦੀ ਏ। ਉਹ ਸੋਚਦੀ ਏ ਕਿ ਅਗਰ ਉਸ ਨੇ ਆਪਣੀ ਮਰਜ਼ੀ ਨਾਲ ਕਿਧਰੇ ਵਿਆਹ ਕਰ ਲਿਆ ਤਾਂ ਕੀਰਤੀ ਸਿੰਘ ਅਣਖ ਨਾਲ ਮਰ ਵੀ ਸਕਦਾ ਏ। ਤੂੰ ਜਾਣਦਾ ਹੀ ਏਂ ਕਿ ਕੀਰਤੀ ਸਿੰਘ ਪਹਿਲਾਂ ਤੋਂ ਹੀ ਬੜਾ ਅਣਖੀ ਏ। ਅਣਖ ਵਿਚ ਹੀ ਉਸ ਕਿਸੇ ਵੇਲੇ ਆਪਣੀ ਮਾਂ ਦੇ ਪ੍ਰੇਮੀ ਦਾ ਕਤਲ ਕੀਤਾ ਸੀ। ਅਣਖ ਵਿਚ ਹੀ ਉਹਨੇ ਮਹਿਕਮੇ ਦੇ ਕਈ ਅਫ਼ਸਰਾਂ ਨਾਲ ਆਢਾ ਲਿਆ। ਉਹ ਬੇਜ਼ਤੀ ਬਿਲਕੁਲ ਵੀ ਨਹੀਂ ਸਹਾਰਦਾ। ਉਹ ਆਪਣੇ ਮੁੰਡੇ ਤੋਂ ਦੁਖੀ ਹੈ ਹੀ। ਅਗਰ ਉਹ ਕੁੜੀ ਤੋਂ ਵੀ ਦੁਖੀ ਹੋ ਗਿਆ ਤਾਂ ਉਸ ਨੂੰ ਦਿਲ ਦਾ ਦੌਰਾ ਵੀ ਪੈ ਸਕਦਾ ਏ। ਤੈਨੂੰ ਪਤਾ ਏ, ਪੇਟ ਵਿਚ ਛੁਰਾ ਲੱਗਣ ਕਰਕੇ ਉਹ ਪਹਿਲਾਂ ਹੀ ਹਸਪਤਾਲ ਵਿਚ ਰਹਿ ਚੁੱਕਾ ਹੈ। ਹੁਣ ਉਸਦੀ ਉਮਰ ਵੀ ਜ਼ਿਆਦਾ ਹੋ ਰਹੀ ਏ। ਮੈਂ ਉਸ ਨੂੰ ਕਈ ਵਾਰ ਰਿੰਪੀ ਦਾ ਫ਼ਿਕਰ ਕਰਦੇ ਨੂੰ ਵੀ ਦੇਖਿਆ ਏ।

— ਪ੍ਰੋ. ਸਾਹਿਬ, ਅਸੀਂ ਉਸ ਦੇ ਸਭ ਤੋਂ ਵੱਧ ਨੇੜੇ ਹਾਂ। ਅਸੀਂ ਉਸ ਨੂੰ ਵੀ ਜਾਣਦੇ ਹਾਂ, ਉਸ ਦੀ ਘਰਵਾਲੀ ਨੂੰ ਵੀ ਤੇ ਰਿੰਪੀ ਨੂੰ ਵੀ। ਤੁਹਾਡੇ ਖ਼ਿਆਲ ਮੁਤਾਬਿਕ ਰਿੰਪੀ ਨੂੰ ਵਿਆਹ ਬਾਰੇ ਕਿਵੇਂ ਪੁੱਛਿਆ ਜਾਵੇ?

— ਮੈਂ ਤਾਂ ਇਹੀ ਸਮਝਦਾ ਹਾਂ ਕਿ ਕੋਈ ਜਨਾਨੀ ਉਸ ਨਾਲ ਗੱਲ ਕਰਕੇ ਦੇਖੇ। ਸਾਡਾ ਆਦਮੀਆਂ ਦਾ ਸਿੱਧੀ ਗੱਲ ਕਰਨਾ ਠੀਕ ਨਹੀਂ। ਇਸ ਕੰਮ ਵਿਚ ਭਰਜਾਈ ਕੁਝ ਕਰੇ ਤਾਂ ਠੀਕ ਹੋਵੇਗਾ।

— ਭਰਜਾਈ ਕੌਣ?

— ਤੁਸੀਂ ਮੇਰੇ ਨਾਲ ਅਕਸਰ ਰਹਿੰਦੇ ਹੋ ਫਿਰ ਵੀ ਅਜੀਬ ਸਵਾਲ ਪੁੱਛਦੇ ਹੋ।

— ਤੁਸੀਂ ਇਹ ਸ਼ਬਦ ਪਹਿਲਾਂ ਕਦੀ ਘੱਟ ਹੀ ਵਰਤਿਆ ਏ। ਮੈਂ ਆਪਣੀ ਮਿਸਿਜ਼ ਨਾਲ ਗੱਲ ਕਰ ਲਵਾਂਗਾ। ਉਸ ਤੋਂ ਪਹਿਲਾਂ ਸਾਨੂੰ ਅੰਦਾਜ਼ਾ ਤਾਂ ਲਗਾਉਣਾ ਹੀ ਚਾਹੀਦਾ ਏ ਕਿ ਰਿੰਪੀ ਨੂੰ ਕਿਸ ਪ੍ਰਕਾਰ ਦਾ ਰਿਸ਼ਤਾ ਲੱਭ ਕੇ ਦਿੱਤਾ ਜਾਵੇ।

— ਦੇਖਣ ਵਾਲੀ ਗੱਲ ਤਾਂ ਇਹ ਵੀ ਏ ਕਿ ਕੁੜੀ ਨੇ ਆਪ ਹੀ ਕੋਈ ਪਸੰਦ ਤਾਂ ਨਹੀਂ ਕੀਤਾ ਹੋਇਆ।

— ਤੁਹਾਡੇ ਖ਼ਿਆਲ ਅਨੁਸਾਰ ਰਿਸ਼ਤਾ ਸਭ ਤੋਂ ਵਧੀਆ ਕਿਹੜਾ ਹੁੰਦਾ ਏ, ਪ੍ਰੇਮ ਵਿਆਹ, ਮਾਪਿਆਂ ਜਾਂ ਸਾਕ ਸਬੰਧੀਆਂ ਰਾਹੀਂ ਲੱਭਿਆ ਰਿਸ਼ਤਾ ਜਾਂ ਕੋਈ ਹੋਰ?

— ਅਸੀਂ ਪੱਛਮ ਦੀ ਨਕਲ ਕਰ ਕਰ ਕੇ ਪ੍ਰੇਮ ਵਿਆਹ ਕਰਨ ਲੱਗ ਪਏ ਹਾਂ। ਦੂਜੀ ਗੱਲ ਇਹ ਕਿ ਸਾਡੇ ਇੱਥੇ ਜਿਨ੍ਹਾਂ ਨੂੰ ਅਸੀਂ ਪ੍ਰੇਮ ਵਿਆਹ ਕਹਿੰਦੇ ਹਾਂ ਉਹਨਾਂ ਵਿਚੋਂ ਬਹੁਤੇ ਸਹੀ ਮਾਅਨਿਆਂ ਵਿਚ ਪ੍ਰੇਮ ਵਿਆਹ ਸਹੀਂ ਹੁੰਦੇ। ਉਨ੍ਹਾਂ ਵਿਚ ਕਈ ਮਜ਼ਬੂਰੀ ਵਿਚ ਕੀਤੇ ਪ੍ਰੇਮ ਵਿਆਹ ਹੁੰਦੇ ਹਨ ਤੇ ਕਈ ਸਾਧਨਾਂ ਨੂੰ ਦੇਖ ਕੇ ਕੀਤੇ ਪ੍ਰੇਮ ਵਿਆਹ।

— ਅਸਲੀ ਪ੍ਰੇਮ ਵਿਆਹ ਕਿਹੜਾ ਏ?

— ਮੈਂ ਸਮਝਦਾ ਹਾਂ ਸਾਡੇ ਸਮਾਜ ਵਿਚ ਅਸਲੀ ਪ੍ਰੇਮ ਵਿਆਹ ਸੰਭਵ ਹੀ ਨਹੀਂ। ਅੱਜ ਦੇ ਸਮਾਜ ਵਿਚ ਪੈਸਾ ਇਨਾ ਪ੍ਰਧਾਨ ਏ ਕਿ ਪ੍ਰੇਮ ਵਿਆਹ ਦੇ ਪਿੱਛੇ ਵੀ ਬਹੁਤ ਵਾਰੀ ਪੈਸਾ ਹੀ ਹੁੰਦਾ ਏ। ਅੱਜ ਦੇ ਯੁਗ ਵਿਚ ਹੀਰ ਰਾਂਝਾ, ਸੋਹਣੀ ਮਹੀਵਾਲ ਜਾਂ ਲੈਲਾ ਮਜਨੂੰ ਪੈਦਾ ਹੀ ਨਹੀਂ ਹੁੰਦੇ। ਅੱਜ ਸੁਖਾਂਤ ਵਿਆਹ (marriage of Convenience) ਨੂੰ ਹੀ ਪ੍ਰੇਮ ਵਿਆਹ ਕਹਿ ਦਿੱਤਾ ਜਾਂਦਾ ਏ। ਅੱਜ ਦੇ ਪ੍ਰੇਮ ਵਿਆਹ ਤੇ ਨਿਸਚਿਤ ਵਿਆਹ (Arranged Marriage) ਵਿਚ ਸਿਰਫ਼ ਇਨਾ ਕੁ ਹੀ ਫ਼ਰਕ ਹੈ ਕਿ ਨਿਸਚਿਤ (Aranged Marriage) ਵਿਚ ਲੜਕਾ ਲੜਕੀ ਇਕ ਦੂਜੇ ਨੂੰ ਸੈਟਲਮੈਂਟ ਹੋਣ ਤੋਂ ਪਹਿਲਾਂ ਨਹੀਂ ਜਾਣਦੇ ਹੁੰਦੇ ਤੇ ਦੂਜੇ ਕਈ ਨਿਸ਼ਚਿਤ ਵਿਆਹ (Arranged Marriage) ਵੀ ਸ਼ਾਦੀ ਦੀ ਰਸਮ ਹੋਣ ਤੱਕ ਕਈ ਵਾਰੀ ਅੱਧੀਆਂ ਪਚੱਧੀਆਂ ਲਵ ਮੈਰਿਜ਼ ਹੀ ਬਣ ਜਾਂਦੇ ਹਨ। ਚੰਗਾ ਵਿਆਹ ਕਿਹੜਾ ਹੈ?

— ਮੇਰੇ ਖ਼ਿਆਲ ਮੁਤਾਬਿਕ ਤਾਂ ਚੰਗਾ ਵਿਆਹ ਉਹੀ ਹੈ ਜੀਹਦੇ ਵਿਚ ਕੋਈ ਜਾਣੂ ਵਿਅਕਤੀ ਪਿਆ ਹੋਇਆ ਹੋਵੇ। ਅਗਰ ਸ਼ੁਰੂ ਵਿਚ ਕੋਈ ਜਾਣੂ ਨਹੀਂ ਤਾਂ ਗੱਲ ਚੱਲਣ ਤੋਂ ਬਾਅਦ ਕੋਈ ਜਾਣੂ ਪਾ ਲੈਣਾ ਚਾਹੀਦਾ ਹੈ। ਬਾਹਰਲੇ ਮੁਲਕਾਂ ਨੇ ਵਿਆਹ ਦੇ ਪਵਿੱਤਰ ਰਿਸ਼ਤੇ ਨੂੰ ਗੰਧਲਾ ਕਰ ਦਿੱਤਾ ਏ।

— ਮੈਂ ਸੁਣਿਆ ਏ, ਬਾਹਰਲੇ ਮੁਲਕਾਂ ਵਿਚ ਬੱਚੇ ਪਹਿਲਾਂ ਪੈਦਾ ਹੋ ਜਾਂਦੇਹਨ ਤੇ ਵਿਆਹ ਬਾਅਦ ਵਿਚ ਹੁੰਦਾ ਏ? ਪਿਛਲੇ ਸਾਲ, ਮੇਰਾ ਇਕ ਵਿਦਿਆਰਥੀ ਆਸਟਰੇਲੀਆ ਤੋਂ ਆਇਆ ਸੀ ਕਹਿੰਦਾ ਸੀ ਉਥੇ ਲੋਕਾਂ ਦੇ ਵਿਆਹ ਤੋਂ ਪਹਿਲਾਂ ਹੀ ਬੱਚੇ ਹਨ। ਦਸਦਾ ਸੀ ਕਿ ਉਥੇ ਬਹੁਤ ਸਾਰੀਆਂ ਕੁਆਰੀਆਂ ਮਾਵਾਂ ਵੀ ਹਨ।

— ਕੁਆਰੀਆਂ ਮਾਵਾਂ ਤੋਂ ਕੀ ਭਾਵ?

— ਉਹ ਮਾਵਾਂ ਜਿਨ੍ਹਾਂ ਦੇ ਬੱਚਿਆਂ ਦੇ ਪਿਓ ਦਾ ਪਤਾ ਹੀ ਨਹੀਂ।

— ਜ਼ੋਰਾ ਸਿਹਾਂ, ਇਹ ਤਾਂ ਬੜੀ ਹੀ ਘਟੀਆ ਗੱਲ ਏ। ਉਥੇ ਈਸਾਈ ਮੱਤ ਪ੍ਰਧਾਨ ਏ। ਕੀ ਇਸਾਈ ਮੱਤ ਇਸ ਪ੍ਰਕਾਰ ਕਰਨ ਦੀ ਸਿੱਖਿਆ ਦਿੰਦਾ ਏ?

— ਸਰਮੁਖਾ, ਧਰਮ ਨੂੰ ਇੱਥੇ ਸਹੀ ਅਰਥਾਂ ਵਿਚ ਮੰਨਦਾ ਕੌਣ ਏ? ਈਸਾ ਨੇ ਵਿਆਹ ਤੋਂ ਬਗ਼ੈਰ ਸਰੀਰਕ ਸਬੰਧਾਂ ਨੂੰ ਪਾਪ ਕਿਹਾ ਸੀ। ਇਸ ਸਮੇਂ ਸਭ ਤੋਂ ਵੱਧ ਇਸ ਪ੍ਰਕਾਰ ਦੇ

ਸਬੰਧ ਇਸਾਈ ਮੱਤ ਦੇ ਲੋਕਾਂ ਵਿਚ ਹੀ ਪਾਏ ਜਾਂਦੇ ਹਨ। ਚੱਲ ਛੱਡ ਇਨ੍ਹਾਂ ਗੱਲਾਂ ਨੂੰ। ਆਓ, ਕੀਰਤੀ ਸਿੰਘ ਪਾਸ ਚੱਲੀਏ। ਸਾਨੂੰ ਉਸ ਨਾਲ ਰਿਪੀ ਦੇ ਆਉਣ ਵਾਲੇ ਜੀਵਨ ਬਾਰੇ ਜ਼ਰੂਰ ਵਿਚਾਰ ਸਾਂਝੇ ਕਰਨੇ ਚਾਹੀਦੇ ਹਨ।

— ਕਿਉਂ ਨਾ ਪਹਿਲਾਂ ਤੁਹਾਡੀ ਘਰਵਾਲੀ ਨਾਲ ਗੱਲ ਕਰ ਲਈਏ? ਕਈ ਵਾਰ ਇਕ ਇਸਤਰੀ ਦੂਜੀ ਇਸਤਰੀ ਦੀਆਂ ਭਾਵਨਾਵਾਂ ਨੂੰ ਵੱਧ ਸਮਝਦੀ ਹੁੰਦੀ ਏ।

— ਆ, ਫਿਰ ਪਹਿਲਾਂ ਮੇਰੇ ਘਰ ਹੀ ਚਲਦੇ ਹਾਂ।

(ਦੋਨੋਂ ਪ੍ਰੋ. ਜੋਰਾ ਸਿੰਘ ਦੇ ਘਰ ਚਲੇ ਜਾਂਦੇ ਹਨ)

— ਭਰਜਾਈ ਜੀ, ਸਤਿ ਸ੍ਰੀ ਅਕਾਲ।

— ਸਤਿ ਸ੍ਰੀ ਅਕਾਲ, ਸਰਮੁਖ ਸਿਹਾਂ। ਸਰਦਾਰ ਸਾਹਿਬ ਨਾਲ ਬਾਹਰ ਤਾਂ ਬੜੇ ਘੁੰਮਦੇ ਰਹਿੰਦੇ ਹੋ। ਘਰ ਤਾਂ ਬਹੁਤ ਹੀ ਘੱਟ ਆ ਕੇ ਬੈਠਦੇ ਹੋ। ਅੱਜ ਕਿਵੇਂ ਭਰਜਾਈ ਯਾਦ ਆ ਗਈ?

— ਭਰਜਾਈ, ਗੱਲ ਇਵੇਂ ਹੈ ਕਿ ਅਸੀਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਏ।

— ਮੇਰੇ ਨਾਲ ਕਰਨ ਵਾਲੀ ਕਿਹੜੀ ਗੱਲ ਹੋ ਗਈ?

— ਤੁਸੀਂ ਉਹ ਰਿਪੀ ਨੂੰ ਤਾਂ ਕਈ ਵਾਰ ਮਿਲੇ ਵੀ ਹੋ। ਸਰਦਾਰ ਕੀਰਤੀ ਸਿੰਘ ਦੀ ਲੜਕੀ ਨੂੰ?

— ਹਾਂ।

— ਕੀ ਗੱਲ ਹੋ ਗਈ? ਕਿਤੇ ਕਾਲਜ ਵਿਚ ਨੌਕਰੀ ਨੂੰ ਤਾਂ ਨਹੀਂ ਕੁਝ ਹੋ ਗਿਆ? ਸ਼ਾਇਦ ਅਜੇ ਪੱਕੀ ਨਹੀਂ ਸੀ ਹੋਈ?

— ਨਹੀਂ ਐਸੀ ਕੋਈ ਗੱਲ ਨਹੀਂ। ਉਹ ਹੁਣੇ-ਹੁਣੇ ਪੱਕੀ ਵੀ ਹੋ ਗਈ ਏ।

— ਫਿਰ ਤਾਂ ਮੇਰੇ ਵੱਲੋਂ ਉਸ ਨੂੰ ਵਧਾਈਆਂ ਦੇ ਦਿਓ। ਨਾਲੇ ਸਰਦਾਰ ਹੋਰਾਂ ਨੂੰ ਵੀ ਵਧਾਈਆਂ ਦਿਓ। ਹੁਣ ਤਾਂ ਉਸ ਕੁੜੀ ਨੂੰ ਆਪਣਾ ਘਰ ਵਸਾ ਲੈਣਾ ਚਾਹੀਦਾ ਏ।

— ਅਸੀਂ, ਭਰਜਾਈ ਜੀ ਇਹੀ ਤਾਂ ਤੁਹਾਡੇ ਨਾਲ ਗੱਲ ਕਰਨੀ ਚਾਹੁੰਦੇ ਹਾਂ।

— ਤੁਸੀਂ ਤਾਂ ਮੈਥੋਂ ਕਿਤੇ ਜ਼ਿਆਦਾ ਸਿਆਣੇ ਹੋ। ਪਿੰਡ ਵਿਚ ਜਾ-ਜਾ ਕੇ ਸੱਥਾਂ ਕਰਦੇ ਹੋ। ਪਿੰਡਾਂ ਨੂੰ ਸਵਰਗ ਬਣਾਉਣ ਦੀਆਂ ਸਕੀਮਾਂ ਸੋਚਦੇ ਰਹਿੰਦੇ ਹੋ। ਕੈਨੇਡਾ ਤੋਂ ਪੈਸਿਆਂ ਦੀਆਂ ਕਰੋੜਾਂ ਵਿਚ ਉਗਰਾਹੀਆਂ ਕਰਵਾਉਂਦੇ ਹੋ। ਪੰਚਾਇਤਾਂ ਸਰਬ ਸੰਮਤੀ ਨਾਲ ਬਣਾਉਂਦੇ ਹੋ। ਸੁਣਿਐ ਪਿੰਡ ਸਵਰਗ ਬਣ ਗਿਐ?

— ਭਰਜਾਈ, ਤੂੰ ਤਾਂ ਮਖੌਲ ਕਰੀ ਜਾ ਰਹੀ ਏਂ। ਤੂੰ ਨਹੀਂ ਚਾਹੁੰਦੀ ਕਿ ਇਝ ਹੋਵੇ?

— ਪਿੰਡ ਸੁਧਰ ਸਕਦੇ ਹਨ ਪਰ ਸਵਰਗ ਕਦੀ ਨਹੀਂ ਬਣ ਸਕਦੇ। ਪਿੰਡਾਂ ਨੂੰ ਸਵਰਗ ਬਣਾਉਣ ਲਈ ਸਭ ਤੋਂ ਪਹਿਲਾਂ ਲੋਕਾਂ ਨੂੰ ਆਪਣੇ ਕਿਰਦਾਰ, ਸਦਾਚਾਰ ਤੇ ਸਿਸ਼ਟਾਚਾਰ ਨੂੰ ਸੁਧਾਰਨਾ ਪਊ। ਇਕੱਲਾ ਪੈਸਾ ਕੁਝ ਨਹੀਂ ਕਰਦਾ ਹੁੰਦਾ। ਪੈਸੇ ਨੂੰ ਖਰਚ ਕਰਨ ਲਈ ਵਧੀਆ ਮਨੁੱਖ ਵੀ ਚਾਹੀਦੇ ਹੁੰਦੇ ਹਨ। ਜਿਸ ਸਕੂਲ 'ਚ ਮੈਂ ਪੜ੍ਹਾਉਂਦੀ ਹਾਂ ਉੱਥੇ ਇਕ

ਹੈਡਮਾਸਟਰ ਦੀ ਪੈਸਾ ਖਰਚੇ ਬਗ਼ੈਰ ਹੀ ਬੱਲੇ-ਬੱਲੇ ਏ ਤੇ ਦੂਜੇ ਨੇ ਆਪਣੇ ਹੱਥੀਂ ਅੰਤਾਂ ਦੇ ਪੈਸੇ ਸਕੂਲ ਤੇ ਖਰਚੇ ਤੇ ਲੋਕ ਹਰ ਸਮੇਂ ਉਸ ਦੇ ਖਿਲਾਫ਼ ਰਹੇ।

— ਅਗਰ ਅਸੀਂ ਸੌ ਫੀਸਦੀ ਕਾਮਯਾਬ ਨਹੀਂ ਹੋਵਾਂਗੇ ਤਾਂ ਸੱਠ ਸੱਤਰ ਫੀਸਦੀ ਤਾਂ ਹੋ ਹੀ ਰਹੇ ਹਾਂ। ਅਗਰ ਅਸੀਂ ਇੰਨਾ ਕਾਮਯਾਬ ਵੀ ਹੋ ਗਏ ਤਾਂ ਵੀ ਪਿੰਡ ਦੀ ਕਾਇਆ ਪਲਟ ਜਾਵੇਗੀ।

— ਇਕ ਵਾਰੀ ਕਾਇਆ ਪਲਟ ਦਿਓਗੇ। ਬਾਅਦ ਵਿਚ ਉਸ ਪਲਟੀ ਹੋਈ ਕਾਇਆ ਨੂੰ ਕਾਇਮ ਵੀ ਰੱਖਣਾ ਪਵੇਗਾ। ਕਾਰ ਖਰੀਦ ਹੋ ਜਾਂਦੀ ਏ ਪਰ ਕਈ ਵਾਰ ਉਸ ਦੀ ਸਹੀ ਮੁਰੰਮਤ ਨਹੀਂ ਹੁੰਦੀ।

— ਭਰਜਾਈ ਤੂੰ ਤਾਂ ਸਾਨੂੰ ਐਵੇਂ ਬੇਹੌਸਲਾ ਕਰੀ ਜਾ ਰਹੀ ਏਂ। ਪੰਜਾਬ ਵਿਚ ਕਈ ਪਿੰਡ ਪਹਿਲਾਂ ਮਾਡਲ ਗ੍ਰਾਮ ਬਣੇ ਹਨ। ਉਨ੍ਹਾਂ ਦੀ ਹਾਲਤ ਹੁਣ ਵੀ ਵਧੀਆ ਹੀ ਚਲਦੀ ਆ ਰਹੀ ਏ। ਅਸੀਂ ਪਿੰਡ ਨੂੰ ਉਨ੍ਹਾਂ ਤੋਂ ਵੀ ਵਧੀਆ ਬਣਾ ਕੇ ਦੱਸਣਾ ਏ। ਅਗਰ ਪਿੰਡ ਆਪਣੇ ਆਪ ਵਿਚ ਇਕ ਸਵੈ ਨਿਰਭਰ ਇਕਾਈ ਬਣ ਜਾਣ ਤਾਂ ਬਹੁਤ ਮਸਲੇ ਹੱਲ ਹੋ ਸਕਦੇ ਹਨ। ਜਿਹੜੇ ਬੱਚੇ ਪਿੰਡ ਵਿਚ ਪੜ੍ਹਦੇ ਹਨ ਉਹ ਉਥੇ ਹੀ ਨੇੜੇ ਤੇੜੇ ਰੁਜ਼ਗਾਰਾਂ ਤੇ ਵੀ ਲੱਗ ਜਾਣ। ਕਿਸਾਨ ਦੀ ਜਿਣਸ ਦੀ ਠੀਕ ਕੀਮਤ ਉਥੇ ਨੇੜੇ ਤੇੜੇ ਹੀ ਪੈ ਜਾਵੇ ਤੇ ਉਸ ਨੂੰ ਪੈਸੇ ਮਿਲ ਜਾਣ। ਬਾਹਰਲਿਆਂ ਦੀ ਮਦਦ ਨਾਲ ਹੋਰ ਕਈ ਸਕੀਮਾਂ ਬਣ ਗਈਆਂ ਹਨ। ਆਸ ਹੈ ਸਭ ਕਾਮਯਾਬ ਹੋਣਗੀਆਂ। ਅਗਰ ਜ਼ਰੂਰਤ ਪਈ ਤਾਂ ਤੁਹਾਡੀ ਮਦਦ ਵੀ ਜ਼ਰੂਰ ਲਵਾਂਗੇ।

— ਤੁਸੀਂ ਆਪ ਹੀ ਬਥੇਰੇ ਚਤੁਰ ਹੋ। ਸਾਨੂੰ ਕੌਣ ਪੁੱਛਦਾ?

— ਭਰਜਾਈ ਤੂੰ ਤਾਂ ਹਮੇਸ਼ਾ ਟਾਂਚਾਂ ਹੀ ਕਰਦੀ ਰਹਿੰਦੀ ਏਂ।

— ਸਰਮੁਖ ਸਿਹਾਂ, ਛੱਡ ਇਸ ਪ੍ਰਕਾਰ ਦੀਆਂ ਗੱਲਾਂ ਨੂੰ। ਇਹਦੇ ਨਾਲ ਕੰਮ ਦੀ ਗੱਲ ਕਰ।

— ਇਹ ਹੋਰ ਕੰਮ ਦੀ ਕਿਹੜੀ ਗੱਲ ਹੋ ਗਈ? ਅੱਜ ਦੋਹਾਂ ਨੂੰ ਮੇਰੇ ਨਾਲ ਕੰਮ ਦੀ ਗੱਲ ਕਰਨ ਦੀ ਲੋੜ ਪੈ ਗਈ!

— ਹਾਂ, ਭਰਜਾਈ।

— ਫਿਰ ਦੱਸੋ ਤਾਂ ਸਹੀ?

— ਭਰਜਾਈ, ਅਸੀਂ ਤੇਰੇ ਨਾਲ ਰਿੰਪੀ ਬਾਰੇ ਵਿਚਾਰ ਕਰਨੀ ਸੀ।

— ਰਿੰਪੀ ਨੂੰ ਕੀ ਹੋ ਗਿਆ? ਬੜੀ ਸੁਹਣੀ ਨੌਕਰੀ ਕਰਦੀ ਏ, ਬੜੀ ਸਾਊ ਤੇ ਸਚੱਜੀ ਕੁੜੀ ਏ।

— ਭਰਜਾਈ, ਉਹਦੇ ਹੁਣ ਵਿਆਹ ਦਾ ਵਕਤ ਏ। ਉਹਦੀ ਮਾਂ ਉਹਦਾ ਸਾਥ ਨਹੀਂ ਦਿੰਦੀ। ਤੀਵੀਂ ਤੀਵੀਂ ਦੀਆਂ ਭਾਵਨਾਵਾਂ ਨੂੰ ਵੱਧ ਸਮਝ ਸਕਦੀ ਏ। ਕੀਰਤੀ ਸਿੰਘ ਵਿਚਾਰਾ ਸਿਆਣਾ ਹੋ ਗਿਆ ਏ। ਉਹ ਵੀ ਚਿੰਤਤ ਹੀ ਰਹਿੰਦਾ ਏ।

— ਮੇਰੇ ਪਾਸੋਂ ਤੁਸੀਂ ਕੀ ਭਾਲਦੇ ਹੋ?

— ਅਸੀਂ ਚਾਹੁੰਦੇ ਹਾਂ ਕਿ ਗਿਪੀ ਤੋਂ ਉਸ ਦੇ ਮਨ ਦੀ ਹਾਲਤ ਪੁੱਛੀ ਜਾਵੇ। ਅਗਰ ਉਸ ਨੇ ਅਜੇ ਤੱਕ ਕੋਈ ਵਰ ਪਸੰਦ ਨਹੀਂ ਕੀਤਾ ਤਾਂ ਅਸੀਂ ਰਲ ਕੇ ਉਸ ਲਈ ਵਧੀਆ ਵਰ ਲੱਭ ਦੇਈਏ। ਸਾਡੇ ਸਮਾਜ ਵਿਚ ਕਈ ਲੜਕੀਆਂ ਇੰਨੀਆਂ ਸੰਗਾਊ ਤੇ ਆਪਣੀ ਇੱਜ਼ਤ ਤੇ ਘਰਦਿਆਂ ਦੀ ਇੱਜ਼ਤ ਪ੍ਰਤੀ ਸੁਚੇਤ ਰਹਿੰਦੀਆਂ ਹਨ ਕਿ ਰਿਸ਼ਤੇ ਤੋਂ ਓਵਰਏਜ਼ ਹੋ ਜਾਂਦੀਆਂ ਹਨ। ਅਗਰ ਉਹ ਆਪ ਕੋਈ ਕਦਮ ਚੁਕਦੀਆਂ ਹਨ ਤਾਂ ਸਮਾਜ ਉਨ੍ਹਾਂ ਵੱਲ ਅੱਖਾਂ ਪਾੜ-ਪਾੜ ਕੇ ਦੇਖਣ ਲੱਗ ਪੈਂਦਾ ਏ। ਅਗਰ ਆਪ ਡਰਦੀਆਂ ਤੇ ਝਿਜਕਦੀਆਂ ਕੋਈ ਕਦਮ ਨਹੀਂ ਪੁੱਟਦੀਆਂ ਤਾਂ ਇੰਤਜਾਰ ਕਰਦੀਆਂ-ਕਰਦੀਆਂ ਜਾਂ ਤਾਂ ਲੰਬਾ ਸਮਾਂ ਕੰਵਾਰੀਆਂ ਰਹਿ ਜਾਂਦੀਆਂ ਹਨ ਤੇ ਜਾਂ ਕਈ ਵਾਰੀ ਅਣ-ਵਿਆਹੀਆਂ ਵੀ ਰਹਿ ਜਾਂਦੀਆਂ ਹਨ। ਜਿਸ ਉਮਰ ਵਿਚ ਹੁਣ ਗਿਪੀ ਏ ਇਸ ਉਮਰ ਵਿਚ ਉਸ ਨੂੰ ਇਕ ਸਿਆਣੀ ਇਸਤਰੀ ਦੇ ਸਾਥ ਦੀ ਬਹੁਤ ਹੀ ਜ਼ਿਆਦਾ ਜ਼ਰੂਰਤ ਏ।

— ਉਹਦੇ ਕਾਲਜ ਵਿਚ ਬਥੇਰੀਆਂ ਸਿਆਣੀਆਂ ਪ੍ਰੋਫੈਸਰ ਹੋਣਗੀਆਂ। ਅੱਜ ਕੱਲ੍ਹ ਦੀਆਂ ਕੁੜੀਆਂ ਇਸ ਪ੍ਰਕਾਰ ਦੇ ਮਸਲੇ ਆਪ ਹੀ ਵਧੇਰੇ ਹੱਲ ਕਰ ਲੈਂਦੀਆਂ ਨੇ। ਮੁਹਾਲੀ ਕੋਈ ਪਿੰਡ ਥੋੜ੍ਹਾ ਏ। ਚੰਡੀਗੜ੍ਹ ਤੇ ਮੁਹਾਲੀ 'ਚ ਹੁਣ ਬਥੇਰਾ ਲਾਂਬੂ ਲੱਗਾ ਹੋਇਆ ਏ। ਔਹ ਯੂਨੀਵਰਸਿਟੀ ਵੱਲ ਜਾ ਕੇ ਦੇਖਿਓ ਕਿਵੇਂ ਜੋੜੇ ਬਣ ਬਣ ਕੇ ਬੈਠੇ ਹੁੰਦੇ ਨੇ। ਸਟੂਡੈਂਟ ਸੈਂਟਰ ਤੇ ਗਾਂਧੀ ਭਵਨ ਦਾ ਆਲਾ ਦੁਆਲਾ ਸਾਰਾ ਜੋੜਿਆ ਨਾਲ ਹੀ ਤਾਂ ਭਰਿਆ ਪਿਆ ਹੁੰਦਾ ਏ। ਮੈਂ ਰੋਜ਼ ਉਥੋਂ ਲੰਘ ਕੇ ਨੌਕਰੀ ਕਰਨ ਜਾਂਦੀ ਰਹੀ ਹਾਂ।

— ਭਰਜਾਈ, ਜੋ ਮਰਜ਼ੀ ਹੋਵੇ, ਸਾਨੂੰ ਗਿਪੀ ਬਾਰੇ ਅੱਜ ਤੱਕ ਇੱਦਾਂ ਦੀ ਕੋਈ ਕਨਸੋਅ ਨਹੀਂ ਮਿਲੀ। ਜਿਹੜਾ ਬੱਚਾ ਪ੍ਰੀਵਾਰਕ ਕਲੇਸ਼ ਵਿਚ ਪਲਿਆ ਹੋਵੇ ਉਹ ਕਈ ਵਾਰ ਸਮਾਜ ਵਿਚ ਓਨਾ ਜ਼ਿਆਦਾ ਨਹੀਂ ਖੁਲ੍ਹਦਾ ਜਿੰਨੇ ਦੂਸਰੇ ਖੁੱਲ੍ਹ ਜਾਂਦੇ ਹਨ। ਤੈਨੂੰ ਪਤਾ ਏ ਸ. ਕੀਰਤੀ ਸਿੰਘ ਨੇ ਜਵਾਨੀ ਵਿਚ ਉੱਠਦੇ ਸਾਰ ਹੀ ਇਕ ਕਤਲ ਵੀ ਕਰ ਦਿੱਤਾ ਸੀ। ਗਿਪੀ ਉਸ ਕਤਲ ਬਾਰੇ ਵੀ ਜਾਣਦੀ ਹੋਵੇਗੀ ਸ਼ਾਇਦ।

— ਰੀਅਲੀ? ਕੀ ਕੀਰਤੀ ਸਿੰਘ ਕਾਤਲ ਏ?

— ਉਹ ਕਾਤਲ ਏ ਪਰ ਕਤਲ ਚੋਂ ਬਰੀ ਹੋ ਗਿਆ ਸੀ।

— ਇਹ ਕਿਵੇਂ ਹੋ ਸਕਦਾ ਏ?

— ਇਹ ਲੰਬੀ ਕਹਾਣੀ ਏ।

— ਕੀ ਮੈਂ ਇਸ ਕਤਲ ਦਾ ਕਾਰਨ ਨਹੀਂ ਜਾਣ ਸਕਦੀ?

— ਇਸ ਬਾਰੇ ਤੈਨੂੰ ਜੋਗਾ ਸਿੰਘ ਹੋਰੀਂ ਫਿਰ ਕਿਤੇ ਦੱਸ ਦੇਣਗੇ। ਮੈਂ ਸਿਰਫ਼ ਇਹੀ ਕਹਾਂਗਾ ਕਿ ਕੁੜੀ ਦਾ ਬਚਪਨ ਡਰ ਅਤੇ ਸਹਿਮ ਦੇ ਮਾਹੌਲ ਵਿਚ ਬੀਤਿਆ ਏ। ਮਾਂ-ਪਿਓ ਤੇ ਭਰਾਵਾਂ ਦੀ ਵੀ ਘਰ ਵਿਚ ਲੜਾਈ ਚਲਦੀ ਰਹੀ ਏ। ਸਾਨੂੰ ਸਭ ਨੂੰ ਕੁੜੀ ਦੇ ਮਨੋ-ਵਿਗਿਆਨ ਨੂੰ ਸਮਝਣ ਦੀ ਲੋੜ ਏ। ਹੁਣ ਵੀ ਕੁੜੀ ਕੀਰਤੀ ਸਿੰਘ ਤੇ ਆਪਣੇ ਭਰਾ ਤੋਂ ਭੈਅ ਖਾਂਦੀ ਰਹਿੰਦੀ ਏ। ਉਹ ਮੁੰਡਿਆਂ ਨਾਲ ਮਿਲਣ ਦਾ ਕੋਈ ਕਦਮ ਨਹੀਂ ਚੁੱਕਦੀ। ਉਸ ਦਾ ਮਸਲਾ ਸਾਨੂੰ ਹੀ ਹੱਲ ਕਰਨਾ ਚਾਹੀਦਾ ਏ। ਸਭ ਮਸਲੇ ਉਨ੍ਹਾਂ ਦਾ ਸਹੀ ਵਿਸ਼ਲੇਸ਼ਣ ਕਰਨ ਨਾਲ ਹੱਲ ਕਰਨੇ ਚਾਹੀਦੇ ਹਨ। ਅੱਜ ਐਤਵਾਰ ਹੈ। ਤੁਸੀਂ, ਗਿਪੀ ਨੂੰ ਫੋਨ ਕਰਕੇ ਉਸ ਦਾ ਪਤਾ ਕਰ ਲਵੋ ਤੇ ਫਿਰ ਉਸ ਨੂੰ ਮਿਲ ਲਵੋ। ਅਸੀਂ ਇਸੇ ਮਸਲੇ ਤੇ

ਕੀਰਤੀ ਸਿੰਘ ਹੁਰਾਂ ਨਾਲ ਬੈਠ ਕੇ ਵਧੀਆ ਮਾਹੌਲ ਵਿਚ ਗੱਲ ਕਰਦੇ ਹਾਂ। ਇਹ ਮਸਲਾ ਬੜੀ ਜਲਦੀ ਹੱਲ ਹੋ ਜਾਣਾ ਚਾਹੀਦਾ ਏ।

— ਅਗਰ ਤੁਸੀਂ ਸੱਚਮੁੱਚ ਹੀ ਬਹੁਤ ਗੰਭੀਰ ਹੋ ਤਾਂ ਮੈਂ ਕੁੜੀ ਨੂੰ ਮਿਲ ਵੀ ਸਕਦੀ ਹਾਂ। ਅਗਰ ਸਾਰੀ ਗੱਲ ਫੋਨ ਤੇ ਹੀ ਹੋ ਜਾਵੇ ਤਾਂ ਵੀ ਠੀਕ ਹੀ ਏ?

— ਤੁਹਾਡੀ ਮਰਜ਼ੀ। ਫੋਨ ਕਰਨ ਤੋਂ ਬਾਅਦ ਅਗਰ ਤੁਹਾਡਾ ਮੇਲ ਵੀ ਹੋ ਜਾਵੇ ਤਾਂ ਚੰਗਾ ਹੈ। ਚੰਗਾ ਅਸੀਂ ਹੁਣ ਬਾਈ ਜੀ ਵੱਲ ਚਲਦੇ ਹਾਂ।

— ਚਾਹ ਦਾ ਕੱਪ ਤਾਂ ਪੀ ਜਾਂਦੇ? ਮਸਾਂ-ਮਸਾਂ ਘਰ ਆਏ ਹੋ। ਭੈਣ ਜੀ ਨੂੰ ਹੁਣ ਕਦੀ ਲਿਆਏ ਹੀ ਨਹੀਂ?

— ਭਰਜਾਈ, ਚਾਹ ਹੁਣ ਤੂੰ ਰਹਿਣ ਦੇਹ। ਉਧਰ ਬਾਈ ਜੀ ਵੱਲ ਜਾ ਕੇ ਪੀਵਾਂਗੇ। ਹੁਣ ਸ਼ਾਇਦ ਤੇਰੀ ਭੈਣ ਜੀ ਦੀ ਵੀ ਜ਼ਰੂਰਤ ਪੈ ਜਾਵੇ। ਸ਼ਾਇਦ ਇਹ ਮਸਲਾ ਤੁਹਾਨੂੰ ਦੋਹਾਂ ਨੂੰ ਮਿਲ ਕੇ ਹੀ ਹੱਲ ਕਰਨਾ ਪਵੇ।

— ਚੰਗਾ, ਤੁਹਾਡੀ ਮਰਜ਼ੀ।

(ਦੋਨੋਂ ਚਲੇ ਜਾਂਦੇ ਹਨ, ਕੀਰਤੀ ਸਿੰਘ ਦੇ ਕਮਰੇ ਵਿਚ ਪਹੁੰਚਦੇ ਹਨ)

— ਬਾਈ ਜੀ, ਆਰਾਮ ਫਰਮਾ ਰਹੇ ਹੋ?

— ਹਾਂ, ਜੋਰਿਆ ਬਸ ਐਵੇਂ ਲੰਮਾ ਪਿਆ ਸੀ। ਬਸ ਤੁਹਾਨੂੰ ਹੀ ਉਡੀਕ ਰਿਹਾ ਸੀ। ਅੱਜ ਤੁਸੀਂ ਆਉਣਾ ਜਲਦੀ ਸੀ ਪਰ ਕਾਫ਼ੀ ਲੇਟ ਹੋ ਗਏ।

— ਬਾਈ ਜੀ, ਅਸੀਂ ਜ਼ਰਾ ਘਰ ਚਲੇ ਗਏ ਸੀ।

— ਫਿਰ ਤਾਂ ਤੁਸੀਂ ਚਾਹ ਪਾਣੀ ਪੀ ਆਏ ਹੋਵੋਗੇ?

— ਨਹੀਂ, ਅਸੀਂ ਸੋਚਿਆ ਤੁਹਾਡੇ ਨਾਲ ਹੀ ਪੀਵਾਂਗੇ।

— ਮੇਰੇ ਲਈ ਵੀ ਉਥੋਂ ਹੀ ਬਣਾ ਲਿਆਉਣੀ ਸੀ?

— ਨਹੀਂ, ਸਾਨੂੰ ਗੱਲਾਂ ਵਿਚ ਇਵੇਂ ਸੁਝਿਆ ਹੀ ਨਹੀਂ।

ਉਥੇ ਅੱਜ ਤੁਸੀਂ ਕਿਹੜੇ ਚੱਕਰ 'ਚ ਪੈ ਗਏ। ਸੁੱਖ ਤਾਂ ਹੈ?

— ਬਾਈ ਸਿਹਾਂ, ਸਭ ਸੁੱਖ ਏ। ਆਹ ਸਰਮੁਖ ਸਿੰਘ ਮੈਨੂੰ ਖਿਚ ਕੇ ਮੇਰੇ ਘਰ ਲੈ ਗਿਆ।

— ਐਡੀ ਖਿਚਣ ਖਿਚਾਉਣ ਵਾਲੀ ਕਿਹੜੀ ਗੱਲ ਹੋ ਗਈ?

— ਜਿਸ ਗੱਲ ਲਈ ਅਸੀਂ ਗਏ ਸੀ ਉਹ ਅਸੀਂ ਅੱਜ ਤੁਹਾਡੇ ਨਾਲ ਵੀ ਸਾਂਝੀ ਕਰਨੀ ਏ।

— ਐਡੀ ਕਿਹੜੀ ਖਾਸ ਗੱਲ ਹੋ ਗਈ?

— ਸਰਮੁਖ ਸਿਹਾਂ, ਤੂੰ ਚਾਹ ਬਣਾ। ਜ਼ੋਰਾ ਸਿੰਘ ਮੈਨੂੰ ਦੱਸੇ ਕਿ ਤੁਸੀਂ ਕਿਹੜੀ ਗੱਲ ਮੇਰੇ ਨਾਲ ਸਾਂਝੀ ਕਰਨੀ ਚਾਹੁੰਦੇ ਹੋ?

— ਬਾਈ ਜੀ, ਗੱਲ ਹੈ ਰਿੰਪੀ ਦੇ ਰਿਸ਼ਤੇ ਬਾਰੇ। ਹਰ ਕੰਮ ਸਮੇਂ ਨਾਲ ਹੋ ਜਾਣਾ ਚਾਹੀਦਾ ਏ।

— ਜ਼ੋਰਿਆ ਗੱਲ ਤਾਂ ਤੇਰੀ ਠੀਕ ਏ। ਅਸੀਂ ਮਰਦ ਉਸ ਨੂੰ ਉਸ ਦੇ ਮਨ ਦੀ ਹਾਲਤ ਕਿਵੇਂ ਪੁੱਛੀਏ?

— ਇਸੇ ਮਸਲੇ ਦੇ ਹੱਲ ਲਈ ਹੀ ਤਾਂ ਅਸੀਂ ਘਰ ਗਏ ਸਾਂ। ਸਰਮੁਖ ਨੇ ਸਲਾਹ ਦਿੱਤੀ ਸੀ ਕਿ ਮੇਰੀ ਘਰਵਾਲੀ ਰਿੰਪੀ ਨਾਲ ਗੱਲ ਕਰੇ। ਇਸ ਤੋਂ ਬਾਅਦ ਕੁੜੀ ਨੂੰ ਜੀਵਨ ਵਿਚ ਸੈੱਟ ਕਰਨ ਬਾਰੇ ਕੁਝ ਸੋਚਿਆ ਜਾਵੇ।

— ਜ਼ੋਰਿਆ, ਸਰਮੁਖ ਸਿੰਘ ਸੱਚਮੁੱਚ ਹੀ ਬਹੁਤ ਸਿਆਣਾ ਏ।

— ਬਾਈ ਜੀ, ਤੁਹਾਡੇ ਨਾਲ ਰਹਿ ਕੇ ਹੀ ਮੈਂ ਸਿਆਣਾ ਬਣਿਆ ਹਾਂ। ਚੰਗੀ ਸੰਗਤ 'ਚ ਰਹਿ ਕੇ ਹੀ ਬੰਦਾ ਚੰਗਾ ਬਣਦਾ ਏ। ਆਹ ਲਓ ਚਾਹ । ਮਿੱਠਾ ਵੀ ਤੁਹਾਡੇ ਨਾਪ ਦਾ ਪਾਇਆ ਏ।

— ਬੱਲੇ ਓ ਸਰਮੁਖਾ! ਤੇਰੀਆਂ ਕੀ ਬਾਤਾਂ! ਬੜੀ ਸੇਵਾ ਕੀਤੀ ਤੂੰ ਮੇਰੀ! ਹੁਣ ਮੈਨੂੰ ਲਗਦਾ ਮੇਰੀ ਕਬੀਲਦਾਰੀ ਵੀ ਤੂੰ ਹੀ ਨਜਿੱਠੇਂਗਾ!

— ਬਾਈ ਸਿਹਾਂ, ਬੰਦਾ ਹੀ ਬੰਦੇ ਦਾ ਦਾਰੂ ਏ। ਅਗਰ ਤੁਹਾਡੀ ਘਰਵਾਲੀ ਕੋਈ ਧਿਆਨ ਨਹੀਂ ਦਿੰਦੀ ਸਾਨੂੰ ਤਾਂ ਧਿਆਨ ਦੇਣਾ ਹੀ ਪਊ। ਅਸੀਂ ਭਰਜਾਈ ਨੂੰ ਕਹਿ ਦਿੱਤਾ ਕਿ ਰਿੰਪੀ ਦੇ ਮਨ ਦੀ ਹਾਲਤ ਪਤਾ ਕਰੇ। ਸਾਡੇ ਸਮਾਜ ਵਿਚ ਬਹੁਤ ਸਾਰੀਆਂ ਲੜਕੀਆਂ ਆਪਣੇ ਅਰਮਾਨ ਕਿਸੇ ਨੂੰ ਦੱਸ ਹੀ ਨਹੀਂ ਸਕਦੀਆਂ। ਅਸੀਂ ਉਹਨਾਂ ਲਈ ਕਈ ਪ੍ਰਕਾਰ ਦੇ ਅੜਿੱਕੇ ਖੜ੍ਹੇ ਕੀਤੇ ਹੋਏ ਹੁੰਦੇ ਹਨ। ਨਾਲ ਲਗਦੇ ਸਮਾਜ ਦੇ ਵੀ ਕਈ ਡਰ ਹੁੰਦੇ ਹਨ। ਸਾਡੇ ਸਮਾਜ ਦੀ ਐਸੀ ਬਣਤਰ ਏ ਕਿ ਇਸ ਵਿਚ ਇਸਤਰੀ ਦੀ ਬੇਜ਼ਤੀ ਬੜੀ ਜਲਦੀ ਹੁੰਦੀ ਏ, ਮਰਦ ਭਾਵੇਂ ਜੋ ਮਰਜ਼ੀ ਕਰਦਾ ਫਿਰੇ।

ਇੰਨੇ ਚਿਰ ਵਿਚ ਜੋਰਾ ਸਿੰਘ ਨੂੰ ਉਸ ਦੀ ਘਰ ਵਾਲੀ ਦਾ ਮੋਬਾਇਲ ਤੇ ਫੋਨ ਆ ਗਿਆ।

ਸਰਦਾਰ ਜੀ, ਮੈਂ ਰਿੰਪੀ ਨਾਲ ਫੋਨ ਤੇ ਸਾਰੀ ਗੱਲਬਾਤ ਕੀਤੀ ਏ। ਉਹ ਰਿਸ਼ਤੇ ਦੇ ਮਾਮਲੇ ਵਿਚ ਹਮੇਸ਼ਾ ਡਰਦੀ ਤੇ ਝਿਜਕਦੀ ਰਹੀ ਏ। ਉਸ ਨੇ ਆਪਣੇ-ਆਪ ਕੋਈ ਰਿਸ਼ਤਾ ਨਹੀਂ ਲੱਭਿਆ। ਉਹ ਤਾਂ ਮੇਰੇ ਨਾਲ ਗੱਲਬਾਤ ਕਰਨ ਤੋਂ ਵੀ ਕੰਨੀ ਕਤਰਾਉਂਦੀ ਸੀ ਪਰ ਤੁਹਾਨੂੰ ਪਤਾ ਹੀ ਏ ਕਿ ਮੈਂ ਤਾਂ ਵੱਡਿਆਂ-ਵੱਡਿਆਂ ਦੀਆਂ ਕੱਤੀਆਂ ਕੱਢ ਦਿੰਦੀ ਹਾਂ।

— ਤਾਂ ਹੀ ਤੂੰ ਅੱਜ ਤੱਕ ਮੇਰੀਆਂ ਕੱਤੀਆਂ ਕੱਢਦੀ ਰਹੀ ਏਂ।

— ਸਰਦਾਰ ਜੀ, ਐਵੇਂ ਟਾਂਚਾਂ ਨਾ ਕਰਿਆ ਕਰੋ। ਕੰਮ ਦੀ ਗੱਲ ਕਰੋ। ਕੁੜੀ ਨੇ ਦੋ ਸਾਲ ਨੌਕਰੀ ਕਰ ਕੇ ਪੈਸੇ ਵੀ ਚੰਗੇ ਜੋੜ ਲਏ ਨੇ। ਸੱਚਮੁੱਚ ਬਹੁਤ ਹੀ ਸਿਆਣੀ ਕੁੜੀ ਏ। ਟਿਊਸ਼ਨਾਂ ਵੀ ਕਰ ਲੈਂਦੀ ਏ। ਤੁਸੀਂ ਦੱਸੋ ਰਿਸ਼ਤੇ ਬਾਰੇ ਕਿਵੇਂ ਸੋਚਿਆ ਜਾਵੇ?

— ਮੈਂ ਸਰਮੁਖ ਸਿੰਘ ਤੇ ਬਾਈ ਜੀ ਨਾਲ ਸਲਾਹ ਕਰਕੇ ਫਿਰ ਤੈਨੂੰ ਫੋਨ ਕਰਾਂਗਾ।

— ਚੰਗਾ, ਠੀਕ ਏ।

— ਬਾਈ ਜੀ ਤੇ ਸਰਮੁਖ ਸਿਹਾਂ, ਮੈਂ ਸਾਰਾ ਪਤਾ ਮੰਗਵਾ ਲਿਆ ਏ। ਰਿੰਪੀ ਨੇ ਅੱਜ ਤੱਕ ਕੋਈ ਵੀ ਵਰ ਪਸੰਦ ਨਹੀਂ ਕੀਤਾ।

— ਬਾਈ ਜੀ ਤੇ ਜ਼ੋਰਾ ਸਿਹਾਂ, ਤੁਸੀਂ ਦੱਸੋ ਤੁਹਾਡੀ ਨਜ਼ਰ ਵਿਚ ਕੋਈ ਲੜਕਾ ਹੈ?

— ਸੁਰਮੁਖਾ, ਸਾਡੀ ਨਜ਼ਰ ਤਾਂ ਨਹੀਂ ਆਉਂਦਾ। ਤੇਰੀ ਨਜ਼ਰ 'ਚ ਕੋਈ ਹੈ?

— ਹਾਂ, ਮੇਰੀ ਨਜ਼ਰ 'ਚ ਇਕ ਬਹੁਤ ਹੀ ਖ਼ੂਬਸੂਰਤ ਵਰ ਰਿਪੀ ਵਾਸਤੇ ਹੈ।

— ਉਹ ਕਿਹੜਾ (ਦੋਨੋਂ ਪੁੱਛਦੇ ਹਨ)

— ਬਾਈ ਜੀ, ਤੁਹਾਨੂੰ ਯਾਦ ਏ ਜਦ ਕਰਮ ਸਿੰਘ ਐਮ.ਐਲ.ਏ. ਸਾਡੇ ਪਾਸ ਆਇਆ ਸੀ, ਉਹ ਝੂਠਾ ਮੂਠਾ ਹੀ ਇਕ ਲੜਕੀ ਦਾ ਕੇਸ ਇਕ ਪ੍ਰੋਫੈਸਰ ਦੇ ਸਿਰ ਪਾਉਣਾ ਚਾਹੁੰਦਾ ਸੀ। ਅਸਲ ਦੋਸ਼ੀ ਐਮ.ਐਲ.ਏ. ਸੀ। ਪਰਮਜੀਤ ਵਿਚਾਰਾ ਭੋਲਾ ਭਾਲਾ ਫਸਣ ਲੱਗਾ ਸੀ। ਉਦੋਂ ਉਹ ਅਚਾਨਕ ਹੀ ਬਚ ਗਿਆ ਸੀ। ਉਹ ਕੁੜੀ ਹੁਣ ਆਸਟਰੇਲੀਆ 'ਚ ਰਹਿੰਦੀ ਏ। ਉਸ ਦਾ ਨਾਮ ਜੱਸੀ ਏ।

— ਹਾਂ, ਸਰਮੁਖ, ਅਜੇ ਥੋੜ੍ਹੇ ਜਿਹੇ ਸਮੇਂ ਦੀ ਤਾਂ ਗੱਲ ਏ। ਕੀ ਤੂੰ ਉਸ ਲੜਕੇ ਨੂੰ ਜਾਣਦਾ ਏਂ?

— ਹਾਂ, ਮੈਂ ਤਾਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਬੜਾ ਵਧੀਆ ਪ੍ਰੋਫੈਸਰ ਲੱਗਾ ਹੋਇਆ ਏ ਚੰਡੀਗੜ੍ਹ ਦੇ ਨੇੜੇ ਹੀ। ਮੁੰਡਾ ਬਹੁਤ ਸਮਝਦਾਰ ਏ।

— ਕੀ ਉਹ ਸਾਡੀ ਕੁੜੀ ਨੂੰ ਪਸੰਦ ਵੀ ਕਰ ਲਊ? (ਜ਼ੋਰਾ ਬੋਲਦਾ ਹੈ)

— ਜ਼ੋਰਿਆ, ਪਸੰਦ ਕਰਨ ਕਰਾਉਣ ਦੇ ਵੀ ਤਰੀਕੇ ਹੁੰਦੇ ਨੇ। ਥਾਂ ਸੋਟਾ ਮਾਰਨ ਨਾਲ ਕਈ ਵਾਰ ਰਿਸ਼ਤੇ ਖ਼ਰਾਬ ਵੀ ਹੋ ਜਾਂਦੇ ਨੇ। ਤੁਸੀਂ ਤਾਂ ਪ੍ਰੋਫੈਸਰ ਰਹੇ ਹੋ। ਦੱਸੋ ਸਹੀ ਤਰੀਕਾ ਕੀ ਹੋ ਸਕਦਾ ਏ?

— ਸਰਮੁਖਾ, ਮੈਂ ਤਾਂ ਇਹੀ ਸਮਝਦਾ ਹਾਂ ਕਿ ਮੁੰਡੇ ਕੁੜੀ ਨੂੰ ਆਹਮਣੇ-ਸਾਹਮਣੇ ਬਿਠਾ ਕੇ ਗੱਲਬਾਤ ਕਰਵਾ ਦਿੱਤੀ ਜਾਵੇ। ਅਗਰ ਦੋਹਾਂ ਨੂੰ ਪਸੰਦ ਹੈ ਤਾਂ ਵਿਆਹ ਕਰਵਾ ਦਿੱਤਾ ਜਾਵੇ।

— ਜ਼ੋਰਿਆ, ਤੇਰਾ ਇਹ ਤਰੀਕਾ ਬਹੁਤਾ ਵਧੀਆ ਨਹੀਂ। ਵਿਚੋਲਾ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਏ-ਵਿਚ+ਓਹਲਾ। ਸਾਨੂੰ ਵਿਚ ਕੋਈ ਓਹਲਾ ਵੀ ਪੈਦਾ ਰੱਖਣਾ ਚਾਹੀਦਾ ਹੈ। ਇਹ ਓਹਲਾ ਦੋਹਾਂ ਧਿਰਾਂ ਲਈ ਸਕਾਰਆਤਮਕ ਹੋਣਾ ਚਾਹੀਦਾ ਏ, ਨਾ ਕਿ ਅਸ਼ਕਾਰਾਤਮਕ। ਕਈ ਵਾਰ ਦੇਖਣ ਵਿਚ ਆਇਆ ਏ ਕਿ ਅਗਰ ਲੜਕੇ ਨੂੰ ਲੜਕੀ ਸਿੱਧੀ ਦਿਖਾਈ ਜਾਵੇ ਤਾਂ ਉਹ ਨਾਂਹ ਕਰ ਦਿੰਦਾ ਏ। ਅਗਰ ਉਹੀ ਲੜਕੀ ਕੋਈ ਆਧਾਰ ਬਣਾ ਕੇ ਦਿਖਾਈ ਜਾਵੇ ਤਾਂ ਲੜਕਾ ਉਸ ਨੂੰ ਪਸੰਦ ਕਰ ਲੈਂਦਾ ਏ।

— ਉਹ ਆਧਾਰ ਕੀ ਹੋ ਸਕਦਾ ਏ?

— ਸਭ ਤੋਂ ਪਹਿਲਾਂ ਮੈਂ ਪਰਮਜੀਤ ਦੀ ਰਾਏ ਪੁੱਛਾਂਗਾ। ਕੀ ਉਹ ਵਿਆਹ ਵਾਸਤੇ ਤਿਆਰ ਵੀ ਏ? ਕੀ ਉਹਦੀ ਕਿਸੇ ਹੋਰ ਪਾਸੇ ਗੱਲਬਾਤ ਤਾਂ ਨਹੀਂ ਚਲਦੀ? ਅਗਰ ਉਸ ਦੀ ਕਿਧਰੇ ਗੱਲਬਾਤ ਨਾ ਹੋਈ ਤਾਂ ਮੈਂ ਉਸ ਨੂੰ ਉਸ ਦੀ ਪਸੰਦ ਪੁੱਛਾਂਗਾ। ਅਗਰ ਉਸ ਨੇ ਕਹਿ ਦਿੱਤਾ ਕਿ ਅਸੀਂ ਉਸ ਵਾਸਤੇ ਕੋਈ ਲੜਕੀ ਲੱਭ ਲਈਏ ਫਿਰ ਵੀ ਅਸੀਂ ਆਪਣੀ ਲੜਕੀ ਸਿੱਧੀ ਉਸ ਨੂੰ ਨਹੀਂ ਮਿਲਵਾਉਣੀ।

— ਇਹਦੇ ਵਿਚ ਤੁਸੀਂ ਕੀ ਓਹਲਾ ਰੱਖ ਲਵੋਗੇ?

— ਦੇਖ ਜੋਗਾ ਸਿਹਾਂ, ਅਸੀਂ ਆਪਣੀ ਲੜਕੀ ਦਾ ਅਖ਼ਬਾਰ ਵਿਚ ਇਸ਼ਤਿਹਾਰ

ਦੇਵਾਂਗੇ। ਇਹ ਇਸ਼ਤਿਹਾਰ ਦੋ ਕੁ ਵਾਰ ਦਿੱਤਾ ਜਾਵੇਗਾ।

— ਓਧਰ ਮੈਂ ਮੁੰਡੇ ਨੂੰ ਸਹਿਜ ਸੁਭਾਅ ਇਸ਼ਤਿਹਾਰ ਪੜ੍ਹ ਕੇ ਪ੍ਰੇਰਦਾ ਰਹਾਂਗਾ ਕਿ ਉਹ ਅਕਸਰ ਚਿੱਠੀ ਪਾਈ ਜਾਇਆ ਕਰੇ। ਉਸ ਦੀਆਂ ਪਹਿਲੀਆਂ ਚਿੱਠੀਆਂ ਦੇ ਜਵਾਬ ਮੈਂ ਨਾਂਹ ਵਿਚ ਦਿਵਾ ਦਿਆ ਕਰਾਂਗਾ। ਜਦ ਰਿੰਪੀ ਵਾਲਾ ਇਸ਼ਤਿਹਾਰ ਛਪੇਗਾ। ਮੁੰਡਾ ਉਸ ਇਸ਼ਤਿਹਾਰ ਨੂੰ ਪੜ੍ਹ ਕੇ ਵੀ ਚਿੱਠੀ ਪਾਵੇਗਾ। ਮੁੰਡੇ ਨੂੰ ਪ੍ਰੇਰ ਕੇ ਮੈਂ ਕਹਾਂਗਾ ਕਿ ਇਹ ਰਿਸ਼ਤਾ ਉਸ ਵਾਸਤੇ ਬਹੁਤ ਹੀ ਵਧੀਆ ਏ। ਇਸ ਪ੍ਰਕਾਰ ਮੁੰਡੇ ਦੀ ਉਤਸੁਕਤਾ ਪੂਰੀ ਤਰ੍ਹਾਂ ਵਧਾ ਦਿੱਤੀ ਜਾਵੇਗੀ। ਕੁੜੀ ਵੱਲੋਂ ਮਿਲਣ ਲਈ ਬਹੁਤਾ ਕਾਹਲਾਪਣ ਨਹੀਂ ਸ਼ੋਅ ਕਰਨਾ। ਇਸ ਨਾਲ ਲੜਕੇ ਦੀ ਉਤਸੁਕਤਾ ਹੋਰ ਵਧ ਜਾਵੇਗੀ। ਹੋ ਸਕਦਾ ਏ ਉਹ ਮੈਨੂੰ ਕਹਿਣ ਲੱਗ ਪਵੇ ਕਿ ਰਿਸ਼ਤਾ ਉਸ ਨੂੰ ਬਹੁਤ ਹੀ ਪਸੰਦ ਏ, ਜਲਦੀ ਕਰੋ। ਜੋਰਾ ਸਿਹਾਂ, ਲੜਕੀ ਤੁਹਾਡੇ ਘਰ ਲਿਆ ਕੇ ਲੜਕੇ ਨੂੰ ਦਿਖਾ ਦਿੱਤੀ ਜਾਵੇਗੀ। ਗੱਲਾਂ ਬਾਤਾਂ ਵੀ ਕਰਾ ਦਿੱਤੀਆਂ ਜਾਣਗੀਆਂ। ਭਰਜਾਈ ਜੀ ਤੇ ਮੇਰੀ ਘਰਵਾਲੀ ਸਾਡੇ ਨਾਲ ਇਸ ਕੰਮ ਵਿਚ ਪੂਰਾ ਸਾਥ ਦੇਣਗੀਆਂ।

— ਸਰਮੁਖ ਸਿਹਾਂ, ਕੀ ਤੂੰ ਉਸ ਲੜਕੇ ਨੂੰ ਅੱਜ ਕੱਲ੍ਹ ਵੀ ਕਦੀ ਮਿਲਿਆ ਏਂ ਕਿ ਨਹੀਂ?

— ਉਹ ਤਾਂ ਮੈਨੂੰ ਅਕਸਰ ਮਿਲਦਾ ਹੀ ਰਹਿੰਦਾ ਏ। ਏਥੇ ਮੁਹਾਲੀ ਵਿਚ ਹੀ ਤਾਂ ਉਹ ਗਿਆਰਾਂ ਫੇਜ਼ ਵਿਚ ਰਹਿੰਦਾ ਏ। ਪਹਿਲਾਂ ਉਸ ਪਾਸ ਮੋਟਰ ਸਾਈਕਲ ਹੁੰਦਾ ਸੀ ਹੁਣ ਉਸ ਨੇ ਕਾਰ ਰੱਖੀ ਹੋਈ ਏ। ਮੈਂ ਹੁਣ ਉਸ ਨੂੰ ਕੁਝ ਵੱਧ ਮਿਲਣਾ ਸ਼ੁਰੂ ਕਰ ਦੇਵਾਂਗਾ।

— ਤੇਰਾ ਇਹ ਤਰੀਕਾ ਮੈਨੂੰ ਠੀਕ ਲਗਦਾ ਏ। ਬਾਈ ਜੀ, ਤੁਹਾਡਾ ਕੀ ਖ਼ਿਆਲ ਏ?

— ਮੇਰਾ ਖ਼ਿਆਲ ਵੀ ਤੁਹਾਡੇ ਨਾਲ ਹੀ ਏ। ਮੈਂ ਹੋਰ ਕਿਸ ਨੂੰ ਤੁਹਾਥੋਂ ਵੱਡੇ ਵਿਸ਼ਵਾਸਪਾਤਰ ਸਮਝ ਸਕਦਾ ਹਾਂ?

ਇਸ ਤੋਂ ਬਾਅਦ ਸਰਮੁਖ ਸਿੰਘ ਉਥੋਂ ਚਲਾ ਗਿਆ। ਬਾਈ ਜੀ ਤੇ ਜ਼ੋਰਾ ਸਿੰਘ ਕੁਝ ਸਮਾਂ ਇਕੱਠੇ ਰਹੇ। ਦੂਸਰੇ ਦਿਨ ਹੀ ਸਰਮੁਖ ਸਿੰਘ ਪਰਮਜੀਤ ਨੂੰ ਮੌਕਾ ਤਾੜ ਕੇ ਨੌਕਰੀ ਤੋਂ ਘਰ ਪਰਤਦੇ ਸਾਰ ਹੀ ਜਾ ਮਿਲਿਆ।

— ਹੋਰ ਬੱਲਿਆ, ਕੀ ਹਾਲ ਏ? ਨੌਕਰੀ ਠੀਕ-ਠਾਕ ਚਲਦੀ ਏ?

— ਹਾਂ ਅੰਕਲ ਜੀ, ਸਭ ਠੀਕ ਏ।

— ਹੋਰ ਸਾਰਾ ਪਰਿਵਾਰ ਰਾਜੀ ਬਾਜੀ ਏ?

— ਸਭ ਠੀਕ ਨੇ।

— ਬੱਲਿਆ, ਹੁਣ ਉਮਰ ਕਾਫ਼ੀ ਹੁੰਦੀ ਜਾ ਰਹੀ ਏ। ਸੁੱਖ ਨਾਲ ਅਠਾਈਆਂ ਕੁ ਦਾ ਤਾਂ ਹੋ ਗਿਆ ਹੋਣਾ ਏਂ। ਕਈ ਸਾਲ ਹੋ ਗਏ ਜਦ ਤੂੰ ਪਹਿਲਾਂ-ਪਹਿਲਾਂ ਮਿਲਿਆ ਸੀ। ਹੁਣ ਤੈਨੂੰ ਆਪਣਾ ਘਰ ਵਸਾ ਲੈਣਾ ਚਾਹੀਦਾ ਏ।

— ਅੰਕਲ ਜੀ, ਕਈ ਰਿਸ਼ਤੇ ਦੇਖੇ ਨੇ ਪਰ ਕੋਈ ਸਹੀ ਰਿਸ਼ਤਾ ਨਹੀਂ ਮਿਲਿਆ। ਇਕ ਰਿਸ਼ਤੇ ਨੇ ਤਾਂ ਤਕਰੀਬਨ ਛੇ ਕੁ ਮਹੀਨੇ ਹੀ ਖ਼ਰਾਬ ਕਰਵਾ ਦਿੱਤੇ ਸੀ।

— ਕੀ ਗੱਲ? ਕੀ ਹੋ ਗਿਆ ਸੀ?

— ਅੰਕਲ ਜੀ, ਕਈ ਲੋਕ ਬੜੇ ਅਜੀਬ ਕਿਸਮ ਦੇ ਹੁੰਦੇ ਨੇ। ਅਖ਼ਬਾਰ ਵਿਚ ਵਿਆਹ ਦੇ ਇਸ਼ਤਿਹਾਰ ਦੇ ਆਧਾਰ ਤੇ ਰੋਪੜ ਗੱਲਬਾਤ ਚੱਲੀ ਸੀ। ਸਰਦੀਆਂ ਦਾ ਮੌਸਮ ਸੀ। ਮੈਨੂੰ ਲੜਕੀ ਵਾਲਿਆਂ ਆਪਣੇ ਘਰ ਬੁਲਾ ਲਿਆ। ਪਹਿਲਾਂ ਵਿਆਹ ਲਈ ਅੱਧੀ ਪਚੱਧੀ ਸ਼ਾਪਿੰਗ ਵੀ ਕਰਵਾ ਲਈ। ਕਹਿੰਦੇ, ਆਪਣੀ ਸ਼ਾਪਿੰਗ ਆਪ ਕਰ ਲਵੋ। ਆਪਣੀ ਮਰਜ਼ੀ ਦੇ ਦਰਜੀ ਤੋਂ ਆਪਣੇ ਕੱਪੜੇ ਸਿਲਵਾ ਲਵੋ। ਉਨ੍ਹਾਂ ਆਪਣੀ ਸ਼ਾਪਿੰਗ ਕੱਪੜੇ ਸਿਲਵਾਉਣ ਖ਼ਾਤਰ ਆਪਣੇ ਪਾਸ ਰੱਖ ਲਈ। ਜਦ ਉਨ੍ਹਾਂ ਦੇ ਘਰ ਦੁਪਹਿਰ ਦਾ ਖਾਣਾ ਖਾਣ ਲੱਗੇ ਤਾਂ ਮੈਂ ਅਚਾਨਕ ਆਪਣੀ ਇਕ ਸੱਜੀ ਬਾਂਹ ਜ਼ਿਆਦਾ ਹਿਲਾਈ ਤੇ ਖੱਬੀ ਬਹੁਤ ਹੀ ਘੱਟ। ਲੜਕੀ ਦੀ ਇਕ ਭੈਣ ਨਵੀਂ-ਨਵੀਂ ਨਰਸ ਬਣੀ ਸੀ। ਉਸ ਨੂੰ ਮੇਰੇ ਖੱਬੀ ਬਾਂਹ ਨਾ ਹਿਲਾਉਣ ਤੇ ਕੁਝ ਸ਼ੱਕ ਪੈ ਗਿਆ। ਜਦ ਮੈਂ ਸ਼ਾਪਿੰਗ ਕਰਵਾ ਕੇ ਘਰ ਵਾਪਸ ਪਹੁੰਚਿਆ ਤਾਂ ਤੀਜੇ ਕੁ ਦਿਨ ਚਿੱਠੀ ਆਈ ਜਿਸ ਵਿਚ ਲਿਖਿਆ ਸੀ:-

ਬੇਟਾ ਗੁੱਸਾ ਨਹੀਂ ਕਰਨਾ। ਸਾਨੂੰ ਤੁਹਾਨੂੰ ਇਕ ਵਾਰ ਫਿਰ ਮਿਲਣ ਦੀ ਜ਼ਰੂਰਤ ਪੈ ਗਈ ਏ। ਸਾਨੂੰ ਇਵੇਂ ਲੱਗਾ ਜਿਵੇਂ ਤੁਹਾਡੇ ਸਰੀਰ ਵਿਚ ਕੋਈ ਨੁਕਸ ਹੋਵੇ। ਤੁਸੀਂ ਆਪਣੀ ਖੱਬੀ ਬਾਂਹ ਤਾਂ ਖਾਣਾ ਖਾਣ ਵੇਲੇ ਹਿਲਾਈ ਹੀ ਨਹੀਂ। ਸਿਰਫ਼ ਇਕ ਵਾਰ ਚੱਕਰ ਮਾਰ ਜਾਵੋ। ਐਵੇਂ ਸਾਡੇ ਕਿਸੇ ਬੰਦੇ ਨੂੰ ਸ਼ੱਕ ਪਿਆ ਲਗਦਾ ਏ। ਬਸ ਸ਼ੱਕ ਹੀ ਦੂਰ ਕਰ ਜਾਵੋ।

ਮੈਨੂੰ ਬੜਾ ਗੁੱਸਾ ਆਇਆ। ਮੈਂ ਉਸੇ ਵਕਤ ਤਾਰ ਭੇਜ ਦਿੱਤੀ ਕਿ ਮੈਂ ਰਿਸ਼ਤਾ ਕਰਨਾ ਹੀ ਨਹੀਂ ਚਾਹੁੰਦਾ। ਬਾਅਦ ਵਿਚ ਲੜਕੀ ਦਾ ਪਿਓ ਆ ਕੇ ਬਥੇਰੀਆਂ ਮੇਰੀਆਂ ਮਿੰਨਤਾਂ ਕਰ ਗਿਆ, ਮੈਂ ਕੋਈ ਵੀ ਲੜ ਸਿਰਾ ਨਹੀਂ ਫੜਾਇਆ। ਵੈਸੇ ਲੜਕੀ ਬੈਂਕ ਵਿਚ ਕਲਰਕ ਸੀ। ਨਾ ਮੈਂ ਉਨ੍ਹਾਂ ਦੀ ਕਰਾਈ ਸ਼ਾਪਿੰਗ ਮੋੜੀ, ਨਾ ਉਨ੍ਹਾਂ ਨੇ ਮੇਰੀ ਸ਼ਾਪਿੰਗ ਮੋੜੀ। ਇਸ ਪ੍ਰਕਾਰ ਕੇਸ ਸਿਰੇ ਨਹੀਂ ਚੜ੍ਹ ਸਕਿਆ ਸੀ।

— ਕੋਈ ਗੱਲ ਨਹੀਂ ਬੱਲਿਆ। ਇਵੇਂ ਕਈ ਵਾਰ ਜ਼ਿੰਦਗੀ ਵਿਚ ਹੋ ਹੀ ਜਾਂਦਾ ਏ। ਤੇਰੇ ਵਾਸਤੇ ਕਿਹੜੀ ਦੁਨੀਆਂ ਮੁੱਕਗੀ। ਪੂਰਾ ਜੁਆਨ ਏਂ, ਸੁਹਣਾ ਸੁਨੱਖਾ ਏਂ, ਵਰਸਰੇ-ਰੁਜ਼ਗਾਰ ਏ, ਖਾਨਦਾਨ ਚੰਗਾ ਏ। ਤੂੰ ਗੱਲ ਕਰ, ਹੋਰ ਰਿਸ਼ਤੇ ਬਥੇਰੇ। ਅਖ਼ਬਾਰ ਰਾਹੀਂ ਟਰਾਈ ਕਰ ਲੈ ਜਾ ਫਿਰ ਅਸੀਂ ਤੈਨੂੰ ਹੋਰ ਰਿਸ਼ਤੇ ਦੱਸ ਦਿੰਦੇ ਹਾਂ। ਤੂੰ ਕਿਸ ਪ੍ਰਕਾਰ ਦਾ ਰਿਸ਼ਤਾ ਚਾਹੁੰਦਾ ਏਂ?

— ਕੋਸ਼ਿਸ਼ ਤਾਂ ਇਹੀ ਏ ਕਿ ਕੋਈ ਕਾਲਜ ਵਿਚ ਪੜ੍ਹਾਉਂਦੀ ਮਿਲ ਜਾਵੇ। ਇਕ ਤਾਂ ਬਾਹਰਲਿਆਂ ਨੇ ਬੜਾ ਕੰਮ ਖ਼ਰਾਬ ਕੀਤਾ ਹੋਇਆ ਏ। ਜਿਹੜਾ ਦੁੱਕੀ ਤਿੱਕੀ ਬਾਹਰੋਂ ਆਉਂਦਾ ਏ, ਬੀ.ਏ., ਐਮ.ਏ. ਕੁੜੀ ਲੈ ਕੇ ਤੁਰ ਜਾਂਦਾ ਏ।

— ਕੋਈ ਗੱਲ ਨਹੀਂ ਬੱਲਿਆ। ਦੁਨੀਆਂ ਬਹੁਤ ਵਿਸ਼ਾਲ ਏ। ਮੈਂ ਤੇਰੇ ਵਾਸਤੇ ਕੀ ਕਰ ਸਕਦਾ ਹਾਂ? ਵੈਸੇ ਵੀ ਰਿਸ਼ਤਾ ਲੱਭੀ ਜਾਵਾਂਗੇ ਤੇ ਇਸ਼ਤਿਹਾਰ ਵੀ ਦੇਖੀ ਜਾਵਾਂਗੇ। ਐਤਵਾਰ ਦਾ ਅਖ਼ਬਾਰ ਅੰਤਾਂ ਦੇ ਰਿਸ਼ਤਿਆਂ ਨਾਲ ਭਰਿਆ ਪਿਆ ਹੁੰਦਾ ਏ।

— ਅੰਕਲ ਜੀ, ਲੋਕ ਅਕਸਰ ਇਹ ਸੋਚਦੇ ਨੇ ਕਿ ਅਖ਼ਬਾਰ ਵਿਚ ਰਿਸ਼ਤੇ ਉਹ ਹੁੰਦੇ ਹਨ ਜਿਹੜੇ ਰਹਿੰਦੇ ਖੂਹਦੇ ਹੋਣ, ਜਿਨ੍ਹਾਂ ਨੂੰ ਕੋਈ ਨਾ ਪੁੱਛੇ?

— ਬੱਲਿਆ, ਇਹ ਬਿਲਕੁਲ ਗ਼ਲਤ ਧਾਰਨਾ ਏ। ਮੇਰੇ ਦੇਖਦੇ ਦੇਖਦੇ ਅਖ਼ਬਾਰ ਰਾਹੀਂ ਕਈ ਐਸੇ ਵਧੀਆ ਰਿਸ਼ਤੇ ਵੀ ਹੋਏ ਹਨ ਜਿਹੜੇ ਅੰਤਾਂ ਦੇ ਕਾਮਯਾਬ ਹਨ। ਅਖ਼ਬਾਰ ਰਾਹੀਂ ਰਿਸ਼ਤੇ ਦਾ ਪਤਾ ਕਰਵਾ ਕੇ ਬਾਅਦ ਵਿਚ ਕੋਈ ਜਾਣੂ ਬੰਦਾ ਵਿਚ ਪਾ ਲੈਣਾ ਚਾਹੀਦਾ ਏ। ਕੰਮ ਵਿਚ ਬਹੁਤੀ ਕਾਹਲੀ ਨਹੀਂ ਕਰਨੀ ਚਾਹੀਦੀ। ਲੜਕੀ ਵਾਲਿਆਂ ਮੂਹਰੇ ਬਹੁਤਾ ਕਾਹਲਾਪਣ ਦਿਖਾਇਆ ਕਈ ਵਾਰ ਆਪਣਾ ਮਹੱਤਵ ਘਟਾ ਦਿੰਦਾ ਏ। ਇਕ ਗੱਲ ਹੋਰ ਵੀ ਏ। ਜਦ ਕਿਸੇ ਦੇ ਪਿੱਛੇ ਜ਼ਿਆਦਾ ਦੌੜੋ ਤਾਂ ਉਹ ਚੀਜ਼ ਤੁਹਾਥੋਂ ਪਰ੍ਹੇ ਦੌੜਦੀ ਰਹਿੰਦੀ ਏ। ਜਦ ਕਿਸੇ ਚੀਜ਼ ਵੱਲ ਬਣਦਾ ਸਰਦਾ ਹੀ ਧਿਆਨ ਦਿਓ ਤਾਂ ਉਹ ਤੁਹਾਡੇ ਵੱਲ ਆਪਣੇ ਆਪ ਹੀ ਆਉਣ ਲੱਗ ਪੈਂਦੀ ਏ।"

— ਅੰਕਲ ਜੀ, ਤੁਹਾਡਾ ਕਾਫ਼ੀ ਤਜ਼ਰਬਾ ਲਗਦਾ ਏ?

— ਕਾਕੇ, ਹੁਣ ਤੈਨੂੰ ਵੀ ਟਿੱਚਰਾਂ ਆਉਣ ਲੱਗ ਪਈਆਂ। ਉਹ ਦਿਨ ਯਾਦ ਕਰ, ਜਿਸ ਦਿਨ ਕਮਰੇ ਵਿਚ ਸਾਮਾਨ ਛੱਡ ਕੇ ਹੀ ਦੌੜ ਆਇਆ ਸੀ। ਕੀ ਨਾਂ ਸੀ ਉਸ ਕੁੜੀ ਦਾ? ਸੁਣਿਐ ਹੁਣ ਉਹ ਆਸਟਰੇਲੀਆ ਰਹਿੰਦੀ ਏ? ਮੁੜ ਕੇ ਵੀ ਕਦੀ ਦੇਖੀ ਏ ਕਿ ਨਹੀਂ? ਦਾਜ ਵਿਚ ਹੀ ਜੁਆਕ ਲੈ ਕੇ ਆ ਵੜਨਾ ਸੀ ਤੇਰੇ ਘਰ, ਕਾਕਾ ਜੀ? ਐਮ.ਐਲ.ਏ. ਨੇ ਸਕੀਮ ਬੜੀ ਵਧੀਆ ਸੋਚੀ ਸੀ। ਇਵੇਂ ਹੀ ਇਕ ਵਾਰੀ ਇਕ ਸਾਡੇ ਮਹਿਕਮੇ ਦੇ ਬੰਦੇ ਨਾਲ ਹੋਇਆ ਸੀ। ਬੱਚੇ ਐਕਸੀਅਨ ਦੇ ਤੇ ਨਾ ਲੱਗੀ ਜਾਣ ਇਕ ਓਵਰਸੀਅਰ ਦੇ।

— ਤੁਹਾਨੂੰ ਕਿਵੇਂ ਪਤਾ ਕਿ ਉਹ ਆਸਟਰੇਲੀਆ ਰਹਿੰਦੀ ਏ?

— ਮਹਾਨ ਹਸਤੀਆਂ ਦਾ ਪਤਾ ਲਗਦਾ ਹੀ ਰਹਿੰਦਾ ਏ। ਪਹਿਲਾ ਵਿਆਹ ਅਸਫ਼ਲ ਹੋ ਗਿਆ ਸੀ। ਫਿਰ ਲੋਕਾਂ ਤੋਂ ਪੈਸੇ ਲੈ ਲੈ ਕੇ ਬੰਦੇ ਬਾਹਰ ਲਿਜਾਣ ਲੱਗ ਪਈ। ਮਾਂ ਧੀ ਇਸੇ ਕਿੱਤੇ ਵਿਚ ਡਟ ਗਈਆਂ। ਏਥੇ ਤੇਰੇ ਸ਼ਹਿਰ ਮੁਹਾਲੀ ਵਿਚ ਹੀ ਕਿਧਰੇ ਰਹਿੰਦੀਆਂ ਸਨ। ਬਥੇਰੇ ਪੈਸੇ ਕਮਾਏ ਹਰਾਮਜ਼ਾਦੀਆਂ ਨੇ। ਸੁਣਿਐ ਮੁਹਾਲੀ 'ਚ ਵਧੀਆ ਫਲੈਟ ਲਿਆ ਹੋਇਆ ਏ। ਇੱਦਾਂ ਦੇ ਹਰਾਮਦੇ ਪੈਸੇ ਬਹੁਤਾ ਸਮਾਂ ਰਾਸ ਨਹੀਂ ਆਉਂਦੇ ਹੁੰਦੇ। ਰੱਬ ਸਭ ਕੁਝ ਦੇਖਦਾ ਏ ਬੱਲਿਆ ਤੂੰ ਨਹੀਂ ਦੱਸਣਾ ਨਾ ਦੱਸ। ਮੈਂ ਤੈਨੂੰ ਦੱਸ ਦਿੰਦਾ ਹਾਂ ਉਹਦਾ ਨਾਂ ਜੱਸੀ ਸੀ।"

— ਅੰਕਲ, ਮੇਰਾ ਉਸ ਨਾਲ ਕੋਈ ਗਲਤ ਰਿਸ਼ਤਾ ਤਾਂ ਕਾਇਮ ਹੋਇਆ ਹੀ ਨਹੀਂ ਸੀ।

— ਮੈਂ ਕਦ ਕਹਿਨਾਂ ਕਿ ਤੇਰਾ ਗਲਤ ਰਿਸ਼ਤਾ ਸੀ। ਤੂੰ ਕਾਕਾ, ਇਕ ਚਾਲ ਦਾ ਸ਼ਿਕਾਰ ਹੁੰਦਾ-ਹੁੰਦਾ ਮਸਾਂ ਬਚਿਆ ਸੀ। ਅਗਰ ਤੂੰ ਉਸ ਕੁੜੀ ਨਾਲ ਸੰਬੰਧ ਕਾਇਮ ਕਰ ਲੈਂਦਾ ਤਾਂ ਐਮ.ਐਲ.ਏ. ਨੇ ਤੈਨੂੰ ਕਿਸੇ ਚੱਕਰ 'ਚ ਪਾ ਹੀ ਦੇਣਾ ਸੀ। ਸਾਡੇ ਸਮਾਜ ਵਿਚ ਤਕੜਿਆਂ ਦਾ ਸੱਤੀਂ ਵੀਹੀਂ ਸੌ ਏ ਕਾਕਾ ਜੀ।

— ਬਾਅਦ ਵਿਚ ਹਰਾਮੀ ਮਾਰਿਆ ਵੀ ਗਿਆ ਸੀ।

— ਫਰੀਦ ਜੀ ਨੇ ਸੱਚ ਫਰਮਾਇਆ ਏ ਕਾਕਾ ਜੀ 'ਜਿਨ ਮਨੁ ਹੋਰ ਮੁਖੁ ਹੋਰ ਸੇ ਕਾਂਡੇ ਕਚਿਆ'। ਇੱਦਾਂ ਦੇ ਨਹਿਲਿਆਂ ਨੂੰ ਫਿਰ ਰੱਬ ਆਪਣੇ ਆਪ ਹੀ ਦਹਿਲੇ ਟਕਰਾ ਦਿੰਦਾ ਏ। ਉਦੋਂ ਬਾਜਾਂ ਹੱਥੋਂ ਬੜੇ ਤਿੱਤਰ ਬਟੇਰ ਸੋਧੇ ਗਏ ਸੀ।

— ਅੰਕਲ ਜੀ, ਤੁਸੀਂ ਕਈ ਵਾਰ ਸਿੱਖਾਂ ਦਾ ਜ਼ਿਆਦਾ ਹੀ ਪੱਖ ਪੂਰ ਦਿੰਦੇ ਹੋ। ਕੀ ਖ਼ਿਆਲ ਏ?

— ਲਹਿਰ ਚਲਦੀ ਵਿਚ ਇੰਦਾਂ ਹੁੰਦਾ ਹੀ ਏ। ਜ਼ਰੂਰੀ ਥੋੜ੍ਹਾ ਸਭ ਨੂੰ ਅਸਲੀ ਸਿੰਘਾਂ ਨੇ ਹੀ ਸੋਧਿਆ ਹੋਵੇ। ਵਿਚ ਹੋਰ ਵੀ ਵਧੇਰੇ ਲੁਟੇਰੇ ਪੈਦਾ ਹੋ ਜਾਂਦੇ ਹਨ। ਝੱਖੜ ਝੁਲਦੇ ਵਿਚ ਤਾਂ ਹਰ ਇਕ ਨੂੰ ਆਪੋ ਆਪਣੀ ਹੀ ਪਈ ਹੁੰਦੀ ਏ। ਕਾਕਾ ਜੀ, ਇਹ ਗੱਲਾਂ ਛੱਡੋ। ਆਪਣਾ ਘਰ ਵਸਾਓ। ਉਮਰ ਦੌੜੀ ਜਾ ਰਹੀ ਏ। ਮੇਰੇ ਖ਼ਿਆਲ ਅਨੁਸਾਰ ਲੜਕੇ ਦਾ ਵਿਆਹ 28 ਸਾਲ ਦੀ ਉਮਰ ਤੋਂ ਪਹਿਲਾਂ ਪਹਿਲਾਂ ਤੇ ਲੜਕੀ ਦਾ ਵਿਆਹ 26 ਸਾਲ ਦੀ ਉਮਰ ਤੋਂ ਪਹਿਲਾਂ-ਪਹਿਲਾਂ ਹੋ ਜਾਣਾ ਚਾਹੀਦਾ ਏ।

— ਅਗਰ ਲੇਟ ਹੋ ਜਾਵੇ, ਫਿਰ ਕੀ ਹੋ ਜਾਊ?

— ਕਾਕਾ ਜੀ, ਗੱਲ ਨੂੰ ਸਮਝਿਆ ਵੀ ਕਰੋ। ਬਾਅਦ ਵਿਚ ਬੱਚੇ ਸਮੇਂ ਸਿਰ ਨਜਿੱਠਣੇ ਔਖੇ ਹੋ ਜਾਂਦੇ ਨੇ। ਅੱਜ ਕੱਲ੍ਹ ਬੱਚਿਆਂ 'ਤੇ ਬੜੇ ਖਰਚੇ ਹੁੰਦੇ ਨੇ। ਨੌਕਰੀ ਕਰਦੇ ਕਰਦੇ ਇਹ ਖਰਚੇ ਕਰ ਹੋ ਜਾਂਦੇ ਨੇ। ਰਿਟਾਇਰ ਹੋਣ ਤੋਂ ਬਾਅਦ ਇਹ ਖਰਚੇ ਕਰਨੇ ਔਖੇ ਹੋ ਜਾਂਦੇ ਨੇ। ਵੈਸੇ ਵੀ ਵਿਆਹ ਦਾ ਸਹੀ ਵਕਤ ਇਹੀ ਏ। ਵਿਆਹ ਬੰਦੇ ਦੇ ਜੀਵਨ ਨੂੰ ਅਨੁਸ਼ਾਸਨ-ਬੱਧ ਕਰਦਾ ਏ। ਛੜਾ ਬੰਦਾ ਵੱਧ ਗੈਰ-ਜ਼ਿੰਮੇਵਾਰ ਬਣਦਾ ਰਹਿੰਦਾ ਏ। ਛੜੇ ਦੀਆਂ ਕਈ ਵਾਰ ਆਦਤਾਂ ਵੀ ਵਿਗੜ ਜਾਂਦੀਆਂ ਨੇ। ਕਈ ਛੜੇ ਨਸ਼ਿਆਂ ਵਿਚ ਰੁੜ੍ਹ ਜਾਂਦੇ ਨੇ। ਨਾਲੇ ਸਾਡੇ ਸਮਾਜ ਦੀ ਬਣਤਰ ਹੀ ਕੁਝ ਐਸੀ ਏ ਕਿ ਇਸ ਵਿਚ ਵਿਆਹ ਜ਼ਰੂਰੀ ਏ। ਇਥੇ ਬਾਹਰਲੇ ਦੇਸ਼ਾਂ ਵਾਂਗ ਕਲੱਬ ਜਾਂ ਪੱਬ ਨਹੀਂ ਹਨ ਜਾਂ ਬਹੁਤ ਹੀ ਘੱਟ ਹਨ। ਇਸ ਲਈ ਬੇਟੇ ਐਤਵਾਰ ਦੀ ਅਖ਼ਬਾਰ ਦੇਖ ਕੇ ਰਿਸ਼ਤਾ ਲੱਭ ਜਾਂ ਸਾਨੂੰ ਦੱਸ ਅਸੀਂ ਤੇਰੇ ਵਾਸਤੇ ਰਿਸ਼ਤਾ ਲਿਆ ਦਿੰਦੇ ਹਾਂ। ਜੇ ਕੋਈ ਦਿਲ ਨੂੰ ਗਹਿਰੀ ਸੱਟ ਵੱਜ ਚੁੱਕੀ ਏ ਤਾਂ ਵੀ ਦੱਸ ਦੇਹ?

— ਨਹੀਂ ਅੰਕਲ, ਐਸੀ ਕੋਈ ਗੱਲ ਨਹੀਂ। ਹੁਣ ਫੈਸਲਾ ਲੈਣ ਦਾ ਵਕਤ ਆ ਹੀ ਗਿਆ ਏ। ਤੁਸੀਂ ਮੇਰੀ ਬਿਹਤਰੀ ਸੋਚਦੇ ਹੋ। ਇਸ ਲਈ ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। ਅਗਰ ਕੋਈ ਤੁਹਾਡੇ ਹੱਥ ਵਿਚ ਰਿਸ਼ਤਾ ਹੈ ਤਾਂ ਤੁਸੀਂ ਵੀ ਦੱਸ ਦਿਓ। ਮੈਂ ਅਖ਼ਬਾਰ ਵੀ ਦੇਖਦਾ ਰਹਾਂਗਾ।

ਸਰਮੁਖ ਸਿੰਘ ਤੇ ਜ਼ੋਰਾ ਸਿੰਘ ਨੇ ਰਿੰਪੀ ਦਾ ਅਖ਼ਬਾਰ ਵਿਚ ਵਿਆਹ ਦਾ ਇਸ਼ਤਿਹਾਰ ਦੇ ਦਿੱਤਾ। ਚਿੱਠੀਆਂ ਵਾਸਤੇ ਸਿਰਨਾਮਾ ਪੋਸਟ ਬਾਕਸ ਦੇ ਦਿੱਤਾ। ਆਉਣ ਵਾਲੇ ਦੋ ਹਫ਼ਤਿਆਂ ਵਿਚ ਵੀਹ ਕੁ ਚਿੱਠੀਆਂ ਉਹਨਾਂ ਦੇ ਹੱਥ ਲੱਗੀਆਂ। ਸਰਮੁਖ ਸਿੰਘ ਹੋਰੀਂ ਸੋਚਦੇ ਸੀ ਕਿ ਸ਼ਾਇਦ ਇਹਨਾਂ ਚਿੱਠੀਆਂ ਵਿਚ ਪਰਮਜੀਤ ਦੀ ਚਿੱਠੀ ਵੀ ਹੋਵੇ ਪਰ ਉਹਨਾਂ ਨੂੰ ਇਹਨਾਂ ਵਿਚ ਪਰਮਜੀਤ ਦੀ ਚਿੱਠੀ ਨਹੀਂ ਮਿਲੀ। ਉਸਨੇ ਅਜੇ ਵੀ ਘੌਲ ਘੌਲ ਵਿਚ ਅਖ਼ਬਾਰ ਵੱਲ ਧਿਆਨ ਨਹੀਂ ਦਿੱਤਾ ਸੀ। ਸਰਮੁਖ ਸਿੰਘ ਨੇ ਪਰਮਜੀਤ ਨਾਲ ਫਿਰ ਇਕ ਮੁਲਾਕਾਤ ਕੀਤੀ।

— ਕਾਕਾ ਜੀ, ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਸੀ ਕਿ ਵਿਆਹ ਵਾਸਤੇ ਹੁਣ ਕੋਈ ਰਿਸ਼ਤਾ ਲੱਭ ਲਵੋ। ਲਗਦਾ ਏ ਤੁਸੀਂਮੇਰੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਗਰ ਤੁਸੀਂ ਨਹੀਂ ਕੋਸ਼ਿਸ਼ ਕਰਨੀ ਤਾਂ ਮੈਂ ਤੁਹਾਡਾ ਅਖ਼ਬਾਰ ਵਿਚ ਇਸ਼ਤਿਹਾਰ ਦੇ ਦਿੰਦਾ ਹਾਂ। ਕੀ ਤੁਸੀਂ ਪਿਛਲੇ ਦੋ ਐਤਵਾਰਾਂ ਦੀ ਅਖ਼ਬਾਰ ਦੇਖੀ ਸੀ?

— ਨਹੀਂ ਅੰਕਲ, ਮੈਂ ਨਹੀਂ ਦੇਖੀ।

— ਮੈਂ ਦਿਖਾਵਾਂ? ਮੇਰੇ ਪਾਸ ਅਖ਼ਬਾਰ ਦੀ ਕਾਪੀ ਏ।

— ਦਿਖਾਓ ਤਾਂ। ਚਲੋ ਸ਼ੁਗਲ ਹੀ ਸਹੀ।

— ਤੂੰ ਵਿਆਹ ਨੂੰ ਸ਼ੁਗਲ ਹੀ ਸਮਝੀ ਜਾਂਦਾ ਏਂ।

— ਨਹੀਂ ਅੰਕਲ, ਮੈਂ ਤਾਂ ਤੁਹਾਨੂੰ ਐਵੇਂ ਚਿੜਾ ਰਿਹਾ ਸੀ। ਲਿਆਓ, ਅਖ਼ਬਾਰ ਦੇਖੀਏ।

ਦੋਵੇਂ ਜਣੇ ਅਖ਼ਬਾਰ ਵਿਚ ਇਸ਼ਤਿਹਾਰ ਪੜ੍ਹਦੇ ਗਏ। ਸਰਮੁੱਖ ਸਿੰਘ ਨੇ ਚਾਰ-ਪੰਜ ਐਸੇ ਇਸ਼ਤਿਹਾਰ ਪੜ੍ਹੇ, ਜਿਹੜੇ ਕਿ ਓਨੇ ਵਧੀਆ ਨਹੀਂ ਸਨ। ਉਸਨੂੰ ਪਤਾ ਸੀ ਕਿ ਪਰਮਜੀਤ ਉਹਨਾਂ ਨੂੰ ਪਸੰਦ ਨਹੀਂ ਕਰੇਗਾ। ਫਿਰ ਉਸ ਨੇ ਇਕ ਹੋਰ ਐਸਾ ਇਸ਼ਤਿਹਾਰ ਪੜ੍ਹਿਆ, ਜਿਹੜਾ ਲਗਦਾ ਸੀ ਕਿ ਪਰਮਜੀਤ ਦੇ ਕਾਫ਼ੀ ਪਸੰਦ ਦਾ ਹੋਵੇ। ਇਹਨਾਂ ਦੋਹਾਂ ਇਸ਼ਤਿਹਾਰਾਂ ਨੂੰ ਸਰਮੁਖ ਸਿੰਘ ਨੇ ਉਸ ਪਾਸੋਂ ਚਿੱਠੀ ਲਿਖਵਾ ਕੇ ਪਵਾ ਦਿੱਤੀ। ਇਹਨਾਂ ਵਿਚੋਂ ਇਕ ਇਸ਼ਤਿਹਾਰ ਰਿੰਪੀ ਵਾਲਾ ਸੀ ਤੇ ਇਕ ਕਿਸੇ ਹੋਰ ਦਾ। ਜਦ ਪਰਮਜੀਤ ਦੀ ਚਿੱਠੀ ਰਿੰਪੀ ਵਾਲੇ ਇਸ਼ਤਿਹਾਰ ਦੀ ਉਧਰ ਉਹਨਾਂ ਪਾਸ ਪਹੁੰਚ ਗਈ ਤਾਂ ਸਰਮੁਖ ਸਿੰਘ ਨੇ ਉਧਰੋਂ ਜੋਰਾ ਸਿੰਘ ਨਾਲ ਮਿਲ ਕੇ ਵਧੀਆ ਜਿਹਾ ਜਵਾਬ ਵੀ ਦੇ ਦਿੱਤਾ। ਇਹ ਵਧੀਆ ਜਵਾਬ ਇਧਰ ਪਰਮਜੀਤ ਨੂੰ ਕਾਫ਼ੀ ਜਚਿਆ। ਇਸ ਉੱਤੇ ਸਿਰਨਾਵਾਂ ਜੋਰਾ ਸਿੰਘ ਦੇ ਘਰ ਦਾ ਲਿਖਿਆ। ਪਰਮਜੀਤ ਸਰਮੁਖ ਸਿੰਘ ਨੂੰ ਤਾਂ ਜਾਣਦਾ ਸੀ। ਉਹ ਜੋਰਾ ਸਿੰਘ ਨੂੰ ਬਿਲਕੁਲ ਵੀ ਨਹੀਂ ਸੀ ਜਾਣਦਾ। ਚਿੱਠੀ ਦੇ ਜਵਾਬ ਵਿਚ ਪਰਮਜੀਤ ਸਿੰਘ ਨੇ ਲਿਖਿਆ ਕਿ ਉਹ ਲੜਕੀ ਨੂੰ ਦੇਖਣ ਅਤੇ ਮਿਲਣ ਲਈ ਤਿਆਰ ਸੀ। ਜੋਰਾ ਸਿੰਘ ਨੇ ਰਿੰਪੀ ਨੂੰ ਆਪਣੇ ਘਰ ਬੁਲਾ ਲਿਆ। ਜੋਰਾ ਸਿੰਘ ਤੇ ਉਸਦੀ ਘਰਵਾਲੀ ਨੇ ਪਰਮਜੀਤ ਸਿੰਘ ਨੂੰ ਆਪਣੇ ਘਰ ਦਾ ਸਮਾਂ ਵੀ ਦੇ ਦਿੱਤਾ। ਇਸ ਸਾਰੇ ਦ੍ਰਿਸ਼ ਤੋਂ ਸਰਮੁਖ ਸਿੰਘ ਪਰ੍ਹੇ ਰਿਹਾ। ਲੜਕੇ ਲੜਕੀ ਦੀ ਮਿਲਣੀ ਬੜੇ ਹੀ ਸੁਚੱਜੇ ਮਾਹੌਲ ਵਿਚ ਹੋਈ। ਜੋਰਾ ਸਿੰਘ ਦੀ ਘਰਵਾਲੀ ਨੇ ਵੀ ਬੜੀ ਹੀ ਨਿੱਗਰ ਭੂਮਿਕਾ ਨਿਭਾਈ। ਜੋਰਾ ਸਿੰਘ ਦਾ ਅਸਰ ਤਾਂ ਪਰਮਜੀਤ 'ਤੇ ਪੈਣਾ ਹੀ ਸੀ ਕਿਉਂਕਿ ਉਹ ਬੜਾ ਗੱਲਕਾਰ ਸੀ ਤੇ ਆਪ ਸਾਰੀ ਜ਼ਿੰਦਗੀ ਪ੍ਰੋਫੈਸਰ ਰਹਿ ਚੁੱਕਾ ਸੀ। ਰਿੰਪੀ ਪਰਮਜੀਤ ਨੂੰ ਜਚ ਗਈ। ਆਖ਼ਰਕਾਰ ਦੋਹਾਂ ਦਾ ਵਿਆਹ ਕਰਵਾ ਦਿੱਤਾ ਗਿਆ। ਵਿਆਹ ਤੋਂ ਬਾਅਦ ਪਰਮਜੀਤ ਤੇ ਸਰਮੁਖ ਸਿੰਘ ਦੀ ਫਿਰ ਇਕ ਮਿਲਣੀ ਹੋਈ।

— ਕਿਵੇਂ ਪ੍ਰੋਫੈਸਰ ਸਾਹਿਬ ਰਿਸ਼ਤਾ ਕਿਵੇਂ ਰਿਹਾ? ਪ੍ਰੋਫੈਸਰਨੀ ਕਿਵੇਂ ਏ?

— ਅੰਕਲ ਜੀ, ਤੁਸੀਂ ਕਮਾਲ ਹੀ ਕਰ ਦਿੱਤੀ। ਮੇਰੀ ਜ਼ਿੰਦਗੀ ਸੰਵਾਰ ਕੇ ਰੱਖ ਦਿੱਤੀ। ਲੜਕੀ ਬਹੁਤ ਹੀ ਚੰਗੀ ਏ। ਮੈਨੂੰ ਕਦੀ ਯਕੀਨ ਨਹੀਂ ਸੀ ਆਉਂਦਾ ਕਿ ਅਖ਼ਬਾਰਾਂ ਰਾਹੀਂ ਵੀ ਇੰਨੇ ਵਧੀਆ ਰਿਸ਼ਤੇ ਮਿਲ ਸਕਦੇ ਨੇ।

— ਕਾਕਾ, ਮਿਲ ਸਭ ਕੁਝ ਜਾਂਦਾ ਏ। ਗੱਲ ਸਿਰਫ਼ ਇਤਨੀ ਏ ਕਿ ਲੱਭਣਾ ਆਉਣਾ ਚਾਹੀਦਾ ਏ। ਕਿਸੇ ਵੀ ਕੰਮ ਕਰਨ ਪਿੱਛੇ ਸੱਚੇ ਦਿਲੋਂ ਪੈਣਾ ਚਾਹੀਦਾ ਏ, ਫਿਰ ਕੰਮ ਹੋ ਹੀ ਜਾਂਦਾ ਏ। ਕਾਕਾ ਜੀ, ਉਹੀ ਬੰਦੇ ਵਧੀਆ ਹਨ, ਜੋ ਕਿਸੇ ਵੀ ਉਦੇਸ਼ ਦੀ ਪ੍ਰਾਪਤੀ ਲਈ ਸੱਚੀਆਂ ਕੋਸ਼ਿਸ਼ਾਂ ਕਰਦੇ ਹਨ। ਗੁਰਬਾਣੀ ਵਿਚ ਬੜਾ ਖ਼ੂਬਸੂਰਤ ਫੁਰਮਾਨ ਏ।

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥

— ਅੱਛਾ ਕਾਕਾ ਜੀ, ਰਾਜ਼ੀ ਰਹੋ। ਮੈਂ ਹੁਣ ਚਲਦਾ ਹਾਂ।

— ਅੰਕਲ ਜੀ, ਕਿਸੇ ਦਿਨ ਘਰ ਵੀ ਆਇਓ।

— ਅਗਰ ਤੂੰ ਬੁਲਾਵੇਂਗੀ ਤਾਂ ਜ਼ਰੂਰ ਆਵਾਂਗੇ।

— ਚੰਗਾ, ਮੈਂ ਤੁਹਾਨੂੰ ਕਿਸੇ ਐਤਵਾਰ ਸੱਦਾਂਗਾ। ਅੰਟੀ ਨੂੰ ਵੀ ਨਾਲ ਲੈ ਕੇ ਆਉਣਾ।

— ਚੰਗਾ ਬੱਲਿਆ। ਬੜੀ ਮਿਹਰਬਾਨੀ ਤੇਰੀ।

ਜਦ ਸਰਮੁਖ ਸਿੰਘ ਕੀਰਤੀ ਸਿੰਘ ਨੂੰ ਮਿਲਿਆ ਤਾਂ ਉਹਨੂੰ ਇਵੇਂ ਲੱਗਾ ਜਿਵੇਂ ਕੀਰਤੀ ਸਿੰਘ ਦੀ ਉਮਰ ਹੋਰ ਲੰਮੀ ਹੋ ਗਈ ਹੋਵੇ। ਕੀਰਤੀ ਸਿੰਘ ਸਰਮੁਖ ਸਿੰਘ ਤੇ ਜ਼ੋਰਾ ਸਿੰਘ ਦੀ ਨਿਭਾਈ ਗਈ ਖ਼ੂਬਸੂਰਤ ਭੂਮਿਕਾ 'ਤੇ ਅੰਤਾਂ ਦਾ ਖ਼ੁਸ਼ ਸੀ। ਪਰਮਜੀਤ ਬੜਾ ਹੀ ਸੁਘੜ ਤੇ ਸਿਆਣਾ ਜਵਾਈ ਸੀ। ਉਹ ਆਪਣੇ ਸਹੁਰੇ ਨੂੰ ਆਪਣੇ ਬਾਪ ਤੋਂ ਵੀ ਵੱਧ ਸਤਿਕਾਰ ਦਿੰਦਾ ਸੀ।

✪✪✪